# ਸਿੱਖ ਸ਼ਹਾਦਤ ਪਰੰਪਰਾ: ਸੰਕਲਪ, ਵਿਚਾਰਧਾਰਕ ਅਧਾਰ, ਇਤਿਹਾਸ ਅਤੇ ਵਿਸ਼ਵ ਸਮਾਜ ਵਿਚ ਯੋਗਦਾਨ

**SIKH SHAHADAT PRAMPRA: SANKALP, VICHARDHARAK ADHAR, ITIHAS ATE VISHAV SAMAJ VICH YOGDAN**

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਆਰਟਸ ਫੈਕਲਟੀ
ਅਧੀਨ ਪੀਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ
ਖੋਜ ਪ੍ਰਬੰਧ

(2019)

ਖੋਜਾਰਥੀ
ਸੁਰਿੰਦਰ ਕੌਰ

ਗੁਰੂ ਨਾਨਕ ਸਿੱਖ ਅਧਿਐਨ ਵਿਭਾਗ
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ

**DEPARTMENT OF GURU NANAK SIKH STUDIES**
**PANJAB UNIVERSITY, CHANDIGARH**

*JASPAL KAUR KAANG*
**Professor & Academic Incharge**

Ref. No. 5872/GNSS
Date. 13/03/2020

## Correction Certificate

This is to certify that no corrections have been suggested by the examiner in the Ph.D thesis of Ms. Surinder Kaur entitled **"SIKH SHAHADAT PRAMPRA:SANKALP, VICHARDHARAK ADHAR, ITIHAS ATE VISHAV SAMAJ VICH YOGDAN"**. Her viva-voce was held on 13.03.2020 at 11:30 a.m. in the Department.

13.3.2020

**Supervisors**

13/3/20

**Chairperson**

Chairperson
Deptt. of Guru Nanak Sikh Studies
Panjab University, Chandigarh.

13/3

## ਤਤਕਰਾ


| | | |
|---|---|---|
| ਭੂਮਿਕਾ | | (iii-viii) |
| **ਅਧਿਆਇ ਪਹਿਲਾ** | **ਵਿਸ਼ੇ ਨਾਲ ਸੰਬੰਧਿਤ ਪੂਰਵ ਖੋਜ-ਸਮਗਰੀ ਦਾ ਸਰਵੇਖਣ ਵਿਸ਼ਲੇਸ਼ਣ ਅਤੇ ਮੁਲਾਂਕਣ** | 1-14 |
| 1.1 | ਖੋਜ-ਕਾਰਜ ਨਾਲ ਸੰਬੰਧਿਤ ਵੱਖ-ਵੱਖ ਯੂਨੀਵਰਸਿਟੀਆਂ ਅਤੇ ਅਦਾਰਿਆਂ ਵਿੱਚ ਹੋ ਚੁੱਕੇ ਪੀ-ਐਚ.ਡੀ ਅਤੇ ਐਮ. ਫਿਲ. ਦੇ ਖੋਜ ਪ੍ਰਬੰਧਾਂ ਦਾ ਪੂਰਵ ਖੋਜ ਸਰਵੇਖਣ ਅਤੇ ਮੁਲਾਂਕਣ | 3 |
| 1.2 | ਵਿਸ਼ੇ ਨਾਲ ਸੰਬੰਧਿਤ ਪੁਸਤਕਾਂ ਦਾ ਅਧਿਐਨ | 4-1● |
| 1.3 | ਖੋਜ-ਕਾਰਜ ਦਾ ਉਦੇਸ਼ ਸਾਰਥਕਤਾ ਅਤੇ ਵਿੱਲਖਣਤਾ | 11-12 |
| 1.4 | ਖੋਜ ਵਿਧੀ ਤੇ ਸੰਦ | 12-13 |
| 1.5 | ਖੋਜ ਖੇਤਰ | 13 |
| 1.6 | ਖੋਜ ਨਾਲ ਸੰਬੰਧਿਤ ਪ੍ਰਸ਼ਨ ਅਤੇ ਚੁਣੌਤੀਆਂ | 14 |
| **ਅਧਿਆਇ ਦੂਜਾ** | **ਸ਼ਹਾਦਤ: ਸੰਕਲਪ, ਵਿਆਖਿਆ, ਪਰੰਪਰਾ ਅਤੇ ਤੁਲਨਾਤਮਕ ਪਰਿਪੇਖ** | 15-1●8 |
| 2.1 | ਸ਼ਹਾਦਤ ਦਾ ਸੰਕਲਪ ਅਤੇ ਵਿਆਖਿਆ | 17-51 |
| 2.2 | ਵੱਖ-ਵੱਖ ਧਰਮਾਂ ਵਿੱਚ ਸ਼ਹਾਦਤ ਦੀ ਪਰੰਪਰਾ | 52-88 |
| 2.3 | ਸ਼ਹਾਦਤ ਦਾ ਤੁਲਨਾਤਮਕ ਪਰਿਪੇਖ | 88-1●2 |
| **ਅਧਿਆਇ ਤੀਜਾ** | **ਸਿੱਖ ਸ਼ਹਾਦਤ ਪਰੰਪਰਾ : ਵਿਚਾਰਧਾਰਕ ਪਰਿਪੇਖ** | 1●9-2●15 |
| 3.1 | ਸਿੱਖ ਸ਼ਹਾਦਤ ਪਰੰਪਰਾ : ਵਿਚਾਰਧਾਰਾ | 111-137 |
| 3.2 | ਸਿਆਸੀ ਅਤੇ ਸੱਭਿਆਚਾਰਕ ਵਿਰੋਧਾਂ ਤੋਂ ਪਾਰ ਜਾਣ ਦੀ ਪ੍ਰਕ੍ਰਿਆ | 138-166 |

| | | |
|---|---|---|
| 3.3 | ਸਮਕਾਲੀਨ, ਇਤਿਹਾਸਿਕ ਅਤੇ ਵਿਚਾਰਧਾਰਾਈ ਦਮਨ ਪ੍ਰਤੀ ਨਾਬਰੀ ਅਤੇ ਧਾਰਮਿਕ ਸਮਾਜਿਕ ਸਵੈਮਾਣ ਦੀ ਬਹਾਲੀ | 167-185 |
| 3.4 | ਉੱਚ ਮਾਨਵੀ ਮੁਲਾਂ ਦੀ ਸਥਾਪਨਾ | 186-204 |
| **ਅਧਿਆਇ ਚੌਥਾ** | **ਸਿੱਖ ਸ਼ਹਾਦਤ ਦਾ ਵਿਕਾਸ ਰੁਖ਼** | 216-320 |
| 4.1 | ਗੁਰੂ ਕਾਲ ਵਿੱਚ ਸ਼ਹਾਦਤ ਦਾ ਆਰੰਭ ਅਤੇ ਵਿਕਾਸ | 218-256 |
| 4.2 | ਬੰਦਾ ਸਿੰਘ ਬਹਾਦਰ ਕਾਲ (1708 ਤੋਂ 1716) ਵਿੱਚ ਹੋਈਆਂ ਸ਼ਹਾਦਤਾਂ | 257-283 |
| 4.3 | ਉੱਤਰ ਬੰਦਾ ਸਿੰਘ ਬਹਾਦਰ ਕਾਲ ਵਿੱਚ ਹੋਈਆਂ ਸ਼ਹਾਦਤਾਂ | 283-314 |
| **ਅਧਿਆਇ ਪੰਜਵਾਂ** | ਵਿਸ਼ਵੀ ਪਰਿਪੇਖ ਵਿੱਚ ਸਿੱਖ ਸ਼ਹਾਦਤ ਪਰੰਪਰਾ ਦਾ ਯੋਗਦਾਨ | 321-397 |
| 5.1 | ਸਿੱਖ ਸ਼ਹਾਦਤ ਪਰੰਪਰਾ : ਵਿਸ਼ਵੀ ਪਰਿਪੇਖ ਵਿੱਚ ਸਿੱਖ ਸ਼ਹਾਦਤ ਪਰੰਪਰਾ ਦਾ ਰਾਜਨੀਤਿਕ ਯੋਗਦਾਨ | 322-342 |
| 5.2 | ਸਿੱਖ ਸ਼ਹਾਦਤ ਪਰੰਪਰਾ : ਵਿਸ਼ਵੀ ਪਰਿਪੇਖ ਵਿੱਚ ਸਿੱਖ ਸ਼ਹਾਦਤ ਪਰੰਪਰਾ ਦਾ ਸਮਾਜਿਕ ਯੋਗਦਾਨ | 342-366 |
| 5.3 | ਸਿੱਖ ਸ਼ਹਾਦਤ ਪਰੰਪਰਾ : ਵਿਸ਼ਵੀ ਪਰਿਪੇਖ ਵਿੱਚ ਸਿੱਖ ਸ਼ਹਾਦਤ ਪਰੰਪਰਾ ਦਾ ਧਾਰਮਿਕ ਯੋਗਦਾਨ | 367-391 |
| | **ਸਾਰ ਤੇ ਸਥਾਪਨਾਵਾਂ** | 398-404 |
| | **ਸਹਾਇਕ ਪੁਸਤਕ ਸੂਚੀ** | 405-415 |

# ਭੂਮਿਕਾ

ਪ੍ਰਸਤੁਤ ਖੋਜ ਪ੍ਰਬੰਧ 'ਸਿੱਖ ਸ਼ਹਾਦਤ ਪਰੰਪਰਾ: ਸੰਕਲਪ ਵਿਚਾਰਧਾਰਕ ਅਧਾਰ, ਇਤਿਹਾਸ ਅਤੇ ਵਿਸ਼ਵ ਸਮਾਜ ਵਿਚ ਯੋਗਦਾਨ' ਵਿਸ਼ੇ ਨਾਲ ਸੰਬੰਧਿਤ ਹੈ ਜਿਸ ਦੇ ਅੰਤਰਗਤ ਸ਼ਹਾਦਤ ਦੇ ਵਿਭਿੰਨ ਪਰਿਪੇਖਾਂ ਨੂੰ ਗੰਭੀਰ ਰੂਪ ਵਿਚ ਵਿਚਾਰਿਆ ਗਿਆ ਹੈ। ਸ਼ਹਾਦਤਾਂ ਰਾਹੀਂ ਸਿਰਜੇ ਆਦਰਸ਼ਾਂ ਅਤੇ ਮੁੱਲਾਂ ਨੂੰ ਅਜੋਕੇ ਸਮੇਂ ਵਿਚ ਵਿਸਾਰਿਆ ਜਾ ਰਿਹਾ ਹੈ ਅਤੇ ਅਜਿਹੇ ਮੁੱਲਾਂ ਅਤੇ ਵਿਚਾਰਧਾਰਾ ਦੀ ਅਣਹੋਂਦ ਪਾਈ ਜਾ ਰਹੀ ਹੈ ਜੋ ਮਨੁੱਖੀ ਸਮਾਜ ਨੂੰ ਅਜਿਹੀਆਂ ਕਦਰਾਂ ਕੀਮਤਾਂ ਤੇ ਮਾਪ ਦੰਡ ਦੇ ਸਕਣ ਜੋ ਸਿੱਖ ਸ਼ਹਾਦਤ ਪਰੰਪਰਾ ਨੇ ਉਸਾਰੇ ਹਨ।

ਮੂਲ ਵਿਸ਼ੇ ਉਪਰ ਵਿਧੀਵਤ ਅਧਿਐਨ ਉਸਾਰਨ ਲਈ ਖੋਜ ਪ੍ਰਬੰਧ ਨੂੰ ਪੰਜ ਅਧਿਆਵਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ 'ਪੂਰਵ ਪ੍ਰਾਪਤ ਖੋਜ ਸਮੱਗਰੀ ਦਾ ਸਰਵੇਖਣ, ਵਿਸ਼ਲੇਸ਼ਣ ਤੇ ਮੁਲਾਂਕਣ' ਦੇ ਅੰਤਰਗਤ ਵਿਸ਼ੇ ਨਾਲ ਸੰਬੰਧਿਤ ਪੂਰਵ ਪ੍ਰਾਪਤ ਖੋਜ ਸਮੱਗਰੀ ਦਾ ਅਧਿਐਨ ਤੇ ਰਿਵਿਊ ਪ੍ਰਸਤੁਤ ਕੀਤਾ ਗਿਆ ਹੈ। ਇਸ ਅਧਿਐਨ ਦਾ ਉਦੇਸ਼ ਦਾ ਉਦੇਸ਼ ਪੂਰਵ ਖੋਜ ਕਾਰਜਾਂ ਦਾ ਰਿਵਿਊ ਕਰਨਾ ਅਤੇ ਹਥਲੇ ਖੋਜ ਕਾਰਜ ਦੇ ਨਿਵੇਕਲੇਪਣ ਨੂੰ ਪ੍ਰਗਟਾਉਣਾ ਹੈ ਤਾਂ ਜੋ ਸੰਬੰਧਿਤ ਖੋਜ ਕਾਰਜ ਦੇ ਇਤਿਹਾਸਿਕ ਸੰਦਰਭ ਵਿਚ ਹੀ ਇਸ ਵਿਸ਼ੇ ਦਾ ਯੋਗਦਾਨ ਲਭਿਆ ਜਾ ਸਕੇ। ਇਸ ਅਧਿਆਇ ਵਿਚ ਸਭ ਤੋਂ ਪਹਿਲਾਂ ਉਪਾਧੀ ਸਾਪੇਖ ਖੋਜ ਕਾਰਜਾਂ ਦਾ ਸਰਵੇਖਣ ਤੇ ਰਿਵਿਊ ਕੀਤਾ ਹੈ ਅਤੇ ਇਸ ਤੋਂ ਬਾਅਦ ਇਸ ਖੇਤਰ ਵਿਚ ਕੁਝ ਵਿਸ਼ੇਸ਼ ਪੁਸਤਕਾਂ ਆਦਿ ਦੇ ਰੂਪ ਵਿਚ ਹੋਏ ਖੋਜ ਕਾਰਜਾਂ ਨੂੰ ਵੀ ਰੋਸ਼ਨੀ ਵਿਚ ਲਿਆਂਦਾ ਹੈ। ਖੋਜ ਵਿਸ਼ੇ ਤਰਤੀਬ ਵਿਸਥਾਰ ਤੇ ਵਿਆਪਕਤਾ ਪ੍ਰਦਾਨ ਕਰਦਿਆਂ ਹੋਏ ਇਹ ਸਪਸ਼ਟ ਕੀਤਾ ਹੈ ਕਿ ਇਸ ਮੂਲ ਵਿਸ਼ੇ ਨਾਲ ਸਿੱਧੇ ਰੂਪ ਵਿਚ ਸੰਬੰਧਿਤ ਅਜੇ ਕੋਈ ਹੋਰ ਖੋਜ ਕਾਰਜ ਪ੍ਰਾਪਤ ਨਹੀਂ ਹੋਇਆ।

ਖੋਜ ਕਾਰਜ ਦੇ ਦੂਜੇ ਅਧਿਆਇ 'ਸ਼ਹਾਦਤ, ਸੰਕਲਪ, ਵਿਆਖਿਆ, ਪਰੰਪਰਾ ਅਤੇ ਤੁਲਨਾਤਮਕ ਪਰਿਪੇਖ' ਵਿਚ ਯਹੂਦੀ, ਇਸਾਈ, ਇਸਲਾਮ ਅਤੇ ਸਿੱਖ ਧਰਮ ਵਿਚ ਮਿਲਦੇ

ਸ਼ਹਾਦਤ ਤੇ ਸੰਕਲਪ ਦੀ ਵਿਆਖਿਆ ਰਾਹੀਂ ਤੁਲਨਾਤਮਕ ਪਰਿਪੇਖ ਉਸਾਰਿਆ ਗਿਆ ਹੈ। ਇਸਾਈ ਧਰਮ ਵਿਚ ਸ਼ਹਾਦਤ ਦਾ ਸੰਕਲਪ ਗਵਾਹੀ ਵਜੋਂ ਹੀ ਉਭਰਦਾ ਹੈ ਜੋ ਪੈਗੰਬਰੀ ਅਜ਼ਮਤ ਅਤੇ ਯਹੂਦੀ ਕੌਮ ਦੁਆਰਾ ਰੱਬ ਦੇ ਨਾਂ ਤੇ ਕਾਰਜੀ ਵਿਧਾਨ ਰਾਹੀਂ ਸ਼ਹਾਦਤ ਦਿੱਤੀ ਜਾਂਦੀ ਹੈ। ਇਸਾਈ ਧਰਮ ਵਿਚ ਸ਼ਹਾਦਤ ਈਸਾ ਦੇ ਸਿਧਾਂਤਾਂ ਤੇ ਚਲਦੇ ਹੋਏ ਆਪਣੇ ਵਿਸ਼ਵਾਸਾਂ ਨੂੰ ਤਿਆਗੇ ਬਿਨਾਂ ਮੌਤ ਨੂੰ ਪ੍ਰਵਾਨ ਕਰਨਾ ਸ਼ਹਾਦਤ ਹੈ। ਇਸਲਾਮ ਧਰਮ ਵਿਚ ਜਹਾਦ ਵਿਚ ਸ਼ਾਮਿਲ ਹੋ ਕੇ ਧਰਮ ਦਾ ਪ੍ਰਸਾਰ ਕਰਦੇ ਹੋਏ ਅੱਲ੍ਹਾ ਦੇ ਰਾਹ ਤੇ ਜੋ ਮਾਰਿਆ ਜਾਂਦਾ ਹੈ ਉਹ ਸ਼ਹੀਦ ਹੁੰਦਾ ਹੈ। ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ ਗਵਾਹੀ ਵਜੋ ਹੀ ਆਇਆ ਹੈ ਪਰ ਸ਼ਹਾਦਤ ਦਾ ਕਰਮ ਸਿਰਫ ਆਪਣੇ ਧਰਮ ਜਾਂ ਆਪਣੀ ਕੌਮ ਦੇ ਲਈ ਮਰਨ ਨੂੰ ਨਹੀਂ ਕਿਹਾ ਗਿਆ ਸਗੋਂ ਸਮੂਹ ਮਨੁੱਖਤਾ ਦੇ ਭਲੇ ਲਈ ਮੌਤ ਤੋਂ ਬਚਣ ਦੇ ਮੌਕੇ ਹੁੰਦਿਆਂ ਵੀ ਆਪਣੀ ਜਾਨ ਵਾਰਨ ਨੂੰ ਸ਼ਹਾਦਤ ਦਾ ਦਰਜਾ ਦਿੱਤਾ ਗਿਆ ਹੈ। ਇਸ ਅਧਿਆਇ ਵਿਚ ਸ਼ਹਾਦਤ ਦੇ ਸੰਕਲਪ ਨੂੰ ਪੇਸ਼ ਕਰਦਿਆਂ ਸ਼ਹਾਦਤ ਦੀ ਪਰੰਪਰਾ ਵਿਚ ਜਿਨ੍ਹਾਂ ਸ਼ਹੀਦਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਉਹਨਾਂ ਦਾ ਵੀ ਹਰ ਧਰਮ ਅਨੁਸਾਰ ਸਿਲਸਿਲੇ ਵਾਰ ਅਧਿਐਨ ਕੀਤਾ ਗਿਆ ਹੈ। ਸ਼ਹਾਦਤ ਦਾ ਤੁਲਨਾਤਮਕ ਪਰਿਪੇਖ ਉਸਾਰਦਿਆਂ ਸਿੱਖ ਧਰਮ ਦੀ ਵਿਲੱਖਣਤਾ ਸਥਾਪਿਤ ਕਰਦੇ ਹੋਏ ਉਹਨਾਂ ਆਦਰਸ਼ਾਂ ਦੀ ਖੋਜ ਕੀਤੀ ਗਈ ਹੈ ਜੋ ਸ਼ਹਾਦਤ ਪਰੰਪਰਾ ਨੇ ਸਮਾਜਿਕ, ਰਾਜਨੀਤਿਕ, ਧਾਰਮਿਕ ਤੇ ਸੱਭਿਆਚਾਰਿਕ ਤੌਰ ਤੇ ਪਤਨਸ਼ੀਲ ਹੁੰਦੇ ਸਮਾਜ ਲਈ ਉਸਾਰੇ ਹਨ। ਸਿੱਖ ਸ਼ਹਾਦਤ ਪਰੰਪਰਾ ਦੀ ਵਿਲੱਖਣਤਾ ਇਸ ਵਿਚ ਹੈ ਕਿ ਸਿੱਖ ਸ਼ਹਾਦਤਾਂ ਸਿਰਫ ਆਪਣੇ ਧਰਮ ਲਈ ਨਹੀਂ ਹੋਈਆਂ ਸਗੋਂ ਵਿਸ਼ਵ ਮਨੁੱਖਤਾ ਨੂੰ ਪ੍ਰਧਾਨਤਾ ਦਿੱਤੀ ਗਈ ਹੈ।

ਖੋਜ ਕਾਰਜ ਦਾ ਤੀਜਾ ਅਧਿਆਇ 'ਸਿੱਖ ਸ਼ਹਾਦਤ ਪਰੰਪਰਾ ਵਿਚਾਰਧਾਰਕ ਅਧਾਰ' ਨਾਲ ਸੰਬੰਧਿਤ ਹੈ ਜਿਸ ਵਿਚ ਸਿੱਖ ਸ਼ਹਾਦਤ ਪਰੰਪਰਾ ਦੇ ਵਿਚਾਰਧਾਰਾਈ ਧਰਾਤਲ ਨੂੰ ਉਸਾਰਿਆ ਗਿਆ ਹੈ। ਵਿਚਾਰਧਾਰਾ ਹਰ ਸਮਾਜ ਨੂੰ ਸੇਧ ਦਿੰਦੀ ਹੈ ਇਸ ਲਈ ਸਿੱਖ ਧਰਮ ਦੀ ਵਿਚਾਰਧਾਰਾ ਨੇ ਸਮਾਜ ਵਿਚ ਨਵੇਂ ਪ੍ਰਤਿਮਾਨ ਸਥਾਪਿਤ ਕੀਤੇ ਉਹਨਾ ਦਾ ਗੰਭੀਰ ਅਧਿਐਨ

ਕੀਤਾ ਗਿਆ ਹੈ। ਸਿੱਖ ਸ਼ਹਾਦਤ ਪਰੰਪਰਾ ਦਾ ਵਿਚਾਰਧਾਰਾਈ ਅਧਾਰ ਮਨੁੱਖ ਨੂੰ ਸਵੈਮਾਣ ਨਾਲ ਜਿਉਣ ਦਾ ਆਦਰਸ਼ ਪ੍ਰਦਾਨ ਕਰਦਾ ਹੋਇਆ ਹਰ ਜ਼ੁਲਮ ਅੱਤਿਆਚਾਰ ਤੇ ਪ੍ਰਤਾੜਣਾ ਵਿੱਰੁਧ ਨਾਬਰੀ ਦਾ ਪ੍ਰਵਚਨ ਉਸਾਰਦਾ ਹੈ। ਵਿਚਾਰਧਾਰਾ ਦਾ ਇਹ ਪਾਸਾਰ ਭਾਰਤੀ ਪਰੰਪਰਾ ਵਿਚ ਪਾਏ ਜਾਂਦੇ ਜਾਤ-ਪਾਤ, ਊਚ-ਨੀਚ, ਛੂਤ-ਛਾਤ ਤੇ ਹੋਰ ਅਣਮਨੁੱਖੀ ਵਰਤਾਰਿਆਂ ਪ੍ਰਤਿ ਖੰਡਨ ਦੀ ਬਿਰਤੀ ਪੇਸ਼ ਕਰਦਾ ਹੈ। ਮਨੁੱਖ ਉਸ ਅਕਾਲ ਪੁਰਖ ਦੀ ਰਚਨਾ ਸਵੀਕਾਰ ਕਰਦਿਆਂ ਕਿਸੇ ਤਰ੍ਹਾਂ ਦੇ ਭਿੰਨ ਭੇਦ ਤੋਂ ਉਪਰ ਉੱਠ ਕੇ ਸਾਂਝੇ ਸਮਾਜਿਕ, ਧਾਰਮਿਕ ਤੇ ਮਾਨਵੀਂ ਮੁੱਲਾਂ ਵਾਲੇ ਸਮਾਜ ਦੀ ਸਿਰਜਣਾ ਦਾ ਅਧਾਰ ਪੇਸ਼ ਕਰਦਾ ਹੈ। ਸਿੱਖ ਸ਼ਹਾਦਤ ਪਰੰਪਰਾ ਦਾ ਵਿਚਾਰਧਾਰਾਈ ਅਧਾਰ ਮੁਗ਼ਲ ਰਾਜ ਪ੍ਰਬੰਧ ਦੁਆਰਾ ਧਾਰਮਿਕ, ਸਮਾਜਿਕ ਤੇ ਰਾਜਸੀ ਕੱਟੜਤਾ ਦੀ ਨੀਤੀ ਪ੍ਰਤਿ ਨਾਬਰੀ ਅਤੇ ਵਿਵਸਥਾ ਦੇ ਸੰਪੂਰਣ ਬਦਲਾਅ ਦਾ ਸੰਕਲਪ ਵੀ ਪੇਸ਼ ਕਰਦਾ ਹੈ। ਇਸ ਅਧਿਆਇ ਵਿਚ ਗੁਰੂ ਸਾਹਿਬਾਨ ਦੇ ਸਮਕਾਲੀ ਪ੍ਰਬੰਧ ਵਿਚਲੇ ਨਾਬਰੀ ਦੇ ਪ੍ਰਸੰਗ ਨੂੰ ਪੇਸ਼ ਕੀਤਾ ਗਿਆ ਹੈ। ਮੁਗ਼ਲ ਰਾਜ ਪ੍ਰਬੰਧ ਵਲੋਂ ਸਿਆਸੀ ਤੇ ਸੱਭਿਆਚਾਰਕ ਤੌਰ ਤੇ ਕੀਤੇ ਜਾਂਦੇ ਵਿਤਕਰਿਆਂ ਦੇ ਦਬਾਵ ਦੀ ਨੀਤੀ ਦੇ ਵਿਰੋਧ ਦਾ ਪ੍ਰਗਟਾਵਾ ਹੈ। ਸਿੱਖ ਸ਼ਹਾਦਤ ਪਰੰਪਰਾ ਦੇ ਵਿਚਾਰਾਧਾਰਾਈ ਅਧਾਰ ਰਾਹੀਂ ਮਾਨਵੀਂ ਮੁੱਲਾਂ ਦੀ ਸਥਾਪਨਾ ਕਰਨ ਵਾਲੀ ਵਿਚਾਰਧਾਰਾ ਦੀ ਪੇਸ਼ਕਾਰੀ ਕਰਦਿਆਂ ਹੋਇਆ ਸਮਾਜ ਵਿਚ ਸਮਾਨਤਾ, ਏਕਤਾ, ਨਿਆਂ, ਸਰਬੱਤ ਦਾ ਭਲਾ, ਸੇਵਾ ਤੇ ਸਹਿਹੋਂਦ ਵਾਲੇ ਮੁੱਲਾਂ ਦੀ ਪੇਸ਼ਕਾਰੀ ਕੀਤੀ ਹੈ ਜੋ ਸਮਾਜ ਵਿਚ ਨਵੀਆਂ ਸੰਭਾਵਨਾਵਾਂ ਲੈ ਕੇ ਆਉਂਦੀ ਹੈ।

ਖੋਜ ਕਾਰਜ ਦਾ ਚੌਥਾ ਅਧਿਆਇ 'ਸਿੱਖ ਸ਼ਹਾਦਤ ਦਾ ਵਿਕਾਸ ਰੁਖ' ਇਤਿਹਾਸਿਕ ਅਧਿਐਨ ਨਾਲ ਸੰਬੰਧਿਤ ਹੈ ਜਿਸ ਵਿਚ ਸ਼ਹਾਦਤ ਪਰੰਪਰਾ ਦੇ ਇਤਿਹਾਸਿਕ ਤੱਥਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਗੁਰੂ ਕਾਲ ਤੋਂ ਸ਼ੁਰੂ ਹੁੰਦੀ ਸ਼ਹਾਦਤ ਪਰੰਪਰਾ ਬੰਦਾ ਸਿੰਘ ਬਹਾਦਰ ਕਾਲ ਤੇ ਉੱਤਰ ਬੰਦਾ ਸਿੰਘ ਬਹਾਦਰ ਕਾਲ ਤੱਕ ਸ਼ਹਾਦਤ ਦਾ ਕਰਮ ਆਪਣੇ ਉਪਰ ਹੰਡਾਉਂਦੀ ਹੈ। ਇਸ ਕਾਲ ਵਿਚ ਮੁਗ਼ਲ ਅਤੇ ਅਫ਼ਗਾਨਾਂ ਵਲੋਂ ਸਿੱਖਾਂ ਉੱਤੇ ਅਨੇਕਾਂ ਅਣਮਨੁੱਖੀ ਅੱਤਿਆਚਾਰ ਕੀਤੇ ਗਏ। ਸਿੱਖਾਂ ਦੇ ਸਿਰਾਂ ਦੇ ਮੁੱਲ ਪਾ ਕੇ ਉਹਨਾਂ ਨੂੰ ਮੁੱਢੋਂ ਹੀ

ਖਤਮ ਕਰ ਦੇਣ ਦੀ ਨੀਤੀ ਅਪਣਾਈ ਹੈ। ਇਹ ਸਮਾਂ ਸਿੱਖ ਕੌਮ ਲਈ ਅਤਿ ਔਕੜ ਦਾ ਸਮਾਂ ਸੀ ਜਦੋਂ ਉਹਨਾਂ ਨੂੰ ਆਪਣੇ ਘਰ ਬਾਹਰ ਤਿਆਗ ਕੇ ਜੰਗਲਾਂ, ਛੰਭਾਂ ਵਿਚ ਵਾਸਾ ਕਰਨਾ ਪਿਆ। ਸਿੱਖ ਔਰਤਾਂ ਅਤੇ ਬੱਚਿਆਂ ਉੱਤੇ ਵੀ ਅਨੇਕਾਂ ਤਸੀਹੇ ਢਾਹੇ ਗਏ ਮੀਰ ਮੰਨੂ ਦੇ ਅੱਤਿਆਚਾਰਾਂ ਦੀ ਕਹਾਣੀ ਬਿਆਨ ਕਰਦੇ ਇਸ ਸਮੇਂ ਨੂੰ ਸਿੱਖਾਂ ਦੇ ਛੋਟੇ ਅਤੇ ਵੱਡੇ ਘੱਲੂਘਾਰਿਆਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਸ ਅਧਿਆਇ ਵਿਚ ਖੋਜ ਕਾਰਜ ਦੇ ਉਹਨਾਂ ਬਿੰਦੂਆਂ ਦੀ ਤਲਾਸ਼ ਕੀਤੀ ਗਈ ਜਿਸ ਨਾਲ ਸਿੱਖ ਸ਼ਹਾਦਤ ਪਰੰਪਰਾ ਦੁਆਰਾ ਸਿਰਜੇ ਆਦਰਸ਼ਾਂ ਬਾਰੇ ਅਜੋਕੀ ਪੀੜ੍ਹੀ ਨੂੰ ਜਾਣੂ ਕਰਵਾਉਣਾ ਹੈ ਜਿਸ ਨਾਲ ਅੱਜ ਦਾ ਸਮਾਜ ਸਿੱਖ ਕੌਮ ਦੇ ਵਿਰਸੇ ਨਾਲ ਜੁੜ ਸਕੇ।

ਖੋਜ ਕਾਰਜ ਦਾ ਪੰਜਵਾਂ ਅਧਿਆਇ 'ਸਿੱਖ ਸ਼ਹਾਦਤ ਪਰੰਪਰਾ ਦਾ ਵਿਸ਼ਵੀ ਪਰਿਪੇਖ ਵਿਚ ਯੋਗਦਾਨ' ਰਾਹੀਂ ਅਧਿਐਨ ਦਾ ਵਿਸ਼ਾ ਬਣਿਆ ਹੈ। ਇਸ ਅਧਿਆਇ ਵਿਚ ਸਿੱਖ ਸ਼ਹਾਦਤ ਪਰੰਪਰਾ ਦੇ ਵਿਸ਼ਵੀ ਪਰਿਪੇਖ ਵਿਚ ਰਾਜਨੀਤਿਕ, ਸਮਾਜਿਕ, ਧਾਰਮਿਕ ਯੋਗਦਾਨ ਬਾਰੇ ਖੋਜ ਕੀਤੀ ਗਈ ਹੈ। ਰਾਜਨੀਤਿਕ ਪੱਧਰ ਤੇ ਸਿੱਖ ਪਰੰਪਰਾ ਨੇ ਵਿਸ਼ਵੀ ਰਾਜਨੀਤੀ ਨੂੰ ਨਿਸ਼ਕਾਮਤਾ ਤੇ ਸਿਧਾਂਤ ਰਾਹੀਂ ਦੁਨਿਆਵੀਂ ਰਾਜਿਆਂ ਦੀ ਸ਼ਕਤੀ, ਸੱਤਾ ਦਾ ਖੰਡਨ ਕਰਦੇ ਹੋਏ ਸੱਚੀ ਪਾਤਸ਼ਾਹੀ ਦੇ ਰਾਜ ਦੀ ਗੱਲ ਕੀਤੀ ਹੈ। ਸੱਚੀ ਪਾਤਸ਼ਾਹੀ ਦਾ ਸਿਧਾਂਤ ਸੱਚ ਤੇ ਟਿਕੀ ਹੋਈ ਰਾਜਨੀਤੀ ਦਾ ਸੰਕਲਪ ਪੇਸ਼ ਕਰਦਾ ਹੈ ਜਿੱਥੇ ਕਿਸੇ ਝੂਠੇ ਰਾਜੇ ਦੀ ਗੁਲਾਮੀ ਨਹੀਂ ਸਹਿਣੀ ਪੈਂਦੀ। ਸਿੱਖੀ ਸਿਧਾਂਤ ਰਾਜ ਨੂੰ ਸਦਾਚਾਰ ਦੀ ਸ਼ਕਤੀ ਤੇ ਉਸਰਿਆ ਹੋਇਆ ਸਵੀਕਾਰ ਕਰਦਾ ਹੈ ਅਤੇ ਰਾਜ ਸ਼ਕਤੀ ਦੁਆਰਾ ਕਿਸੇ ਵਿਸ਼ੇਸ਼ ਧਰਮ ਨੂੰ ਰਾਜ ਵਿਚ ਲਾਗੂ ਕਰਨ ਦੀ ਬਿਰਤੀ ਦਾ ਵਿਰੋਧ ਕਰਦਾ ਹੈ। ਸਿੱਖ ਸਿਧਾਂਤਾਂ ਦੀ ਰਾਜਨੀਤੀ ਵਿਤਕਰੇ ਰਹਿਤ, ਸਰਬ ਕਲਿਆਣਕਾਰੀ, ਸਮਾਨਤਾਵਾਦੀ, ਸੁੱਰਖਿਅਤ ਤੇ ਵਿਸ਼ਵਾਸ ਭਰਪੂਰ ਅਗਵਾਈ ਦੇਣ ਵਾਲੀ ਰਾਜਨੀਤੀ ਦਾ ਸੰਕਲਪ ਪੇਸ਼ ਕਰਦੀ ਹੈ। ਇਸ ਅਧਿਆਇ ਵਿਚ ਸਮਾਜਿਕ ਤੌਰ ਤੇ ਦਲਿਤ ਚੇਤਨਾ, ਨਾਰੀ ਚੇਤਨਾ, ਲਿੰਗ ਬਰਾਬਰਤਾ ਤੇ ਸਮਾਜਿਕ ਨੈਤਿਕਤਾ ਦੇ ਸਿਧਾਂਤਾਂ ਦੇ

ਸਥਾਪਨਾ ਨਾਲ ਸੰਬੰਧਿਤ ਹੈ। ਧਾਰਮਿਕ ਯੋਗਦਾਨ ਰਾਹੀਂ, ਧਾਰਮਿਕ ਸਹਿਣਸ਼ੀਲਤਾ, ਸਹਿਹੋਂਦ ਤੇ ਵਿਸ਼ਵ ਭਾਈਚਾਰੇ ਨੂੰ ਏਕਤਾ ਦੀ ਲੜੀ ਵਿਚ ਪ੍ਰੋਣ ਦੇ ਆਦਰਸ਼ ਸਿਰਜੇ ਗਏ ਹਨ।

ਖੋਜ ਪ੍ਰਬੰਧ ਦੇ ਅੰਤ ਵਿਚ ਵਿਸ਼ੇ ਨਾਲ ਸੰਬੰਧਿਤ ਸਿੱਟੇ ਤੇ ਸਥਾਪਨਾਵਾਂ ਨੂੰ ਪੇਸ਼ ਕੀਤਾ ਗਿਆ ਹੈ ਜਿਸ ਵਿਚ ਸਮੁੱਚੀ ਖੋਜ ਦੇ ਡੂੰਘੇ ਅਧਿਐਨ ਉਪਰੰਤ ਪਾਏ ਗਏ ਸਿੱਟਿਆਂ ਨੂੰ ਵਿਸ਼ਲੇਸ਼ਿਤ ਤੇ ਸੂਤਰ ਬੱਧ ਕੀਤਾ ਹੈ ਅੰਤ ਵਿਚ ਇਸ ਖੋਜ ਪ੍ਰਬੰਧ ਦੀ ਉਸਾਰੀ ਵਿਚ ਖੋਜ ਪ੍ਰਬੰਧ ਅਤੇ ਉਲੇਖ ਕੀਤੀਆਂ ਗਈਆਂ ਪੁਸਤਕਾਂ ਦੀ ਸੂਚੀ ਨੂੰ ਪੁਸਤਕ ਸੂਚੀ ਅਨੁਸਾਰ ਪੇਸ਼ ਕੀਤਾ ਹੈ।

ਉਪਰੋਕਤ ਸਾਰਾ ਖੋਜ ਕਾਰਜ ਆਪਣੇ ਨਿਗਰਾਨ ਡਾ. ਜਸਪਾਲ ਕੌਰ ਕਾਂਗ ਜੀ ਦੀ ਸੁਹਿਰਦ ਅਗਵਾਈ ਤੇ ਸਰਪ੍ਰਸਤੀ ਹੇਠ ਕੀਤਾ ਗਿਆ ਹੈ ਜੋ ਇਸ ਵਿਭਾਗ ਦੇ ਚੇਅਰਪਰਸਨ ਰਹਿ ਚੁੱਕੇ ਹਨ ਤੇ ਹੁਣ ਵੀ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਵਿਚ ਅਕਾਦਮਿਕ ਮੁੱਖੀ ਵਜੋਂ ਕਾਰਜਸ਼ੀਲ ਭੂਮਿਕਾ ਨਿਭਾ ਰਹੇ ਹਨ। ਮੈਂ ਤਹਿ ਦਿਲੋਂ ਉਹਨਾਂ ਦਾ ਬਹੁਤ ਧੰਨਵਾਦ ਕਰਦੀ ਹਾਂ ਕਿਉਂਕਿ ਇਸ ਖੋਜ ਕਾਰਜ ਨੂੰ ਸੰਪੂਰਨ ਕਰਨ ਵਿਚ ਉਹਨਾਂ ਦੀ ਬਹੁਪੱਖੀ ਤੇ ਅਗਾਂਹਵਧੂ ਭੂਮਿਕਾ ਨਿਰੰਤਰ ਰੂਪ ਵਿਚ ਮੇਰੇ ਨਾਲ ਰਹੀ ਹੈ ਜਿਸ ਲਈ ਉਹਨਾਂ ਦਾ ਤਹਿ ਦਿਲੋਂ ਧੰਨਵਾਦ ਹੈ।

ਆਪਣੇ ਸਹਿ ਨਿਗਰਾਨ ਡਾ: ਰਾਜਿੰਦਰ ਪਾਲ ਸਿੰਘ ਜੋਸ਼ ਪ੍ਰੋਫੈਸਰ (ਰਿਟਾ:) ਸਰਕਾਰੀ ਕੰਨਿਆ ਕਾਲਜ, ਸੈਕਟਰ-42, ਚੰਡੀਗੜ੍ਹ ਦਾ ਵੀ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਕਿ ਉਹਨਾਂ ਦੀ ਸੁਜੋਗ ਅਗਵਾਈ ਨੇ ਇਸ ਖੋਜ ਕਾਰਜ ਨੂੰ ਨੇਪਰੇ ਚਾੜ੍ਹਣ ਵਿਚ ਸਕਾਰਾਤਮਕ ਯੋਗਦਾਨ ਪਾਇਆ ਹੈ।

ਮੈਂ ਡਾ. ਸੁਖਵਿੰਦਰ ਸਿੰਘ ਪ੍ਰੋਫੈਸਰ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਵੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੀ ਸੁਹਿਰਦ ਤੇ ਸੁਯੋਗ ਅਗਵਾਈ ਸਦਕਾ ਇਸ ਖੋਜ ਕਾਰਜ ਨੂੰ ਨੇਪਰੇ ਚਾੜ੍ਹਣ ਵਿਚ ਸਹਾਇਤਾ ਮਿਲੀ।

ਆਪਣੀ ਬੇਟੀ ਜਸ਼ਨਪ੍ਰੀਤ ਕੌਰ ਦੀ ਧੰਨਵਾਦੀ ਹਾਂ ਜਿਸ ਦੇ ਵਿਸ਼ੇਸ਼ ਸਹਿਯੋਗ ਸਦਕਾ ਇਹ ਖੋਜ ਕਾਰਜ ਸੰਪਨ ਹੋ ਸਕਿਆ ਹੈ।

ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੇ ਸਮੂਹ ਸਟਾਫ, ਵਿਦਿਆਰਥੀ ਤੇ ਵਿਦਿਆਰਥਣਾਂ ਦਾ ਧੰਨਵਾਦ ਹੈ ਜਿਨ੍ਹਾਂ ਦੇ ਸਮੇਂ-ਸਮੇਂ ਦਿੱਤੇ ਯੋਗਦਾਨ ਰਾਹੀਂ ਖੋਜ ਕਾਰਜ ਨੂੰ ਨੇਪਰੇ ਚਾੜ੍ਹਣ ਵਿਚ ਸਹਾਇਤਾ ਮਿਲੀ ਹੈ।

ਕੋਈ ਵੀ ਖੋਜ ਕਾਰਜ ਕਿਸੇ ਅੰਤਿਮ ਨਿਰਣੇ ਦਾ ਦਾਅਵਾ ਨਹੀਂ ਕਰ ਸਕਦਾ। ਆਪਣੀ ਪ੍ਰਤਿਬਧਤਾ ਤੇ ਸੁਹਿਰਦਤਾ ਨਾਲ ਸਮੇਂ ਦੀਆਂ ਸੀਮਾਵਾਂ ਵਿਚ ਰਹਿ ਕੇ ਅਸੀਂ ਇਹ ਖੋਜ ਪ੍ਰਬੰਧ ਨੂੰ ਕੁਝ ਨਿਰਣਿਆਂ ਸਹਿਤ ਨੇਪਰੇ ਚੜਾਉਣ ਦਾ ਉਪਰਾਲਾ ਜ਼ਰੂਰ ਕੀਤਾ ਹੈ ਅਤੇ ਜਿਸ ਨਾਲ ਖੋਜ ਖੇਤਰ ਵਿਚ ਯੋਗਦਾਨ ਪਾ ਸਕੀਏ।

ਸੁਰਿੰਦਰ ਕੌਰ

# ਅਧਿਆਇ ਪਹਿਲਾ

## ਪੂਰਵ ਪ੍ਰਾਪਤ ਖੋਜ ਸਮੱਗਰੀ ਦਾ ਸਰਵੇਖਣ, ਵਿਸਲੇਸ਼ਣ ਅਤੇ ਮੁਲਾਂਕਣ

ਖੋਜ ਪ੍ਰਬੰਧ ਦਾ ਮੂਲ ਵਿਸ਼ਾ 'ਸਿੱਖ ਸ਼ਹਾਦਤ ਪਰੰਪਰਾ, ਸੰਕਲਪ, ਵਿਚਾਰਧਾਰਕ ਅਧਾਰ, ਇਤਿਹਾਸ ਅਤੇ ਵਿਸ਼ਵ ਸਮਾਜ ਵਿਚ ਯੋਗਦਾਨ' ਹੈ ਜਿਸ ਦੇ ਅਧਿਐਨ ਕਰਨ ਤੋਂ ਪਹਿਲਾਂ ਸਾਡਾ ਉਦੇਸ਼ ਇਸ ਵਿਸ਼ੇ ਉੱਤੇ ਪੂਰਵ ਪ੍ਰਾਪਤ ਖੋਜ ਸਮੱਗਰੀ ਦਾ ਸਰਵੇਖਣ ਤੇ ਮੁਲਾਂਕਣ ਕਰਨਾ ਹੈ ਤਾਂ ਜੋ ਇਸ ਵਿਸ਼ੇ ਦੇ ਸੋਮਿਆਂ ਨਾਲ ਸਾਂਝ ਅਤੇ ਸੰਵਾਦ ਰਚਾਇਆ ਜਾ ਸਕੇ। ਇਸ ਅਧਿਆਇ ਵਿਚ ਸੰਵਾਦ ਨੂੰ ਤਰਤੀਬਵਾਰ ਅਰੰਭਦੇ ਹੋਏ ਹਰ ਸੋਮੇ ਦਾ ਜ਼ਿਕਰ ਕੀਤਾ ਜਾਵੇਗਾ।

ਖੋਜ ਕਾਰਜ ਦੀ ਮੂਲ ਸਰੋਤ ਸਮੱਗਰੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਚਿੰਤਨ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਹੈ ਕਿਉਂਕਿ ਇਸ ਲਈ ਇਸ ਸਮੱਗਰੀ ਦੇ ਇਕੱਤਰੀਕਰਨ ਦਾ ਵਰਨਣ ਇਸ ਅਧਿਆਇ ਵਿਚ ਦਿੱਤਾ ਜਾ ਰਿਹਾ ਹੈ। ਜਿਸ ਵਿਚ ਵੱਖ ਵੱਖ ਯੂਨੀਵਰਸਿਟੀਆਂ ਵਿਚ ਹੋਏ ਇਸ ਵਿਸ਼ੇ ਸੰਬੰਧੀ ਖੋਜ ਪ੍ਰਬੰਧਾਂ ਦੇ ਸੰਖੇਪ ਰੀਵਿਊ ਵੀ ਦਿੱਤੇ ਜਾ ਰਹੇ ਹਨ। ਇਸ ਤੋਂ ਇਲਾਵਾ ਕੁਝ ਵਿਸ਼ੇਸ਼ ਵਿਦਵਾਨਾਂ ਦੁਆਰਾ ਸੰਬੰਧਿਤ ਪੁਸਤਕਾਂ, ਸੰਪਾਦਿਤ ਪੁਸਤਕਾਂ, ਅਨੁਵਾਦਿਤ ਪੁਸਤਕਾਂ, ਖੋਜ ਪੱਤਰ, ਪ੍ਰਕਾਸ਼ਿਤ ਜਨਰਲ ਅਤੇ ਇੰਟਰਨੈਟ ਦੀਆਂ ਵੈਬਸਾਇਟਾਂ ਵੀ ਸ਼ਾਮਿਲ ਹੋਣਗੀਆਂ।

ਵਿਸ਼ੇ ਨਾਲ ਸੰਬੰਧਿਤ ਖੋਜ ਪ੍ਰਬੰਧਾਂ ਦਾ ਉਲੇਖ ਨਿਮਨਲਿਖਤ ਰੂਪ ਵਿਚ ਕੀਤਾ ਜਾ ਰਿਹਾ ਹੈ, ਪਰ ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਨਿਮਨਲਿਖਤ ਰੂਪ ਵਿਚ ਖੋਜ ਪਰਿਕਲਪਨਾ ਦੀ ਉਸਾਰੀ ਤੋਂ ਪਹਿਲਾਂ ਮੂਲ ਵਿਸ਼ੇ ਨਾਲ ਸੰਬੰਧਿਤ ਵਿਭਿੰਨ ਯੂਨੀਵਰਸਿਟੀਆਂ ਵਿਚ ਹੋ ਚੁੱਕੇ ਖੋਜ ਪ੍ਰਬੰਧਾਂ ਦਾ ਇਕੱਤਰੀਕਰਨ ਅਤੇ ਨਿਰੀਖਣ ਕੀਤਾ ਗਿਆ ਹੈ ਤਾਂ ਜੋ ਸਾਡੇ ਦੁਆਰਾ ਚੁਣੇ ਗਏ ਵਿਸ਼ੇ ਦੀ ਨਿਵੇਕਲਤਾ ਨੂੰ ਪ੍ਰਗਟਾਇਆ ਜਾ ਸਕੇ।

## 1.1 ਖੋਜ-ਕਾਰਜ ਨਾਲ ਸੰਬੰਧਿਤ ਵੱਖ-ਵੱਖ ਯੂਨੀਵਰਸਿਟੀਆਂ ਅਤੇ ਅਦਾਰਿਆਂ ਵਿੱਚ ਹੋ ਚੁੱਕੇ ਪੀਐਚ.ਡੀ. ਅਤੇ ਐਮ.ਫਿਲ. ਦੇ ਖੋਜ ਪ੍ਰਬੰਧਾਂ ਦਾ ਪੂਰਵ ਖੋਜ ਸਰਵੇਖਣ ਅਤੇ ਮੁਲਾਂਕਣ

### ਖੋਜ ਪ੍ਰਬੰਧ

- ਹਰੀ ਸਿੰਘ, ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨਿਗਰਾਨ ਡਾ. ਸਵਰਨਜੀਤ ਸਿੰਘ 1975

  ਇਸ ਖੋਜ ਪ੍ਰਬੰਧ ਵਿਚ ਸਿੱਖ ਧਰਮ ਵਿਚ ਸ਼ਹਾਦਤ ਦੇ ਸੰਕਲਪ ਨੂੰ ਸਪਸ਼ਟ ਕੀਤਾ ਗਿਆ ਹੈ ਅਤੇ ਸ਼ਹਾਦਤਾਂ ਦੀ ਵਿਆਖਿਆ ਕੀਤੀ ਗਈ ਹੈ।

- ਰਾਜ ਕੁਮਾਰੀ ਬਲਜਿੰਦਰ ਕੌਰ, The Concept of Martyrdom in Christianity, Islam and Sikhism ਪੰਜਾਬੀ ਯੂਨੀਵਰਸਿਟੀ ਪਟਿਆਲਾ ਐਮ ਲਿਟ ਦੀ ਡਿਗਰੀ ਲਈ 1976 ਵਿਚ ਪ੍ਰਸਤੁਤ ਕੀਤਾ ਗਿਆ, ਜਿਸ ਦੇ ਨਿਗਰਾਨ ਡਾ. ਅਵਤਾਰ ਸਿੰਘ ਸਨ।

  ਇਸ ਖੋਜ ਪ੍ਰਬੰਧ ਵਿਚ ਸ਼ਹਾਦਤ ਦੇ ਸੰਕਲਪ ਦੀ ਵਿਆਖਿਆ ਇਸਾਈ, ਇਸਲਾਮ ਅਤੇ ਸਿੱਖਇਜ਼ਮ ਦੇ ਹਵਾਲੇ ਨਾਲ ਕੀਤੀ ਗਈ ਹੈ। ਖੋਜ ਕਾਰਜ ਇਸਲਾਮ, ਇਸਾਈ ਅਤੇ ਸਿੱਖ ਧਰਮ ਦੇ ਮੁੱਢਲੇ ਸੰਕਲਪਾਂ ਦੀ ਵਿਆਖਿਆ ਨੂੰ ਪੇਸ਼ ਕਰਦਾ ਹੈ।

- ਡਾ. ਮੋਨਾ ਕਾਂਗ Concept of Martyrdom in Sikhism and Sikh Martyrs upto Eighteenth Century ਗੁਰੂ ਨਾਨਕ ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 199● ਨਿਗਰਾਨ ਪ੍ਰੋ. ਡਾ. ਦਰਸ਼ਨ ਸਿੰਘ।

  ਇਸ ਖੋਜ ਪ੍ਰਬੰਧ ਵਿਚ ਸ਼ਹਾਦਤ ਦੇ ਸੰਕਲਪ ਨੂੰ ਸੁਕਰਾਤ, ਯਿਸੂ ਮਸੀਹ ਅਤੇ ਮਨਸੂਰ-ਅਲ-ਹੱਲਾਜ ਦੇ ਹਵਾਲੇ ਨਾਲ ਪੇਸ਼ ਕੀਤਾ ਗਿਆ ਹੈ। ਸਿੱਖ ਧਰਮ ਵਿਚ ਸ਼ਹਾਦਤ ਦੇ

ਸੰਕਲਪ ਨੂੰ ਸਪਸ਼ਟ ਕਰਦਿਆਂ ਪ੍ਰਮੁੱਖ ਸ਼ਹੀਦਾਂ ਦਾ ਜ਼ਿਕਰ ਕੀਤਾ ਗਿਆ ਹੈ। ਸਿੱਖ ਸ਼ਹਾਦਤ ਤੇ ਮਿਸ਼ਨ ਨਾਲ ਸਿੱਖ ਇਤਿਹਾਸ ਅਤੇ ਭਾਰਤੀ ਸਮਾਜ ਵਿਚ ਕੀ ਪ੍ਰਭਾਵ ਪਏ; ਇਸ ਪਰਿਪੇਖ ਵਿਚ ਹੀ ਇਹ ਖੋਜ ਕਾਰਜ ਸੰਪੰਨ ਹੋਇਆ ਹੈ।

- Luis E. Fenech, Martyrdum in the Sikh Tradition, Centre of Asian Studies of University at the University of Tronto, 1995.
- ਇਹ ਖੋਜ ਕਾਰਜ Luis E. Fenech, ਦੁਆਰਾ Centre of Asian Studies of University at the University of Tronto, 1995 ਵਿਚ ਡਾਕਟਰੇਟ ਦੀ ਡਿਗਰੀ ਦੇ ਖੋਜ ਪ੍ਰਬੰਧ ਵਜੋਂ ਪੇਸ਼ ਕੀਤਾ ਗਿਆ ਸੀ ਅਤੇ ਇਸ ਨੂੰ ਬਾਅਦ ਵਿਚ Oxford University Press ਵਲੋਂ ਪ੍ਰਕਾਸ਼ਿਤ ਕੀਤਾ ਗਿਆ। ਇਸ ਖੋਜ ਕਾਰਜ ਦੀ ਪ੍ਰਮੁੱਖ ਮਾਨਤਾ ਇਹ ਸੀ ਕਿ ਸਿੱਖਾਂ ਵਲੋ ਅਜੇ ਤੱਕ ਸ਼ਹਾਦਤ ਦੇ ਸੰਕਲਪ ਨੂੰ ਸਿਧਾਂਤ ਬੱਧ ਨਹੀਂ ਕੀਤਾ ਗਿਆ ਪਰੰਤੂ ਇਸ ਨੂੰ ਇਕ ਸੱਭਿਆਚਾਰਕ ਸਮੂਹ ਵਜੋਂ ਆਪਣੀ ਸਮਾਜਿਕ ਅਤੇ ਰਾਜਨੀਤਿਕ ਗਤੀਸ਼ੀਲਤਾ ਬਣਾਈ ਰੱਖਣ ਲਈ ਨਿਰੰਤਰ ਵਰਤੋਂ ਵਿਚ ਲਿਆਂਦਾ ਗਿਆ ਹੈ। ਇਸ ਤੋਂ ਇਲਾਵਾ Luis E. Fenech ਨੇ ਸਿੱਖ ਸ਼ਹਾਦਤ ਨੂੰ ਲੋਕ ਧਰਮ ਦੇ ਸਮਾਨਾਰਥੀ ਪ੍ਰਭਾਵ ਵਜੋਂ ਵੇਖਣ ਦੀ ਵੀ ਕੋਸ਼ਿਸ਼ ਕੀਤੀ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਇਹ ਖੋਜ ਕਾਰਜ ਆਪਣੇ ਪ੍ਰਕਾਸ਼ਨ ਤੋਂ ਬਾਅਦ ਲੰਮਾ ਸਮਾਂ ਚਰਚਾ ਦਾ ਵਿਸ਼ਾ ਬਣਿਆ ਰਿਹਾ।

## 1.2 ਖੋਜ ਵਿਸ਼ੇ ਨਾਲ ਸੰਬੰਧਿਤ ਪੁਸਤਕਾਂ ਦਾ ਅਧਿਐਨ

**ਸਰਬਜਿੰਦਰ ਸਿੰਘ (ਡਾ.) ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ ਭਾਗ ਇਕ ਅਤੇ ਦੋ**

ਇਸ ਪੁਸਤਕ ਲੜੀ ਦੇ ਚਾਰ ਭਾਗ ਹਨ ਪਰ ਅਸੀਂ ਪਹਿਲੇ ਦੋ ਭਾਗਾਂ ਦਾ ਅਧਿਐਨ ਕੀਤਾ ਹੈ ਕਿਉਂਕਿ ਸਾਡੇ ਖੋਜ ਕਾਰਜ ਨਾਲ ਪਹਿਲੇ ਦੋ ਭਾਗਾਂ ਵਿਚੋਂ ਹੀ ਵਿਸ਼ੇ ਨਾਲ ਸੰਬੰਧਿਤ

ਜਾਣਕਾਰੀ ਮਿਲਦੀ ਹੈ। ਇਹਨਾਂ ਦੋਹਾਂ ਭਾਗਾਂ ਵਿਚੋਂ ਵੱਖ ਵੱਖ ਧਰਮਾਂ ਜਿਵੇਂ ਯਹੂਦੀ ਧਰਮ ਇਸਾਈ ਧਰਮ, ਇਸਲਾਮ ਧਰਮ ਅਤੇ ਸਿੱਖ ਧਰਮ ਵਿਚ ਸ਼ਹਾਦਤ ਦੇ ਸੰਕਲਪ ਅਤੇ ਸਰੂਪ ਦੀ ਜਾਣਕਾਰੀ ਮਿਲਦੀ ਹੈ। ਇਸੇ ਪ੍ਰਕਾਰ ਇਹਨਾਂ ਧਰਮਾਂ ਦੇ ਪੈਗੰਬਰ ਹਜ਼ਰਤ ਮਹੁੰਮਦ, ਹਜ਼ਰਤ ਮੂਸਾ, ਪੈਗੰਬਰ ਯਿਸੂ ਮਸੀਹ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਉਹਨਾਂ ਦੀ ਸ਼ਖਸੀਅਤ ਅਤੇ ਸਮਾਜ ਵਿਚ ਉਨ੍ਹਾਂ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ ਵਿਚਾਰ ਕੀ ਹਨ ਉਹਨਾਂ ਦੀ ਜਾਣਕਾਰੀ ਪ੍ਰਾਪਤ ਹੋਈ ਹੈ।

**ਨਾਨਕ ਪ੍ਰਕਾਸ਼ ਪੱਤ੍ਰਿਕਾ ਸ਼ਹਾਦਤ ਵਿਸ਼ੇਸ਼ ਅੰਕ ਜੂਨ 2002 ਪੰਜਾਬੀ ਯੂਨੀਵਰਸਿਟੀ, ਪਟਿਆਲਾ** ਵਿਚ ਵੱਖ ਵੱਖ ਵਿਦਵਾਨਾਂ ਦੇ ਖੋਜ ਪੱਤਰ ਹਨ ਜਿਨ੍ਹਾਂ ਵਿਚ ਡਾ. ਸਰਬਜਿੰਦਰ ਸਿੰਘ, ਡਾ. ਹਰਭਜਨ ਸਿੰਘ, ਡਾ. ਨਵਰਤਨ ਕਪੂਰ, ਡਾ. ਸ਼ਮਸ਼ੇਰ ਸਿੰਘ, ਡਾ. ਗੁਲਜਾਰ ਸਿੰਘ ਕੰਗ, ਡਾ. ਜਸਬੀਰ ਕੌਰ, ਡਾ. ਅਬਨੀਸ਼ ਕੌਰ, ਡਾ. ਗੁਰਨਾਮ ਕੌਰ ਅਤੇ ਪ੍ਰਹਿਲਾਦ ਸਿੰਘ ਹਨ। ਇਹਨਾਂ ਵਿਦਵਾਨਾਂ ਨੇ ਸ਼ਹਾਦਤ ਦੇ ਸੰਕਲਪ ਅਤੇ ਸਿੱਖ ਸ਼ਹਾਦਤ ਦੇ ਸੰਕਲਪ ਨੂੰ ਦਰਸਾਉਂਦਿਆਂ ਸਿੱਖ ਸ਼ਹਾਦਤ ਪਰੰਪਰਾ ਬਾਰੇ ਬਹੁਪੱਖੀ ਜਾਣਕਾਰੀ ਦਿੱਤੀ ਗਈ ਹੈ।

**ਮੁਹੰਮਦ ਹਬੀਬ** (ਡਾ.) **ਰੰਧਾਵਾ ਸਤਵੀਰ ਸਿੰਘ, ਇਸਲਾਮ ਸੰਖੇਪ ਸਰਵੇਖਣ, ਗਰੇਸ਼ੀਅਸ ਬੁਕਸ, ਪਟਿਆਲਾ, 2011**

ਇਸਲਾਮ ਵਿਚ ਸ਼ਹਾਦਤ ਦੇ ਮੁਢਲੇ ਸੰਕਲਪਾ ਨੂੰ ਸਮਝਣ ਲਈ ਜਿਨ੍ਹਾਂ ਵਿਚ ਈਮਾਨ, ਈਮਾਨ ਦੇ ਅੰਗ ਇਬਾਦਤ ਵਿਹਾਰ, ਹਜਰਾ ਮੁਹੰਮਦ ਸਾਹਿਬ, ਖੁਲਫਾ-ਏ-ਰਾਸ਼ਿਦੀਨ, ਅਬੂ ਬਕਰ, ਉਮਰ ਉਸਮਾਨ ਅਤੇ ਅਲੀ ਬਾਰੇ ਜਾਣਕਾਰੀ ਦਿੱਤੀ ਗਈ ਹੈ। ਪਵਿੱਤਰ ਕੁਰਾਨ ਦੇ ਕੁਝ ਨਮੂਨੇ ਪੇਸ਼ ਕੀਤੇ ਗਏ ਹਨ। ਹਦੀਸਾਂ ਦੀ ਜਾਣਕਾਰੀ ਵੀ ਦਿੱਤੀ ਗਈ ਹੈ। ਮੁੱਖ ਰੂਪ ਵਿਚ ਕੁਰਾਨ ਦੇ ਨਮੂਨਿਆਂ ਰਾਹੀਂ ਇਸ ਦੇ ਨਿਯਮਾਂ ਅਤੇ ਵਿਸ਼ਵਾਸ਼ਾਂ ਦੀ ਸਰਲ ਭਾਸ਼ਾ ਵਿਚ ਜਾਣਕਾਰੀ ਹਾਸਲ ਕੀਤੀ ਗਈ ਹੈ ਜੋ ਖੋਜ ਕਾਰਜ ਲਈ ਲਾਹੇਵੰਦ ਸਾਬਤ ਹੋਈ ਹੈ।

**ਔਲਖ, ਗੁਰਚਰਨ ਸਿੰਘ (ਡਾ.) ਸਿੱਖ ਸੂਰਮੇ, ਲਾਹੌਰ ਬੁਕ ਸ਼ਾਪ, ਲੁਧਿਆਣਾ, 2005**

ਲੇਖਕ ਦੁਆਰਾ ਲਿਖੀ ਇਸ ਪੁਸਤਕ ਵਿਚ ਸਿੱਖ ਧਰਮ ਨਾਲ ਸਬੰਧਿਤ ਉਹਨਾਂ ਸਿੰਘਾਂ ਤੇ ਸੂਰਮਿਆਂ ਦੀਆਂ ਸ਼ਹਾਦਤਾਂ ਦਾ ਵਰਨਣ ਮਿਲਦਾ ਹੈ, ਜਿਹਨਾਂ ਨੇ ਦੇਸ਼ ਕੌਮ ਤੇ ਧਰਮ ਲਈ ਸ਼ਹਾਦਤਾਂ ਦਿੱਤੀਆਂ ਅਤੇ ਜਿਨ੍ਹਾਂ ਸਦਕਾ ਅੱਜ ਸਿੱਖ ਕੌਮ ਜਿਉਂਦੀ ਹੈ।

**ਉਹੀ, ਸ਼ਹੀਦੀ ਗਾਥਾਂਵਾਂ ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2012**

ਲੇਖਕ ਦੁਆਰਾ ਇਸ ਪੁਸਤਕ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਸ੍ਰੀ ਗੁਰੂ ਤੇਗ ਬਹਾਦਾਰ ਜੀ ਦੀ ਸ਼ਹੀਦੀ, ਪੰਜ ਪਿਆਰੇ ਭਾਈ ਮਤੀ ਦਾਸ, ਸਤੀ ਦਾਸ, ਭਾਈ ਦਿਆਲ ਦਾਸ ਜੀ, ਭਾਈ ਉਦੈ ਸਿੰਘ, ਭਾਈ ਜੈਤਾ, ਭਾਈ ਬਚਿੱਤਰ ਸਿੰਘ, ਸ਼ਹੀਦ ਜ਼ੋਰਾਵਰ ਅਤੇ ਸ਼ਹਦੀ ਫਤਿਹ ਸਿੰਘ ਅਤੇ ਬਹੁਤ ਸਾਰੇ ਹੋਰ ਸਿੰਘ ਸ਼ਹੀਦਾਂ ਦਾ ਜ਼ਿਕਰ ਹੈ। ਇਹਨਾਂ ਸ਼ਹੀਦਾਂ ਨੇ ਆਪਣਾ ਆਪ ਵਾਰ ਕੇ ਦੇਸ਼ ਕੌਮ ਅਤੇ ਧਰਮ ਦੀ ਰੱਖਿਆ ਕੀਤੀ। ਇਸ ਤੋਂ ਇਲਾਵਾ ਸਿੱਖ ਰਾਜ ਦੀ ਸਿਰਲੱਥ ਸੂਰਮਿਆਂ ਦਾ ਜ਼ਿਕਰ ਕੀਤਾ ਗਿਆ ਹੈ। ਅਕਾਲੀ ਲਹਿਰ ਦੇ, ਬੱਬਰ ਲਹਿਰ ਦੇ ਸ਼ਹੀਦ ਅਤੇ ਅਜ਼ਾਦੀ ਦੇ ਸ਼ਮ੍ਹਾਂ ਦੇ ਪਰਵਾਨੇ ਸ਼ਹੀਦਾਂ ਦਾ ਜ਼ਿਕਰ ਕੀਤਾ ਗਿਆ ਹੈ। ਕੁੱਲ ਮਿਲਾ ਕੇ ਇਹ ਪੁਸਤਕ ਸਾਡੇ ਖੋਜ ਕਾਰਜ ਵਿਚ ਸਹਾਈ ਹੋਈ ਹੈ।

**ਦਿਲਗੀਰ ਹਰਜਿੰਦਰ ਸਿੰਘ (ਡਾ.) ਗੁਰੂ ਦੇ ਸ਼ੇਰ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2011**

ਡਾ. ਦਿਲਗੀਰ ਵੱਲੋਂ ਲਿਖੀ ਇਹ ਪੁਸਤਕ 200 ਤੋਂ ਵੱਧ ਸ਼ਹੀਦਾਂ ਦੀਆਂ ਜੀਵਨੀਆਂ ਨੂੰ ਬਿਆਨ ਕਰਦੀ ਹੈ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ, ਬੰਦਾ ਬਹਾਦਰ ਦੀ ਸ਼ਹੀਦੀ ਉਪਰੰਤ 1762 ਈ. ਦੇ ਵੱਡੇ ਘੱਲੂਘਾਰੇ ਅਤੇ ਸ਼ਹੀਦ ਗੁਰਬਖ਼ਸ਼ ਸਿੰਘ ਦੀ ਸ਼ਹੀਦੀ ਦਾ ਜ਼ਿਕਰ ਕੀਤਾ ਗਿਆ ਹੈ। ਉਪਰੋਕਤ ਪੁਸਤਕ ਸਿੱਖ ਸ਼ਹਾਦਤ ਪਰੰਪਰਾਂ ਨੂੰ ਪੇਸ਼ ਕਰਨ ਦਾ ਅਹਿਮ ਦਸਤਾਵੇਜ਼ ਹੈ ਜੋ ਸਾਡੇ ਖੋਜ ਕਾਰਜ ਲਈ ਬਹੁਤ ਲਾਹੇਵੰਦ ਰਹੀ ਹੈ।

**ਜੌੜਾ, ਬਲਵਿੰਦਰ ਸਿੰਘ (ਸੰਪਾ.) ਸਿੱਖ ਇਤਿਹਾਸ ਦੇ ਸੂਰਬੀਰ ਯੋਧੇ ਚਾਰ ਸਹਿਬਜ਼ਾਦੇ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ 2●●●**

ਲੇਖਕ ਦੁਆਰਾ ਸੰਪਾਦਤ ਕੀਤੀ ਇਸ ਪੁਸਤਕ ਵਿਚ ਸਿੱਖ ਇਤਿਹਾਸ ਦੇ ਅਮਰ ਸ਼ਹੀਦ ਚਾਰ ਸਾਹਿਬਜ਼ਾਦੇ ਸਬੰਧੀ ਵੱਖ ਵੱਖ ਵਿਦਵਾਨਾਂ ਨੇ ਵਿਚਾਰ ਪੇਸ਼ ਕੀਤੇ ਹਨ। ਉਹਨਾਂ ਦੀ ਲਾਸਾਨੀ ਸ਼ਹਾਦਤ ਦਾ ਜ਼ਿਕਰ ਕਰਦਿਆਂ ਸਿੱਖ ਸਮਾਜ ਅਤੇ ਸਿੱਖ ਇਤਿਹਾਸ ਉਪਰ ਉਹਨਾਂ ਦੀ ਸ਼ਹਾਦਤ ਦੇ ਪ੍ਰਭਾਵ ਦਾ ਜ਼ਿਕਰ ਕੀਤਾ ਗਿਆ ਹੈ। ਚਮਕੌਰ ਦੀ ਬੇਜੋੜ ਅਤੇ ਅਸਾਂਵੀ ਜੰਗ ਅਤੇ ਸਰਹੰਦ ਦਾ ਸਾਕਾ ਸਿੱਖ ਇਤਿਹਾਸ ਵਿਚ ਕਿਵੇਂ ਨਵਾਂ ਮੋੜ ਲੈ ਕੇ ਆਇਆ ਦਾ ਵਰਨਣ ਹੈ। ਇਤਿਹਾਸਕ ਅਧਿਐਨ ਪੱਖੋਂ ਇਹ ਪੁਸਤਕ ਸਾਡੇ ਖੋਜ ਕਾਰਜ ਲਈ ਲਾਭਕਾਰੀ ਸਿੱਧ ਹੋਈ ਹੈ।

**ਦਾਤਾ ਪਿਆਰਾ ਸਿੰਘ, ਸਿੱਖ ਸ਼ਹੀਦ, ਨੈਸ਼ਨਲ ਬੁੱਕ ਸ਼ਾਪ, ਨਵੀਂ ਦਿੱਲੀ, 2●●4**

ਪਿਆਰਾ ਸਿੰਘ ਦਾਤਾ ਵੱਲੋਂ ਲਿਖੀ ਇਸ ਪੁਸਤਕ ਵਿਚ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਮਤੀ ਦਾਸ, ਦਿਆਲ ਦਾਸ ਚਾਰੇ ਸਾਹਿਬਜ਼ਾਦੇ, 4● ਮੁਕਤੇ, ਗੁਰੂ ਗੋਬਿੰਦ ਸਿੰਘ ਜੀ, ਬੰਦਾ ਸਿੰਘ ਬਹਾਦਰ, ਤਾਰਾ ਸਿੰਘ, ਭਾਈ ਮਨੀ ਸਿੰਘ, ਭਾਈ ਬੋਤਾ ਸਿੰਘ, ਗਰਜਾ ਸਿੰਘ, ਮਹਿਤਾਬ ਸਿੰਘ, ਸੁੱਖਾ ਸਿੰਘ, ਭਾਈ ਤਾਰੂ ਸਿੰਘ ਅਨੇਕ ਸਿੱਖਾਂ ਦਾ ਕਤਲੇਆਮ ਸ਼ਹੀਦ ਬਾਬਾ ਦੀਪ ਸਿੰਘ, ਬਾਬਾ ਗੁਰਬਖ਼ਸ਼ ਸਿੰਘ, ਬਾਬਾ ਰਾਮ ਸਿੰਘ ਬੇਦੀ ਅਤੇ ਸਿੱਖ ਰਾਜ ਦੇ ਅੰਤ ਤੇ ਝਾਤ ਹੈ। ਲੇਖਕ ਦੁਆਰਾ ਸ਼ਹੀਦਾਂ ਦਾ ਵਰਨਣ ਸਿੱਖ ਸ਼ਹਾਦਤ ਪਰੰਪਰਾ ਦਾ ਅਹਿਮ ਸ੍ਰੋਤ ਹੈ ਜੋ ਸਾਡੇ ਖੋਜ ਕਾਰਜ ਲਈ ਲਾਹੇਵੰਦ ਹੋਇਆ ਹੈ।

**ਸਰੂਪ ਲਾਲ ਕੈਲੇ, ਕਿਹਰ ਸਿੰਘ ਮਠਾਰੂ, ਜਿਨ੍ਹਾਂ ਸੀਸ ਦਿੱਤੇ, ਭਾਈ ਚਤਰ ਸਿੰਘ, ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2●●8**

ਇਸ ਪੁਸਤਕ ਵਿਚ ਮਾਤਾ ਭਾਗ ਕੌਰ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਹਕੀਕਤ ਰਾਏ, ਸੰਤ ਦਾਦੂ ਦਾਸ ਦੇ ਪੋਤਰੇ ਦੀ ਸ਼ਹੀਦੀ, ਸਰਦਾਰ ਸੁਬੇਗ ਸਿੰਘ ਜੰਬਰ ਅਤੇ ਹੋਰ ਬਹੁਤ ਸਾਰੇ ਸਿੱਖ ਸ਼ਹੀਦਾਂ ਦੀ ਗਾਥਾ ਹੈ।

**ਜਗਜੀਤ ਸਿੰਘ, (ਡਾ.) ਸਿੱਖ ਇਨਕਲਾਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, 2012**

ਜਗਜੀਤ ਸਿੰਘ ਦੁਆਰਾ ਲਿਖੀ ਇਹ ਪੁਸਤਕ ਸਿੱਖੀ ਵਿਚਾਰਧਾਰਾ, ਨੂੰ ਪੇਸ਼ ਕਰਦੀ ਹੈ। ਉਹਨਾਂ ਨੇ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਖੋਲ੍ਹਦਿਆਂ ਜਾਤ-ਪਾਤ, ਵਰਣ ਅਤੇ ਭਾਰਤੀ ਸਮਾਜ ਵਿਚ ਜਾਤਾਂ ਦੇ ਅਧਾਰ ਦੇ ਪਾਈਆਂ ਜਾਣ ਵਾਲੀਆਂ ਵੰਡੀਆਂ ਦਾ ਜ਼ਿਕਰ ਕੀਤਾ ਹੈ। ਸ੍ਰੀ ਹਰਗੋਬਿੰਦ ਸਿੰਘ ਜੀ ਦਾ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨ ਕੇ ਹਥਿਆਰਬੰਦ ਜੱਦੋ-ਜਹਿਦ ਲਈ ਸਮਾਜ ਨੂੰ ਤਿਆਰ ਕਰਨਾ। ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਪੰਥ ਦੀ ਸਥਾਪਨਾ ਕਰਨਾ ਅਤੇ ਗਰੀਬ ਜਨਤਕ ਲਹਿਰ ਨੂੰ ਇਨਕਲਾਬੀ ਲਹਿਰ ਬਣਾਉਣਾ ਸ਼ਾਮਿਲ ਹੈ। ਜਗਜੀਤ ਸਿੰਘ ਜੀ ਨੇ ਇਸ ਪੁਸਤਕ ਰਾਹੀਂ ਸਿੱਖ ਸ਼ਹਾਦਤ ਪਰੰਪਰਾ ਦਾ ਅਧਾਰ ਹਥਿਆਰਬੰਦ ਸੰਘਰਸ਼ ਅਤੇ ਅਹਿੰਸਾ ਦਾ ਵਿਰੋਧ ਵਿਚਾਰਧਾਰਕ ਅਧਾਰ ਪੇਸ਼ ਕੀਤੇ ਹਨ । ਕੁੱਲ ਮਿਲਾ ਕੇ ਇਹ ਪੁਸਤਕ ਸਾਡੇ ਖੋਜ ਕਾਰਜ ਲਈ ਲਾਹੇਵੰਦ ਰਹੀ ਹੈ।

**ਅਸ਼ੋਕ, ਸ਼ਮਸ਼ੇਰ ਸਿੰਘ, ਪੰਜਾਬੀ ਵੀਰ ਪਰੰਪਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988**

ਇਸ ਪੁਸਤਕ ਨੂੰ ਸੱਤ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਸਿੱਖੀ ਦੀ ਵੀਰ ਪਰੰਪਰਾ ਅਤੇ ਸ੍ਰੀ ਹਰਗੋਬਿੰਦ ਸਾਹਿਬ ਦਾ ਹਥਿਆਰਬੰਦ ਲਹਿਰ ਚਲਾਉਣਾ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਾਂਤਮਈ ਆਤਮ ਬਲੀਦਾਨ ਤੇ ਵੀਰਤਾ ਦਾ ਮੁਜੱਸਮਾ ਪੇਸ਼ ਕਰਨਾ। ਇਸੇ ਪ੍ਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸੇ ਦੀ ਸਥਾਪਨਾ ਅਤੇ ਆਨੰਦਪੁਰ ਤੋਂ ਨਾਂਦੇੜ ਸਾਹਿਬ ਪੁੱਜਣ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸਮਕਾਲੀ ਵੀਰ ਸਾਹਿਤ ਬਾਰੇ ਦੱਸਦਿਆਂ ਰਾਜਪੂਤ ਰਾਜਿਆਂ ਦੀ ਵੀਰ ਪਰੰਪਰਾ ਦਾ ਜ਼ਿਕਰ ਕੀਤਾ ਹੈ। ਕੁਲ ਮਿਲਾਕੇ ਇਹ ਪੁਸਤਕ ਸਿੱਖਾਂ ਦੀ ਵੀਰਤਾ ਅਤੇ ਸਾਹਸ ਨੂੰ ਦਰਸਾਉਣ ਵਾਲੀ ਹੈ ਅਤੇ ਸਾਡੇ ਖੋਜ ਕਾਰਜ ਲਈ ਲਾਭਦਾਇਕ ਰਹੀ ਹੈ।

**ਅਵਤਾਰ ਸਿੰਘ, Ethics of the Sikhs, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2009**

ਕਦਰਾਂ ਕੀਮਤਾਂ ਦੇ ਅਧਾਰ ਤੇ ਸਿੱਖ ਧਰਮ ਵਿਚ ਮਨੁੱਖਤਾਵਾਦੀ ਕਦਰਾਂ ਕੀਮਤਾਂ ਦੀ ਵਿਚਾਰ ਚਰਚਾ ਕੀਤੀ ਗਈ ਹੈ। The moral standard human motive, natures, duties, social ethics ਅਤੇ supreme idea ਦੀ ਗੱਲ ਕਰਦਿਆਂ ਲੇਖਕ ਨੇ ਸਿੱਖ ਧਰਮ ਵਿਚ ਨੈਤਿਕਤਾ ਦੇ ਸਿਧਾਂਤ ਨੂੰ ਪੇਸ਼ ਕੀਤਾ ਹੈ। ਨੈਤਿਕ ਕਦਰਾਂ-ਕੀਮਤਾਂ ਨੂੰ ਪੇਸ਼ ਕਰਨਾ ਇਸ ਪੁਸਤਕ ਦਾ ਮੁੱਖ ਮਕਸਦ ਹੈ ਅਤੇ ਸਿੱਖ ਸ਼ਹਾਦਤ ਪਰੰਪਰਾ ਦੇ ਵਿਚਾਰਧਾਰਕ ਅਧਾਰ ਅਧਿਆਇ ਲਈ ਇਹ ਪੁਸਤਕ ਸਾਡੇ ਖੋਜ ਕਾਰਜ ਲਈ ਸਹਾਇਕ ਸਿੱਧ ਹੋਈ ਹੈ।

**ਜਸਪਾਲ ਸਿੰਘ (ਡਾ.) ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ ਨਵਯੁੱਗ ਪਬਲਿਕੇਸ਼ਨ, ਨਵੀਂ ਦਿੱਲੀ, 2010**

ਇਸ ਪੁਸਤਕ ਵਿਚ ਲੇਖਕ ਦੁਆਰਾ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਬੰਦਾ ਬਹਾਦਰ ਜੀ ਤੱਕ ਦਾ ਸਿੱਖੀ ਸਿਧਾਂਤ ਅਤੇ ਵਿਹਾਰ ਪੇਸ਼ ਕੀਤਾ ਹੈ। ਗੁਰੂ ਨਾਨਕ ਜੀ ਤੋਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੱਕ ਦੇ ਹਾਲਾਤ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ, ਸ੍ਰੀ ਹਰਗੋਬਿੰਦ ਸਾਹਿਬ ਜੀ ਦਾ ਮੀਰੀ-ਪੀਰੀ ਦਾ ਸਿਧਾਂਤ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਭਗਤ ਰਵਿਦਾਸ, ਸਿੱਖਾਂ ਦਾ ਰਾਜਸੀ ਚਿੰਤਨ ਅਤੇ ਅਖੀਰ ਵਿਚ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਬਾਰੇ ਦੱਸਿਆ ਗਿਆ ਹੈ। ਕੁੱਲ ਮਿਲਾਕੇ ਇਹ ਪੁਸਤਕ ਸਿੱਖੀ ਸਿਧਾਂਤ ਅਤੇ ਇਸ ਦੀ ਵਿਹਾਰਕ ਬਣਤਰ ਨੂੰ ਪੇਸ਼ ਕਰਦੀ ਹੈ ਅਤੇ ਸਾਡੇ ਖੋਜ ਕਾਰਜ ਲਈ ਲਾਹੇਵੰਦ ਸਾਬਤ ਹੋਈ ਹੈ।

**ਗੰਡਾ ਸਿੰਘ (ਡਾ.) ਸਿੱਖ ਇਤਿਹਾਸ ਬਾਰੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2014**

ਗੰਡਾ ਸਿੰਘ ਦੁਆਰਾ ਲਿਖੀ ਇਸ ਪੁਸਤਕ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ, ਬੰਦਾ ਸਿੰਘ ਬਹਾਦਰ, ਨਾਦਰ ਸ਼ਾਹ ਦੇ ਹਮਲੇ ਦੋਵੇਂ

ਘੱਲੂਘਾਰੇ ਅਤੇ ਹੋਰ ਸ਼ਹਾਦਤਾਂ ਦੇ ਸਾਕਿਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸੇ ਪ੍ਰਕਾਰ ਲੇਖਕ ਨੇ ਸਿੱਖ ਇਤਿਹਾਸ ਤੇ ਰੋਸ਼ਨੀ ਪਾਉਂਦਿਆਂ ਮਹਾਂਰਾਜਾ ਰਣਜੀਤ ਸਿੰਘ, ਮਹਾਂਰਾਣੀ ਜਿੰਦਾ ਅਤੇ ਮਹਾਂਰਾਜਾ ਦਲੀਪ ਸਿੰਘ ਬਾਰੇ ਜਾਣਕਾਰੀ ਦਿੱਤੀ ਹੈ। ਸਿੱਖ ਇਤਿਹਾਸ ਸਬੰਧੀ ਇਹ ਪੁਸਤਕ ਸਾਡੇ ਖੋਜ ਕਾਰਜ ਲਈ ਲਾਹੇਵੰਦ ਰਹੀ ਹੈ।

**ਗੰਡਾ ਸਿੰਘ ਡਾ. ਬੰਦਾ ਸਿੰਘ ਬਹਾਦਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2016**

ਇਸ ਪੁਸਤਕ ਵਿਚ ਬੰਦਾ ਸਿੰਘ ਬਹਾਦਰ ਦੇ ਕਾਲ ਨੂੰ ਪੇਸ਼ ਕੀਤਾ ਗਿਆ ਹੈ। ਬੰਦਾ ਸਿੰਘ ਦਾ ਬਚਪਨ ਅਤੇ ਸਾਧ ਜੀਵਨ, ਗੁਰੂ ਦੇ ਚਰਨਾ ਵਿਚ ਬੰਦਾ ਸਿੰਘ, ਪੰਜਾਬ ਫੇਰੀ, ਸਮਾਣਾ ਤੇ ਸਢੋਰਾ, ਰੋਪੜ ਦੀ ਲੜਾਈ, ਚੱਪੜ ਚਿੜੀ ਦੀ ਲੜਾਈ, ਘੁੜਾਣੀ ਤੇ ਮਲੇਰਕੋਟਲਾ ਦੀ ਲੜਾਈ, ਸਰਹੰਦ ਨੂੰ ਫਤਿਹ ਕਰਨਾ, ਬਾਦਸ਼ਾਹ ਦਾ ਸਿੰਘਾਂ ਵਿਰੁੱਧ ਸਖ਼ਤ ਕਾਰਵਾਈ ਕਰਨਾ, ਲੋਹਗੜ੍ਹ ਤੇ ਸਢੋਰਾ ਦੀ ਲੜਾਈ, ਗੁਰਦਾਸ ਨੰਗਲ ਦਾ ਘੇਰਾ, ਬੰਦਾ ਸਿੰਘ ਅਤੇ ਸਾਥੀ ਸਿੰਘਾਂ ਦੀ ਦਿੱਲੀ ਵਿਚ ਸ਼ਹਾਦਤ ਦਾ ਵਿਸਥਾਰ ਸਹਿਤ ਬਿਆਨ ਕੀਤਾ ਹੈ। ਬੰਦਾ ਸਿੰਘ ਬਹਾਦਰ ਨਾਲ ਸਬੰਧਤ ਇਹ ਪੁਸਤਕ ਖੋਜ ਕਾਰਜ ਲਈ ਸਹਾਈ ਹੋਈ ਹੈ।

**ਸੀਤਲ ਸੋਹਣ ਸਿੰਘ, ਬੰਦਾ ਸਿੰਘ ਸ਼ਹੀਦ, ਲਹੌਰ ਬੁਕਸ਼ਾਪ ਲੁਧਿਆਣਾ 2011**

ਲੇਖਕ ਨੇ ਇਸ ਪੁਸਤਕ ਵਿਚ ਬੰਦਾ ਸਿੰਘ ਦੇ ਜਨਮ ਤੋਂ ਸਰਹੰਦ ਫਤਿਹ ਅਤੇ ਸਿੱਖ ਰਾਜ ਦੀ ਸਥਾਪਨਾ, ਰਾਜਧਾਨੀ ਤੇ ਸਿੱਕਾ ਚਲਾਉਣਾ, ਮਾਝੇ ਤੇ ਦੁਆਬੇ ਦੇ ਗਦਰ ਬਹਾਦਰ ਸ਼ਾਹ ਦੀ ਚੜ੍ਹਾਈ, ਸਰਹੰਦ ਤੇ ਲੋਹਗੜ੍ਹ ਦਾ ਸਿੱਖਾਂ ਦੇ ਹੱਥੋਂ ਨਿਕਲ ਜਾਣਾ। ਸਿੱਖਾਂ ਨੂੰ ਹੁਕਮਨਾਮੇ ਲਿਖਣੇ, ਬਹਾਦਰ ਸ਼ਾਹ ਦੀ ਮੌਤ, ਗੁਰਦਾਸ ਨੰਗਲ ਦੇ ਕਿਲ੍ਹੇ ਨੂੰ ਘੇਰਾ ਪੈਣਾ, ਅਜੇ ਸਿੰਘ ਅਤੇ ਬੰਦਾ ਸਿੰਘ ਦੀ ਸ਼ਹਾਦਤ ਦਾ ਜ਼ਿਕਰ ਹੈ। ਬੰਦਾ ਸਿੰਘ ਦੇ ਜੀਵਨ ਤੇ ਇਕ ਨਜ਼ਰ ਮਾਰਦਿਆਂ, ਉਸਦੀ ਸ਼ਖਸੀਅਤ ਸਬੰਧੀ ਸਿੱਖਾਂ ਵਿਚ ਪਾਏ ਜਾਂਦੇ ਭੁਲਿਖਿਆਂ ਨੂੰ ਦੂਰ ਕੀਤਾ ਹੈ। ਕੁੱਲ ਮਿਲਾ ਕੇ ਇਹ ਪੁਸਤਕ ਸਾਡੇ ਖੋਜ ਕਾਰਜ ਲਈ ਸਹਾਈ ਹੋਈ ਹੈ।

**ਜਸਪਾਲ ਸਿੰਘ** (ਡਾ.) **ਰਾਜ ਦਾ ਸਿੱਖ ਸੰਕਲਪ, ਨਵਯੁੱਗ ਪਬਲੀਕੇਸ਼ਨ, ਨਵੀਂ ਦਿੱਲੀ, 2009**

ਇਸ ਪੁਸਤਕ ਨੂੰ ਸੱਤ ਅਧਿਆਇ ਵਿਚ ਵੰਡਿਆ ਗਿਆ ਹੈ। ਰਾਜ ਦਾ ਸੰਕਲਪ, ਰਾਜਨੀਤਿਕ ਵਿਚਾਰਧਾਰਾ, ਰਾਜ ਦੇ ਸਿੱਖ ਸੰਕਲਪ ਦਾ ਅਧਾਰ ਮੀਰੀ-ਪੀਰੀ ਦਾ ਸੰਕਲਪ, ਗੁਰੂ ਪਰੰਪਰਾ ਨਾਲ ਜੁੜਿਆ ਵਿਕਲਪ ਰਾਜ ਦਾ ਸੰਕਲਪ, ਸਿੱਖ ਰਾਜਨੀਤਿਕ ਸੰਸਥਾਵਾਂ ਅਤੇ ਉਪਰੋਕਤ ਦੀ ਵਿਹਾਰਕ ਬਣਤਰ ਵੀ ਪੇਸ਼ ਕੀਤੀ ਹੈ। ਭਾਰਤੀ ਸਮਾਜ ਵਿਚ ਸਿੱਖ ਗੁਰੂਆਂ ਦਾ ਰਾਜ ਅਤੇ ਸਮਾਜ ਪ੍ਰਤੀ ਅਲਗ ਨਜ਼ਰੀਆ ਇਸ ਵਿਸ਼ੇ ਤੇ ਅਧਾਰ ਬਣਿਆ ਹੈ। ਗੁਰੂ ਪਰੰਪਰਾ ਦੇ ਰਾਹੀਂ ਸਮੁੱਚੇ ਰਾਜ ਦਾ ਸੰਕਲਪ ਪੇਸ਼ ਕਰਨਾ ਇਸ ਪੁਸਤਕ ਦਾ ਮੁੱਖ ਮਕਸਦ ਹੈ ਜੋ ਸਾਡੇ ਇਤਿਹਾਸਿਕ ਅਧਿਐਨ ਲਈ ਬਹੁਤ ਲਾਹੇਵੰਦ ਰਿਹਾ ਹੈ।

**ਕੁਇਰ ਸਿੰਘ, ਗੁਰਬਿਲਾਸ ਪਾਤਸਾਹੀ ਦਸਵੀਂ,** (ਸੰਪਾ) **ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ,** 1968

ਕੋਇਰ ਸਿੰਘ ਦੁਆਰਾ ਲਿਖਿਆ ਇਹ ਗ੍ਰੰਥ ਗੁਰੂ ਗੋਬਿੰਦ ਸਿੰਘ ਦੇ ਸਮੁੱਚੇ ਜੀਵਨ ਨੂੰ ਵਿਸਥਾਰ ਨਾਲ ਪੇਸ਼ ਕਰਨ ਵਾਲਾ ਪਹਿਲਾ ਇਤਿਹਾਸਕ ਗ੍ਰੰਥ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਭਾਵੇਂ ਕਈ ਥਾਂਈ ਲੇਖਕ ਨੇ ਤਰੀਖਾਂ ਦਾ ਗਲ਼ਤ ਵੇਰਵਾ ਦਿੱਤਾ ਹੈ ਪਰ ਫਿਰ ਵੀ ਗੁਰੂ ਜੀ ਦੇ ਜੀਵਨ ਕਾਲ ਨੂੰ ਕਾਵਿਕ ਰੂਪ ਵਿਚ ਪੇਸ਼ ਕਰਨ ਵਾਲਾ ਗ੍ਰੰਥ ਹੈ।

**ਜਸਪਾਲ ਸਿੰਘ** (ਡਾ.), **ਸਿੱਖ ਧਰਮ ਤੇ ਰਾਜਨੀਤੀ, ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ 2009**

ਲੇਖਕ ਦੁਆਰਾ ਇਸ ਪੁਸਤਕ ਵਿਚ 31 ਲੇਖਾਂ ਨੂੰ ਸ਼ਾਮਿਲ ਕੀਤਾ ਗਿਆ ਹੈ, ਸਿੱਖੀ ਦੀਆਂ ਪਰੰਪਰਾਵਾਂ ਨੂੰ ਸਹੀ ਪਰਿਪੇਖ ਵਿਚ ਸਮਝਣ ਤੇ ਪਾਠਕਾਂ ਦੇ ਭਰਮ ਭੁਲੇਖਿਆਂ ਨੂੰ ਦੂਰ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਰਵੋਤਮ ਗ੍ਰੰਥ ਪੇਸ਼ ਕਰਦਿਆਂ ਸਿੱਖੀ ਤੇ ਰਾਜਨੀਤੀ ਦੇ ਸਬੰਧ, ਸਿੱਖ ਰਾਜ ਦਾ ਸੰਕਲਪ, ਰਾਜਨੀਤੀ ਤੇ ਸਿੱਖ ਲਹਿਰ, ਗੁਰਮਤਿ ਅਤੇ

ਸਿੱਖ ਰਾਜਨੀਤੀ, ਖਾਲਸਾ ਪੰਥ ਦੀ ਸਿਰਜਣਾ ਅਤੇ ਇਸ ਤੋਂ ਇਲਾਵਾ ਅਜੋਕੇ ਯੁਗ ਵਿਚ ਸਿੱਖਾਂ ਦੀ ਹੋਂਦ ਅਤੇ ਅਜੋਕੇ ਰਾਜਨੀਤਿਕ ਮਸਲਿਆਂ ਬਾਰੇ ਚਰਚਾ ਕੀਤੀ ਗਈ ਹੈ। ਕੁੱਲ ਮਿਲਾ ਕੇ ਇਹ ਪੁਸਤਕ ਸਾਡੇ ਖੋਜ ਕਾਰਜ ਲਈ ਸਹਾਈ ਸਿੱਧ ਹੋਈ ਹੈ।

## 1.3 ਖੋਜ ਵਿਸ਼ੇ ਦਾ ਉਦੇਸ਼ ਸਾਰਥਿਕਤਾ ਅਤੇ ਵਿਖਲੱਖਣਤਾ

- ਸਾਡੇ ਇਸ ਖੋਜ ਕਾਰਜ ਦਾ ਉਦੇਸ਼ ਸਿੱਖ ਸ਼ਹਾਦਤ ਪਰੰਪਰਾ ਬਾਰੇ ਖੋਜ ਕਰਕੇ ਵਿਸ਼ਵੀ ਖੋਜ ਪ੍ਰਸੰਗ ਵਿੱਚ ਸਿੱਖ ਸ਼ਹਾਦਤ ਪਰੰਪਰਾ ਦੀ ਨਿਸ਼ਾਨਦੇਹੀ ਕਰਨੀ।
- ਸਿੱਖ ਕੌਮ ਦੀ ਸਮਾਜ, ਧਰਮ ਅਤੇ ਦੇਸ਼ ਨੂੰ ਜਿੰਨੀ ਦੇਣ ਹੈ ਉਸ ਨੂੰ ਹਮੇਸ਼ਾਂ ਅੱਖੋਂ ਪਰੋਖੇ ਕੀਤਾ ਗਿਆ ਹੈ ਨਿਰਪੱਖ ਦ੍ਰਿਸ਼ਟੀ ਰਾਹੀਂ ਇਸ ਖੋਜ ਕਾਰਜ ਨਾਲ ਵਿਸ਼ਵ ਸਮਾਜ ਵਿੱਚ ਅਤੇ ਵਰਤਮਾਨ ਪੀੜ੍ਹੀ ਦਾ ਧਿਆਨ ਇਸ ਵੱਲ ਕੇਂਦਰਿਤ ਕਰਨਾ ਹੈ।
- ਆਧੁਨਿਕ ਸਮਾਂ ਪਦਾਰਥਵਾਦ ਦਾ ਸਮਾਂ ਹੈ ਕਿਸੇ ਕੋਲ ਪੁਰਾਤਨ ਕਦਰਾਂ ਕੀਮਤਾਂ ਨੂੰ ਸਮਾਜ ਵਿੱਚ ਬਹਾਲ ਕਰਨ ਦਾ ਨਾ ਸਮਾਂ ਹੈ ਅਤੇ ਨਾ ਹੀ ਯੋਗ ਅਗਵਾਈ। ਇਸ ਖੋਜ ਕਾਰਜ ਰਾਹੀਂ ਮਨੁੱਖੀ ਜੀਵਨ ਦੀਆਂ ਉਹਨਾਂ ਕਦਰਾਂ ਕੀਮਤਾਂ ਦੀ ਖੋਜ ਨੂੰ ਪੇਸ਼ ਕਰਨਾ ਹੈ ਜੋ ਸਿੱਖ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਨੇ ਆਪਣੇ ਜੀਵਨ ਦਾ ਆਦਰਸ਼ ਸਮਝ ਕੇ ਸ਼ਹੀਦੀਆਂ ਦਿੱਤੀਆਂ ਅਤੇ ਇਹਨਾਂ ਕੀਮਤਾਂ ਦੀ ਸਿਰਜਣਾ ਕੀਤੀ।
- ਵਰਤਮਾਨ ਯੁੱਗ ਵਿੱਚ ਮਨੁੱਖ ਉਪਭੋਗੀ ਰੁਚੀਆਂ ਦੁਆਲੇ ਕੇਂਦਰਿਤ ਹੋਣ ਕਰਕੇ ਬਿਮਾਰ, ਸਥਾਰਥੀ ਅਤੇ ਲਾਲਚੀ ਬਿਰਤੀਆਂ ਦਾ ਸ਼ਿਕਾਰ ਹੈ। ਸਿੱਖ ਸ਼ਹਾਦਤ ਪਰੰਪਰਾ ਦੇ ਯੋਗਦਾਨ ਨੂੰ ਪੇਸ਼ ਕਰਕੇ ਵਰਤਮਾਨ ਪੀੜ੍ਹੀ ਵਿੱਚ ਆਪਣੇ ਭਾਰਤੀ ਵਿਰਸੇ ਨਾਲ ਜੁੜਣ ਦੀ ਭਾਵਨਾ ਪੈਦਾ ਕਰਨਾ ਹੈ ਤਾਂ ਜੋ ਨੈਤਿਕ ਕਦਰਾਂ ਕੀਮਤਾਂ ਦੀ ਮੁੜ ਬਹਾਲੀ ਹੋ ਸਕੇ ਅਤੇ ਮਨੁੱਖ ਇਹਨਾਂ ਬਿਰਤੀਆਂ ਤੋਂ ਛੁਟਕਾਰਾ ਪਾ ਸਕੇ।
- ਦੇਸ਼ ਅਤੇ ਕੌਮ ਪ੍ਰਤੀ ਪ੍ਰੇਮ ਦੀ ਚੇਤਨਾ ਨੂੰ ਜਗਾ ਕੇ ਸਿੱਖ ਵਿਰਸੇ ਅਤੇ ਇਤਿਹਾਸ ਤੋਂ ਜਾਣੂ ਕਰਵਾਉਣਾ ਹੈ।

ਖੋਜ ਕਾਰਜ ਮਨੁੱਖਤਾ ਦੇ ਇਤਿਹਾਸ ਜਿੰਨ੍ਹਾਂ ਹੀ ਪੁਰਾਣਾ ਹੈ। ਖੋਜ ਮਨੁੱਖੀ ਵਿਕਾਸ ਲਈ ਸਹਾਇਕ ਹੈ। ਖੋਜ ਜਿੱਥੇ ਗਿਆਨ ਦੇ ਖੇਤਰ ਵਿੱਚ ਪ੍ਰਤੀਮਾਨ ਸਿਰਜਦੀ ਹੈ ਉਥੇ ਪੁਰਾਣੀਆਂ ਕਦਰਾਂ ਕੀਮਤਾਂ ਅਤੇ ਸੰਕਲਪਾਂ ਦੀ ਪੜਤਾਲ ਵੀ ਕਰਦੀ ਹੈ। ਇਸੇ ਲੜੀ ਸਹਿਤ ਸਾਡੇ ਹੱਥਲੇ ਖੋਜ ਕਾਰਜ ਦੀ ਸਾਰਥਿਕਤਾ ਅਤੇ ਵਿਲੱਖਣਤਾ 'ਸਿੱਖ ਸ਼ਹਾਦਤ ਪਰੰਪਰਾ : ਸੰਕਲਪ, ਵਿਚਾਰਧਾਰਕ ਅਧਾਰ ਇਤਿਹਾਸ ਅਤੇ ਵਿਸ਼ਵ ਸਮਾਜ ਵਿੱਚ ਯੋਗਦਾਨ' ਦਾ ਅਧਿਐਨ ਕਰਨ ਦਾ ਹੋਵੇਗਾ ਕਿਉਂਕਿ ਸਿੱਖੀ ਸਿਧਾਂਤ ਇਕ ਪਰਮਾਤਮਾ ਤੇ ਟੇਕ ਰਖਣ ਵਾਲਾ, ਵਿਸ਼ਵ ਸ਼ਾਂਤੀ ਅਤੇ ਪ੍ਰੇਮ ਭਾਈਚਾਰੇ ਦਾ ਸੰਦੇਸ਼ ਦਿੰਦਾ ਹੈ। ਖੋਜ ਵਿਸ਼ੇ ਦਾ ਸਾਰਥਕ ਪਹਿਲੂ ਸਿੱਖ ਇਤਿਹਾਸ ਅਤੇ ਕੌਮ ਦੁਆਰਾ ਸਮਾਜਿਕ, ਰਾਜਨੀਤਿਕ, ਧਾਰਮਿਕ ਯੋਗਦਾਨ ਹੈ ਜੋ ਸਾਡੇ ਖੋਜ ਕਾਰਜ ਦੀ ਵਿਸ਼ੇਸ਼ਤਾ ਹੈ। ਸ਼ਹਾਦਤਾਂ ਦੇਣ ਵਾਲੇ ਸਿੱਖ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਨੇ ਐਸੀ ਕੌਮ ਅਤੇ ਇਤਿਹਾਸ ਸਿਰਜਿਆ ਜਿਸ ਨੇ ਹਮੇਸ਼ਾਂ ਮਨੁੱਖੀ ਅਧਿਕਾਰਾਂ, ਬਰਾਬਰੀ, ਸਮਾਜਿਕ, ਧਾਰਮਿਕ ਸੁਧਾਰ ਅਤੇ ਜਬਰ ਜ਼ੁਲਮ ਦੀ ਖਾਤਰ ਸਿਰ ਚੁੱਕਣਾ ਸਿਖਾਇਆ ਹੈ। ਸਿੱਖ ਸ਼ਹਾਦਤ ਪਰੰਪਰਾ ਨੇ ਮੱਨੁਖੀ ਜੀਵਨ ਦੇ ਹਰ ਖੇਤਰ ਵਿੱਚ ਨਿਰੋਈ ਸੇਧ ਦਿੱਤੀ ਹੈ। ਇਸ ਖੋਜ ਕਾਰਜ ਰਾਹੀਂ ਆਧੁਨਿਕ ਸਮਾਜ ਨੂੰ ਨਿਰੋਈ ਸਮਾਜਿਕ ਅਤੇ ਮਾਨਸਿਕ ਸੇਧ ਦੇਣ ਦਾ ਉਪਰਾਲਾ ਹੈ।

ਉਪਰੋਕਤ ਸਰਵੇਖਣ ਤੋਂ ਇਹ ਭਲੀ ਭਾਂਤ ਸਪਸ਼ਟ ਹੁੰਦਾ ਹੈ ਕਿ ਧਰਮ ਅਤੇ ਸਿੱਖ ਇਤਿਹਾਸ ਵਿੱਚ ਸਿੱਖ ਸ਼ਹਾਦਤ ਪਰੰਪਰਾ ਵਿਸ਼ੇ ਉੱਪਰ ਹੋਇਆ ਖੋਜ ਕਾਰਜ ਸਾਡੇ ਚੁਣੇ ਹੋਏ ਵਿਸ਼ੇ ਨਾਲ ਸਿੱਧੇ ਤੌਰ ਤੇ ਸੰਬੰਧਿਤ ਨਹੀਂ ਹੈ ਹੱਥਲੇ ਖੋਜ ਕਾਰਜ 'ਸਿੱਖ ਸ਼ਹਾਦਤ ਪਰੰਪਰਾ ਸੰਕਲਪ : ਵਿਚਾਰਧਾਰਿਕ ਅਧਾਰ, ਇਤਿਹਾਸ ਅਤੇ ਵਿਸ਼ਵ ਸਮਾਜ ਵਿੱਚ ਯੋਗਦਾਨ' ਦਾ ਵਿਸ਼ਾ ਖੋਜ ਕਾਰਜ ਦੇ ਵਿਕਾਸ ਪੜਾਅ ਵਿੱਚ ਇਕ ਵੱਖਰਾ ਅਤੇ ਨਿਵੇਕਲਾ ਵਿਸ਼ਾ ਹੈ।

## 1.4 ਖੋਜ ਵਿਧੀ ਅਤੇ ਸੰਦ

ਕਿਸੇ ਵੀ ਖੋਜ ਕਾਰਜ ਨੂੰ ਨੇਪਰੇ ਚਾੜ੍ਹਣ ਲਈ ਜਾਂ ਤਰਕ ਸੰਗਤ ਬਣਾਉਣ ਲਈ ਕਿਸੇ ਨਾ ਕਿਸੇ ਖੋਜ ਵਿਧੀ ਨੂੰ ਲਾਗੂ ਕਰਨਾ ਜ਼ਰੂਰੀ ਹੈ ਅਤੇ ਹਰੇਕ ਅਨੁਸ਼ਾਸਨ ਵਿੱਚ ਵੱਖਰੀ ਕਿਸਮ

ਦੀ ਖੋਜ ਵਿਧੀ ਅਪਣਾਈ ਜਾਂਦੀ ਹੈ। ਇਸ ਖੋਜ ਪ੍ਰਬੰਧ ਦੇ ਅੰਤਰਗਤ ਅਨੁਸਾਸ਼ਨੀ ਵਿਧੀ ਅਤੇ ਪਾਠ ਮੂਲਕ ਵਿਧੀ ਦੀ ਵਰਤੋਂ ਕੀਤੀ ਜਾਵੇਗੀ। ਸਾਡਾ ਵਿਸ਼ਾ ਮੱਧਕਾਲ ਸੱਭਿਆਚਾਰ ਅਤੇ ਇਤਿਹਾਸ ਨਾਲ ਸੰਬੰਧਿਤ ਹੈ ਇਸ ਲਈ ਇਤਿਹਾਸਕ ਤੱਥਾਂ ਨਾਲ ਜੁੜੇ ਮਸਲਿਆਂ ਲਈ ਇਤਿਹਾਸਕ ਖੋਜ ਵਿਧੀਆਂ ਨਾਲ ਸੰਬੰਧਿਤ ਪੁਸਤਕਾਂ ਨੂੰ ਮੂਲ ਸੰਦ ਵਜੋਂ ਵਰਤਿਆ ਜਾਵੇਗਾ। ਸਿੱਖ ਸਿਧਾਂਤਾ ਅਤੇ ਗੁਰਬਾਣੀ ਨੂੰ ਸਮਝਣ ਲਈ ਗੁਰਬਾਣੀ ਦੇ ਟੀਕਿਆਂ ਦੀ ਮਦਦ ਵੀ ਲਈ ਜਾਵੇਗੀ। ਸਿੱਖ ਧਰਮ ਨਾਲ ਸੰਬੰਧਿਤ ਲਾਇਬ੍ਰੇਰੀਆਂ ਦਾ ਅਧਿਐਨ ਵੀ ਕੀਤਾ ਜਾਵੇਗਾ। ਆਪਣੇ ਖੋਜ ਕਾਰਜ ਲਈ ਕਿਸੇ ਇਕ ਵਿਧੀ ਤੇ ਨਿਰਭਰ ਰਹਿਣ ਦੀ ਬਜਾਏ ਲੋੜ ਮੁਤਾਬਿਕ ਵੱਖ-ਵੱਖ ਖੋਜ ਵਿਧੀਆਂ ਜਿਵੇਂ ਧਰਮ ਵਿਗਿਆਨਿਕ ਵਿਧੀ, ਇਤਿਹਾਸਕ ਅਤੇ ਆਲੋਚਨਾਤਮਕ ਵਿਧੀ ਦਾ ਪ੍ਰਯੋਗ ਕਰਕੇ ਆਪਣੇ ਉਦੇਸ਼ ਦੀ ਪ੍ਰਾਪਤੀ ਵੱਲ ਵੱਧਣ ਦਾ ਯਤਨ ਕੀਤਾ ਜਾਵੇਗਾ।

## 1.5 ਖੋਜ ਖੇਤਰ

ਪ੍ਰਸਤੁਤ ਖੋਜ ਪ੍ਰਬੰਧ ਦਾ ਵਿਸ਼ਾ 'ਸਿੱਖ ਸ਼ਹਾਦਤ ਪਰੰਪਰਾ : ਸੰਕਲਪ, ਵਿਚਾਰਧਾਰਕ ਅਧਾਰ, ਇਤਿਹਾਸ ਅਤੇ ਵਿਸ਼ਵ ਸਮਾਜ ਵਿੱਚ ਯੋਗਦਾਨ' ਹੈ ਜਿਸ ਦਾ ਖੋਜ ਖੇਤਰ ਸਿੱਖ ਧਰਮ ਦਾ ਇਤਿਹਾਸ, ਧਾਰਮਿਕ, ਸਮਾਜ-ਸੱਭਿਆਚਾਰਕ ਅਤੇ ਰਾਜਨੀਤਿਕ ਅਧਾਰ ਹਨ। ਇਹ ਖੋਜ ਖੇਤਰ ਵਿਆਪਕ ਪੱਧਰ ਤੇ ਸ਼ਹਾਦਤਾਂ ਨੂੰ ਪੇਸ਼ ਕਰਦਾ ਹੋਇਆ ਧਾਰਮਿਕ ਪਰਿਪੇਖ ਉਸਾਰਦਾ ਹੈ। ਵਿਚਾਰਧਾਰਕ ਪੱਧਰ ਤੇ ਸਮਾਜ ਸੱਭਿਆਚਾਰਕ ਅਤੇ ਸਮੁੱਚੇ ਰੂਪ ਵਿੱਚ ਯੋਗਦਾਨ ਦੇ ਤੌਰ ਤੇ ਵਿਸ਼ਵੀ ਪੱਧਰ ਤੇ ਉਹਨਾਂ ਨੁਕਤਿਆਂ ਨੂੰ ਪੇਸ਼ ਕਰਦਾ ਹੈ ਜੋ ਇਸਦੀ ਸੰਸਾਰ ਧਰਮਾਂ ਵਿੱਚ ਵਿਲੱਖਣਤਾ ਨੂੰ ਸਥਾਪਿਤ ਕਰਦੇ ਹਨ। ਇਸ ਖੋਜ ਖੇਤਰ ਵਿੱਚ ਆਪਣੇ ਵਿਸ਼ੇ ਨੂੰ ਅੰਤਰ ਅਨੁਸ਼ਾਸਨੀ ਵਿਧੀ ਰਾਹੀਂ ਖੋਜ ਦੇ ਮੂਲ ਪ੍ਰਸ਼ਨਾਂ ਨੂੰ ਤਰਕ ਸੰਗਤ ਨਜ਼ਰੀਏ ਤੋਂ ਖੋਜਣ ਦਾ ਯਤਨ ਕੀਤਾ ਜਾਵੇਗਾ।

## 1.6 ਖੋਜ ਨਾਲ ਸੰਬੰਧਿਤ ਪ੍ਰਸ਼ਨ ਅਤੇ ਚੁਣੌਤੀਆਂ

- ਸਿੱਖ ਪਰੰਪਰਾ ਦੀਆਂ ਸ਼ਹਾਦਤਾਂ ਨੂੰ ਵਿਸ਼ਵ ਵਿਚ ਭਰਪੂਰ ਹੁੰਗਾਰਾ ਕਿਉਂ ਨਹੀ ਮਿਲਿਆ।
- ਇਸ ਖੋਜ ਕਾਰਜ ਸੰਬੰਧੀ ਹੋ ਚੁੱਕੇ ਉਪਾਧੀ ਮੁਲਕ ਅਤੇ ਗੈਰ ਅਕਾਦਮਿਕ ਕਾਰਜਾਂ ਵਲ ਵੇਖਦਿਆਂ ਇਸ ਖੋਜ ਪ੍ਰਬੰਧ ਲਈ ਮੁੱਖ ਚੁਣੌਤੀ ਸ਼ਹਾਦਤ ਦੇ ਵਿਚਾਰਧਾਰਕ ਧਰਾਤਲ ਦੀ ਨਿਸ਼ਾਨਦੇਹੀ ਕਰਨਾ ਸੀ ਅਤੇ ਇਸ ਤੋਂ ਇਲਾਵਾ ਸਿੱਖ ਸ਼ਹਾਦਤ ਪਰੰਪਰਾ ਪੰਜਾਬੀ ਜਨ ਜੀਵਨ ਉਪਰ ਪਏ ਪ੍ਰਭਾਵਾਂ ਅਤੇ ਇਸ ਨਾਲ ਵਾਪਰੀਆਂ ਤਬਦੀਲੀਆਂ ਨੂੰ ਦ੍ਰਿਸ਼ਟੀਗੋਚਰ ਕਰਨਾ ਪ੍ਰਮੁੱਖ ਚੁਣੌਤੀ ਵਜੋਂ ਸਾਡੇ ਸਾਹਮਣੇ ਆਈ ਹੈ।

# ਅਧਿਆਇ ਦੂਜਾ

## ਸ਼ਹਾਦਤ, ਸੰਕਲਪ, ਵਿਆਖਿਆ, ਪਰੰਪਰਾ ਤੇ ਤੁਲਨਾਤਮਕ ਪਰਿਪੇਖ

ਖੋਜ ਕਾਰਜ ਦੇ ਪਹਿਲੇ ਅਧਿਆਇ ਵਿਚ ਖੋਜ ਕਾਰਜ ਨਾਲ ਸੰਬੰਧਿਤ ਹੋਏ ਹੋਰਨਾਂ ਖੋਜ ਕਾਰਜਾਂ ਦਾ ਸਰਵੇਖਣ ਵਿਸ਼ਲੇਸ਼ਣ ਅਤੇ ਮੁਲਾਂਕਣ ਕੀਤਾ ਗਿਆ ਸੀ। ਜਿਸ ਦੇ ਅੰਤਰਗਤ ਵੱਖ ਵੱਖ ਯੂਨੀਵਰਸਿਟੀਆਂ ਵਿਚੋਂ ਪ੍ਰਾਪਤ ਹੋਏ ਖੋਜ ਕਾਰਜ ਅਤੇ ਇਸ ਤੋਂ ਇਲਾਵਾ ਕੁਝ ਵਿਸ਼ੇਸ਼ ਵਿਦਵਾਨਾਂ ਦੁਆਰਾ ਸੰਪਾਦਿਤ ਪੁਸਤਕਾਂ, ਅਨੁਵਾਦਿਤ ਪੁਸਤਕਾਂ, ਖੋਜ ਪੱਤਰ ਅਤੇ ਪ੍ਰਕਾਸ਼ਿਤ ਜਰਨਲ ਦਾ ਮੁਲਾਂਕਣ ਵੀ ਸ਼ਾਮਿਲ ਕੀਤਾ ਗਿਆ ਹੈ। ਅਧਿਆਇ ਵਿਚ ਚੁਣੇ ਗਏ ਖੋਜ ਕਾਰਜ ਦੇ ਵਿਸ਼ੇ ਦੀ ਵਿਲੱਖਣਤਾ ਅਤੇ ਸਾਰਥਿਕਤਾ ਹੈ ਨੂੰ ਵੀ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਖੋਜ ਕਾਰਜ ਦਾ ਦੂਜਾ ਅਧਿਆਇ ਸ਼ਹਾਦਤ: ਸੰਕਲਪ, ਵਿਆਖਿਆ, ਪਰੰਪਰਾ ਅਤੇ ਤੁਲਨਾਤਮਕ ਪਰਿਪੇਖ ਹੈ। ਇਸ ਅਧਿਆਇ ਵਿਚ ਸ਼ਹਾਦਤ ਦੇ ਭਾਵ ਪ੍ਰਸੰਗ ਨੂੰ ਪੇਸ਼ ਕਰਦਿਆਂ ਵੱਖ ਵੱਖ ਧਰਮਾਂ ਦੇ ਹਵਾਲੇ ਨਾਲ ਸੰਕਲਪ ਅਤੇ ਵਿਆਖਿਆ ਪੇਸ਼ ਕੀਤੀਆਂ ਗਈਆਂ ਹਨ। ਸ਼ਹਾਦਤ ਪਰੰਪਰਾ ਦੀ ਵਿਆਖਿਆ ਕਰਦਿਆਂ ਸਿੱਖ ਸ਼ਹਾਦਤ ਪਰੰਪਰਾ ਦੀ ਬਾਕੀ ਧਰਮਾਂ ਵਿਚ ਸ਼ਹਾਦਤ ਨਾਲੋਂ ਵਿਲੱਖਣਤਾ ਨੂੰ ਦਰਸਾਉਣ ਦਾ ਯਤਨ ਕੀਤਾ ਗਿਆ ਹੈ। ਸਾਡੇ ਖੋਜ ਕਾਰਜ ਦਾ ਟੀਚਾ ਸਿੱਖ ਸ਼ਹਾਦਤ ਪਰੰਪਰਾ, ਸੰਕਲਪ, ਵਿਚਾਰਧਾਰਕ ਅਧਾਰ, ਇਤਿਹਾਸ ਅਤੇ ਵਿਸ਼ਵ ਸਮਾਜ ਵਿਚ ਯੋਗਦਾਨ ਦਾ ਵਿਸ਼ਲੇਸ਼ਣ ਕਰਨਾ ਹੈ। ਇਸ ਲਈ ਇਸ ਅਧਿਆਇ ਵਿਚ ਸ਼ਹਾਦਤ, ਸੰਕਲਪ, ਵਿਆਖਿਆ, ਪਰੰਪਰਾ ਅਤੇ ਤੁਲਨਾਤਮਕ ਪਰਿਪੇਖ ਦੇ ਬਹੁਪੱਖੀ ਪਹਿਲੂਆਂ ਨੂੰ ਖੋਜਣ ਉਤੇ ਕੇਂਦਰਿਤ ਹੋਵੇਗਾ। ਧਰਮ ਅਤੇ ਸ਼ਹਾਦਤ ਦਾ ਬਹੁਤ ਡੂੰਘਾ ਸੰਬੰਧ ਹੈ। ਸੰਸਾਰ ਦੇ ਹਰ ਧਰਮ ਨੇ ਮਨੁੱਖੀ ਜ਼ਿੰਦਗੀ ਵਿਚ ਅਹਿਮ ਭੂਮਿਕਾ ਨਿਭਾਈ ਹੈ। ਮਨੁੱਖ ਨੂੰ ਸਵੈਮਾਣ ਨਾਲ ਜਿਊਣਾ ਸਿਖਾਇਆ ਹੈ ਅਤੇ ਅਜਿਹੀਆਂ ਮਰਿਯਾਦਾਵਾਂ ਸਥਾਪਿਤ ਕੀਤੀਆਂ ਹਨ, ਜਿਸ ਨਾਲ ਮਨੁੱਖ ਚੰਗਾ ਜੀਵਨ ਜੀਅ ਸਕੇ। ਸੰਸਾਰ ਦੇ ਹਰ ਧਰਮ ਵਿਚ

ਸ਼ਹਾਦਤ ਦਾ ਸੰਕਲਪ ਮਿਲਦਾ ਹੈ, ਜੋ ਮਨੁੱਖ ਨੂੰ ਮੌਤ ਅਤੇ ਜ਼ਿੰਦਗੀ ਵਿਚੋਂ ਮੌਤ ਨੂੰ ਚੁਣਨ ਦਾ ਰਾਹ ਸਿਖਾਉਂਦਾ ਹੈ। ਸੰਸਾਰ ਧਰਮਾਂ ਅਤੇ ਕੌਮਾਂ ਵੱਲ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਵੱਖ ਵੱਖ ਧਰਮਾਂ ਅਤੇ ਕੌਮਾਂ ਦੇ ਲੋਕਾਂ ਨੇ ਮੌਤ ਨੂੰ ਖੁਦ ਕਬੂਲਿਆ ਹੈ, ਜਿਸ ਨੂੰ ਸ਼ਹਾਦਤ ਕਿਹਾ ਗਿਆ ਹੈ। ਇਹ ਸ਼ਹਾਦਤ ਕਿਸੇ ਉੱਚੇ ਸੁੱਚੇ ਆਦਰਸ਼ ਲਈ, ਕੌਮ ਦੀ ਮਾਣ-ਮਰਿਆਦਾ ਅਤੇ ਮਨੁੱਖੀ ਸਵੈ-ਮਾਣ ਦੀ ਬਹਾਲੀ ਲਈ ਕੀਤੀ ਜਾਂਦੀ ਹੈ। ਸ਼ਹਾਦਤ ਕੋਈ ਅਣਚਾਹੀ ਮੌਤ ਮਰਨ ਦਾ ਨਾਮ ਨਹੀਂ ਹੈ। ਇਹ ਕਿਸੇ ਵੀ ਤਰ੍ਹਾਂ ਦੇ ਜ਼ੁਲਮ, ਤਸ਼ੱਦਦ, ਅੱਤਿਆਚਾਰ ਅਤੇ ਸ਼ੋਸ਼ਣ ਵਿਰੁੱਧ ਕੀਤਾ ਗਿਆ ਅਜਿਹਾ ਕਰਮ ਹੈ ਜੋ ਸਹਿਣਸ਼ੀਲਤਾ ਦੀ ਦਿਗਵਿਜੈ ਬਣ ਜਾਂਦਾ ਹੈ। ਸ਼ਹਾਦਤ ਦੇਣ ਵਾਲਾ ਸ਼ਹੀਦ ਉੱਚੇ ਮਾਨਸਿਕ ਰੁਤਬੇ ਤੇ ਪਹੁੰਚਿਆ ਆਤਮਿਕ ਪੱਧਰ ਤੇ ਜਿਊਣ ਵਾਲਾ ਵਿਅਕਤੀ ਹੁੰਦਾ ਹੈ ਜਿਸ ਦੀ ਮੌਤ ਅਤੇ ਜ਼ਿੰਦਗੀ ਵਿਚ ਫ਼ਰਕ ਨਹੀਂ ਰਹਿੰਦਾ। ਉਸ ਲਈ ਸੁੱਖ-ਦੁੱਖ ਸਮਾਨ ਹੋ ਜਾਂਦੇ ਹਨ। ਉਸ ਦੀ ਬਿਰਤੀ ਸਿਦਕ ਵਾਲੀ ਹੁੰਦੀ ਹੈ। ਡਾ. ਜਸਪਾਲ ਕੌਰ ਕਾਂਗ ਸ਼ਹੀਦ ਦੇ ਉੱਚੇ ਸੁੱਚੇ ਕਰਮ ਲਈ ਵਿਚਾਰ ਦਿੰਦੇ ਹਨ:

> ਸ਼ਹਾਦਤ ਦੇਣ ਵਾਲਾ ਵਿਅਕਤੀ ਜ਼ਿੰਦਗੀ ਦੇ ਅਰਥ ਮਰਨ ਵਿਚੋਂ ਲੱਭਦਾ ਹੈ। ਸ਼ਹੀਦ ਉਹ ਮਰਜੀਵੜੇ ਹੁੰਦੇ ਹਨ ਜੋ ਕਾਇਆ ਤੋਂ ਪਾਰ ਆਤਮਿਕ ਧਰਾਤਲ ਉੱਪਰ ਅਕਾਲ ਵਿਚ ਅਭੇਦ ਹੋ ਚੁੱਕੇ ਹੁੰਦੇ ਹਨ। ਅਕਾਲ ਵਿਚ ਅਭੇਦ ਰਹਿਣ ਵਾਲੇ ਵਿਅਕਤੀ ਲਈ ਮਰਨ ਜਿਊਣ ਦੇ ਅਰਥ ਪਾਰਗਾਮੀ ਹੋ ਜਾਂਦੇ ਹਨ।”[1]

ਇਸ ਤਰ੍ਹਾਂ ਉੱਚੀਆਂ ਤੇ ਸੁੱਚੀਆਂ ਕੀਮਤਾਂ ਦੀ ਬਹਾਲੀ ਲਈ ਆਪਣੀ ਜਾਨ ਕੁਰਬਾਨ ਕਰਨ ਦੀ ਪ੍ਰਕਿਰਿਆ ਸ਼ਹਾਦਤ ਅਖਵਾਉਂਦੀ ਹੈ। ਸ਼ਹੀਦ ਦੀ ਜ਼ਿੰਦਗੀ ਦੂਜਿਆਂ ਲਈ ਸਮਰਪਿਤ ਹੁੰਦੀ ਹੈ ਅਤੇ ਸਰਬੱਤ ਦਾ ਭਲਾ ਉਹਨਾਂ ਦਾ ਮੁੱਖ ਮਕਸਦ ਹੁੰਦਾ ਹੈ। ਇਸ ਪ੍ਰਕਾਰ ਸ਼ਹਾਦਤ ਦੇ ਭਾਵ ਪ੍ਰਸੰਗ ਨੂੰ ਪੇਸ਼ ਕਰਦਿਆਂ ਸਾਡਾ ਉਦੇਸ਼ ਅਜੋਕੇ ਸਮਾਜ ਵਿਚ ਧਰਮ ਅਤੇ ਸ਼ਹਾਦਤ ਨਾਲ ਜੁੜੀਆਂ ਕਦਰਾਂ-ਕੀਮਤਾਂ ਨੂੰ ਵਿਚਾਰਨ ਦਾ ਯਤਨ ਹੈ। ਕੌਮਾਂ ਦਾ ਇਤਿਹਾਸ ਸੁਰਜੀਤ ਰੱਖਣ ਲਈ ਉੱਚੀਆਂ ਸੁੱਚੀਆਂ ਕਦਰਾਂ-ਕੀਮਤਾਂ ਅਤੇ ਸਵੈਮਾਣ ਨਾਲ ਜਿਊਣ ਦੀ

ਪ੍ਰਵਿਰਤੀ ਘਟਦੀ ਜਾ ਰਹੀ ਹੈ। ਕਿਸੇ ਦੂਜੇ ਲਈ ਕੁਰਬਾਨੀ ਅਤੇ ਸਰਬੱਤ ਦਾ ਭਲਾ ਚਾਹੁਣ ਦਾ ਪ੍ਰਸੰਗ ਗਵਾਚਦਾ ਜਾ ਰਿਹਾ ਹੈ, ਇਸ ਲਈ ਇਸ ਅਧਿਆਇ ਵਿਚ ਸ਼ਹਾਦਤ ਦੇ ਪ੍ਰਸੰਗ ਨੂੰ ਪੇਸ਼ ਕਰਦਿਆਂ ਬਹੁਪੱਖੀ ਨੁਕਤਿਆਂ ਤੇ ਖੋਜ ਕੀਤੀ ਜਾਵੇਗੀ।

## 2.1 ਸ਼ਹਾਦਤ ਸੰਕਲਪ ਤੇ ਵਿਆਖਿਆ:

> ਸ਼ਹੀਦ ਯੂਨਾਨੀ ਭਾਸ਼ਾ ਦੇ ਸ਼ਬਦ UAPTUP ਵਿਚੋਂ ਨਿਕਲਿਆ ਹੈ ਜਿਸ ਦਾ ਅਰਥ ਗਵਾਹ ਹੈ।

> **ਭਾਈ ਕਾਨ੍ਹ ਸਿੰਘ ਨਾਭਾ ਸ਼ਹੀਦ ਸ਼ਬਦ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੰਦੇ ਹਨ** : ਸ਼ਹੀਦ ਸ਼ਹਾਦਤ ਦੇਣ ਵਾਲਾ, ਗਵਾਹ, ਸਾਖੀ, ਅਜਿਹਾ ਕੰਮ ਕਰਨ ਵਾਲਾ ਜਿਸ ਦੀ ਲੋਕ ਸਾਖੀ ਦੇਣ। ਧਰਮ ਯੁੱਧ ਵਿਚ ਜਿਸ ਨੇ ਜੀਵਨ ਅਰਪਿਆ ਹੈ।[2]

ਭਾਵ ਸ਼ਹੀਦ ਉਹ ਹੈ ਜੋ ਧਰਮ ਯੁੱਧ ਵਿਚ ਆਪਣਾ ਜੀਵਨ ਕੁਰਬਾਨ ਕਰ ਦਿੰਦਾ ਹੈ।

**ਇਨਸਾਈਕਲੋਪੀਡੀਆ ਆਫ ਰਿਲੀਜਨ ਅਨੁਸਾਰ:**

ਸ਼ਹੀਦ ਉਹ ਹੁੰਦਾ ਹੈ ਜੋ ਆਪਣੇ ਵਿਚਾਰਾਂ ਤੇ ਡਟੇ ਰਹਿਣ ਖਾਤਿਰ ਕੁਰਬਾਨੀ ਦਿੰਦਾ ਹੈ।[3]

**ਵੈਬਸਟਰਜ਼ ਵਰਲਡਜ਼ ਨਿਊ ਡਿਕਸ਼ਨਰੀ ਅਨੁਸਾਰ:**

> ਸ਼ਹੀਦ ਉਹ ਹੈ ਕਿ ਜਿਸ ਦੀ ਲੋਕ ਸਾਖੀ ਭਰਦੇ ਹੋਣ ਅਤੇ ਉਹ ਆਪਣੇ ਸਿਧਾਂਤਾਂ ਤੇ ਵਿਸ਼ਵਾਸ਼ਾਂ ਨੂੰ ਤਿਆਗੇ ਬਿਨਾਂ ਅੱਤਿਆਚਾਰ ਤੇ ਕਸ਼ਟ ਸਹਿੰਦਾ ਹੋਇਆ ਮੌਤ ਨੂੰ ਚੁਣਦਾ ਹੈ ਅਤੇ ਸ਼ਹੀਦ ਹੋ ਜਾਂਦਾ ਹੈ।[4]

ਸ਼ਹੀਦ ਅੱਤਿਆਚਾਰਾਂ ਨੂੰ ਝੱਲਦਾ ਹੋਇਆ ਮੌਤ ਨੂੰ ਪ੍ਰਵਾਨ ਕਰਦਾ ਹੈ ਜੋ ਖੁਸ਼ੀ ਨਾਲ ਖਿੜੇ ਮੱਥੇ ਆਪਣੇ ਧਰਮ, ਸਿਧਾਂਤਾਂ, ਵਿਸ਼ਵਾਸ ਅਤੇ ਆਦਰਸ਼ਕ ਸਚਿਆਈ ਨੂੰ ਲਾਗੂ ਕਰਨ ਲਈ ਜ਼ੁਲਮ ਨੂੰ ਸਹਾਰਦਾ ਅਤੇ ਜੀਵਨ ਦਾ ਬਲੀਦਾਨ ਦਿੰਦਾ ਹੈ।

**ਇਨਸਾਈਕਲੋਪੀਡੀਆ ਆਫ ਬ੍ਰਿਟੈਨਿਕਾ ਅਨੁਸਾਰ:**

> ਸ਼ਹੀਦ ਸ਼ਬਦ ਯੂਨਾਨੀ ਲੋਕਾਂ ਵੱਲੋਂ ਸਭ ਤੋਂ ਪਹਿਲਾਂ ਇਬਰਾਨੀ ਜਾਂ ਮੌਜਿਜ਼ ਕੌਮ ਲਈ ਵਰਤਿਆ ਗਿਆ ਕਿਉਂਕਿ ਯਹੂਦੀ ਲੋਕ ਮਿਸਰੀਆਂ ਦੀ ਗੁਲਾਮੀ ਵਿਚ ਜ਼ਿੰਦਗੀ ਬਤੀਤ ਕਰ ਰਹੇ ਸਨ ਅਤੇ ਉਥੋਂ ਦਾ ਸ਼ਾਸਕ ਜਿਸ ਨੂੰ ਫਰਾਊਨ ਕਿਹਾ ਜਾਂਦਾ ਸੀ ਦੇ ਜ਼ੁਲਮਾਂ ਦਾ ਸ਼ਿਕਾਰ ਸਨ। ਉਸ ਦੇ ਜ਼ੁਲਮ ਇਸ ਹੱਦ ਤੱਕ ਵੱਧ ਚੁੱਕੇ ਸਨ ਕਿ ਉਸ ਦੇ ਹੁਕਮ ਨਾਲ ਯਹੂਦੀਆਂ ਦੇ ਘਰ ਵਿਚ ਜੰਮਣ ਵਾਲੇ ਹਰ ਲੜਕੇ ਨੂੰ ਕਤਲ ਕਰ ਦਿੱਤਾ ਜਾਂਦਾ ਸੀ ਪਰ ਇਸ ਦੇ ਬਾਵਜੂਦ ਵੀ ਉਹ ਆਪਣੇ ਧਰਮ ਅਸੂਲਾਂ ਉਤੇ ਦ੍ਰਿੜ ਰਹਿ ਕੇ ਕੁਰਬਾਨੀਆਂ ਦੇ ਰਹੇ ਸਨ ਅਤੇ ਅਜਿਹੇ ਸਿਰੜ ਤੇ ਸੱਚ ਵਾਲੀ ਦ੍ਰਿੜਤਾ ਨੂੰ ਵੇਖਦੇ ਹੋਏ ਗਰੀਕ ਲੋਕਾਂ ਨੇ ਉਹਨਾਂ ਲਈ ਸ਼ਹੀਦ ਸ਼ਬਦ ਦੀ ਵਰਤੋਂ ਕੀਤੀ।[5]

**ਥੋਮਸ ਪੈਤਰਿਕ ਹਿਊਜ਼ ਡਿਕਸ਼ਨਰੀ ਆਫ਼ ਇਸਲਾਮ ਅਨੁਸਾਰ:**

> ਸ਼ਹੀਦ ਉਹ ਹੈ ਜੋ ਆਪਣੇ ਵਿਸ਼ਵਾਸਾਂ ਅਤੇ ਸਿਧਾਂਤਾਂ ਤੇ ਦ੍ਰਿੜ ਰਹਿ ਕੇ ਮੌਤ ਨੂੰ ਕਬੂਲ ਕਰਦਾ ਹੈ। ਸਾਮੀ ਪਰੰਪਰਾ ਵਿਚ ਸ਼ਹੀਦ ਸ਼ਬਦ ਸ਼ੋਹਦ ਤੋਂ ਆਇਆ ਹੈ ਜਿਸਦਾ ਸ਼ਬਦੀ ਅਰਥ ਗਵਾਹੀ ਦੇਣਾ ਹੈ।[6]

ਇਸਲਾਮ ਧਰਮ ਵਿਚ ਸ਼ਹੀਦ ਉਹ ਕਹਾਉਂਦਾ ਹੈ ਜੋ ਧਰਮ ਦੀ ਰਾਹ ਤੇ ਮਾਰਿਆ ਜਾਣ ਵਾਲਾ ਜਾਂ ਜਿਸ ਦਾ ਕਤਲ ਅਨਿਆਏ ਪੂਰਵਕ ਹੋਇਆ ਹੋਵੇ, ਉਹ ਵੀ ਸ਼ਹੀਦ ਕਹਾਉਂਦਾ ਹੈ। ਇਸਲਾਮ ਧਰਮ ਵਿੱਚ ਸ਼ਹਾਦਤ ਦੇ ਅਰਥਾਂ ਨੂੰ ਹੋਰ ਵਿਸਥਾਰ ਦਿੰਦਿਆਂ ਕਿਹਾ ਜਾਂਦਾ ਹੈ ਕਿ

ਜਿਨ੍ਹਾਂ ਵਿਅਕਤੀਆਂ ਦੀ ਅਚਨਚੇਤ ਮੌਤ ਲੋਕਾਂ ਦੇ ਦਿਲਾਂ ਵਿਚ ਤਰਸ ਅਤੇ ਹਮਦਰਦੀ ਦੀ ਭਾਵਨਾ ਪੈਦਾ ਕਰ ਦੇਵੇ ਜਾਂ ਜੋ ਲੋਕ ਸ਼ੁੱਕਰਵਾਰ ਦੀ ਰਾਤ ਨੂੰ ਮਰਨ ਉਹਨਾਂ ਨੂੰ ਸ਼ਹੀਦ ਕਿਹਾ ਜਾਂਦਾ ਹੈ ਪਰ ਇਹਨਾਂ ਦਾ ਸਨਮਾਨ ਧਰਮ ਦੀ ਖਾਤਿਰ ਜੂਝ ਕੇ ਮਰਨ ਵਾਲਿਆਂ ਵਾਂਗ ਨਹੀਂ ਹੁੰਦਾ।

ਪੰਜਾਬੀ ਵਿਚ ਸ਼ਹਾਦਤ ਲਈ ਆਮ ਤੌਰ ਤੇ ਸ਼ਹੀਦ ਸ਼ਬਦ ਵਰਤਿਆ ਜਾਂਦਾ ਹੈ। ਕੁਰਾਨ ਵਿਚ ਸ਼ਹੀਦ ਬਾਰੇ ਇਹ ਵਿਚਾਰ ਹੈ:

> ਜਿਹੜੇ ਲੋਕ ਅੱਲਾਹ ਦੀ ਰਾਹ ਤੇ ਚੱਲਦੇ ਹਨ ਅੱਲਾਹ ਉਨ੍ਹਾਂ ਤੇ ਬਹੁਤ ਖੁਸ਼ ਹੁੰਦਾ ਹੈ। ਜਿਹੜੇ ਅੱਲਾਹ ਅਤੇ ਉਸ ਦੇ ਨਬੀਆਂ ਦਾ ਕਿਹਾ ਮੰਨਦੇ ਹਨ ਉਹ ਉਹਨਾਂ ਨਾਲ ਹਨ ਜਿੰਨ੍ਹਾਂ ਉੱਤੇ ਅੱਲਾਹ ਬਹੁਤ ਖੁਸ਼ ਹੈ। ਨਬੀਆਂ ਵਿਸ਼ਵਾਸੀਆਂ 'ਸ਼ਹੀਦਾਂ' ਅਤੇ ਭਲੇ ਲੋਕਾਂ ਨਾਲ, ਉਨ੍ਹਾਂ ਦਾ ਸਾਥ ਚੰਗਾ ਹੈ।[7]

**ਯਹੂਦੀ ਧਰਮ ਵਿਚ ਸ਼ਹਾਦਤ ਦਾ ਸੰਕਲਪ:**

'ਸ਼ਹੀਦ' ਅਤੇ 'ਸ਼ਹਾਦਤ' ਦਾ ਸਿੱਧਾ ਸੰਬੰਧ ਗਵਾਹੀ ਨਾਲ ਹੈ। ਇਹ ਉਹ ਗਵਾਹੀ ਹੈ ਜੋ ਦੈਵੀ ਅਨੁਭਵ ਵਿੱਚੋਂ ਪੈਦਾ ਹੁੰਦੀ ਹੈ। ਇਸ ਪ੍ਰਕਾਰ ਸ਼ਹਾਦਤ ਉਹ ਕਿਰਿਆ ਹੈ ਜਿਸ ਵਿਚ ਵਿਅਕਤੀ ਆਪਣੇ ਰੱਬੀ ਅਤੇ ਦੈਵੀ ਅਨੁਭਵ ਨੂੰ ਰੱਬ ਦੀ ਹੋਂਦ, ਕਿਆਸਤ, ਨਰਕ, ਸਵਰਗ, ਰਸੂਲ ਅਤੇ ਮੁਕਤੀ ਦੀ ਸੱਚਾਈ ਨੂੰ ਪ੍ਰਮਾਣਿਕ ਕਰਨ ਲਈ ਦ੍ਰਿੜਤਾ ਸਹਿਤ ਗਵਾਹੀ ਦਿੰਦਾ ਹੈ ਅਤੇ ਇਸ ਕਿਰਿਆ ਵਿਚ ਉਸ ਦੀ ਗਵਾਹੀ ਇਕ ਪ੍ਰਮਾਣ ਵਜੋਂ ਸਾਬਤ ਹੁੰਦੀ ਹੈ।

ਸ਼ਹਾਦਤ ਦਾ ਸੰਕਲਪ ਅਤੇ ਵਿਆਖਿਆ ਵੱਖ-ਵੱਖ ਧਰਮਾਂ ਦੇ ਹਵਾਲੇ ਨਾਲ ਵੱਖ-ਵੱਖ ਮਿਲਦੀਆਂ ਹਨ। ਹਰ ਧਰਮ ਨੇ ਆਪਣੇ ਅਕੀਦੇ ਅਨੁਸਾਰ ਸ਼ਹਾਦਤ ਨੂੰ ਵਖਿਆਉਣ ਦੇ ਯਤਨ ਕੀਤੇ ਹਨ। ਸ਼ਹੀਦ ਜਾਂ ਸ਼ਹਾਦਤ ਪਰੰਪਰਾ ਦੇ ਬੀਜ ਸਾਮੀ ਧਰਮਾਂ ਵਿਚ ਮਿਲਦੇ ਹਨ। ਯਹੂਦੀ ਧਰਮ ਦੁਨੀਆਂ ਦਾ ਸਭ ਤੋਂ ਪ੍ਰਚੀਨ ਧਰਮ ਹੈ ਅਤੇ ਸਾਮੀ ਧਰਮ ਪਰੰਪਰਾ ਵਿਚ ਇਸ ਦਾ

ਪਹਿਲਾ ਸਥਾਨ ਹੈ। ਇਸ ਧਰਮ ਦੇ ਪੈਰੋਕਾਰਾਂ ਨੂੰ ਇਬਰਾਨੀ, ਇਸਰਾਇਲੀ ਜਾਂ ਯਹੂਦੀ ਕਿਹਾ ਜਾਂਦਾ ਹੈ। ਇਬਰਾਨੀ ਸਭ ਤੋਂ ਪੁਰਾਣਾਂ ਨਾਂ ਹੈ ਜੋ ਇਬਰ ਤੋਂ ਪਿਆ। ਪੈਗੰਬਰ ਅਬਰਾਹਮ ਆਧੁਨਿਕ ਇਰਾਕ ਸ਼ਹਿਰ ਪੁਰਾਣਾਂ ਨਾ ਬੇਬੀ ਲੋਨੀਆ ਦੇ 'ਉਰ' ਪਿੰਡ ਦਾ ਰਹਿਣ ਵਾਲਾ ਸੀ । ਉਸ ਦਾ ਜਨਮ C. 2510, BH – 1813 BCE ਵਿੱਚ ਹੋਇਆ। 75 ਸਾਲ ਦੀ ਉਮਰ ਵਿਚ ਉਸ ਨੇ ਇਹ ਨਗਰ ਛੱਡ ਦਿੱਤਾ ਕਿਉਂਕਿ ਈਸ਼ਵਰ ਦਾ ਹੁਕਮ ਸੀ ਕਿ ਉਹ ਇਸ ਦੇਸ਼ ਨੂੰ ਛੱਡ ਕੇ ਕਨਾਨ  ਦੇਸ਼ ਚਲਿਆ ਜਾਵੇ। ਜਦ ਉਹ ਕਨਾਨ ਪੁੱਜਾ ਤਾਂ ਉਥੇ ਕਾਲ਼ ਪੈ ਗਿਆ ਅਤੇ ਉਹ ਮਿਸਰ ਦੇਸ਼ ਵੱਲ ਚਲ ਪਿਆ ਜਿਥੇ ਕੁਝ ਚਿਰ ਰਹਿਣ ਪਿਛੋਂ ਉਹ ਫਿਰ ਕਨਾਨ ਆ ਗਿਆ। ਇਥੇ ਦੇਵਤਿਆਂ ਦੀ ਪੂਜਾ ਹੁੰਦੀ ਸੀ ਅਤੇ ਅਬਰਾਹਮ ਦੇ ਵੱਡੇ-ਵੱਡੇਰੇ ਵੀ ਬਹੁ-ਈਸ਼ਵਰਵਾਦੀ ਸਨ। ਉਹ ਦੇਵਤਿਆਂ ਦੀ ਪੂਜਾ ਕਰਦੇ ਸਨ। ਜਦ ਅਬਰਾਹਮ 99 ਸਾਲ ਦਾ ਸੀ ਤਾਂ ਈਸ਼ਵਰ ਨੇ ਉਸ ਨੂੰ ਡੇਰੇ ਤੋਂ ਬਾਹਰ ਲਿਆ ਕੇ ਇਕ ਅਹਿਦ ਕੀਤਾ ਕਿ ਉਸਦੇ ਘਰ ਇਕ ਪੁੱਤਰ ਜਨਮ ਲਏਗਾ ਜਿਸ ਤੋਂ ਪਿਛੋਂ ਉਸਦੀ ਸੰਤਾਨ ਦੀ ਗਿਣਤੀ ਅਕਾਸ਼ ਵਿੱਚ ਤਾਰਿਆਂ ਵਾਂਗ ਅਣਗਿਣਤ ਹੋਵੇਗੀ। ਇਸ ਅਹਿਦ ਰਾਹੀਂ ਅਬਰਾਹਮ ਨੇ ਈਸ਼ਵਰ ਨੂੰ ਪਰਮੇਸ਼ਵਰ ਮੰਨਿਆ ਤੇ ਉਸ ਦੀ ਆਗਿਆ ਦਾ ਪਾਲਣ ਕਰਨਾ ਸਵੀਕਾਰ ਕੀਤਾ। ਅਬਰਾਹਮ ਈਸ਼ਵਰ ਦਾ ਸੱਚਾ ਭਗਤ ਬਣ ਕੇ ਰਿਹਾ। ਉਸ ਦੀ ਈਸ਼ਵਰ ਵਿਚ ਸ਼ਰਧਾ ਤੇ ਵਿਸ਼ਵਾਸ ਅਟੁੱਟ ਸੀ। ਉਸ ਨੇ ਅਨੇਕਾਂ ਵਾਰੀ ਈਸ਼ਵਰ ਦੀ ਹੋਂਦ ਦੇ ਹੋਣ ਦਾ ਅਨੁਭਵ ਕੀਤਾ। ਜਦੋਂ ਅਬਰਾਹਮ 1●● ਸਾਲ ਦਾ ਸੀ ਅਤੇ ਉਸਦੀ ਪਤਨੀ ਸਾਰਾਹ 9● ਸਾਲ ਦੀ ਸੀ ਤਾਂ ਉਸਦੇ ਘਰ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਇਸਹਾਕ ਰੱਖਿਆ ਜਿਸ ਦਾ ਵਾਅਦਾ ਈਸ਼ਵਰ ਨੇ ਅਬਰਾਹਮ ਨਾਲ ਕੀਤਾ ਸੀ। ਜਦ ਇਸਹਾਕ 6● ਸਾਲ ਦਾ ਹੋਇਆ ਤਾਂ ਉਸ ਦੇ ਘਰ ਦੋ ਪੁੱਤਰਾਂ ਯਾਕੂਬ ਤੇ ਏਸਾਓ ਨੇ ਜਨਮ ਲਿਆ। ਯਾਕੂਬ ਦੇ 12 ਪੁੱਤਰਾਂ ਵਿਚੋਂ ਲੇਵੀ ਦੇ ਘਰਾਣੇ ਵਿਚ ਹਜ਼ਰਤ ਮੂਸਾ ਨੇ ਮਿਸਰ ਵਿਚ 1407 BC ਵਿਚ ਜਨਮ ਲਿਆ। ਹਜ਼ਰਤ ਮੂਸਾ 4● ਸਾਲ ਰਾਜ ਘਰਾਣੇ ਵਿਚ ਬਿਤਾਉਣ ਪਿੱਛੋਂ ਜਦ ਬਾਹਰ ਆਇਆ ਤਾਂ ਉਸ ਨੇ ਮਹਿਲਾਂ ਤੋਂ ਬਾਹਰ ਇਜ਼ਰਾਇਲੀਆਂ ਤੇ ਜ਼ੁਲਮ ਹੁੰਦੇ ਵੇਖੇ ਜਿਸ ਨੂੰ ਉਹ ਸਹਾਰ ਨਾ ਸਕਿਆ। ਬਾਈਬਲ ਵਿਚ ਮਿਲਦੀਆਂ ਕਥਾਵਾਂ

ਅਨੁਸਾਰ ਇਕ ਦਿਨ ਉਸਨੇ ਕਿਸੇ ਮਿਸਰੀ ਨੂੰ ਇਬਰਾਨੀ ਨੂੰ ਕੁੱਟਦੇ ਦੇਖਿਆ ਤਾਂ ਮੂਸਾ ਨੇ ਉਸ ਮਿਸਰੀ ਨੂੰ ਜਾਨ ਤੋਂ ਮਾਰ ਦਿੱਤਾ ਅਤੇ ਮਿਦਯਾਨ (ਅਰਬ) ਦੇਸ਼ ਵੱਲ ਦੌੜ ਗਿਆ। ਉੱਥੇ ਜਠੇਰੇ ਨਾਮਕ ਪ੍ਰੋਹਿਤ ਕੋਲ 4● ਸਾਲ ਗੁਜ਼ਾਰੇ ਅਤੇ ਉਸਦੀ ਪੁੱਤਰੀ ਨਾਲ ਵਿਆਹ ਕਰਵਾ ਲਿਆ। ਇਸ ਸਮੇਂ ਦੌਰਾਨ ਉਸ ਨੂੰ ਉੱਥੇ ਧਾਰਮਿਕ ਮਹੌਲ ਵਿਚ ਰਹਿਣ ਦਾ ਮੌਕਾ ਮਿਲਿਆ। ਇਸ ਸਮੇਂ ਦੌਰਾਨ ਹੀ ਉਸ ਨੂੰ ਭੇਡਾਂ ਚਰਾਂਉਦਿਆਂ ਸਿਨਾਈ ਦੇ ਜੰਗਲਾਂ ਵਿਚ ਇਕ ਬਲਦੀ ਝਾੜੀ ਵਿਚੋਂ ਈਸ਼ਵਰ ਦੇ ਦਰਸ਼ਨ ਹੁੰਦੇ ਹਨ। ਉੱਥੋਂ ਦੇ ਹੋਰੇਬ ਪਰਬਤ ਉੱਤੇ ਇਕ ਦਿਨ ਉਸ ਦਾ ਯਾਹੋਵਾਹ ਨਾਲ ਸਮਝੋਤਾ ਹੁੰਦਾ ਹੈ ਅਤੇ ਉਹ ਪੈਗੰਬਰ ਚੁਣਿਆ ਜਾਂਦਾ ਹੈ। ਯਾਹੋਵਾਹ ਉਸ ਨੂੰ ਦਸ ਨਿਯਮਾਂ ਦੀ ਤਖਤੀ ਦਿੰਦਾ ਹੈ ਜਿਸ ਤੋਂ ਹੀ ਬਾਅਦ ਵਿਚ ਯਹੂਦੀਆਂ ਦੀ ਜ਼ਿੰਦਗੀ ਦਾ ਵਿਧੀ-ਵਿਧਾਨ ਸ਼ੁਰੂ ਹੁੰਦਾ ਹੈ। ਇਹ ਦਸ ਨਿਯਮ ਇਸ ਪ੍ਰਕਾਰ ਹਨ ਜਿਨ੍ਹਾਂ ਦਾ ਵਰਨਣ ਯਹੂਦੀ ਪੋਥੀ ਵਿਵਸਥਾ ਸਾਰ ਵਿਚ ਕੀਤਾ ਗਿਆ ਹੈ।

**ਯਹੂਦੀ ਪੋਥੀ ਕੂਚ ਵਿਚ ਉਹਨਾਂ ਦਸ ਆਦੇਸ਼ਾਂ ਦਾ ਵਰਨਣ ਹੈः**

ਤੇ ਫਿਰ ਪਰਮਾਤਮਾ ਨੇ ਇਹ ਸ਼ਬਦ ਉਚਾਰੇ ਕਿ ਮੈਂ ਤੁਹਾਡਾ ਪ੍ਰਭੂ ਹਾਂ ਜਿਸ ਨੇ ਤੁਹਾਨੂੰ ਮਿਸਰ ਦੀ ਧਰਤੀ ਤੋਂ ਉਸ ਬੰਧਨ ਦੇ ਘਰ ਤੋਂ ਮੁਕਤ ਕੀਤਾ ਹੈ। ਹੁਣ ਤੁਹਾਨੂੰ ਮੇਰੇ ਟਾਕਰੇ ਤੇ ਕਿਸੇ ਹੋਰ ਦੇਵਤਾ ਨੂੰ ਮਨਣਯੋਗ ਨਹੀਂ ਹੋਵੇਗਾ ਜਾਂ ਇਸ ਧਰਤੀ ਉਪਰ ਦੀ ਜਾਂ ਪਾਣੀ ਵਿਚ ਦੀ ਜਾਂ ਥਲ ਦੀ ਕਿਸੇ ਹੋਰ ਚੀਜ਼ ਨੂੰ ਮੇਰਾ ਰੂਪ ਨਹੀਂ ਦਿਉਗੇ। ਤੁਸੀਂ ਕਿਸੇ ਹੋਰ ਬੁੱਤ ਅੱਗੇ ਨਹੀਂ ਝੁਕੋਗੇ ਤੇ ਮੇਰੇ ਬਿਨਾਂ ਕਿਸੇ ਹੋਰ ਦੀ ਉਪਾਸਨਾ ਨਹੀਂ ਕਰੋਗੇ। ਇਹ ਜਾਣ ਲਉ ਕਿ ਮੈਂ ਪਰਮਾਤਮਾ ਤੁਹਾਡਾ ਮਾਲਕ (ਪ੍ਰਭੂ) ਬੜਾ ਈਰਖਾਲੂ ਰੱਬ ਹਾਂ ਤੇ ਉਹਨਾਂ ਪਿਤਾਮਿਆਂ ਦੀ ਬੇਇਨਸਾਫੀ ਜਾਂ ਅਨਿਆਂ ਦਾ ਬਦਲਾ ਉਹਦੀ ਤੀਸਰੀ ਜਾਂ ਚੌਥੀ ਪੀੜ੍ਹੀ ਤੋਂ ਵੀ ਚੁਕਾਉਂਦਾ ਹਾਂ ਜਿਹੜੇ ਮੇਰੇ ਤੋਂ ਘਿਰਣਾ ਕਰਦੇ ਹਨ ਨਾਲ ਹੀ ਮੈਂ ਉਨ੍ਹਾਂ ਨੂੰ ਆਪਣਾ ਨਿਰੰਤਰ ਸਦੀਵੀਂ ਪਿਆਰ ਦਿੰਦਾ ਹਾਂ ਜਿਹੜੇ ਮੈਨੂੰ ਪ੍ਰੇਮ ਕਰਦੇ ਹਨ ਤੇ ਮੇਰੇ ਹੁਕਮ ਮੰਨਦੇ ਹਨ।

ਤੁਹਾਨੂੰ ਆਪਣੇ ਪ੍ਰਭੂ ਪਰਮਾਤਮਾ ਦਾ ਨਾਮ ਬਿਨਾਂ ਮਤਲਬ ਨਹੀਂ ਲੈਣਾ ਚਾਹੀਦਾ। ਪਰੰਤੂ ਪਰਮਾਤਮਾ ਉਸ ਮਨੁੱਖ ਨੂੰ ਨਿਰਅਪਰਾਧ ਨਹੀਂ ਸਮਝੇਗਾ ਜਿਹੜੇ ਉਸ ਦਾ ਨਾਂ ਬਿਨਾਂ ਲੋੜ ਦੇ ਲੈਂਦੇ ਹਨ।

ਸੱਬਾਬ (ਯਹੂਦੀਆਂ ਦਾ ਪਵਿੱਤਰ ਤਿਉਹਾਰ) ਦਾ ਦਿਨ ਯਾਦ ਰੱਖੋ ਤੇ ਇਸ ਦੀ ਪਵਿੱਤਰਤਾ ਨੂੰ ਕਾਇਮ ਰੱਖੋ।

ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰੋ ਤਾਂ ਜੋ ਤੁਸੀਂ ਆਪਣੇ ਦੇਸ਼ ਵਿਚ ਚਿਰਕਾਲ ਜੀਵਨ ਰਹੋ ਜੋ ਕਿ ਪ੍ਰਭੂ ਨੇ ਤੁਹਾਨੂੰ ਦਿੱਤਾ ਹੈ।

ਤੁਸੀਂ ਕਿਸੇ ਨੂੰ ਜਾਨ ਤੋਂ ਨਾ ਮਾਰੋ

ਤੁਸੀਂ ਵਿਭਚਾਰ ਨਾ ਕਰੋ ਚੋਰੀ ਨਾ ਕਰੋ

ਕਿਸੇ ਵਿਰੁੱਧ ਝੂਠੀ ਗਵਾਹੀ ਨਾ ਦਿਓ ਆਪਣੇ ਗੁਆਂਡੀ ਦੇ ਘਰ-ਮਾਲ ਨੂੰ ਲਾਲਚ ਦੀ ਦ੍ਰਿਸ਼ਟੀ ਨਾਲ ਨਾ ਵੇਖੋ ਤੇ ਨਾ ਹੀ ਉਸ ਦੀ ਇਸਤ੍ਰੀ ਵਲ ਮੈਲੀ ਅੱਖ ਰੱਖੋ ਤੇ ਨਾ ਹੀ ਉਸ ਦੇ ਨੌਕਰ/ਨੌਕਰਾਣੀ, ਬਲਦ, ਗਧਾ ਜਾਂ ਉਸ (ਗਵਾਂਢੀ) ਦੀ ਕਿਸੇ ਚੀਜ਼ ਵਲ ਵੀ ਮਾੜੀ ਦ੍ਰਿਸ਼ਟੀ ਨਾਲ ਨਾ ਤੱਕੋ। ਪ੍ਰਭੂ ਦਾ ਕਾਨੂੰਨ ਪੂਰਨ ਤੇ ਮੁਕੰਮਲ ਹੈ। ਉਹ ਆਤਮਾ ਨੂੰ ਸੁਰਜੀਤ ਕਰਦਾ ਹੈ ਪ੍ਰਭੂ ਦੀ ਗਵਾਹੀ ਪੱਕੀ ਤੇ ਯਕੀਨ ਵਾਲੀ ਹੈ। ਉਹ ਭੋਲਿਆਂ ਨੂੰ ਸਿਆਣਾ ਬਣਾਂਦਾ ਹੈ।[8]

ਇਨ੍ਹਾਂ ਦਸ ਨਿਯਮਾਂ ਵਿਚ ਆਪਣੇ ਧਰਮ ਪ੍ਰਤੀ, ਬਾਕੀ ਸਹਿ-ਧਰਮੀਆਂ ਪ੍ਰਤੀ ਅਤੇ ਰੱਬ ਪ੍ਰਤੀ ਫਰਜ਼ਾਂ ਦਾ ਉਲੇਖ ਮਿਲਦਾ ਹੈ। ਇਹਨਾਂ ਦਸ ਨਿਯਮਾਂ ਵਿਚੋਂ ਸ਼ਹੀਦ ਤੇ ਸ਼ਹਾਦਤ ਦੇ ਸੰਕਲਪ ਦੀ ਤਸਵੀਰ ਉਘੜਦੀ ਹੈ। ਇਹਨਾਂ ਦਸ ਨਿਯਮਾਂ ਵਿਚੋਂ ਮਿਲਦੇ ਅਹਿਦ ਹੀ ਯਹੂਦੀ ਧਰਮ ਵਿਚ ਮਿਲਦੇ ਸ਼ਹਾਦਤ ਦੇ ਸੰਕਲਪ ਦੇ ਅਹਿਦ ਹਨ। ਯਹੂਦੀ ਧਰਮ ਵਿਚ ਰੱਬ ਦੇ ਨਾਮ ਦੀ ਪਵਿੱਤਰਤਾ ਨੂੰ ਯਹੂਦੀ ਲੋਕਾਂ ਦੀਆਂ ਰਵਾਇਤਾਂ ਵਿਚ ਕਾਰਜੀ ਵਿਧਾਨ ਰਾਹੀਂ

ਅਪਣਾਇਆ ਜਾਂਦਾ ਹੈ ਉਸਨੂੰ `Kiddush Hashem' ਦਾ ਨਾਂ ਦਿੱਤਾ ਜਾਂਦਾ ਹੈ। ਇਹ ਇਕ ਅਜਿਹਾ ਕਾਰਜ ਦਾ ਪ੍ਰਕ੍ਰਿਆ ਹੈ ਜਿਸ ਰਾਹੀਂ ਰੱਬ ਦੇ ਨਾਮ ਨੂੰ ਪਵਿੱਤਰ ਕੀਤਾ ਜਾਂਦਾ ਹੈ।

ਯਹੂਦੀ ਧਰਮ ਵਿਚ 'ਸ਼ਹਾਦਤ' ਦੇ ਸੰਕਲਪ ਦੀ ਵਿਆਖਿਆ 'ਪੁਰਾਣੇ ਅਹਿਦਨਾਮੇ' ਤੋਂ ਸ਼ੁਰੂ ਹੁੰਦੀ ਹੈ ਅਤੇ ਇਸ ਸ਼ਹਾਦਤ ਦੇ ਅਨੇਕਾਂ ਨੇਮ ਪੁਰਾਣੇ ਅਹਿਦਨਾਮੇ ਵਿਚ ਵੱਖ-ਵੱਖ ਅਧਿਆਵਾਂ ਵਿਚ ਰੂਪਮਾਨ ਹੁੰਦੇ ਹਨ। ਯਹੂਦੀ ਧਾਰਨਾ ਇਹ ਹੈ ਕਿ ਪਰਮਾਤਮਾ ਨੇ ਮਨੁੱਖੀ ਕੌਮ ਨੂੰ ਪੈਦਾ ਕੀਤਾ ਪਰ ਮਨੁੱਖ ਆਪਣੇ ਗਲਤ ਕੰਮਾਂ ਅਤੇ ਸ਼ੈਤਾਨ ਦੇ ਰਾਹ ਤੇ ਚੱਲਣ ਕਰਕੇ ਰੱਬ ਨੇ ਉਸ ਨੂੰ ਸਵਰਗ ਵਿਚੋਂ ਧਰਤੀ ਤੇ ਸੁੱਟ ਦਿੱਤਾ। ਮਨੁੱਖੀ ਜੀਵਨ ਦਾ ਨਿਸ਼ਾਨਾ ਸਵਰਗ ਦੀ ਮੁੜ ਪ੍ਰਾਪਤੀ ਹੈ ਪਰ ਸਵਰਗ ਦੀ ਪ੍ਰਾਪਤੀ ਉਹ ਈਸ਼ਵਰ ਦੀ ਸਹਾਇਤਾ ਬਿਨਾ ਨਹੀਂ ਕਰ ਸਕਦਾ।

ਡਾ. ਹਰਭਜਨ ਸਿੰਘ ਸ਼ਹਾਦਤ ਸਬੰਧੀ ਆਪਣੇ ਵਿਚਾਰ ਪੇਸ਼ ਕਰਦੇ ਹਨ:

> ਰੱਬ ਆਪਣੀ ਸਾਰੀ ਰਚਨਾ ਵਿਚੋਂ ਮਨੁੱਖ ਨੂੰ ਸਭ ਤੋਂ ਜ਼ਿਆਦਾ ਪਿਆਰਦਾ ਹੈ, ਇਸ ਕਰਕੇ ਸਵਰਗ ਵਿਚ ਪਰਤਣ ਲਈ ਉਹ ਹੀ ਉਸ ਦਾ ਪਰਮ ਸਹਾਇਕ ਹੈ। ਰੱਬ ਆਪਣੇ ਕੌਤਕਾਂ ਰਾਹੀਂ ਪੈਗੰਬਰਾਂ ਦੀ ਮਾਰਫਤ ਮਨੁੱਖਤਾ ਦੀ ਅਗਵਾਈ ਕਰਦਾ ਹੈ, ਮਨੁੱਖਤਾ ਦੀ ਅਗਵਾਈ ਲਈ ਪ੍ਰਗਟ ਹੋਣ ਵਾਲੇ ਰੱਬ ਦੇ ਦੈਵੀ ਕੌਤਕ ਦੇ ਯਥਾਰਥ ਨੂੰ ਪ੍ਰਮਾਣਿਕ ਕਰਕੇ ਉਸ ਨੂੰ 'ਪਵਿਤਰ ਇਤਿਹਾਸ' ਦਾ ਦਰਜਾ ਦੇਣ ਵਾਸਤੇ ਦਿੱਤੀ ਗਈ ਗਵਾਹੀ ਸ਼ਹਾਦਤ ਹੈ।[੧]

ਮਨੁੱਖਤਾ ਦੀ ਅਗਵਾਈ ਲਈ ਰੱਬ ਦੈਵੀ ਕੌਤਕ ਕਰਦਾ ਹੈ ਇਹਨਾਂ ਕੌਤਕਾਂ ਦੇ ਸੱਚ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਪ੍ਰਮਾਣਿਤ ਕਰਕੇ ਇਤਿਹਾਸਿਕ ਸੱਚ ਦੀ ਸਥਾਪਤੀ ਲਈ ਜਦੋਂ ਗਵਾਹੀ ਦਿੱਤੀ ਜਾਂਦੀ ਹੈ ਤਾਂ ਉਹ ਸ਼ਹੀਦ ਅਖਵਾਉਂਦੇ ਹਨ ਅਤੇ ਉਹਨਾਂ ਦੀ ਦਿੱਤੀ ਗਵਾਹੀ ਸ਼ਹਾਦਤ ਦਾ ਉੱਤਮ ਦਰਜਾ ਪ੍ਰਾਪਤ ਕਰ ਲੈਂਦੀ ਹੈ। ਯਹੂਦੀ ਧਰਮ ਵਿਚ ਸ਼ਹਾਦਤ ਦਾ ਸੰਕਲਪ

ਬਾਕੀ ਧਰਮਾਂ ਵਿਚ ਮਿਲਦੇ ਸ਼ਹਾਦਤ ਦੇ ਸੰਕਲਪ ਤੋਂ ਵਿਭਿੰਨ ਹੈ। ਇਸਾਈ ਧਰਮ ਦੇ 'ਪੁਰਾਣੇ ਅਹਿਦਨਾਮੇ' ਦੇ ਦਸ ਨਿਯਮਾਂ ਵਿਚੋਂ ਹਜ਼ਰਤ ਨੂਹ ਦਾ ਅਹਿਦਨਾਮਾ ਸ਼ਹਾਦਤ ਦੇ ਸੰਕਲਪ ਨੂੰ ਉਘਾੜਦਾ ਹੈ ਯਹੂਦੀ ਪੋਥੀ 'ਉਤਪਤਿ' ਅਨੁਸਾਰ ਰੱਬ ਜਦੋਂ ਆਦਮ ਦੀ ਔਲਾਦ ਦੇ ਪਾਪ ਤੋਂ ਨਰਾਜ਼ ਹੋ ਗਿਆ ਤਾਂ ਉਸਨੇ ਸਾਰੀਆਂ ਜੂਨਾ ਦਾ ਵਿਨਾਸ਼ ਕਰਨ ਦਾ ਮਨ ਬਣਾ ਲਿਆ ਪਰ ਉਸਨੇ ਪੈਗੰਬਰ 'ਨੂਹ' ਦੀ ਸ਼ਰਧਾ ਭਗਤੀ ਦੇਖਦਿਆਂ ਉਸ ਨੂੰ ਹੁਕਮ ਦਿੱਤਾ ਕਿ ਤੂੰ ਇਕ ਬੇੜੀ ਬਣਾ ਜਿਸ ਵਿਚ ਹਰ ਇਕ ਜੂਨ ਦਾ ਇਕ-ਇਕ ਜੋੜਾ ਬਿਠਾ ਲਵੀਂ। ਜਿਸ ਸਮੇਂ ਜਲ ਪਰਲੋ ਆਵੇਗੀ ਤਾਂ ਇਕ-ਇਕ ਜੋੜੇ ਤੋਂ ਫਿਰ ਜੂਨਾ ਦਾ ਵਿਸਥਾਰ ਸੰਭਵ ਹੋ ਜਾਵੇਗਾ। ਇਸ ਅਹਿਦ ਵਿਚ ਈਸ਼ਵਰ ਨੇ ਨੂਹ ਨਾਲ ਅਹਿਦ ਕੀਤਾ ਕਿ ਉਹ ਫਿਰ ਜੂਨਾਂ ਨਸ਼ਟ ਨਹੀਂ ਕਰੇਗਾ ਅਤੇ ਨਾਲ ਹੀ ਮਨੁੱਖਾਂ ਵਾਸਤੇ ਇਕ ਨਵੀਂ ਜੀਵਨ ਵਿਧੀ ਵੀ ਦਰਸਾਈ। ਪੈਗੰਬਰ 'ਨੂਹ' ਤੇ ਈਸ਼ਵਰ ਦੇ ਅਹਿਦ ਦੀ ਸਾਖੀ ਭਰਨ ਵਾਲਾ ਕੋਈ ਜੀਵ ਨਹੀਂ ਸੀ। ਇਸ ਲਈ ਅਕਾਸ਼ ਵਿਚਲੀ ਸਤਰੰਗੀ ਪੀਂਘ ਨੇ ਇਸ ਵਾਸਤੇ ਗਵਾਹੀ ਦਿੱਤੀ। ਬਾਈਬਲ ਵਿਚ ਜ਼ਿਕਰ ਹੈ:

> ਜਦੋਂ ਮੈਂ ਧਰਤੀ ਉੱਤੇ ਬੱਦਲ ਲਿਆਵਾਂਗਾ, ਤੁਸੀਂ ਬੱਦਲਾਂ ਵਿਚ ਧੁਣਕ ਦੇਖੋਗੇ, ਜਦੋਂ ਮੈਂ ਇਸ ਧੁਣਕ ਨੂੰ ਦੇਖਾਂਗਾ ਮੈਂ ਉਸ ਇਕਰਾਰਨਾਮੇ ਨੂੰ ਯਾਦ ਕਰਾਂਗਾ ਜਿਹੜਾ ਮੈਂ ਤੁਹਾਡੇ ਨਾਲ ਅਤੇ ਧਰਤੀ ਤੇ ਰਹਿਣ ਵਾਲੇ ਜੀਵ ਪ੍ਰਾਣੀਆਂ ਨਾਲ ਕੀਤਾ ਹੈ। ਇਕਰਾਰਨਾਮਾ ਆਖਦਾ ਹੈ ਕਿ ਹੜ੍ਹ ਧਰਤੀ ਉੱਤੇ ਸਾਰੇ ਜੀਵਨ ਨੂੰ ਕਦੇ ਵੀ ਤਬਾਹ ਨਹੀਂ ਕਰਨਗੇ ਜਦੋਂ ਮੈਂ ਵੀ ਬੱਦਲਾਂ ਵੱਲ ਦੇਖਾਂਗਾ ਅਤੇ ਧੁਣਕ ਨੂੰ ਦੇਖਾਂਗਾ ਮੈਂ ਆਪਣੇ ਅਤੇ ਧਰਤੀ ਦੀ ਹਰ ਜਿਉਂਦੀ ਸ਼ੈਅ ਵਿਚਾਲੇ ਇਸ ਸਦੀਵੀ ਇਕਰਾਰਨਾਮੇ ਨੂੰ ਯਾਦ ਕਰਾਂਗਾ। ਇਹ ਧੁਣਕ ਇਸ ਇਕਰਾਰਨਾਮੇ ਦਾ ਸਬੂਤ ਹੈ ਜਿਹੜਾ ਮੈਂ ਧਰਤੀ ਦੇ ਸਮੂਹ ਜੀਵਤ ਪ੍ਰਾਣੀਆਂ ਨਾਲ ਕੀਤਾ ਹੈ।[10]

ਇਹ ਕਹਾਣੀ ਰੱਬੀ ਹੋਂਦ ਦੀ ਲਖਾਇਕ ਹੈ ਕਿਉਂਕਿ ਜਿਹੜੀ ਸਤਰੰਗੀ ਪੀਂਘ ਪ੍ਰਮਾਤਮਾ ਦੀ ਗਵਾਹ ਬਣੀ ਉਹ ਕਿਸੇ ਬਣਾਉਟੀ ਚੀਜ਼ ਦੀ ਸੂਚਕ ਨਹੀਂ ਉਹ ਸਾਰੀ ਸ੍ਰਿਸ਼ਟੀ ਵਿਚ ਸਭ ਦੇ ਸਾਹਮਣੇ ਸੱਚ ਹੈ ਅਤੇ ਸਾਰੀ ਕੁਦਰਤ ਉਸ ਦੀ ਹੋਂਦ ਦੀ ਗਵਾਹ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਰੱਬ ਕੁਦਰਤ ਦੇ ਸੰਗ ਹੈ ਜੋ ਵਿਅਕਤੀ ਕੁਦਰਤੀ ਨੇਮਾਂ ਨੂੰ ਤਿਆਗ ਕੇ ਆਪਣੀ ਮਰਜ਼ੀ ਅਨੁਸਾਰ ਜੀਵਨ ਜਿਉਂਦਾ ਹੈ ਰੱਬ ਦੀ ਕਰੋਪੀ ਦਾ ਸ਼ਿਕਾਰ ਹੁੰਦਾ ਹੈ। ਰੱਬ ਪੈਗੰਬਰਾਂ ਰਾਹੀਂ ਮਾਨਵ ਜਾਤੀ ਦੀ ਅਗਵਾਈ ਕਰਦਾ ਹੈ। ਰੱਬੀ ਹੁਕਮਾਂ ਦੀ ਪਾਲਣਾ ਕਰਕੇ ਸਵਰਗ ਦੀ ਪ੍ਰਾਪਤੀ ਉਹਦਾ ਅਹਿਮ ਲਕਸ਼ ਹੈ। ਇਸ ਤਰ੍ਹਾਂ ਪਰਮਾਤਮਾ ਆਪਣੇ ਸੇਵਕਾਂ ਨੂੰ ਸਿੱਧੇ ਰਾਹੇ ਪਾਉਣ ਲਈ ਸਮੇਂ ਸਮੇਂ ਸਿਰ ਪੈਗੰਬਰਾਂ ਦੀ ਮਾਰਫਤ ਉਸਦੀ ਅਗਵਾਈ ਕਰਦਾ ਹੈ ਅਤੇ ਉਸਦਾ ਆਪਣੇ ਸੇਵਕਾਂ ਦੇ ਸੰਪਰਕ ਵਿਚ ਆਉਣਾ ਕੋਈ ਝੂਠੀ ਕਹਾਣੀ ਨਹੀਂ ਸਗੋਂ ਇਤਿਹਾਸਕ ਗਾਥਾ ਵਾਂਗ ਸੱਚ ਹੈ। ਰੱਬ ਸਿਰਫ ਸੂਖਮ ਅਨੁਭੂਤੀ ਵਿਚ ਹੀ ਪ੍ਰਗਟ ਨਹੀਂ ਹੁੰਦਾ ਸਗੋਂ ਵਿਅਕਤੀਆਂ ਵਾਂਗ ਕੌਮਾਂ ਦੀ ਅਗਵਾਈ ਕਰਦਾ ਹੈ ਅਤੇ ਮਾਰਗ ਦਰਸ਼ਕ ਬਣ ਕੇ ਇਤਿਹਾਸ ਦਾ ਨਿਰਮਾਣ ਕਰਦਾ ਹੈ। ਮਨੁੱਖ ਸਵਰਗ ਵਿਚੋਂ ਧਰਤੀ ਤੇ ਸੁੱਟਿਆ ਗਿਆ ਹੈ ਅਤੇ ਉਸ ਦਾ ਨਿਸ਼ਾਨਾ ਸਵਰਗ ਦੀ ਮੁੜ ਪ੍ਰਾਪਤੀ ਹੈ। ਸਵਰਗ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇਕਰ ਉਹ ਰੱਬੀ ਹੁਕਮਾਂ ਦੀ ਪਾਲਣਾ ਕਰੇਗਾ ਜਿਸ ਦਾ ਅਧਾਰ 'ਪਵਿਤਰ ਇਤਿਹਾਸ' ਹੈ ਅਤੇ ਜਿਸ ਤੋਂ ਹੀ ਸ਼ਹਾਦਤ ਦਾ ਸੰਕਲਪ ਪ੍ਰਗਟ ਹੁੰਦਾ ਹੈ। ਇਹ ਪਵਿੱਤਰ ਇਤਿਹਾਸ ਰੱਬ, ਰਸੂਲ, ਰੱਬੀ ਬਾਣੀ, ਰੂਹ ਸੰਬੰਧੀ, ਮਾਨਵਤਾ, ਕਿਆਸਤ, ਸਵਰਗ-ਨਰਕ ਅਤੇ ਮੂਰਤੀ ਦੀ ਵਿਆਖਿਆ ਤੇ ਕੇਂਦਰਤ ਹੈ ਅਤੇ ਜਿਸ ਤੋਂ ਹੀ ਸ਼ਹਾਦਤ ਪ੍ਰਗਟ ਹੁੰਦੀ ਹੈ। ਰੱਬ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਅਬਰਾਹਮ 'ਉਰ' ਨਗਰ 'ਚੋਂ ਕਨਾਨ ਦੇਸ਼ ਪਹੁੰਚ ਗਿਆ। ਅਬਰਾਹਮ ਰਾਹੀਂ ਰੱਬ ਨੇ ਯਹੂਦੀ ਕੌਮ ਨਾਲ ਫਿਰ ਇਕ ਅਹਿਦ ਕੀਤਾ ਤੇ ਨੇਮ ਦਿੱਤਾ। ਇਸ ਨੇਮ ਦੀ ਇਤਿਹਾਸਿਕਤਾ ਦੀ ਗਵਾਹੀ ਭਰਨ ਲਈ ਸਾਰੇ ਯਹੂਦੀ ਪੁਰਸ਼ਾਂ ਨੂੰ ਸੁੰਨਤ ਕਰਾਉਣ ਦਾ ਹੁਕਮ ਦਿੱਤਾ ਰੱਬ ਅਬਰਾਹਮ ਨੂੰ ਆਖਦਾ ਹੈ।

ਹਿਬਰੂ ਬਾਈਬਲ ਦੀ ਯਹੂਦੀ ਪੋਥੀ ਉਤਪਤਿ ਜਿਸ ਤੋਂ ਭਾਵ ਹੈ ਸ੍ਰਿਸ਼ਟੀ, ਇਸ ਪੋਥੀ ਵਿਚ ਸ਼੍ਰਿਸਟੀ ਰਚਣ ਦਾ ਗੁਣਗਾਨ ਹੈ:

> ਹੁਣ ਤੇਰੇ ਹਿੱਸੇ ਦਾ ਇਕਰਾਰਨਾਮਾ ਇਹ ਹੈ ਕਿ ਤੂੰ ਅਤੇ ਤੇਰੇ ਉਤਰਾਧਿਕਾਰੀ ਮੇਰੇ ਇਕਰਾਰਨਾਮੇ ਨੂੰ ਮੰਨਣਗੇ। ਇਕਰਾਰਨਾਮਾ ਇਹ ਹੈ ਕਿ ਜਿਹੜਾ ਤੁਸੀਂ ਮੰਨੋਗੇ। ਇਹ ਤੁਹਾਡੇ ਸਾਰੇ ਉਤਰਾਧਿਕਾਰੀਆਂ ਲਈ ਹੈ। ਜਿਹੜਾ ਵੀ ਮੁੰਡਾ ਜੰਮੇ ਉਸਦੀ ਸੁੰਨਤ ਕਰਨੀ ਜ਼ਰੂਰੀ ਹੈ। ਤੁਸੀਂ ਇਹ ਦਰਸਾਉਣ ਲਈ ਮਾਸ ਕੱਟੋਗੇ ਕਿ ਤੁਸੀਂ ਮੇਰੇ ਤੇ ਤੁਹਾਡੇ ਦਰਮਿਆਨ ਹੋਏ ਇਕਰਾਰਨਾਮੇ ਉਤੇ ਚੱਲਦੇ ਹੋ। ਜਦੋਂ ਪੁੱਤਰ ਅੱਠਾਂ ਦਿਨਾਂ ਦਾ ਹੋਵੇ ਤੁਸੀਂ ਉਸਦੀ ਸੁੰਨਤ ਕਰ ਦੇਣੀ। ਮੇਰਾ ਇਕਰਾਰਨਾਮਾ ਸਦੀਵੀ ਇਕਰਾਰਨਾਮੇ ਵਜੋਂ ਤੁਹਾਡੇ ਸਰੀਰਾਂ ਉੱਤੇ ਨਿਸ਼ਾਨਿਆ ਜਾਵੇਗਾ।[11]

ਇਸ ਪ੍ਰਕਾਰ ਯਹੂਦੀ ਧਰਮ ਵਿਚ ਇਕਰਾਰਨਾਮਾ ਇਕ ਗਵਾਹੀ ਵਜੋਂ ਸਥਾਪਿਤ ਹੁੰਦਾ ਹੈ ਜੋ ਸ਼ਹਾਦਤ ਦਾ ਅਧਾਰ ਹੈ। ਯਹੂਦੀ ਧਰਮ ਦੇ ਨਵੇਂ ਸ਼ਰ੍ਹਾ ਪ੍ਰਬੰਧ ਅਤੇ ਬੁੱਤ ਪੂਜਾ ਦੇ ਵਿਰੋਧ ਵਜੋਂ ਇਹ ਅਹਿਦ ਇਸ ਦੇਸ਼ ਦੀ ਇਤਿਹਾਸਿਕਤਾ ਹੀ ਸ਼ਾਹਦੀ ਭਰਨ ਲਈ ਯਹੂਦੀ ਕੌਮ ਲਈ ਨਿਸ਼ਾਨੀ ਬਣਿਆ, ਯਹੂਦੀ ਕੌਮ ਦੀ ਪ੍ਰਫੁਲਤਾ ਲਈ ਰੱਬ ਨੇ ਉਨ੍ਹਾਂ ਤੋਂ ਇਹ ਆਸ ਕੀਤੀ ਕਿ ਉਹ ਇਹਨਾਂ ਰਾਹੀਂ ਰੱਬ ਪ੍ਰਤੀ ਅਸੀਮ ਮੁਹੱਬਤ ਦਾ ਇਜ਼ਹਾਰ ਕਰਨ। ਉਸ ਦੇ ਪਿਆਰ ਨੂੰ ਇਤਿਹਾਸਿਕ ਸੱਚ ਦੇ ਰੂਪ ਵਿਚ ਪ੍ਰਗਟ ਕਰਨ ਲਈ ਗਵਾਹੀ ਦੀ ਲੋੜ ਹੈ ਅਤੇ ਸੁੰਨਤ ਇਸ ਗੱਲ ਦੀ ਗਵਾਹੀ ਦਿੰਦੀ ਹੈ ਕਿ ਅਬਰਾਹਮ ਦੀ ਕੌਮ ਨੇ ਰੱਬ ਨਾਲ ਸੁੰਨਤ ਦਾ ਅਹਿਦ ਕਰਕੇ ਉਸ ਦੇ ਦਸੇ ਰਸਤੇ ਤੇ ਚਲ ਕੇ ਸੁੰਨਤ ਰਾਹੀਂ ਸ਼ਾਹਦੀ ਭਰ ਕੇ ਸ਼ਹਾਦਤ ਦਿੱਤੀ। ਈਸ਼ਵਰ ਨੇ ਅਬਰਾਹਮ ਦੀ ਪ੍ਰੀਖਿਆ ਲਈ ਕਿ ਉਹ ਰੱਬ ਪ੍ਰਤੀ ਕਿੰਨੀ ਸ਼ਰਧਾ ਰੱਖਦਾ ਹੈ। ਈਸ਼ਵਰ ਨੇ ਉਸਦੇ ਪੁੱਤਰ ਇਸਹਾਕ ਦੀ ਬਲੀ ਮੰਗੀ ਈਸ਼ਵਰ ਨੇ ਕਿਹਾ।

**ਯਹੂਦੀ ਪੋਥੀ ਉਤਪਤਿ ਵਿਚ ਕਿਹਾ ਗਿਆ ਹੈ:**

> ਅਬਰਾਹਮ ਆਪਣੇ ਪੁੱਤਰ ਨੂੰ ਮੋਰੀਆਹ ਦੀ ਧਰਤੀ ਉੱਤੇ ਲੈ ਜਾ ਮੋਰੀਆਹ ਤੇ ਜਾ ਕੇ ਆਪਣੇ ਪੁੱਤਰ ਦੀ ਮੇਰੇ ਲਈ ਬਲੀ ਚੜ੍ਹਾ ਇਹ ਤੇਰਾ ਇਕਲੌਤਾ ਪੁੱਤਰ ਇਸਹਾਕ ਹੀ ਹੋਣਾ ਚਾਹੀਦਾ ਹੈ ਉਹ ਪੁੱਤਰ ਜਿਸ ਨੂੰ ਤੂੰ ਬਹੁਤ ਪਿਆਰ ਕਰਦਾ ਹੈਂ। ਉਸ ਨੂੰ ਇਥੋਂ ਦੇ ਪਹਾੜਾਂ ਵਿਚੋਂ ਕਿਸੇ ਇਕ ਉੱਤੇ ਹੋਮ ਦੀ ਭੇਂਟ ਵਜੋਂ ਵਰਤ ਮੈਂ ਤੈਨੂੰ ਦਸਾਂਗਾ ਕਿ ਕਿਹੜੇ ਪਰਬਤ ਉੱਤੇ।[12]

ਜਦੋਂ ਇਸਹਾਕ ਆਪਣੇ ਪੁੱਤਰ ਦੀ ਬਲੀ ਚੜ੍ਹਾਉਣ ਹੀ ਲੱਗਾ ਸੀ ਤਾਂ ਈਸ਼ਵਰ ਨੇ ਰੋਕ ਦਿੱਤਾ। ਵਿਵਸਥਾ ਸਾਰ ਵਿਚ ਕਿਹਾ ਗਿਆ ਹੈ ਕਿ ਈਸ਼ਵਰ ਉਸਦੀ ਸ਼ਰਧਾ ਭਗਤੀ ਤੋਂ ਪ੍ਰਸੰਨ ਹੋਇਆ ਤੇ ਕਿਹਾ:

> ਹੁਣ ਮੈਂ ਦੇਖ ਲਿਆ ਹੈ ਕਿ ਤੂੰ ਸੱਚਮੁੱਚ ਪਰਮੇਸ਼ਰ ਦਾ ਆਦਰ ਕਰਦਾ ਹੈ। ਧਰਤੀ ਦੀਆਂ ਸਾਰੀਆਂ ਕੌਮਾਂ ਤੇਰੇ ਉਤਰਾਧਿਕਾਰੀ ਕਾਰਣ ਅਸੀਸ ਮਈ ਹੋਣਗੀਆਂ ਕਿਉਂਕਿ ਤੂੰ ਮੇਰੇ ਆਦੇਸ਼ਾਂ ਨੂੰ ਮੰਨਿਆ ਹੈ।[13]

ਇਸ ਕਥਨ ਤੋਂ ਸਪਸ਼ਟ ਹੁੰਦਾ ਹੈ ਕਿ ਰੱਬ ਆਪਣੇ ਭਗਤਾਂ ਤੋਂ ਸਿਰਫ ਪਿਆਰ ਤੇ ਸ਼ਰਧਾ ਦੀ ਆਸ ਰੱਖਦਾ ਹੈ ਅਤੇ ਇਕ ਆਦਰਸ਼ਕ ਇਨਸਾਨ ਜਦੋਂ ਆਪਣੀ ਸਭ ਤੋਂ ਪਿਆਰੀ ਵਸਤੂ ਨੂੰ ਰੱਬ ਦੇ ਰਾਹ ਤੇ ਕੁਰਬਾਨ ਕਰਦਾ ਹੈ ਤਾਂ ਉਹ ਸਾਰੀ ਮਨੁੱਖਤਾ ਲਈ ਸੁੱਖ ਵਰਤਾਉਂਦੀ ਹੈ ਅਤੇ ਆਪਣੀ ਕੀਮਤੀ ਵਸਤੂ ਨੂੰ ਰੱਬ ਦੇ ਰਾਹ ਤੇ ਨਿਛਾਵਰ ਕਰ ਦੇਣ ਤੇ ਰੱਬੀ ਪ੍ਰਕਾਸ਼ ਨੂੰ ਇਤਿਹਾਸਕ ਸੱਚ ਦਾ ਰੂਪ ਦੇਣ ਲਈ ਗਵਾਹੀ ਸ਼ਹਾਦਤ ਦਾ ਦਰਜਾ ਪ੍ਰਾਪਤ ਕਰ ਲੈਂਦੀ ਹੈ। ਗਵਾਹੀ ਪੈਗੰਬਰੀ ਅਜ਼ਮਤ ਅਤੇ ਰੱਬੀ ਵਿਧਾਨ ਵਿਚਕਾਰ ਹੈ। ਪੈਗੰਬਰੀ ਘਟਨਾ ਇਸ ਗਲ ਦੀ ਸ਼ਹਾਦਤ ਹੈ ਕਿ ਆਦਰਸ਼ਕ ਇਨਸਾਨ ਆਪਣੀ ਸਭ ਤੋਂ ਪਿਆਰੀ ਚੀਜ਼ ਰੱਬ

ਦੀ ਰਾਹ ਤੇ ਨਿਛਾਵਰ ਕਰ ਦਿੰਦਾ ਹੈ। ਅਜਿਹਾ ਕਰਕੇ ਉਹ ਆਪਣੀ ਕੌਮ ਦਾ ਉਥਾਨ ਕਰਦਾ ਹੈ।

ਯਹੂਦੀ ਧਰਮ ਵਿਚ ਸਭ ਤੋਂ ਮਹੱਤਵਪੂਰਨ ਅਹਿਦ ਮੂਸਾ ਦਾ ਅਤੇ ਯਾਹੋਵਾਹ ਦਾ ਸਿਨਾਈ ਦੀ ਪਹਾੜੀ ਤੇ ਹੁੰਦਾ ਹੈ। ਇਸ ਅਹਿਦ ਵਿਚ ਯਾਹੋਵਾਹ ਮੂਸਾ ਨੂੰ ਯਹੂਦੀ ਜਾਤੀ ਦੇ ਕਾਨੂੰਨ, ਵਿਧਾਨ ਤੇ ਧਰਮ ਮਰਿਯਾਦਾ ਬਾਰੇ ਆਦੇਸ਼ ਦਿੰਦਾ ਹੈ ਕਿ ਉਹ ਇਹ ਇਸਰਾਇਲੀਆਂ ਨੂੰ ਪੜ੍ਹ ਕੇ ਸੁਣਾਵੇ ਅਤੇ ਇਸ ਦੀ ਪਾਲਣਾ ਕਰੇ। ਨਵੇਂ ਨੇਮ ਮੁਤਾਬਿਕ ਪੂਜਾ ਸਥਾਨ ਸਥਾਪਿਤ ਕੀਤੇ ਅਤੇ ਮੂਸਾ ਨੇ ਬਲਦ ਦਾ ਖ਼ੂਨ ਇਕੱਠਾ ਕਰਕੇ ਲੋਕਾਂ ਉੱਤੇ ਲਹੂ ਦੇ ਛਿੱਟੇ ਮਾਰੇ। ਇਹ ਲਹੂ ਦੇ ਛਿੱਟੇ ਇਸ ਗੱਲ ਦੀ ਗਵਾਹੀ ਸਨ ਕਿ ਯਹੂਦੀ ਕੌਮ ਨੇ ਨਵੀਂ ਸ਼ਰ੍ਹਾ ਮੁਤਾਬਿਕ ਵਿਧਾਨ ਨੂੰ ਪ੍ਰਵਾਨ ਕਰ ਲਿਆ ਹੈ ਤੇ ਇਹ ਪਵਿੱਤਰ ਇਤਿਹਾਸ ਦਾ ਅੰਗ ਬਣਦਾ ਹੈ। ਖ਼ੂਨ ਦੇ ਛਿੱਟੇ ਇਸ ਕਰਕੇ ਮਾਰੇ ਕਿ ਇਸ ਰਾਹੀਂ ਇਹ ਨੇਮ ਲਾਗੂ ਹੁੰਦਾ ਹੈ ਕਿ ਯਹੂਦੀ ਕੌਮ ਆਉਣ ਵਾਲੀ ਸੰਤਾਨ ਨੂੰ ਦੱਸੇਗੀ ਕਿ ਮੂਸਾ ਅਤੇ ਯਾਹੋਵਾਹ ਦੀ ਮਿਲਣੀ ਇਤਿਹਾਸਿਕ ਸੱਚ ਦਾ ਪ੍ਰਗਟਾ ਹੈ।

ਯਹੂਦੀ ਕੌਮ ਵਿਚ ਇਹ ਵਿਸ਼ਵਾਸ ਪ੍ਰਬਲ ਹੈ ਕਿ ਉਹਨਾਂ ਦੀ ਕੌਮ ਰੱਬ ਵੱਲੋਂ ਚੁਣੀ ਹੋਈ ਕੌਮ ਹੈ। ਉਹਨਾਂ ਦਾ ਕਹਿਣਾ ਹੈ ਕਿ ਪਰਮਾਤਮਾ ਨੇ ਸਾਰੇ ਸੰਸਾਰ ਨਾਲ ਗੱਲ ਕਰਨ ਲਈ ਅਤੇ ਆਪਣਾ ਸੰਦੇਸ਼ ਮਨੁੱਖੀ ਕੌਮ ਤੱਕ ਪਹੁੰਚਾਉਣ ਲਈ ਯਹੂਦੀ ਰਸੂਲ ਤੇ ਨਬੀਆਂ ਨੂੰ ਚੁਣਿਆ। ਇਹ ਲੋਕ ਆਪਣੇ ਆਪ ਨੂੰ ਯਾਹੋਵਾਹ ਦੇ ਚੁਣੇ ਹੋਏ ਲੋਕ ਪ੍ਰਵਾਨ ਕਰਦੇ ਹਨ। ਜਿਸ ਨੇ ਵੀ ਉਸ ਕੌਮ ਪ੍ਰਤੀ ਕਿੰਤੂ-ਪ੍ਰੰਤੂ ਕੀਤਾ ਉਸ ਨੂੰ ਵਿਰੋਧ ਦਾ ਸਾਹਮਣਾ ਕਰਨਾ ਪਿਆ ਇਸੇ ਭਾਵਨਾ ਕਰਕੇ ਮਿਸਰ ਦੇ ਲੋਕਾਂ ਵੱਲੋਂ ਕੀਤੇ ਜ਼ੁਲਮਾਂ ਦਾ ਸਾਹਮਣਾ ਕਰਦੇ ਹੋਏ ਯਹੂਦੀ ਸ਼ਹੀਦੀਆਂ ਪਾ ਗਏ। ਮਿਸਰੀਆਂ ਵੱਲੋਂ ਜਦੋਂ ਉਹਨਾਂ ਤੇ ਜ਼ੁਲਮ ਕੀਤੇ ਜਾ ਰਹੇ ਸਨ ਤਾਂ ਉਹ ਸਤਿ ਦੀ ਸਥਾਪਤੀ ਲਈ ਧਰਮ ਨੂੰ ਛੱਡਣ ਦੀ ਬਜਾਏ ਮੌਤ ਨੂੰ ਚੁਣਨ ਲੱਗੇ। ਉਹਨਾਂ ਦੇ ਵਿਸ਼ਵਾਸ ਅਨੁਸਾਰ ਸਤਿ ਦੀ ਸਥਾਪਤੀ ਲਈ ਉਹਨਾਂ ਦੀ ਗਵਾਹੀ ਹੈ ਅਤੇ ਜੋ ਗਵਾਹ ਬਣਦਾ ਹੈ ਉਸ ਨੂੰ ਸ਼ਹੀਦ ਕਿਹਾ ਜਾਂਦਾ ਹੈ।

ਇਸ ਪ੍ਰਕਾਰ ਯਹੂਦੀ ਧਰਮ ਦੇ ਦਸ ਨਿਯਮਾਂ ਦੇ ਅਹਿਦ ਇਹ ਦਰਸਾਉਂਦੇ ਹਨ ਕਿ ਇਸ ਧਰਮ ਵਿਚ ਸ਼ਹਾਦਤ ਕੇਵਲ ਗਵਾਹੀ ਵਜੋਂ ਹੀ ਸਥਾਪਿਤ ਹੁੰਦੀ ਹੈ। ਹਰ ਅਹਿਦ ਆਪਣੇ ਮੁਕੰਮਲ ਰੂਪ ਵਿਚ ਨਿਸ਼ਾਨੀ ਵਜੋਂ ਗਵਾਹੀ ਬਣਦਾ ਹੈ। ਯਹੂਦੀ ਕੌਮ ਨੇ ਆਪਣੇ ਉਪਰ ਅਨੇਕਾਂ ਤਸੀਹੇ ਸਹੇ ਪਰ ਇਹ ਸਿਰਫ਼ ਆਪਣੀ ਕੌਮ ਲਈ ਹੀ ਸਹੇ ਅਤੇ ਆਪਣੀ ਕੌਮ ਦੀ ਉਚਤਾ ਨੂੰ ਸਥਾਪਿਤ ਕਰਨ ਲਈ ਯਾਹੋਵਾਹ ਦੀ ਚੁਣੀ ਹੋਈ ਜਾਤ ਦਾ ਹੰਕਾਰ ਭਰਿਆ ਐਲਾਨ ਕੀਤਾ।

**ਇਸਾਈ ਧਰਮ ਵਿਚ ਸ਼ਹਾਦਤ ਦਾ ਸੰਕਲਪ:**

ਇਸਾਈ ਧਰਮ ਵਿਚ ਜੋ ਵਿਅਕਤੀ ਧਰਮ ਨੂੰ ਛੱਡਣ ਦੀ ਬਜਾਏ ਮੌਤ ਨੂੰ ਪ੍ਰਵਾਨ ਕਰਦਾ ਹੈ ਅਤੇ ਆਪਣੀ ਜ਼ਿੰਦਗੀ ਸਚਾਈ ਦੇ ਲੇਖੇ ਲਾਉਂਦਾ ਹੋਇਆ ਗਵਾਹੀ ਦਿੰਦਾ ਹੈ ਉਸ ਨੂੰ ਸ਼ਹੀਦ ਕਿਹਾ ਜਾਂਦਾ ਹੈ। ਇਸਾਈ ਧਰਮ ਦਾ ਆਗਾਜ਼ ਹਜ਼ਰਤ ਈਸਾ ਦੁਆਰਾ ਇਸਰਾਇਲ ਦੇ ਛੋਟੇ ਜਿਹੇ ਕਸਬੇ ਬੈਤਲੇਹਮ ਵਿਚ ਜਨਮ ਲੈਣ ਨਾਲ ਸ਼ੁਰੂ ਹੁੰਦਾ ਹੈ। ਹਜ਼ਰਤ ਈਸਾ ਦੇ ਇਕ ਮਸੀਹੇ ਦੇ ਰੂਪ ਵਿਚ ਆਉਣ ਬਾਰੇ ਭਵਿੱਚ ਬਾਣੀ ਪੈਗੰਬਰ ਮੂਸਾ ਨੇ ਹੀ ਕਰ ਦਿੱਤੀ ਸੀ ਪੁਰਾਣੇ ਅਹਿਦਨਾਮੇ ਵਿਚ ਜ਼ਿਕਰ ਹੈ ਕਿ ਹਜ਼ਰਤ ਮੂਸਾ ਨੇ ਕਿਹਾ।

**ਯਹੂਦੀ ਪੋਥੀ ਮੱਤੀ ਵਿਚ ਕਿਹਾ ਹੈ:**

> ਤੁਹਾਡੇ ਵਿਚੋਂ ਅਰਥਾਤ ਤੁਹਾਡੇ ਭਰਾਵਾਂ ਵਿਚੋਂ ਯਾਹੋਵਾਹ ਤੁਹਾਡਾ ਪਰਮੇਸ਼ਵਰ ਮੇਰੇ ਵਰਗਾ ਤੁਹਾਡੇ ਲਈ ਇਕ ਨਬੀ ਖੜਾ ਕਰੇਗਾ, ਤੁਸੀਂ ਉਸਦੀ ਸੁਣਿਓ।[14]

ਯਹੂਦੀ ਧਰਮ ਵਿਚ ਮੂਰਤੀ ਪੂਜਾ, ਵਹਿਮ ਭਰਮ, ਝਾੜ-ਫੂਕ ਆਦਿ ਦੀ ਕੋਈ ਥਾਂ ਨਹੀਂ ਸੀ ਪਰ ਹਜ਼ਰਤ ਈਸਾ ਦੇ ਸਮੇਂ ਤੱਕ ਇਸ ਧਰਮ ਵਿਚ ਬਹੁਤ ਬੁਰਾਈਆਂ ਫੈਲ ਚੁੱਕੀਆਂ ਸਨ। ਇਹਨਾਂ ਬੁਰਾਈਆਂ ਨੂੰ ਦੂਰ ਕਰਨ ਤੇ ਨਵੇਂ ਧਰਮ ਰਾਹੀਂ ਸੱਚ ਦਾ ਪ੍ਰਕਾਸ਼ ਕਰਨ ਲਈ ਪ੍ਰਚਾਰ ਅਰੰਭ ਕੀਤਾ ਗਿਆ। ਹਜ਼ਰਤ ਈਸਾ ਨੇ 30 ਸਾਲ ਦੀ ਉਮਰ ਵਿਚ ਯੂਹੰਨਾਂ ਤੋਂ

ਬਪਤਿਸਮਾ ਲੈ ਕੇ, ਚਾਲੀ ਦਿਨ ਵਰਤ ਰੱਖ ਕੇ, ਉਜਾੜ ਵਿਚ ਘੁੰਮਣ ਤੋਂ ਬਾਅਦ ਸ਼ੈਤਾਨ ਦੇ ਹਰ ਵਾਰ ਦਾ ਮੋੜਵਾਂ ਜਵਾਬ ਦਿੱਤਾ। ਇਸ ਤੋਂ ਬਾਅਦ ਧਰਮ ਪ੍ਰਚਾਰ ਕਰਦੇ ਹੋਏ ਕਿਹਾ।

**ਨਵੇਂ ਅਹਿਦਨਾਮੇ ਦੀ ਪੋਥੀ ਮੱਤੀ ਵਿਚ ਕਿਹਾ ਗਿਆ ਹੈ:**

> ਭਾਈ ਤੋਬਾ ਕਰੋ ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ।[15]

ਇਹ ਰਾਜ ਆਮ ਤੇ ਗਰੀਬ ਦੱਬੇ ਕੁਚਲੇ ਲੋਕਾਂ ਵਾਸਤੇ ਸੀ। ਹਜ਼ਰਤ ਈਸਾ ਦੇ 12 ਚੇਲੇ ਹੋਏ ਜਿਹੜੇ ਬਹੁਤ ਸਾਦਾ ਜੀਵਨ ਬਤੀਤ ਕਰਦੇ ਸਨ। ਇਹਨਾਂ 12 ਚੇਲਿਆਂ ਰਾਹੀਂ ਈਸਾ ਨੀਤੀ ਕਥਾਵਾਂ ਦੇ ਦ੍ਰਿਸ਼ਟਾਂਤ ਦੇ ਕੇ ਲੋਕਾਂ ਨੂੰ ਸਿੱਧੇ ਰਾਹੇ ਪਾਉਂਦੇ। ਈਸਾ ਦੇ ਪਹਾੜੀ ਉਪਦੇਸ਼ਾਂ ਵਿਚ ਆਤਮਿਕ ਵਿਕਾਸ ਦੇ 8 ਚਰਣ ਦੱਸੇ ਗਏ ਹਨ ਜਿਹਨਾਂ ਵਿਚ ਨਿਮਰਤਾ, ਪ੍ਰਾਸ਼ਚਿਤ, ਹਲੀਮੀ, ਆਤਮਿਕ ਭੁੱਖ, ਦਇਆ, ਅੰਦਰੂਨੀ ਸ਼ੁੱਧਤਾ, ਮੇਲ ਮਿਲਾਪ ਅਤੇ ਅੱਠਵਾਂ ਪੜਾਓ ਕੁਰਬਾਨੀ ਦਾ ਦੱਸਿਆ ਗਿਆ ਹੈ। ਹਜ਼ਰਤ ਈਸਾ ਨੇ ਧਰਮ ਦੇ ਰਾਹ ਤੇ ਕੁਰਬਾਨ ਹੋਣ ਵਾਲਿਆਂ ਨੂੰ ਧੰਨ ਕਿਹਾ ਹੈ:

> ਧੰਨ ਉਹ ਜਿਹੜੇ ਧਰਮ ਦੇ ਸਤਾਏ ਗਏ ਹਨ ਕਿਉ ਜੁ ਸੁਰਗ ਦਾ ਰਾਜ ਉਨ੍ਹਾਂ ਦਾ ਹੈ।[16]

ਈਸਾ ਦੇ ਸਮੇਂ ਇਸਰਾਇਲ ਵਿਚ ਰੋਮਨ ਰਾਜ ਕਾਇਮ ਸੀ ਜੋ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਰਾਜ ਸੀ। ਜਿਸ ਨੇ ਵੀ ਇਸ ਰਾਜ ਵਿਚ ਵਿਰੋਧ ਵੀ ਭਾਵਨਾ ਰੱਖੀ ਉਸ ਨੂੰ ਦਬਾ ਦਿੱਤਾ ਗਿਆ। ਇਸਾਈ ਧਰਮ ਦੇ ਪ੍ਰਚਾਰ ਸਮੇਂ ਲੋਕਾਂ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ ਅਤੇ ਇਸ ਵਿਰੋਧ ਦੇ ਬਾਵਜੂਦ ਵੀ ਈਸਾ ਦੇ ਸਿਧਾਂਤਾਂ ਨੂੰ ਅਪਣਾਉਣ ਤੇ ਪ੍ਰਚਾਰ ਕਰਨ ਵਿਚ ਪੂਰੀ ਤਰ੍ਹਾਂ ਦ੍ਰਿੜ੍ਹ ਵਿਸ਼ਵਾਸ ਰੱਖਦਿਆਂ ਜਿਨ੍ਹਾਂ ਲੋਕਾਂ ਨੇ ਆਪਣੀਆਂ ਜਾਨਾਂ, ਵਾਰ ਦਿੱਤੀਆਂ ਉਹਨਾਂ ਨੂੰ ਇਸਾਈ ਧਰਮ ਵਿਚ ਸ਼ਹੀਦ ਦਾ ਦਰਜਾ ਦਿੱਤਾ ਗਿਆ ਹੈ।

**Encyclopedia of Britannica ਅਨੁਸਾਰ:**

> ਸ਼ਹੀਦ ਸ਼ਬਦ ਉਹਨਾਂ ਅਦਬੀ ਗਵਾਹਾਂ ਲਈ ਵਰਤਿਆ ਗਿਆ ਹੈ ਜਿਨ੍ਹਾਂ ਨੇ ਕਾਫ਼ਰ ਪੁਣੇ ਤੇ ਇਸਾਈਅਤ ਦੇ ਮੱਤ ਭੇਦ ਦੌਰਾਨ ਸੱਚ ਤੇ ਧਾਰਨਾਵਾਂ ਦੀ ਖਾਤਿਰ ਆਪਣੀਆਂ ਜਾਨਾ ਵਾਰ ਕੇ ਗਵਾਹੀ ਦਿੱਤੀ।[17]

ਇਸਾਈ ਧਰਮ ਨੂੰ ਪ੍ਰਚਾਰ ਦੌਰਾਨ ਬਹੁਤ ਵਿਰੋਧਾਂ ਤੇ ਅੱਤਿਆਚਾਰਾਂ ਦਾ ਸਾਹਮਣਾ ਕਰਨਾ ਪਿਆ। ਈਸਾ ਦੇ ਸਧਾਰਨ ਤਰੀਕੇ ਨਾਲ ਦਿੱਤੇ ਉਪਦੇਸ਼ ਲੋਕਾਂ ਨੂੰ ਚੰਗੇ ਲਗਦੇ ਸਨ। ਯਹੂਦੀ ਫਿਰਕੇ ਸਾਦੂਕੀ ਅਤੇ ਫਰੀਸੀ ਇਸ ਧਰਮ ਤੋਂ ਖਫ਼ਾ ਸਨ ਕਿਉਂਕਿ ਈਸਾ ਦੇ ਸਿਧਾਂਤਾਂ ਦੇ ਪ੍ਰਚਾਰ ਰਾਹੀਂ ਇਨ੍ਹਾਂ ਫਿਰਕਿਆਂ ਦਾ ਪਖੰਡ ਤੇ ਧਾਰਮਿਕ ਮਨੌਤਾਂ ਦਾ ਖੋਖਲਾਪਨ ਜ਼ਾਹਿਰ ਹੋ ਰਿਹਾ ਸੀ। ਈਸਾ ਦੇ ਉਪਦੇਸ਼, ਕ੍ਰਿਸ਼ਮਿਆਂ ਅਤੇ ਲੋਕਾਂ ਵਿਚ ਵਧਦੀ ਮਹਾਨਤਾ ਨੂੰ ਦੇਖ ਕੇ ਧਾਰਮਿਕ ਆਗੂ ਈਰਖਾ ਕਰਨ ਲੱਗ ਪਏ ਸਨ। ਈਸਾ ਦੇ ਸਬਤ ਦੇ ਦਿਨ (ਸ਼ਨੀਵਾਰ) ਕੰਮ ਕਰਨ ਦੇ ਨੇਮ ਤੋਂ ਇਨਕਾਰੀ ਹੋਣ ਕਰਕੇ ਅਤੇ ਆਪਣੇ ਆਪ ਨੂੰ ਰੱਬ ਦਾ ਪੁੱਤਰ ਕਹਿਣ ਕਰਕੇ ਉਸ ਨੂੰ ਕਾਫ਼ਰ ਕਿਹਾ ਗਿਆ। ਈਸਾ ਆਪਣੇ ਆਪ ਨੂੰ ਯਹੂਦੀਆਂ ਦਾ ਰਾਜਾ ਕਹਿੰਦੇ ਸਨ ਇਸ ਲਈ ਵਿਰੋਧੀਆਂ ਨੇ ਇਸ ਨੂੰ ਰੋਮਨ ਰਾਜ ਦੇ ਖਿਲਾਫ਼ ਵਿਦਰੋਹ ਕਿਹਾ।

ਧਰਮ ਪ੍ਰਚਾਰ ਦੇ ਤੀਜੇ ਸਾਲ ਵਿਰੋਧੀ ਧੜੇ ਦੇ ਪੁਜਾਰੀ ਕਾਫ਼ਰਾਂ ਨੇ ਈਸਾ ਨੂੰ ਛਲ ਨਾਲ ਫੜ ਕੇ ਮਾਰਨ ਬਾਰੇ ਸੋਚਿਆ। ਈਸਾ ਦੇ ਚੇਲੇ ਯਹੂਦਾ ਇਸਕਰਿਯੋਤੀ ਨੇ ਈਸਾ ਨੂੰ ਗ੍ਰਿਫਤਾਰ ਕਰਵਾ ਦਿੱਤਾ। ਸਮੇਂ ਦੇ ਰੋਮਨ ਹਾਕਮ ਪਿਲਾਤੁਸ ਨੇ ਈਸਾ ਨੂੰ ਮੌਤ ਦੀ ਸਜਾ ਸੁਣਾਈ ਤੇ ਸਿਰ ਉੱਪਰ ਕੰਡਿਆਂ ਦਾ ਤਾਜ ਰੱਖ ਕੇ ਹੋਰਨਾਂ ਮੁਜਰਮਾਂ ਨਾਲ ਯੋਰੂਸ਼ਲਮ ਦੇ ਬਾਹਰ ਗੋਲ ਗਾਥਾ ਦੀ ਜਗ੍ਹਾ ਤੇ ਸਲੀਬ ਤੇ ਟੰਗ ਦਿੱਤਾ। ਬਾਈਬਲ ਵਿਚ ਜ਼ਿਕਰ ਹੈ ਕਿ ਤੀਸਰੇ ਦਿਨ ਹਜ਼ਰਤ ਈਸਾ ਵਿਚੋਂ ਜੀ ਉੱਠੇ ਅਤੇ 11 ਚੇਲਿਆਂ ਅਤੇ ਸੇਵਕਾਂ ਨੂੰ ਦਰਸ਼ਨ ਦੇਣ ਤੋਂ ਪਿੱਛੋਂ ਸਵਰਗ ਨੂੰ ਚਲੇ ਗਏ।

**ਇਸ ਸੰਬੰਧੀ ਨਿਊ ਸਟੈਂਡਰਡ ਬਾਈਬਲ ਡਿਕਸ਼ਨਰੀ ਵਿਚ ਦਰਜ ਹੈ:**

> ਈਸਾ ਦੀ ਜ਼ਿੰਦਗੀ ਦੇ ਪੁਨਰਜਨਮ ਦੀ ਗਵਾਹੀ ਪ੍ਰਭੂ ਦੇ ਦੂਤ ਭਰਦੇ ਹਨ ਜਿਨ੍ਹਾਂ ਨੇ ਈਸਾ ਨੂੰ ਕਬਰ ਵਿਚੋਂ ਉਠਦਿਆਂ ਵੇਖਿਆ ਸੀ ਇਸ ਤਰ੍ਹਾਂ ਸ਼ਹੀਦ ਮੌਲਿਕ ਤੌਰ ਤੇ ਰਸੂਲਾਂ ਦੇ ਸੰਬੰਧ ਵਿਚ ਹੈ ਜਿਹੜੇ ਯਿਸੂ ਦੀ ਜ਼ਿੰਦਗੀ ਤੇ ਪੁਨਰਜਨਮ ਦੀ ਗਵਾਹੀ ਦਿੰਦੇ ਹਨ।[18]

ਈਸਾ ਦੀ ਸ਼ਹਾਦਤ ਤੋਂ ਬਾਅਦ ਉਸ ਦੇ ਚੇਲਿਆਂ ਨੇ ਧਰਮ-ਪ੍ਰਚਾਰ ਦਾ ਕੰਮ ਜਾਰੀ ਰੱਖਿਆ। ਯਿਸੂ ਦੇ ਚੇਲਿਆਂ ਦੇ ਪ੍ਰਵਚਨਾ ਅਤੇ ਕਾਰਜਾਂ ਨੇ ਯਹੂਦੀਆਂ ਦੇ ਧਾਰਮਿਕ ਆਗੂਆਂ ਦੇ ਗੁੱਸੇ ਨੂੰ ਬਹੁਤ ਭੜਕਾ ਦਿੱਤਾ। ਉਹਨੀ ਦਿਨੀ ਚੇਲਿਆਂ ਨੇ ਆਪਣੀ ਮਦਦ ਲਈ ਕੁਝ ਸੇਵਕ ਰੱਖੇ ਜਿਨ੍ਹਾਂ ਨੂੰ ਡੀਕਨ ਕਹਿੰਦੇ ਸਨ।

ਡਾ. ਸਰਬਜਿੰਦਰ ਸਿੰਘ ਯਿਸੂ ਮਸੀਹ ਦੇ ਚੇਲਿਆਂ ਦੇ ਪ੍ਰਚਾਰ ਅਤੇ ਸ਼ਹਾਦਤ ਬਾਰੇ ਵਿਚਾਰ ਰੱਖਦੇ ਹਨ:

> ਸਟੀਫਨ ਨਾਂ ਦਾ ਇਕ ਨੌਜਵਾਨ ਅਜਿਹਾ ਪਹਿਲਾ ਸੇਵਕ ਸੀ ਜੋ ਬੜੇ ਜੋਸ਼ ਨਾਲ ਨਵੇਂ ਪੰਥ ਦਾ ਪ੍ਰਚਾਰ ਕਰਦਾ ਸੀ। ਉਸਨੂੰ ਯਹੂਦੀਆਂ ਦੀ ਮਹਾਂ ਸਭਾ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਸਨੇ ਹਜ਼ਰਤ ਅਬਰਾਹਮ ਤੋਂ ਲੈ ਕੇ ਹਜ਼ਰਤ ਈਸਾ ਤੱਕ ਯਹੂਦੀਆਂ ਦੇ ਇਤਿਹਾਸ ਨੂੰ ਨਵੇਂ ਢੰਗ ਨਾਲ ਬਿਆਨਿਆ ਜਿਸ ਤੋਂ ਖਫ਼ਾ ਹੋ ਕੇ ਸਭਾ ਨੇ ਉਸ ਨੂੰ ਪੱਥਰ ਮਾਰ-ਮਾਰ ਕੇ ਕਤਲ ਕੀਤੇ ਜਾਣ ਦਾ ਹੁਕਮ ਦਿੱਤਾ। ਇਹ ਪਹਿਲਾ ਇਸਾਈ ਸ਼ਹੀਦ ਸੀ। ਇਸ ਸ਼ਹਾਦਤ ਨੇ ਇਸ ਨਵੇਂ ਧਰਮ ਦੀਆਂ ਜੜ੍ਹਾਂ ਹੋਰ ਵੀ ਪੱਕੀਆਂ ਕਰ ਦਿੱਤੀਆਂ।[19]

ਇਸ ਤਰ੍ਹਾਂ ਨਵੇਂ ਅਹਿਦਨਾਮੇ ਅਨੁਸਾਰ ਸੇਂਟ ਸਟੀਫਨ ਨੂੰ ਪਹਿਲਾ ਸ਼ਹੀਦ ਮੰਨਿਆ ਜਾਂਦਾ ਹੈ। ਸੇਂਟ ਸਟੀਫਨ ਦੀ ਸ਼ਹਾਦਤ ਤੋਂ ਪਿਛੋਂ ਉਸ ਵੇਲੇ ਦੀ ਸਥਾਨਕ ਸਰਕਾਰ ਨੇ ਇਸਾਈ

ਸਿਧਾਂਤਾਂ ਦੇ ਪ੍ਰਚਾਰ ਤੇ ਪੂਰੀ ਤਰ੍ਹਾਂ ਪਾਬੰਦੀ ਲਾ ਦਿੱਤੀ ਪਰ ਈਸਾ ਦੇ ਸਿਧਾਂਤਾਂ ਤੇ ਚੱਲਣ ਵਾਲਿਆਂ ਨੇ ਰੋਮਨ ਰਾਜ ਅੱਗੇ ਝੁਕਣਾ ਨਾ ਮਨਜ਼ੂਰ ਕਰ ਦਿੱਤਾ। ਇਸ ਦੇ ਨਤੀਜੇ ਵਜੋਂ ਤਿੰਨ ਸ਼ਤਾਬਦੀਆਂ ਤੱਕ ਇਸਾਈਆਂ ਨੂੰ ਵੱਡੇ ਘੱਲੂਘਾਰਿਆਂ ਦਾ ਸਾਹਮਣਾ ਕਰਨਾ ਪਿਆ ਜਿਸ ਵਿਚ ਹਜ਼ਾਰਾਂ ਇਸਾਈਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

**ਮੈਰਿਟ ਸਟੂਡੈਂਟ ਇਨਸਾਈਕਲੋਪੀਡੀਆ ਅਨੁਸਾਰ:**

> ਰੋਮਨ ਕੈਥੋਲਿਕ ਚਰਚ ਅਧਿਕਾਰਤ ਰੂਪ ਵਿਚ ਕੇਵਲ ਉਨ੍ਹਾਂ ਨੂੰ ਹੀ ਸ਼ਹੀਦ ਮੰਨਦੀ ਹੈ ਜਿਹੜੇ ਦੂਜੀ ਜਾਂ ਤੀਜੀ ਸਦੀ ਵਿਚ ਰੋਮਨ ਸਾਮਰਾਜ ਦੇ ਅਤਿਆਚਾਰ ਝੱਲਦੇ ਹੋਏ ਸੇਂਟ ਸਟੀਫਨ ਵਾਂਗ ਆਪਣੇ ਵਿਸ਼ਵਾਸ ਤੇ ਕਾਇਮ ਰਹਿੰਦੇ ਹੋਏ ਸ਼ਹੀਦ ਹੋ ਗਏ। ਇਹ ਸ਼ਹੀਦਾਂ ਨੂੰ ਸੰਤਾਂ ਵਾਂਗ ਆਦਰ ਦਿੰਦੀ ਹੈ ਅਤੇ ਹਰ ਚਰਚ ਵਿਚ ਉਨ੍ਹਾਂ ਦੀਆਂ ਨਿਸ਼ਾਨੀਆਂ ਸਾਂਭਣ ਲਈ ਜਗਵੇਦੀ ਜ਼ਰੂਰੀ ਸਮਝਦੀ ਹੈ।[2]

ਇਸ ਤਰ੍ਹਾਂ ਇਸਾਈ ਧਰਮ ਵਿਚ ਸ਼ਹੀਦ ਉਹ ਹੈ ਜੋ ਰੋਮਨ ਸਾਮਰਾਜ ਦੇ ਜ਼ੁਲਮਾਂ ਨੂੰ ਸਹਾਰਦਾ ਹੋਇਆ ਹਜ਼ਰਤ ਈਸਾ ਦੇ ਸਿਧਾਂਤਾਂ ਤੇ ਵਿਸ਼ਵਾਸ ਨੂੰ ਨਾ ਤਿਆਗਦਾ ਹੋਇਆ ਸ਼ਹੀਦੀ ਪ੍ਰਾਪਤ ਕਰ ਲੈਂਦਾ ਹੈ।

**ਕੈਥਨ ਸਕਾਟ ਹਿਸਟਰੀ ਆਫ਼ ਕਰਿਸਚੈਨਟੀ ਵਿਚ ਕਿਹਾ ਗਿਆ ਹੈ:**

> ਰੋਮਨ ਸਾਮਰਾਜ ਵਿਚ ਇਸਾਈਆਂ ਉੱਤੇ ਇਹ ਦੋਸ਼ ਵੀ ਆਇਦ ਕੀਤਾ ਗਿਆ ਕਿ ਉਹ ਰੋਮਨ ਦੇਵੀ-ਦੇਵਤਿਆਂ ਦੀ ਪੂਜਾ ਤੋਂ ਇਨਕਾਰੀ ਹਨ। ਇਸ ਲਈ ਇਸਾਈਆਂ ਨੂੰ ਬਹੁਤ ਜ਼ੁਲਮਾਂ ਦਾ ਸਾਹਮਣਾ ਕਰਨਾ ਪਿਆ। ਕਈਆਂ ਨੂੰ ਸੂਲੀ ਤੇ ਚਾੜ੍ਹਿਆ ਗਿਆ ਤੇ ਕਈਆਂ ਨੂੰ ਜਿਉਂਦੇ ਸਾੜ ਦਿੱਤਾ ਗਿਆ। ਸ਼ੁਰੂ ਵਿਚ ਤਾਂ ਰੋਮਨ ਸਲਤਨਤ ਨੇ ਇਸਾਈ ਧਰਮ ਵੱਲ ਬਿਲਕੁਲ ਹੀ ਧਿਆਨ ਨਾ ਦਿੱਤਾ

> ਕਿਉਂਕਿ ਉਹ ਈਸਾ ਦੇ ਸਿਧਾਂਤਾਂ ਨੂੰ ਬਿਲਕੁਲ ਹਾਸੋਹੀਣੀ ਗੱਲ ਸਮਝਦੇ ਸਨ ਪਰ ਸਮੱਸਿਆ ਉਸ ਵੇਲੇ ਸ਼ੁਰੂ ਹੋ ਗਈ ਜਦੋਂ ਸਮਰਾਟ ਦੀ ਪੂਜਾ ਦਾ ਸਿਧਾਂਤ ਪ੍ਰਚਲਿਤ ਹੋ ਗਿਆ ਕਿਉਂਕਿ ਉਹਨਾ ਅਨੁਸਾਰ ਰਾਜੇ ਪਰਮਾਤਮਾ ਵੱਲੋਂ ਖੁਦ ਥਾਪੇ ਹੁੰਦੇ ਸਨ। ਉਹ ਪਰਮਾਤਮਾ ਦੇ ਸਿਧਾਂਤਾਂ ਨੂੰ ਲੋਕਾਂ ਤੱਕ ਲੈ ਕੇ ਆਉਣ ਵਾਲੇ ਦੂਤ ਹੁੰਦੇ ਸਨ। ਇਸ ਕਰਕੇ ਉਹ ਜਨ ਸਧਾਰਣ ਲਈ ਪੂਜਣਯੋਗ ਹਨ ਜਿਵੇਂ ਕਿ ਪਰਮਾਤਮਾ। ਪਰ ਇਥੇ ਸਮੱਸਿਆ ਪੈਦਾ ਹੋ ਗਈ ਜਦੋਂ ਇਸਾਈਆਂ ਨੇ ਰਾਜੇ ਨੂੰ ਪਰਮਾਤਮਾ ਦਾ ਰੂਪ ਮੰਨ ਕੇ ਨਮਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ।[21]

ਇਸ ਤਰ੍ਹਾਂ ਯਹੂਦੀਆਂ ਨੇ ਇਸਾਈਆਂ ਉੱਤੇ ਅਨੇਕਾਂ ਅੱਤਿਆਚਾਰ ਕੀਤੇ ਅਤੇ ਉਹਨਾ ਨੂੰ ਬਾਗੀ ਕਰਾਰ ਦਿੱਤਾ ਗਿਆ। ਇਸਾਈ ਧਰਮ ਵਿਚ ਸ਼ਹਾਦਤਾਂ ਯਹੂਦੀਆਂ ਦੇ ਸਮਰਾਟ ਨੂੰ ਪਰਮਾਤਮਾ ਦਾ ਦਰਜਾ ਨਾ ਦਿੱਤੇ ਜਾਣ ਕਾਰਨ ਹੋਈਆਂ। 248 ਈ. ਵਿਚ ਰੋਮਨ ਸਾਮਰਾਜ ਦੇ ਸਥਾਪਨਾ ਦਿਵਸ ਤੇ ਇਸਾਈਆਂ ਨੂੰ ਵੀ ਇਸ ਵਿਚ ਹਿੱਸਾ ਲੈਣ ਲਈ ਹੁਕਮ ਦਿੱਤਾ ਗਿਆ ਪਰ ਇਸਾਈਆਂ ਨੇ ਸਮੂਹਿਕ ਤੌਰ ਤੇ ਇਸ ਵਿਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ ਹਾਕਮਾਂ ਨੇ ਇਸਾਈਆਂ ਨੂੰ ਰੋਮਨ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਸਾਹਮਣੇ ਮੌਤ ਦੇ ਘਾਟ ਉਤਾਰ ਦਿੱਤਾ। ਹਜ਼ਾਰਾਂ ਇਸਾਈਆਂ ਦੇ ਸਿਰ ਧੜਾਂ ਨਾਲੋਂ ਅਲਗ ਕਰ ਦਿੱਤੇ ਗਏ ਪਰ ਇੰਨੇ ਤਸ਼ੱਦਦ ਦੇ ਬਾਵਜੂਦ ਵੀ ਇਸਾਈ ਧਰਮ ਵਿਚ ਵਿਸ਼ਵਾਸ ਰੱਖਣ ਵਾਲਿਆਂ ਦੇ ਹੌਸਲੇ ਬੁਲੰਦ ਰਹੇ ਤੇ ਪ੍ਰਚਾਰ ਮੱਠਾ ਨਾ ਪਿਆ। ਇਹਨਾਂ ਸ਼ਹੀਦੀਆਂ ਦਾ ਸਿਲਸਿਲਾ ਉਸ ਸਮੇਂ ਤੱਕ ਚਲਦਾ ਰਿਹਾ ਜਦੋਂ ਤੱਕ ਰੋਮਨ ਸਾਮਰਾਜ ਨੇ ਇਸਾਈ ਧਰਮ ਨੂੰ ਸਰਕਾਰੀ ਉਚਤਾ ਦਾ ਦਰਜਾ ਨਾ ਦੇ ਦਿੱਤਾ। ਸੇਂਟ ਸਟੀਫਨ ਤੋਂ ਇਲਾਵਾ ਸੇਂਟ ਪਾਲ ਅਤੇ ਸੇਂਟ ਪੀਟਰ ਵੀ ਸ਼ਹੀਦਾਂ ਦੀ ਲੜੀ ਵਿਚ ਆਉਂਦੇ ਹਨ ਜਿਨ੍ਹਾਂ ਨੂੰ ਇਸਾਈ ਧਰਮ ਵਿਚ ਵਿਸ਼ਵਾਸ ਰੱਖਣ ਦੀ ਖ਼ਾਤਿਰ ਮੌਤ ਦੇ ਘਾਟ ਉਤਾਰਿਆ ਗਿਆ। ਇਸਾਈ ਧਰਮ ਵਿਚ ਸ਼ਹਾਦਤ ਦੇ

ਸੰਕਲਪ ਤੋਂ ਇਹ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਇਸ ਵਿਚ ਸ਼ਹੀਦ ਉਹ ਹੈ ਜੋ ਇਸਾਈ ਧਰਮ ਦੇ ਸਿਧਾਂਤਾਂ ਤੇ ਵਿਸ਼ਵਾਸ ਤੇ ਕਾਇਮ ਰਹਿੰਦਾ ਹੋਇਆ ਮੌਤ ਕਬੂਲ ਕਰ ਲੈਂਦਾ ਹੈ ਪਰ ਆਪਣੇ ਅਕੀਦੇ ਉੱਤੇ ਕਾਇਮ ਰਹਿੰਦਾ ਹੈ। ਇਸ ਧਰਮ ਵਿਚ ਸ਼ਹੀਦ ਤੇ ਸ਼ਹਾਦਤ ਦਾ ਪ੍ਰਤੱਖ ਰੂਪ ਆਮ ਇਸਾਈ ਦੇ ਕਿਰਦਾਰ ਦਾ ਲੱਛਣ ਨਹੀਂ ਬਣਦਾ ਸਿਰਫ਼ ਆਪਣੇ ਧਰਮ ਲਈ ਜੂਝਣਾ ਹੀ ਇਸ ਧਰਮ ਦਾ ਮੁੱਖ ਨਿਸ਼ਾਨਾ ਰਿਹਾ ਨਾ ਕਿ ਸਮੁੱਚੀ ਲੋਕਾਈ ਲਈ।

**ਇਸਲਾਮ ਧਰਮ ਵਿਚ ਸ਼ਹਾਦਤ ਦਾ ਸੰਕਲਪ:**

ਇਸਲਾਮ ਧਰਮ ਵਿਚ ਸ਼ਹਾਦਤ ਦਾ ਅਰਥ ਗਵਾਹੀ ਹੀ ਹੈ ਅਤੇ ਇਸ ਦੀ ਗਵਾਹੀ ਨੂੰ ਇਕ ਪਵਿੱਤਰ ਇਕਰਾਰ ਵਜੋਂ ਸਥਾਪਿਤ ਕੀਤਾ ਗਿਆ ਹੈ। ਇਸਲਾਮ ਵਿਚ ਸ਼ਹੀਦ ਦਾ ਰੁਤਬਾ ਬਹੁਤ ਉੱਚਾ ਮੰਨਿਆ ਗਿਆ ਹੈ ਜਿਸ ਦਾ ਸ਼ਾਬਦਿਕ ਅਰਥ ਗਵਾਹੀ ਲਈ ਹਾਜ਼ਿਰ ਹੋਣਾ ਹੈ।

**ਥੋਮਸ ਪੈਤਰਿਕ ਹਿਉਜ਼ ਡਿਕਸ਼ਨਰੀ ਅਨੁਸਾਰ:**

> ਇਸਲਾਮ ਧਰਮ ਵਿਚ ਸ਼ਹਾਦਤ ਦੇਣ ਵਾਲਿਆਂ ਲਈ ਸ਼ਬਦ ਸ਼ਹੀਦ SAHID ਸ਼ੋਹਦ SHUDVD ਆਦਿ ਵਰਤੇ ਗਏ ਹਨ ਅਤੇ ਇਨ੍ਹਾਂ ਦਾ ਸ਼ਾਬਦਿਕ ਅਰਥ ਗਵਾਹੀ ਲਈ ਹਾਜ਼ਰ ਹੋਣਾ ਹੈ।[22]

ਕੁਰਾਨ ਵਿਚ ਸ਼ਹੀਦ ਅਤੇ ਸ਼ਹਾਦਤ ਦਾ ਗੌਰਵ ਅੱਲਾਹ ਜਿੰਨਾਂ ਹੀ ਪਵਿੱਤਰ ਹੈ। ਕੁਰਾਨ ਵਿਚ ਇਹ ਸ਼ਬਦ 33 ਵਾਰ ਆਇਆ ਹੈ। ਇਹ ਖੁਦਾ ਦੀ ਸਲਾਮਤ ਜ਼ਾਤ ਲਈ, ਉਸਦੇ ਹੱਕ ਸੱਚ ਅਤੇ ਸੱਚੇ ਕਲਾਮ ਦੀ ਗਵਾਹੀ ਵਜੋਂ ਆਇਆ ਹੈ। ਕੁਰਾਨ ਵਿਚ ਕਈ ਥਾਂਈਂ ਖੁਦਾ ਨੂੰ ਸ਼ਹੀਦ (ਗਵਾਹ) ਵਜੋਂ ਸੰਬੋਧਨ ਕੀਤਾ ਗਿਆ ਹੈ ਜਿਵੇਂ:-

> ਤੂੰ ਹੀ ਸਭਨਾ ਦਾ ਸ਼ਹੀਦ ਹੈਂ[23]

ਸਮੁਚੇ ਇਸਲਾਮੀ ਹਦੀਸ ਸਾਹਿਤ ਵਿਚ ਸ਼ਹੀਦ ਉਸ ਨੂੰ ਕਿਹਾ ਜਾਂਦਾ ਹੈ ਜੋ ਇਸਲਾਮ ਧਰਮ ਦੇ ਪਰਚਾਰ ਅਤੇ ਪ੍ਰਸਾਰ ਲਈ ਕਾਫ਼ਰਾਂ ਵਿਰੁੱਧ ਲੜਦਾ ਹੋਇਆ ਮਾਰਿਆ ਜਾਂਦਾ ਹੈ।

**ਇਸ ਸੰਬੰਧ ਵਿਚ ਡਾ. ਰਤਨ ਸਿੰਘ ਜੱਗੀ ਲਿਖਦੇ ਹਨ:**

> ਸਮੁੱਚੇ ਇਸਲਾਮੀ ਹਦੀਸ ਸਾਹਿਤ ਵਿਚ ਸ਼ਹੀਦ ਉਸ ਨੂੰ ਕਿਹਾ ਜਾਂਦਾ ਹੈ ਜੋ ਇਸਲਾਮ ਧਰਮ ਦੇ ਪ੍ਰਸਾਰ ਲਈ ਕਾਫ਼ਿਰਾਂ ਵਿਰੁੱਧ ਲੜਦਾ ਹੋਇਆ ਮਾਰਿਆ ਜਾਂਦਾ ਹੈ ਉਸ ਲਈ ਬਹਿਸ਼ਤ ਦੇ ਦੁਆਰ ਖੁੱਲ੍ਹੇ ਦੱਸੇ ਜਾਂਦੇ ਹਨ। 'ਮੁਨਕਰ' ਤੇ 'ਨਕੀਰ' ਫਰਿਸ਼ਤੇ ਉਸ ਦੇ ਕਰਮਾਂ ਦਾ ਹਿਸਾਬ ਨਹੀਂ ਕਰਦੇ ਉਸ ਨੂੰ ਬਹਿਸ਼ਤ ਵਿਚ ਖੁਦਾ ਦੇ ਤਖਤ ਦੇ ਨੇੜੇ ਜਗ੍ਹਾ ਮਿਲਦੀ ਹੈ।[24]

ਇਸ ਪ੍ਰਕਾਰ ਇਸਲਾਮ ਵਿਚ ਸ਼ਹੀਦ ਤੇ ਅੱਲਾਹ ਦਾ ਰਿਸ਼ਤਾ ਬਹੁਤ ਨੇੜੇ ਦਾ ਦਰਸਾਇਆ ਗਿਆ ਹੈ। ਸ਼ਹੀਦ ਕਦੇ ਮਰਦੇ ਨਹੀਂ ਸਗੋਂ ਮੌਤ ਦੇ ਇਮਤਿਹਾਨ ਵਿਚੋਂ ਗੁਜ਼ਰ ਕੇ ਰੱਬ ਦੀ ਰਹਿਮਤ ਪ੍ਰਾਪਤ ਕਰਦੇ ਹਨ।

**ਕੁਰਾਨ ਦੀ ਸੂਰਤ-ਅਲ-ਇਮਰਾਨ ਵਿਚ ਕਿਹਾ ਗਿਆ ਹੈ:**

> ਜੋ ਲੋਕ ਅੱਲਾਹ ਦੇ ਰਾਹ ਵਿਚ ਮਾਰੇ ਗਏ ਹਨ ਉਹਨਾਂ ਨੂੰ ਮੁਰਦੇ ਨਾ ਕਹੋ ਉਹ ਮਰਦੇ ਨਹੀਂ ਸਗੋਂ ਜਿਊਂਦੇ ਹਨ ਤੁਸੀਂ ਉਹਨਾਂ ਦੇ ਜੀਵਨ ਨੂੰ ਸਮਝ ਨਹੀਂ ਸਕਦੇ।[25]

ਹਦੀਸ ਸਾਹਿਤ ਵਿਚ ਸ਼ਹੀਦਾਂ ਨੂੰ ਜਿਊਂਦੇ ਹੀ ਕਰਾਰ ਦਿੱਤਾ ਜਾਂਦਾ ਹੈ ਅਤੇ ਆਮ ਮਨੁੱਖਾਂ ਵਾਂਗ ਰੋਜ਼ੀ ਪ੍ਰਾਪਤ ਕਰਦੇ ਦਰਸਾਇਆ ਗਿਆ ਹੈ ਕਿਉਂਕਿ ਅੱਲਾਹ ਉਹਨਾਂ ਤੇ ਖੁਸ਼ ਹੈ।

**ਕੁਰਾਨ ਦੀ ਸੂਰਤ-ਅਲ-ਇਮਰਾਨ ਅਨੁਸਾਰ:**

> ਜਿਹੜੇ ਲੋਕ ਅੱਲਾਹ ਦੇ ਰਾਹ ਵਿਚ ਕਤਲ ਹੋਏ ਉਹਨਾਂ ਨੂੰ ਮੁਰਦਾ ਨਾ ਸਮਝੋ। ਉਹ ਤਾਂ ਹਕੀਕਤ ਵਿਚ ਜਿਊਂਦੇ ਹਨ। ਆਪਣੇ ਰੱਬ ਦੇ ਹਜ਼ੂਰ ਉਹਨਾਂ ਨੂੰ ਰਿਜ਼ਕ ਦਿੱਤਾ ਜਾਂਦਾ ਹੈ। ਜੋ ਕੁਝ ਅੱਲਾਹ ਨੇ

> ਆਪਣੇ ਫਜ਼ਲੋਂ ਉਹਨਾਂ ਨੂੰ ਬਖਸ਼ਿਆ ਹੈ ਉਹ ਉਸ ਤੋਂ ਡਾਹਢੇ ਪ੍ਰਸੰਨ ਤੇ ਸੰਤੁਸ਼ਟ ਹਨ।[26]

ਇਸਲਾਮ ਵਿਚ ਸ਼ਹੀਦ ਨੂੰ ਆਮ ਮਨੁੱਖ ਵਾਂਗ ਦਫਨਾਉਣ ਤੋਂ ਪਹਿਲਾਂ ਨੁਹਾਇਆ ਨਹੀਂ ਜਾਂਦਾ ਕਿਉਂਕਿ ਉਹ ਸ਼ਹੀਦੀ ਪ੍ਰਾਪਤ ਕਰਕੇ ਪਹਿਲਾਂ ਹੀ ਪਵਿੱਤਰ ਹੋ ਚੁੱਕਾ ਹੁੰਦਾ ਹੈ। ਸ਼ਹੀਦ ਕਿਆਸਤ ਵਾਲੇ ਦਿਨ ਆਪ ਤਾਂ ਰੋਸ਼ਨੀ ਬਿਖੇਰਦੇ ਹਨ ਸਗੋਂ ਦੂਜਿਆ ਦੇ ਗੁਨਾਹਾਂ ਦੀ ਮੁਆਫੀ ਲਈ ਵੀ ਜ਼ਰੀਆ ਬਣਦੇ ਹਨ।

**ਕੁਰਾਨ ਦੀ ਸੂਰਤ-ਅਲ-ਇਮਰਾਨ ਅਨੁਸਾਰ:**

> ਜੇ ਤੁਸੀਂ ਅੱਲਾਹ ਦੇ ਰਾਹ ਵਿਚ ਮਾਰੇ ਜਾਓ
> ਜਾਂ ਮਰ ਜਾਓ ਤਾਂ ਅੱਲਾਹ ਵੱਲੋਂ ਤੁਹਾਡੇ
> ਵਲ ਆਉਣ ਵਾਲੀ ਬਖਸ਼ਿਸ਼ ਤੇ ਮਿਹਰ ਬਹੁਤ
> ਚੰਗੀ ਹੋਵੇਗੀ, ਅਰਥਾਤ ਜੇ ਤੁਸੀਂ ਮਰ ਜਾਓ
> ਜਾਂ ਮਾਰੇ ਜਾਓ ਤਾਂ ਤੁਹਾਡੇ ਅੱਲਾਹ ਦੇ ਹਜ਼ੂਰ
> ਪਰਤਾ ਕੇ ਇਕੱਤਰ ਕੀਤਾ ਜਾਵੇਗਾ।[27]

ਇਸਲਾਮ ਵਿਚ ਸ਼ਹੀਦ ਨੂੰ ਬੜਾ ਉੱਚਾ ਰੁਤਬਾ ਪ੍ਰਾਪਤ ਹੈ। ਸ਼ਹੀਦ ਨਬੀਆਂ ਤੇ ਸਿਦੀਕਾਂ ਦਾ ਦਰਜਾ ਪ੍ਰਾਪਤ ਕਰ ਲੈਂਦਾ ਹੈ। ਜਿਵੇਂ ਰਸੂਲਾਂ ਦੀ ਬਾਣੀ ਹੈ।

**ਕੁਰਾਨ ਦੀ ਸੂਰਤ-ਅਲ-ਨਿਸ਼ਾ ਵਿਚ ਕਿਹਾ ਹੈ:**

> ਜਿਹੜੇ ਪ੍ਰਾਣੀ ਅੱਲਾਹ ਤੇ ਰਸੂਲ ਦੀ ਆਗਿਆ ਦਾ ਪਾਲਣ ਕਰਦੇ ਰਹਿਣਗੇ, ਉਹ ਉਹਨਾਂ ਲੋਕਾਂ ਨਾਲ ਮਿਲ ਜਾਣਗੇ, ਜਿਨ੍ਹਾਂ ਉੱਤੇ ਅੱਲਾਹ ਨੇ ਮਿਹਰ ਕੀਤੀ ਸੀ, ਅਰਥਾਤ ਨਬੀਆਂ, ਸਿੱਦੀਕਾਂ, ਸ਼ਹੀਦਾਂ

> ਤੇ ਭਲੇ ਪੁਰਖਾਂ ਨਾਲ ਇਹ ਲੋਕ ਚੰਗੇ ਸਾਥੀ ਹਨ। ਇਹ ਅੱਲਾਹ ਵੱਲੋਂ ਮਿਹਰ ਹੈ ਤੇ ਅੱਲਾਹ ਜਾਨਣਹਾਰ ਹੈ।[28]

ਇਸਲਾਮ ਵਿਚ ਧਰਮ ਦੇ ਰਾਹ ਤੇ ਸ਼ਹੀਦ ਹੋਣ ਵਾਲੇ ਨੂੰ ਸ਼ਹੀਦ-ਉਲ ਕਾਮਿਲ ਕਿਹਾ ਗਿਆ ਹੈ। ਜੋ ਵਿਅਕਤੀ ਹਜ਼ਰਤ ਮੁਹੰਮਦ ਸਾਹਿਬ ਨਾਲ ਲੜਾਈਆਂ ਵਿਚ ਸ਼ਾਮਿਲ ਹੋ ਕੇ ਆਪਣੀ ਜਾਨ ਕੁਰਬਾਨ ਕਰਦੇ ਹਨ, ਉਹਨਾਂ ਦੀ ਸ਼ਹੀਦੀ ਅਮਰ ਮੰਨੀ ਗਈ ਹੈ। ਇਸੇ ਲਈ 'ਜਿਹਾਦ' ਵਿਚ ਸ਼ਾਮਲ ਹੋ ਕੇ ਆਪਾ ਵਾਰਨਾ ਉੱਤਮ ਕਾਰਜ ਸਵੀਕਾਰ ਕੀਤਾ ਹੈ। ਇਸਲਾਮ ਵਿਚ ਸ਼ਹੀਦ ਦੇ ਕਈ ਉਪਭੇਦ ਹਨ, ਪਰ ਸਭ ਤੋਂ ਸ੍ਰੇਸ਼ਟ ਸ਼ਹੀਦ ਉਸਨੂੰ ਸਮਝਿਆ ਜਾਂਦਾ ਹੈ ਜੋ ਰੱਬ ਦੀ ਰਜ਼ਾ ਵਿਚ ਸਚਾਈ ਦੇ ਮਾਰਗ ਉੱਤੇ ਚੱਲਦੇ ਹੋਇਆ ਆਪਣੀ ਜਾਨ ਵਾਰ ਦੇਵੇ। ਇਸੇ ਕਰਕੇ ਇਸਾਮ ਹਸਨ ਅਤੇ ਹੁਸੈਨ ਨੂੰ ਇਸਲਾਮ ਵਿਚ ਮਹਾਨ ਸ਼ਹੀਦ ਦੀ ਪਦਵੀ ਪ੍ਰਾਪਤ ਹੈ। ਉਂਞ ਹੱਕ ਦੇ ਰਾਹ ਤੇ ਚਲਦਿਆਂ ਸ਼ਹਾਦਤ ਪ੍ਰਾਪਤ ਕਰਨ ਵਾਲੇ ਇਸਲਾਮ ਵਿਚ ਅਨੇਕਾਂ ਸ਼ਹੀਦ ਹਨ। ਉਪਰੋਕਤ ਉਦਾਹਰਣਾਂ ਸ਼ਹਾਦਤ ਨੂੰ ਰੱਬੀ ਹੋਂਦ ਵਿਚ ਵਿਸ਼ਵਾਸ, ਰਸੂਲ ਦੀ ਰੱਬ ਨਾਲ ਨੇੜਤਾ, ਆਤਮਾ ਦੀ ਸਦੈਵਤਾ ਦਾ ਵਿਚਾਰ, ਪ੍ਰਲੋਕ ਵਿਚ ਵਿਸ਼ਵਾਸ ਕਰਮ ਫਲ ਉਤੇ ਕੇਂਦਰਿਤ ਕਰਦੀਆਂ ਹਨ।

**ਪੰਜਾਬੀ ਵਿਸ਼ਵ ਕੋਸ਼ ਅਨੁਸਾਰ:**

> ਦਰਜਾਬੰਦੀ ਪੱਖੋਂ ਇਸਲਾਮ ਦੋ ਤਰ੍ਹਾਂ ਸ਼ਹੀਦੀ ਮੰਨਦਾ ਹੈ ਖ਼ੁਦਾ ਦੇ ਡਰ ਨਾਲ ਰੋਂਦਿਆਂ ਜੇਕਰ ਕਦੀ ਮਰ ਜਾਵੇ ਤਾਂ ਉਸਨੂੰ 'ਸ਼ਹਾਦਤ-ਕਿਬਰਾ' ਅਰਥਾਤ ਵੱਡੀ ਸ਼ਹੀਦੀ ਪ੍ਰਾਪਤ ਹੁੰਦੀ ਹੈ। ਸ਼ਹੀਦੇ-ਅਕਬਰ ਤੋਂ ਕਿਆਮਤ ਵਾਲੇ ਦਿਨ ਕਿਸੇ ਪ੍ਰਕਾਰ ਦਾ ਹਿਸਾਬ ਨਹੀਂ ਮੰਗਿਆ ਜਾਂਦਾ।[29]

ਇਸ ਤਰ੍ਹਾਂ ਉਪ-ਭੇਦਾਂ ਅਨੁਸਾਰ ਸ਼ਹੀਦ ਵੱਖੋ-ਵੱਖਰੇ ਪ੍ਰਸੰਗ ਵਿਚ ਆਏ ਹਨ 'ਸ਼ਹੀਦੇ ਕਿਬਰਾ' ਤੇ 'ਸ਼ਹੀਦੇ ਅਕਬਰ' ਪਰ ਸਭ ਤੋਂ ਉੱਤਮ ਸ਼ਹੀਦ ਧਰਮ ਦੇ ਰਾਹ ਤੇ ਮਰਨ ਵਾਲਾ ਹੀ

ਮੰਨਿਆ ਗਿਆ ਹੈ। ਇਤਿਹਾਸਿਕ ਨਜ਼ਰੀਏ ਤੋਂ ਸ਼ਹੀਦ ਦਾ ਪ੍ਰਸੰਗ ਹਜ਼ਰਤ ਮੁਹੰਮਦ ਸਾਹਿਬ ਨਾਲ ਬਦਰ ਦੀ ਲੜਾਈ ਵਿਚ ਜੂਝਣ ਵਾਲਿਆਂ ਨਾਲ ਉਭਰਦਾ ਹੈ ਜੋ ਇਸ ਯੁੱਧ ਵਿਚ ਹਜ਼ਰਤ ਮੁਹੰਮਦ ਸਾਹਿਬ ਨਾਲ ਉਹਨਾਂ ਦੀ ਤਰਫ਼ ਤੋਂ ਲੜਦੇ ਹੋਏ ਮਾਰੇ ਗਏ ਇਹਨਾਂ ਨੂੰ ਪਹਿਲੇ ਸ਼ਹੀਦਾਂ ਵਜੋਂ ਮਾਨਤਾ ਪ੍ਰਾਪਤ ਹੈ। ਇਸਲਾਮ ਵਿਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸ਼ਹੀਦ ਸਿੱਧੇ ਬਹਿਸ਼ਤਾਂ ਵਿਚ ਜਾਂਦੇ ਹਨ। ਬਹਿਸ਼ਤ ਨੂੰ ਅਤਿ ਸੁੰਦਰ ਸਥਨ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ।

**ਕੁਰਾਨ ਦੀ ਸੂਰਤ-ਅਲ-ਇਮਰਾਨ ਅਨੁਸਾਰ:**

> ਇਥੇ ਹਰਿਆਲੇ ਬਾਗਾਂ ਵਿਚ ਸੁੰਦਰ ਤੇ ਸੁਹਾਵਣੇ ਝਰਨਿਆਂ ਦੀਆਂ ਠੰਡੀਆਂ ਹਵਾਵਾਂ ਵਿਚ ਸ਼ਹੀਦਾਂ ਨੂੰ ਖੇੜੇ ਮਾਣਦੇ ਹੋਏ ਦਰਸਾਇਆ ਹੈ ਅਤੇ ਉਸਦੀ ਸੰਗਤ ਲਈ ਹਰ ਇਕ ਵਾਸਤੇ ਬਹੱਤਰ ਕਾਲੀਆਂ ਮੋਟੀਆਂ ਅੱਖਾਂ ਵਾਲੀਆਂ ਹੂਰਾਂ ਸੇਵਾ ਲਈ ਹਮੇਸ਼ਾ ਤਤਪਰ ਰਹਿੰਦੀਆਂ ਹਨ। ਸਿੱਪ ਵਿਚ ਲੁਕੇ ਮੋਤੀਆਂ ਵਾਂਗ ਉਹਨਾਂ ਦਾ ਸਿਰ ਕੰਚਨ ਹੁਸਨ ਉਹਨਾਂ ਨੂੰ ਹਮੇਸ਼ਾ ਖੁਸ਼ ਰਖੇਗਾ। ਫ਼ਲ ਨਾਲ ਲੱਦੇ ਬ੍ਰਿਖ ਤੇ ਖੁਲ੍ਹੀ ਛਾਂ ਹੇਠ ਵਗਦੇ ਪਾਣੀਆਂ ਦੇ ਕੰਢੇ ਫ਼ਲਾਂ ਦੇ ਢੇਰ ਉੱਤੇ ਉਹਨਾਂ ਦਾ ਵਾਸਾ ਹੋਵੇਗਾ।[3•]

ਇਸਲਾਮ ਵਿਚ ਮੁੱਖ ਤੌਰ ਤੇ ਸ਼ਹੀਦ ਤੇ ਉੱਤਮ ਸ਼ਹੀਦ ਉਹੀ ਹੈ ਜੋ ਰੱਬ ਦੇ ਰਾਹ ਤੇ ਆਪਣੀ ਜਾਨ ਕੁਰਬਾਨ ਕਰ ਦਿੰਦਾ ਹੈ। ਇਸਲਾਮ ਵਿਚ ਇਸਲਾਮ ਧਰਮ ਦੀ ਰੱਖਿਆ ਖਾਤਿਰ ਜੂਝ ਕੇ ਮਰਨ ਵਾਲਾ ਸ਼ਹੀਦ ਹੈ ਨਹੀਂ ਤਾਂ ਉਹ ਕਾਫ਼ਰ ਹੈ। ਸ਼ਹੀਦ ਨੂੰ ਸਵਰਗ ਵਿਚ ਖਾਸ ਪਹਿਲ ਦਿੱਤੀ ਜਾਂਦੀ ਹੈ। ਸਵਰਗ ਦੀਆਂ ਹੂਰਾਂ ਉਸਦੀ ਸੇਵਾ ਲਈ ਤਤਪਰ ਰਹਿਦੀਆਂ ਹਨ ਤੇ ਸ਼ਹੀਦਾਂ ਦਾ ਰੁਤਬਾ ਪੈਗੰਬਰ ਤੋਂ ਅਗਲਾ ਮੰਨਿਆ ਗਿਆ ਹੈ। ਸਮੁੱਚੇ ਰੂਪ ਵਿਚ ਇਸਲਾਮੀ ਵਿਸ਼ਵਾਸਾਂ ਦੀ ਖਾਤਿਰ ਜੂਝ ਕੇ ਮਰਨ ਵਾਲਾ ਹੀ ਅਸਲੀ ਸ਼ਹੀਦ ਹੈ। ਆਮ ਮਨੁੱਖਤਾ ਦੇ ਹਿੱਤਾਂ ਦੀ ਰਾਖੀ ਲਈ ਜੂਝਣਾ ਇਸਲਾਮੀ ਸ਼ਹੀਦ ਦਾ ਕਰੱਤਵ ਨਹੀਂ ਹੈ।

**ਹਿੰਦੂ ਧਰਮ ਵਿਚ ਸ਼ਹਾਦਤ ਦਾ ਸੰਕਲਪ:**

ਹਿੰਦੂ ਧਰਮ ਵਿਚ ਸ਼ਹਾਦਤ ਦਾ ਕੋਈ ਸੰਕਲਪ ਨਹੀਂ ਹੈ। ਵੈਦਿਕ ਕਾਲ ਵਿਚ ਬਲੀਆਂ ਦਿੱਤੀਆਂ ਜਾਂਦੀਆਂ ਸਨ ਪਰ ਇਹ ਬਲੀਆਂ ਪਸ਼ੂਆਂ ਦੀਆਂ ਦਿੱਤੀਆਂ ਜਾਂਦੀਆਂ ਸਨ। ਕਿਸੇ ਆਦਰਸ਼ਕ ਸਚਾਈ ਲਈ ਮਨੁੱਖੀ ਆਹੂਤੀ ਨਹੀਂ ਸੀ ਦਿੱਤੀ ਜਾਂਦੀ। ਇਹਨਾਂ ਪਸ਼ੂ ਬਲੀਆਂ ਦਾ ਮੰਤਵ ਦੇਵੀ-ਦੇਵਤਿਆਂ ਦੀ ਅਤੇ ਪਿਤਰਾਂ ਦੀ ਖੁਸ਼ੀ ਪ੍ਰਾਪਤ ਕਰਨਾ ਸੀ ਜੋ ਕਿ ਨਿਸ਼ਚਿਤ ਕਰਮ ਕਾਂਡ ਉੱਤੇ ਅਧਾਰਿਤ ਸਨ। ਜਿਸ ਦਾ ਸ਼ਹਾਦਤ ਨਾਲ ਕੋਈ ਸਰੋਕਾਰ ਨਹੀਂ ਸੀ।

ਡਾ. ਜਸਪਾਲ ਸਿੰਘ ਬਲੀ ਤੇ ਹਿੰਦੂ ਸ਼ਹਾਦਤ ਵਿਚਲੇ ਅੰਤਰ ਨੂੰ ਸਪਸ਼ਟ ਕਰਦੇ ਵਿਆਖਿਆ ਕਰਦੇ ਹਨ:

> ਬਲੀ ਅਤੇ ਸ਼ਹਾਦਤ ਵਿਚਕਾਰ ਬੁਨਿਆਦੀ ਫਰਕ ਹੈ, ਬਲੀ ਵਿਚ ਸੁਆਰਥ ਹੀ ਸੁਆਰਥ ਹੈ ਜਦ ਕਿ ਸ਼ਹਾਦਤ ਦਾ ਉਦੇਸ਼ ਸੌ ਫੀ ਸੀ ਪਰਮਾਰਥ, ਪਰਉਪਕਾਰ ਤੇ ਦੂਜਿਆਂ ਦੀ ਭਲਾਈ ਹੁੰਦਾ ਹੈ। ਬਲੀ ਵਿਚ ਦੂਜੇ ਦਾ ਖੂਨ ਡੁੱਲਦਾ ਹੈ। ਸ਼ਹਾਦਤ ਵਿਚ ਸ਼ਹੀਦ ਆਪਣਾ ਖੂਨ ਡੋ੍ਲਦਾ ਹੈ। ਸਪੱਸ਼ਟ ਹੈ ਕਿ ਆਪਣੇ ਸਵਾਰਥ ਲਈ ਦੂਜਿਆਂ ਦਾ ਖੂਨ ਵਹਾਉਣਾ ਬਲੀ ਹੈ ਅਤੇ ਦੂਜਿਆਂ ਦੇ ਭਲੇ ਲਈ ਆਪਣਾ ਆਪ ਪੇਸ਼ ਕਰਨਾ, ਆਪਣਾ ਸਰੀਰ ਕੁਰਬਾਨ ਕਰਨਾ, ਆਪਣਾ ਖੂਨ ਦੇਣਾ, ਸ਼ਹਾਦਤ ਹੈ।[31]

ਹਿੰਦੂ ਧਰਮ ਵਿਚ ਦੇਹ ਤਿਆਗ ਕਰਨ ਦਾ ਸੰਕਲਪ ਸ਼ਹਾਦਤ ਦੇ ਸੰਕਲਪ ਨਾਲ ਮੇਲ ਨਹੀਂ ਖਾਂਦਾ। ਸ਼ਹੀਦ ਦੇ ਗੁਣਾਂ ਵਿਚ ਸੋਝੀ, ਸਾਹਸ, ਨਿਆਂ, ਪਰਉਪਕਾਰ, ਸਹਿਜ, ਸਹਿਣਸ਼ੀਲਤਾ, ਦ੍ਰਿੜਤਾ, ਦੂਰ ਦ੍ਰਿਸ਼ਟੀ ਚੜ੍ਹਦੀ ਕਲਾ ਅਤੇ ਪ੍ਰਭੂ ਬੰਦਗੀ ਦੇ ਗੁਣ ਸ਼ਾਮਿਲ ਹੁੰਦੇ ਹਨ। ਸ਼ਹੀਦ ਇਹਨਾਂ ਗੁਣਾਂ ਨੂੰ ਧਾਰਨ ਕਰਦਾ ਹੋਇਆ ਕਿਸੇ ਸ਼ੁਭ ਕਾਰਜ ਲਈ, ਸਮਾਜ ਦੀਆਂ ਸਾਂਝੀਆਂ ਸਮੱਸਿਆਵਾਂ ਦਾ ਟਾਕਰਾ ਹੋਇਆ ਉਹਨਾਂ ਨੂੰ ਦੂਰ ਕਰਨ ਲਈ ਅਤੇ

ਧਾਰਮਿਕ ਕਦਰਾਂ-ਕੀਮਤਾਂ ਲਈ ਜਾਗਰੂਕਤਾ ਜਗਾਉਣ ਲਈ ਜਦੋਂ ਕਿਸੇ ਹੋਰ ਦੇ ਤਸ਼ੱਦਤ ਨੂੰ ਝਲਦਾ ਹੋਇਆ ਆਪਣੀ ਮਰਜ਼ੀ ਨਾਲ ਮੌਤ ਕਬੂਲ ਕਰਦਾ ਹੈ ਤਾਂ ਅਜਿਹੇ ਕਰਮ ਨੂੰ ਸ਼ਹਾਦਤ ਕਹਿੰਦੇ ਹਨ। ਬਲੀ ਨੂੰ ਸ਼ਹਾਦਤ ਨਹੀਂ ਕਿਹਾ ਜਾ ਸਕਦਾ। ਬਲੀ ਕਿਸੇ ਦੀ ਜਾਨ ਲੈਣ ਲਈ ਦਿੱਤੀ ਜਾਂਦੀ ਹੈ ਨਾ ਕਿ ਕਿਸੇ ਪਰਉਪਕਾਰ ਲਈ ਭਾਰਤੀ ਸਮਾਜ ਤੇ ਸੱਭਿਆਚਾਰ ਵਿਚ ਸ਼ਹਾਦਤ ਸ਼ਬਦ ਮਿਲਦਾ ਹੀ ਨਹੀਂ ਹੈ। ਜਦੋਂ ਤੱਕ ਭਾਰਤ ਵਿੱਚ ਮੁਗ਼ਲ ਆਏ ਉਸ ਸਮੇਂ ਤੱਕ ਸ਼ਹਾਦਤ ਦਾ ਸੰਕਲਪ ਨਹੀਂ ਮਿਲਦਾ। ਹਿੰਦੂ ਸ਼ਹਾਦਤ ਸੰਬੰਧੀ ਡਾ. ਦਰਸ਼ਨ ਸਿੰਘ ਦਾ ਵਿਚਾਰ ਪ੍ਰਾਸੰਗਿਕ ਹੈ:

> ਬਹੁਤ ਹੀ ਅਚੰਭੇ ਵਾਲ ਗੱਲ ਹੈ ਕਿ ਗੁਰੂ ਅਰਜਨ ਦੇਵ ਜੀ ਦਾ ਸ਼ਹਾਦਤ ਤੋਂ ਪਹਿਲਾਂ ਭਾਰਤੀ ਸੱਭਿਆਚਾਰ ਵਿਚ ਸ਼ਹਾਦਤ ਦਾ ਸੰਕਲਪ ਪ੍ਰਾਪਤ ਹੀ ਨਹੀਂ ਸੀ। ਪਹਿਲੀ ਵਾਰ ਗੁਰੂ ਅਰਜਨ ਪਾਤਸ਼ਾਹ ਲਈ ਸ਼ਹੀਦ ਸ਼ਬਦ ਵਰਤਿਆ ਗਿਆ।[32]
>
> ਭਾਰਤੀ ਧਰਮ ਚਿੰਤਨ ਵਿਚ ਸ਼ਹੀਦ ਸ਼ਬਦ ਦੀ ਅਣਹੋਂਦ ਹੀ ਰਹੀ ਹੈ। ਹਿੰਦੂ ਸਾਹਿਤ ਵਿਚ 'ਦੇਹ ਤਿਆਗ' ਅਤੇ 'ਸੰਕਲਪ' ਸ਼ਬਦ ਵਰਤੋਂ ਵਿਚ ਲਿਆਂਦੇ ਗਏ ਹਨ ਪਰ ਇਹ ਸਾਰੇ ਸ਼ਬਦ ਸ਼ਹਾਦਤ ਵਜੋਂ ਰੂਪਮਾਨ ਹੁੰਦੇ ਨਜ਼ਰ ਨਹੀਂ ਆਉਂਦੇ।[33]

ਹਿੰਦੂ ਵਿਸ਼ਵਾਸ ਅਨੁਸਾਰ ਸੰਕਲਪ ਕਰਕੇ ਦੇਹ ਤਿਆਗ ਕਰਨਾ ਕੁਰਬਾਨੀ ਹੈ ਭਾਵੇਂ ਉਹ ਕਿਸੇ ਮਨੁੱਖ, ਪਰਿੰਦੇ ਜਾਂ ਜਾਨਵਰ ਲਈ ਹੀ ਹੋਵੇ। ਕੁਰਬਾਨੀ ਨੂੰ ਅੱਗੋਂ ਬਲੀਦਾਨ ਦੇ ਸ਼ਬਦ ਰਾਹੀਂ ਪੇਸ਼ ਕੀਤਾ ਗਿਆ ਹੈ। ਇਸ ਬਲੀਦਾਨ ਨੂੰ ਸਪਸ਼ਟ ਕਰਦਿਆਂ ਅਨੇਕਾਂ ਕਥਾਵਾਂ ਹਿੰਦੂ ਮਿਥਿਹਾਸ ਵਿਚੋਂ ਮਿਲ ਜਾਂਦੀਆਂ ਹਨ ਜਿਨ੍ਹਾਂ ਦਾ ਸੰਬੰਧ ਦੇਵੀ ਦੇਵਤਿਆਂ ਨਾਲ ਜੁੜਿਆ ਮਿਲ ਜਾਂਦਾ ਹੈ। ਬਲੀ ਦੀ ਵਸਤੂ ਕੋਈ ਵੀ ਹੋ ਸਕਦੀ ਹੈ ਜਿਵੇਂ ਮਨੁੱਖ, ਪਸ਼ੂ ਅਤੇ ਭੌਤਿਕ ਵਸਤੂ ਵੀ ਬਲੀ ਦੀ ਸਮੱਗਰੀ ਹੋ ਸਕਦੀ ਹੈ। ਬਲੀ ਸਵੈ ਸੇਵੀ ਨਹੀਂ ਹੁੰਦੀ ਕਿਉਂਕਿ ਉਸ ਵਿੱਚ ਬਲੀ ਦਿੱਤੇ ਜਾਣ ਵਾਲੇ ਦੀ ਇੱਛਾ ਨਹੀਂ ਪੁੱਛੀ ਜਾਂਦੀ। ਇਹ ਬਾਹਰੀ ਸਾਧਨ

ਰਾਹੀਂ ਦੇਵੀ-ਦੇਵਤਿਆਂ ਨੂੰ ਖੁਸ਼ ਕਰਨ ਲਈ ਦਿੱਤੀ ਜਾਂਦੀ ਹੈ ਅਤੇ ਇਸ ਵਿਚ ਬਲੀ ਦੇਣ ਵਾਲੇ ਤੋਂ ਇਹ ਨਹੀਂ ਪੁੱਛਿਆ ਜਾਂਦਾ ਹੈ ਕਿ ਬਲੀ ਦੇਣ ਲਈ ਤਿਆਰ ਹੈ ਜਾਂ ਨਹੀਂ। ਇਹ ਬਾਹਰੋਂ ਥੋਪੀ ਗਈ ਹੁੰਦੀ ਹੈ ਪਰ ਸ਼ਹਾਦਤ ਬਾਹਰੋਂ ਥੋਪਿਆ ਸੰਕਲਪ ਨਹੀ ਹੈ ਇਹ ਆਪਣੀ ਮਰਜੀ ਨਾਲ ਦਿੱਤੀ ਜਾਂਦੀ ਹੈ। ਸ਼ਹੀਦ ਸ਼ਬਦ ਦੇ ਭਾਵ ਅਰਥ ਦਰਸਾਉਣ ਵਾਲਾ ਕਿਸੇ ਹਿੰਦੋਸਤਾਨੀ ਬੋਲੀ ਵਿਚ ਕੋਈ ਸ਼ਬਦ ਨਹੀਂ। ਜੇ ਸ਼ਹੀਦ ਲਈ ਕੋਈ ਸ਼ਬਦ ਨਹੀਂ ਤਾਂ ਇਸ ਦਾ ਭਾਵ ਹੈ ਕਿ ਸ਼ਹੀਦ ਸ਼ਬਦ ਜਿਸ ਸੰਕਲਪ ਨੂੰ ਦੁਹਰਾਉਂਦਾ ਹੈ, ਉਹ ਵੀ ਹਿੰਦੂ ਧਰਮ, ਹਿੰਦੂ ਸਮਾਜ ਅਤੇ ਹਿੰਦੂ ਸੱਭਿਅਤਾ ਵਿਚ ਹੈ ਨਹੀਂ। ਹਿੰਦੂ ਸਮਾਜ ਵਿਚ ਕਿਸੇ ਆਦਰਸ਼ ਲਈ ਮਰ ਮਿਟਣ ਦੇ ਸੰਕਲਪ ਦੀ ਅਣਹੋਂਦ ਕਾਰਣ ਹੀ ਹਿੰਦੋਸਤਾਨ ਇੱਕ ਹਜ਼ਾਰ ਸਾਲ ਤੋਂ ਉੱਤੇ ਗੁਲਾਮ ਰਿਹਾ। ਹਿੰਦੂ ਧਰਮ ਗ੍ਰੰਥ ਤੇ ਹਿੰਦੂ ਇਤਿਹਾਸ ਵਿਚ ਕਿਧਰੇ ਕਿਸੇ ਉੱਚ ਅਦਰਸ਼ ਲਈ ਆਪਣੀ ਜਾਨ ਕੁਰਬਾਨ ਕਰਨ ਦਾ ਉਦੇਸ਼ ਹੀ ਨਹੀਂ ਮਿਲਦਾ।[34]

ਮੱਧਕਾਲੀ ਸਮੇਂ ਦੀਆਂ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਸਥਿਤੀਆਂ ਇਹੋ ਜਿਹੀਆਂ ਬਣ ਗਈਆਂ ਸਨ ਜਿਨ੍ਹਾਂ ਨੇ ਆਮ ਜਨਤਾ ਵਿਚ ਫੈਲੇ ਫੋਕੇ ਵਹਿਮ-ਭਰਮ ਅਤੇ ਜ਼ਿੱਲਤ ਭਰ ਦਿੱਤੀ ਸੀ। ਜਨਤਾ ਵਿਚ ਪਰਲੋਕ ਸੰਵਾਰਣ ਦੀ ਧਾਰਣਾ ਇਸ ਹੱਦ ਤੱਕ ਭਰ ਦਿੱਤੀ ਗਈ ਸੀ ਕਿ ਉਹਨਾਂ ਵਿਚ ਮਾਨਵੀ ਕਦਰਾਂ ਕੀਮਤਾਂ ਮਨੁੱਖੀ ਅਜ਼ਾਦੀ ਅਤੇ ਮਨੁੱਖੀ ਸਮੱਸਿਆਵਾਂ ਦਾ ਕੋਈ ਮਹੱਤਵ ਹੀ ਨਹੀਂ ਸੀ ਰਹਿ ਗਿਆ। ਲੋਕ ਤਿਆਗੀ ਅਤੇ ਸੰਨਿਆਸੀ ਰੁਚੀਆਂ ਦੇ ਧਾਰਣੀ ਹੋ ਗਏ ਸਨ ਜਦੋਂ ਤਿਆਗ ਤੇ ਸੰਨਿਆਸ ਦੀ ਹੀ ਭਾਵਨਾ ਪੈਦਾ ਹੋ ਜਾਵੇ ਤਾਂ ਜ਼ਿੰਦਗੀ ਵਿਚ ਸੰਘਰਸ਼ ਖ਼ਤਮ ਹੋ ਜਾਂਦਾ ਹੈ। ਇਸ ਲਈ ਸੰਘਰਸ਼ ਨਾਲ ਹੀ ਮਨੁੱਖੀ ਕਦਰਾਂ ਕੀਮਤਾਂ ਦੀ ਬਹਾਲੀ ਕੀਤੀ ਜਾ ਸਕਦੀ ਹੈ। ਅਜ਼ਾਦੀ ਦੀ ਪ੍ਰਾਪਤੀ ਸੰਘਰਸ਼ ਤੋਂ ਬਿਨ੍ਹਾਂ ਨਹੀਂ ਹੁੰਦੀ ਅਤੇ ਇਹਨਾਂ ਸਾਰੀਆਂ ਚੀਜ਼ਾਂ ਦੀ ਪ੍ਰਾਪਤੀ ਲਈ-ਮੁੱਲ ਤਾਰਨਾ ਪੈਂਦਾ ਹੈ। ਇਸ ਮੁੱਲ ਤਾਰਨ ਦੇ ਰਸਤੇ ਨੂੰ ਹੀ ਸ਼ਹੀਦੀ ਕਹਿੰਦੇ ਹਨ ਜੋ ਹਿੰਦੂ ਧਰਮ ਵਿਚ ਨਹੀਂ ਮਿਲਦੀ।

**ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ:**

ਸਿੱਖ ਧਰਮ ਵਿਸ਼ਵ ਕੋਸ਼ ਅਨੁਸਾਰ ਸ਼ਹੀਦ ਸ਼ਬਦ ਮਾਰਟੀਅਰ ਤੋਂ ਬਣਿਆ ਹੈ ਜਿਸ ਦੇ ਅਰਥ 'ਗਵਾਹੀ' ਹਨ। ਪੰਜਾਬੀ ਭਾਸ਼ਾ ਵਿਚ ਆਇਆ 'ਸ਼ਹਾਦਤ' ਸ਼ਬਦ ਅਰਬੀ ਭਾਸ਼ਾ ਤੋਂ ਲਿਆ ਗਿਆ ਹੈ ਜਿਸ ਦੇ ਅਰਥ ਵੀ ਤਸਦੀਕ ਜਾਂ ਪੁਸ਼ਟੀ ਕਰਨਾ ਬਣਦੇ ਹਨ। ਇਸ ਤਰ੍ਹਾਂ ਸ਼ਹੀਦ ਉਹ ਵਿਅਕਤੀ ਹੁੰਦਾ ਹੈ ਜੋ ਆਪਣੇ ਵਿਸ਼ਵਾਸ ਲਈ ਗਵਾਹੀ ਬਣ ਜਾਂਦਾ ਹੈ। ਉਹ ਆਪਣੀ ਆਸਥਾ ਤੋਂ ਥਿੜਕਣ ਵਾਲਾ ਨਹੀਂ ਹੁੰਦਾ। ਇਸ ਸੰਸਾਰ ਵਿਚ ਜ਼ਾਲਮ ਅਤੇ ਕੱਟੜ ਪੰਥੀ ਲੋਕ ਹਮੇਸ਼ਾਂ ਦੂਸਰਿਆਂ ਉਪਰ ਆਪਣੀ ਮਰਜ਼ੀ ਥੋਪਣਾ ਚਾਹੁੰਦੇ ਹਨ ਅਤੇ ਧਰਮ ਤੇ ਸਚਾਈ ਦੇ ਰਾਹ ਉਪਰ ਚਲਣ ਵਾਲਿਆਂ ਲਈ ਹਮੇਸ਼ਾਂ ਮੁਸ਼ਕਲਾਂ ਖੜੀਆਂ ਕਰਦੇ ਹਨ। ਸ਼ਹੀਦ ਉਸ ਨੂੰ ਕਿਹਾ ਜਾਂਦਾ ਹੈ ਜਿਹੜਾ ਆਪਣੇ ਧਰਮ ਨੂੰ ਤਿਆਗਣ ਦੀ ਬਜਾਏ ਮੌਤ ਨੂੰ ਪ੍ਰਵਾਨ ਕਰ ਲੈਂਦਾ ਹੈ। ਸ਼ਹਾਦਤ ਦੇ ਸਿੱਖ ਸੰਕਲਪ ਵਿਚ ਧਾਰਮਿਕ ਵਿਸ਼ਵਾਸ ਲਈ ਸੋਚ ਸਮਝ ਕੇ ਮੌਤ ਕਬੂਲ ਕਰ ਲੈਣਾ ਸ਼ਹਾਦਤ ਦੀ ਇਕ ਅਹਿਮ ਸ਼ਰਤ ਹੈ।[35]

ਸ਼ਹੀਦ ਅਤੇ ਸ਼ਹਾਦਤ ਦੀ ਵਰਤੋਂ ਭਾਰਤੀ ਸੱਭਿਆਚਾਰ ਵਿਚ ਪਹਿਲੀ ਵਾਰੀ ਸਿੱਖ ਧਰਮ ਦੇ ਆਗਮਨ ਨਾਲ ਹੀ ਹੁੰਦੀ ਹੈ। ਸ਼ਹੀਦ ਭਾਰਤੀ ਚਿੰਤਨ ਵਿਚ ਸਿਧਾਂਤ ਤੇ ਅਮਲ ਦੇ ਰੂਪ ਵਿਚ ਸਿੱਖ ਗੁਰੂ ਸਾਹਿਬਾਨ ਰਾਹੀਂ ਆਇਆ ਹੈ। ਸ਼ਹਾਦਤ ਦਾ ਸੰਬੰਧ ਮੌਤ ਨਾਲ ਹੈ ਇਸ ਲਈ ਸਿੱਖ ਧਰਮ ਵਿਚ ਸ਼ਹੀਦ ਦੀ ਮੌਤ ਨੂੰ ਆਮ ਸਰੀਰਿਕ ਮੌਤ ਨਾਲੋਂ ਨਿਖੇੜ ਕੇ ਪੇਸ਼ ਕੀਤਾ ਗਿਆ ਹੈ। ਸ਼ਹੀਦ ਦੀ ਮੌਤ ਸਹਿਜ ਮੌਤ ਹੈ ਜੋ ਭੈਅ ਤੋਂ ਰਹਿਤ ਹੈ ਜਿਸ ਰਾਹੀਂ ਉਹ ਅਮਰ ਹੋ ਜਾਂਦਾ ਹੈ। ਜਿਸ ਮੌਤ ਤੋਂ ਸਾਰਾ ਸੰਸਾਰ ਡਰਦਾ ਹੈ ਸਿੱਖ ਉਸ ਮੌਤ ਨੂੰ ਆਪ ਖੁਸ਼ੀ – ਖੁਸ਼ੀ ਗਲੇ ਲਾਉਂਦਾ ਹੈ ਅਤੇ ਪਰਮ ਆਨੰਦ ਨਾਲ ਭਰ ਜਾਂਦਾ ਹੈ:

ਜਿਹ ਮਰਨੈ ਸਭੁ ਜਗਤੁ ਤਰਾਸਿਆ॥

ਸੋ ਮਰਨਾ ਗੁਰ ਸਬਦਿ ਪ੍ਰਗਾਸਿਆ॥

ਅਬ ਕੈਸੇ ਮਰਉ ਮਰਨਿ ਮਨੁ ਮਾਨਿਆ॥

ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ॥ ਰਹਾਉ ॥

ਮਰਨੋ ਮਰਨੁ ਕਹੈ ਸਭੁ ਕੋਈ॥

ਸਹਜੇ ਮਰੈ ਅਮਰੁ ਹੋਇ ਸੋਈ॥[36]

ਸ਼ਹੀਦ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਰੂਪਮਾਨ ਹੁੰਦੀ ਹੈ। ਉਹਨਾਂ ਨੇ ਸ਼ਹੀਦ ਦਾ ਰੁਤਬਾ ਪੀਰਾਂ, ਪੈਗੰਬਰਾਂ ਅਤੇ ਗੁਰੂਆਂ ਦੇ ਬਰਾਬਰ ਹੀ ਮੰਨਿਆ ਹੈ:

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ॥

ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ॥[37]

ਸਿੱਖ ਧਰਮ ਵਿਚ ਹਰ ਕੋਈ ਛੋਟੀ ਮੋਟੀ ਗੱਲ ਲਈ ਮਰਨ ਵਾਲਾ ਸ਼ਹੀਦ ਨਹੀਂ ਹੈ ਅਤੇ ਨਾ ਹੀ ਉਸ ਨੂੰ ਸ਼ਹਾਦਤ ਦਾ ਅਧਿਕਾਰ ਪ੍ਰਾਪਤ ਹੈ। ਸਿੱਖ ਧਰਮ ਵਿਚ ਸ਼ਹੀਦ ਉਹ ਹੀ ਮੰਨਿਆ ਜਾਂਦਾ ਹੈ ਜਿਸ ਦਾ ਆਦਰਸ਼ ਬਹੁਤ ਉੱਚਾ ਅਤੇ ਸੁੱਚਾ ਹੁੰਦਾ ਹੈ। ਉਹ ਆਪਣੇ ਵਿਸ਼ਵਾਸਾਂ, ਅਕੀਦਿਆਂ ਅਤੇ ਅਸੂਲਾਂ ਨੂੰ ਛੱਡਣ ਲਈ ਤਿਆਰ ਨਾ ਹੋ ਕੇ, ਕਿਸੇ ਉੱਤਮ ਧਰਮ ਦੇ ਕਾਰਜ ਨੂੰ ਅਪਣਾਉਂਦਾ ਹੈ, ਇਸ ਉੱਤਮ ਕਾਰਜ ਨੂੰ ਅਪਣਾਉਂਦਿਆਂ ਉਸ ਨੂੰ ਕੀਮਤ ਦੇਣੀ ਪੈਂਦੀ ਹੈ ਅਤੇ ਉਹ ਕੀਮਤ ਸ਼ਹਾਦਤ ਰਾਹੀਂ ਦਿੰਦਾ ਹੈ। ਸਿੱਖ ਧਰਮ ਵਿਚ ਸ਼ਹਾਦਤ ਹਉਮੇ ਤੋਂ ਪਾਰ ਦੀ ਅਵਸਥਾ ਦਾ ਨਾਮ ਹੈ ਜਿੱਥੇ ਸ਼ਹੀਦ ਜੀਵਤ ਭਾਵ ਤੋਂ ਮਰਦਾ ਹੈ। ਉਸ ਦੀ ਸ਼ਖਸੀਅਤ ਉੱਚੀ ਤੇ ਸੁੱਚੀ ਹੋ ਗਈ ਹੁੰਦੀ ਹੈ। ਉਸ ਵਿਚ ਸੱਚ, ਪ੍ਰੇਮ, ਨਿਮਰਤਾ, ਖਿਮ੍ਹਾ, ਸੰਤੋਖ, ਧੀਰਜ, ਭਰੋਸਾ ਆਦਿ ਦੈਵੀ ਗੁਣ ਪ੍ਰਬਲ ਰੂਪ ਵਿਚ ਪ੍ਰਵੇਸ਼ ਕਰ ਜਾਂਦੇ ਹਨ:

ਸਾਬਰੁ ਸਿਦਕਿ ਸਹੀਦੁ॥

ਭਰਮ ਭਉ ਖੋਵਣਾ॥[38]

ਅਰਥਾਤ ਸ਼ਹੀਦ ਉਹ ਹੁੰਦਾ ਹੈ ਜੋ ਸਬਰ ਸੰਤੋਖ ਵਿਚ ਰਹਿੰਦਾ ਹੈ ਅਤੇ ਅਤੇ ਭਾਉ ਤੋਂ ਰਹਿਤ ਹੁੰਦਾ ਹੈ। ਸਿੱਖ ਧਰਮ ਵਿਚ ਸ਼ਹੀਦ ਐਸੀ ਮਰਨੀ ਮਰਦਾ ਹੈ ਜਿਸਦੇ ਮਰਿਆਂ ਮੁੜ ਮਰਨਾ ਨਹੀਂ ਪੈਂਦਾ ਹੈ:

ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ॥

ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ॥[39]

ਸਿੱਖ ਧਰਮ ਵਿਚ ਸ਼ਹੀਦ ਦੀ ਸ਼ਖਸੀਅਤ ਨਿਗਰ ਗੁਣਾਂ ਨਾਲ ਭਰਪੂਰ ਹੁੰਦੀ ਹੈ ਐਸੀ ਸ਼ਖਸੀਅਤ ਜਿਸ ਨੇ ਧਰਮ ਅਤੇ ਨੇਕੀ ਦੀ ਰਾਹ ਤੇ ਚੱਲ ਕੇ ਸੂਰਮਾ ਬਣਨਾ ਹੁੰਦਾ ਹੈ। ਸ਼ਹੀਦ ਧਰਮ ਲਈ ਲੜਦਿਆਂ ਜ਼ੁਲਮ ਅਤੇ ਧੱਕਿਆਂ ਦੇ ਖਿਲਾਫ਼ ਲੜਦਾ ਹੈ ਅਤੇ ਮੌਤ ਨੂੰ ਪ੍ਰਾਪਤ ਕਰਦਾ ਹੈ। ਸਿੱਖ ਧਰਮ ਵਿਚ ਸ਼ਹੀਦ ਆਪਣੀ ਸ਼ੁੱਧ ਆਤਮਾ ਦੀ ਸੱਚੀ ਆਵਾਜ਼ ਦੀ ਪ੍ਰੇਰਨਾ ਨਾਲ ਕਿਸੇ ਲੋਕ ਲੱਜ, ਹੱਠ ਜਾਂ ਗੁੱਸੇ ਨਾਲ ਨਹੀਂ ਸਿਰਫ਼ ਧਰਮ ਦੀ ਖਾਤਿਰ ਖੁਸ਼ੀ-ਖੁਸ਼ੀ ਆਪਣੀ ਜਾਨ ਦੀ ਬਾਜੀ ਲਾਉਂਦਾ ਹੈ। ਜੂਝ ਮਰਨ ਦਾ ਚਾਅ ਹੀ ਸ਼ਹੀਦ ਨੂੰ ਮੌਤ ਤੱਕ ਪਹੁੰਚਾਉਂਦਾ ਹੈ। ਗੁਰਮਤਿ ਚਿੰਤਨ ਇਸ ਗੱਲ ਨੂੰ ਪੇਸ਼ ਕਰਦਾ ਹੈ ਕਿ ਸ਼ਹੀਦ ਪਰਉਪਕਾਰੀ, ਨਿਰਵੈਰ, ਰਹਿਤਵਾਨ ਅਤੇ ਸਚਿਆਰ ਹੁੰਦਾ ਹੈ। ਸ਼ਹੀਦ ਦੇ ਇਖਲਾਕ ਵਿਚ ਧਰਮ ਕਰਮ ਦੇ ਫ਼ਰਜਾਂ ਦੀ ਚੇਤਨਾ ਉਗੜਦੀ ਹੈ। ਉਹ ਗੁਰਬਾਣੀ ਦੇ ਕਥਨ ਅਨੁਸਾਰ ਦਇਆ, ਮੁਆਫ਼ੀ ਵਿਚ ਵਿਚਰਦਾ ਲੋਕ ਭਲਾਈ ਅਤੇ ਸੇਵਾ ਵਿਚ ਆਪਣੇ ਆਪ ਨੂੰ ਕੁਰਬਾਨ ਕਰਕੇ ਸੂਰਮੇ ਦੀ ਪਹਿਚਾਣ ਅੰਕਿਤ ਕਰਦਾ ਹੈ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥[40]

ਗੁਰਮਤਿ ਦਾ ਨਿਰਭੈਤਾ ਦਾ ਸਿਧਾਂਤ ਸਿੱਖ ਜਗਤ ਨੂੰ ਨਿਰਭੈਅ ਹੋ ਕੇ ਜਿਊਣ ਦੀ ਪ੍ਰੇਰਨਾ ਦਿੰਦਾ ਹੈ ਅਤੇ ਸ਼ਹਾਦਤ ਦੇ ਸੰਕਲਪ ਨੂੰ ਪੇਸ਼ ਕਰਦਾ ਹੈ। ਨਿਰਭੈ ਹੋ ਕੇ ਜਿਊਣ ਦੀ ਬਿਰਤੀ ਹੀ ਸਿੱਖ ਸ਼ਹਾਦਤ ਦੀ ਪਹਿਲੀ ਪੌੜੀ ਹੈ। ਸਿੱਖੀ ਦਾ ਸਿਧਾਂਤ ਨਿੱਜੀ ਸ਼ੁੱਧੀ ਨਹੀਂ ਸਗੋਂ

ਸਮੁੱਚੀ ਮਨੁੱਖਤਾ ਦਾ ਕਲਿਆਣ ਕਰਦੇ ਜਾਣ ਦਾ ਸਫ਼ਰ ਹੈ। ਸਿੱਖੀ ਵਿਚ ਸ਼ਹੀਦ ਸ਼ਬਦ ਉਸ ਸਚਿਆਰ ਮਹਾਂਪੁਰਖ ਲਈ ਵਰਤਿਆ ਜਾਂਦਾ ਹੈ ਨਿਰਭਉ, ਨਿਰਪੱਖ ਅਤੇ ਨਿਰਵੈਰ ਹੋ ਕੇ ਸੱਚ ਦੀ ਖਾਤਿਰ ਲੜਦਾ ਹੈ ਅਤੇ ਜਾਨ ਬਚਾਉਣ ਦੀ ਗੁੰਜਾਇਸ਼ ਹੁੰਦੇ ਹੋਏ ਵੀ ਜਾਣਦੇ ਬੁੱਝਦੇ ਆਪਣਾ ਜੀਵਨ ਲੇਖੇ ਲਾਉਂਦਾ ਹੈ ਅਰਥਾਤ ਸ਼ਹੀਦ ਆਪਣੇ ਆਪ ਨੂੰ ਨਿਆਂ, ਸੱਚ ਅਤੇ ਮਾਨਵਤਾ ਦੀ ਖਾਤਿਰ ਨਿਛਾਵਰ ਕਰਦਾ ਹੈ ਅਤੇ ਮੁਕੰਮਲ ਸਮਰਪਣ ਕਰਦਾ ਹੈ। ਸਿੱਖ ਸ਼ਹਾਦਤ ਦੀ ਪਛਾਣ ਕੀ ਹੈ ਕਿ ਸ਼ਹਾਦਤ ਕਰਨ ਵਾਲੇ ਵਿਅਕਤੀ ਕੋਲ ਬਚਣ ਦੇ ਸਾਰੇ ਰਾਹ ਹਨ ਪਰ ਉਹ ਆਪਣੀ ਮਰਜ਼ੀ ਨਾਲ ਸ਼ਹਾਦਤ ਨੂੰ ਚੁਣਦਾ ਹੈ ਅਤੇ ਆਪਣਾ ਬਚਾਅ ਕਿਸੇ ਵੀ ਤਰੀਕੇ ਨਾਲ  ਨਹੀਂ ਕਰਨਾ ਚਾਹੁੰਦਾ ਹੈ। ਡਾ. ਜਸਪਾਲ ਕੌਰ ਕਾਂਗ ਸ਼ਹਾਦਤ ਦੇ ਸਿੱਖ ਸੰਕਲਪ ਬਾਰੇ ਆਪਣੇ ਵਿਚਾਰ ਦਿੰਦੇ ਹਨ ਕਿ ਸ਼ਹੀਦ ਦਾ ਮੁਕੰਮਲ ਸਮਰਪਣ ਆਤਮਾ ਦੀ ਪੱਧਰ ਦਾ ਹੁੰਦਾ ਹੈ:

> ਸੱਚ ਲਈ ਸ਼ਹਾਦਤ ਉਹੀ ਦੇ ਸਕਦਾ ਹੈ ਜੋ ਚੇਤਨਾ ਦੀ ਧਰਾਤਲ ਉੱਪਰ ਸੱਚ ਦਾ ਰੂਪ ਹੋ ਗਿਆ ਹੋਵੇ। ਅਜਿਹੀ ਸਿਖਰ ਅਵਸਥਾ ਉੱਪਰ ਪਹੁੰਚਿਆ ਹੋਇਆ ਵਿਅਕਤੀ ਹੀ ਦੂਸਰਿਆਂ ਲਈ ਕੁਰਬਾਨ ਹੋ ਸਕਦਾ ਹੈ। ਸ਼ਹਾਦਤ ਉਹ ਵਿਅਕਤੀ ਦੇ ਸਕਦਾ ਹੈ ਜੋ ਸਰੀਰ ਤੋਂ ਪਾਰ ਚਲਾ ਗਿਆ ਹੋਵੇ, ਜਿਸ ਲਈ ਸਰੀਰ ਦੂਜੈਲੀ ਹੋਂਦ ਹੋਵੇ। ਸ਼ਹਾਦਤ ਦੇਣ ਵਾਲਾ ਸਰੀਰਿਕ ਪੱਧਰ ਉੱਤੇ ਨਹੀਂ ਬਲਕਿ ਆਤਮਾ ਦੀ ਉੱਪਰ ਜਿਉਂਦਾ ਹੈ।[41]

ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ ਚੇਤਨ ਪੱਧਰ ਤੇ ਪ੍ਰਗਤੀਸ਼ੀਲ ਮਨੁੱਖ ਦੇ ਕਿਰਦਾਰ ਵਿਚ ਮੰਨਿਆ ਗਿਆ ਹੈ। ਗੁਰੂ ਨਾਨਕ ਜੀ ਨੇ ਜਿੱਥੇ ਮਨੁੱਖਤਾ ਨੂੰ ਸਚਾਈ ਦੇ ਰਸਤੇ ਚਲਦਿਆਂ ਜ਼ੁਲਮ ਵਿਰੁੱਧ ਲੜਣ ਦੀ ਤਾਕਤ ਬਖਸ਼ੀ ਉੱਥੇ ਪੂਰਨ ਸਮਰਪਣ ਦੀ ਮੰਗ ਕਰਦਿਆਂ ਸਮਾਜ ਵਿਚ ਸਰਗਰਮ ਹਿੱਸਾ ਪਾਉਣ ਨੂੰ ਪ੍ਰਧਾਨਤਾ ਦਿੱਤੀ ਅਤੇ ਗੁਰੂ ਗੋਬਿੰਦ ਜੀ

ਦੁਆਰਾ ਸਿਰਜੇ ਖਾਲਸਾ ਪੰਥ ਦਾ ਉਦੇਸ਼ ਵੀ ਇਹੋ ਸੀ। ਇਸ ਸੰਬੰਧ ਵਿਚ ਨਿਰਭੈ ਸਿੰਘ ਦਾ ਕਥਨ ਪ੍ਰਾਸੰਗਿਕ ਹੈ:

> Every Khalsa is committed to Shahidi for the cause of removing evil and suffering of humanity.[42]

ਗੁਰੂ ਨਾਨਕ ਦੇਵ ਜੀ ਨੇ ਸੰਨਿਆਸੀ ਅਤੇ ਤਿਆਗੀ ਰੁਚੀਆਂ ਨੂੰ ਤਿਲਾਂਜਲੀ ਦਿੰਦਿਆਂ ਰਾਜਸੀ ਧੱਕਿਆਂ, ਵਿਤਕਰਿਆਂ ਦੇ ਖਿਲਾਫ਼ ਰੋਹ ਦੀ ਆਵਾਜ਼ ਬੁਲੰਦ ਕੀਤੀ। ਇਸ ਆਵਾਜ਼ ਨੇ ਸਦੀਆਂ ਤੋਂ ਹੀਣਤਾ ਦਾ ਸ਼ਿਕਾਰ ਬਣੇ ਲੋਕਾਂ ਵਿਚ ਜ਼ੁਲਮ ਦੇ ਖਿਲਾਫ਼ ਲੜਣ ਦੀ ਚਿਣਗ ਭਰੀ। ਗੁਰੂ ਨਾਨਕ ਦੇਵ ਜੀ ਨੇ ਹਰ ਨਾ ਇਨਸਾਫੀ ਵਿਰੁੱਧ ਜੂਝਣ ਲਈ ਮੌਤ ਨੂੰ ਪਹਿਲ ਦਿੱਤੀ। ਮੌਤ ਆਉਣੀ ਅੱਟਲ ਹੈ ਪਰ ਜੇ ਸੂਰਮਿਆਂ ਵਾਂਗ ਅਨਿਆਂ ਵਿਰੁੱਧ ਲੜ ਕੇ ਮੌਤ ਪ੍ਰਾਪਤ ਕੀਤੀ ਜਾਵੇ ਤਾਂ ਪਰਮਾਤਮਾ ਦੀ ਨਜ਼ਰ ਵਿਚ ਪ੍ਰਵਾਨਗੀ ਮਿਲਦੀ ਹੈ। ਸਿੱਖ ਧਰਮ ਵਿਚ ਇਹੀ ਸ਼ਹਾਦਤ ਦੀ ਪਹਿਚਾਣ ਹੈ:

> ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ।।
>
> ਮਰਨ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ।।
>
> ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ।।[43]

ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ 15ਵੀਂ ਸਦੀ ਦੀਆਂ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸਥਿਤੀਆਂ ਦੀ ਪੈਦਾਵਾਰ ਹੈ। ਬਾਹਰੋਂ ਮੁਗ਼ਲ ਸ਼ਾਸਕਾਂ ਨੇ ਭਾਰਤ ਤੇ ਹਮਲੇ ਕਰ ਦਿੱਤੇ ਜਿਸ ਨੇ ਦੇਸ਼ ਦੀ ਰਾਜਸੀ, ਸਮਾਜਿਕ, ਧਾਰਮਿਕ ਅਤੇ ਆਰਥਿਕ ਵਿਵਸਥਾ ਨੂੰ ਬੇਹੱਦ ਕਮਜ਼ੋਰ ਕਰ ਦਿੱਤਾ। ਹਿੰਦੁਸਤਾਨ ਦੇ ਹਰ ਕੋਨੇ ਵਿਚ ਲੋਕਾਂ ਵਿਚ ਬੇਚੈਨੀ ਅਤੇ ਘਬਰਾਹਟ ਸੀ। ਰਾਜੇ ਆਪਣਾ ਫ਼ਰਜ਼ ਭੁੱਲ ਚੁੱਕੇ ਸਨ ਅਤੇ ਉਹਨਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਸੀ। ਧਰਮ ਜ਼ਬਰਦਸਤੀ ਤਬਦੀਲ ਕੀਤੇ ਜਾ ਰਹੇ ਸਨ। ਹਿੰਦੂਆਂ ਤੇ ਜਜ਼ੀਆ ਟੈਕਸ ਅਤੇ ਧਾਰਮਿਕ ਚਿੰਨ੍ਹ ਉੱਪਰ ਵੀ ਟੈਕਸ ਲਗਾਏ ਜਾਣ ਲੱਗ ਪਏ ਸਨ। ਭਾਰਤੀ ਜਨਤਾ ਨੂੰ

ਇਸਲਾਮੀ ਗੁਲਾਮੀ ਦਾ ਸ਼ਿਕਾਰ ਹੋਣਾ ਪੈ ਰਿਹਾ ਸੀ ਅਤੇ ਖਤਰੀ ਆਪਣਾ ਧਰਮ ਤਿਆਗ ਬੈਠੇ ਸਨ। ਇਹਨਾਂ ਸਾਰੀਆਂ ਸਥਿਤੀਆਂ ਵਿਚ ਜਨਤਾ ਨੂੰ ਜਾਗਰੂਕ ਕਰਨ ਲਈ ਗੁਰੂ ਨਾਨਕ ਨੇ ਨਵੇਂ ਸਮਾਜ ਦੀ ਸਥਾਪਨਾ ਦੀ ਬੀੜਾ ਚੁੱਕਿਆ। 'ਗੁਰੂ ਨਾਨਕ ਦੇਵ ਜੀ ਪਹਿਲੇ ਕ੍ਰਾਂਤੀਕਾਰੀ ਆਗੂ ਸਨ ਜਿਨ੍ਹਾਂ ਨੇ ਆਪਣੇ ਪੂਰਵਕਾਲੀ ਅਤੇ ਸਮਕਾਲੀ ਰਾਜਿਆਂ ਵਿਰੁੱਧ ਆਵਾਜ਼ ਉਠਾਈ। ਗੁਰੂ ਨਾਨਕ ਦੇਵ ਜੀ ਮੱਧਕਾਲ ਦੇ ਪਹਿਲੇ ਵਿਲੱਖਣ ਆਗੂ ਸਨ ਜਿਨ੍ਹਾਂ ਨੇ ਭਾਰਤੀ ਪਰੰਪਰਾ ਦੀ ਸਾਂਝੀ ਵਿਚਾਰਧਾਰਾ ਦੇ ਨਾਲ ਰਾਜ ਅਤੇ ਸਮਾਜ ਪ੍ਰਤਿ ਜਾਗਰੂਕਤਾ ਦਾ ਪ੍ਰਗਟਾਵਾ ਕੀਤਾ।[44]

ਇਸ ਪ੍ਰਕਾਰ ਦੀਆਂ ਮੱਧਕਾਲ ਦੀਆਂ ਚੁਣੌਤੀਆਂ ਭਰਪੂਰ ਸਥਿਤੀਆਂ ਨੇ ਸਿੱਖ ਧਰਮ ਵਿਚ ਮਨੁੱਖਤਾ ਦੀ ਖਾਤਿਰ ਜੂਝ ਮਰਨ ਦੀ ਚੇਤਨਾ ਪੈਦਾ ਕੀਤੀ ਜਿਸ ਦਾ ਪ੍ਰਗਟਾਅ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਹੁੰਦਾ ਹੈ। ਇਹ ਸਿਰਫ਼ ਸਿਧਾਂਤ ਹੀ ਨਹੀਂ ਅਮਲੀ ਰੂਪ ਵਿਚ ਸੱਚ ਰੂਪ ਵਿਚ ਪ੍ਰਗਟ ਹੋਇਆ ਹੈ। ਸਿੱਖ ਧਰਮ ਦੇ ਪਹਿਲੇ ਗੁਰੂ ਸ਼ਹੀਦ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਧਰਮ ਵਿਚ ਅਜਿਹੀ ਸ਼ਹਾਦਤ ਹੈ ਜਿਸ ਤੋਂ ਪਿੱਛੋਂ ਸ਼ਹਾਦਤਾਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਰਾਹੀਂ ਇਨਸਾਨੀ ਹੱਕਾਂ ਦੀ ਰਾਖੀ ਅਤੇ ਧਰਮ ਨੂੰ ਅਜ਼ਾਦੀ ਨਾਲ ਚੁਣਨ ਦਾ ਸਿਧਾਂਤ ਪੇਸ਼ ਕਰਦਿਆਂ ਸਮੇਂ ਦੀ ਹਕੂਮਤ ਨਾਲ ਟੱਕਰ ਲਈ। ਗੁਰੂ ਸਾਹਿਬ ਦੀ ਇਹ ਸ਼ਹਾਦਤ ਕਿਸੇ ਧਰਮ ਜਾਂ ਮਨੁੱਖ ਦੇ ਵਿਰੁੱਧ ਨਹੀਂ ਸੀ ਸਗੋਂ ਉਹ ਕੱਟੜ ਪੰਥੀ ਸ਼ਾਸਕਾਂ ਵਿਰੁੱਧ ਸੀ ਜਿਹੜੇ ਮਨੁੱਖ ਨੂੰ ਧਾਰਮਿਕ ਅਜਾਦੀ ਤੋਂ ਵਾਂਝਿਆਂ ਕਰਦੇ ਸਨ।

ਗੁਰੂ ਹਰਗੋਬਿੰਦ ਜੀ ਨੇ ਆਪਣੀ ਪਹਿਚਾਣ ਜ਼ੁਲਮ ਦੇ ਖਿਲਾਫ਼ ਡਟਣ ਲਈ ਦੋ ਤਲਵਾਰਾਂ ਮੀਰੀ ਤੇ ਪੀਰੀ ਦੀਆਂ ਪਹਿਨ ਕੇ ਬਣਾਈ। ਉਹਨਾਂ ਦਾ ਤਰਕ ਸੀ ਕਿ ਮੁਗ਼ਲ ਹਕੂਮਤ ਦਾ ਟਾਕਰਾ ਸ਼ਾਂਤਮਈ ਤਰੀਕੇ ਨਾਲ ਹੁਣ ਨਹੀਂ ਹੋ ਸਕਦਾ। ਉਹਨਾਂ ਨੇ ਦਲੇਰੀ ਨਾਲ ਕੌਮ ਨੂੰ ਜੱਥੇਬੰਦ ਕੀਤਾ। ਮੀਰੀ ਤੇ ਪੀਰੀ ਦੇ ਸਿਧਾਂਤ ਨੂੰ ਅਮਲੀ ਰੂਪ ਵਿਚ ਚਲਾਈ ਰੱਖਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਉਹਨਾਂ ਨੇ ਸਿੱਖ ਕੌਮ ਦੀ

ਅਲੱਗ ਪਹਿਚਾਣ ਸਥਾਪਿਤ ਕਰਦਿਆਂ ਐਸੀ ਜੱਥੇਬੰਦੀ ਬਣਾਈ ਜੋ ਇਸ ਮੰਤਵ ਲਈ ਲੜਣ ਦਾ ਚਾਅ ਪੈਦਾ ਕਰੇ ਅਤੇ ਨਾਲ ਹੀ ਉਹਨਾਂ ਨੂੰ ਇਕ ਲੜੀ ਵਿਚ ਪਰੋਈ ਰੱਖੇ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੇ ਦਿਲ ਵਿਚ ਇਹ ਖਿਆਲ ਘਰ ਕਰ ਗਿਆ ਕਿ ਲਤਾੜੇ ਦੇ ਮੁਰਦਾ ਹੋਏ ਲੋਕਾਂ ਨੂੰ ਇਕ ਨਵੀਂ ਉਤਸ਼ਾਹ ਵਾਲੀ ਕੌਮ ਬਣਾਉਣ ਦੀ ਲੋੜ ਹੈ।[45]

ਇਸ ਪ੍ਰਕਾਰ ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ ਸ਼ਹੀਦ ਦੇ ਉੱਚੇ ਸੁੱਚੇ ਨਿਸ਼ਾਨੇ ਨਾਲ ਜੁੜਿਆ ਹੈ। ਸ਼ਹੀਦ ਸਮਾਜ ਵਿਚ ਗ਼ਲਤ ਕਦਰਾਂ-ਕੀਮਤਾਂ ਨੂੰ ਦੂਰ ਕਰਨ ਲਈ ਆਪਣੇ ਆਪੇ ਤੋਂ ਉੱਪਰ ਉਠ ਕੇ ਦੂਜਿਆਂ ਦੀ ਭਲਾਈ ਖਾਤਿਰ ਮੌਤ ਨੂੰ ਪ੍ਰਵਾਨ ਕਰਦਾ ਹੈ। ਅਜਿਹੇ ਸ਼ਹੀਦ ਸਰੀਰਿਕ ਨਹੀਂ ਆਤਮਿਕ ਤੌਰ ਤੇ ਜੀਵਤ ਭਾਵ  ਤੋਂ ਮਰਦੇ ਹਨ। ਇਸ ਪ੍ਰਸੰਗ ਵਿਚ ਡਾ. ਜਸਪਾਲ ਕੌਰ ਕਾਂਗ ਦਾ ਵਿਚਾਰ ਬਹੁਤ ਪ੍ਰਾਸੰਗਿਕ ਹੈ:

> ਸ਼ਹੀਦ ਸਹਿਜ ਵਿਚ ਮਰਦਾ ਹੈ ਅਤੇ ਸਹਿਜ ਵਿਚ ਮਰਨ ਵਾਲੇ ਦੀ ਆਤਮਾ ਉੱਚੀ ਸੁੱਚੀ ਹੋ ਜਾਂਦੀ ਹੈ ਕਿਉਂਕਿ ਇਹ ਇਕ ਐਸੀ ਮਰਨੀ ਹੈ ਜਿਸ ਤੇ ਮਰਿਆਂ ਮੁੜ ਮਰਨਾ ਨਹੀਂ ਪੈਂਦਾ ਜਿੱਥੇ ਆਤਮਿਕ ਸੁਮੇਲ ਪੈਦਾ ਹੁੰਦਾ ਹੈ।[46]

ਸੋ ਇਹ ਗੱਲ ਬੜੀ ਸਪੱਸ਼ਟ ਹੈ ਕਿ ਨਿਰਲੇਪਤਾ ਸ਼ਹੀਦ ਦੇ ਚਰਿੱਤਰ ਦਾ ਵਿਸ਼ੇਸ਼ ਗੁਣ ਹੈ। ਸ਼ਹੀਦੀ ਪ੍ਰਾਪਤ ਕਰਨ ਲਈ ਉਸ ਦਾ ਮਨ ਵਿਕਾਰਾਂ ਤੋਂ ਮੁਕਤ ਹੋਣਾ ਚਾਹੀਦਾ ਹੈ। ਸ਼ਹੀਦ ਲਈ ਸੱਚੀਆਂ ਅਤੇ ਸੁੱਚੀਆਂ ਕਦਰਾਂ-ਕੀਮਤਾਂ ਦੀ ਰਾਖੀ ਲਈ ਜੂਝ ਮਰਨਾ ਉਸਦਾ ਫਰਜ਼ ਹੁੰਦਾ ਹੈ। ਸ਼ਹੀਦ ਦਾ ਇਰਾਦਾ ਅਡੋਲ ਹੋਣਾ ਚਾਹੀਦਾ ਹੈ। ਸ਼ਹੀਦੀ ਮਾਰਗ ਤੇ ਚਲਦਿਆਂ ਉਹ ਕਿਸੇ ਵੀ ਸੰਕਟ ਤੋਂ ਡੋਲਦਾ ਨਹੀਂ ਹੈ। ਮੌਤ ਦਾ ਭੈਅ ਉਸ ਨੂੰ ਉਸ ਦੇ ਅਕੀਦੇ ਅਤੇ ਧਾਰਨਾਵਾਂ ਤੋਂ ਡਰਾ ਨਹੀਂ ਸਕਦਾ ਉਹ ਗੁਰਬਾਣੀ ਅਨੁਸਾਰ ਦ੍ਰਿੜ ਵਿਸ਼ਵਾਸ ਨਾਲ ਅਡੋਲ ਰਹਿ ਕੇ ਸ਼ਹੀਦੀ ਪ੍ਰਾਪਤ ਕਰਦਾ ਹੈ ਅਤੇ ਜ਼ਿੰਦਗੀ ਨਾਲੋਂ ਮੌਤ ਦਾ ਸੱਚ ਪਹਿਲਾਂ ਕਬੂਲਦਾ ਹੈ:

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ।।

ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।।[47]

ਗੁਰਮਤਿ ਅਨੁਸਾਰ ਸ਼ਹੀਦ ਦੋ ਤਰ੍ਹਾਂ ਦੇ ਹਨ ਮੌਤ ਨੂੰ ਪ੍ਰਾਪਤ ਸ਼ਹੀਦ ਅਤੇ ਜ਼ਿੰਦਾ ਸ਼ਹੀਦ। ਜ਼ਿੰਦਾ ਸ਼ਹੀਦ ਉਹ ਹੁੰਦੇ ਹਨ ਜੋ ਨਾਮ ਸਿਮਰਣ ਰਾਹੀਂ ਮੌਤ ਦੇ ਡਰ ਤੋਂ ਦੂਰ ਜਾ ਚੁੱਕੇ ਹੁੰਦੇ ਹਨ ਹਉਮੈ ਇਹਨਾਂ ਨੂੰ ਛੂਹ ਨਹੀਂ ਸਕਦਾ। ਇਹ ਲੋਕਾਈ ਲਈ ਚੰਗੇ ਵਿਚਾਰ ਅਤੇ ਪਰਉਪਕਾਰੀ ਭਾਵਨਾ ਨਾਲ ਭਰਪੂਰ ਹੁੰਦੇ ਹਨ। ਇਹ ਸਮਾਜ ਦੀ ਭਲਾਈ ਲਈ ਆਪਣਾ ਜੀਵਨ ਕੁਰਬਾਨ ਕਰ ਦਿੰਦੇ ਹਨ। ਉਹਨਾਂ ਦਾ ਜ਼ਿਕਰ 'ਅਰਦਾਸ' ਵਿਚ ਸ਼ਰਧਾਂਜਲੀ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ।

> ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ਼ੀ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ ਤੇਗ ਵਾਹੀ ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ!
>
> ਜਿਨ੍ਹਾਂ ਸਿੰਘਾਂ ਸਿੰਘਣੀਆਂ ਧਰਮ ਹੇਤ ਸੀਸ ਦਿੱਤੇ ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਤਨ ਆਰਿਆਂ ਨਾਲ ਚਰਾਏ, ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਕੁਰਬਾਨੀਆਂ ਦਿੱਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਈ ਤਿਨ੍ਹਾਂ ਸਚਿਆਰਿਆਂ ਦੀ ਕਮਾਇ. ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਿ ਗੁਰੂ!

ਗੁਰਮਤਿ ਅਨੁਸਾਰ ਸ਼ਹੀਦੀਆਂ ਦੋ ਪ੍ਰਕਾਰ ਦੀਆਂ ਹਨ। ਸ਼ਾਂਤਮਈ ਸ਼ਹੀਦੀਆਂ ਅਤੇ ਹਥਿਆਰਬੰਦ ਸ਼ਹੀਦੀਆਂ। ਸ਼ਾਂਤਮਈ ਸ਼ਹੀਦੀਆਂ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਆਉਂਦੀ ਹੈ। ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਅਤੇ ਮਨੀ ਸਿੰਘ ਹਨ ਜਿਨ੍ਹਾਂ ਦੇ ਨਾਮ ਸਤਿਕਾਰ ਨਾਲ ਲਏ ਜਾਂਦੇ ਹਨ। ਹਥਿਆਰਬੰਦ ਸ਼ਹੀਦੀਆਂ ਵਿਚ ਜੰਗ ਦੇ ਮੈਦਾਨ ਵਿਚ ਹਥਿਆਰਬੰਦ ਸੂਰਮੇ ਆਉਂਦੇ ਹਨ ਜਿਨ੍ਹਾਂ ਨੇ ਅਤਿਆਚਾਰ ਦਾ ਮੁਕਾਬਲਾ ਹਥਿਆਰਾਂ ਨਾਲ ਕੀਤਾ।

ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਸ਼ਹੀਦੀਆਂ ਕਿਉਂ ਦਿੱਤੀਆਂ ਜਿਸ ਦਾ ਜਵਾਬ ਇਹ ਹੈ ਕਿ ਜਦੋਂ ਕਿਸੇ ਕੌਮ ਦੀ ਅਜ਼ਾਦੀ ਖੋਹ ਕੇ ਉਸ ਨੂੰ ਗੁਲਾਮ ਬਣਾਇਆ ਜਾਂਦਾ ਹੈ ਤਾਂ ਉਸ ਕੌਮ ਦੇ ਸੱਚੇ ਲੋਕ ਆਪਣੀ ਅਜ਼ਾਦੀ ਦੀ ਪ੍ਰਾਪਤੀ ਲਈ ਸ਼ਹੀਦੀਆਂ ਦਿੰਦੇ ਹਨ ਸੋ ਸ਼ਹੀਦੀਆਂ ਨਾਲ ਹੀ ਇਸਦੀ ਕੀਮਤ ਤਾਰਨੀ ਪੈਂਦੀ ਹੈ ਤੇ ਇਹ ਕੀਮਤ ਸ਼ਹੀਦੀ ਦੇ ਰੂਪ ਵਿਚ ਹੀ ਪ੍ਰਗਟ ਹੁੰਦੀ ਹੈ।

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਸ਼ਹਾਦਤ ਦਾ ਸੰਕਲਪ ਹਰ ਧਰਮ ਅਨੁਸਾਰ ਵੱਖਰਾ ਹੈ ਅਤੇ ਹਰ ਧਰਮ ਇਸਦੀ ਵਿਆਖਿਆ ਆਪਣੇ ਅਕੀਦੇ ਅਨੁਸਾਰ ਕਰਦਾ ਹੈ। ਯਹੂਦੀ ਧਰਮ ਵਿਚ ਸ਼ਹੀਦ ਉਹ ਜੋ 'ਪਵਿੱਤਰ ਇਤਿਹਾਸ' ਦੀ ਪਰਮਾਣਿਕਤਾ ਨੂੰ ਸਿੱਧ ਕਰਨ ਲਈ ਗਵਾਹੀ ਦਿੰਦਾ ਹੈ। ਇਸਾਈ ਧਰਮ ਵਿਚ ਸ਼ਹੀਦ ਉਹ ਹੈ ਜੋ ਈਸਾ ਦੇ ਸਿਧਾਂਤ ਤੇ ਚੱਲਦਾ ਹੋਇਆ ਮੌਤ ਨੂੰ ਪ੍ਰਾਪਤ ਕਰਦਾ ਹੈ। ਇਸਲਾਮ ਵਿਚ ਸ਼ਹੀਦ ਉਹ ਹੈ ਜੋ ਧਰਮ ਯੁੱਧ ਵਿਚ ਲੜਦਾ ਹੋਇਆ ਸ਼ਹੀਦ ਹੁੰਦਾ ਹੈ ਪਰ ਸਿੱਖ ਧਰਮ ਵਿਚ ਸ਼ਹੀਦ ਉਹ ਹੈ ਜੋ ਮਨੁੱਖਤਾ ਦੇ ਹੱਕਾਂ ਦੀ ਰਾਖੀ ਲਈ ਲੜਦਾ ਹੋਇਆ ਸਿਰ ਧੜ ਦੀ ਬਾਜੀ ਲਾ ਦਿੰਦਾ ਹੈ, ਉਹ ਸਿਰਫ਼ ਆਪਣੀ ਕੌਮ ਲਈ ਹੀ ਨਹੀਂ ਸਗੋਂ ਹੋਰਨਾਂ ਲਈ ਵੀ ਜਾਨ ਵਾਰਨ ਤੋਂ ਪਿੱਛੇ ਨਹੀਂ ਹਟਦਾ। ਸਿੱਖ ਧਰਮ ਵਿਚ ਸ਼ਹੀਦ ਕੋਲ ਜ਼ਾਲਿਮ ਅਤੇ ਅਤਿਆਰੀ ਕੋਲੋਂ ਬਚਣ ਦੇ ਮੌਕੇ ਹੁੰਦਿਆਂ ਹੋਇਆਂ ਵੀ ਉਹ ਆਪਣੀ ਇੱਛਾ ਅਨੁਸਾਰ ਆਪਣੀ ਜਾਨ ਵਾਰਦਾ ਹੈ।

## 2.2 ਵੱਖ-ਵੱਖ ਧਰਮਾਂ ਵਿਚ ਸ਼ਹਾਦਤ ਪਰੰਪਰਾ:

### ਯਹੂਦੀ ਧਰਮ ਵਿਚ ਸ਼ਹਾਦਤ ਪਰੰਪਰਾ

ਯਹੂਦੀ ਧਰਮ ਵਿਚ ਸ਼ਹਾਦਤ ਪਰੰਪਰਾ ਮਹਾਂਪੂਰਵਜ ਕਾਲ ਤੋਂ ਆਰੰਭ ਹੋ ਕੇ ਰੋਮਨ ਕਾਲ ਵਿਚ ਹੀ ਖਤਮ ਨਹੀਂ ਹੁੰਦੀ ਸਗੋਂ 16ਵੀਂ ਸ਼ਤਾਬਦੀ ਵਿਚ ਵੀ ਇਸ ਕੌਮ ਤੇ ਅੱਤਿਆਚਾਰ ਹੁੰਦੇ ਹਨ। ਰੋਮਨ ਕਾਲ ਵਿਚ ਰਾਜਾ ਨੀਰੋ ਨੇ 7● ਈਃ ਪੂਰਵ ਵਿਚ ਯੋਰੂਸ਼ਲਮ ਦੇ ਅਨੇਕ ਮੰਦਿਰ ਨਸ਼ਟ ਅਤੇ ਯਹੂਦੀਆਂ ਨੂੰ ਕਤਲ ਕੀਤਾ। 135 ਈਃ ਪੂਰਵ ਵਿਚ ਯਹੂਦੀਆਂ ਨੂੰ ਯੋਰੂਸ਼ਲਮ ਵਿਚੋਂ ਕੱਢ ਦਿੱਤਾ ਗਿਅ ਅਤੇ ਉਹਨਾ ਨੂੰ ਹੋਰ ਦੇਸ਼ਾਂ ਵਿਚ ਜਾਣਾ ਪਿਆ। ਵਿਸ਼ੇਸ਼ ਤੌਰ ਤੇ ਰੂਸ ਅਤੇ ਪੋਲੈਂਡ ਵਿਚ 18ਵੀਂ ਅਤੇ 19ਵੀਂ ਸ਼ਤਾਬਦੀ ਵਿਚ ਜੋ ਨਵ-ਜਾਗ੍ਰਿਤੀ ਦਾ ਯੁੱਗ ਸੀ ਇਸ ਵਿਚ ਯਹੂਦੀਆਂ ਨੇ ਆਪਣੇ ਅਧਿਕਾਰਾਂ ਅਤੇ ਅਜ਼ਾਦੀ ਲਈ ਅਵਾਜ਼ ਉਠਾਈ ਅਤੇ ਅੰਦੋਲਨ ਸ਼ੁਰੂ ਕੀਤਾ ਜਿਸ ਨੂੰ ਸਿਯਾਰਵਾਦ ਕਿਹਾ ਜਾਂਦਾ ਹੈ। ਇਸ ਸਮੇਂ ਦੇ ਸ਼ਾਸਕਾਂ ਨੇ ਯਹੂਦੀ ਕੌਮ ਉੱਤੇ ਅਤਿਆਚਾਰ ਕੀਤੇ। 1933-45 ਈਸਵੀ ਵਿਚ ਹਿਟਲਰ ਨੇ ਲੱਖਾਂ ਯਹੂਦੀ ਲੋਕਾਂ ਨੂੰ ਕਤਲ ਕੀਤਾ। 1948 ਈਂ ਵਿਚ ਇਸਰਾਇਲੀ ਰਾਜ ਦੀ ਸਥਾਪਨਾ ਹੁੰਦੀ ਹੈ ਅਤੇ ਯਹੂਦੀ ਹੋਰਨਾਂ ਦੇ ਅੱਤਿਆਚਾਰਾਂ ਤੋਂ ਅਜ਼ਾਦ ਹੋ ਕੇ ਆਪਣੇ ਰਾਜ ਅਤੇ ਦੇਸ਼ ਨੂੰ ਪ੍ਰਾਪਤ ਕਰਦੇ ਹਨ।

ਅਕੀਵਾ-ਬਿਨ-ਯੋਸਫ ਯਹੂਦੀ ਧਰਮ ਦਾ ਅਜਿਹਾ ਸ਼ਹੀਦ ਹੈ ਜਿਸ ਨੂੰ ਰੋਮਨ ਸਾਮਰਾਜ ਵੱਲੋਂ ਸ਼ਹੀਦ ਕੀਤਾ ਗਿਆ। ਅਕੀਵਾ-ਬਿਨ-ਯੋਸਫ ਹੈਲਨਵਾਦੀ ਕਾਲ ਦਾ ਵਿਦਵਾਨ, ਚਿੰਤਕ ਅਤੇ ਅਧਿਆਪਕ ਹੈ ਜਿਸ ਨੂੰ ਰੱਬੀ ਇਕੀਵਾ ਵੀ ਕਿਹਾ ਜਾਂਦਾ ਹੈ। ਉਸ ਦਾ ਜਨਮ 40CE ਇਸਰਾਇਲ ਵਿੱਚ ਹੋਇਆ। ਪ੍ਰਸਿੱਧ ਦੰਦ ਕਥਾਵਾਂ ਅਨੁਸਾਰ ਇਕੀਵਾ ਅਨਪੜ ਸੀ ਅਤੇ ਭੇਡਾਂ ਚਾਰਨ ਦਾ ਕੰਮ ਕਰਦਾ ਸੀ। ਉਸ ਨੇ ਆਪਣੀ ਪੜ੍ਹਾਈ ਦਾ ਕੰਮ 4● ਸਾਲ ਦੀ ਉਮਰ ਵਿਚ ਸ਼ੁਰੂ ਕੀਤਾ। ਰੇਚਲ ਉਸਦੀ ਪਤਨੀ ਇਕ ਅਮੀਰ ਆਦਮੀ ਜੋਸ਼ੂਆ ਦੀ ਪੁੱਤਰੀ ਸੀ ਜਿਸ ਨੇ ਅਕੀਵਾ ਨਾਲ ਗੁਪਤ ਮੰਗਣੀ ਕਰਕੇ ਉਸ ਨੂੰ ਪੜ੍ਹਾਈ ਲਈ ਪ੍ਰੇਰਿਆ ਜਦ ਜੋਸ਼ੂਆ ਨੂੰ

ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਆਪਣੀ ਪੁੱਤਰੀ ਨੂੰ ਘਰੋਂ ਕੱਢ ਦਿੱਤਾ ਅਤੇ ਕਿਹਾ ਕਿ ਜਦ ਤੱਕ ਉਹ ਤੇਰਾ ਪਤੀ ਰਹੇਗਾ ਉਸ ਨਾਲ ਉਸਦਾ ਕੋਈ ਸੰਬੰਧ ਨਹੀਂ ਰਹੇਗਾ।

4● ਸਾਲ ਦੀ ਉਮਰ ਵਿਚ ਅਕੀਵਾ ਨੇ ਇਸਰਾਇਲ ਦੇ ਗੁਆਂਡੀ Lydda ਦੀ ਅਕੈਡਮੀ ਵਿਚ ਦਾਖਲਾ ਲਿਆ ਜਿਸਦਾ ਮੁਖੀ Elizer.ben.Hyrcanus ਸੀ। 12 ਸਾਲ ਅਧਿਐਨ ਕਰਨ ਪਿਛੋਂ ਅਕੀਵਾ ਨੇ ਜਾਫਾ ਤੋਂ ਪੰਜ ਮੀਲ ਦੂਰੀ ਤੇ Bene-Borak ਵਿਚ ਆਪਣਾ ਸਕੂਲ ਖੋਲਿਆ ਜਿਸ ਨੂੰ ਰਬੀਨਾ School of Thought ਦਾ ਨਾ ਦਿੱਤਾ ਗਿਆ। ਇਸ ਸਕੂਲ ਵਿਚ ਉਸਦੇ ਬਹੁਤ ਸਾਰੇ ਚੇਲੇ ਉਸ ਦੇ ਨਾਲ ਅਧਿਐਨ ਕਰਦੇ ਹਨ ਜਿਨ੍ਹਾਂ ਵਿਚ Rabbi meri, Imdha-ben-iiad, Simenon and Rabbi Nehemjah ਆਦਿ ਰਹੇ।

ਇਸ ਪ੍ਰਕਾਰ ਇਕੀਵਾ-ਬਿਨ-ਯੋਸਫ ਨੇ 12 ਸਾਲ ਦੇ ਅਧਿਐਨ ਕਰਨ ਪਿਛੋਂ ਇਕ ਅਧਿਆਪਕ ਚਿੰਤਨ, ਅਤੇ ਵਿਦਵਾਨ ਦੇ ਤੌਰ ਤੇ ਆਪਣੀ ਪਛਾਣ ਬਣਾਈ। ਅਕੀਵਾ-ਬਿਨ-ਯੋਸਫ ਨੇ ਹੈਲਨਵਾਦੀ ਕਾਲ ਦੌਰਾਨ ਪੈਦਾ ਹੋਈ ਰਬੀਨਾ ਲਹਿਰ ਵਿਚ ਯੋਗਦਾਨ ਪਾਇਆ। ਇਹ ਉਹ ਸਮਾਂ ਸੀ ਜਦੋਂ 70 CE ਵਿਚ ਰੋਮਨ ਦੁਆਰਾ ਮੰਦਰ ਢਾਹੇ ਗਏ ਅਤੇ ਜਿਸਦੇ ਸਿੱਟੇ ਵਜੋਂ ਬਹੁਤ ਸਾਰਾ ਰਬੀਨਾ ਸਾਹਿਤ ਰਚਿਆ ਗਿਆ। ਅਕੀਵਾ-ਬਿਨ-ਯੋਸਫ ਨੇ ਤੌਰਾਹ ਦੇ ਮੌਖਿਕ ਕਾਨੂੰਨ ਦੀ ਵਿਆਖਿਆ ਕਰਕੇ ਉਸ ਸਮੇਂ ਦੇ ਧਰਮ ਨਾਲ ਸੰਬੰਧਿਤ ਸਾਹਿਤ ਵਿਚ ਯੋਗਦਾਨ ਪਾਇਆ। ਇਕੀਵਾ-ਬਿਨ-ਯੋਸਫ ਨੇ ਤੌਰਾਹ ਦੇ ਮੌਖਿਕ ਕਾਨੂੰਨ ਨੂੰ ਲਿਖਤੀ ਰੂਪ ਵਿਚ ਪੇਸ਼ ਕਰਕੇ ਉਦਾਰਵਾਦੀ ਭਾਵਨਾ ਦੀ ਪੇਸ਼ਕਾਰੀ ਕੀਤੀ ਕਿ ਸਮੇਂ ਅਨੁਸਾਰ ਧਾਰਮਿਕ ਕਾਨੂੰਨਾਂ ਦੀ ਵਿਆਖਿਆ ਰਾਹੀਂ ਸੋਧ ਹੋਣੀ ਚਾਹੀਦੀ ਹੈ। ਅਕੀਵਾ-ਬਿਨ-ਯੋਸਫ ਦੇ ਤੌਰਾਹ ਦੇ ਮੌਖਿਕ ਕਾਨੂੰਨ ਦੀ ਵਿਆਖਿਆ ਸੰਬੰਧੀ ਇੰਟਰਨੈਟ ਤੇ ਮਿਲਦੇ ਹਵਾਲੇ ਅਨੁਸਾਰ:

> ਯਹੂਦੀ ਧਰਮ ਵਿਚ ਉਸਨੂੰ ਰਬੀਨਾ ਯਹੂਦੀਵਾਦ ਦਾ ਸੰਸਥਾਪਕ ਕਿਹਾ ਜਾਂਦਾ ਹੈ। ਉਸ ਨੇ ਤੌਰਾਹ ਦੇ ਮੌਖਿਕ ਕਾਨੂੰਨ ਨੂੰ ਨਵੇਂ ਅਰਥ ਦੇਣ ਦਾ ਤਰੀਕਾ ਈਜਾਦ ਕੀਤਾ ਜਿਸ ਨੂੰ 'ਹਲਾਕਾ' ਕਿਹਾ ਜਾਂਦਾ ਹੈ।

> ਜਿਸਦੀ ਨੀਂਹ ਮਿਸ਼ਨਾਹ ਦੁਅਰਾ ਰੱਖੀ ਗਈ ਜੋ ਕਿ ਬਾਈਬਲ ਤੋਂ ਪਿੱਛੋਂ ਯਹੂਦੀ ਕਾਨੂੰਨ ਦਾ ਪਹਿਲਾ ਲਿਖਤੀ ਕੋਡ ਬਣਿਆ।[48]

ਇਕ ਵਿਦਵਾਨ ਦੇ ਤੌਰ ਤੇ ਇਕੀਵਾ-ਬਿਨ-ਯੋਸਫ ਨੇ ਯਹੂਦੀ ਧਾਰਮਿਕ ਕਾਨੂੰਨ ਨੂੰ ਲਿਖਤੀ ਰੂਪ ਦੇਣ ਲਈ 'ਮਿਦਰਾਸ਼' ਵਿਚ ਯੋਗਦਾਨ ਪਾਇਆ ਜਿਸ ਦੇ ਸਿੱਟੇ ਵਜੋਂ ਤਾਲਮੂਦ ਦੀ ਰਚਨਾ ਕੀਤੀ ਗਈ। ਤਾਲਮੂਦ ਦੀ ਰਚਨਾ ਦਾ ਅਧਾਰ ਮੌਖਿਕ ਕਾਨੂੰਨ ਹੈ ਜਿਹੜਾ ਮੂਸਾ ਨੂੰ ਸਿਨਾਈ ਦੇ ਪਹਾੜ ਤੇ ਈਸ਼ਵਰ ਨੇ ਦਿੱਤਾ ਹੈ। ਤਾਲਮੂਦ ਵਿਚ ਯਹੂਦੀ ਕੌਮ ਦੇ ਸੱਭਿਆਚਾਰ ਧਰਮ ਅਤੇ ਵਿਵਹਾਰਿਕ ਰਵਾਇਤਾਂ ਦੀ ਮੁੜ ਵਿਆਖਿਆ ਕੀਤੀ ਗਈ ਹੈ। ਇਸ ਨੂੰ ਹਿਬ੍ਰਉ, ਜੀਨੀਆਂ, ਅਸੀਰੀਅਨ, ਬੇਬੀਲੋਨੀਆ ਤੇ ਪਰਸ਼ੀਆ ਦੀ ਪ੍ਰਬੰਧੰਕੀ ਭਾਸ਼ਾ ਵਿਚ ਲਿਖਿਆ ਗਿਆ।

ਅਕੀਵਾ-ਬਿਨ-ਯੋਸਫ ਨੇ ਇਸ ਮੁੜ ਕੀਤੀ ਵਿਆਖਿਆ ਵਿਚ ਕੁਝ ਕਾਨੂੰਨਾਂ ਨੂੰ ਉਦਾਰਵਾਦੀ ਦ੍ਰਿਸ਼ਟੀਕੌਣ ਤੋਂ ਪੇਸ਼ ਕਰਦਿਆਂ ਨਵੇਂ ਅਰਥ ਦੇ ਕੇ ਔਰਤਾਂ ਦੀ ਸ਼ੁੱਧਤਾ ਯਹੂਦੀ ਗੁਲਾਮਾਂ ਦੀ ਸਥਿਤੀ ਅਤੇ ਗੈਰ ਯਹੂਦੀਆਂ ਨਾਲ ਮਿੱਤਰਤਾ ਭਰੇ ਸੰਬੰਧਾਂ ਬਾਰੇ ਮੁੱਖ ਤੌਰ ਤੇ ਚਰਚਾ ਕੀਤੀ। ਉਸ ਅਨੁਸਾਰ ਯਹੂਦੀ ਕੋਈ ਵੀ ਗੁਲਾਮ ਨਹੀਂ ਸਗੋਂ ਰਾਜੇ ਹਨ। By Akiva with his view at ethics for him A Jews slave is a Contradiction in term for every Jews it Is to be regarded as a prince.[49]

ਇਕ ਅਧਿਆਪਕ ਦੇ ਤੌਰ ਤੇ ਅਕੀਵਾ-ਬਿਨ-ਯੋਸਫ ਦੀ ਸਿੱਖਿਆ ਦਾ ਵਿਸ਼ਾ ਕਾਨੂੰਨ, ਧਾਰਮਿਕ ਵਿਚਾਰ ਅਤੇ ਧਾਰਮਿਕ ਲਿਖਤਾਂ ਦੀ ਵਿਆਖਿਆ ਰਿਹਾ ਹੈ। ਉਸਦੇ ਵਿਚਾਰਾਂ ਤੇ ਸਿਖਿਆਵਾਂ ਦਾ ਮੂਲ ਅਧਾਰ ਯਹੂਦੀ ਧਰਮ ਦੇ ਆਦੇਸ਼ 'ਗੁਆਂਢੀ ਨੂੰ ਆਪਣੇ ਵਾਂਗ ਪਿਆਰ ਕਰੋ' ਉੱਤੇ ਅਧਾਰਿਤ ਰਿਹਾ। ਉਸ ਨੇ ਮਨੁੱਖੀ ਅਜ਼ਾਦੀ ਤੇ ਪਹਿਰਾ ਦਿੱਤਾ। ਅਕੀਵਾ-ਬਿਨ-ਯੋਸਫ਼ ਅਨੁਸਾਰ:

> Everything is foreseen, but freedom of will is given to everyman.[50]

ਅਕੀਵਾ ਨੇ ਮਨੁੱਖੀ ਦੁੱਖਾਂ ਨੂੰ ਪਰਮਾਤਮਾ ਦੀ ਦੇਣ ਮੰਨਦਿਆਂ ਉਹਨਾਂ ਨੂੰ ਕੀਮਤੀ ਕਿਹਾ ਅਤੇ ਪਰਮਾਤਮਾ ਦੀ ਸਿਫਤ ਕਰਨ ਦੀ ਸਲਾਹ ਦਿੱਤੀ। ਉਸ ਅਨੁਸਾਰ ਇਰਾਇਲੀ ਕੌਮ ਪਰਮਾਤਮਾ ਦੇ ਬੱਚਿਆਂ ਦੀ ਕੌਮ ਹੈ ਅਤੇ ਉਹਨਾਂ ਨੂੰ ਉਸ ਦੀ ਸ਼ਾਨ ਸਾਰੇ ਸੰਸਾਰ ਵਿਚ ਫੈਲਾਉਣੀ ਚਾਹੀਦੀ ਹੈ।

ਰੋਮਨ ਸਾਮਰਾਜ ਵਿਚ ਉਹਨਾਂ ਦੇ ਵਿਰੋਧੀਆਂ ਤੇ ਬਹੁਤ ਅੱਤਿਆਚਾਰ ਕੀਤੇ ਜਾਂਦੇ ਰਹੇ। ਅਕੀਵਾ-ਬਿਨ-ਯੋਸਫ਼ ਨੂੰ ਵੀ ਰੋਮਨ ਸਿਪਾਹੀਆਂ ਦੁਆਰਾ ਤੌਰਾਹ ਦੀਆਂ ਸਿਖਿਆਵਾਂ ਦਾ ਆਮ ਲੋਕਾਂ ਵਿਚ ਪ੍ਰਚਾਰ ਕਰਨ ਲਈ ਸ਼ਹੀਦ ਕਰ ਦਿੱਤਾ ਗਿਆ। ਉਸ ਸਮੇਂ ਤੌਰਾਹ ਦੀਆਂ ਸਿਖਿਆਵਾਂ ਤੇ ਮੰਦਿਰ ਢਾਹੇ ਜਾਣ ਤੋਂ ਬਾਅਦ ਯਹੂਦੀਆਂ ਦਾ ਮੁੜ ਯੋਰੁਸ਼ਲਮ ਵਿਚ ਆਉਣਾ ਪਾਬੰਦੀ ਸ਼ੁਦਾ ਸੀ।  ਅਕੀਵਾ-ਬਿਨ-ਯੋਸਫ਼ ਨੂੰ ਬਾਰ-ਕੋਖਾਬਾ ਦੇ ਵਿਦਰੋਹ ਵਿਚ ਕ੍ਰਾਂਤੀਕਾਰੀ ਭੂਮਿਕਾ ਨਿਭਾਉਣ ਕਾਰਨ ਵੀ ਦੋਸ਼ੀ ਠਹਿਰਾਇਆ ਗਿਆ। ਬਾਰ ਕੋਖਾਬਾ 132 CE ਵਿਚ ਯਹੂਦੀਆਂ ਦੁਆਰਾ ਰੋਮਨ ਸਾਮਰਾਜ ਵਿਰੁੱਧ ਸੁਤੰਤਰ ਯਹੂਦੀ ਰਾਜ ਦੀ ਸਥਾਪਨਾ ਸਬੰਧੀ ਕੀਤਾ ਗਿਆ ਵਿਦਰੋਹ ਹੈ ਜਿਸ ਨੂੰ ਆਗੂ ਸਿਮਔਨ ਦੁਆਰਾ ਸ਼ੁਰੂ ਕੀਤਾ ਗਿਆ। ਇਹ ਵਿਦਰੋਹ ਜ਼ਿਆਦਾ ਦੇਰ ਨਾ ਚੱਲਿਆ ਪਰ ਜਿਨ੍ਹਾਂ ਵੀ ਵਿਰੋਧ ਕੀਤਾ ਉਹਨਾਂ ਉਤੇ ਰੋਮਨਾ ਦੁਆਰਾ ਅੱਤਿਆਚਾਰ ਕੀਤੇ ਜਾਂਦੇ ਰਹੇ। ਕੋਖਾਬਾ ਵਿਦਰੋਹ ਦੇ ਫੇਲ੍ਹ ਹੋਣ ਦੇ ਅੰਤ ਵਿਚ ਰੱਬੀ ਇਕੀਵਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸ ਉਤੇ ਅੱਤਿਆਚਾਰ ਕੀਤੇ ਗਏ। ਇੰਟਰਨੈਟ ਦੇ ਇਸ ਹਵਾਲੇ ਅਨੁਸਾਰ:

> Jews Source relate that he was subject to a Roaman torture where his skin as was flayed with Iron comb.[51]

ਅਕੀਵਾ-ਬਿਨ-ਯੋਸਫ਼ ਆਪਣੀ ਸ਼ਹਾਦਤ ਤੇ ਬਿਲਕੁਲ ਸ਼ਾਂਤ ਰਿਹਾ, ਜਦੋਂ ਰੋਮਨ ਸਿਪਾਹੀ ਉਸ ਉਤੇ ਅਤਿਆਚਾਰ ਕਰ ਰਹੇ ਸਨ ਉਸ ਵੇਲੇ ਉਸ ਨੇ ਪ੍ਰਾਰਥਨਾ ਕੀਤੀ ਤੇ ਲੋਕਾਂ ਨੂੰ ਪ੍ਰੇਰਨਾ ਦਿੱਤੀ:

> You shall love God, with all your life. I rejoice at the opportunity not given to me to love my God with all my means and over my might.[52]

ਸਾਰ ਤੱਤ ਵਜੋਂ ਕਿਹਾ ਜਾ ਸਕਦਾ ਹੈ ਕਿ ਯਹੂਦੀ ਧਰਮ ਵਿਚ ਇਕੀਵਾ-ਬਿਨ-ਯੋਸਫ਼ ਅਜਿਹਾ ਸ਼ਹੀਦ ਹੈ ਜਿਸਨੂੰ ਰੋਮਨ ਸਾਮਰਾਜ ਦੁਆਰਾ ਤੌਰਾਹ ਦੀਆਂ ਸਿੱਖਿਆਵਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਅਤੇ ਬਾਰ ਕੋਖਾਬਾ ਦੇ ਅੰਦੋਲਨ ਵਿਚ ਇੱਕ ਕ੍ਰਾਂਤੀਕਾਰੀ ਭੂਮਿਕਾ ਨਿਭਾਉਣ ਵਜੋਂ ਸ਼ਹੀਦ ਕੀਤਾ ਗਿਆ। ਯਹੂਦੀ ਧਰਮ ਦੀ ਸ਼ਹਾਦਤ ਪਰੰਪਰਾ ਵਿਚ ਇਹਨਾਂ ਦਸ ਸ਼ਹੀਦਾਂ ਦਾ ਵੀ ਵਰਨਣ ਮਿਲਦਾ ਹੈ ਜਿਨ੍ਹਾਂ ਵਿਚ Shimon ben Gamliel 10 BCE ਤੋਂ 7● CE, Rabbi Akiva 50 ਤੋਂ 135 CE, Rabbi Haninah ben Teradion ਦੂਸਰੀ ਸਦੀ, Rabbi Hutzpit the Interpreter 3rd Generation of Tannain ਅਤੇ ਉਹਨਾਂ ਦੇ ਨਾਲ ਹੋਰ ਸ਼ਹੀਦ ਹੋਏ ਜਿਨ੍ਹਾਂ ਵਿਚ Rabbi Hanina ben Hakinai, Rabbi Judha ben Dama, Yeshivav the scribe, Rabbi Judha ben bava ਦੀਆਂ ਵੀ ਸ਼ਹਾਦਤਾਂ ਹੋਈਆਂ ਹਨ।

**ਇਸਾਈ ਧਰਮ ਵਿਚ ਸ਼ਹਾਦਤ ਪਰੰਪਰਾ:**

ਇਸਾਈ ਧਰਮ ਦਾ ਨਿਕਾਸ ਯਹੂਦੀ ਧਰਮ ਵਿਚੋਂ ਹੀ ਹੋਇਆ ਮੰਨਿਆ ਜਾਂਦਾ ਹੈ। ਇਸ ਧਰਮ ਦਾ ਪਵਿੱਤਰ ਗ੍ਰੰਥ 'ਨਵਾਂ ਅਹਿਦਨਾਮਾ' ਜਿਸ ਨੂੰ ਪਵਿੱਤਰ ਬਾਈਬਲ ਕਿਹਾ ਜਾਂਦਾ ਹੈ ਅਤੇ ਸਲੀਬ ਇਸ ਦਾ ਪਵਿੱਤਰ ਨਿਸ਼ਾਨ ਹੈ। ਇਸ ਧਰਮ ਦਾ ਮੰਤਵ ਪਰਮਾਤਮਾ ਅਤੇ ਉਸਦੇ ਪੁੱਤਰ ਯਿਸੂ, ਪਵਿੱਤਰ ਆਤਮਾ ਅਤੇ ਰਸੂਲਾਂ ਪ੍ਰਤੀ ਨਿਸ਼ਠਾਵਾਨ ਰਹਿਣਾ ਹੈ। ਇਹ ਇਕ ਮਿਸ਼ਨਰੀ ਧਰਮ ਹੈ। ਹਰ ਧਰਮ ਦੀ ਗੋਂਦ ਉਸ ਵਿਚਲੇ ਪਰਮਾਤਮਾ ਦੇ ਸਰੂਪ ਦੇ ਸੰਕਲਪ ਦੁਆਲੇ ਗੁੰਦੀ ਹੋਈ ਹੈ ਪਰ ਇਸਾਈ ਧਰਮ ਦਾ ਕੇਂਦਰ ਬਿੰਦੂ ਮਨੁੱਖੀ ਜਾਮੇ ਵਿਚ ਪੈਦਾ ਹੋਇਆ 'ਯਿਸੂ ਮਸੀਹ' ਹੈ।[53]

ਯਹੂਦੀ ਧਰਮ ਵਾਂਗ ਇਹ ਧਰਮ ਵੀ 'ਇਕੀਸ਼ਵਰਵਾਦ' ਵਿਚ ਵਿਸ਼ਵਾਸ ਰੱਖਦਾ ਹੈ। ਇਹ ਧਰਮ 'ਤ੍ਰੀ-ਏਕਤਾ' ਦੇ ਸਿਧਾਂਤ ਨੂੰ ਮਾਨਤਾ ਦਿੰਦਾ ਹੈ ਜਿਸ ਵਿਚ ਤਿੰਨ ਏਕਤਾਵਾਂ ਈਸ਼ਵਰ ਪਿਤਾ, ਪੁੱਤਰ ਅਤੇ ਪਵਿੱਤਰ ਅਤਮਾ ਦਾ ਸੁਮੇਲ ਹੈ ਇਸ ਦੀ ਉਦਾਹਰਣ ਯਿਸੂ ਮਸੀਹ ਆਪ ਹਨ। ਇਸ ਪ੍ਰਕਾਰ ਵਿਸ਼ਵਾਸ, ਭਵਿੱਖ ਬਾਣੀ ਅਤੇ ਪੁਨਰ-ਉਥਾਨ ਵੀ ਇਸ ਧਰਮ ਦੇ ਪ੍ਰਮੁੱਖ ਸਿਧਾਂਤਾਂ ਵਿਚੋਂ ਹਨ। ਵਿਸ਼ਵਾਸ਼ ਨੂੰ ਇਸਾਈ ਧਰਮ ਦਾ ਪ੍ਰਮੁੱਖ ਭਾਗ ਮੰਨਿਆ ਗਿਆ ਹੈ। ਉਹ ਵਿਸ਼ਵਾਸ਼ ਜਿਸ ਰਾਹੀਂ ਹੀ ਮਨੁੱਖ ਪਰਮਾਤਮਾ ਦੀ ਨੇੜਤਾ ਦਾ ਅਹਿਸਾਸ ਕਰਦਾ ਹੈ। ਭਵਿੱਖ ਬਾਣੀ ਯਹੂਦੀ ਧਰਮ ਦੇ ਪੁਰਾਣੇ ਅਹਿਦਨਾਮੇ ਦਾ ਹੀ ਸਿਧਾਂਤ ਹੈ ਜੋ ਇਸਾਈ ਧਰਮ ਵਿਚ ਵੀ ਮੰਨਿਆ ਗਿਆ ਹੈ। ਪੁਰਾਣੇ ਅਹਿਦਨਾਮੇ ਵਿਚ ਹੀ ਯਿਸੂ ਮਸੀਹ ਦੇ ਆਉਣ ਦੀ ਭਵਿੱਖ ਬਾਣੀ ਕੀਤੀ ਗਈ ਹੈ। ਪੁਨਰ-ਉਥਾਨ ਦੇ ਸਿਧਾਂਤ ਰਾਹੀਂ ਇਹ ਮੰਨਿਆ ਜਾਂਦਾ ਹੈ ਕਿ ਯਿਸੂ-ਮਸੀਹ ਨੂੰ ਸੂਲੀ ਤੇ ਚਾੜ੍ਹ ਦੇਣ ਤੋਂ ਪਿਛੋਂ ਉਹ ਤੀਜੇ ਦਿਨ ਕਬਰ ਵਿਚੋਂ ਉਠ ਕੇ ਬਹਿਸ਼ਤ ਵਿਚ ਚਲੇ ਗਏ। ਇਹ ਪੁਨਰ ਉਥਾਨ ਦਾ ਅਹਿਮ ਸੰਕੇਤ ਹੈ ਪਵਿੱਤਰ ਬਾਈਬਲ ਅਨੁਸਾਰਃ

> ਉਹ ਚਾਲੀ ਦਿਨ ਆਪਣੇ ਪੈਰੋਕਾਰ ਨੂੰ ਅਤੇ ਹੋਰਨਾਂ ਲੋਕਾਂ ਨੂੰ ਦਰਸ਼ਨ ਦਿੰਦੇ ਰਹੇ। ਫਿਰ ਉਹ ਅਸਮਾਨ ਤੇ ਚਲੇ ਗਏ ਅਤੇ ਫਿਰ ਦਸ ਦਿਨਾਂ ਬਾਅਦ ਪੈਂਤੀਕੋਸ਼ਤ ਦੇ ਦਿਨ ਆਪਣੇ ਸ਼ਿਸ਼ਾਂ ਸਾਹਮਣੇ ਪਵਿੱਤਰ ਆਤਮਾ ਦੇ ਰੂਪ ਵਿਚ ਅਵਤਰਿਤ ਹੋਏ।[54]

ਧਾਰਮਿਕ ਸੰਸਕਾਰ ਵੀ ਈਸਾਈ ਧਰਮ ਵਿਚ ਖਾਸ ਸਥਾਨ ਰੱਖਦੇ ਹਨ ਸੰਸਕਾਰਾਂ ਰਾਹੀਂ ਹੀ ਪ੍ਰਭੂ ਕ੍ਰਿਪਾ ਦੇ ਪਾਤਰ ਬਣਿਆ ਜਾ ਸਕਦਾ ਹੈ। ਬਪਤਿਸਮਾ, ਯੁਕੇਰਿਟਸ, ਪਰਪਕਤਾ, ਵਿਆਹ ਸ਼ਾਦੀ, ਪਛਤਾਵਾ, ਅੰਤਿਮ ਵਿਲੇਪਨ ਅਤੇ ਪਵਿੱਤਰ ਪ੍ਰਣਾਲੀ ਪ੍ਰਮੁੱਖ ਸੰਸਕਾਰ ਹਨ। ਉਹ ਹੀ ਲੋਕ ਮੁਕਤੀ ਪ੍ਰਾਪਤ ਕਰ ਸਕਦੇ ਹਨ ਜੋ ਪਾਪਾਂ ਤੋਂ ਰਹਿਤ ਹਨ। ਪਰਮਾਤਮਾ ਮਨੁੱਖ ਨੂੰ ਪਿਆਰ ਕਰਦਾ ਹੈ ਪਰ ਜੇਕਰ ਮਨੁੱਖ ਲਗਾਤਾਰ ਪਾਪ ਕਰਦਾ ਹੈ ਤਾਂ ਉਹ ਸਜ਼ਾ ਦਾ ਭਾਗੀਦਾਰ ਬਣਦਾ ਹੈ। ਮਨੁੱਖ ਨੂੰ ਭੁੱਲਣਹਾਰ ਮੰਨਿਆ ਗਿਆ ਹੈ ਤਾਂ ਉਹ ਸਜ਼ਾ ਦਾ ਭਾਗੀਦਾਰ ਬਣਦਾ

ਹੈ। ਮਨੁੱਖ ਨੂੰ ਭੁੱਲਣਹਾਰ ਮੰਨਿਆ ਗਿਆ ਹੈ ਅਤੇ ਯਿਸੂ ਮਸੀਹ ਨੂੰ ਬਖਸ਼ਣਹਾਰ। ਮਨੁੱਖ ਨੂੰ ਪਾਪਾਂ ਦਾ ਪ੍ਰਤੀਕ ਅਤੇ ਯਿਸੂ ਮਸੀਹ ਨੂੰ ਗੁਨਾਹ ਤੋਂ ਨਿਜਾਤ ਦਿਵਾਉਣ ਵਾਲਾ ਮਸੀਹਾ ਪ੍ਰਵਾਨ ਕੀਤਾ ਗਿਆ ਹੈ। ਈਸਾਈ ਧਰਮ ਵਿਚ ਈਸਾ ਬਖਸ਼ਿੰਦ ਹੈ। ਗੁਰਬਚਨ ਸਿੰਘ ਤਾਲਿਬ ਦੇ ਇਸ ਸੰਬੰਧੀ ਲਿਖਦੇ ਹਨ:

> ਈਸਾ ਮਸੀਹ ਰੂਹਉਲ-ਕੁਦੂਸ (ਰੱਬ ਦੀ ਆਤਮਾ) ਸੀ ਉਹ ਮਨੁੱਖ ਨਹੀਂ ਸਗੋਂ ਮਨੁੱਖਾਂ ਨੂੰ ਗੁਨਾਹਾਂ ਤੋਂ ਨਿਜਾਤ ਦਿਵਾਉਣ ਲਈ ਆਇਆ ਸੀ। ਉਸਦੀ ਹਕੂਮਤ ਅਤੇ ਸ਼ਾਂਤੀ ਦਾ ਕਦੇ ਅੰਤ ਨਹੀਂ ਹੋਇਆ। [55]

ਈਸਾਈ ਧਰਮ ਵਿਚ ਸ਼ਹਾਦਤ ਪਰੰਪਰਾ ਦੀ ਸਭ ਤੋਂ ਵੱਡੀ ਮਿਸਾਲ ਯਿਸੂ ਮਸੀਹ ਹਨ ਜਿਨ੍ਹਾਂ ਨੇ ਮਨੁੱਖਤਾ ਨੂੰ ਪਾਪਾਂ ਤੋਂ ਮੁਕਤੀ ਦਿਵਾਉਣ ਦੀ ਖਾਤਿਰ ਅਤੇ ਚੰਗੇ ਕਰਮ ਕਰਨ ਦੀ ਖਾਤਿਰ ਸ਼ਹਾਦਤ ਦਿੱਤੀ ਡਾ. ਸਰਬਜਿੰਦਰ ਸਿੰਘ ਦਾ ਵਿਚਾਰ ਇਸ ਪ੍ਰਸੰਗ ਵਿਚ ਮੰਨਣਯੋਗ ਹੈ:

> ਯਿਸੂ ਇਬਰਾਨੀ ਭਾਸ਼ਾ ਦੇ ਸ਼ਬਦ Yeshra ਦਾ ਅਨੁਵਾਦ ਹੈ ਜਿਸ ਦਾ ਅਰਥ ਹੈ ਬਚਾਉਣ ਵਾਲਾ। ਮਸੀਹ ਸ਼ਬਦ ਇਬਰਾਨੀ ਭਾਸ਼ਾ ਦੇ ਮਸਾਯਾਹ (Massiah) ਦਾ ਅਨੁਵਾਦ ਹੈ ਅਤੇ ਇਸਦਾ ਅਰਥ ਚੁਣਿਆ ਹੋਇਆ ਹੈ। ਯੂਨਾਨੀ ਭਾਸ਼ਾ ਵਿਚ ਮਸੀਹਾ ਦਾ ਅਨੁਵਾਦ ਖਹਿਸਰਤੋਂਮ ਕੀਤਾ ਗਿਆ ਹੈ ਜਿਥੇ ਅੰਗਰੇਜ਼ੀ ਵਿਚ ਇਸਨੂੰ Christ ਲਿਖਿਆ ਗਿਆ ਹੈ। ਮਸੀਹਾ ਇਕ ਪਦਵੀ ਦਾ ਨਾਂ ਹੈ। ਈਸਾ ਨੂੰ ਇਹ ਪਦਵੀ ਇਸ ਲਈ ਦਿੱਤੀ ਗਈ ਕਿ ਈਸਾਈ ਲੋਕ ਉਸ ਨੂੰ ਪਰਮੇਸ਼ਰ ਦਾ ਚੁਣਿਆ ਹੋਇਆ ਮੁਕਤੀਦਾਤਾ ਮੰਨਦੇ ਹਨ।[56]

ਯਿਸੂ ਮਸੀਹ ਦਾ ਜਨਮ ਯੋਰੁਸ਼ਲਮ ਤੋਂ ਪੰਜ ਮੀਲ ਦੂਰ ਬੈਤਲਹਮ ਵਿਚ ਕੁਆਰੀ ਮਰੀਅਮ ਦੀ ਕੁਖੋਂ ਹੋਇਆ। ਯਿਸੂ ਮਸੀਹ ਦੀ ਜ਼ਿੰਦਗੀ ਦੇ ਅਹਿਮ ਦਸਤਾਵੇਜ਼ ਚਾਰ ਕਾਨੂੰਨੀ ਅੰਜੀਲਾਂ ਹਨਃ ਮੱਤੀ, ਮਰਕੁਸ, ਲੂਕਾ ਅਤੇ ਯੁਹੰਨਾਂ। ਲੂਕਾ ਪੋਥੀ ਵਿਚ ਕਿਹਾ ਗਿਆ ਹੈ ਈਸ਼ਵਰ ਨੇ ਜ਼ਬਰਾਈਲ ਫਰਿਸ਼ਤੇ ਨੂੰ ਭੇਜਿਆ ਅਤੇ ਉਸ ਨੇ ਮਾਤਾ ਮਰੀਅਮ ਨੂੰ ਕਿਹਾਃ

> ਮੁਬਾਰਕਬਾਦ ਤੇਰੇ ਉੱਤੇ ਪ੍ਰਭੂ ਦੀ ਅਤਿਅੰਤ ਕ੍ਰਿਪਾ ਹੈ। ਤੂੰ ਗਰਭਵਤੀ ਹੋਵੇਂਗੀ ਅਤੇ ਇਕ ਪੁੱਤਰ ਨੂੰ ਜਨਮ ਦੇਵੇਂਗੀ। ਉਹ ਬਹੁਤ ਹੀ ਮਹਾਨ ਪੁਰਸ਼ ਹੋਵੇਗਾ ਅਤੇ ਮਹਾਨ ਉਚ ਪ੍ਰਭੂ ਦਾ ਪੁੱਤਰ ਸਦਾਵਾਏਂਗਾ। [57]

ਯਿਸੂ ਮਸੀਹ ਦੇ ਜਨਮ ਸਮੇਂ ਯੋਰੁਸ਼ਲਮ ਵਿਚ ਰਾਜਾ ਹੈਰੋਦੇਸ ਦੀ ਹਕੂਮਤ ਸੀ। ਉਸ ਨੇ ਯਹੂਦੀ ਲੜਕਿਆਂ ਨੂੰ ਮਾਰ ਦੇਣ ਦੇ ਆਦੇਸ਼ ਦਿੱਤੇ। ਯਿਸੂ ਦੇ ਮਾਪੇ ਉਸ ਨੂੰ ਮਿਸਰ ਦੇਸ਼ ਲੈ ਗਏ ਅਤੇ ਉਦੋਂ ਪਰਤੇ ਜਦੋਂ ਰਾਜਾ ਹੈਰੋਦੇਸ ਦੀ ਮੌਤ ਹੋ ਗਈ। 3● ਸਾਲ ਦੀ ਉਮਰ ਵਿਚ ਯਿਸੂ ਨੇ ਯੁਹੰਨਾਂ ਕੋਲੋਂ ਬਪਤਿਸਮਾ ਲਿਆ ਅਤੇ 4● ਦਿਨ ਰੋਜ਼ੇ ਰੱਖੇ। ਸ਼ੈਤਾਨੀ ਤਾਕਤ ਨੇ ਯਿਸੂ ਨੂੰ ਪਰਖਣ ਲਈ ਜਾਲ ਵਿਛਾਇਆ ਪਰ ਰੱਬੀ ਰੂਹ ਨੇ ਪ੍ਰੀਖਿਆ ਵਿਚੋਂ ਪਾਸ ਹੋ ਕੇ ਸ਼ੈਤਾਨ ਨੂੰ ਸਬਕ ਸਿਖਾਇਆ। ਇਸ ਪਿਛੋਂ ਯਿਸੂ ਨੇ ਧਰਮ ਪ੍ਰਚਾਰ ਅਰੰਭ ਕੀਤਾ ਅਤੇ ਲੋਕਾਂ ਨੂੰ ਕਿਹਾਃ

> ਭਈ ਤੌਂਬਾ ਕਰੋ ਕਿਉਂ ਜੁ ਸੁਰਗ ਦਾ ਰਾਜ ਨੇੜੇ ਆਇਆ ਹੈ।[58]

ਯਿਸੂ ਮਸੀਹ ਨੇ ਧਰਮ ਪ੍ਰਚਾਰ ਲਈ ਬਹੁਤ ਸਧਾਰਣ ਆਦਮੀਆ ਦੀ ਚੋਣ ਕੀਤੀ ਕਿਉਂਕਿ ਉਸ ਦਾ ਰਾਜ ਗਰੀਬ ਅਤੇ ਦੱਬੇ ਕੁਚਲੇ ਲੋਕਾਂ ਦੇ ਕਲਿਆਣ ਲਈ ਸੀ। ਉਸਦੇ ਚੇਲੇ ਸਿੱਧੇ ਸਾਦੇ ਅਨਪੜ੍ਹ ਤੇ ਸਧਾਰਨ ਸਨ। ਯਿਸੂ ਨੇ 12 ਚੇਲਿਆਂ ਦੀ ਚੋਣ ਕੀਤੀ ਜਿਨ੍ਹਾਂ ਵਿਚੋਂ ਸਮਾਊਨ, ਅੰਦ੍ਰਿਸ, ਯਾਕੂਬ, ਯੁਹੰਨਾਂ, ਫਿਲਿਪਸ, ਬਰਪੂਲਮਈ, ਮੱਤੀ ਥੋਪਾ, ਯਹੂਦਾ ਅਤੇ ਯਹੂਦਾ ਇਸਕਰਯੋਤੀ ਪ੍ਰਮੁੱਖ ਰਹੇ। ਯਿਸੂ ਨੇ ਆਪਣੇ 12 ਚੇਲਿਆਂ ਨੂੰ ਸਰਲ ਅਤੇ ਸਧਾਰਨ ਤਰੀਕੇ ਨਾਲ ਪ੍ਰਚਾਰ ਕਰਨ ਲਈ ਕਿਹਾ। ਉਸ ਦੇ ਉਪਦੇਸ਼ ਨੀਤੀ ਕਥਾਵਾਂ ਅਤੇ ਦ੍ਰਿਸ਼ਟਾਤਾਂ ਰਾਹੀਂ ਦਿੱਤੇ ਜਾਂਦੇ ਅਤੇ ਲੋਕਾਂ ਨੂੰ ਸਿੱਧੇ ਰਾਹੇ ਪਾਇਆ ਜਾਂਦਾ। ਪਵਿੱਤਰ ਬਾਈਬਲ ਵਿਚ

ਕ੍ਰਿਸ਼ਮਿਆਂ ਦਾ ਪ੍ਰਮਾਣ ਹੈ। ਗੁਰਬਚਨ ਸਿੰਘ ਤਾਲਿਬ ਯਿਸੂ ਮਸੀਹ ਦੇ ਉਪਦੇਸ਼ ਅਤੇ ਕੰਮਾਂ ਬਾਰੇ ਲਿਖਦੇ ਹਨ:

> ਯਿਸੂ ਮਸੀਹ ਦੇ ਉਪਦੇਸ਼ ਅਤੇ ਕੰਮ ਕੁਦਰਤ ਉਤੇ, ਰੂਹਾਂ ਉਤੇ, ਭੂਤਾਂ ਉਤੇ, ਮਨੁੱਖੀ ਸਰੀਰ ਉਤੇ ਭੌਤਿਕ ਅਤੇ ਰੂਹਾਨੀ ਬੀਮਾਰੀਆਂ ਉਤੇ ਅਤੇ ਇਥੋਂ ਤੱਕ ਕਿ ਜੀਵਨ ਅਤੇ ਮੌਤ ਉਤੇ ਉਹਨਾਂ ਦੀ ਦਿਬ-ਸ਼ਕਤੀ ਦੀ ਜਿੱਤ ਦੇ ਇਜ਼ਰਾਹ ਸੰਬੰਧੀ ਸਨ।[59]

ਯਿਸੂ ਮਸੀਹ ਨੇ ਇਨਸਾਨੀ ਸੰਬੰਧਾਂ ਨੂੰ ਤਿੰਨ ਅਸੂਲਾਂ; ਆਮ ਸਿਖਿਆਵਾਂ, ਦ੍ਰਿਸ਼ਟਾਂਤ ਅਤੇ ਅਧਿਆਤਮਕ ਸਿਖਿਆ ਰਾਹੀਂ ਦਰਸਾਇਆ। ਮੱਤੀ ਦੀ ਇੰਜੀਲ ਦਾ ਪਹਾੜੀ ਉਪਦੇਸ਼ ਬਹੁਤ ਅਹਿਮ ਹੈ ਜਿਸ ਵਿਚ ਨਿਮਰਤਾ, ਪ੍ਰਾਸ਼ਚਿਤ, ਹਲੀਮੀ, ਆਤਮਿਕ ਭੁੱਖ, ਦਇਆ ਅਤੇ ਮੇਲ-ਮਿਲਾਪ ਕਰਵਾਉਣ ਦਾ ਚਰਣ ਹੈ। ਅਖੀਰੀ ਚਰਣ ਕੁਰਬਾਨੀ ਦੇਣ ਅਤੇ ਜ਼ੁਲਮ ਸਹਿਣ ਬਾਰੇ ਹੈ।

ਯਿਸੂ ਮਸੀਹ ਦੇ ਪ੍ਰਚਾਰ ਦਾ ਕੇਂਦਰ ਬਿੰਦੂ ਨਵੇਂ ਨਿਯਮਾਂ ਦੀ ਵਿਆਖਿਆ ਨਹੀਂ ਸਗੋਂ ਪੁਰਾਣੇ ਧਰਮ ਵਿਚ ਹੀ ਫੈਲੀਆਂ ਬੁਰਾਈਆਂ ਅਤੇ ਰਸਤਾ ਭੁੱਲ ਚੁੱਕੇ ਲੋਕਾਂ ਨੂੰ ਰੱਬ ਦਾ ਰਾਹ ਦਰਸਾਉਣਾ ਸੀ। ਯਹੂਦੀ ਧਰਮ ਵਿਚ ਫੈਲ ਚੁੱਕੀਆਂ ਬੁਰਾਈਆਂ ਝਾੜ ਫੂਕ, ਮੂਰਤੀ ਪੂਜਾ ਤੇ ਵਹਿਮਾਂ ਭਰਮਾਂ ਦੀ ਨਿਖੇਧੀ ਕਰਕੇ ਯਿਸੂ ਮਸੀਹ ਨੇ ਲੋਕਾਂ ਨੂੰ ਈਸ਼ਵਰ ਨੂੰ ਸੱਚਾ ਪ੍ਰੇਮ ਕਰਨ ਦੀ ਸਲਾਹ ਦਿੱਤੀ, ਤੋਰੇਤ ਦੀ ਪੂਰਤੀ ਵਿਚ ਯਿਸੂ ਮਸੀਹ ਨੇ ਮੂਸਾ ਰਾਹੀਂ ਆਈ ਸ਼ਰ੍ਹਾ ਦੀ ਤਾਲੀਮ ਨੂੰ ਹੀ ਇਸਾਈ ਧਰਮ ਦੀ ਮੂਲ ਵਿਆਖਿਆ ਕਿਹਾ ਹੈ। ਤੌਰਤੇ ਦੇ ਅਸੂਲਾਂ ਦੀ ਵਿਆਖਿਆ ਕਰਕੇ ਮਨੁੱਖੀ ਵਿਵਹਾਰ ਨਾਲ ਸੰਬੰਧਿਤ ਸਿਖਿਆਵਾਂ ਦਿੱਤੀਆਂ ਜੋ ਮਨੁੱਖ ਨੂੰ ਮਨੁੱਖ ਹੋਣ ਦੇ ਨਾਤੇ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਇਹਨਾਂ ਵਿਚ ਜਨਾਹਕਾਰੀ, ਤਲਾਕ, ਬਦਲਾ, ਵੈਰੀਆਂ ਨਾਲ ਪਿਆਰ, ਦੁਸ਼ਮਣੀ, ਅਰਦਾਸ ਅਤੇ ਬੰਦਗੀ ਦੇ ਨੇਮ ਦੀ ਵਿਆਖਿਆ ਹੈ । ਵਰਤ ਰੱਖਣ ਬਾਰੇ ਧਨ ਦੌਲਤ ਅਤੇ ਮਨੁੱਖਾਂ ਦਾ ਇਕ ਦੂਜੇ ਨਾਲ ਚੰਗਾ ਵਰਤਾਉ ਕਰਨ ਬਾਰੇ

ਸਿਖਿਆ ਦਿੱਤੀ ਗਈ ਹੈ। ਯਿਸੂ ਅਨੁਸਾਰ ਤੌਰੇਤ ਦੇ ਨਿਯਮਾਂ ਦੀ ਪਾਲਣਾ ਕਰਨਾ ਬਾਦਸ਼ਾਹਤ ਵਿਚ ਰੁਤਬਾ ਪਾਉਣਾ ਹੈ। ਬਾਈਬਲ ਵਿਚ ਕਿਹਾ ਗਿਆ ਹੈ:

> ਇਹ ਨਾ ਸਮਝੋ ਕਿ ਮੈਂ ਤੌਰੇਤ ਮਤੇ ਨਬੀਆਂ ਦਾ ਖੰਡਨ ਕਰਨ ਲਈ ਆਇਆ ਹਾਂ ਮੈਂ ਖੰਡਨ ਨਹੀਂ ਸੰਪੂਰਨ ਕਰਨ ਲਈ ਆਇਆ ਹਾਂ ਜੇ ਕੋਈ ਮਨੁੱਖ ਤੌਰੇਤ ਦੇ ਛੋਟੇ-ਛੋਟੇ ਭਾਗ ਨੂੰ ਨਜ਼ਰ ਅੰਦਾਜ਼ ਕਰੇਗਾ ਅਤੇ ਹੋਰਾਂ ਨੂੰ ਅਜਿਹਾ ਕਰਨ ਲਈ ਉਪਦੇਸ਼ ਦੇਵੇਗਾ ਉਸਨੂੰ ਆਸਮਾਨ ਦੀ ਬਾਦਸ਼ਾਹਦਤ ਵਿਚ ਸਭ ਤੋਂ ਨੀਵਾਂ ਸਥਾਨ ਪ੍ਰਾਪਤ ਹੋਵੇਗਾ ਅਤੇ ਹੋਰਾਂ ਨੂੰ ਅਜਿਹਾ ਕਰਨਾ ਸਿਖਾਏਗਾ ਉਹ ਅਸਮਾਨ ਦੀ ਬਾਦਸ਼ਾਹਤ ਵਿਚ ਉੱਚਾ ਰੁਤਬਾ ਪ੍ਰਾਪਤ ਕਰੇਗਾ।[60]

ਯਿਸੂ ਮਸੀਹ ਨੇ ਦ੍ਰਿਸ਼ਟਾਂਤ ਰਾਹੀਂ ਅਜਿਹੇ ਵਿਖਿਆਨ ਪੇਸ਼ ਕੀਤੇ ਜੋ ਸਰਲ ਅਤੇ ਆਮ ਲੋਕਾਂ ਦੀ ਸਮਝ ਵਿਚ ਆਉਣ ਵਾਲੇ ਹੁੰਦੇ। ਅਧਿਆਤਮਕ ਸਿਖਿਆਵਾਂ ਰਾਹੀਂ ਆਤਮਿਕ ਤੌਰ ਤੇ ਮਨੁੱਖੀ ਆਤਮਾ ਅਤੇ ਪਰਮਾਤਮਾ ਦਾ ਸੰਬੰਧ ਦਰਸਾਉਣਾ ਮੁੱਖ ਫਰਜ ਸਮਝਿਆ ਗਿਆ। ਯਿਸੂ ਨੇ ਸਬਤ ਦੇ ਦਿਨ ਨੇਕੀ ਅਤੇ ਭਲਾਈ ਦੇ ਕੰਮ ਕਰਨ ਨੂੰ ਪਰਮੇਸ਼ਰ ਦੀ ਬੰਦਗੀ ਤੋਂ ਵੀ ਉੱਤਮ ਸਵੀਕਾਰ ਕੀਤਾ ਹੈ। ਆਪਣੇ ਖੁਦਾ ਨੂੰ ਸਾਰੇ ਦਿਲ ਨਾਲ, ਸਾਰੀ ਜਾਨ ਨਾਲ ਤੇ ਸਾਰੀ ਅਕਲ ਨਾਲ ਪਿਆਰ ਕਰਨਾ ਸਭ ਤੋਂ ਵੱਡਾ ਫਰਜ਼ ਹੈ। ਰੱਬੀ ਬਾਣੀ ਨੂੰ ਸੁਣਨਾ ਅਤੇ ਅਮਲ ਕਰਨਾ ਸਭ ਤੋਂ ਉੱਤਮ ਸੇਵਾ ਹੈ। 'ਮੈਂ' ਨੂੰ ਮਾਰ ਕੇ ਰੱਬੀ ਬਾਣੀ ਸੁਣ ਕੇ ਉਸ ਉੱਤੇ ਅਮਲ ਕਰਨਾ ਹੀ ਪਵਿੱਤਰ ਆਤਮਾ ਦੀ ਨਿਆਈਂ ਹੈ। ਯਿਸੂ ਅਨੁਸਾਰ ਇਹ ਸਿਖਿਆਵਾਂ ਉਸਦੀਆਂ ਨਹੀਂ ਸਗੋਂ ਉਸਦੇ ਪਿਤਾ ਪਰਮੇਸ਼ਰ ਦੀਆਂ ਹਨ ਜਿਸਨੇ ਉਸਨੂੰ ਜੱਗ ਵਿਚ ਭੇਜਿਆ ਹੈ। ਇਹਨਾਂ ਸਾਰੀਆਂ ਸਿਖਿਆਵਾਂ ਦਾ ਮੁੱਖ ਉਦੇਸ਼ ਮਾਨਵਤਾ ਨਾਲ ਪਿਆਰ ਹੈ। ਯਿਸੂ ਨੇ ਸਭ ਲੋਕਾਂ ਦੇ ਪਾਪ ਮੁਆਫ ਕਰਨ ਅਤੇ ਜਿਉਂਦੇ ਜਾਗਦੇ ਪਰਮੇਸ਼ਰ ਦੀ ਹੋਂਦ ਨਾਲ ਮਨੁੱਖ ਅਤੇ ਪਰਮਾਤਮਾ ਵਿਚ ਅਲਗਾਉ ਤੇ ਦੂਰੀ ਦੇ ਖਤਮ ਹੋਣ ਦਾ ਸੰਦੇਸ਼ ਦਿੱਤਾ। ਇਸ ਪ੍ਰਕਾਰ ਯਿਸੂ ਦਾ 'ਰੱਬ ਦਾ ਪੁੱਤਰ' ਅਤੇ ਜਿਉਂਦੇ ਜਾਗਦੇ ਪਰਮਾਤਮਾ ਦੀ ਹੋਂਦ ਨੇ ਯਹੂਦੀ ਧਰਮ ਦੀ ਫਰੀਸੀ

ਅਤੇ ਸਾਦੂਕੀ ਫਿਰਕਿਆਂ ਵਿਚ ਪਰਮਾਤਮਾ ਦੇ ਸੰਕਲਪ ਪ੍ਰਤੀ ਵਿਰੋਧਤਾ ਪੈਦਾ ਕਰ ਦਿੱਤੀ। ਯਿਸੂ ਦੇ ਧਰਮ ਪ੍ਰਚਾਰ ਦਾ ਸਮਾਂ ਤਿੰਨ ਸਾਲ ਦਾ ਸੀ ਜਿਸ ਵਿਚ ਫਰੀਸੀ ਅਤੇ ਸਾਦੂਕੀ ਫਿਰਕਿਆਂ ਦਾ ਵੱਡੇ ਪੱਧਰ ਉੱਤੇ ਵਿਰੋਧ ਖੜ੍ਹਾ ਹੋ ਗਿਆ। ਫਰੀਸੀ ਪੁਜਾਰੀ ਮਹਾਂਸਭਾ ਨੇ ਯਿਸੂ ਉਪਰ ਸਬਤ ਦੇ ਦਿਨ ਕੰਮ ਕਰਨ ਯਹੂਦੀਆਂ ਦਾ ਬਾਦਸ਼ਾਹ ਅਤੇ 'ਰੱਬ ਦਾ ਪੁੱਤਰ' ਕਹਿਣ ਕਾਰਨ ਸੂਲੀ ਤੇ ਚੜ੍ਹਾਇਆ ਗਿਆ ਉਸ ਉਪਰ ਇਹ ਦੋਸ਼ ਲਗਾ ਕੇ ਉਸਨੂੰ ਕਾਫ਼ਿਰ ਕਿਹਾ ਗਿਆ। ਪਿਲਾਤੁਸ ਦੀ ਸਜ਼ਾ ਮੁਤਾਬਿਕ ਗੋਲਾਗਾਥਾ ਨਾ ਦੀ ਜਗ੍ਹਾ ਉਪਰ ਉਸ ਨੂੰ ਕੁੱਟ ਕੇ, ਬੇਇੱਜ਼ਤ ਕਰਕੇ ਕੰਡਿਆਂ ਦਾ ਤਾਜ ਪਹਿਨਾ ਕੇ ਮਜ਼ਾਕ ਵੱਜੋਂ ਸਲੀਬ ਉਪਰ ਤਖਤੀ ਲਟਕਾ ਦਿੱਤੀ ਗਈ ਜਿਸ ਉਪਰ ਇਹ "ਯਹੂਦੀਆਂ ਦਾ ਯਿਸੂ ਨਾਮੀ ਰਾਜਾ ਹੈ" ਲਿਖਿਆ ਗਿਆ। ਬਾਈਬਲ ਅਨੁਸਾਰः–

> ਸਾਡੇ ਕੋਲ ਸ਼ਰ੍ਹਾ ਹੈ ਅਤੇ ਸ਼ਰ੍ਹਾ ਮੁਤਾਬਿਕ ਉਸ ਦੀ ਮੌਤ ਅਵੱਸ਼ ਹੋਣੀ ਚਾਹੀਦੀ ਹੈ, ਕਿਉਂਕਿ ਉਸ ਨੇ ਆਪਣੇ ਆਪ ਨੂੰ ਰੱਬ ਦਾ ਪੁੱਤਰ ਹੋਣ ਦਾ ਦਾਅਵਾ ਕੀਤਾ ਹੈ।[61]

ਯਿਸੂ ਨੂੰ ਗੋਲਗਾਥਾ ਨਾ ਦੀ ਜਗ੍ਹਾ ਉਪਰ ਤਸੀਹੇ ਦੇ ਕੇ ਸੂਲੀ ਉਪਰ ਚੜ੍ਹਾਇਆ ਗਿਆ ਕਿਉਂਕਿ ਉਸ ਦੇ ਤਿੰਨ ਸਾਲ ਦੇ ਪ੍ਰਚਾਰ ਨੇ ਹੀ ਮੌਕੇ ਦੇ ਨਿਜ਼ਾਮ ਨੂੰ ਹਲੂਣ ਕੇ ਰੱਖ ਦਿੱਤਾ ਅਤੇ ਇਹ ਪੂਰੀ ਤਰ੍ਹਾਂ ਉਸਦੇ ਵਿਰੁੱਧ ਖੜ੍ਹਾ ਹੋ ਗਿਆ। ਉਸਨੂੰ ਕਾਫ਼ਿਰ ਅਤੇ ਮੁਜ਼ਰਿਮ ਕਰਾਰ ਦੇ ਦਿੱਤਾ ਗਿਆ ਅਤੇ ਉਸ ਸਮੇਂ ਦੇ ਰੋਮਨ ਕਾਨੂੰਨ ਮੁਤਾਬਿਕ ਹੱਥਾਂ ਪੈਰਾਂ ਵਿਚ ਕਿੱਲ ਠੋਕ ਕੇ ਸਲੀਬ ਉਪਰ ਤੜਪ-ਤੜਪ ਕੇ ਮਰਨ ਲਈ ਲਟਕਾ ਦਿੱਤਾ ਗਿਆ। [62]

ਯਿਸੂ ਨੇ ਸੂਲੀ ਟੰਗੇ ਜਾਣ ਪਿਛੋਂ ਦੋਸ਼ੀਆਂ ਲਈ ਪਰਮਾਤਮਾ ਅੱਗੇ ਪ੍ਰਾਰਥਨਾ ਕੀਤੀ ਤੇ ਕਿਹਾः–

> "ਹੇ ਪਿਤਾ! ਇਹਨਾਂ ਲੋਕਾਂ ਨੂੰ ਮੁਆਫ ਕਰ ਦੇ ਕਿਉਂਕਿ ਇਹਨਾਂ ਨੂੰ ਪਤਾ ਨਹੀਂ ਕਿ ਇਹ ਕੀ ਕਰ ਰਹੇ ਹਨ।"[63]

ਯਿਸੂ ਨੇ ਉੱਚੀ ਅਵਾਜ਼ ਵਿਚ ਪੁਕਾਰਿਆ; ਹੇ ਮੇਰੇ ਪਰਮਾਤਮਾ ਮੈਨੂੰ ਕਿਉਂ ਛੱਡ ਦਿੱਤਾ? ਅਤੇ ਸਿਰ ਨਿਵਾ ਕੇ ਪ੍ਰਾਣ ਤਿਆਗ ਦਿੱਤੇ।

ਇਸ ਪ੍ਰਕਾਰ ਸਾਰ ਤੱਤ ਵੱਜੋਂ ਕਿਹਾ ਜਾ ਸਕਦਾ ਹੈ ਕਿ ਈਸਾਈ ਧਰਮ ਵਿਚ ਯਿਸੂ ਮਸੀਹ ਦੀ ਸ਼ਹਾਦਤ ਅਜਿਹਾ ਪ੍ਰਮਾਣ ਹੈ ਜਿਸ ਨੇ ਪਾਪਾਂ ਤੋਂ ਮੁਕਤ ਹੋਣ ਦੀ ਖਾਤਿਰ, ਚੰਗੇ ਕਰਮ ਕਰਨ ਦੀ ਖਾਤਿਰ ਅਤੇ ਸੱਚ ਲਈ ਸੂਲੀ ਦਾ ਰਾਹ ਫੜਿਆ ਅਤੇ ਸਾਰੇ ਸੰਸਾਰ ਨੂੰ ਆਪਣੀ ਕੌਮ ਅਤੇ ਸੱਚ ਖਾਤਿਰ ਮਰ ਮਿਟਣ ਦਾ ਸੰਦੇਸ਼ ਦਿੱਤਾ।

**ਇਸਲਾਮ ਧਰਮ ਵਿਚ ਸ਼ਹਾਦਤ ਪਰੰਪਰਾ:**

ਇਸਲਾਮ ਅਤੇ ਸਮੁੱਚੇ ਹਦੀਸ ਸਾਹਿਤ' ਵਿਚ ਉਹ ਸ਼ਹੀਦ ਹੈ ਜੋ ਇਸਲਾਮ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕਾਫਿਰਾਂ ਵਿਰੁੱਧ ਲੜਦਾ ਹੋਇਆ ਮਾਰਿਆ ਜਾਂਦਾ ਹੈ। ਸ਼ਹੀਦ ਉਸ ਉੱਚ ਦਰਜੇ ਨੂੰ ਪ੍ਰਾਪਤ ਕਰਦਾ ਹੈ ਜਿਸ ਲਈ ਦਿਖਾਵੇ ਅਤੇ ਧਰਮ-ਕਰਮ ਦੀ ਲੋੜ ਨਹੀਂ। ਸ਼ਹੀਦ ਦੇ ਸਰੀਰ ਨੂੰ ਇਸ਼ਨਾਨ ਕਰਾਉਣਾ ਤੇ ਜਨਾਜ਼ੇ ਦੀ ਨਮਾਜ਼ ਵੀ ਜ਼ਰੂਰੀ ਨਹੀਂ ਸ਼ਹਾਦਤ ਹੀ ਉਹਨਾਂ ਲਈ ਸੁੱਚਮਤਾ ਦੀ ਪ੍ਰਤੀਕ ਹੈ।

ਇਸਲਾਮ ਵਿਚ ਕੁਰਾਨ ਸੂਰਤ-ਅਲ-ਇਮਰਾਨ ਅਨੁਸਾਰ:-

> ਇਸਲਾਮ ਵਿਚ ਉੱਤਮ ਦਰਜੇ ਦਾ ਸ਼ਹੀਦ ਉਹ ਹੈ ਕਿ ਜਿਸ ਨੇ ਮੁਹੰਮਦ ਸਾਹਿਬ ਨਾਲ ਲੜਾਈਆਂ ਵਿਚ ਸ਼ਾਮਿਲ ਹੋ ਕੇ ਆਪਣੀ ਜਾਨ ਕੁਰਬਾਨ ਕੀਤੀ ਹੋਵੇ। ਇਹਨਾਂ ਸ਼ਹੀਦਾਂ ਵਿਚ ਸਭ ਤੋਂ ਪਹਿਲਾ ਸ਼ਹੀਦ ਇਮਾਮ ਹੁਸੈਨ ਸੀ।[64]

ਹਜ਼ਰਤ ਮੁਹੰਮਦ ਸਾਹਿਬ ਦੀ ਰਸਾਲਤ ਤੋਂ ਪਿਛੋਂ ਉਹਨਾਂ ਦੇ ਦੋਹਤਰੇ ਹਸਨ ਅਤੇ ਹੁਸੈਨ ਨੇ ਧਰਮ ਦੀ ਖ਼ਾਤਿਰ ਸ਼ਹਾਦਤ ਪ੍ਰਾਪਤ ਕੀਤੀ। ਇਮਾਮ ਹਸਨ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਰੇ ਬੀਬੀ ਜ਼ਾਹਿਰਾ ਫਾਤਿਮਾ ਅਤੇ ਇਮਾਮ ਅਲੀ ਦੇ ਵੱਡੇ ਪੁੱਤਰ 625 ਈ: ਵਿਚ ਪੈਦਾ ਹੋਏ। ਇਮਾਮ ਅਲੀ ਦੀ ਖਿਲਾਫਤ ਦੌਰਾਨ ਇਬਨ ਮੁਆਬੀ ਨੇ ਆਪਣੇ ਆਪ ਨੂੰ

ਸੀਰੀਆ ਦਾ ਗਵਰਨਰ ਘੋਸ਼ਿਤ ਕੀਤਾ। ਇਮਾਮ ਅਲੀ ਦੀ ਮੌਤ ਤੋਂ ਪਿਛੋਂ ਪੂਰੇ ਇਸਲਾਮ ਵੱਲੋਂ ਹਸਨ ਨੂੰ ਯੋਗ ਅਤੇ ਤਜਰਬੇਕਾਰ ਹੱਕਦਾਰ ਚੁਣਿਆ ਗਿਆ ਪਰ ਇਬਨ ਮੁਆਬੀ ਨੇ ਸੀਰੀਆ ਦੇ ਲੋਕਾਂ ਕੋਲੋਂ ਜ਼ਬਰਦਸਤੀ ਆਪਣੇ ਹੱਕ ਵਿਚ ਇਕ ਪਾਸੜ ਯੋਗ ਖਲੀਫਾ ਹੋਣ ਦਾ ਅਧਿਕਾਰ ਪ੍ਰਾਪਤ ਕਰ ਲਿਆ। ਇਮਾਮ ਹਸਨ ਨੇ ਇਸਲਾਮ ਜਗਤ ਵਿਚ ਸ਼ਾਂਤੀ ਬਣਾਈ ਰੱਖਣ ਲਈ ਇਕ ਸ਼ਾਂਤਮਈ ਸੰਧੀ ਕੀਤੀ ਜਿਸ ਸੰਧੀ ਦੀਆਂ ਕੁਝ ਸ਼ਰਤਾਂ ਇਹ ਰੱਖੀਆਂ ਗਈਆਂ।

- ਮੁਆਬੀ ਇਸਲਾਮ ਜਗਤ ਦੇ ਅਸਥਾਈ ਸ਼ਾਸਕ ਹੋਣਗੇ।
- ਮੁਆਬੀ ਕੁਰਾਨ ਅਨੁਸਾਰ ਹੀ ਸ਼ਾਸਨ ਕਰਨਗੇ।
- ਮੁਆਬੀ ਆਪਣੇ ਵੱਲੋਂ ਕੋਈ ਉਤਰਾਧਿਕਾਰੀ ਨਹੀਂ ਥਾਪ ਸਕਣਗੇ।
- ਖਿਲਾਫਤ ਦਾ ਅਧਿਕਾਰ ਲੋਕਾਂ ਦੀ ਇੱਛਾ ਖਾਸ ਕਰਕੇ ਹੁਸੈਨ ਉਪਰ ਨਿਰਭਰ ਕਰੇਗਾ।
- ਹਜ਼ਰਤ ਮੁਹੰਮਦ ਸਾਹਿਬ ਦੇ ਪਰਿਵਾਰ ਨੂੰ ਕਿਸੇ ਵੀ ਜ਼ਾਹਿਰ ਜਾਂ ਗੁਪਤ ਤਰੀਕੇ ਨਾਲ ਕੋਈ ਵੀ ਨੁਕਸਾਨ ਨਹੀਂ ਪੁਚਾਇਆ ਜਾਏਗਾ।
- ਮੁਸਲਮਾਨਾਂ ਨੂੰ ਸ਼ਾਂਤੀ ਨਾਲ ਜਿਊਣ ਦਾ ਅਧਿਕਾਰ ਪ੍ਰਾਪਤ ਹੋਣਾ ਚਾਹੀਦਾ ਹੈ।

ਪਰ ਉਪਰੋਕਤ ਸ਼ਰਤਾਂ ਦੀ ਉਲੰਘਣਾ ਕਰਦਿਆਂ ਮੁਆਬੀ ਨੇ ਆਪਣੇ ਆਯਾਸ਼ ਅਤੇ ਅਨਿਆਂਕਾਰੀ ਪੁੱਤਰ ਯਜੀਦ ਨੂੰ ਉਤਾਰਾਧਿਕਾਰੀ ਘੋਸ਼ਿਤ ਕਰ ਦਿੱਤਾ। ਉਸ ਨੇ ਇਮਾਮ ਹਸਨ ਨੂੰ ਧੋਖੇ ਨਾਲ ਜ਼ਹਿਰ ਦੇ ਕੇ ਮਰਵਾ ਦਿੱਤਾ। ਇੰਟਰਨੈਟ ਦੇ ਇਸ ਹਵਾਲੇ ਅਨੁਸਾਰ:

> Hense mawiya, bribed duela ben Ashath to posion him In 50 Hijra, Imam died with the effect of poisoning on 28th of the month of safar, He was 47 years old.[65]

ਇਸ ਪ੍ਰਕਾਰ ਇਮਾਮ ਹਸਨ ਨੇ ਇਸਲਾਮ ਧਰਮ ਦੀ ਸ਼ਾਂਤੀ ਬਣਾਈ ਰੱਖਣ ਅਤੇ ਧਰਮ ਦੀ ਸੁਰੱਖਿਆ ਲਈ ਸ਼ਹਾਦਤ ਪ੍ਰਾਪਤ ਕੀਤੀ।

ਹੁਸੈਨ-ਇਮਾਮ ਹੁਸੈਨ, ਅਲੀ ਦੇ ਦੂਜੇ ਪੁੱਤਰ ਪੈਗੰਬਰ ਮੁਹੰਮਦ ਸਾਹਿਬ ਦੇ ਦੋਹਤਰੇ ਹੋਏ ਆਪ ਦਾ ਜਨਮ ਮੱਕਾ ਵਿਚ 8 ਜਨਵਰੀ 628 ਈ: ਨੂੰ ਹੋਇਆ। ਇਮਾਮ ਹੁਸੈਨ ਨੂੰ ਇਸਲਾਮ ਵਿਚ ਸ਼ਹੀਦ ਦਾ ਦਰਜਾ ਪ੍ਰਾਪਤ ਹੈ। ਸ਼ੀਆ ਮਾਨਤਾ ਅਨੁਸਾਰ ਉਹ ਯਜੀਦ ਪਹਿਲਾ ਦੀ ਕੁਕਰਮੀ ਹਕੂਮਤ ਦੇ ਖਿਲਾਫ ਅਵਾਜ਼ ਉਠਾਉਣ ਲਈ 1● ਅਕਤੂਬਰ 68● ਏ.ਡੀ. ਵਿਚ ਕੂਫਾ ਦੇ ਨਜ਼ਦੀਕ ਕਰਬਲਾ ਦੀ ਲੜਾਈ ਵਿਚ ਸ਼ਹੀਦ ਹੋ ਗਏ। ਉਹਨਾਂ ਦੀ ਸ਼ਹਾਦਤ ਦੇ ਦਿਨ ਨੂੰ 1●ਵਾਂ ਦਿਨ ਕਹਿੰਦੇ ਹਨ। ਇਸ ਯਾਦ ਵਿਚ ਮੁਹੱਰਮ ਮਨਾਇਆ ਜਾਂਦਾ ਹੈ। ਰਵਾਇਤ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਨੇ ਹਸਨ ਅਤੇ ਹੁਸੈਨ ਨੂੰ ਸਵਰਗ ਦੇ ਨੌਜਵਾਨ ਪ੍ਰਿੰਸ ਦਾ ਨਾਂ ਦਿੱਤਾ ਹੈ। ਇੰਟਰਨੈਟ ਦੇ ਇਸ ਹਵਾਲੇ ਅਨੁਸਾਰ:

Here were two brothers who from there cradle breathed the air of pureSpiritit of Eslam, nurtured by the love of the prohet in whose close company they spent their earlyyears: it was the the holy prohet who said that the both Hasan and Hussaiyan d are the chiefs of youth of Paradise.[66]

ਇਮਾਮ ਹੁਸੈਨ ਨੇ ਪਿਤਾ ਅਲੀ ਨਾਲ ਲੜਾਈਆਂ ਲੜੀਆਂ ਜਿਨ੍ਹਾਂ ਵਿਚੋਂ ਸਿਨਫ ਅਤੇ ਨਹਿਰਵਾਂ ਦੀਆਂ ਲੜਾਈਆਂ ਪ੍ਰਮੁੱਖ ਹਨ। ਹੁਸੈਨ ਨੇ ਇਕ ਯੋਧੇ ਵਾਂਗੂ ਭੂਮਿਕਾ ਨਿਭਾਈ। ਇੰਟਰਨੈਟ ਦੇ ਇਸ ਹਵਾਲੇ ਅਨੁਸਾਰ ਹੁਸੈਨ ਦੀ ਸੂਰਬੀਰਤਾ ਦਾ ਅੰਦਾਜਾ ਇੱਥੋਂ ਲਗਾਇਆ ਜਾ ਸਕਦਾ:

> He was the commander of the gassison of 10,000 men along with his elder brother 65 assan and muhammand (Hanafiya) it was Alis practice to put his other son Muhammad-e-Hanafiya in the forefront and save the lives of these two grandson of the prophet. Nevertheless they took full part in these Battle and fought with great Bravery.[67]

ਹਿਜਰਾ ਦੇ 61ਵੇਂ ਵਰ੍ਹੇ ਦੌਰਾਨ 68AD ਵਿਚ ਇਮਾਮ ਹੁਸੈਨ ਮੱਕੇ ਦੀ ਯਾਤਰਾ ਨੂੰ ਨਿਕਲੇ ਪਰ ਮੁਆਬੀ ਯਜੀਦ ਦੁਆਰਾ ਮਾਰ ਦੇਣ ਦੀ ਧਮਕੀ ਕਾਰਨ ਕੂਫਾ (ਇਰਾਕ) ਵਲ ਚਲ ਪਏ। ਕੂਫਾ ਦੇ ਲੋਕਾਂ ਵੱਲੋਂ ਉਸ ਨੂੰ ਅਧਿਆਤਮਿਕਤਾ ਦੇ ਸੰਦੇਸ਼ ਦੇਣ ਲਈ ਵੀ ਬੁਲਾਇਆ ਗਿਆ। ਇਸ ਸਮੇਂ ਉਹਨਾਂ ਦੇ ਨਾਲ ਉਹਨਾਂ ਦੀ ਪਤਨੀ, ਬੱਚੇ ਅਤੇ ਦੋ ਭਤੀਜੇ ਕਾਸਿਨ ਅਤੇ ਅਬਦੁੱਲਾ ਸਨ। ਯਜੀਦ ਦੀ ਫੌਜ ਦੇ ਕਮਾਂਡਰ ਹੁਰ ਨੇ ਇਮਾਮ ਹੁਸੈਨ ਨੂੰ ਯੁਫਰੇਟ ਦਰਿਆ ਤੋਂ ਦੂਰ ਹੀ ਕੈਂਪ ਲਗਾਉਣ ਦਾ ਨਿਰਦੇਸ਼ ਦਿੱਤਾ। ਮੁੱਹਰਮ ਦੇ ਸਤਵੇਂ ਦਿਨ ਕੂਫਾ ਦੇ ਗਵਰਨਰ ਇਬਨ ਯਜੀਦ ਨੇ ਹੁਸੈਨ ਅਤੇ ਉਸਦੇ ਪਰਿਵਾਰ ਦਾ ਖਾਣਾ-ਪੀਣਾ ਬੰਦ ਕਰ ਦਿੱਤਾ ਅਤੇ ਮਾਰੂਥਲ ਦੀ ਤਪਦੀ ਗਰਮੀ ਵਿਚ ਪਿਆਸੇ ਰਹਿਣ ਲਈ ਮਜਬੂਰ ਕੀਤਾ। ਮੁਹੱਰਮ ਦੇ ਦਸਵੇਂ ਦਿਨ ਯਜੀਦ ਦੀ ਫੌਜ ਨੇ ਇਮਾਮ ਹੁਸੈਨ ਦੇ ਕੈਂਪ ਤੇ ਹਮਲਾ ਕਰ ਦਿੱਤਾ। ਹੁਸੈਨ ਦੇ ਦੋਵੇਂ ਭਤੀਜੇ ਅਤੇ ਅਬਾਸ, ਹੁਸੈਨ ਦਾ ਕਮਾਂਡਰ ਮਾਰੇ ਗਏ। ਹੁਸੈਨ ਦਾ 6 ਮਹੀਨੇ ਦਾ ਪੁੱਤਰ ਅਲੀ ਅਸਗਰ ਅਤੇ 4 ਸਾਲ ਦੀ ਪੁੱਤਰੀ ਸਕੀਨਾ ਵੀ ਪਿਆਸੇ ਹੀ ਸ਼ਹਾਦਤ ਪ੍ਰਾਪਤ ਕਰ ਗਏ। ਮੁਹੱਰਮ ਦੇ 10ਵੇਂ ਦਿਨ ਇਮਾਮ ਹੁਸੈਨ  ਕਰਬਲਾ ਦੇ ਮੈਦਾਨ ਵਿਚ ਯੁੱਧ ਕਰਦਿਆਂ ਸ਼ਹਾਦਤ ਪ੍ਰਾਪਤ ਕਰ ਗਏ। ਇਸ ਪ੍ਰਕਾਰ ਇਸਲਾਮ ਵਿਚ ਹਸਨ ਅਤੇ ਹੁਸੈਨ ਦੀ ਸ਼ਹਾਦਤ ਵਿਸ਼ੇਸ਼ ਸਥਾਨ ਰੱਖਦੀ ਹੈ। ਸ਼ਹਾਦਤ ਪਰੰਪਰਾ ਅਨੁਸਾਰ ਸੂਫੀਆਂ ਦੇ ਇਤਿਹਾਸ ਵਿਚ ਮਨਸੂਰ ਦਾ ਵਿਸ਼ੇਸ਼ ਸਥਾਨ ਹੈ ਜਿਸ ਦਾ ਪੂਰਾ ਨਾਂ ਮਨਸੂਰ-ਅਲ-ਹੱਲਾਜ ਹੈ। ਅਕਬਰ ਐਸ ਅਹਿਮਦ ਲਿਖਦੇ ਹਨ:

> ਉਹ ਪਹਿਲਾ ਸ਼ਹੀਦ ਹੈ ਜੋ ਇਰਾਕੀ ਹੈ। ਉਸਦਾ ਪੂਰਾ ਨਾ ਹੁਸੈਨ-ਬਿਨ-ਮਨਸੂਰ ਅੱਲ-ਹੱਲਾਜ ਹੈ। 857 ਈ: ਵਿਚ ਅਲਤੂਰ ਨਾਮ ਦੇ ਸਥਾਨ ਤੇ ਪੈਦਾ ਹੋਇਆ ਅਤੇ ਜੋ ਇਰਾਕ ਦੇ ਫਾਰਸ ਪ੍ਰਦੇਸ਼ ਦਾ ਵਸਨੀਕ ਸੀ। ਉਸਦਾ ਖਾਨਦਾਨੀ ਪੇਸ਼ਾ ਪੇਂਜੇ ਦਾ ਸੀ ਅਤੇ ਇਸੇ ਕਾਰਨ ਉਸਦਾ ਨਾ ਹੱਲਾਜ ਪੈ ਗਿਆ। ਉਸਦੇ ਪਿਤਾ ਦਾ ਨਾ ਮਨਸੂਰ

> ਸੀ ਉਸਦਾ ਪਾਲਣ ਪੋਸ਼ਣ 'ਵਸੀਤ' ਅਤੇ 'ਤੁਸ਼ਤਰ' ਸਥਾਨਾ ਤੇ ਹੋਇਆ।[68]

ਮੁੱਢਲੀ ਵਿਦਿਆ ਉਸ ਨੇ ਇਸਲਾਮੀ ਮਦੱਰਸੇ ਤੋਂ ਪ੍ਰਾਪਤ ਕੀਤੀ ਅਤੇ ਕੁਰਾਨ ਸ਼ਰੀਫ ਨੂੰ ਜੁਬਾਨੀ ਯਾਦ ਕੀਤਾ। 18 ਸਾਲ ਦੀ ਉਮਰ ਤੱਕ ਉਸਨੇ ਅਧਿਆਤਮਕ ਫ਼ਲਸਫੇ ਦਾ ਅਧਿਐਨ ਕੀਤਾ। ਸੂਫੀ ਸਾਧਨਾ ਮਾਰਗ ਨੂੰ ਅਪਣਾਉਂਦਿਆਂ ਸੂਫੀਆ ਦੇ ਇਸਮਾਇਲੀਆਂ ਬਾਤਨੀਆ ਫਿਰਕੇ ਦਾ ਪ੍ਰਚਾਰਕ ਬਣਿਆ। ਮੱਕੇ ਦੀ ਯਾਤਰਾ ਕੀਤੀ ਅਤੇ ਇਕ ਸਾਲ ਘੋਰ ਤਪੱਸਿਆ ਕੀਤੀ। ਹੁਸੈਨ-ਬਿਨ-ਮਨਸੂਲ-ਅੱਲ ਹੱਲਾਜ ਨੂੰ ਯਾਤਰਾ ਕਰਨ ਦਾ ਬੜਾ ਸ਼ੌਂਕ ਸੀ ਅਤੇ ਉਸ ਨੇ ਉਮਰ ਦਾ ਵੱਡਾ ਹਿੱਸਾ ਵੱਖਰੇ-ਵੱਖਰੇ ਦੇਸ਼ਾਂ ਦੀ ਸੈਰ ਵਿਚ ਗੁਜ਼ਾਰਿਆ। ਇਸ ਸੰਬੰਧ ਵਿਚ ਰਾਮ ਪੂਜਨ ਤਿਵਾੜੀ ਦਾ ਵਿਚਾਰ ਪ੍ਰਾਸੰਗਿਕ ਹੈ:

> ਮਨਸੂਰ ਸਮੁੰਦਰੀ ਰਸਤੇ ਭਾਰਤ ਆਇਆ ਅਤੇ ਭਾਰਤ ਫੇਰੀ ਦੌਰਾਨ ਉਸਨੇ ਅਦਵੈਦਵਾਦ ਦਾ ਪ੍ਰਭਾਵ ਕਬੂਲਿਆ ਅਤੇ ਜਾਦੂ ਦੀ ਵਿਦਿਆ ਸਿੱਖੀ।[69]

ਹੁਸੈਨ-ਬਿਨ-ਮਨਸੂਰ-ਅੱਲ ਹੱਲਾਜ ਨੇ ਅਰਬੀ ਵਿਚ 44 ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚ ਸੂਫੀ ਸਿਧਾਂਤਾਂ ਦੀ ਵਿਆਖਿਆ ਹੈ। ਉਸਨੇ ਜੀਵਨ ਦੇ ਅੰਤਲੇ ਪੜਾਅ ਤੇ ਅਲ-ਤਵਾਸੀਨ ਪੁਸਤਕ ਲਿਖੀ ਜਿਸ ਵਿਚ ਹਕੀਕਤ-ਏ-ਮੁਹੰਮਦੀਆਂ ਦਾ ਸਿਧਾਂਤ ਪੇਸ਼ ਕੀਤਾ ਹੈ। ਉਸ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਸਦੀਵੀ ਨੂਰ ਹਨ ਜੋ ਸੰਸਾਰ ਦੀ ਸਿਰਜਣਾ ਤੋਂ ਪਹਿਲਾਂ ਵੀ ਮੌਜੂਦ ਸਨ ਅਤੇ ਜਿਨ੍ਹਾਂ ਦੇ ਗਿਆਨ ਦੇ ਮੁਕਾਬਲੇ ਦੂਜਾ ਕੋਈ ਵੀ ਗਿਆਨ ਤੁਛ ਹੈ ਅਤੇ ਉਹੀ ਅੱਲ੍ਹਾ ਦੇ ਪਹਿਲੇ ਤੇ ਆਖਰੀ ਪੈਗੰਬਰ ਹਨ। ਮਨਸੂਰ ਨੇ ਹਲੂਲ ਦਾ ਸਿਧਾਂਤ ਪੇਸ਼ ਕੀਤਾ ਜੋ ਮਨੁੱਖੀ ਆਤਮਾ ਅਤੇ ਪਰਮਾਤਮਾ ਦੀ ਅਭੇਦਤਾ ਨੂੰ ਪੇਸ਼ ਕਰਦਾ ਹੈ। ਉਸਨੇ ਅਨ-ਅੱਲ-ਹੱਕ ਦੇ ਸਿਧਾਂਤ ਨੂੰ ਕਿਤਾਬ 'ਅਲ ਤਵਾਸੀਨ' ਵਿਚ ਪੇਸ਼ ਕੀਤਾ ਹੈ ਜਿਸ ਅਨੁਸਾਰ ਸਾਰੇ ਧਰਮਾਂ ਦੇ ਲੋਕਾਂ ਨੂੰ ਬਣਾਉਣ ਵਾਲਾ ਇਕੋ ਅੱਲ੍ਹਾ ਹੈ ਜੋ ਸਾਰਿਆਂ ਨੂੰ ਇਕੋ ਨਜ਼ਰ ਨਾਲ ਵੇਖਦਾ ਹੈ। ਇਸ ਸੰਬੰਧੀ ਪ੍ਰੋ. ਗੁਲਵੰਤ ਸਿੰਘ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕਰਦੇ ਹਨ:

> ਮਨਸੂਰ ਅਨੁਸਾਰ ਯਹੂਦੀ, ਇਸਾਈ, ਤੇ ਦੂਜੇ ਧਰਮਾਂ ਦੇ ਲੋਕ ਨਫ਼ਰਤ ਯੋਗ (ਕਾਫ਼ਿਰ) ਨਹੀਂ ਕਿਉਂਕਿ ਉਹਨਾਂ ਨੂੰ ਇਹਨਾਂ ਧਰਮਾਂ ਦਾ ਅਨੁਆਈ ਬਣਾਉਣ ਵਾਲਾ ਵੀ ਉਹੀ ਅੱਲਾ ਹੈ ਜਿਸ ਨੇ ਮੁਸਲਮਾਨ ਬਣਾਏ ਹਨ।[70]

ਮਨਸੂਰ ਨੇ ਮਨੁੱਖੀ ਆਤਮਾ ਨੂੰ ਪਰਮਾਤਮਾ ਦਾ ਚਿੰਨ੍ਹ ਕਿਹਾ ਹੈ। ਨਿਕਲਸਨ ਨੇ ਆਪਣੀ ਪੁਸਤਕ ਆਈਡੀਆ ਆਫ਼ ਪ੍ਰਸਨੈਲਿਟੀ ਵਿੱਚ ਮਨਸੂਰ ਬਾਰੇ ਲਿਖਿਆ ਹੈ:

> ਜੇ ਤੁਸੀਂ ਅੱਲ੍ਹਾ ਨੂੰ ਨਹੀਂ ਪਹਿਚਾਣਦੇ ਤਾਂ ਘੱਟੋ-ਘੱਟ ਉਸ ਦੇ ਚਿੰਨ੍ਹਾਂ ਨੂੰ ਪਹਿਚਾਣੋ। ਮੈਂ ਉਹ ਚਿੰਨ ਹਾਂ, ਮੈਂ ਉਸ ਸੱਚੇ ਦੀ ਸਿਰਜਣਾ ਹਾਂ।[71]

ਮਨਸੂਰ ਦੁਆਰਾ ਦਿੱਤਾ ਗਿਆ ਹਲੂਲ ਅਤੇ 'ਅਨ-ਅਲ-ਹੱਕ' ਦਾ ਨਾਹਰਾ ਸ਼ਹੀਦੀ ਦਾ ਕਾਰਨ ਬਣਿਆ। ਕੱਟੜ ਪੰਥੀ ਆਲਿਮਾਂ ਅਤੇ ਕੱਟੜ ਅੱਬਾਸੀਆਂ ਨੇ ਉਸ ਉੱਤੇ 'ਖੁਦਾ ਬਣਨ ਦਾ ਗੁਨਾਹ' ਥੋਪਿਆ ਅਤੇ 'ਖੁਦ ਰੱਬ ਹੋਣ ਦਾ ਦਾਅਵਾ ਕਰਨ ਵਾਲਾ' ਘੋਰ ਗੁਨਾਹੀ ਕਿਹਾ। ਪ੍ਰੋ. ਗੁਲਵੰਤ ਸਿੰਘ ਮਨਸੂਰ ਦੀ ਸ਼ਹਾਦਤ ਦਾ ਕਾਰਨ ਸਿਆਸੀ ਵੀ ਮੰਨਦੇ ਹਨ। ਉਹਨਾਂ ਅਨੁਸਾਰ:

> ਹੁਸੈਨ ਬਿਨ-ਮਨਸੂਰ-ਅੱਲ ਹੱਲਾਜ ਨੇ ਸ਼ਉਬੀਆ ਤਹਿਰੀਕ ਜੋ ਕਿ ਇਕ ਅਤਿ ਵਿਸ਼ਾਲ ਅਤੇ ਪ੍ਰਚੰਡ ਕ੍ਰਾਂਤੀਕਾਰੀ ਅੰਦੋਲਨ ਸੀ ਵਿਚ ਸਰਗਰਮ ਹਿੱਸਾ ਲੈ ਕੇ ਉਮੱਯ ਸ਼ਾਸਕੀ ਦਾ ਵਿਰੋਧ ਕੀਤਾ ਸੀ। ਉਹ ਇਸ ਅੰਦੋਲਨ ਦੇ ਪ੍ਰਮੁੱਖ ਆਗੂਆਂ ਵਿਚ ਵੀ ਗਿਣਿਆ ਜਾਂਦਾ ਸੀ ਪਰ ਇਹ ਅੰਦੋਲਨ ਸਥਿਤੀ ਨਾਲ ਦਬਾਅ ਦਿੱਤਾ ਗਿਆ।[72]

ਪ੍ਰੋ. ਜੰਗਬਹਾਦਰ ਲਾਲ ਇਸ ਸੰਬੰਧੀ ਲਿਖਦੇ ਹਨ:

> ਇਸ ਗੱਲ ਦੇ ਵੀ ਸਬੂਤ ਹਨ ਕਿ ਉਹ ਭਾਵਨਾਵਾਂ ਦੇ ਵਹਿਣ ਵਿਚ ਸ਼ਾਸਕਾਂ ਦੀ ਨੁਕਤਾ ਚੀਨੀ ਕਰਨ ਤੋਂ ਸੰਕੋਚ ਨਹੀਂ ਕਰਦਾ ਸੀ।[73]

913 AD ਵਿਚ ਬਿਨ-ਮਨਸੂਰ-ਅੱਲ ਹੱਲਾਜ ਨੂੰ ਇਸਲਾਮ ਅਤੇ ਸ਼ਰ੍ਹਾ ਦਾ ਅਪਰਾਧੀ ਐਲਾਨ ਕੇ 8 ਸਾਲ 7 ਮਹੀਨੇ ਤੇ 8 ਦਿਨ ਸ਼ਹੀਦ ਕਰ ਦਿੱਤਾ।

ਹੁਸੈਨ ਬਿਨ ਮਨਸੂਰ ਬੇਖੌਫ਼ ਅਤੇ ਸੱਚ ਤੇ ਪਹਿਰਾ ਦੇਣ ਵਾਲਾ ਸੂਫੀ ਸਾਧਕ ਸੀ। ਉਸ ਨੂੰ ਮੁਆਫੀ ਮੰਗਣ ਲਈ ਕਿਹਾ ਪਰ ਉਸ ਨੇ ਇਨਕਾਰ ਕਰ ਦਿੱਤਾ ਅਤੇ ਸੱਚ ਦੀ ਖਾਤਿਰ ਸ਼ਹਾਦਤ ਦਿੱਤੀ। ਡਾ. ਹਿਰਦੇਜੀਤ ਸਿੰਘ ਭੋਗਲ ਇਸ ਸਬੰਧੀ ਲਿਖਦੇ ਹਨ:

> ਸ਼ਹਾਦਤ ਦੇ ਦਿਨ ਬਗਦਾਦ ਨਿਵਾਸੀਆਂ ਸ਼ਰਧਾਲੂਆਂ ਅਤੇ ਵਿਰੋਧ ਕਰਨ ਵਾਲਿਆਂ ਦੀ ਹਾਜ਼ਰੀ ਵਿਚ ਇਕ ਤਖਤੇ ਉੱਤੇ ਲਿਆ ਕੇ 3●● ਕੋੜੇ ਮਾਰੇ ਗਏ ਸ਼ਿਕੰਜੇ ਵਿਚ ਸਰੀਰ ਦੇ ਵੱਖ-ਵੱਖ ਅੰਗ ਕੱਟੇ ਗਏ ਅਤੇ ਪਿਛੋਂ ਕੱਟੜ ਪੰਥੀਆਂ ਵੱਲੋਂ ਪੱਥਰ ਮਾਰੇ ਗਏ ਸ਼ਾਮ ਨੂੰ ਉਸਦਾ ਸਿਰ ਵੀ ਕੱਟ ਦਿੱਤਾ ਗਿਆ। ਉਸਦੀ ਲੋਥ ਨੂੰ ਸੂਲੀ ਉਤੇ ਤਿੰਨ ਦਿਨ ਲਟਕਾ ਕੇ ਰੱਖਿਆ ਗਿਆ।[74]

ਸ਼ਹਾਦਤ ਤੋਂ ਪਹਿਲਾਂ ਮਨਸੂਰ ਨੇ ਅੰਤਿਮ ਅਰਦਾਸ ਕੀਤੀ। ਜੋਹਨ ਏ ਸੁਭਾਨ ਦਾ ਕਹਿਣਾ ਹੈ ਕਿ ਮਨਸੂਰ ਨੇ ਸ਼ਹਾਦਤ ਤੋਂ ਪਹਿਲਾਂ ਕਿਹਾ:

> ਐ ਅੱਲਾ ਮੈਂ ਤੇਰਾ ਧੰਨਵਾਦੀ ਹਾਂ ਕਿ ਤੂੰ ਮੈਨੂੰ ਉਹ ਅਨੁਭਵ ਦਿੱਤਾ ਜਿਸ ਤੋਂ ਬਾਕੀ ਵੰਚਿਤ ਰਹੇ ਹਨ। ਇਹ ਤੇਰੇ ਦਾਸ ਜੋ ਮੈਨੂੰ ਸੂਲੀ ਚਾੜ੍ਹ ਕੇ ਮਾਰਨ ਲਈ ਇਕੱਠੇ ਹੋਏ ਹਨ ਤਾਂ ਕਿ ਤੇਰਾ ਧਰਮ ਅਤੇ ਮਰਯਾਦਾ ਸੁਰੱਖਿਅਤ ਰਹੇ ਇਨ੍ਹਾਂ ਨੂੰ ਬਖਸ਼ ਦੇਈਂ।[75]

ਇਸ ਪ੍ਰਕਾਰ ਮਨਸੂਰ ਨੂੰ ਸਾਰਿਆਂ ਵਿਚ ਇਕ ਪਰਮਾਤਮਾ ਦਾ ਨਜ਼ਰ ਆਉਣਾ ਹੀ ਉਸਦੀ ਸ਼ਹਾਦਤ ਦਾ ਕਾਰਨ ਬਣਿਆ।

**ਮੁਹੰਮਦ ਸਈਦ ਸਰਮਦ:-** ਅੱਲ੍ਹਾ ਦੀ ਬੰਦਗੀ ਵਿਚ ਸ਼ਹੀਦ ਹੋਣ ਵਾਲੇ ਸੂਫੀਆਂ ਵਿਚ ਮੁਹੰਮਦ ਸਈਦ ਸਰਮਦ ਦਾ ਵਿਲੱਖਣ ਸਥਾਨ ਹੈ। ਉਸ ਦਾ ਜਨਮ 1618 ਈ: ਵਿਚ ਇਰਾਨ

ਦੇ ਕਸਬੇ ਕਾਸ਼ਾਨ ਵਿਚ ਹੋਇਆ। ਉਸ ਦਾ ਪਿਤਾ ਇਕ ਯਹੂਦੀ ਵਪਾਰੀ ਸੀ ਅਤੇ ਵਪਾਰੀ ਬਣਕੇ ਸਰਮਦ 1631 ਈ: ਵਿਚ ਇਰਾਨ ਤੋਂ ਭਾਰਤ ਆਇਆ। ਪਹਿਲਾਂ ਲਾਹੌਰ, ਮੁਲਤਾਨ ਤੇ ਫਿਰ 1646 ਈ: ਵਿਚ ਹੈਦਰਾਬਾਦ ਵਿਚ ਆ ਟਿਕਿਆ। ਬਚਪਨ ਵਿਚ ਹਬੈਰੀਊ ਗ੍ਰੰਥਾਂ ਦਾ ਅਧਿਐਨ ਕਰ ਚੁੱਕੇ ਸਰਮਦ ਨੇ ਭਾਰਤ ਵਿਚ ਵੇਦਾਂ ਅਤੇ ਉਪਨਿਸ਼ਦਾਂ ਦਾ ਅਧਿਐਨ ਕੀਤਾ ਬਚਪਨ ਵਿਚ ਹੀ 'ਕੁਰਾਨ' ਹਿਫਜ਼ ਕਰਨ ਤੋਂ ਬਾਅਦ ਉਹ ਮੁਸਲਮਾਨ ਬਨਿਆ ਅਤੇ ਉਸ ਦਾ ਨਾਮ ਮੁਹੰਮਦ ਸਈਦ ਸਰਮਦ ਰੱਖਿਆ ਗਿਆ ਅਤੇ ਉਸ ਨੇ ਬਿਖਾ ਨਾਮ ਦੇ ਸੂਫੀ ਨੂੰ ਮੁਰਸ਼ਿਦ ਬਣਾ ਲਿਆ।

ਮੁਹੰਮਦ ਸਈਦ ਸਰਮਦ ਨੇ ਮਲਾਮਤੀ ਰਵੱਈਆ ਧਾਰਨ ਕੀਤਾ। ਇਸੇ ਮਲਾਮਤੀ ਰਵੱਈਏ ਕਾਰਨ ਹੀ ਉਹ ਹਰ ਚੀਜ਼ ਵਿਚੋਂ ਰੱਬੀ ਜਲਵਾ ਦੇਖਦਾ ਸੀ। ਅਭੇ ਚੰਦ ਹਿੰਦੂ ਜਿਸ ਦੀ ਸ਼ਖਸੀਅਤ ਵਿਚੋਂ ਉਸਨੂੰ ਰੱਬੀ ਜਲਵਾ ਨਜ਼ਰ ਆਇਆ ਇਸ ਕਾਰਨ ਉਸਦੀ ਸ਼ਖਸੀ ਸੁੰਦਰਤਾ ਤੋਂ ਉਹ ਇਨਾਂ ਪ੍ਰਭਾਵਿਤ ਹੋਇਆ ਕਿ ਸਭ ਕਾਰ ਵਿਹਾਰ ਤਿਆਗ ਕੇ ਤਨ ਦੇ ਕੱਪੜੇ ਪਾੜ ਕੇ ਅਲਫ਼ ਨੰਗਾ ਫਿਰਨ ਲੱਗਾ। ਅਭੇ ਚੰਦ ਉਸ ਦਾ ਮੁਰੀਦ ਬਣ ਗਿਆ। ਮੁਹੰਮਦ ਸਈਦ ਸਰਮਦ ਨੇ ਫਾਰਸੀ ਵਿਚ ਰੁਬਾਈਆਂ ਲਿਖੀਆਂ। ਇਹਨਾਂ ਰੁਬਾਈਆ ਵਿਚ ਉਸਨੇ ਦਿਖਾਵੇ ਦੀ ਭਗਤੀ ਅਤੇ ਪਵਿੱਤਰਤਾ ਨੂੰ ਨਕਾਰਿਆ, ਸੰਸਾਰੀ ਖਾਹਿਸ਼ ਦਾ ਤਿਆਗ ਅਤੇ ਹਉਮੈ ਤੋਂ ਮੁਕਤ ਜੀਵਨ ਜਿਊਣ, ਅੰਤਾਂ ਦੀ ਨਿਰਮਾਣਤਾ ਧਾਰਨ ਕਰਨ ਦੀ ਸਲਾਹ ਦਿੱਤੀ। ਉਸ ਅਨੁਸਾਰ ਅੱਲਾ ਸਰਵ ਵਿਆਪਕ ਹੈ ਪਰ ਉਸ ਨੂੰ ਦੇਖਣ ਵਾਲਾ ਕੋਈ ਕੋਈ ਹੈ। ਸਰਮਦ ਦੀਆਂ ਅਧਿਆਤਮਕ ਪ੍ਰਾਪਤੀਆਂ ਕਰਕੇ ਉਸ ਨੂੰ ਸ਼ਾਹੀ ਮਾਨਤਾ ਮਿਲੀ। ਬਾਦਸ਼ਾਹ ਅਬਦੁਲ ਕੁਤਬ ਸ਼ਾਹ, ਬਾਦਸ਼ਾਹ ਜਹਾਨ, ਅਤੇ ਦਾਰਾ ਸ਼ਿਕੋਰ ਉਸ ਦੇ ਮੁਰੀਦ ਬਣ ਗਏ। ਮੁਹੰਮਦ ਸਈਦ ਸਰਮਦ ਹਜ਼ਰਤ ਮੁਹੰਮਦ ਪ੍ਰਤੀ ਸਤਿਕਾਰ ਦੀ ਭਾਵਨਾ ਰੱਖਦਾ ਸੀ ਪਰ ਸ਼ਰ੍ਹਾ ਦੀ ਪਾਲਣਾ ਜ਼ਰੂਰੀ ਨਹੀਂ ਸੀ ਸਮਝਦਾ। ਉਹ ਚੰਗੇ ਅਤੇ ਬੁਰੇ ਕੰਮਾਂ ਦੀ ਸਜ਼ਾ ਇਸੇ ਜੀਵਨ ਵਿਚ ਦੇਖਣ ਦਾ ਹਾਮੀ ਸੀ। ਮੁੱਲਾਂ ਮੁਲਾਣੇ ਉਸ ਦੀ ਇਸ ਵਿਚਾਰਧਾਰਾ ਦੇ ਵਿਰੋਧੀ ਹੋ ਗਏ। ਕਾਜ਼ੀਆਂ ਦੁਆਰਾ ਇਹ ਫ਼ਤਵਾ ਜਾਰੀ ਕੀਤਾ ਗਿਆ ਕਿ ਉਹ ਨੰਗੇ ਫਿਰਦਾ ਹੈ, ਅੱਧਾ ਕਲਮਾ ਪੜ੍ਹਦਾ ਹੈ।

ਆਪਣੇ ਆਪ ਨੂੰ ਅਨ-ਅੱਲ-ਹੱਕ ਕਹਿੰਦਾ ਹੈ (ਮੈਂ ਰੱਬ ਹਾਂ) ਇਹ ਸਭ ਸ਼ਰ੍ਹਾ ਦੇ ਕਾਨੂੰਨ ਦੇ ਵਿਰੁੱਧ ਹੋਣ ਕਾਰਨ ਉਹ ਸਜ਼ਾ ਦਾ ਹੱਕਦਾਰ ਬਣਿਆ। ਇਸ ਸੰਬੰਧ ਵਿਚ ਡਾ. ਹਿਰਦੇਜੀਤ ਸਿੰਘ ਭੋਗਲ ਦੀ ਪੁਸਤਕ 'ਸੂਫੀ ਲੋਕ' ਵਿਚ ਦਿੱਤੇ ਗਏ ਇਤਿਹਾਸਕਾਰ ਜਾਦੂਨਾਥ ਸਰਕਾਰ ਦੇ ਹਵਾਲੇ ਅਨੁਸਾਰ ਮੁਹੰਮਦ ਸਈਦ ਸਰਮਦ ਦੀ ਸ਼ਹਾਦਤ ਪਿੱਛੇ ਧਾਰਮਿਕ ਨਾਲੋਂ ਰਾਜਨੀਤਿਕ ਕਾਰਨ ਜ਼ਿਆਦਾ ਸਨ। ਉਸ ਨੂੰ ਇਸ ਕਰਕੇ ਮਾਰਿਆ ਗਿਆ ਕਿ ਉਸ ਨੇ ਔਰੰਗਜ਼ੇਬ ਦੇ ਵੱਡੇ ਭਰਾ ਦਾਰਾ ਸ਼ਿਕੋਹ ਨੂੰ ਇਹ ਯਕੀਨ ਦੁਆਇਆ ਸੀ ਕਿ ਉਹ ਰਾਜਗੱਦੀ ਲਈ ਕੋਸ਼ਿਸ਼ ਕਰੇ ਤਾਂ ਜੁ ਉਸ ਨੂੰ ਪੂਰਨ ਸਫਲਤਾ ਮਿਲੇਗੀ।[76]

ਇਸ ਪ੍ਰਕਾਰ ਬਾਦਸ਼ਾਹ ਔਰੰਗਜ਼ੇਬ ਨੇ ਉਸ ਨੂੰ ਖੁੱਲ੍ਹੇ ਆਮ ਕਤਲ ਕਰਨ ਦਾ ਹੁਕਮ ਦੇ ਦਿੱਤਾ। ਮੁਹੰਮਦ ਸਈਦ ਸਰਮਦ ਨੂੰ ਜੰਜੀਰਾਂ ਵਿਚ ਜਕੜ ਕੇ 'ਜਾਮਾ ਮਸਜਿਦ' ਸਾਹਮਣੇ ਗਲਤੀ ਮੰਨਣ ਲਈ ਕਿਹਾ ਗਿਆ ਪਰ ਉਸ ਨੇ ਮਨਸੂਰ ਨੂੰ ਯਾਦ ਕਰਦਿਆਂ ਸੂਲ਼ੀ ਚੜ੍ਹ ਜਾਣਾ ਠੀਕ ਸਮਝਿਆ ਜਿਸ ਕਰਕੇ ਉਸ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ ਗਿਆ। ਇਸ ਪ੍ਰਕਾਰ ਇਸਲਾਮ ਧਰਮ ਵਿਚ ਸ਼ਹਾਦਤ ਦੀ ਪਰੰਪਰਾ ਉੱਪਰ ਖੋਜ ਵਿਚਾਰ ਕਰਨ ਉਪਰੰਤ ਸਿੱਖ ਧਰਮ ਵਿਚ ਸ਼ਹਾਦਤ ਪਰੰਪਰਾ ਨੂੰ ਵੇਖਿਆ ਜਾ ਰਿਹਾ ਹੈ।

**ਸਿੱਖ ਧਰਮ ਵਿਚ ਸ਼ਹਾਦਤ ਪਰੰਪਰਾ:**

ਸਿੱਖ ਧਰਮ ਸੰਸਾਰ ਦੇ ਧਰਮਾਂ ਵਿਚ ਸਭ ਤੋਂ ਨਵਾਂ ਧਰਮ ਹੈ। ਇਹ ਧਰਮ ਤਕਰੀਬਨ 55● ਸਾਲਾਂ ਤੋਂ ਪੁਰਾਣਾ ਨਹੀਂ ਹੈ। ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਇਸ ਧਰਮ ਦਾ ਅਰੰਭ ਹੁੰਦਾ ਹੈ। ਜਿਸ ਸਮੇਂ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਉਸ ਸਮੇਂ ਸਮਾਜਿਕ ਰਾਜਨੀਤਿਕ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਦਾ ਘਾਣ ਹੋ ਚੁੱਕਾ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੀਆਂ ਸਥਿਤੀਆਂ ਨੂੰ ਘੋਖਿਆ ਅਤੇ ਮਨੁੱਖਤਾ ਦੀ ਭਲਾਈ ਲਈ ਸਾਰੀਆਂ ਗਲਤ ਕਦਰਾਂ-ਕੀਮਤਾਂ ਨੂੰ ਨਕਾਰਿਆ ਅਤੇ ਅਜਿਹੇ ਸਿਧਾਂਤ ਪੇਸ਼ ਕੀਤੇ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਤੱਕ ਦ੍ਰਿੜਤਾ ਨਾਲ ਨਿਭਾਇਆ ਗਿਆ ਹੈ। ਸਿੱਖ ਧਰਮ ਵਿਚ ਇਕ ਪਰਮਾਤਮਾ ਉੱਤੇ ਵਿਸ਼ਵਾਸ ਦਾ ਸਿਧਾਂਤ ਹੈ ਜੋ

ਉਹ ਪਰਮਾਤਮਾ ਸ੍ਰਿਸ਼ਟੀ ਦਾ ਕਰਤਾ ਨਿਰਭਉ ਨਿਰਵੈਰ, ਅਕਾਲ ਮੂਰਤ ਅਤੇ ਜੂਨਾ ਤੋਂ ਰਹਿਤ ਹੈ। ਸਿੱਖ ਧਰਮ ਭਾਰਤੀ ਪਰੰਪਰਾ ਦੇ ਮੁਕਤੀ ਦੇ ਸੰਕਲਪ ਤੋਂ ਇਨਕਾਰੀ ਹੈ ਜਿਸ ਵਿਚ ਗ੍ਰਹਿਸਥ ਨੂੰ ਤਿਆਗ ਕੇ, ਸੰਸਾਰ ਨੂੰ ਮਿਥਿਆ ਕਹਿ ਕੇ ਇਸ ਤੋਂ ਛੁਟਕਾਰਾ ਪਾਉਣ ਲਈ ਕਿਹਾ ਗਿਆ ਹੈ। ਸਿੱਖ ਸਿਧਾਂਤ ਅਨੁਸਾਰ ਸੰਸਾਰ ਸੱਚ ਹੈ ਕਿਉਂਕਿ ਇਹ ਸੱਚੇ ਦੁਆਰਾ ਪੈਦਾ ਕੀਤਾ ਗਿਆ ਹੈ ਅਤੇ ਇਸ ਤੋਂ ਛੁਟਕਾਰਾ ਪਾਉਣਾ ਅਖੌਤੀ ਮੁਕਤੀ ਹੈ। ਰੱਬ ਦੀ ਰਜ਼ਾ ਵਿਚ ਨੈਤਿਕ ਜੀਵਨ ਜਿਊਣਾ ਹੀ ਅਸਲੀ ਮੁਕਤੀ ਹੈ। ਗੁਰੂ ਸਹਿਬਾਨ ਨੇ ਮੁਕਤੀ ਨੂੰ ਸੇਵਾ ਦੇ ਸਿਧਾਂਤ ਰਾਹੀਂ ਮਨੁੱਖਤਾ ਦੀ ਸੇਵਾ ਨਾਲ ਜੋੜਿਆ ਹੈ। ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ, ਅਜਿਹੇ ਸਿਧਾਂਤ ਹਨ ਜਿਸ ਨਾਲ ਸਮਾਜਿਕ ਆਰਥਿਕ ਸੰਤੁਲਨ ਨੂੰ ਕਾਇਮ ਰੱਖਣ ਲਈ ਹਰ ਵਰਗ ਲਈ ਇਸ ਦੀ ਪਾਲਣਾ ਜ਼ਰੂਰੀ ਮੰਨੀ ਗਈ ਹੈ। ਲੰਗਰ, ਪੰਗਤ ਅਤੇ ਸੰਗਤ ਅਜਿਹੇ ਸਿਧਾਂਤ ਹਨ ਜਿਨ੍ਹਾਂ ਨਾਲ ਸਮਾਜਿਕ ਬਰਾਬਰੀ ਦੇ ਵਿਚਾਰ ਨੂੰ ਦ੍ਰਿੜ ਕੀਤਾ ਗਿਆ ਹੈ। ਇਸਤਰੀ ਜਾਤੀ ਦਾ ਸਨਮਾਨ ਅਤੇ ਨਿਰਭੈਤਾ ਸਿੱਖ ਵਿਚਾਰਧਾਰਾ ਦੇ ਅਜਿਹੇ ਸਿਧਾਂਤ ਹਨ ਜਿਹਨਾਂ ਨੇ ਸਮਾਜ ਦੀ ਕਾਇਆ ਕਲਪ ਕੀਤੀ ਹੈ। ਬਰਾਬਰੀ ਦਾ ਸਿਧਾਂਤ ਸਿੱਖ ਧਰਮ ਦਾ ਅਜਿਹਾ ਸਿਧਾਂਤ ਹੈ ਜਿਸ ਨੇ ਸਦੀਆਂ ਤੋਂ ਦੱਬੀ ਕੁਚਲੀ ਜਾ ਰਹੀ ਜਨਤਾ ਵਿਚ ਮਨੁੱਖ ਹੋਣ ਦਾ ਅਹਿਸਾਸ ਭਰਿਆ ਹੈ ਅਤੇ ਮਨੁੱਖਾਂ ਵਿਚੋਂ ਹਰ ਕਿਸਮ ਦੇ ਭੈਅ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਹੈ ਕਿਉਂਕਿ ਭੈਅ ਹੀ ਮਨੁੱਖੀ ਸਮੱਸਿਆਵਾਂ ਦਾ ਮੂਲ ਕਾਰਨ ਹੈ। ਇਸ ਭੈਅ ਕਾਰਨ ਹੀ ਰਾਜਨੀਤਿਕ ਅਤੇ ਸਮਾਜੀ ਟਕਰਾਅ ਪੈਦਾ ਹੁੰਦੇ ਹਨ। ਸਿੱਖ ਧਰਮ ਦਾ ਨਿਸ਼ਾਨਾ ਮਨੁੱਖ ਦੀ ਪੂਰਨ ਅਜ਼ਾਦੀ ਹੈ। ਮੌਤ ਦੇ ਭੈਅ ਤੋਂ ਅਜ਼ਾਦੀ ਅਤੇ ਜ਼ੁਲਮ ਅਤੇ ਅਨਿਆਂ ਤੋਂ ਨਿਜ਼ਾਤ ਪਾਉਣਾ ਹੈ। ਅਧਿਕਾਰਾਂ ਦੀ ਰਾਖੀ ਲਈ ਜੂਝ ਮਰਨਾ ਵੀ ਸਿੱਖ ਧਰਮ ਦਾ ਵਿਲੱਖਣ ਪੱਖ ਹੈ। ਮਨੁੱਖਤਾ ਦੀ ਸੇਵਾ, ਮਨੁੱਖੀ ਸਵੈ ਮਾਣ ਨਾਲ ਜਿਊਣਾ ਇਸ ਧਰਮ ਨੂੰ ਵਿਲੱਖਣਤਾ ਦਾ ਧਾਰਣੀ ਬਣਾਉਂਦਾ ਹੈ। ਜਿਹੜੀਆਂ ਸਥਿਤੀਆਂ ਮਨੁੱਖ ਨੂੰ ਗਿਰਾਵਟ ਅਤੇ ਅਪਮਾਨ ਵੱਲ ਧਕੇਲਦੀਆਂ ਹਨ ਉਹਨਾਂ ਦਾ ਸਾਹਮਣਾ ਇਸ ਧਰਮ ਵਿਚ ਲਾਜ਼ਮੀ ਹੈ।

ਸਿੱਖ ਸ਼ਹਾਦਤ ਪਰੰਪਰਾ ਦਾ ਮੁੱਢ ਸਿਧਾਂਤਕ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਅਰੰਭ ਹੋ ਜਾਂਦਾ ਹੈ। ਗੁਰੂ ਜੀ ਨੇ ਮਾਨਵ ਸਨਮਾਨ ਦੀ ਬਹਾਲੀ ਲਈ ਉਤਸ਼ਾਹ ਦਾ ਨਾਹਰਾ ਮਾਰਿਆ ਜਿਸ ਨੇ ਹਰ ਮਨੁੱਖ ਦੇ ਮਨ ਵਿਚ ਉਤਸ਼ਾਹ ਭਰਿਆ ਜੋ ਸਨਮਾਨ ਸਹਿਤ ਜਿਊਣ ਦਾ ਨਾਹਰਾ ਸੀ ਗੁਰੂ ਜੀ ਨੇ ਹਰ ਅਨਿਆਂ ਅਤੇ ਤਸ਼ੱਦਦ ਵਿਰੁੱਧ ਲੜਨ ਲਈ ਮਨੁੱਖ ਨੂੰ ਆਪਣੇ ਆਪੇ ਤੋਂ ਉਪਰ ਉਠ ਕੇ ਇਸ ਮੁਹਿੰਮ ਵਿਚ ਸ਼ਾਮਲ ਹੋਣ ਦੀ ਤਾਕੀਦ ਕੀਤੀ ਹੈ:

ਜਉ ਤਉ ਪ੍ਰੇਮ ਖੇਲਣ ਦਾ ਚਾਉ।।
ਸਿਰ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।।[77]

ਗੁਰੂ ਨਾਨਕ ਦੇਵ ਜੀ ਨੇ ਇਹ ਸਪਸ਼ਟ ਤੌਰ ਤੇ ਕਿਹਾ ਹੈ ਕਿ ਸਿਰ ਦੇ ਕੇ ਹੀ ਤਨੋ ਮਨੋ ਸੱਚਾ ਹੋਇਆ ਜਾ ਸਕਦਾ ਹੈ ਭਾਵ ਹਉਮੈ ਨੂੰ ਮਾਰ ਕੇ ਹੀ ਮਨੁੱਖ ਸੱਚਾ ਹੋ ਸਕਦਾ ਹੈ:

ਨਾਨਕ ਸਿਰੁ ਦੇ ਛੁਟੀਐ।।
ਮਨਿ ਤਿਨ ਸਾਚਾ ਸੋਇ।।[78]

ਗੁਰੂ ਨਾਨਕ ਜੀ ਦੇ ਇਹਨਾਂ ਸ਼ਬਦਾਂ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਧਰਮ ਅਤੇ ਅਨਿਆਂ ਖਿਲਾਫ਼ ਸ਼ਹਾਦਤ ਦਿੱਤੀ ਹੈ। ਗੁਰੂ ਜੀ ਸਿੱਖ ਧਰਮ ਦੇ ਹੀ ਨਹੀਂ ਸਾਰੇ ਭਾਰਤ ਦੇ ਪ੍ਰਮੁੱਖ ਤੇ ਸ਼੍ਰੋਮਣੀ ਸ਼ਹੀਦ ਹਨ, ਜਿਨ੍ਹਾਂ ਨੂੰ ਸਮੇਂ ਦੀ ਜ਼ਾਲਮ, ਅਤਿਆਚਾਰੀ ਅਤੇ ਅਨਿਆਈਂ ਹਕੂਮਤ ਦੇ ਕਹਿਰ ਤੇ ਜਬਰ ਦਾ ਸ਼ਿਕਾਰ ਹੋਣਾ ਪਿਆ। ਗੁਰੂ ਸਾਹਿਬ ਨੇ ਇਸ ਸਿਧਾਂਤ ਨੂੰ ਪਹਿਲਾਂ ਆਪ ਜੀਵਿਆ ਹੈ ਕਿ ਅਸੂਲਾਂ ਲਈ ਮਰਣਾ ਸੂਰਮੇ ਦਾ ਹੱਕ ਵੀ ਹੈ ਅਤੇ ਫ਼ਰਜ਼ ਵੀ ਹੈ।

ਮਰਣੁ ਮੁਣਸਾ ਸੂਰਿਆ ਹਕੁ ਹੈ।।
ਜੋ ਹੋਇ ਮਰਨਿ ਪਰਵਾਣੋ।।[79]

ਗੁਰੂ ਸ਼ਹੀਦ ਪਰੰਪਰਾ ਵਿਚ ਸਭ ਤੋਂ ਪਹਿਲਾ ਨਾਮ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਆਉਂਦਾ ਹੈ। ਉਹ ਗੁਰੂ ਰਾਮਦਾਸ ਅਤੇ ਮਾਤਾ ਬੀਬੀ ਭਾਨੀ ਜੀ ਦੇ ਛੋਟੇ ਪੁੱਤਰ ਸਨ। ਵਿਸ਼ੇਸ਼ ਧਾਰਮਿਕ ਸੂਝ ਹੋਣ ਕਾਰਨ ਆਪ ਜੀ ਨੂੰ 'ਬਾਣੀ ਦਾ ਬੋਹਿਥਾ' ਕਿਹਾ ਜਾਂਦਾ ਸੀ। 1581 ਈ. ਵਿਚ ਆਪ ਨੂੰ ਗੁਰਗੱਦੀ ਪ੍ਰਾਪਤ ਹੋਈ। ਇਸ ਪਿੱਛੋਂ ਗੋਇੰਦਵਾਲ ਤੋਂ ਅੰਮ੍ਰਿਤਸਰ ਆ ਕੇ ਆਪ ਨੇ ਸਿੱਖ ਸਮਾਜ ਨੂੰ ਉਸਾਰੂ ਸੇਧ ਦੇਣ ਲਈ ਸਮੂਹ ਅਨੁਆਈਆਂ ਨੂੰ ਸੰਗਠਿਤ ਕੀਤਾ ਅਤੇ ਬਹੁਤ ਸਾਰੇ ਸਮਾਜ ਸੁਧਾਰਕ ਕਾਰਜ ਕੀਤੇ। ਆਪ ਨੇ 'ਮਸੰਦ' ਅਤੇ 'ਦਸਵੰਦ' ਪ੍ਰਥਾ ਕਾਇਮ ਕੀਤੀ। ਜਿਸ ਨਾਲ ਇਕੱਠਾ ਹੋਇਆ ਪੈਸਾ ਗੁਰੂ ਘਰ ਦੇ ਲੰਗਰਾਂ ਅਤੇ ਉਸਾਰੀ ਦੇ ਕੰਮਾਂ ਤੇ ਲਗਾਇਆ ਜਾਂਦਾ ਅਤੇ ਉਸਾਰੀ ਦੇ ਕੰਮਾਂ ਨੂੰ ਤੋਰਿਆ ਗਿਆ। ਉਸਾਰੀ ਦੇ ਕੰਮਾਂ ਵਿਚ ਅੰਮ੍ਰਿਤਸਰ ਵਸਾਉਣਾ, ਤਰਨਤਾਰਨ ਸਾਹਿਬ, ਸ਼੍ਰੀ ਹਰਗੋਬਿੰਦਪੁਰ, ਕਰਤਾਰਪੁਰ ਵਸਾਏ ਗਏ। ਅੰਮ੍ਰਿਤਸਰ ਦਾ ਸਰੋਵਰ ਪੱਕਾ ਕੀਤਾ ਸੰਤੋਖਸਰ, ਰਾਮਸਰ ਲਾਹੌਰ ਵਿਚ ਬਉਲੀ ਦੀ ਸਥਾਪਨਾ, ਅੰਮ੍ਰਿਤਸਰ ਨੇੜੇ ਕੋਹੜੀਘਰ, ਤਿਹਰਟਾ ਖੂਹ ਵਡਾਲੀ, ਖੂਹ ਗੰਗਸਰ ਆਦਿ ਦੀ ਸਥਾਪਨਾ ਕੀਤੀ ਗਈ ਵਪਾਰ ਰਾਹੀਂ ਧਰਮ ਪ੍ਰਚਾਰ ਦੀ ਪਰੰਪਰਾ ਨੂੰ ਅੱਗੇ ਤੋਰਦਿਆਂ ਸਿੱਖਾਂ ਨੂੰ ਘੋੜਿਆਂ ਦੇ ਵਪਾਰ ਲਈ ਉਤਸ਼ਾਹਿਤ ਕੀਤਾ। 1589 ਈ: ਵਿਚ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਸਾਂਈ ਮੀਆਂ ਮੀਰ ਪਾਸੋਂ ਰਖਵਾਈ। ਇਸ ਦੇ ਚਾਰ ਦਰਵਾਜੇ ਰੱਖੇ ਗਏ ਜੋ ਧਰਮਾਂ ਨਸਲਾਂ, ਕੌਮਾਂ ਅਤੇ ਜਾਤਾਂ ਦੇ ਵਿਤਕਰੇ ਤੋਂ ਉਪਰ ਉੱਠ ਕੇ ਮਾਨਵਤਾ ਦੀ ਸਾਂਝ ਅਤੇ ਭਾਈਚਾਰੇ ਦਾ ਪ੍ਰਤੀਕ ਬਣੇ। ਗੁਰੂ ਜੀ ਨੇ ਸਭ ਲੋਕਾਈ ਨੂੰ ਇਕ ਹੋਣ ਦਾ ਸੱਦਾ ਦਿੰਦਿਆਂ ਭਾਰਤੀ ਪਰੰਪਰਾ ਦੀ ਵਰਣ ਆਸ਼ਰਮ ਦੀ ਨੀਂਹ ਨੂੰ ਤੋੜਿਆ ਜਿਸ ਵਿਚ ਨੀਵੀਂ ਜਾਤ ਦਾ ਮਨੁੱਖ ਪਰਮਾਤਮਾ ਦਾ ਨਾਮ ਜਪਣ ਤੋਂ ਵੀ ਵਿਰਵਾ ਸੀ। 16●4 ਈ: ਵਿਚ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਜਿਸ ਵਿਚ ਗੁਰੂ ਸਹਿਬਾਨ ਦੀ ਬਾਣੀ ਤੋਂ ਇਲਾਵਾ ਕੁਲ ਭਾਰਤ ਦੇ 15 ਭਗਤਾਂ ਅਤੇ 13 ਭੱਟਾਂ ਦੀ ਬਾਣੀ ਨੂੰ ਵੀ ਸ਼ਾਮਿਲ ਕੀਤਾ ਗਿਆ। ਇਹਨਾਂ ਭਗਤਾਂ ਤੇ ਭੱਟਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰਕੇ ਗੁਰੂ ਸਾਹਿਬ ਨੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਗੁਰੂ ਜੀ ਦੁਆਰਾ ਕੀਤੇ ਗਏ ਇਹ ਸਾਰੇ ਕਾਰਜ ਸਮਾਜ ਨੂੰ

ਨਵੀਆਂ ਲੀਹਾਂ ਤੇ ਤੋਰਣ ਵਾਲੇ ਸਨ ਜੋ ਸਮੇਂ ਦੀ ਇਸਲਾਮੀ ਹਕੂਮਤ ਨੂੰ ਮਨਜ਼ੂਰ ਨਹੀਂ ਹੋਏ। 1605 ਈ: ਵਿਚ ਅਕਬਰ ਦੀ ਮੌਤ ਤੋਂ ਬਾਅਦ ਜਹਾਂਗੀਰ ਗੱਦੀ ਤੇ ਬੈਠਦਾ ਹੈ। ਗੱਦੀ ਤੇ ਬੈਠਦਿਆਂ ਹੀ ਉਹ ਅਕਬਰ ਦੀ ਉਦਾਰ ਨੀਤੀ ਨੂੰ ਤਿਲਾਂਜਲੀ ਦੇ ਕੇ ਹਕੂਮਤ ਦੇ ਸਾਰੇ ਫੈਸਲੇ ਇਸਲਾਮ ਤੇ ਛੱਡ ਦਿੰਦਾ ਹੈ। ਗੁਰੂ ਜੀ ਦੀ ਵਧਦੀ ਹਰਮਨ ਪਿਆਰਤਾ ਅਤੇ ਉਹਨਾਂ ਦੁਆਰਾ ਕੀਤੇ ਜਾ ਰਹੇ ਉਸ ਸਮੇਂ ਵਿਕਾਸ ਦੇ ਕੰਮ ਉਸ ਨੂੰ ਮੁਗਲ ਹਕੂਮਤ ਲਈ ਖਤਰਾ ਭਾਸਦੇ ਹਨ। ਇਸ ਸੰਬੰਧੀ ਡਾ. ਜਸਪਾਲ ਸਿੰਘ ਆਪਣਾ ਵਿਚਾਰ ਇਉਂ ਪ੍ਰਸਤੁਤ ਕਰਦੇ ਹਨ:

> ਸ਼੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਅਤੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਗੁਰੂ ਅਰਜਨ ਪਾਤਸ਼ਾਹ ਦੇ ਜੀਵਨ ਦੀਆਂ ਦੋ ਵੱਡੀਆਂ ਪ੍ਰਾਪਤੀਆਂ ਹਨ। ਇਹਨਾਂ ਦੋਹਾਂ ਪ੍ਰਾਪਤੀਆਂ ਦੀ ਪ੍ਰਕ੍ਰਿਤੀ ਤੇ ਉਦੇਸ਼ ਇਕ ਪਾਸੇ ਸਰਵਭੌਤਿਕ ਹੈ ਭਾਵ ਸਰਬੱਤ ਦੇ ਭਲੇ ਦੀ ਭਾਵਨਾ ਨਾਲ ਓਤ-ਪੋਤ ਹੈ। ਸਾਂਝੀਵਾਲਤਾ ਤੇ ਮਨੁੱਖੀ ਏਕਤਾ ਦਾ ਸੰਕਲਪ ਉਸ ਵਿਚ ਸਮੋਇਆ ਹੋਇਆ ਹੈ। ਇਹ ਨਾਨਕ ਦੀ ਸਿੱਖੀ ਨੂੰ ਇਕ ਸੰਗਠਿਤ ਧਰਮ ਦੇ ਰੂਪ ਵਿਚ ਵੱਖਰੀ ਪਛਾਣ ਦਿੰਦੀਆਂ ਹਨ। ਸਿੱਖ ਧਰਮ ਸੰਸਥਾਗਤ ਰੂਪ ਵਿਚ ਸੰਗਠਨ ਹੋ ਜਾਵੇ ਵੇਲੇ ਦੇ ਹੁਕਮਰਾਨ ਜਹਾਂਗੀਰ ਲਈ ਸ਼ਾਇਦ ਇਹ ਨਾ ਕਾਬਲੇ ਬਰਦਾਸ਼ਤ ਸੀ।[80]

ਡਾ. ਸੁਖਦਿਆਲ ਸਿੰਘ ਆਪਣੀ ਪੁਸਤਕ ਪੰਜਾਬ ਦਾ ਇਤਿਹਾਸ ਵਿਚੋਂ ਤੁਜ ਕੇ ਜਾਹਾਂਗੀਰੀ (ਜਾਹਾਂਗੀਰ ਦੀ ਸਵੈ-ਜੀਵਨੀ) ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ। ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਨਗਰ ਵਿਚ ਬਜ਼ੁਰਗ ਦੇ ਭੇਸ ਵਿਚ ਭੋਲੇ-ਭਾਲੇ ਹਿੰਦੂਆਂ ਅਤੇ ਬੇਸ਼ਕ ਮੂਰਖ ਮੁਸਲਮਾਨਾਂ ਨੂੰ ਆਪਣੇ ਧਰਮ ਕਰਮ ਦਾ ਸ਼ਰਧਾਲੂ ਬਣਾ ਕੇ ਆਪਣੀ ਪੀਰੀ ਦਾ ਢੋਲ ਵਜਾਇਆ ਹੋਇਆ ਸੀ। ਲੋਕ ਉਸਨੂੰ ਗੁਰੂ ਆਖਦੇ ਸਨ। ਇਧਰ-ਉਧਰ ਦੇ ਦੰਭ ਦੇ ਪੁਜਾਰੀ ਲੋਕ ਆ ਕੇ ਉਸ ਉਤੇ ਇਤਕਾਦ ਜ਼ਾਹਿਰ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ

ਦੁਕਾਨ ਚਲ ਰਹੀ ਸੀ। ਚਿਰਾਂ ਤੋਂ ਮੇਰੇ ਦਿਲ ਵਿਚ ਖ਼ਿਆਲ ਆ ਰਿਹਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰ ਦਿਆਂ ਤੇ ਉਸ ਨੂੰ ਇਸਲਾਮ ਵਿਚ ਲੈ ਆਵਾਂ।[81]

ਇਸ ਪ੍ਰਕਾਰ ਜਹਾਂਗੀਰ ਦੀ ਸਿਆਸੀ ਤੇ ਇਸਲਾਮੀ ਕੱਟੜਤਾ ਦੀ ਨੀਤੀ ਦੀ ਜੋ ਗੁਰੂ ਜੀ ਨੇ ਵਿਰੋਧਤਾ ਕੀਤੀ ਤੇ ਉਹ ਉਹਨਾਂ ਦੀ ਸ਼ਹਾਦਤ ਦੇ ਮੁਢਲੇ ਕਾਰਨਾਂ ਵਿਚੋਂ ਇਕ ਬਣ ਗਿਆ। ਇਸ ਤੋਂ ਇਲਾਵਾ ਪ੍ਰਿਥੀ ਚੰਦ, ਸੁਲਹੀ ਖਾਨ, ਸ਼ੇਖ ਅਹਿਮਦ ਸਰਹੰਦੀ ਅਤੇ ਚੰਦੂ ਸ਼ਾਹ ਦੀ ਨਿੱਜੀ ਵਿਰੋਧਤਾ ਨੇ ਵੀ ਗੁਰੂ ਜੀ ਦੀ ਸ਼ਹਾਦਤ ਲਈ ਕਾਰਨ ਸਿਰਜ ਦਿੱਤੇ। ਜਹਾਂਗੀਰ ਦੇ ਪੁੱਤਰ ਖੁਸਰੋ ਦਾ ਬਗਾਵਤ ਕਰਨਾ, ਉਸ ਦੇ ਆਗਰੇ ਤੋਂ ਆਉਂਦਿਆਂ ਗੋਇੰਦਵਾਲ ਵਿਖੇ ਗੁਰੂ ਜੀ ਨੂੰ ਮਿਲਣ ਦੇ ਕਾਰਨ ਵੀ ਜਹਾਂਗੀਰ ਨੂੰ ਇਕ ਬਹਾਨਾ ਮਿਲ ਗਿਆ। ਜਿਸ ਦਾ ਸਿੱਧਾ ਕਾਰਨ ਭਾਵੇਂ ਸ਼ਹਾਦਤ ਨਹੀਂ ਮੰਨਿਆ ਜਾਂਦਾ ਪਰ ਜਹਾਂਗੀਰ ਦੇ ਦਿਲ ਵਿਚ ਭੜਕਦੀ ਇਸਲਾਮੀ ਕੱਟੜਤਾ ਨੇ ਇਸ ਨੂੰ ਹੋਰ ਹਵਾ ਦੇ ਦਿੱਤੀ। ਜਿਸ ਸੰਬੰਧੀ ਡਾ. ਸੁਖਦਿਆਲ ਸਿੰਘ ਦਾ ਵਿਚਾਰ ਹੈ ਕਿ ਗੁਰੂ ਜੀ ਦੀ ਸ਼ਹਾਦਤ ਦੀ ਗਵਾਹੀ ਫਾਦਰ ਜੈਰੱਮ ਜੇਵੀਅਰ ਦੇ ਪੱਤਰ ਦੀ ਹੈ ਜੋ 25 ਸਤੰਬਰ 16●6 ਈ: ਨੂੰ ਲਿਖਿਆ ਗਿਆ। ਉਹਨਾਂ ਦਾ ਕਹਿਣਾ ਹੈ:

> ਸਹਜ਼ਾਦਾ ਖੁਸਰੋ ਆਗਰੇ ਤੋਂ ਭੱਜਿਆ ਆ ਰਿਹਾ ਸੀ ਉਸੇ ਰਸਤੇ ਉਪਰ ਇਕ ਹਿੰਦੂ ਰਹਿੰਦਾ ਸੀ ਜਿਸ ਨੂੰ ਗੁਰੂ ਕਿਹਾ ਜਾਂਦਾ ਸੀ। ਇਸ ਨੂੰ ਸਾਰੇ ਹਿੰਦੂਆਂ ਵਿਚ ਸਾਡੇ ਪੋਪ ਵਾਂਗ ਸਤਿਕਾਰਿਆ ਜਾਂਦਾ ਸੀ। ਉਸਨੂੰ ਧਾਰਮਿਕ ਵਿਅਕਤੀ ਮੰਨਿਆ ਜਾਂਦਾ ਸੀ ਅਤੇ ਇਸੇ ਤਰ੍ਹਾਂ ਦਾ ਮਾਣ ਦਿੱਤਾ ਜਾਂਦਾ ਸੀ। ਉਸਦੀ ਪ੍ਰਸਿੱਧੀ ਤੇ ਪ੍ਰਯਤਿਸ਼ਠਾ ਨੂੰ ਵੇਖ ਕੇ ਸ਼ਹਿਜ਼ਾਦਾ ਉਸ ਤੋਂ ਚੰਗੇ ਭਵਿੱਖ ਦੀ ਆਸ਼ੀਰਵਾਦ ਲੈਣ ਲਈ ਉਸ ਕੋਲ ਪਹੁੰਚਿਆ। ਗੁਰੂ ਜੀ ਨੇ ਉਸ ਨੂੰ ਸੁਤੰਤਰਤਾ ਪ੍ਰਾਪਤ ਕਰਨ ਦੀ ਮੁਬਾਰਕਬਾਦ ਦਿੱਤੀ ਅਤੇ ਉਸਦੇ ਮੱਥੇ ਤੇ ਤਿੰਨ ਨਿਸ਼ਾਨ ਲਗਾਏ। ਇਹ ਹਿੰਦੂ ਨਿਸ਼ਾਨ ਜਦੋਜਹਿਦ ਦੀ ਸਫ਼ਲਤਾ ਲਈ ਚੰਗੇ ਸਮਝੇ ਜਾਂਦੇ

> ਸਨ। ਸ਼ਹਿਜ਼ਾਦੇ ਨੇ ਗੁਰੂ ਦੀ ਪਵਿੱਤਰਤਾ ਦੀ ਪ੍ਰਸਿੱਧੀ ਹੋਣ ਕਾਰਨ ਹੀ ਇਕ ਟਿੱਕਾ ਲਗਵਾਇਆ ਸੀ ਬਾਦਸ਼ਾਹ ਨੂੰ ਇਸ ਗੱਲ ਦਾ ਪਤਾ ਲਗ ਗਿਆ। ਸ਼ਹਿਜ਼ਾਦੇ ਨੂੰ ਬੰਦੀ ਬਣਾ ਕੇ ਰੱਖਣ ਦੇ ਨਾਲ ਬਾਦਸ਼ਾਹ ਨੇ ਗੁਰੂ ਨੂੰ ਆਪਣੇ ਸਾਹਮਣੇ ਹਾਜ਼ਰ ਹੋਣ ਦਾ ਹੁਕਮ ਦਿੱਤਾ ਅਤੇ ਉਸ ਨੂੰ ਗ੍ਰਿਫ਼ਤਰ ਕਰ ਲਿਆ।[82]

ਗੁਰੂ ਜੀ ਨੂੰ ਇਸ ਦੋਸ਼ ਵਿਚ ਇਕ ਲੱਖ ਰੁ. ਜ਼ੁਰਮਾਨੇ ਵਜੋਂ ਦੇਣ ਲਈ ਕਿਹਾ ਪਰ ਗੁਰੂ ਜੀ ਨੇ ਨਾਂਹ ਕਰ ਦਿੱਤੀ। ਚੰਦੂ ਸ਼ਾਹ ਨੇ ਗੁਰੂ ਜੀ ਦੀ ਜਾਮਨੀ ਦੇ ਕੇ ਉਹਨਾਂ ਨੂੰ ਆਪਣੇ ਕੋਲ ਰੱਖ ਲਿਆ। ਚੰਦੂ ਸ਼ਾਹ ਇਹ ਚਾਹੁੰਦਾ ਸੀ ਕਿ ਗੁਰੂ ਜੀ ਜ਼ੁਰਮਾਨਾ ਭਰ ਦੇਣ ਅਤੇ ਉਸ ਨੇ ਗੁਰੂ ਜੀ ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ। 187● ਈ: ਵਿਚ ਲਿਖੀ ਕਨੱਈਆ ਲਾਲ ਦੀ ਤਾਰੀਖ-ਏ-ਪੰਜਾਬ ਵਿਚ ਲਿਖਿਆ ਹੈ:

> ਬਾਦਸ਼ਾਹ ਬਿਗੜ ਗਿਆ ਤੇ ਲਹੌਰ ਵਿਚ ਗੁਰੂ ਜੀ ਨੂੰ ਤਲਬ ਕੀਤਾ ਗਿਆ। ਉਨ੍ਹਾਂ ਨੂੰ ਚੰਦੂ ਦੀ ਸਪੁਰਦਗੀ ਵਿਚ ਰੱਖਿਆ ਗਿਆ। ਚੰਦੂ ਨੇ ਗੁਰੂ ਜੀ ਦਾ ਡੇਰਾ ਆਪਣੇ ਮਕਾਨ ਵਿਚ ਕਰਵਾਇਆ। ਬਾਦਸ਼ਾਹ ਉਨ੍ਹਾਂ ਦਿਨਾਂ ਵਿਚ ਕਸ਼ਮੀਰ ਚਲਾ ਗਿਆ ਸੀ ਅਤੇ ਗੁਰੂ ਜੀ ਉਸੇ ਤਰ੍ਹਾਂ ਚੰਦੂ ਦੇ ਹਵਾਲੇ ਰਹੇ। ਇਸ ਲਈ ਚੰਦੂ ਨੇ ਗੁਰੂ ਜੀ ਨੂੰ ਲਗਾਤਾਰ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ ਅਤੇ ਅਜਿਹੇ ਅੱਤਿਆਚਾਰ ਕੀਤੇ ਜਿਨ੍ਹਾਂ ਨੂੰ ਕਲਮ ਬਿਆਨ ਨਹੀਂ ਕਰ ਸਕਦੀ ਤੇ ਜ਼ੁਬਾਨ ਦੱਸ ਨਹੀਂ ਸਕਦੀ।[83]

ਗੁਰੂ ਜੀ ਨੂੰ ਯਾਸਾ ਕਾਨੂੰਨ ਦੇ ਅਧੀਨ ਮੌਤ ਦਾ ਦੰਡ ਦਿੱਤਾ ਗਿਆ। ਯਾਸਾ ਮੰਗੋਲਿਆ ਸ਼ਬਦ ਹੈ; ਜਿਸ ਦੇ ਅਰਥ ਹਨ ਦੋਸ਼ੀ ਨੂੰ ਇਸ ਤਰ੍ਹਾਂ ਕਤਲ ਕੀਤਾ ਜਾਵੇ ਕਿ ਉਸਦੇ ਖ਼ੂਨ ਦਾ ਕਤਰਾ ਤੱਕ ਧਰਤੀ ਉਪਰ ਨਾ ਡੁੱਲੇ ਨਾ ਡਿੱਗੇ। ਇਹ ਸੋਲ੍ਹਾਂ ਪ੍ਰਕਾਰ ਦੀ ਸਜ਼ਾ ਹੁੰਦੀ ਸੀ। ਅਰਥਾਤ ਫਾਹ ਦੇ ਕੇ, ਕੱਚੇ ਚਮੜੇ ਵਿਚ ਸਿਉਂਕੇ, ਅੱਗ ਵਿਚ ਸਾੜ ਕੇ, ਪਾਣੀ ਵਿਚ ਡੋਬ

ਕੇ, ਭੌਂ ਵਾਂਗ ਕੁੱਟ-ਕੁੱਟ ਕੇ ਮਾਰ ਦੇਣਾ - ਗੁਰੂ ਜੀ ਨੂੰ ਯਾਸਾ ਕਾਨੂੰਨ ਅਨੁਸਾਰ ਹੀ ਸ਼ਹੀਦ ਕੀਤਾ ਗਿਆ ਅਤੇ ਚੰਦੂ ਸ਼ਾਹ ਨੇ ਗੁਰੂ ਜੀ ਕੋਲੋਂ ਜ਼ੁਰਮਾਨੇ ਦੀ ਰਕਮ ਵਸੂਲਣ ਲਈ ਤਰ੍ਹਾਂ-ਤਰ੍ਹਾਂ ਦੇ ਦਰਦਨਾਕ ਤਸੀਹੇ ਦਿੱਤੇ। ਤੱਤੀਆਂ ਤਵੀਆਂ ਤੇ ਬਿਠਾਇਆ ਗਿਆ ਤਪਦੀ ਰੇਤ ਉਹਨਾਂ ਦੇ ਸਰੀਰ ਤੇ ਪਾਈ ਗਈ। ਜਦ ਗੁਰੂ ਜੀ ਦਾ ਸਰੀਰ ਛਾਲਿਆਂ ਨਾਲ ਭਰ ਗਿਆ ਤਾਂ ਹੋਰ ਦਰਦ ਦੇਣ ਲਈ ਦਰਿਆ ਦੇ ਪਾਣੀ ਵਿਚ ਲਮਕਾਇਆ ਗਿਆ ਅਤੇ ਇਸ ਕਿਰਿਆ ਵਿਚ ਉਹ ਸ਼ਹੀਦ ਹੋ ਗਏ।

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਇਕ ਮਹਾਨ ਸੂਰਬੀਰ ਵਾਂਗ ਸ਼ਹਾਦਤ ਦਾ ਜਾਮ ਪੀਤਾ। ਸੱਚ ਤੇ ਅਨਿਆਂ ਵਿਰੁੱਧ ਲੜਦਿਆਂ ਉਹ ਸ਼ਹੀਦ ਹੋ ਗਏ। ਇਹੀ ਸਿੱਖੀ ਸਿਧਾਂਤਾਂ ਦਾ ਵਿਹਾਰਕ ਰੂਪ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖ ਧਰਮ ਵਿਚ ਸ਼ਹਾਦਤ ਦੀ ਪਰੰਪਰਾ ਨੂੰ ਅੱਗੇ ਤੋਰਿਆ ਜਿਸ ਵਿਚ ਅਗਲਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਨੌਵੀਂ ਪਾਤਸ਼ਾਹੀ ਦਾ ਹੈ। ਸੀ ਗੁਰੂ ਤੇਗ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਈਃ ਨੂੰ ਅੰਮ੍ਰਿਤਸਰ ਗੁਰੂ ਕੇ ਮਹਲ ਪਿਤਾ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਦੇ ਘਰ ਹੋਇਆ। ਗੁਰੂ ਜੀ ਦੀ ਸ਼ਖਸੀਅਤ ਵਿਚ ਜ਼ੁਲਮ ਦਾ ਟਾਕਰਾ ਕਰਨ ਦੀ ਭਾਵਨਾ ਬਚਪਨ ਤੋਂ ਹੀ ਸੀ ਉਹਨਾਂ ਨੇ ਸ੍ਰੀ ਹਰਗੋਬਿੰਦ ਸਾਹਿਬ ਨਾਲ ਕਰਤਾਰਪੁਰ ਦੀ ਜੰਗ ਵਿਚ 13-14 ਸਾਲਾਂ ਦੀ ਉਮਰ ਵਿਚ ਹੀ ਹਿੱਸਾ ਪਾਇਆ। ਇਸ ਕਾਰਨ ਉਹਨਾਂ ਦਾ ਨਾਂ ਤੇਗ ਬਹਾਦਰ ਰੱਖਿਆ ਗਿਆ। 11 ਅਗਸਤ 1664 ਈਃ ਨੂੰ ਗੁਰੂ ਜੀ ਨੂੰ ਗੁਰਗੱਦੀ ਪ੍ਰਾਪਤ ਹੋਈ। 1558 ਵਿਚ ਔਰੰਗਜ਼ੇਬ ਗੱਦੀ ਉਪਰ ਬੈਠਾ। ਗੱਦੀ ਉਪਰ ਬੈਠਦਿਆਂ ਹੀ ਉਸਨੇ ਭਾਰਤ ਨੂੰ ਇਸਲਾਮੀ ਰਾਜ ਬਣਾਉਣ ਲਈ ਸੋਚ ਲਿਆ। ਇਸ ਉਦੇਸ਼ ਦੀ ਪ੍ਰਾਪਤੀ ਲਈ ਉਸਨੇ ਭਾਰਤ ਦੀ ਹਿੰਦੂ ਅਤੇ ਗੈਰ ਧਰਮੀ ਜਨਤਾ ਉਪਰ ਬੇਤਹਾਸ਼ਾ ਜ਼ੁਲਮ ਕੀਤੇ। ਹਿੰਦੂਆਂ ਦੇ ਤਿਉਹਾਰਾਂ, ਸੰਗੀਤ, ਨਾਚ ਆਦਿ ਤੇ ਪਾਬੰਦੀ ਲਗਾ ਦਿੱਤੀ। ਮੰਦਿਰਾਂ ਦੀ ਉਸਾਰੀ ਤੇ ਪਾਬੰਦੀ ਦੇ ਹੁਕਮ ਦੇ ਦਿੱਤੇ ਜਾਂਦੇ ਸਨ। 1666 ਈਃ ਵਿਚ ਨਵੇਂ ਮੰਦਿਰ ਨਾ ਉਸਾਰੇ ਜਾਣ ਦੇ ਹੁਕਮਾਂ ਦੇ ਨਾਲ ਉਹਨਾਂ ਦੀ ਜਗ੍ਹਾ ਮਸੀਤਾਂ ਉਸਾਰਿਆ ਗਈਆਂ। ਮਥੁਰਾ ਅਤੇ ਕੇਸ਼ਵਰਾਏ ਵਿਚ ਮੰਦਿਰ ਢਾਹ ਦਿੱਤੇ ਗਏ। 1669 ਈਃ

ਵਿਚ ਬਨਾਰਸ ਦਾ ਵਿਸ਼ਵਨਾਥ ਅਤੇ ਗੋਪੀਨਾਥ ਮੰਦਿਰ ਢਾਹ ਦਿੱਤੇ ਗਏ। 167● ਈ: ਵਿਚ ਉਸ ਦੁਆਰਾ ਹਿੰਦੂਆਂ ਨੂੰ ਘੋੜੇ ਉੱਤੇ ਚੜ੍ਹਣ ਅਤੇ ਪੱਗ ਬੰਨਣ ਤੇ ਪਾਬੰਦੀ ਲਗਾ ਦਿੱਤੀ ਗਈ। 1671 ਵਿਚ ਨੌਕਰੀਆਂ ਤੇ ਲੱਗੇ ਸਾਰੇ ਹਿੰਦੂ ਕੱਢ ਦਿੱਤੇ ਗਏ ਅਤੇ ਜਜ਼ੀਆ ਟੈਕਸ ਮੁੜ ਤੋਂ ਲਾਗੂ ਕਰ ਦਿੱਤਾ ਗਿਆ। ਇਸ ਪ੍ਰਕਾਰ ਔਰੰਗਜ਼ੇਬ ਦੀ ਇਹ ਨੀਤੀ ਭਾਰਤੀ ਅਤੇ ਹਿੰਦੂ ਲੋਕਾਂ ਉਪਰ ਕਹਿਰ ਦੇ ਰੂਪ ਵਿਚ ਲਾਗੂ ਕੀਤੀ ਗਈ।

ਗੁਰੂ ਜੀ ਨੇ ਇਹਨਾਂ ਹਾਲਤਾਂ ਨੂੰ ਸੰਵੇਦਨਸ਼ੀਲਤਾ ਨਾਲ ਦੇਖਿਆ ਅਤੇ ਉਹਨਾਂ ਨੇ ਲੋਕਾਂ ਦੇ ਦੁੱਖਾਂ ਦਰਦਾਂ ਨੂੰ ਮਹਿਸੂਸ ਕਰਦੇ ਹੋਏ ਵੱਖ ਵੱਖ ਇਲਾਕਿਆਂ ਦਾ ਦੌਰਾ ਕੀਤਾ। 'ਭੈ ਕਾਹੂ ਕੋ ਦੇਤ ਨਹਿ ਨਾ ਭੈ ਮਾਨਤ ਆਨਿ' ਦੇ ਸਿਧਾਂਤ ਅਨੁਸਾਰ ਉਹਨਾਂ ਜਨਤਾ ਨੂੰ ਮੁਗਲ ਹਕੂਮਤ ਦੀ ਕੱਟੜਤਾ ਦੀ ਨੀਤੀ ਦਾ ਟਾਕਰਾ ਕਰਨ ਦੀ ਹਿੰਮਤ ਜੁਟਾਉਣ ਲਈ ਪਹਿਲਾਂ ਤੀਰਥ ਅਸਥਾਨਾ ਉੱਪਰ ਗਏ ਜਿਨ੍ਹਾ ਵਿਚ (1661-62) ਹਰਿਦਵਾਰ, ਹਾੜ ਮੁਕਤੇਸ਼ਵਰ, ਮਥੁਰਾ, ਆਗਰਾ, ਪਰਯਾਗ, ਬਨਾਰਸ ਅਤੇ ਪਟਨਾ ਆਉਂਦੇ ਹਨ। ਪੰਜਾਬ ਦੇ ਪਿੰਡਾਂ ਵਿਚ ਸਭ ਤੋਂ ਪਹਿਲਾ ਦੌਰਾ ਸਠਿਆਲਾ ਤੋਂ ਕਾਲੇਕੇ ਪਿੰਡ, ਅੰਮ੍ਰਿਤਸਰ, ਵੱਲਾ, ਵੇਰਕਾ, ਤਰਨਤਾਰਨ, ਗੋਇੰਦਵਾਲ, ਖੇਮਕਰਨ, ਚੋਲ੍ਹਾ ਸਾਹਿਬ ਆਦਿ ਜਿੱਥੇ ਸਿੱਖ ਧਰਮ ਦੇ ਸਿਧਾਂਤਾਂ ਦਾ ਪ੍ਰਚਾਰ ਹੁੰਦਾ ਹੈ। 1665 ਵਿਚ ਬਾਬਾ ਬਕਾਲਾ ਤੋਂ ਕੀਰਤਪੁਰ ਜਾਂਦੇ ਹੋਏ ਰਸਤੇ ਵਿਚ ਪਲਾਹੀ ਕਗਰ, ਹਕੀਮਪੁਰ ਨਵਾਂ ਸ਼ਹਿਰ, ਦੁਰਗਾਪੁਰ ਪ੍ਰਚਾਰ ਕਰਦੇ ਹਨ। ਇਸੇ ਸਮੇਂ ਹੀ ਉਹ ਆਨੰਦਪੁਰ ਦੀ ਸਥਾਪਨਾ ਵੀ ਕਰਦੇ ਹਨ। 1667 ਵਿਚ ਸੈਫ਼ਾਬਾਦ ਅਜੋਕਾ ਨਾਂ ਬਹਾਦਰਗੜ੍ਹ ਅਤੇ ਪਟਿਆਲੇ ਦੇ ਹੋਰ ਅਨੇਕਾਂ ਪਿੰਡਾਂ ਵਿਚੋਂ ਹੁੰਦੇ ਹੋਏ ਉਹ ਧਮਧਾਨ (ਹਰਿਆਣਾ) ਅਤੇ ਸੰਗਰੂਰ, ਜਿਲ੍ਹੇ ਦੇ ਪਿੰਡ ਢਿਲਵਾਂ, ਮੌੜ, ਤਲਵੰਡੀ ਸਾਬੋ੍ਹ ਅਤੇ ਮਾਲਵਾ ਦੇ ਤਕਰੀਬਨ ਸਾਰੇ ਪਿੰਡਾਂ ਦਾ ਦੌਰਾ ਕਰਦੇ ਹਨ। ਇਸ ਸੰਬੰਧ ਵਿਚ ਡਾ. ਸੁਖਦਿਆਲ ਸਿੰਘ ਜੀ ਦਾ ਵਿਚਾਰ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਮਾਲਵੇ ਦੇ ਸਫ਼ਰਾਂ ਦੀ ਮਿਤੀ ਨਿਸ਼ਚਿਤ ਨਹੀਂ ਹੈ। ਗੁਰੂ ਜੀ ਦੇ ਪ੍ਰਚਾਰ ਦਾ ਸਮਾਂ 1675 ਈ: ਤੱਕ ਚੱਲਦਾ ਰਹਿੰਦਾ ਹੈ ਜਦੋਂ ਤੱਕ ਉਹਨਾਂ ਦੀ ਸ਼ਹਾਦਤ ਹੁੰਦੀ ਹੈ। ਗੁਰੂ ਤੇਗ ਬਹਾਦਰ ਜੀ ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਦੂਸਰੇ ਗੁਰੂ ਹਨ ਜਿਨ੍ਹਾ ਨੇ ਸਭ ਤੋਂ ਵੱਧ ਦੇਸ਼

ਵਿਆਪੀ ਦੌਰੇ ਕੀਤੇ। ਉਹਨਾਂ ਨੇ ਲੋਕਾਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਮੁਗਲ ਹਕੂਮਤ ਦੇ ਸਤਾਏ ਲੋਕਾਂ ਵਿਚ ਨਵੀਂ ਚੇਤਨਾ ਭਰੀ। ਡਾ. ਸੁਖਦਿਆਲ ਸਿੰਘ ਇਸ ਪ੍ਰਸੰਗ ਵਿਚ ਕਹਿੰਦੇ ਹਨ:

> ਗੁਰੂ ਤੇਗ ਬਹਾਦਰ ਜੀ ਗੁਰੂ ਨਾਨਕ ਦੇਵ ਜੀ ਪਿਛੋਂ ਦੂਸਰੇ ਗੁਰੂ ਸਨ ਜਿਨ੍ਹਾ ਨੇ ਸਭ ਤੋਂ ਵੱਧ ਦੇਸ਼ ਵਿਆਪੀ ਦੌਰੇ ਕੀਤੇ। ਇਹਨਾਂ ਦੌਰਿਆਂ ਰਾਹੀਂ ਉਹਨਾਂ ਨੇ ਸਿੱਖ ਸੰਗਤਾਂ ਵਿਚ ਨਵੀਂ ਚੇਤਨਾ ਵੀ ਲਿਆਂਦੀ ਹਿੰਦੂ ਸਮਾਜ ਵੀ ਗੁਰੂ ਤੇਗ ਬਹਾਦਰ ਜੀ ਦੁਆਲੇ ਇਕੱਠੇ ਹੋਣਾ ਸ਼ੁਰੂ ਹੋ ਗਿਆ ਸੀ।[84]

ਇਕ ਪਾਸੇ ਮੁਗਲ ਹਕੂਮਤ ਦੀ ਧਾਰਮਿਕ ਕੱਟੜਤਾ ਦੀ ਨੀਤੀ ਅਤੇ ਦੂਜੇ ਪਾਸੇ ਗੁਰੂ ਜੀ ਵੱਲੋਂ ਸਿੱਖ ਸਿਧਾਂਤਾਂ ਦਾ ਪ੍ਰਚਾਰ ਅਤੇ ਉਹਨਾਂ ਰਾਹੀਂ ਲੋਕਾਂ ਵਿਚ ਜਗਾਈ ਨਵੀਂ ਚੇਤਨਾ ਵਜੋਂ ਅਜਿਹੇ ਵਿਰੋਧੀ ਹਾਲਾਤ ਬਣਦੇ ਹਨ ਜਿਨ੍ਹਾ ਕਾਰਨ ਮੁਗਲ ਸਲਤਨਤ ਦੁਆਰਾ ਗੁਰੂ ਜੀ ਦੀ ਸ਼ਹਾਦਤ ਹੁੰਦੀ ਹੈ। ਮੁਗਲ ਬਾਦਸ਼ਾਹ ਔਰੰਗਜ਼ੇਬ 1675 ਈ: ਵਿਚ ਮੁਢੋਂ ਸੁਢੋਂ ਭਾਰਤ ਨੂੰ 'ਇਸਲਾਮੀ ਦੇਸ਼' ਬਣਾਉਣ ਲਈ ਕਸ਼ਮੀਰ ਤੋਂ ਹੀ ਇਸਦੀ ਸ਼ੁਰੂਆਤ ਕਰਦਾ ਹੈ। ਉਹ ਕਸ਼ਮੀਰ ਦੇ ਸੂਬੇਦਾਰ ਇਫ਼ਤਰਖਾਨ ਨੂੰ 'ਸ਼ੇਰ ਅਫਗਾਨ' ਦੀ ਉਪਾਧੀ ਦੇ ਕੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦਾ ਆਦੇਸ਼ ਦਿੰਦਾ ਹੈ। ਕਸ਼ਮੀਰੀ ਪੰਡਿਤ ਜੋ ਕਿ ਵਿਦਵਾਨ ਮੰਨੇ ਜਾਂਦੇ ਸਨ ਅਤੇ ਜਿਨ੍ਹਾ ਦੇ ਮੁਸਲਮਾਨ ਬਣਨ ਉੱਤੇ ਸਾਰੇ ਭਾਰਤ ਵਿਚ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਅਸਾਨ ਜਾਪਦਾ ਸੀ। ਉਸ ਨੇ ਹਿੰਦੂਆਂ ਅਤੇ ਕਸ਼ਮੀਰੀ ਪੰਡਿਤਾਂ ਉੱਤੇ ਰਾਜਸੀ ਦਬਾਅ ਪਾ ਕੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਸਾਕੀ ਮੁਸਤਾਅਦ ਖਾਂ ਲਿਖਦੇ ਹਨ:

> ਹਿੰਦੂਆਂ ਉਪਰ ਜ਼ੁਲਮ ਤਾਂ ਸਾਰੇ ਹਿੰਦੂਸਤਾਨ ਵਿਚ ਹੋ ਰਿਹਾ ਸੀ ਪਰ ਕਸ਼ਮੀਰ ਸੂਬੇ ਦਾ ਗਵਰਨਰ ਅਤਿਆਚਾਰੀ ਸਾਬਤ ਹੋਇਆ। ਕਸ਼ਮੀਰ ਵਿਚ ਇਫਤਿਖਾਰ ਖਾਨ ਸੂਬੇਦਾਰ ਸੀ। ਇਸ ਨੇ ਕਸ਼ਮੀਰੀ ਬ੍ਰਾਹਮਣਾਂ ਨੂੰ ਮੁਸਲਮਾਨ ਬਣਾਉਣ ਦੀ ਮੁੰਹਿਮ ਸ਼ੁਰੂ ਕੀਤੀ ਹੋਈ ਸੀ।[85]

ਇਸ ਪ੍ਰਕਾਰ ਕਸ਼ਮੀਰੀ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਗੁਰੂ ਜੀ ਪਾਸ ਆਨੰਦਪੁਰ ਆਏ। ਗੁਰੂ ਜੀ ਪਾਸ ਆਪਣੀ ਵਿਥਿਆ ਸੁਣਾਈ ਅਤੇ ਔਰੰਗਜ਼ੇਬ ਦੇ ਜ਼ੁਲਮਾਂ ਦਾ ਸਾਹਮਣਾ ਕਰਨ ਲਈ ਉਸ ਨੂੰ ਮੂੰਹ ਤੋੜ ਜਵਾਬ ਦੇਣ ਬਾਰੇ ਗੁਜ਼ਾਰਿਸ਼ ਕੀਤੀ। ਗੁਰੂ ਜੀ ਨੇ ਮਨੁੱਖੀ ਧਰਮ ਅਤੇ ਸ਼ਖਸੀ ਵਿਚਾਰਾਂ ਦੀ ਅਜ਼ਾਦੀ ਲਈ ਕਸ਼ਮੀਰੀ ਪੰਡਿਤਾਂ ਦੀ ਬਾਂਹ ਫੜੀ ਅਤੇ ਔਰੰਗਜ਼ੇਬ ਨੂੰ ਉਹਨਾਂ ਰਾਹੀਂ ਸੰਦੇਸ਼ ਭਿਜਵਾ ਕੇ ਕਿਹਾ ਕਿ ਜੇ ਹਕੂਮਤ ਗੁਰੂ ਤੇਗ ਬਹਾਦਰ ਜੀ ਨੂੰ ਇਸਲਾਮ ਕਬੂਲ ਕਰਵਾ ਸਕੇਗੀ ਤਾਂ ਉਹ ਵੀ ਕਰ ਲੈਣਗੇ। 1675 ਈਃ ਨੂੰ ਗੁਰੂ ਤੇਗ ਬਹਾਦਰ ਜੀ ਆਪਣੇ ਪੰਜ ਸਾਥੀਆਂ ਸਿੱਖਾਂ ਭਾਈ ਮਤੀ ਦਾਸ, ਸਤੀ ਦਾਸ, ਭਾਈ ਦਿਆਲਾ ਅਤੇ ਭਾਈ ਜੈਤਾ ਅਤੇ ਭਾਈ ਊਧਾ ਨੂੰ ਨਾਲ ਲੈ ਕੇ ਆਨੰਦਪੁਰ ਤੋਂ ਬਿਲਾਸਪੁਰ ਰਿਆਸਤ ਦੀ ਜੂਹ ਵਿਚੋਂ ਨਿਕਲ ਕੇ ਮੁਗ਼ਲ ਹਕੂਮਤ ਦੇ ਖੇਤਰ ਵਿਚ ਦਾਖਲ ਹੋਏ ਤਾਂ ਮਲਕਪੁਰ ਰੰਗੜਾਂ ਅਸਥਾਨ ਤੇ ਰੋਪੜ ਪੁਲਿਸ ਚੌਕੀ ਦੇ ਦਰੋਗੇ ਮਿਰਜ਼ਾ ਨੂਰ ਮੁਹੰਮਦ ਵੱਲੋਂ ਗੁਰੂ ਜੀ ਤੇ ਉਹਨਾਂ ਦੇ ਸਾਥੀਆਂ ਨੂੰ ਬੱਸੀ ਪਠਾਣਾ ਦੇ ਬੰਦੀਖਾਨੇ ਵਿਚ ਬੰਦ ਕਰਕੇ ਰੱਖ ਕੇ ਤਸੀਹੇ ਦਿੱਤੇ ਗਏ। ਉਸ ਉਪਰੰਤ ਗੁਰੂ ਜੀ ਨੂੰ ਦਿੱਲੀ ਲਿਜਾ ਕੇ ਕੋਤਵਾਲੀ ਵਿਚ ਬੰਦ ਕਰ ਦਿੱਤਾ ਗਿਆ ਤੇ ਉਸ ਤੋਂ ਕੁਝ ਦਿਨਾਂ ਉਪਰੰਤ ਹੀ ਉਹਨਾਂ ਨੂੰ ਸ਼ਹੀਦ ਕਰ ਦੇਣ ਦੇ ਹੁਕਮ ਜਾਰੀ ਹੋ ਗਏ। ਬਾਦਸ਼ਾਹ ਵੱਲੋਂ ਹੁਕਮ ਕੀਤਾ ਗਿਆ ਕਿ ਗੁਰੂ ਜੀ ਅੱਗੇ ਤਿੰਨ ਪੇਸ਼ਕਸ਼ਾਂ ਰੱਖੀਆਂ ਜਾਣਃ ਇਸਲਾਮ ਕਬੂਲ ਕਰੋ, ਕੋਈ ਕਰਾਮਾਤ ਦਿਖਾਓ ਜਾਂ ਮੌਤ ਕਬੂਲ ਕਰੋ।

ਗੁਰੂ ਜੀ ਨੇ ਨਾ ਇਸਲਾਮ ਕਬੂਲ ਕੀਤਾ ਤੇ ਨਾ ਹੀ ਕੋਈ ਕਰਾਮਾਤ ਦਿਖਾਈ ਕਿਉਂਕਿ ਕਰਾਮਾਤ ਨੂੰ ਉਹ ਪਰਮਾਤਮਾ ਦੇ ਹੁਕਮ ਦੇ ਵਿਰੁੱਧ ਮੰਨਦੇ ਸਨ। ਉਹਨਾਂ ਮੌਤ ਨੂੰ ਕਬੂਲ ਕੀਤਾ। ਗੁਰੂ ਜੀ ਨੂੰ ਡਰਾਉਣ, ਧਮਕਾਉਣ ਲਈ ਉਹਨਾਂ ਦੇ ਸਾਥੀ ਭਾਈ ਮਤੀ ਦਾਸ ਨੂੰ ਲੱਕੜਾਂ ਵਿਚ ਨਪੀੜ ਕੇ ਆਰੇ ਨਾਲ ਚੀਰ ਦਿੱਤਾ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅੱਗ ਲਾ ਕੇ ਸਾੜ ਦਿੱਤਾ ਗਿਆ ਅਤੇ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਪਾ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਜੀ ਸਭ ਕੁਝ ਦੇਖ ਕੇ ਵੀ ਅਡੋਲ ਰਹੇ। ਚਾਂਦਨੀ ਚੌਂਕ ਦੇ ਇਕ ਬਰੋਟੇ ਦੇ ਦਰਖਤ ਹੇਠ ਸਭ ਲੋਕਾਂ ਦੇ ਸਾਹਮਣੇ ਗਿਆਰਾਂ ਨਵੰਬਰ 1675 ਈਃ ਨੂੰ

ਗੁਰੂ ਜੀ ਦਾ ਸੀਸ ਧੱੜ ਨਾਲੋਂ ਅਲੱਗ ਕਰ ਦਿੱਤਾ ਗਿਆ। ਇਹ ਸ਼ਹਾਦਤ ਇਸਲਾਮੀ ਕਟੜਤਾ ਦੀ ਜ਼ੁਲਮ ਦੀ ਹੱਦ ਸੀ। ਗੁਰੂ ਜੀ ਨੇ ਨਿਹੱਥੇ ਕਸ਼ਮੀਰੀ ਪੰਡਿਤਾਂ ਅਤੇ ਸਮੁੱਚੀ ਭਾਰਤੀ ਜਨਤਾ ਦੀ ਧਾਰਮਿਕ ਅਜ਼ਾਦੀ ਤੇ ਉਹਨਾਂ ਦੇ ਇਨਸਾਨੀ ਹੱਕਾਂ ਦੀ ਰਾਖੀ ਲਈ ਆਪਾ ਵਾਰ ਦਿੱਤਾ ਪਰ ਸੀ ਨਹੀਂ ਕੀਤੀ। ਉਹਨਾਂ ਸਿਦਕ ਨਹੀਂ ਹਾਰਿਆ। ਡਾ: ਜਸਪਾਲ ਸਿੰਘ ਗੁਰੂ ਜੀ ਦੀ ਸ਼ਹਾਦਤ ਸੰਬੰਧੀ ਵਿਚਾਰ ਪ੍ਰਗਟਾਉਂਦੇ ਹਨ:

> ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਧਰਮਾਂ ਸਭਿਆਚਾਰ, ਸੁਤੰਤਰਤਾ ਅਤੇ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਦੀ ਸਦੀਵਤਾ ਦਾ ਇਕ ਅਜਿਹਾ ਕਰਿਸ਼ਮਾ ਹੈ ਜੋ ਇਤਿਹਾਸ ਵਿਚ ਹਮੇਸ਼ਾਂ ਸੁਨਿਹਰੇ ਅੱਖਰਾਂ ਵਿਚ ਲਿਖਿਆ ਰਹੇਗਾ।[86]

ਇਸ ਪ੍ਰਕਾਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਾ ਵਾਰਨ, ਹੱਕ ਅਤੇ ਸੱਚ ਲਈ ਲੜਨ ਦਾ ਦੂਜਾ ਨਾਂ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹਾਦਤ ਦੀ ਸਿੱਖ ਪਰੰਪਰਾ ਨੂੰ ਅੱਗੇ ਤੋਰਿਆ। ਉਹਨਾਂ ਦਾ ਸੰਤ ਸਿਪਾਹੀ ਦਾ ਰੂਪ ਇਸੇ ਸ਼ਹਾਦਤ ਦੇ ਸਿਧਾਂਤ ਵਿਚੋਂ ਹੀ ਪ੍ਰਗਟ ਹੁੰਦਾ ਹੈ। ਉਹਨਾਂ ਨੇ ਆਪਣੇ ਜੀਵਨ ਕਾਲ ਵਿਚ ਮਨੁੱਖਤਾ ਦੀ ਅਣਖ ਦੀ ਬਹਾਲ਼ੀ ਲਈ ਅਤੇ ਹੱਕ ਸੱਚ ਦੀ ਰਾਖੀ ਲਈ ਬਹੁਤ ਸਾਰੀਆਂ ਲੜਾਈਆਂ ਲੜੀਆਂ। ਉਹਨਾਂ ਦਾ ਸਮੁੱਚਾ ਜੀਵਨ ਹੀ ਮੁਗਲਾਂ ਦੀ ਧਾਰਮਿਕ ਤੇ ਰਾਜਸੀ ਕੱਟੜਤਾ ਦੀ ਨੀਤੀ ਦਾ ਵਿਰੋਧ ਕਰਨਾ ਅਤੇ ਪਹਾੜੀ ਰਾਜਿਆਂ ਨਾਲ ਯੁੱਧ ਕਰਨ ਵਿਚ ਬੀਤਿਆ। ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਅਧੋਗਤੀ ਦੇ ਮਹੌਲ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਨੂੰ ਗੁਲਾਮੀ ਭਰਿਆ ਜੀਵਨ ਜਿਊਣ ਦੀ ਥਾਂ ਸਵੈਮਾਣ ਨਾਲ ਅਤੇ ਅਣਖ ਭਰਪੁਰ ਜੀਵਨ ਜਿਊਣ ਦੀ ਪ੍ਰੇਰਣਾ ਦਿੱਤੀ। ਸ਼ਹਾਦਤ ਦੀ ਸਿੱਖ ਪਰੰਪਰਾ ਵਿਚ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਵੱਲੋਂ ਮੁੱਠੀ ਭਰ ਸਿਦਕੀ ਸਿੰਘਾਂ ਨਾਲ ਚਮਕੌਰ ਦੀ ਗੜ੍ਹੀ ਵਿਚ ਭਾਰੀ ਮੁਗਲੀਆ ਫੌਜ ਨਾਲ ਜਬਰਦਸਤ ਟਾਕਰਾ ਕਰਕੇ ਸ਼ਹੀਦੀ ਪ੍ਰਾਪਤ ਕਰਨ ਦਾ ਇਕ ਹੋਰ ਨਵਾਂ ਰਾਹ ਖੁਲ੍ਹਦਾ ਹੈ।

ਇਹਨਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੇ ਕੌਮ ਨੂੰ ਇਕ ਅਦੁੱਤੀ ਹਲੂਣਾ ਦਿੱਤਾ। ਉਹਨਾਂ ਨੇ ਗੁਰੂ ਸਾਹਿਬ ਦੇ ਬਚਨਾ ਨੂੰ ਸਤਿ ਕਰ ਦਿਖਾਇਆ ਅਤੇ ਸਾਬਤ ਕਰ ਦਿੱਤਾ ਕਿ ਗੁਰੂ ਦੇ ਸਿੱਖ ਹਲਾਤਾਂ ਨਾਲ ਜੂਝਣਾ ਜਾਣਦੇ ਹਨ।

ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ – (169●) ਸਿੱਖ ਸ਼ਹਾਦਤ ਪਰੰਪਰਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦਾ ਵਿਲੱਖਣ ਯੋਗਦਾਨ ਹੈ। ਗੁਰੂ ਗੋਬਿੰਦ ਸਿੰਘ ਜੀ 19–2● ਦਸੰਬਰ (17●8 ਈ:) ਨੂੰ ਅਨੰਦਪੁਰ ਦਾ ਕਿਲ੍ਹਾ ਛੱਡਦੇ ਹਨ। ਕਿਲ੍ਹਾ ਛੱਡਦੇ ਸਮੇਂ ਸਰਸਾ ਨਦੀ ਕਿਨਾਰੇ ਮੁਗ਼ਲਾਂ ਅਤੇ ਕਲਿਹੂਰ ਦੇ ਪਹਾੜੀ ਰਾਜੇ ਅਜਮੇਰ ਵੱਲੋਂ ਹਮਲਾ ਕਰ ਦਿੱਤਾ ਗਿਆ। ਸਾਹਿਬਜ਼ਾਦਾ ਅਜੀਤ ਸਿੰਘ ਨੇ ਸਿੰਘਾਂ ਦੀ ਅਗਵਾਈ ਕੀਤੀ ਅਤੇ ਸਰਸਾ ਨਦੀ ਪਾਰ ਕਰਦੇ ਹੋਏ ਚਮਕੌਰ ਦੀ ਗੜ੍ਹੀ ਵਿਖੇ ਪਹੁੰਚ ਗਏ। ਇਥੇ 4● ਸਿੰਘਾਂ ਨੇ ਦਸ ਲੱਖ ਫੋਜ ਦਾ ਡਟ ਕੇ ਟਾਕਰਾ ਕੀਤਾ। ਅਜੀਤ ਸਿੰਘ ਦਾ ਘੋੜਾ ਵੀ ਜਖਮੀ ਹੋ ਗਿਆ ਅਤੇ ਉਹ ਪੈਦਲ ਹੀ ਦੁਸ਼ਮਣਾਂ ਦਾ ਟਾਕਰਾ ਕਰਦੇ ਹੋਏ ਸ਼ਹੀਦ ਹੋ ਗਏ। ਇਸੇ ਤਰ੍ਹਾਂ ਹੀ ਜੁਝਾਰ ਸਿੰਘ ਵੀ ਮੈਦਾਨੇ ਜੰਗ ਵਿਚ ਮੁਗ਼ਲ ਫੌਜ਼ਾਂ ਦਾ ਟਾਕਰਾ ਕਰਕੇ ਤੇਗ ਦੇ ਜੌਹਰ ਵਿਖਾਉਂਦੇ ਹੋਏ, ਘਮਸਾਣ ਯੁੱਧ ਵਿਚ 7 ਦਸੰਬਰ 17●5 ਵਿਚ ਸ਼ਹੀਦ ਹੋਏ।

ਛੋਟੇ ਸਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਦੀ ਉਮਰ ਉਸ ਸਮੇਂ 5 ਤੇ 6 ਸਾਲ ਦੀ ਸੀ ਜਦ ਉਨ੍ਹਾਂ ਨੂੰ ਦੀਵਾਰ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਛੋਟੇ ਸਹਿਬਜ਼ਾਦਿਆਂ ਦੀ ਸ਼ਹਾਦਤ ਸੰਸਾਰ ਦੇ ਇਤਿਹਾਸ ਵਿਚ ਇਹੋ ਜਿਹੀ ਖਾਲਸਾਈ ਭਾਵਨਾ ਨੂੰ ਪ੍ਰਗਟ ਕਰਦੀ ਹੋਈ ਉਹ ਮਿਸਾਲ ਬਣਦੀ ਹੈ ਜੋ ਧਰਮ ਦੇ ਮਾਰਗ ਤੇ ਸ਼ਹੀਦੀ ਦੇ ਜਜ਼ਬੇ ਨੂੰ ਉਮਰ ਦੀ ਹੱਦ ਤੋਂ ਪਾਰ ਲੈ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜਿਨ੍ਹਾਂ ਦੀ ਉਮਰ 7 ਤੇ 9 ਸਾਲ ਦੀ ਸੀ ਆਨੰਦਪੁਰ ਦੇ ਹਮਲੇ ਦੌਰਾਨ ਗੁਰੂ ਜੀ ਨਾਲੋਂ ਵਿੱਛੜ ਗਏ। ਇਸ ਹਮਲੇ ਵਿਚ ਲਾਹੌਰ ਦੇ ਮੁਗ਼ਲ ਲਸ਼ਕਰ ਦੇ ਨਾਲ–ਨਾਲ ਸਰਹੰਦ ਦੀ ਫੋਜ ਨੇ ਵੀ ਗੁਰੂ ਜੀ ਤੇ ਹਮਲਾ ਕਰ ਦਿੱਤਾ। ਗੁਰੂ ਜੀ ਦਾ ਸਾਰਾ ਪਰਿਵਾਰ ਸਰਸਾ ਨਦੀ ਤੇ ਵਿੱਛੜ ਗਿਆ। ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ ਗੰਗੂ

ਰਸੋਈਏ ਨਾਲ ਉਸ ਦੇ ਪਿੰਡ ਖੇੜੀ ਚਲੇ ਗਏ। ਗੰਗੂ ਨੇ ਉਹਨਾਂ ਨੂੰ ਗਿਰਫ਼ਤਾਰ ਕਰਵਾ ਕੇ ਸਰਹੰਦ ਦੇ ਨਾਜ਼ਮ ਵਜ਼ੀਰ ਖਾਨ ਦੇ ਹਵਾਲੇ ਕਰ ਦਿੱਤਾ। ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕਰਕੇ ਧਰਮ ਤਬਦੀਲ ਕਰਨ ਲਈ ਕਿਹਾ ਗਿਆ। ਸਾਹਿਬਜ਼ਾਦਿਆਂ ਨੇ ਧਰਮ ਤਬਦੀਲ ਕਰਨ ਤੋਂ ਨਾਹ ਕਰ ਦਿੱਤੀ ਅਤੇ ਸ਼ਹੀਦੀ ਨੂੰ ਪਹਿਲ ਦਿੱਤੀ। ਸੁੱਚਾ ਨੰਦ ਦੀ ਸਲਾਹ ਅਨੁਸਾਰ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦੇਣ ਦੇ ਹੁਕਮ ਜਾਰੀ ਦਿੱਤੇ ਗਏ। ਇਹਨਾਂ ਹੁਕਮਾਂ ਦੇ ਵਿਰੁੱਧ ਸ਼ੇਰ ਮੁਹੰਮਦ ਖਾਨ ਮਲੇਰ ਕੋਟਲਾ ਨੇ ਹਾਅ ਦਾ ਨਾਹਰਾ ਮਾਰਿਆ ਪਰ 12 ਦਸੰਬਰ 17●5 ਈਂ ਨੂੰ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਪ੍ਰਚਲਿਤ ਧਾਰਨਾ ਤੋਂ ਅਲੱਗ ਰਤਨ ਸਿੰਘ ਭੰਗੂ ਦਾ ਵਿਚਾਰ ਹੈ:

ਸੁਨਿ ਨਿਬਾਬ ਯੋਂ ਸੁਖਨ ਉਚਾਰੇ।।

ਹੈਂ ਏ ਲਰਕੇ ਜ਼ਿਬਹ ਕਰਨੇ ਵਾਰੇ।।

ਜੋ ਇਹ ਹੋਹਿਂ ਨ ਮੁਸਲਮਾਨ।।

ਕਰੋ ਜਿਬਹ ਇਕ ਮਾਰੋ ਜਾਨ।।

ਇਤਕ ਕਹੀ ਜਬ ਦੁਸਟ ਸੁਨਿ।।

ਤੁਰਕ ਭਏ ਪਰਸਿੰਨ।।

ਫੜੈਂ ਘਸੀਟੈਂ ਹੋਣ ਤੈਂ ਆਯੋਂ ਉਨੈ ਕ ਤਰਸ ਮਨ।।

ਹੁਤੋਂ ਉਹਾਂ ਥੋਂ ਛੁਰਾ ਇਕ ਵਾਰੋ।।

ਦੈ ਗੋਡੇ ਹੇਠ ਕਰ ਜ਼ਿਬਾਹ ਡਾਰੋ।।

ਤੜਫ ਤੜਫ ਗਈ ਜਿੰਦ ਉਡਾਇ।।

ਇਮ ਸ਼ੀਰੇਖ਼ੋਰ ਦੁਇ ਦਏ ਕਤਲਾਇ।।[87]

ਰਤਨ ਸਿੰਘ ਭੰਗੂ ਦੇ ਇਸ ਵਿਚਾਰ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਿਬਾਹ ਕਰਕੇ ਸ਼ਹੀਦ ਕੀਤਾ ਗਿਆ। ਇਸ ਤਰ੍ਹਾਂ ਛੋਟੇ ਸਾਹਿਬਜ਼ਾਦਿਆਂ ਨੂੰ 12 ਦਸੰਬਰ 17●5 ਈ: ਨੂੰ ਸ਼ਹੀਦ ਦਾ ਕਰ ਦਿੱਤਾ ਗਿਅ।

ਸਿੱਖ ਸ਼ਹਾਦਤਾਂ ਦੇ ਇਤਿਹਾਸ ਵਿਚ ਮਾਝੇ ਦੇ ਉਹਨਾਂ 4● ਸਿੰਘਾਂ ਦਾ ਨਾਂ ਬੜੇ ਆਦਰ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ ਜੋ ਅਨੰਦਪੁਰ ਦੇ ਘੇਰੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਛੱਡ ਆਏ ਸਨ। ਉਹ ਆਪਣੇ ਹੱਥੀਂ ਗੁਰੂ ਜੀ ਨੂੰ ਬੇਦਾਵਾ ਲਿਖਕੇ ਮਹਾਂ ਸਿੰਘ ਦੇ ਹੱਥੀਂ ਗੁਰੂ ਜੀ ਨੂੰ ਫੜਾ ਆਏ ਸਨ। ਘਰ ਪਹੁੰਚਣ ਤੇ ਉਹਨਾਂ ਦੀਆਂ ਪਤਨੀਆਂ ਵੱਲੋਂ ਉਹਨਾਂ ਦਾ ਘੋਰ ਨਿਰਾਦਰ ਕੀਤਾ ਗਿਆ। ਉਹ ਫਿਰ ਗੁਰੂ ਜੀ ਦੀ ਸ਼ਰਨ ਵਿਚ ਆਏ ਅਤੇ ਖਿਦਰਾਣੇ ਦੀ ਢਾਬ (ਮੁਕਤਸਰ) ਪਹੁੰਚ ਗਏ ਅਤੇ ਮੁਗਲਾਂ ਦੀ ਫੌਜ ਨਾਲ ਯੁੱਧ ਕਰਦੇ ਹੋਏ ਸ਼ਹੀਦੀਆਂ ਪਾ ਗਏ। ਸਿੱਖ ਇਤਿਹਾਸ ਵਿਚ ਇਨ੍ਹਾਂ ਨੂੰ 4● ਮੁਕਤਿਆਂ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਇਸ ਪ੍ਰਕਾਰ ਸ਼ਹੀਦ, ਸ਼ਹੀਦੀ ਤੇ ਸ਼ਹਾਦਤ ਸਿੱਖ ਸਭਿਆਚਾਰ ਦਾ ਅਨਿੱਖੜ ਅੰਗ ਬਣ ਗਿਆ।

ਗਰੂ ਗੋਬਿੰਦ ਸਿੰਘ ਜੀ ਦੁਆਰਾ ਲੜੀ ਗਈ ਮੁਕਤਸਰ (ਖਿਦਰਾਣੇ ਦੀ ਢਾਬ) ਦੀ ਜੰਗ 14-15 ਜਨਵਰੀ 17●6 ਈ: ਨੂੰ ਲੜੀ ਗਈ। ਇਸ ਜੰਗ ਵਿਚ ਚਾਲ਼ੀ ਸਿੰਘ ਜੋ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ ਉਹਨਾਂ ਨੇ ਸ਼ਹੀਦੀਆਂ ਪਾਈਆਂ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਚਾਲੀ ਸਿੰਘ ਸ਼ਮੀਰ ਸਿੰਘ, ਸਰਜਾ ਸਿੰਘ, ਸਾਧੂ ਸਿੰਘ, ਸੁਹੇਲ ਸਿੰਘ, ਸੁਲਤਾਨ ਸਿੰਘ, ਸੋਭਾ ਸਿੰਘ, ਸੰਤ ਸਿੰਘ, ਹਰਸਾ ਸਿੰਘ, ਹਰੀ ਸਿੰਘ, ਕਰਨ ਸਿੰਘ, ਕਰਮ ਸਿੰਘ, ਕਾਲ੍ਹਾ ਸਿੰਘ, ਕੀਰਤ ਸਿੰਘ, ਕ੍ਰਿਪਾਲ ਸਿੰਘ, ਖੁਸ਼ਹਾਲ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਘਰਬਾਗ ਸਿੰਘ, ਚੰਬਾ ਸਿੰਘ, ਜਾਦੋ ਸਿੰਘ, ਜੋਗਾ ਸਿੰਘ, ਜੰਗ ਸਿੰਘ, ਦਿਆਲ ਸਿੰਘ, ਦਰਬਾਗ ਸਿੰਘ, ਦਿਲਬਾਗ ਸਿੰਘ, ਧਰਮ ਸਿੰਘ, ਧੰਨਾ ਸਿੰਘ, ਨਿਹਾਲ ਸਿੰਘ, ਨਿਧਾਨ ਸਿੰਘ, ਬੂੜ ਸਿੰਘ, ਭਾਗ ਸਿੰਘ, ਭੋਲਾ ਸਿੰਘ, ਭੰਗਾ ਸਿੰਘ, ਮਹਾਂ ਸਿੰਘ, ਮੱਜਾ ਸਿੰਘ, ਮਾਨ ਸਿੰਘ, ਮੈਲਾ ਸਿੰਘ, ਰਾਏ ਸਿੰਘ, ਕਰਸਵ ਸਿੰਘ।[97]

ਬੰਦਾ ਸਿੰਘ ਬਹਾਦਰ ਸਿੱਖ ਧਰਮ ਦੇ ਅਜਿਹੇ ਸੂਰਬੀਰ ਯੋਧੇ ਹੋਏ ਹਨ ਜਿਨ੍ਹਾਂ ਨੇ ਸਿੱਖ ਕੌਮ ਉੱਤੇ ਹੋਏ ਜ਼ੁਲਮਾਂ ਦਾ ਬਦਲਾ ਲਿਆ ਹੈ। ਉਹਨਾਂ ਨੇ ਛੋਟੇ ਸਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਵਜ਼ੀਰ ਖਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਹੋਰ ਜ਼ਾਲਮਾਂ ਨੂੰ ਵੀ ਪਾਪਾਂ ਦੀ ਸਜ਼ਾ ਦਿੱਤੀ। ਉਹਨਾਂ ਨੇ ਪੰਜਾਬ ਵਿਚ ਖਾਲਸਾ ਰਾਜ ਕਾਇਮ ਕੀਤਾ। ਬੰਦਾ ਸਿੰਘ ਬਹਾਦਰ ਨੇ ਗੁਰੂ ਜੀ ਦੇ ਨਾਮ ਦਾ ਸਿੱਕਾ ਵੀ ਚਲਾਇਆ। ਉਹ ਵੱਡੀਆਂ ਵੱਡੀਆਂ ਮੁਸੀਬਤਾਂ ਦਾ ਟਾਕਰਾ ਕਰਦੇ ਰਹੇ। ਦਿੱਲੀ ਦੇ ਬਾਦਸ਼ਾਹ ਫਰੁੱਖਸੀਅਰ ਨੇ ਸਿੱਖਾਂ ਦੀ ਦਿਨੋ-ਦਿਨ ਵੱਧ ਰਹੀ ਤਾਕਤ ਨੂੰ ਵੇਖ ਕੇ ਗੁੱਸਾ ਖਾਧਾ। ਉਸ ਨੇ ਬੰਦਾ ਸਿੰਘ ਬਹਾਦਰ ਨੂੰ ਫੜਨ ਲਈ ਭਾਰੀ ਗਿਣਤੀ ਵਿਚ ਫੌਜ ਭੇਜੀ। 'ਗੁਰਦਾਸ ਨੰਗਲ' ਦੀ ਗੜ੍ਹੀ ਵਿਚ ਟਾਕਰਾ ਕਰਦਿਆਂ 17 ਦਸਬੰਰ 1715 ਈਃ ਮੁਗਲ ਫੌਜ ਨੇ ਗੜ੍ਹੀ ਤੇ ਕਬਜ਼ਾ ਕਰ ਲਿਆ ਅਤੇ ਬੰਦਾ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ। 2● ਫਰਵਰੀ 1716 ਈਃ ਨੂੰ ਉਹਨਾਂ ਨੂੰ ਦਿੱਲੀ ਲਿਆਂਦਾ ਗਿਆ ਅਤੇ ਮੁਸਲਮਾਨ ਧਰਮ ਅਪਣਾਉਣ ਲਈ ਕਿਹਾ ਪਰ ਬੰਦਾ ਜੀ ਨੇ ਸਿਦਕ ਨਹੀਂ ਹਾਰਿਆ। ਉਹਨਾਂ ਨੂੰ ਅਨੇਕਾਂ ਤਸੀਹੇ ਦਿੱਤੇ ਗਏ, ਗਰਮ ਜੰਬੂਰਾਂ ਨਾਲ ਸਾਰੇ ਸਰੀਰ ਦਾ ਮਾਸ ਨੋਚਿਆ ਗਿਅ। ਉਹਨਾਂ ਦੇ ਪੁੱਤਰ ਦਾ ਕਾਲਜਾ ਕੱਢ ਕੇ ਮੂੰਹ ਵਿਚ ਪਾਇਆ ਗਿਆ ਪਰ ਬੰਦਾ ਬਹਾਦਰ ਜੀ ਅਡੋਲ ਰਹੇ। ਅੰਤ 8 ਜੂਨ 1716 ਈਃ ਨੂੰ ਤਲਵਾਰ ਮਾਰ ਕੇ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ ਗਿਆ। ਇਸ ਤਰ੍ਹਾਂ ਬੰਦਾ ਜੀ ਸ਼ਾਂਤੀ ਨਾਲ ਤਸੀਹੇ ਬਰਦਾਸ਼ਤ ਕਰਦੇ ਸ਼ਹੀਦੀ ਪ੍ਰਾਪਤ ਕਰ ਗਏ।

ਇਸ ਪ੍ਰਕਾਰ ਬੰਦਾ ਸਿੰਘ ਬਹਾਦਰ ਜੀ ਤੋਂ ਪਿਛੋਂ ਆਮ ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀਣਾ ਅਤੇ ਸਿੱਖੀ ਸਿਦਕ ਤੋਂ ਨਾ ਹਾਰਨਾ ਪ੍ਰਵਾਨ ਕਰ ਲਿਆ। ਹੋਰ ਸਿੰਘ ਸ਼ਹੀਦਾਂ ਵਿਚ ਤਾਰਾ ਸਿੰਘ, ਭਾਈ ਮਨੀ ਸਿੰਘ ਜਿਨ੍ਹਾਂ ਦੇ ਸਰੀਰ ਦੇ ਟੋਟੇ-ਟੋਟੇ ਕਰਕੇ ਸ਼ਹੀਦ ਕੀਤਾ ਗਿਆ। ਭਾਈ ਬੋਤਾ ਸਿੰਘ, ਗਰਜਾ ਸਿੰਘ, ਸ਼ਹੀਦ ਸੁਬੇਰਾ ਸਿੰਘ, ਸ਼ਹਿਬਾਜ ਸਿੰਘ, ਹਕੀਕਤ ਰਾਏ ਆਦਿ ਸਿੰਘ ਸ਼ਹੀਦ ਹਨ।

ਮੀਰ ਮੰਨੂ-ਮੀਰ-ਮਈਊਨ -ਉਲ ਮਲਕ, ਸਮਦ ਖਾਨ ਦਾ ਦੂਜਾ ਪੋਤਰਾ ਹਾਕਮ ਬਣਿਆ ਤਾਂ ਉਸ ਨੇ ਸਿੱਖਾਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ। ਰਾਮ ਰੋਣੀ ਦੇ ਕਿਲੇ ਉਤੇ ਹਮਲਾ

ਕਰਕੇ ਉਸ ਨੂੰ ਢਹਿ-ਢੇਰੀ ਕਰ ਦਿੱਤਾ। ਸਿੱਖਾਂ ਦੀਆਂ ਦਾਹੜੀਆਂ ਅਤੇ ਵਾਲ ਜ਼ਬਰਦਸਤੀ ਕੱਟਵਾ ਦਿੱਤੇ ਜਾਂਦੇ ਸਨ। ਹਜ਼ਾਰਾਂ ਸਿੱਖਾਂ ਨੂੰ ਲਾਹੌਰ ਦੇ ਦਿੱਲੀ ਗੇਟ ਦੇ ਨੇੜੇ ਸ਼ਹੀਦ ਗੰਜ ਵਾਲੀ ਥਾਂ ਤੇ ਸ਼ਹੀਦ ਕਰ ਦਿੱਤਾ ਗਿਆ। ਲਾਹੌਰ ਵਿਚ ਮੁੱਖ ਕਤਲਗਾਹ ਵਿਚ ਮੀਰ ਮੰਨੂ ਦੇ ਸਾਹਮਣੇ ਔਰਤਾਂ ਅਤੇ ਬੱਚਿਆਂ ਉਪਰ ਤਸ਼ੱਦਦ ਕਰਕੇ ਸ਼ਹੀਦ ਕਰ ਕੇ ਨੇਜਿਆਂ ਉੱਪਰ ਟੰਗਿਆ ਗਿਆ। ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ। ਅਜਿਹੇ ਅਣਮਨੁੱਖੀ ਤਸੀਹਿਆਂ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ।

ਸਿਦਕ ਨਾ ਹਾਰਨ ਵਾਲੇ ਅਤੇ ਧਰਮ ਯੁੱਧ ਵਿਚ ਸ਼ਹੀਦੀਆਂ ਦੇਣ ਵਾਲਿਆਂ ਵਿਚੋਂ ਭਾਈ ਤਾਰਾ ਸਿੰਘ, ਭਾਈ ਬੋਤਾ ਸਿੰਘ, ਭਾਈ ਗਰਜਾ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਸੁੱਖਾ ਸਿੰਘ, ਭਾਈ ਸੁਬੇਗ ਸਿੰਘ, ਭਾਈ ਸ਼ਹਿਬਾਜ ਸਿੰਘ, ਭਾਈ ਦਿਆਲ ਸਿੰਘ, ਬਾਬਾ ਗੁਰਬਖਸ਼ ਸਿੰਘ, ਭਾਈ ਹਾਰੂ ਸਿੰਘ, ਬਾਬਾ ਦੀਪ ਸਿੰਘ ਅਜਿਹੇ ਸੂਰਮੇ ਹੋਏ ਹਨ ਜਿਨ੍ਹਾਂ ਨੇ ਸਿੱਖ ਕੌਮ ਲਈ ਸ਼ਹੀਦੀ ਪ੍ਰਾਪਤ ਕੀਤੀ। ਸਿੱਖ ਧਰਮ ਵਿਚ ਸ਼ਹੀਦੀ ਦੀ ਮਹਿਮਾ ਅਰਦਾਸ ਤੋਂ ਵੀ ਪ੍ਰਗਟ ਹੋ ਜਾਂਦੀ ਹੈ। ਅਰਦਾਸ ਦਾ ਮੁਕਾਮ ਸਰਬੱਤ ਦਾ ਭਲਾ ਹੈ। ਇਸ ਸਿਧਾਂਤ ਤੋਂ ਸਿੱਖ ਧਰਮ ਕਦੇ ਵੱਖ ਨਹੀਂ ਹੋ ਸਕਦਾ। ਇਹਨਾਂ ਸਿੱਖੀ ਸਿਧਾਂਤਾਂ ਦੀ ਸਥਾਪਤੀ ਲਈ ਹੀ ਸਿੱਖਾਂ ਨੇ ਕੁਰਬਾਨੀਆਂ ਕੀਤੀਆਂ ਜਿਨ੍ਹਾਂ ਦਾ ਜ਼ਿਕਰ ਅਰਦਾਸ ਵਿਚ ਆਉਂਦਾ ਹੈ। ਪੰਜਾ ਪਿਆਰਿਆਂ, ਚੌਹਾਂ ਸਹਿਬਜ਼ਾਦਿਆਂ, ਚਾਲੀ ਮੁਕਤਿਆਂ, ਹਠੀਆਂ, ਜਪੀਆਂ, ਤੱਪੀਆਂ ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿਠ ਕੀਤਾ, ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ ਬੰਦ, ਬੰਦ ਕਟਾਏ, ਖੋਪਰੀਆਂ ਕੁਹਾਈਆਂ, ਚਰਖੜੀਆਂ ਤੇ ਚੜ੍ਹੇ, ਤਨ ਆਰਿਆਂ ਨਾਲ ਚਰਾਏ, ਸਿੱਖੀ ਕੇਸਾਂ, ਸਵਾਸਾਂ ਨਾਲ ਨਿਭਾਈ ਆਦਿ।

ਅਰਦਾਸ ਸਿੱਖਾਂ ਦੀਆਂ ਸ਼ਹੀਦੀਆਂ ਦਾ ਇਕ ਪ੍ਰਮਾਣਕ ਦਸਤਾਵੇਜ਼ ਹੈ ਜਿਸ ਨਾਲ ਸੰਗਤ ਦੇ ਦਿਲ ਵਿਚ ਗੁਰੂ ਸਹਿਬਾਨ, ਵੱਡੇ ਤੋਂ ਛੋਟੇ ਸਹਿਬਜ਼ਾਦਿਆਂ, ਪੰਜਾਂ ਪਿਆਰਿਆਂ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਨਨਕਾਣਾ ਸਾਹਿਬ, ਗੁਰੂ ਕੇ ਬਾਗ, ਪੰਜਾ ਸਾਹਿਬ ਦੇ ਸ਼ਹੀਦਾਂ ਦਾ ਜਿਨ੍ਹਾਂ ਵਿਚ ਮਾਈਆਂ, ਬੀਬੀਆਂ ਨੇ ਮੀਰ ਮੰਨੂ ਦੀ ਜੇਲ੍ਹ ਵਿਚ ਸਵਾ ਸਵਾ ਮਣ

ਪੀਸਣੇ ਪੀਸੇ ਅਤੇ ਆਪਣੇ ਬੱਚਿਆਂ ਦੇ ਟੋਟਿਆਂ ਦੇ ਹਾਰ ਗਲਾਂ ਵਿਚ ਪਵਾਏ ਪਰ ਧਰਮ ਨਹੀਂ ਛੱਡਿਆ ਦਾ ਵਰਨਣ ਆਉਂਦਾ ਹੈ। ਅਰਦਾਸ ਵਿਚ ਪੇਸ਼ ਕੀਤੀਆਂ ਸ਼ਹੀਦੀਆਂ ਸਰੋਤਿਆਂ ਦੇ ਮਨਾਂ ਵਿਚ ਉਤਸ਼ਾਹ ਭਰਦੀਆਂ ਹਨ ਅਤੇ ਉਹਨਾਂ ਨੂੰ ਸਵੈਮਾਣ ਅਤੇ ਸਨਮਾਨ ਨਾਲ ਜੀਵਨ ਸੇਧ ਦਿੰਦੀਆਂ ਹਨ। ਅਰਦਾਸ ਸਾਰੀ ਮਨੁੱਖਤਾ ਦੇ ਮਨ ਵਿਚ ਧਰਮ, ਅਣਖ, ਸਵੈਮਾਣ ਅਤੇ ਕੌਮ ਦੀ ਰਾਖੀ ਲਈ ਜੂਝਣ ਦਾ ਚਾਅ ਪੈਦਾ ਕਰਦੀ ਹੈ। ਇਸ ਪ੍ਰਕਾਰ ਅਰਦਾਸ ਸਿੱਖ ਆਦਰਸ਼, ਸਿੱਖ ਸਿਧਾਂਤ ਅਤੇ ਸਿੱਖ ਸੰਕਲਪ ਨੂੰ ਤੇ ਸਿੱਖ ਇਤਿਹਾਸ ਨੂੰ ਪੇਸ਼ ਕਰਦੀ ਹੈ। ਸ਼ਹਾਦਤ ਪਰੰਪਰਾ ਸਿੱਖ ਕੌਮ ਦਾ ਸਰਮਾਇਆ ਹੈ। ਗੁਰੂ ਸਹਿਬਾਨ ਅਤੇ ਸਿੱਖ ਸ਼ਹੀਦਾਂ ਨੇ ਸਰਬੱਤ ਦੇ ਭਲੇ ਲਈ ਜੋ ਸ਼ਹਾਦਤਾਂ ਦਿੱਤੀਆਂ ਉਹਨਾਂ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਹੋਰ ਕਿਤੇ ਨਹੀਂ ਮਿਲਦੀ।

### 2.3 ਸਿੱਖ ਸ਼ਹਾਦਤ ਪਰੰਪਰਾ: ਤੁਲਨਾਤਮਕ ਪਰਿਪੇਖ

ਸੰਸਾਰ ਦੇ ਵੱਖ ਵੱਖ ਧਰਮਾਂ ਵਿਚ ਸਮੇਂ ਸਮੇਂ ਸ਼ਹਾਦਤਾਂ ਹੁੰਦੀਆਂ ਰਹੀਆਂ ਹਨ। ਹਰ ਧਰਮ ਵਿਚ ਪੈਰੋਕਾਰਾਂ ਨੇ, ਸ਼ਰਧਾਲੂਆਂ ਨੇ, ਅਨੁਆਈਆਂ ਨੇ, ਆਪਣੇ ਆਪਣੇ ਅਕੀਦੇ ਅਨੁਸਾਰ ਸ਼ਹਾਦਤਾਂ ਦਿੱਤੀਆਂ ਹਨ ਜਿਸ ਨਾਲ ਵਿਸ਼ਵ ਧਾਰਮਿਕ ਪਰਿਪੇਖ ਵਿਚ ਸ਼ਹਾਦਤ ਪਰੰਪਰਾ ਕਾਇਮ ਹੋਈ ਹੈ। ਹਰ ਧਰਮ ਵਿਚ ਸ਼ਹਾਦਤ ਪਰੰਪਰਾ ਦਾ ਵੱਖਰਾ ਸਰੂਪ ਹੈ। ਸਿੱਖ ਸ਼ਹਾਦਤ ਪਰੰਪਰਾ ਨੂੰ ਹੋਰਨਾਂ ਧਰਮਾਂ ਦੇ ਤੁਲਨਾਤਮਕ ਪਰਿਪੇਖ ਵਿਚ ਰੱਖ ਕੇ ਵਿਚਾਰਿਆਂ ਇਸ ਪਰੰਪਰਾ ਦੀ ਵੱਖਰੀ ਪਹਿਚਾਣ ਇਸ ਦਾ ਵਿਲੱਖਣ ਸਰੂਪ ਅਤੇ ਯੋਗਦਾਨ ਦੀ ਨਿਸ਼ਾਨਦੇਹੀ ਹੁੰਦੀ ਹੈ। ਸੋ ਯਹੂਦੀ ਧਰਮ, ਇਸਾਈ ਧਰਮ, ਹਿੰਦੂ ਧਰਮ ਅਤੇ ਇਸਲਾਮ ਧਰਮ ਆਦਿ ਦੇ ਪਰਿਪੇਖ ਵਿਚ ਰੱਖ ਕੇ ਹੁਣ ਸਿੱਖ ਸ਼ਹਾਦਤ ਪਰੰਪਰਾ ਦੀ ਵਿਲੱਖਣਤਾ ਉੱਪਰ ਵਿਚਾਰ ਕੀਤੀ ਜਾਏਗੀ।

ਯਹੂਦੀ ਧਰਮ ਦੁਨੀਆਂ ਦਾ ਸਭ ਤੋਂ ਪੁਰਾਤਨ ਧਰਮ ਹੈ। ਇਸ ਧਰਮ ਵਿਚ ਸ਼ਹਾਦਤਾਂ ਹੋਈਆਂ ਹਨ, ਪਰ ਇਹ ਸ਼ਹਾਦਤਾਂ ਸਿਰਫ਼ ਆਪਣੀ ਕੌਮ ਦੇ ਉਥਾਨ ਦਾ ਹਿੱਸਾ ਬਣੀਆਂ ਹਨ। ਯਹੂਦੀ ਧਰਮ ਵਿਚ ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਪਰਮਾਤਮਾ ਨੇ ਉਹਨਾਂ ਦੀ ਕੌਮ ਨੂੰ

ਹੀ ਸਭ ਤੋਂ ਪਹਿਲਾਂ ਚੁਣਿਆ ਹੈ ਅਤੇ ਉਹ ਪਰਮਾਤਮਾ ਦੇ ਚੁਣੇ ਹੋਏ ਲੋਕ ਹਨ। ਇਹ ਵਿਸ਼ਵਾਸ ਦੁਨੀਆਂ ਦੇ ਧਰਮਾਂ ਵਿਚ ਉੱਚਤਾ ਸਥਾਪਿਤ ਕਰਦਾ ਹੋਇਆ ਆਪਣੀ ਹਉਮੈ ਦਾ ਪ੍ਰਗਟਾਵਾ ਬਣਦਾ ਹੈ। ਇਸ ਪ੍ਰਸੰਗ ਵਿਚ ਡਾ. ਸਰਬਜਿੰਦਰ ਸਿੰਘ ਦਾ ਵਿਚਾਰ ਹੈ:

> ਯਹੂਦੀ ਧਰਮ ਦੀ ਸ਼ਹਾਦਤ ਆਪਣੇ ਧਰਮ ਅਤੇ ਆਪਣੇ ਧਰਮ ਦੇ ਲੋਕਾਂ ਤੱਕ ਸੀਮਤ ਸੀ ਦੂਜੇ ਧਰਮਾਂ ਦੇ ਲੋਕਾਂ ਨੂੰ ਯਹੂਦੀ ਖੁਦ ਵੀ ਨਫ਼ਰਤ ਨਾਲ ਵੇਖਦੇ ਸਨ।"[88]

ਇਸ ਪ੍ਰਕਾਰ ਯਹੂਦੀ ਧਰਮ ਵਿਚ ਸ਼ਹਾਦਤ ਦਾ ਪ੍ਰਸੰਗ ਕੇਵਲ ਆਪਣੇ ਧਰਮ ਤੱਕ ਸੀਮਤ ਹੈ, ਭਾਵੇਂ ਯਹੂਦੀਆਂ ਨੇ ਸ਼ਹਾਦਤਾਂ ਨੂੰ ਆਪਣੀ ਕੌਮ ਦਾ ਅਨਿੱਖੜ ਹਿੱਸਾ ਮੰਨਿਆ ਅਤੇ ਇਹਨਾਂ ਨੂੰ ਹੰਡਾਇਆ ਵੀ ਹੈ, ਪਰ ਫਿਰ ਵੀ ਸ਼ਹਾਦਤ ਦਾ ਇਹ ਕਰਮ ਦੈਵੀ ਕਰਮ ਦਾ ਸਰੂਪ ਨਹੀਂ ਧਾਰ ਸਕਿਆ। ਯਹੂਦੀ ਕੌਮ ਸ਼ਹਾਦਤਾਂ ਦੀਆਂ ਅਨੇਕ ਘਟਨਾਵਾਂ ਆਪਣੇ ਉਪਰ ਹੰਢਾਉਂਦੀ ਹੈ, ਪਰ ਇਹ ਘਟਨਾਵਾਂ ਉਹਨਾਂ ਦੀ ਨਜ਼ਰ ਦੇ ਪਾਰ ਦੈਵੀ ਕਰਮ ਦਾ ਰੂਪ ਨਾ ਧਾਰਨ ਕਰ ਸਕੀਆਂ, ਜਿਸ ਨਾਲ ਉਹ ਆਪਣੇ ਆਪ ਨੂੰ ਧੁਰ ਨਾਲ ਕੇਂਦ੍ਰਿਤ ਕਰ ਸਕਦੇ। ਸ਼ਹਾਦਤ ਦਾ ਇਹ ਸਫ਼ਰ ਇਲਾਹੀ ਨਦਰ ਦੇ ਪੈਂਡੇ ਤਾਂ ਤਹਿ ਕਰਦਾ ਹੈ, ਪਰ ਪੈਂਡੇ ਮੰਜ਼ਿਲ ਨਾਲ ਅਭੇਦ ਨਹੀਂ ਹੁੰਦੇ।[89]

ਯਹੂਦੀ ਧਰਮ ਵਿਚ ਵੱਖ ਵੱਖ ਸਮੇਂ ਧਰਮ ਦੀ ਖਾਤਰ ਸ਼ਹਾਦਤਾਂ ਹੋਈਆਂ ਹਨ। ਇਹ ਸ਼ਹਾਦਤ ਪਰੰਪਰਾ ਮਹਾਂਪੂਰਵਜ ਕਾਲ ਤੋਂ ਸ਼ੁਰੂ ਹੋ ਜਾਂਦੀ ਹੈ। ਇਹ ਮਹਾਂਪੂਰਵਜ ਕਾਲ ਅਬਰਾਹਮ, ਇਸਹਾਕ ਅਤੇ ਯਾਕੂਬ ਦੇ ਨਾਂ ਤੋਂ ਸ਼ੁਰੂ ਹੁੰਦਾ ਹੈ। ਇਸਹਾਕ ਦੀ ਕੁਰਬਾਨੀ ਤੋਂ ਅਰੰਭ ਹੁੰਦਾ ਸ਼ਹਾਦਤਾਂ ਦਾ ਸਫ਼ਰ ਪਰਸ਼ੀਅਨ ਕਾਲ 333 BCE ਤੋਂ 539 BCE Hellenistic ਕਾਲ 164 ਤੋਂ 333 BC Ptolemaic ਕਾਲ 2●● ਤੋਂ 3●1 BC Seleucid ਕਾਲ 164 ਤੋਂ 2●● BC Hesmonean ਕਾਲ 63 ਤੋਂ 164 BC ਅਤੇ ਰੋਮਨ ਕਾਲ 63 ਤੋਂ 7● CE ਕਾਲ ਤੱਕ ਚਲਦੀਆਂ ਹਨ । ਯਹੂਦੀ ਧਰਮ ਵਿਚ ਬਹੁਤ ਸਾਰੀਆਂ ਸ਼ਹਾਦਤਾਂ, ਧਰਮ ਪਰਿਵਰਤਨ ਲਈ ਦਬਾਅ ਪਾਏ ਜਾਣ ਕਾਰਨ ਹੋਈਆਂ । ਇਹਨਾਂ ਸ਼ਹੀਦਾਂ ਵਿਚ ਅਬ੍ਰਾਹਮ

ਬਿਨ ਅਬ੍ਰਾਹਮ 23 ਮਈ 1749, ਅਬ੍ਰਾਹਮ ਆਫ ਆਗਸਬਰਗ 21 ਨਵੰਬਰ। 1265, ਰਬੀ ਅਕੀਵਾ 135 CE, ਐਮਨਨ ਆਫ ਮੇਨਜ਼ 11ਵੀਂ ਸਦੀ, ਮਾਰਡੇਚਈ ਐਨੀਲੀਵੈਜ਼ 1943, ਨਿਕੋਲਸ ਐਨਟੋਨੀ 2● ਅਪ੍ਰੈਲ 1632, ਅਲੇਜ਼ਰ ਜੈਡ ਮੇਕਾਬੀਸ 124 ਜੈਕੋਬ ਆਫ ਓਰਲਰਲੀ 3 ਸਤੰਬਰ 1189 BC, ਜਸ਼ਬੈਗ ਆਫ ਸਕ੍ਰਾਇਬ ਸੈਕੰਡ ਸੈਨਚੁਰੀ ਇਨ ਟੈਨ ਮਾਰਟਰੀਅਰ, ਟਾਮ ਟਾਵ ਆਫ ਜੋਆਏਗਨੀ 16 ਮਾਰਚ 119●, ਜੋਸਫਬਿਨ ਸ਼ੇਮ ਟਾਵ 148●, ਫਰਾਨਸਿਸਕੋ ਮੈਨਲਡੋਨਾਡੋ ਡਸਿਲਵਾ 1659 ਲੀਮਾ ਪੇਰੁ, ਮੀਨਾ ਆਫ ਵਾਰਨਮਾ 1●96, ਸੋਲੋਮਨ ਮਾਲਕੋ 13 ਦਿਸੰਬਰ 1532, ਕਾਰਨੇਲੀਓ ਡਾਮੋਨਟਾਲਕੀਨਾ 1554, ਮਾਰਡੇਚੇਈ ਬਿਨਏ ਹੈਲੀ 1 ਅਗਸਤ 1928, ਸੇਮੋਨ ਬਿਨ ਪੀਚ ਆਸਟਰੋਪਾਲੀ 15 ਜੁਲਾਈ 1684।[9●] ਇਹਨਾਂ ਸ਼ਹੀਦਾਂ ਤੋਂ ਇਲਾਵਾ ਦਸ ਸ਼ਹੀਦਾਂ ਦਾ ਵੀ ਯਹੂਦੀ ਧਰਮ ਦੇ ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਜਿਹਨਾਂ ਨੂੰ ਮਿਸ਼ਨਾਹ ਦੇ ਸਮੇਂ ਰੋਮਨਾ ਦੁਆਰਾ ਸ਼ਹੀਦ ਕੀਤਾ ਗਿਆ। ਇਹਨਾਂ ਦਸ ਸ਼ਹੀਦਾਂ ਵਿਚ Shimon ben Gamliel 10 BCE ਤੋਂ 7● CE, Rabbi Akiva 50 ਤੋਂ 135 CE, Rabbi Haninah ben Teradion ਦੂਸਰੀ ਸਦੀ, Rabbi Hutzpit the Interpreter 3rd Generation of Tannain ਅਤੇ ਉਹਨਾਂ ਦੇ ਨਾਲ ਹੋਰ ਸ਼ਹੀਦ ਹੋਏ ਜਿਨ੍ਹਾਂ ਵਿਚ Rabbi Hanina ben Hakinai, Rabbi Judha ben Dama, Yeshivav the scribe, Rabbi Judha ben bava ਦੀਆਂ ਵੀ ਸ਼ਹਾਦਤਾਂ ਹੋਈਆਂ ਹਨ।[91]

ਇਸ ਪ੍ਰਕਾਰ ਯਹੂਦੀ ਧਰਮ ਵਿਚ ਸ਼ਹਾਦਤ ਦਾ ਸਫ਼ਰ ਪਾਰ ਦੈਵੀ ਨਾ ਬਣ ਕੇ ਸਿਰਫ ਆਪਣੀ ਕੌਮ ਦੀ ਉਸਾਰੀ ਅਤੇ ਆਪਣੀ ਕੌਮ ਦੇ ਭਲੇ ਤੱਕ ਹੀ ਸੀਮਤ ਰਹਿੰਦਾ ਹੈ।

**ਇਸਾਈ ਧਰਮ**:-ਇਸਾਈ ਧਰਮ ਯਹੂਦੀ ਧਰਮ ਵਿਚੋਂ ਹੀ ਉਪਜਿਆ ਧਰਮ ਹੈ ਜਿਸ ਵਿਚ ਧਰਮ ਲਈ ਜਾਨ ਦੇਣ ਵਾਲਿਆਂ ਨੂੰ ਪੈਗੰਬਰ ਦੇ ਨੇੜੇ ਦਾ ਦਰਜਾ ਮਿਲਦਾ ਹੈ। ਇਹ ਵਿਸ਼ਵਾਸ਼ ਪਾਇਆ ਜਾਂਦਾ ਹੈ ਕਿ ਸ਼ਹੀਦ ਨੂੰ ਸਵਰਗ ਦੀਆਂ ਸਾਰੀਆਂ ਖੁਸ਼ੀਆਂ ਮਿਲਦੀਆਂ ਹਨ ਜਦ ਕਿ ਬਾਕੀ ਧਰਮੀ ਪੁਰਖਾਂ ਨੂੰ ਕਿਆਮਤ ਦੇ ਦਿਨ ਤੱਕ ਉਡੀਕ ਕਰਨ ਪੈਂਦੀ ਹੈ। ਇਸੇ ਵਿਸ਼ਵਾਸ਼ ਨੇ ਇਸਾਈ ਧਰਮ ਵਿਚ ਸ਼ਹਾਦਤਾਂ ਲਈ ਬਲ ਪੈਦਾ ਕੀਤਾ। ਡਾ. ਸਰਬਜਿੰਦਰ ਸਿੰਘ ਦੇ ਵਿਚਾਰਾਂ

ਅਨੁਸਾਰ ਈਸਾ ਮਸੀਹ ਦੀ ਸ਼ਹਾਦਤ ਅਜਿਹਾ ਸੱਚ ਹੈ ਜਿਸ ਰਾਹੀਂ ਇਸ ਧਰਮ ਦੇ ਰਹਿਮ ਅਤੇ ਸੁਹਜ ਦੀ ਮੋਲਿਕ ਸੁਖ਼ਮਤਾ ਉਜਾਗਰ ਹੁੰਦੀ ਹੈ ਪਰ ਸਿਰਫ਼ ਆਪਣੇ ਧਰਮ ਅਤੇ ਸੱਚ ਤਕ ਹੀ ਸੀਮਤ ਰਹਿੰਦੀ ਹੈ। ਇਸ ਧਰਮ ਵਿਚ ਸ਼ਹਾਦਤ ਸਿਰਫ਼ ਪੈਗੰਬਰੀ ਹੈ ਮੁਰੀਦੀ ਨਹੀਂ ਬਣਦੀ ਅਤੇ ਨਾ ਹੀ ਮੁਰੀਦ ਦਾ ਆਦਰਸ਼ ਬਣਦੀ ਹੈ। ਇਹ ਆਦਰਸ਼ ਹਰ ਇਸਾਈ ਦੇ ਕਿਰਦਾਰ ਵਿਚੋਂ ਵੀ ਨਹੀਂ ਝਲਕਦਾ। ਸ਼ਹਾਦਤ ਦੇ ਇਸ ਅਮਲ ਨੇ ਦਰਸ਼ਨ ਅਤੇ ਕਰਮਕਾਂਡ ਦੀ ਕਠੋਰਤਾ ਸਾਹਮਣੇ ਈਸਾਈਅਤ ਦੇ ਰਹਿਮ ਅਤੇ ਸੁਹਜ ਦੀ ਮੌਲਿਕ ਸੂਖਮਤਾ ਨੂੰ ਭਾਵੇਂ ਉਜਾਗਰ ਕੀਤਾ ਹੈ ਪਰ ਇਸ ਦੀਆਂ 'ਪਰਤਾਂ' ਹਰ ਇਸਾਈ ਦੇ ਕਿਰਦਾਰ ਵਿਚੋਂ ਨਹੀਂ ਨਿਹਾਰੀਆਂ ਜਾ ਸਕਦੀਆਂ ਜਿਵੇਂ ਸਿੱਖ ਧਰਮ ਵਿਚ ਸ਼ਹਾਦਤ ਦੇ ਸੰਕਲਪ ਦੀਆਂ ਪਰਤਾਂ ਖਾਲਸੇ ਦੇ ਬਦੇਹ ਹੋ ਕੇ ਵਿਚਰਨ ਦੇ ਅਮਲ ਵਿਚੋਂ ਉਜਾਗਰ ਹੁੰਦੀਆਂ ਹਨ। ਪੈਗੰਬਰੀ ਆਦਰਸ਼ ਮੁਰੀਦ ਆਦਰਸ਼ ਨਹੀਂ ਬਣਦਾ। ਜਿਵੇਂ ਪੰਜ ਪਿਆਰੇ ਗੁਰੂ ਦੇ ਆਦਰਸ਼ ਨੂੰ ਅਸਲ ਵਿਚ ਹੰਢਾਉਂਦੇ ਹੋਏ ਗੁਰੂ ਤੇ ਚੇਲੇ ਦੇ ਸਬੰਧਾਂ ਨੂੰ ਅਭੇਦ ਕਰ ਦਿੰਦੇ ਹਨ।

ਇਸ ਪ੍ਰਕਾਰ ਇਸਾਈ ਧਰਮ ਵਿਚ ਸ਼ਹਾਦਤ ਪਰੰਪਰਾ ਦਾ ਸੰਕਲਪ ਆਪਣੇ ਧਰਮ ਤੱਕ ਹੀ ਸੀਮਤ ਰਹਿੰਦਾ ਹੈ ਨਾ ਕਿ ਸਮੂਹ ਮਨੁੱਖਤਾ ਦੇ ਭਲੇ ਅਤੇ ਹੱਕਾਂ ਦੀ ਰਾਖੀ ਲਈ ਜਾਨ ਵਾਰਨ ਵਾਲਾ ਬਣਦਾ ਹੈ।

**ਇਸਲਾਮ**: ਇਸਲਾਮ ਧਰਮ ਵਿਚ ਸ਼ਹੀਦਾਂ ਨੂੰ ਉੱਤਮ ਦਰਜਾ ਪ੍ਰਾਪਤ ਹੈ। ਹਦੀਸ ਸਾਹਿਤ ਵਿਚ ਸ਼ਹੀਦ ਉਸ ਨੂੰ ਕਿਹਾ ਗਿਆ ਹੈ ਜੋ ਇਸਲਾਮ ਧਰਮ ਦੇ ਪ੍ਰਚਾਰ ਅਤੇ ਪਸਾਰ ਲਈ ਕਾਫ਼ਿਰਾਂ ਵਿਰੁੱਧ ਲੜਦਾ ਹੋਇਆ ਮਾਰਿਆ ਜਾਂਦਾ ਹੈ। ਸ਼ਹੀਦਾਂ ਦੇ ਕਰਮਾਂ ਦਾ ਹਿਸਾਬ-ਕਿਤਾਬ ਨਹੀਂ ਕੀਤਾ ਜਾਂਦਾ। ਉਹਨਾਂ ਦੇ ਸਨਮਾਨ ਲਈ ਸਵਰਗ ਦੀਆਂ ਹੂਰਾਂ ਵੀ ਉਡੀਕ ਕਰਦੀਆਂ ਹਨ। ਸ਼ਹੀਦ ਪਾਕ ਪਵਿੱਤਰ ਹਨ ਅਤੇ ਇਸ਼ਨਾਨ ਕਰਾਉਣ ਦੀ ਵੀ ਲੋੜ ਨਹੀਂ ਹੁੰਦੀ। ਇਸਲਾਮ ਵਿਚ ਸ਼ਹੀਦ ਅਤੇ ਸ਼ਹਾਦਤ ਦਾ ਦਰਜਾ ਬੜਾ ਉੱਤਮ ਹੈ, ਪਰ ਇਸਲਾਮ ਤੋਂ ਬਿਨਾਂ ਜੋ ਬਾਕੀ ਧਰਮ 'ਕਾਫ਼ਿਰ' ਮੰਨੇ ਗਏ ਹਨ ਉਹਨਾਂ  ਸ਼ਹਾਦਤ ਦਾ ਪ੍ਰਸੰਗ ਸਿਰਫ਼ ਆਪਣੀ ਕੌਮ ਤੱਕ ਹੀ ਸੀਮਤ ਕਰ ਦਿੱਤਾ ਹੈ। ਇਸਲਾਮ ਧਰਮ ਨੇ ਬੇਸ਼ਕ ਮਨੁੱਖਤਾ ਦੀ ਗੱਲ ਕੀਤੀ ਹੈ, ਪਿਆਰ ਅਤੇ

ਸਨੇਹ ਦਾ ਸੰਦੇਸ਼ ਦਿੱਤਾ ਹੈ, ਪਰ ਇਸਲਾਮ ਧਰਮ ਦੇ ਧਾਰਨੀਆਂ ਨੇ ਮਨੁੱਖਤਾ ਨੂੰ ਕਾਫ਼ਿਰ ਅਤੇ ਮੋਮਿਨ ਵਿਚ ਵੰਡ ਦਿੱਤਾ ਜਿਸ ਕਾਰਨ ਮਨੁੱਖਤਾ ਵਿਚ ਪਿਆਰ ਅਤੇ ਸਨੇਹ ਦੇ ਪ੍ਰਸੰਗ ਗੁਆਚ ਗਏ। ਇਸਲਾਮ ਵਿਚ ਕਾਫ਼ਿਰ ਤੇ ਮੋਮਿਨ ਦੇ ਅੰਤਰ ਨੇ ਮਨੁੱਖਤਾ ਦਾ ਲਹੂ ਡੋਲ੍ਹਿਆ ਹੈ।

ਇਸ ਪ੍ਰਕਾਰ ਕਾਫ਼ਿਰ ਅਤੇ ਮੋਮਿਨ ਦਾ ਅੰਤਰ ਸਮੂਹ ਮਨੁੱਖਤਾ ਨੂੰ ਇਕ ਲੜੀ ਵਿਚ ਪ੍ਰੋਣ ਦੀ ਬਜਾਏ ਧਰਮਾਂ ਵਿਚ ਵੰਡੀਆਂ ਪਾਕੇ ਇਸਲਾਮ ਧਰਮ ਦੀ ਉੱਤਮਤਾ ਨੂੰ ਹੀ ਸਿੱਧ ਕਰਨਾ ਹੈ। ਇਸ ਪ੍ਰਕਾਰ ਇਸਲਾਮ ਧਰਮ ਵਿਚ ਪਾਈ ਜਾਂਦੀ ਇਹ ਵਿੱਥ ਸ਼ਹਾਦਤ ਦੇ ਪ੍ਰਸੰਗ ਨੂੰ ਸੀਮਤ ਕਰਦੀ ਹੈ ਜੋ ਸਿਰਫ਼ ਇਸਲਾਮ ਧਰਮ ਲਈ ਹੀ ਦੇਖੀ ਗਈ ਹੈ।

**ਹਿੰਦੂ ਧਰਮ**: ਭਾਰਤੀ ਧਰਮ ਪਰੰਪਰਾ ਵਿਚ ਸਿੱਖਾਂ ਦੇ ਉਦਗਮ ਤੋਂ ਪਹਿਲਾਂ ਸ਼ਹਾਦਤ ਦਾ ਸੰਕਲਪ ਨਹੀਂ ਹੈ। ਹਿੰਦੋਸਤਾਨੀ ਕਿਸੇ ਵੀ ਬੋਲੀ ਵਿਚ ਸ਼ਹੀਦ ਸ਼ਬਦ ਦਾ ਜ਼ਿਕਰ ਨਹੀਂ ਆਉਂਦਾ, ਇਸ ਤੋਂ ਭਾਵ ਇਹ ਹੈ ਕਿ ਜੇਕਰ ਹਿੰਦੋਸਤਾਨੀ ਬੋਲੀ ਵਿਚ ਸ਼ਹੀਦ ਸ਼ਬਦ ਨਹੀਂ ਤਾਂ ਇਥੋਂ ਦੀ ਧਰਤੀ ਤੇ 'ਸ਼ਹੀਦ' ਦਾ ਸੰਕਲਪ ਨਹੀਂ ਰਿਹਾ। ਹਿੰਦੂ ਸਮਾਜ ਵਿਚ, ਹਿੰਦੂ ਧਰਮ ਅਤੇ ਹਿੰਦੂ ਸਭਿਅਤਾ ਵਿਚ ਸ਼ਹੀਦ ਦਾ ਸੰਕਲਪ ਨਹੀਂ ਮਿਲਦਾ। ਇਸ ਕਰਕੇ ਹਿੰਦੂ ਧਰਮ ਅਤੇ ਹਿੰਦੂ ਇਤਿਹਾਸ ਵਿਚ ਕਿਸੇ ਉੱਚ ਆਦਰਸ਼ ਲਈ ਮਰ ਮਿਟਣ ਦੀ ਪ੍ਰਵਿਰਤੀ ਤੇ ਸੰਕਲਪ ਨਹੀਂ ਮਿਲਦੇ। ਵੈਦਿਕ ਹਿੰਦੂ ਧਰਮ ਵਿਚ ਦੇਵੀ-ਦੇਵਤਿਆਂ ਦੀ ਪ੍ਰਸੰਨਤਾ ਲਈ ਪਸ਼ੂਆਂ ਦੀ ਬਲੀ ਦੇਣ ਦੀ ਪਰੰਪਰਾ ਰਹੀ ਹੈ, ਪਰ ਇਸ ਦਾ ਸ਼ਹੀਦੀ ਨਾਲ ਕੋਈ ਸਰੋਕਾਰ ਨਹੀਂ ਹੈ। ਬਲੀ ਸਿਰਫ਼ ਸਵਾਰਥ ਲਈ ਦਿੱਤੀ ਜਾਂਦੀ ਹੈ ਅਤੇ ਸ਼ਹਾਦਤ ਦਾ ਮਕਸਦ ਦੂਜਿਆਂ ਦਾ ਭਲਾ ਹੁੰਦਾ ਹੈ। ਹਿੰਦੂ ਧਰਮ ਵਿਚ ਬਲੀ ਅਤੇ ਸ਼ਹਾਦਤ ਦੇ ਫਰਕ ਸਬੰਧੀ ਸਮਾਜਿਕ ਪ੍ਰਸੰਗ ਨੂੰ ਬਿਆਨ ਕਰਦੇ ਹੋਏ ਡਾ. ਜਸਪਾਲ ਸਿੰਘ ਲਿਖਦੇ ਹਨ:

> ਬਲੀ ਦੇਣ ਵਾਲਾ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਣ ਵਾਲਾ ਹੁੰਦਾ ਹੈ, ਆਪਣੇ ਤੇ ਆਏ ਸੰਕਟ ਨੂੰ ਟਾਲਣ ਵਾਲਾ ਹੁੰਦਾ ਹੈ, ਜਦ ਕਿ ਸ਼ਹਾਦਤ ਨੂੰ ਅਪਣਾਉਣ ਵਾਲਾ ਵਿਅਕਤੀ ਸਮਾਜ ਜਾਂ ਆਪਣੇ ਉੱਤੇ

> ਆਏ ਸੰਕਟ ਦਾ ਟਾਕਰਾ ਕਰਦਾ ਹੈ। ਹਮਲਾਵਰ ਨੂੰ ਮੂੰਹ ਤੋੜਵਾਂ ਜਵਾਬ ਦਿੰਦਾ ਹੈ ਅਤੇ ਲੋੜ ਪੈਣ ਤੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦਿੰਦਾ ਹੈ।[92]

ਇਸ ਤਰ੍ਹਾਂ ਸ਼ਹਾਦਤ ਦਾ ਹਿੰਦੂ ਸੰਕਲਪ ਸਿਰਫ਼ ਬਲੀ ਤੱਕ ਸੀਮਤ ਹੈ, ਕਿਉਂਕਿ ਬਲੀ ਸਿਰਫ਼ ਸਵਾਰਥ ਲਈ ਦਿੱਤੀ ਜਾਂਦੀ ਹੈ ਅਤੇ ਸ਼ਹਾਦਤ ਪਰਮਾਰਥ ਲਈ ਦਿੱਤੀ ਜਾਂਦੀ ਹੈ। ਇਤਿਹਾਸ ਤੋਂ ਪਤਾ ਲਗਦਾ ਹੈ ਕਿ ਹਿੰਦੂ ਧਰਮ ਉਪਰ ਇਸਲਾਮੀ ਕੱਟੜਤਾ ਦੀ ਨੀਤੀ ਕਾਰਣ ਅਨੇਕਾਂ ਜ਼ੁਲਮ ਕੀਤੇ ਗਏ, ਟੈਕਸ ਲਾਏ ਗਏ, ਛੋਟੀਆਂ ਛੋਟੀਆਂ ਉਲੰਘਣਾਵਾਂ ਕਾਰਣ ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ, ਮੰਦਰ ਢਾਹੇ ਗਏ ਅਤੇ ਬੇਹੱਦ ਜ਼ਲੀਲ ਕੀਤਾ ਗਿਆ। ਇਸਲਾਮ ਧਰਮ ਅਪਣਾਉਣ ਲਈ ਮਜਬੂਰ ਕੀਤਾ ਗਿਆ। ਉਸ ਸਮੇਂ ਵੀ ਹਿੰਦੂ ਧਰਮ ਵਿਚ ਹੁਕਮਰਾਨਾ ਵਿਰੁੱਧ ਕੋਈ ਵਿਰੋਧ ਅਤੇ ਟਾਕਰੇ ਦੀ ਭਾਵਨਾ ਨਹੀਂ ਪ੍ਰਗਟਾਈ ਗਈ। ਚੁੱਪ-ਚਾਪ ਜ਼ੁਲਮ ਸਹਿਣ ਅਤੇ ਸਵੈਮਾਣ ਗਵਾ ਕੇ ਜਿਊਣਾ ਪ੍ਰਵਾਨ ਕਰ ਲਿਆ ਗਿਆ। ਸ਼ਹਾਦਤ ਸਵੈਮਾਣ ਨਾਲ ਜਿਊਣ ਲਈ ਦਿੱਤੀ ਜਾਂਦੀ ਪਰੰਤੂ ਹਿੰਦੂ ਧਰਮ ਵਿਚ ਇਹ ਪਰੰਪਰਾ ਨਹੀਂ ਮਿਲਦੀ।

ਸਿੱਖ ਸ਼ਹਾਦਤ ਪਰੰਪਰਾ ਨੇ ਸ਼ਹਾਦਤ ਸ਼ਬਦ ਭਾਵੇਂ ਸਾਮੀ ਪਰੰਪਰਾ ਰਾਹੀਂ ਪ੍ਰਾਪਤ ਕੀਤਾ ਹੈ, ਪਰ ਸਿੱਖ ਸੰਦਰਭ ਵਿਚ ਸ਼ਹਾਦਤ ਸਿੱਖ ਚਿੰਤਨ ਦੇ ਮੂਲ ਸਿਧਾਂਤਾਂ ਦਾ ਹੀ ਪ੍ਰਗਟਾਅ ਹੈ। ਸਿੱਖ ਫਲਸਫੇ ਦੀ ਵਿਲੱਖਣਤਾ ਅਨੁਸਾਰ ਸ਼ਹਾਦਤ ਦਾ ਪ੍ਰਸੰਗ ਅਤੇ ਪਰੰਪਰਾ ਵਿਲੱਖਣਤਾ ਦੀ ਧਾਰਨੀ ਹੈ। ਤੁਲਨਾਤਮਕ ਪੱਧਰ ਤੇ ਪਰਖਣ ਤੋਂ ਪਤਾ ਲੱਗਦਾ ਹੈ ਕਿ ਇਹ ਨਾ ਯਹੂਦੀ ਧਰਮ ਵਾਂਗ ਆਪਣੀ ਹੀ ਕੌਮ ਦੀ ਉਤਮਤਾ ਨੂੰ ਸਿੱਧ ਕਰਦੀ ਹੈ ਅਤੇ ਨਾ ਹੀ ਇਸਾਈ ਧਰਮ ਵਾਂਗ ਕੇਵਲ ਆਪਣੇ ਧਰਮ ਲਈ ਜਾਨ ਵਾਰਨ ਤੱਕ ਸੀਮਤ ਹੈ। ਇਸਲਾਮ ਧਰਮ ਦੇ ਵਰਤਾਰੇ ਜੋ ਵਿਹਾਰ ਬਣਦੇ ਹਨ ਉਹ ਵੀ ਸਿੱਖ ਧਰਮ ਚਿੰਤਨ ਦਾ ਹਿੱਸਾ ਨਹੀ ਹਨ। ਸਿੱਖ ਸ਼ਹਾਦਤ ਪਰੰਪਰਾ ਮਨੁੱਖੀ ਕਦਰਾਂ ਕੀਮਤਾਂ ਦੀ ਰਾਖੀ ਲਈ ਜੂਝ ਮਰਨ ਦਾ ਨਾਂ ਹੈ ਭਾਵੇਂ ਉਹ ਕਿਸੇ ਵੀ ਧਰਮ ਸੰਬੰਧੀ ਕਿਉਂ ਨਾ ਹੋਣ। ਸਿੱਖ ਸ਼ਹਾਦਤ ਪਰੰਪਰਾ ਵਿਚ ਸਿਧਾਂਤ ਅਤੇ ਅਮਲ ਦੀ ਪੱਧਰ

ਤੇ ਇਕਸੁਰਤਾ ਕਾਇਮ ਰਹਿੰਦੀ ਹੈ। ਉਹ ਸਿਧਾਂਤ ਜਿਨ੍ਹਾਂ ਨੂੰ ਗੁਰੂ ਸਾਹਿਬਾਨ ਅਤੇ ਸ਼ਹਾਦਤ ਦੇਣ ਵਾਲੇ ਸ਼ਹੀਦਾਂ ਨੇ ਜੀਵਿਆ ਅਤੇ ਅਮਲੀ ਰੂਪ ਦਿੱਤਾ ਹੈ। ਸਿੱਖ ਧਰਮ ਵਿਚ ਸਿਧਾਂਤ ਅਤੇ ਅਮਲ ਦੀ ਪੱਧਰ ਵਿਚ ਪੂਰਨ ਇਕਸੁਰਤ ਨਜ਼ਰ ਆਉਂਦੀ ਹੈ, ਜਿਹੜੀ ਕਿ ਇਸਲਾਮ ਦੇ ਅਮਲ ਵਿਚ ਜੋ ਪੂਰਨ ਤੌਰ ਤੇ ਨਹੀਂ ਤਾਂ ਲਗਭਗ ਗੁੰਮ ਹੀ ਹੈ।

ਸਿੱਖ ਸ਼ਹਾਦਤ ਪਰੰਪਰਾ ਸਮੂਹ ਮਨੁੱਖਤਾ ਦੇ ਧਰਮਾਂ ਨੂੰ ਏਕੇ ਦੀ ਲੜੀ ਵਿਚ ਪ੍ਰੋਣ ਦਾ ਦੂਜਾ ਨਾਂ ਹੈ। ਗੁਰੂ ਨਾਨਕ ਦੇਵ ਜੀ ਦਾ 'ਨਾ ਕੋ ਹਿੰਦੂ ਨਾ ਕੋ ਮੁਸਲਮਾਨ' ਦਾ ਸੰਦੇਸ਼ ਜਿਥੇ ਤੀਜੇ ਪੰਥ ਦੀ ਉਸਾਰੀ ਵੱਲ ਰੁਚਿਤ ਮੰਨਿਆ ਜਾਂਦਾ ਹੈ ਉਥੇ ਕਿਸੇ ਖਾਸ ਧਰਮ ਨੂੰ ਪਹਿਲ ਨਾ ਦੇ ਕੇ ਮਨੁੱਖਤਾ ਦੇ ਧਰਮ ਦਾ ਪ੍ਰਗਟਾਉ ਹੈ। ਡਾ. ਜਸਪਾਲ ਸਿੰਘ ਇਸ ਸੰਬੰਧੀ ਵਿਚਾਰ ਦਿੰਦੇ ਹਨ:

> ਗੁਰੂ ਨਾਨਕ ਦੇਵ ਜੀ ਦਾ ਇਹ ਵਾਕ ਬ੍ਰਹਿਮੰਡੀ ਸਦੀਵੀ ਅਤੇ ਅਸਲ ਸਾਰ ਤੱਤ ਵੱਲ ਇਸ਼ਾਰਾ ਕਰਦਾ ਹੈ ਜਿਹੜਾ ਸਮੁੱਚੀ ਮਾਨਵਤਾ ਵਿਚ ਸਾਂਝਾ ਹੈ ਅਤੇ ਜਿਸ ਲਈ ਹਿੰਦੂ ਜਾਂ ਮੁਸਲਮਾਨ ਹੋਣਾ ਕੋਈ ਮਾਇਨੇ ਨਹੀਂ ਰੱਖਦਾ।[93]

ਸਿੱਖ ਸ਼ਹਾਦਤ ਪਰੰਪਰਾ ਪਿਛੇ ਹਰ ਮਨੁੱਖ ਲਈ ਸਵੈਮਾਣ ਨਾਲ ਜਿਊਣ ਦੀ ਪ੍ਰੇਰਣਾ ਕਾਰਜਸ਼ੀਲ ਹੈ। ਗੁਰੂ ਸਾਹਿਬਾਨ ਅਤੇ ਸਿੱਖ ਪਰੰਪਰਾ ਅਨੁਸਾਰ ਬਿਨਾ ਪੱਤ ਤੋਂ ਜਿਊਣਾ ਧ੍ਰਿਗ ਹੈ। ਸਦੀਆਂ ਤੋਂ ਦੱਬੀ ਕੁਚਲੀ ਜਨਤਾ ਵਿਚ ਮਨੁੱਖ ਹੋਣ ਦਾ ਅਹਿਸਾਸ ਸਿੱਖ ਫਲਸਫਾ ਹੀ ਭਰਦਾ ਹੈ। ਸਿੱਖ ਧਰਮ ਵਿਚ ਸ਼ਹਾਦਤਾਂ ਦਿੱਤੀਆਂ ਹੀ ਮਨੁੱਖ ਦੇ ਸਨਮਾਨ ਨੂੰ ਰੂਪਮਾਨ ਕਰਨ ਲਈ ਹਨ। ਗੁਰੂ ਨਾਨਕ ਦੇਵ ਜੀ ਨੇ ਜਿਥੇ ਮਨੁੱਖ ਨੂੰ ਸਵੈਮਾਣ ਨਾਲ ਜਿਊਣ ਲਈ ਪ੍ਰੇਰਿਆ ਉਥੇ ਜੀਵਨ ਸੰਗਰਾਮ ਵਿਚ ਹਾਜ਼ਰ ਹੋਣ ਲਈ ਵੰਗਾਰ ਵੀ ਪਾਈ ਹੈ:

> ਜਉ ਤਉ ਪ੍ਰੇਮ ਖੇਲਣ ਕਾ ਚਾਉ।।
>
> ਸਿਰੁ ਧਰਿ ਤਲੀ ਗਲੀ ਮੇਰੀ ਆਉ।।[95]

ਸਿੱਖ ਸ਼ਹਾਦਤ ਪਰੰਪਰਾ ਸਿਰਫ਼ ਆਪਣੇ ਧਰਮ ਦੀ ਰਾਖੀ ਅਤੇ ਆਪਣੀ ਕੌਮ ਲਈ ਹੀ ਸ਼ਹਾਦਤਾਂ ਨਹੀਂ ਦਿੰਦੀ ਸਗੋਂ ਅਸੂਲਾਂ ਅਤੇ ਆਦਰਸ਼ਾਂ ਦੀ ਰਾਖੀ ਲਈ ਦੂਸਰੇ ਧਰਮਾ ਨੂੰ ਨਾਲ ਲੈ ਕੇ ਚੱਲਣ ਦੀ ਪ੍ਰੇਰਣਾ ਵੀ ਬਣਦੀ ਹੈ। ਦੂਜੇ ਧਰਮਾਂ ਦੀ ਰਾਖੀ ਲਈ ਮੌਤ ਨੂੰ ਕਬੂਲਦੀ ਹੈ ਅਤੇ ਮੌਤ ਅਤੇ ਜ਼ਿੰਦਗੀ ਨੂੰ ਬਰਾਬਰ ਸਮਝਦੀ ਹੈ। ਇਸ ਪ੍ਰਸੰਗ ਵਿਚ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹੀਦੀਆਂ ਪ੍ਰਤੱਖ ਉਦਾਹਰਣਾਂ ਹਨ। ਸਿੱਖ ਸ਼ਹਾਦਤ ਪਰੰਪਰਾ ਨੇ ਨਿੱਜ ਲਈ ਸ਼ਹੀਦੀਆਂ ਨਹੀਂ ਦਿੱਤੀਆਂ ਸਗੋਂ ਸਮੂਹ ਮਨੁੱਖਤਾ ਦੇ ਸਨਮਾਨ ਅਤੇ ਹਰ ਤਰ੍ਹਾਂ ਦੀ ਬੇਇਨਸਾਫੀ ਵਿਰੁੱਧ ਜੂਝਣ ਲਈ ਤਿਆਰ ਬਰ ਤਿਆਰ ਰਹਿਣਾ ਸਿੱਖ ਸ਼ਹਾਦਤ ਪਰੰਪਰਾ ਦਾ ਅਮਲੀ ਰੂਪ ਹੈ।

ਸਿੱਖ ਪਰੰਪਰਾ ਦੀ ਨਿਵੇਕਲੀ ਵਿਸ਼ੇਸ਼ਤਾ ਮਨੁੱਖਤਾ ਦੇ ਭਲੇ ਲਈ ਜੂਝਣ ਦੀ ਪ੍ਰਵ੍ਰਿਤੀ ਹੈ। ਸੱਚ ਅਤੇ ਮਨੁੱਖਤਾ ਦੇ ਭਲੇ ਲਈ ਜੂਝ ਮਰਨ ਦਾ ਸਿਧਾਂਤ ਗੁਰੂ ਨਾਨਕ ਦੇਵ ਜੀ ਦਾ ਆਪਣਾ ਹੰਢਾਇਆ ਸੱਚ ਹੈ, ਇਸਦਾ ਅਮਲੀ ਰੂਪ ਹੈ। ਇਹ ਸਿਧਾਂਤ ਹੌਲੀ-ਹੌਲੀ ਜਨ ਚੇਤਨਾ ਦਾ ਹਿੱਸਾ ਬਣ ਜਾਂਦਾ ਹੈ ਅਤੇ ਹਰ ਤਰ੍ਹਾਂ ਦੇ ਜ਼ੁਲਮ ਵਿਰੁੱਧ ਡੱਟਣਾ ਸਿੱਖ ਦਾ ਫਰਜ਼ ਬਣ ਜਾਂਦਾ ਹੈ। ਜ਼ੁਲਮ ਨੂੰ ਸਹਿਣਾ ਉਨਾ ਹੀ ਮਾੜਾ ਹੈ ਜਿੰਨਾ ਜ਼ੁਲਮ ਕਰਨਾ। ਇਸ ਲਈ ਮਨੁੱਖੀ ਭਲਾਈ ਲਈ ਜ਼ੁਲਮ ਦਾ ਟਾਕਰਾ ਕਰਨਾ ਅਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਲੜਨਾ ਹਰ ਸਿੱਖ ਦਾ ਕਰਮ ਬਣ ਗਿਆ ਇਸ ਪ੍ਰਸੰਗ ਵਿਚ ਡਾ. ਹਰਜਿੰਦਰ ਸਿੰਘ ਦਿਲਗੀਰ ਦਾ ਕਥਨ ਵਿਚਾਰਣਯੋਗ ਹੈ:

> ਸਿੱਖ ਕੌਮ ਜੁਝਾਰੂਆਂ, ਸ਼ਹੀਦਾਂ, ਹਠੀਆਂ, ਤਪੀਆਂ ਦੀ ਕੌਮ ਹੈ। ਸੱਚ ਆਖਣਾ ਤੇ ਸੱਚ ਬੋਲਣ ਦੀ ਕੀਮਤ ਤਾਰਨ ਵਾਸਤੇ ਹਰ ਵੇਲੇ ਤਿਆਰ ਰਹਿਣ ਸਿੱਖ ਕੌਮ ਨੇ ਆਪਣੇ ਬਾਨੀ ਗੁਰੂ ਨਾਨਕ ਸਾਹਿਬ ਤੋਂ ਸਿੱਖਿਆ ਸੀ। ਹੱਕ ਸੱਚ, ਇਨਸਾਫ ਧਰਮ ਵਾਸਤੇ ਜਾਨ ਕੁਰਬਾਨ ਕਰ ਦੇਣ ਦਾ ਸਬਕ ਤਿੰਨ ਗੁਰੂ ਸਹਿਬਾਨ, ਗੁਰੂ ਅਰਜਨ ਦੇਵ, ਗੁਰੂ

ਤੇਗ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ ਨੇ ਆਪ ਸ਼ਹੀਦੀਆਂ ਦੇ ਕੇ ਸਿਖਾਇਆ ਸੀ।[95]

ਇਸ ਤਰ੍ਹਾਂ ਮਨੁੱਖਤਾ ਦੇ ਭਲੇ ਅਤੇ ਹੱਕ ਸੱਚ ਦੀ ਲੜਾਈ ਲਈ ਸਿੱਖ ਸ਼ਹਾਦਤ ਪਰੰਪਰਾ ਹਮੇਸ਼ਾ ਤਤਪਰ ਰਹੀ ਹੈ। ਧਰਮ ਭਾਵੇਂ ਕੋਈ ਵੀ ਹੋਵੇ ਜੇ ਕਿਸੇ ਦੇ ਹੱਕ ਮਾਰੇ ਜਾ ਰਹੇ ਹਨ ਤਾਂ ਸਿੱਖ ਸ਼ਹਾਦਤ ਪਰੰਪਰਾ ਉਸ ਦੀ ਬਹਾਲੀ ਲਈ ਜਾਨਾਂ ਕੁਰਬਾਨ ਕਰਨ ਦੀ ਬਿਰਤੀ ਰੱਖਦੀ ਹੈ। ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਿਤਾਂ ਦੇ ਧਰਮ ਦੀ ਰਾਖੀ ਅਤੇ ਧਰਮ ਅਪਣਾਉਣ ਦੀ ਅਜ਼ਾਦੀ ਲਈ ਸਿਰ ਦੇਣ ਦੀ ਮਨੁੱਖੀ ਮਿਸਾਲ ਕਾਇਮ ਕੀਤੀ ਹੈ ਜੋ ਸ਼ਾਇਦ ਸੰਸਾਰ ਦੇ ਹੋਰ ਕਿਸੇ ਧਰਮ ਵਿਚ ਨਹੀਂ ਮਿਲਦੀ।

ਸਿੱਖ ਸ਼ਹਾਦਤ ਪਰੰਪਰਾ ਨੇ ਕਿਸੇ ਨੂੰ ਡਰਾ ਕੇ ਆਪਣੇ ਧਰਮ ਦੀ ਬਹਾਲੀ ਨਹੀਂ ਕੀਤੀ ਜਿਵੇਂ ਇਸਲਾਮ ਧਰਮ ਵਿਚ ਤਲਵਾਰ ਦੇ ਜ਼ੋਰ ਨਾਲ ਜਾਂ ਹਕੂਮਤ ਨੇ ਜਬਰਦਸਤੀ ਧਰਮ ਬਦਲੀ ਕਰਵਾ ਕੇ ਇਸਲਾਮ ਧਰਮ ਦੇ ਪ੍ਰਸਾਰ ਦਾ ਬੀੜਾ ਚੁੱਕਿਆ। ਸਿੱਖ ਧਰਮ ਨਿਰਭੈਤਾ ਦੇ ਸਿਧਾਂਤ ਅਨੁਸਾਰ ਨਾ ਕਿਸੇ ਤੋਂ ਡਰਦਾ ਹੈ ਅਤੇ ਨਾ ਕਿਸੇ ਨੂੰ ਡਰਾਉਂਦਾ ਹੈ। ਸਿੱਖ ਸ਼ਹਾਦਤ ਪਰੰਪਰਾ ਪਿਛੇ ਨਿਰਭੈ ਹੋਣ ਅਤੇ ਨਿਰਭੈਤਾ ਦਾ ਸੱਦਾ ਦੇਣ ਦਾ ਸਿਧਾਂਤ ਕਾਰਜਸ਼ੀਲ ਹੈ। ਡਰ ਹੀ ਸਮਾਜੀ ਟਕਰਾਉ ਪੈਦਾ ਕਰਦਾ ਹੈ ਅਤੇ ਇਸੇ ਕਾਰਨ ਹੀ ਮਨੁੱਖੀ ਸ਼ਖਸੀਅਤ ਦਾ ਵਿਕਾਸ ਨਹੀਂ ਹੁੰਦਾ। ਸਿੱਖ ਸ਼ਹਾਦਤ ਪਰੰਪਰਾ ਦਾ ਸਿਧਾਂਤ ਹੈ ਮਨੁੱਖ ਜਿੱਥੇ ਆਪ ਬਿਨਾ ਭੈਅ ਦੇ ਨਿਰਭੈਤਾ ਨਾਲ ਜੀਵਨ ਬਤੀਤ ਕਰੇ ਉਥੇ ਦੂਸਰਿਆਂ ਨੂੰ ਨਿਰਭੈ ਹੋ ਕੇ ਜਿਊਣ ਦੇਵੇ:

ਭੈ ਕਾਹੂ ਕਉ ਦੇਤ ਨਾਹਿ।।

ਨਾਹਿ ਭੈ ਮਾਨਤ ਆਨ।।

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ।।

ਤਾਹਿ ਬਖਾਨਿ।।[96]

ਸਿੱਖ ਚਿੰਤਨ ਅਨੁਸਾਰ ਪ੍ਰਭੂ ਨਿਰਭਉ ਹੈ ਅਤੇ ਉਸ ਨਿਰਭਉ ਦੀ ਉਪਾਸਨਾ ਨਿਰਭੈਤਾ ਨਾਲ ਹੀ ਕੀਤੀ ਜਾ ਸਕਦੀ ਹੈ। ਮਾਨਸਿਕ ਸੁਤੰਤਰਤਾ ਅਤੇ ਨਿਰਭਉ ਹੋਣਾ ਸਿੱਖ ਸ਼ਹਾਦਤ ਦਾ ਆਦਰਸ਼ ਹੈ। ਨਿਰਭੈ ਹੋ ਕੇ ਹੀ ਤੱਤੀਆਂ ਤਵੀਆਂ ਉਤੇ ਬੈਠਾ ਜਾ ਸਕਦਾ ਹੈ, ਦੇਗਾਂ ਵਿਚ ਉਬਲਿਆ ਜਾ ਸਕਦਾ ਹੈ, ਆਰਿਆਂ ਨਾਲ ਚੀਰੇ ਜਾਣ ਤੇ ਵੀ ਖੋਪੜੀਆਂ ਲੁਹਾ ਕੇ ਵੀ, ਬੰਦ-ਬੰਦ ਕਟਾ ਕੇ ਵੀ ਸੀ ਨਾ ਉਚਾਰੇ ਜਾਣ ਦਾ ਹੌਂਸਲਾ ਪੈਦਾ ਹੋ ਸਕਦਾ ਹੈ। ਇਸ ਪ੍ਰਸੰਗ ਵਿਚ ਡਾ. ਪਰਮਵੀਰ ਸਿੰਘ ਆਪਣੇ ਵਿਚਾਰ ਪ੍ਰਗਟਾਉਂਦੇ ਹਨ:

> ਨਿਰਭਉ ਮਾਨਸਿਕਤਾ ਵਾਲਾ ਮਨੁੱਖ ਕਿਸੇ ਦੁਨਿਆਵੀ ਫੁਰਨੇ, ਪਦਾਰਥ ਜਾਂ ਹਸਤੀ ਦਾ ਗੁਲਾਮ ਹੀ ਹੁੰਦਾ ਬਲਕਿ ਉਸਦੇ ਹਰ ਇਕ ਕਾਰਜ ਵਿਚੋਂ ਸੁਤੰਤਰਤਾ ਦੀ ਭਾਵਨਾ ਦਾ ਪ੍ਰਗਟਾਵਾ ਹੁੰਦਾ ਹੈ। ਮਾਨਸਿਕ ਸੁਤੰਤਰਤਾ ਦੇ ਅਧੀਨ ਹੀ ਉਹ ਜਨਮ-ਮਰਨ ਦੇ ਭੈਅ ਤੋਂ ਮੁਕਤ ਹੋ ਜਾਂਦਾ ਹੈ। ਸਿੱਖ ਧਰਮ ਵਿਚ ਸਿੱਖ ਲਈ ਮਰਜੀਵੜਾ ਸ਼ਬਦ ਵਰਤਿਆ ਗਿਆ ਹੈ ਮਰਜੀਵੜਾ ਹੀ ਜਨਮ-ਮਰਨ ਦੇ ਭੈਅ ਤੋਂ ਮੁਕਤ ਹੋ ਕੇ ਸ਼ਹਾਦਤ ਦੇਣ ਦੇ ਸਮਰੱਥ ਹੁੰਦਾ ਹੈ।[97]

ਇਸ ਸਬੰਧ ਵਿਚ ਕਿਹਾ ਜਾ ਸਕਦਾ ਹੈ ਕਿ ਨਿਰਭੈਤਾ ਅਤੇ ਮਾਨਸਿਕ ਸੁਤੰਤਰਤਾ ਸਿੱਖ ਸ਼ਹਾਦਤ ਪਰੰਪਰਾ ਦਾ ਅਜਿਹਾ ਆਦਰਸ਼ ਹੈ ਜਿਸ ਨੇ ਇਸ ਨੂੰ ਵਿਲੱਖਣਤਾ ਦਾ ਧਾਰਨੀ ਬਣਾਇਆ ਹੈ। ਨਿਰਭੈ ਹੋਣਾ ਤੇ ਨਿਰਭੈ ਹੋ ਕੇ ਜਿਊਣ ਅਤੇ ਮਰਨ ਦੀ ਬਿਰਤੀ ਇਸ ਨੂੰ ਬਾਕੀ ਧਰਮਾਂ ਨਾਲੋਂ ਨਿਵੇਕਲਾ ਦਰਜਾ ਪ੍ਰਦਾਨ ਕਰਦੀ ਹੈ।

ਸਿੱਖ ਪਰੰਪਰਾ ਦੀ ਵਿਲੱਖਣਤਾ ਦਾ ਅਧਾਰ ਅਧਿਆਤਮਿਕਤਾ ਦੇ ਨਾਲ ਸਮਾਜੀ ਉੱਨਤੀ ਵਿਚ ਹਿੱਸਾ ਪਾਉਣਾ ਹੈ। ਸਿੱਖ ਚਿੰਤਨ ਵਿਚ ਸ਼ਹਾਦਤਾਂ ਸਮਾਜ ਦੀ ਉੱਨਤੀ ਅਤੇ ਉਸਾਰੀ ਲਈ ਦਿੱਤੀਆਂ ਜਾਣ ਦੀ ਬਿਰਤੀ ਕਾਰਜਸ਼ੀਲ ਹੈ। ਸੰਸਾਰਿਕ ਵਾਤਾਵਰਨ ਵਿਚ ਵਿਚਰਕੇ ਸਮਾਜ ਦੀ ਸੇਵਾ ਅਤੇ ਤਰੱਕੀ ਵਿਚ ਹਿੱਸਾ ਪਾਉਣ ਸਿੱਖ ਪਰੰਪਰਾ ਦਾ ਮਨੁੱਖੀ ਫ਼ਰਜ ਰਿਹਾ ਹੈ। ਸਿੱਖ ਪਰੰਪਰਾ ਅਨੁਸਾਰ ਸੰਸਾਰ ਅਸਥਿਰ ਨਹੀਂ, ਇਹ ਤਿਆਗ, ਤਿਰਸਕਾਰ

ਅਤੇ ਮੁਕਤੀ ਦਾ ਸਾਧਨ ਨਹੀਂ ਸਗੋਂ ਲੋਕਾਂ ਦੇ ਦੁੱਖਾਂ ਸੁੱਖਾਂ ਨਾਲ ਸਾਂਝ ਪਾ ਕੇ ਉਹਨਾਂ ਦੇ ਜੀਵਨ ਦਾ ਸੁਧਾਰ ਕਰਨਾ ਹੈ। ਸਿੱਖ ਚਿੰਤਨ ਸਮਾਜ ਵਿਚਲੀਆਂ ਸਮੱਸਿਆਵਾਂ ਨਾਲ ਦੋ ਹੱਥ ਕਰਨ ਦੀ ਪ੍ਰਵਿਰਤੀ ਕਾਰਨ ਹੀ ਸੰਘਰਸ਼ ਅਤੇ ਸ਼ਹਾਦਤ ਦੇ ਕਰਮ ਤੱਕ ਪਹੁੰਚਦਾ ਹੈ। ਸੰਸਾਰ ਦੇ ਹੋਰਨਾ ਧਰਮਾ ਵਿਚ ਅਜਿਹੀ ਪ੍ਰਵਿਰਤੀ ਨਹੀਂ ਮਿਲਦੀ। ਇਸ ਪ੍ਰਸੰਗ ਵਿਚ ਡਾ. ਗੁਰਬਚਨ ਸਿੰਘ ਤਾਲਿਬ ਦਾ ਕਥਨ ਵਿਚਾਰਨ ਯੋਗ ਹੈ:

> ਸਿੱਖ ਧਰਮ ਵਿਚ ਅਧਿਆਤਮਿਕਤਾ ਅਤੇ ਸਮਾਜਿਕਤਾ ਇਕਸੁਰਤਾ ਵਿਚ ਚਲਦੀਆਂ ਹਨ। ਇਸ ਗੱਲਦਾ ਪ੍ਰਗਟਾਵਾ ਗੁਰੂ ਸਹਿਬਾਨ ਦੀਆਂ ਆਪਣੀਆਂ ਜ਼ਿੰਦਗੀਆਂ ਤੋਂ ਵੀ ਹੋ ਜਾਂਦਾ ਹੈ। ਸਮਾਜ ਤੋਂ ਭੱਜਣਾ ਨਹੀਂ ਹੈ ਸਗੋਂ ਦੁੱਖ-ਸੁੱਖ ਨੂੰ ਸਮ ਕਰਕੇ ਜਾਨਣਾ ਹੈ। ਇਸੇ ਕਰਕੇ ਸਿੱਖ ਧਰਮ ਇਕਾਂਤਕ ਸੁਰਾਂ ਦਾ ਸਖ਼ਤ ਵਿਰੋਧੀ ਹੈ।[98]

ਸਿੱਖ ਪਰੰਪਰਾ ਅਧੀਨ ਗੁਰੂ ਸਾਹਿਬਾਨ ਵਿਸ਼ੇਸ਼ ਵਿਚਾਰਾਂ ਅਤੇ ਸਿਧਾਂਤਾਂ ਦੇ ਪਹਿਰੇਦਾਰ ਬਣੇ ਹਨ। ਉਹਨਾਂ ਵਿਚੋਂ ਇਕ ਵੱਡਾ ਸਿਧਾਂਤ ਧਾਰਮਿਕ ਵਿਸ਼ਵਾਸ ਅਤੇ ਵਿਚਾਰਾਂ ਦੀ ਅਜ਼ਾਦੀ ਹੈ ਤਾਂ ਕਿ ਹਰ ਕੋਈ ਆਪਣੀ ਸੁਤੰਤਰ ਇੱਛਾ ਅਨੁਸਾਰ ਧਾਰਮਿਕ ਅਜ਼ਾਦੀ ਧਾਰਨ ਕਰ ਸਕੇ ਅਤੇ ਆਪਣੇ ਵਿਚਾਰਾਂ ਦਾ ਵੀ ਅਜ਼ਾਦੀ ਨਾਲ ਪ੍ਰਗਟਾਵਾ ਕਰ ਸਕੇ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਉਹਨਾਂ ਨੇ ਸ਼ਹਾਦਤ ਆਪਣੇ ਧਰਮ ਲਈ ਨਹੀਂ ਸਗੋਂ ਹਿੰਦੂ ਧਰਮ ਦੇ ਤਿਲਕ ਜੰਞੂ ਦੀ ਰਾਖੀ ਲਈ ਦਿੱਤੀ ਸੀ। ਅਸਲ ਵਿਚ ਸਿੱਖ ਧਰਮ ਦਾ ਮੂਲ ਕਿਸੇ ਨੂੰ ਜਬਰੀ ਆਪਣੇ ਮਜ਼ਬ ਦੀ ਪ੍ਰਧਾਨਤਾ ਦੀ ਈਨ ਮਨਾਉਣ ਦੇ ਵਿਰੁੱਧ ਖੜਾ ਹੁੰਦਾ ਹੈ। ਇਹ ਸ਼ਹਾਦਤ ਆਪਣੇ ਧਰਮ ਦੀ ਸਚਾਈ ਸਿੱਧ ਕਰਨ ਲਈ ਨਹੀਂ ਦਿੱਤੀ ਗਈ ਦੂਜੇ ਦੇ ਧਾਰਮਿਕ ਵਿਸ਼ਵਾਸ਼ ਦੀ ਅਜ਼ਾਦੀ ਦੀ ਸਚਾਈ ਲਈ ਦਿੱਤੀ ਗਈ ਸੀ।[99]

ਸਿੱਖ ਪਰੰਪਰਾ ਦੀ ਵੱਖਰਤਾ ਅਤੇ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਸਿੱਖ ਸ਼ਹਾਦਤ ਸਮੇਂ ਦੀ ਮੁਗ਼ਲ ਸਰਕਾਰ ਦੁਆਰਾ ਕੀਤੇ ਰਾਜਨੀਤਿਕ ਜ਼ੁਲਮਾਂ ਅਤੇ ਅਨਿਆਂ ਦੇ

ਵਿਰੋਧ ਵਿਚ ਖੜੇ ਹੋਣਾ ਹੈ। ਅਜਿਹੀ ਸ਼ਹਾਦਤ ਪਰੰਪਰਾ ਦੀ ਮਿਸਾਲ ਕਿਸੇ ਹੋਰ ਧਰਮ ਵਿਚ ਨਹੀਂ ਮਿਲਦੀ ਜਿਸ ਨੇ ਮਨੁੱਖੀ ਸਮਾਜ ਨੂੰ ਸਿਆਸੀ ਤੇ ਧਰਮ ਦੀ ਆੜ ਹੇਠ ਕੀਤੇ ਜਾ ਰਹੇ ਜ਼ੁਲਮਾ ਤੋਂ ਬਚਾਉਣ ਲਈ ਹਮੇਸ਼ਾ ਆਪਣੀ ਸਿਰ ਧੜ੍ਹ ਦੀ ਬਾਜ਼ੀ ਲਾਈ ਹੈ। ਸਿੱਖ ਪਰੰਪਰਾ ਸਮੇਂ ਦੀ ਬਾਦਸ਼ਾਹਤ ਦੇ ਜ਼ੁਲਮੀ ਵਤੀਰੇ ਨੂੰ ਵੰਗਾਰਦਾ ਹੈ। ਇਸੇ ਵੰਗਾਰ ਨਾਲ ਨਜਿੱਠਣ ਲਈ ਸਿੱਖ ਸੋਚ ਸਮਾਜ ਵਿਚੋਂ ਜ਼ੁਲਮ ਦਾ ਖਾਤਮਾ ਕਰਨ ਲਈ ਅਤੇ ਰਾਜਸੀ ਜ਼ੁਲਮਾ ਦਾ ਡੱਟ ਕੇ ਵਿਰੋਧ ਕਰਨ ਲਈ ਜੂਝਣ ਦੀ ਪ੍ਰੇਰਨਾ ਤੇ ਸ਼ਕਤੀ ਪ੍ਰਦਾਨ ਕਰਦੀ ਹੈ। ਇਹ ਅਜਿਹੀ ਸੰਵੇਦਨਾ ਤੇ ਹੂਕ ਸੀ ਜਿਹੜੀ ਭਾਰਤ ਵਾਸੀਆਂ ਨੇ ਪਹਿਲਾਂ ਕਦੇ ਕਿਸੇ ਭਗਤ, ਗੁਰੂ, ਪੀਰ ਤੋਂ ਸੁਣੀ ਹੀ ਨਹੀਂ ਸੀ। ਜ਼ਾਲਮ ਨੂੰ ਲਲਕਾਰਨਾ ਇਸ ਅਵਾਜ਼ ਦਾ ਕਰਤੱਵ ਸੀ ਇਹ ਦੇਗ ਨਾਲ ਤੇਗ ਦਾ ਕਰਤੱਵ ਸੀ ਅਤੇ ਜੋਗ ਨਾਲ ਰਾਜ ਦਾ ਕਰਤੱਵ ਸੀ। ਸਿੱਖ ਪਰੰਪਰਾ ਦੀ ਸਮੇਂ ਦੇ ਸਮਾਜ ਦੇ ਰਹਿਬਰੀ ਕਰਨ ਵਾਲੇ ਸਮਾਜਿਕ ਆਗੂਆਂ ਨਾਲ ਹਮੇਸ਼ਾ ਟੱਕਰ ਰਹੀ ਹੈ। ਇਸ ਨੇ ਉਹਨਾ ਪ੍ਰਤੀ ਹਮੇਸ਼ਾ ਨਾਬਰੀ ਦਾ ਰਵੱਈਆ ਸਿਰਜਿਆ ਹੈ। ਸਮਾਜ ਵਿਚ ਬ੍ਰਾਹਮਣੀ ਅਤੇ ਮਨੂੰ ਪ੍ਰਣਾਲੀ ਰਾਹੀਂ ਘਰ ਕਰ ਗਈ ਸੋਚ ਮਨੁੱਖ ਨੂੰ ਮਨੁੱਖ ਦਾ ਦਰਜਾ ਹੀ ਨਹੀਂ ਸੀ ਦਿੰਦੀ। ਵਰਣ ਅਧਾਰਿਤ ਸਮਾਜਿਕ ਵਿਵਸਥਾ ਨੇ ਮਨੁੱਖ ਦੀ ਜਾਤ ਨੂੰ ਜਨਮ ਅਧਾਰਿਤ ਰੱਖਿਆ ਹੈ। ਮਨੁੱਖ ਨੂੰ ਜਾਤਾਂ ਵਿਚ ਵੰਡ ਕੇ ਆਪਣੇ ਸਵਾਰਥਾਂ ਦੀ ਪੂਰਤੀ ਕਰਨ ਵਾਲੀ ਬ੍ਰਾਹਮਣਵਾਦੀ ਵਿਵਸਥਾ ਨੇ ਆਮ ਮਨੁੱਖਾਂ ਅੰਦਰ ਹੀਣ ਭਾਵਨਾ ਪੈਦਾ ਕਰ ਦਿੱਤੀ ਸੀ। ਸਿੱਖ ਪਰੰਪਰਾ ਦੀ ਜਾਤੀ ਹੀਣ ਸਮਾਜ ਸਥਾਪਨਾ ਨਵੇਂ ਸਮਾਜ ਦੀ ਸਿਰਜਣਾ ਲਈ ਸਿਰਾਂ ਦੀ ਬਾਜੀ ਲਾ ਕੇ ਨਵੀਂ ਸਮਾਜਿਕ ਵਿਵਸਥਾ ਕਾਇਮ ਕੀਤੀ। ਇਹ ਸੋਚ ਅਜਿਹੀ ਸੀ ਜੋ ਨਾ ਤਾਂ ਈਸਾਈ ਧਰਮ ਵਿਚ ਮੌਜੂਦ ਸੀ ਅਤੇ ਨਾ ਇਸਲਾਮ ਅਤੇ ਹਿੰਦੂ ਧਰਮ ਵਿਚ ਕਿਧਰੇ ਨਜ਼ਰ ਆਉਂਦੀ ਹੈ। ਗੁਰੂ ਸਾਹਿਬਾਨ ਨੇ ਜਾਤ ਭੇਦ ਵਾਲੀ ਸਮਾਜਿਕ ਵਿਵਸਥਾ ਦਾ ਪੁਰਜੋਰ ਖੰਡਨ ਕੀਤਾ। ਉਹਨਾਂ ਇਸਦਾ ਨਿਰਾ ਖੰਡਨ ਹੀ ਨਹੀਂ ਕੀਤਾ ਸਗੋਂ ਉਹਨਾਂ ਇਸਦਾ ਨਵਾਂ ਬਦਲ ਵੀ ਸਿਰਜਿਆ ਤੇ ਵਰਗਹੀਣ, ਜਾਤੀਹੀਣ ਬਰਾਬਰੀ ਵਾਲੇ ਸਮਾਜ ਦੀ ਵਿਵਸਥਾ ਦਾ ਸਿਰਜਣ ਕੀਤਾ। ਗੁਰੂ ਅਮਰਦਾਸ ਜੀ ਨੇ ਜਾਤ ਪ੍ਰਧਾਨ ਵਿਵਸਥਾ ਦਾ ਬਦਲ ਇੰਝ ਪੇਸ਼ ਕੀਤਾ ਹੈ:

ਜਾਤਿ ਕਾ ਗਰਬੁ ਨ ਕਰੀਅਹੁ ਕੋਈ।।

ਬ੍ਰਹਮੁ ਬਿੰਦੇ ਸੋ ਬ੍ਾਹਮਣੁ ਹੋਈ।।

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।।

ਇਸ ਗਰਬ ਤੇ ਚਲਹਿ ਬਹੁਤੁ ਵਿਕਾਰਾ।।[1••]

ਭਾਵ ਬ੍ਰਹਮ ਨੂੰ ਸਿਮਰਨ ਨਾਲ ਹੀ ਬ੍ਾਹਮਣ ਅਖਵਾਇਆ ਜਾ ਸਕਦਾ ਹੈ ਨਾ ਕਿ ਜਾਤ ਅਤੇ ਜਨਮ ਦੇ ਅਧਾਰ ਤੇ ਬਣੇ ਬ੍ਾਹਮਣ ਦੀ ਕੋਈ ਪਹਿਚਾਣ ਨਹੀਂ। ਗੁਰੂ ਅਰਜਨ ਦੇਵ ਜੀ ਨੇ ਜਾਤ ਪ੍ਰਧਾਨ ਸਮਾਜ ਦੀ ਕਾਇਆ ਕਲਪ ਲਈ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਇਸ ਵਿਚ ਜਾਤਾਂ ਤੇ ਵਰਣਾਂ ਤੋਂ ਉੱਪਰ ਉਠ ਕੇ ਉਹਨਾਂ ਭਗਤਾਂ ਦੀ ਬਾਣੀ ਨੂੰ ਵੀ ਯੋਗ ਸਤਿਕਾਰ ਭਰਿਆ ਸਥਾਨ ਦਿੱਤਾ ਜੋ ਨੀਵੀਆਂ ਜਾਤਾਂ ਵਿਚੋਂ ਸਨ। ਸੋ ਇਸਦਾ ਪ੍ਰਤੱਖ ਪ੍ਰਮਾਣ ਹੈ ਕਿ ਸਿੱਖ ਪਰੰਪਰਾ ਸਿਧਾਂਤਕ ਪੱਧਰ ਤੇ ਹੀ ਨਹੀਂ ਬਲਕਿ ਅਮਲ ਦੀ ਪੱਧਰ ਤੇ ਵੀ ਸਮਾਜੀ ਅਨਿਆਂ ਨੂੰ ਨਕਾਰਦੀ ਤੇ ਇਸਦੇ ਵਿਰੋਧ ਵਿਚ ਖੜੀ ਹੁੰਦੀ ਹੈ। ਸਮਾਜ ਨੂੰ ਚੰਗੀਆਂ ਕਦਰਾਂ ਕੀਮਤਾਂ ਦੇ ਧਾਰਨੀ ਬਣਾਉਣ ਲਈ ਗੁਰੂ ਸਾਹਿਬਾਨ ਨੇ ਸੰਗਤ, ਪੰਗਤ ਤੇ ਲੰਗਰ ਦੀਆਂ ਸੰਸਥਾਵਾਂ ਰਾਹੀਂ ਮਾਨਵੀਂ ਬਰਾਬਰੀ ਦੇ ਸੰਕਲਪ ਨੂੰ ਦ੍ਰਿੜ ਕੀਤਾ। ਸੰਗਤ ਵਿਚ ਸਰਬ ਸਾਂਝੇ ਕਲਿਆਣ ਦੀ ਭਾਵਨਾ ਪ੍ਰਬਲ ਰਹਿੰਦੀ ਹੈ ਅਤੇ ਪੰਗਤ ਰਾਹੀਂ ਰਾਣਾ ਰੰਕ ਬਰਾਬਰੀ ਦਾ ਨਿਯਮ ਸਮਾਨਤਾ ਦਾ ਅਧਾਰ ਪ੍ਰਦਾਨ ਕਰਦਾ ਹੈ। ਅਜਿਹੀ ਵਿਵਸਥਾ ਕਿਸੇ ਹੋਰ ਧਰਮ ਵਿਚ ਨਹੀਂ ਮਿਲਦੀ।

ਸਿੱਖ ਪਰੰਪਰਾ ਜਿੱਥੇ ਸਮਾਜਿਕ ਅਧਾਰਾਂ ਤੇ ਅਨਿਆਂ ਵਿਰੁੱਧ ਲੜਾਈ ਲੜਦਿਆਂ ਸ਼ਹਾਦਤਾਂ ਦਾ ਸਫਰ ਤਹਿ ਕਰਦੀ ਹੈ ਉੱਥੇ ਉਹ ਆਰਥਿਕ ਸੰਤੁਲਨ ਬਣਾਉਣ ਵਿਚ ਵੀ ਯੋਗਦਾਨ ਪਾਉਂਦੀ ਹੈ। ਗੁਰੂ ਸਾਹਿਬਾਨ ਦਾ ਕਿਰਤ ਕਰਕੇ ਵੰਡ ਛਕਣ ਦਾ ਸਿਧਾਂਤ ਬਾਕੀ ਧਰਮਾ ਨਾਲੋਂ ਨਿਵੇਕਲਤਾ ਅਤੇ ਵਿਲੱਖਣਤਾ ਸਥਾਪਿਤ ਕਰਦਾ ਹੈ। ਆਰਥਿਕਤਾ ਨੂੰ ਸਦਾਚਾਰਕ ਅਧਾਰ ਨਾਲ ਜੋੜਦਿਆਂ ਕਿਰਤ ਕਰਨ ਨੂੰ ਰੱਬ ਦੀ ਭਗਤੀ ਮੰਨਿਆ ਹੈ। ਕਿਰਤ

ਲੋੜਵੰਦਾਂ ਦੀ ਮਦਦ ਨਾਲ ਜੋੜਦੀ ਹੈ ਅਤੇ ਸੇਵਾ ਤੇ ਦਇਆ ਦੀ ਬਿਰਤੀ ਨੂੰ ਪ੍ਰਫੁਲਿਤ ਕਰਨ ਦਾ ਉਪਦੇਸ਼ ਦਿੰਦੀ ਹੈ। ਡਾ. ਅਵਤਾਰ ਸਿੰਘ ਦਾ ਕਥਨ ਇਸ ਸੰਬੰਧ ਵਿਚ ਵਿਚਾਰਣਯੋਗ ਹੈ:

ਗੁਰੂ ਸਾਹਿਬਾਨ ਨੇ ਸਾਨੂੰ ਦੱਸਿਆ ਹੈ ਕਿ ਅਸੀਂ ਆਪ ਜ਼ਿੰਦਗੀ ਦੇ ਸਾਧਨਾ ਨੂੰ ਜਾਇਜ਼ ਢੰਗ ਨਾਲ ਕਮਾਈਏ ਤੇ ਦੂਸਰਿਆਂ ਦੇ ਇਸ ਹੱਕ ਵਾਸਤੇ ਉਪਰਾਲਾ ਕਰੀਏ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਹਰ ਜੀਵ ਨੂੰ ਕਿਰਤ ਕਰਨ ਦਾ ਹੱਕ ਹੋਣਾ ਚਾਹੀਦਾ ਹੈ। ਸਮਾਜ ਦਾ ਇਹ ਫ਼ਰਜ ਬਣਦਾ ਹੈ ਕਿ ਹਰ ਕਿਸੇ ਨੂੰ ਜਾਇਜ਼ ਢੰਗ ਨਾਲ ਰੋਟੀ ਕਮਾਉਣ ਦਾ ਮੌਕਾ ਹੋਣਾ ਚਾਹੀਦਾ ਹੈ ਅਤੇ ਇਸ ਲਈ ਹਰ ਤਰ੍ਹਾਂ ਦੀ ਜੁਗਤ ਬਣਾਈ ਜਾਵੇ।[1●1]

ਇਸ ਤਰ੍ਹਾਂ ਸਿੱਖ ਪਰੰਪਰਾ ਕਿਰਤ ਕਰਨ, ਵੰਡ ਛਕਣ ਤੇ ਆਪਣੀ ਕਮਾਈ ਵਿਚੋਂ ਦਸਵੰਧ ਕੱਢਣ ਨੂੰ ਜ਼ਰੂਰੀ ਸਮਝਦੀ ਹੈ। ਸਿੱਚ ਚਿੰਤਨ ਅਨੁਸਾਰ ਕਿਰਤ ਕਰਨ ਨਾਲ ਆਰਥਿਕ ਨਾ ਬਰਾਬਰੀ ਦੀ ਚੂਲ ਮਿਟਦੀ ਹੈ ਜਿਸ ਨਾਲ ਸਮਾਜ ਨੂੰ ਉਸਾਰੂ ਲੀਹਾਂ ਤੇ ਤੋਰਿਆ ਜਾ ਸਕਦਾ ਹੈ। ਸਿੱਖ ਪਰੰਪਰਾ ਇਹ ਪਾਸਾਰ ਕਿਸੇ ਹੋਰ ਧਰਮ ਵਿਚ ਨਹੀਂ ਮਿਲਦਾ ਇਹ ਹੀ ਇਸਦੀ ਨਿਵੇਕਲਤਾ ਅਤੇ ਵਿਲੱਖਣਤਾ ਹੈ।

ਸਿੱਖ ਪਰੰਪਰਾ ਦੀ ਵਿਲੱਖਣਤਾ ਦਾ ਇਕ ਹੋਰ ਪਾਸਾਰ ਇਹ ਹੈ ਕਿ ਇਸ ਪਰੰਪਰਾ ਨੇ ਵਿਵਸਥਾ ਦਾ ਪੂਰਨ ਬਦਲਾਵ ਚਾਹਿਆ ਹੈ ਜਿਸ ਵਿਚ ਪੁਰਾਣਾ ਅਧਿਆਤਮਿਕ ਸੱਚ, ਗਿਆਨ, ਸਮਾਜੀ ਸੰਤੋਖ ਪ੍ਰਧਾਨ ਸੀ। ਡਾ. ਜਸਬੀਰ ਸਿੰਘ ਆਹਲੂਵਾਲੀਆ ਆਪਣੀ ਪੁਸਤਕ ਸਿੱਖ ਫਲਸਫੇ ਦੀ ਭੂਮਿਕਾ ਵਿਚ ਵਿਸ਼ਵ ਧਰਮਾ ਦੇ ਇਤਿਹਾਸ ਵਿਚ ਸ਼ਹਾਦਤਾ ਤੇ ਤਿੰਨ ਕਾਰਨ ਮੰਨਦੇ ਹਨ। ਪੁਰਾਣਾ ਅਧਿਆਤਮਿਕ ਸੱਚ, ਪੁਰਾਣਾ ਸਮਾਜੀ ਸੰਤੋਖ ਅਤੇ ਪੁਰਾਣਾ ਬੌਧਿਕ ਗਿਆਨ ਅਤੇ ਉਸ ਨੂੰ ਵੰਗਾਰ। ਉਹ ਮੰਨਦੇ ਹਨ ਕਿ ਯਹੂਦੀ, ਈਸਾਈ ਅਤੇ ਇਸਲਾਮੀ ਧਰਮਾ ਵਿਚ ਸ਼ਹਾਦਤਾਂ ਇਨ੍ਹਾਂ ਤਿੰਨਾਂ ਕਰਨਾ ਵਿਚੋਂ ਕਿਸੇ ਇਕ ਜਾਂ ਦੂਸਰੇ ਕਾਰਨ ਕਰਕੇ ਹੀ ਹੋਈਆਂ ਹਨ ਪਰ ਸਿੱਖ ਸ਼ਹਾਦਤ ਦੀ ਵਿਲੱਖਣਤਾ ਇਹ ਹੈ ਕਿ ਇਸ ਨੇ ਉਪਰੋਕਤ ਤਿੰਨਾਂ ਦਾ ਖੰਡਨ ਕਰਕੇ ਪੂਰਨ ਪਰਿਵਰਤਨ ਦੀ ਭੂਮੀ ਤਿਆਰ ਕੀਤੀ। ਭਾਵ ਸਿੱਖ ਸ਼ਹਾਦਤ ਪਿੱਛੇ ਕੰਮ ਕਰ ਰਿਹਾ ਵਿਚਾਰ ਇਹ ਸੀ ਕਿ ਸਮਾਜ ਵਿਚਲੀ ਸੰਤੋਖ ਦੀ ਭਾਵਨਾ ਜੋ ਕਿਸੇ

ਵਿਦਰੋਹ ਨੂੰ ਜਨਮ ਨਹੀਂ ਦਿੰਦੀ, ਗਿਆਨ ਵਿਧੀ ਜੋ ਬ੍ਰਾਹਮਣੀ ਸਮਾਜ ਆਪਣੇ ਸਵਾਰਥ ਲਈ ਵਰਤਦਾ ਸੀ ਉਸਦੇ ਝੂਠ ਨੂੰ ਬੇ ਪਰਦਾ ਕਰਨਾ ਸੀ। ਸਨਾਤਨੀ ਪਰੰਪਰਾ ਨੇ ਅਜਿਹੇ ਪ੍ਰਬੰਧ ਵਿਚ ਸ਼ਹੀਦੀ ਦਾ ਮਾਰਗ ਨਹੀਂ ਅਪਣਾਇਆ ਸਗੋਂ ਤਿਆਗਵਾਦ ਦਾ ਸਹਾਰਾ ਲਿਆ ਹੈ ਪਰ ਸਿੱਖੀ ਸੰਕਲਪ ਵੰਗਾਰਾਂ ਦਾ ਸਾਹਮਣਾ ਕਰਕੇ ਪੂਰਣ ਇਨਕਲਾਬ ਦੇ ਰਾਹ ਤੇ ਤੁਰਿਆ ਅਤੇ ਨਵਾਂ ਨਿਜ਼ਾਮ ਸਿਰਜਿਆ ਜੋ 'ਖਾਲਸਾ ਪੰਥ' ਦੇ ਨਾਮ ਨਾਲ ਚਲਾਇਆ ਗਿਆ। ਸਿੱਖ ਲਹਿਰ ਨੇ ਪੂਰਨ ਇਨਕਲਾਬ ਦੀ ਬੁਲੰਦੀ ਨੂੰ ਛੂਹਿਆ ਹੈ ਜਦ ਕਿ ਯਹੂਦੀ ਈਸਾਈ ਅਤੇ ਇਸਲਾਮੀ ਸ਼ਹੀਦੀ ਸੰਕਲਪ ਅੰਸ਼ਕ ਇਨਕਲਾਬ ਤੱਕ ਹੀ ਸੀਮਿਤ ਰਹੇ ਹਨ। ਸਮਾਜੀ ਵਿਵਸਥਾ ਦਾ ਪੂਰਾ ਇਨਕਲਾਬ ਹੀ ਸਿੱਖ ਸ਼ਹਾਦਤ ਦੀ ਵਿਲੱਖਣਤਾ ਸਾਬਿਤ ਕਰਦਾ ਹੈ।

## ਹਵਾਲੇ ਤੇ ਟਿੱਪਣੀਆਂ


1) ਡਾ. ਜਸਪਾਲ ਕੌਰ ਕਾਂਗ, ਬਾਣੀ ਰਹੱਸ, ਪੰਨਾ, 92

2) ਭਾਈ ਕਾਹਨ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਰ, ਪੰਨਾ, 1●5

3) Encyclopedia of Religion, ਪੰਨਾ, 473

4) Webster's Worlds New Dictionary, ਪੰਨਾ, 9●1

5) Encyclopedia of Britannica, ਜਿਲਦ 14, ਪੰਨਾ, 9●1

6) Thomas Patrik Huges, Dictionary of Islam, ਪੰਨਾ, 327

7) ਕੁਰਾਨ ਸੂਰਾ 4, ਆਇਤ 71

8) ਪੋਥੀ ਕੂਚ X X 1-7, 9, 12-7, ਐਲ ਐਮ ਜੋਸ਼ੀ ਜੋਧ ਸਿੰਘ, (ਸੰਪਾਦਕ) ਯਹੂਦੀ ਧਰਮ ਵਿਸ਼ਵ ਧਰਮ ਸੰਗ੍ਰਹਿ, ਪੰਨਾ, 6

9) ਡਾ. ਹਰਭਜਨ ਸਿੰਘ, ਨਾਨਕ ਪ੍ਰਕਾਸ਼ ਪੱਤ੍ਰਿਕਾ ਸ਼ਹਾਦਤ ਵਿਸ਼ੇਸ਼ ਅੰਕ, 2●●2 ਜੂਨ, ਪੰਨਾ, 23.1

1●) ਉਤਪਤਿ 8.13.3.19

11) ਉਤਪਤਿ 16.14.17.23

12) ਉਤਪਤਿ 21.33.17.23

13) ਵਿਵਸਥਾ ਸਾਰ 22.34.21.35

14) ਮੱਤੀ, 18.15

15) ਉਹੀ, 4.17

16) ਡਾ. ਹਰਿਭਜਨ ਸਿੰਘ, ਨਾਨਕ ਪ੍ਰਕਾਸ਼ ਪੱਤ੍ਰਿਕਾ ਸ਼ਹਾਦਤ ਵਿਸ਼ੇਸ਼ ਅੰਕ, ਜੂਨ 2●●2, ਪੰਨਾ, 26 ਉਧਰਤ

17) Encyclopedia of Britannica, ਜਿਲਦ 14 ਪੰਨਾ, 993

18) A New Standard Bible Dictionary, ਪੰਨਾ, 1189

19) ਡਾ. ਸਰਬਜਿੰਦਰ ਸਿੰਘ, ਵਿਸ਼ਵ ਧਰਮ ਬਾਕੀ, ਗ੍ਰੰਥ ਸੰਪ੍ਰਦਾਇ ਤੇ ਚਿੰਤਕ ਪੰਨਾਂ, 5

2●) Marit Student Encyclopedia, ਜਿਲਦ 11, ਪੰਨਾ, 578

21) Kethan Scott, History of Christianity, ਪੰਨਾ, 81

22) Thomas Patrik Huges, Dictionary of Islam, ਉਹੀ ਪੰਨਾ, 327

23) ਕੁਰਾਨ ਮਜੀਦ, ਸੁਰਤ-ਅਲ-ਮਾਇਦਾ, 5.117 ਪੰਨਾ, 274

24) ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਕੋਸ਼, ਭਾਗ ਪਹਿਲਾ ਪੰਨਾ, 13●

25) ਸੂਰਤ-ਅਲ-ਇਮਰਾਨ 3.17.171, ਪੰਨਾ, 168-69

26) ਉਹੀ, ਪੰਨਾ, 169-175

27) ਉਹੀ, ਪੰਨਾ, 199

28) ਸੂਰਤ-ਅਲ-ਨਿਸ਼ਾ 4.7● ਪੰਨਾ, 199

29) ਪੰਜਾਬੀ ਵਿਸ਼ਵ ਕੋਸ਼, ਜਿਲਦ ਤੀਜੀ, ਪੰਨਾ, 339-4●

3●) ਸੂਰਤ-ਅਲ-ਇਮਰਾਨ 3, 196 ਪੰਨਾ, 174

31) ਡਾ. ਜਸਪਾਲ ਸਿੰਘ, ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ ,ਪੰਨਾ, 121

32) ਡਾ. ਦਰਸ਼ਨ ਸਿੰਘ, ਭਾਰਤੀ ਭਗਤੀ ਪਰੰਪਰਾ ਤੇ ਸਿੱਖ ਗੁਰੂ, ਪੰਨਾ, 25

33) ਜੇ.ਬੀ. ਅਪਟੇ, ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ, ਪੰਨਾ 946

34) ਡਾ. ਜਸਬੀਰ ਕੌਰ, ਨਾਨਕ ਪ੍ਰਕਾਸ਼ ਪੱਤ੍ਰਿਕਾ, ਸ਼ਹਾਦਤ ਵਿਸ਼ੇਸ਼ ਅੰਸ਼ 2●●2 ਪੰਨਾ, 59

35) ਸਿੱਖ ਧਰਮ ਵਿਸ਼ਵ ਕੋਸ਼ ਸੈਂਚੀ ਪਹਿਲੀ, ਪੰਨਾ, 593-94

36) ਗੁਰੂ ਗ੍ਰੰਥ ਸਾਹਿਬ, ਪੰਨਾ, 327

37) ਗੁਰੂ ਗ੍ਰੰਥ ਸਾਹਿਬ, ਪੰਨਾ, 53

38) ਭਾਈ ਗੁਰਦਾਸ ਵਾਰ 3, ਪਉੜੀ, 18

39) ਗੁਰੂ ਗ੍ਰੰਥ ਸਾਹਿਬ, ਪੰਨਾ, 555

4●) ਉਹੀ, ਪੰਨਾ, 11●5

41) ਡਾ. ਜਸਪਾਲ ਕੌਰ ਕਾਂਗ, ਬਾਣੀ ਰਹੱਸ, ਪੰਨਾ, 2●

42) ਨਿਰਭੈਅ ਸਿੰਘ, Sikh View of Martyrdom, ਪੰਨਾ, 2●2

43) ਗੁਰੂ ਗ੍ਰੰਥ ਸਾਹਿਬ, ਪੰਨਾ, 579

44) ਡਾ. ਜਸਪਾਲ ਸਿੰਘ, ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ, ਪੰਨਾ, 215

45) ਪ੍ਰਿੰ: ਸਤਿਬੀਰ ਸਿੰਘ, ਸਾਡਾ ਇਤਿਹਾਸ, ਪੰਨਾ, 388

46) ਡਾ. ਜਸਪਾਲ ਕੌਰ ਕਾਂਗ, ਬਾਣੀ ਸੰਵੇਦਨਾ, ਪੰਨਾ, 45

47) ਆਦਿ ਗ੍ਰੰਥ, ਪੰਨਾ, 11●2

48) htpp.www.britanica.com. EB EB checked/topic/1606 02H05H15 Akvia ben Josph.

49) ਉਹੀ, B.M. 13.B

5●) htpp.www.talmnd Abot. 111H14H15 24H05H15

51) world Encyclopedia online. 23H05H15

52) htpp.www.vikipedia encyclopedia.org 22H05H15

53) ਡਾ. ਸਰਬਜਿੰਦਰ ਸਿੰਘ, ਵਿਸ਼ਵ ਧਰਮ ਬਾਨੀ, ਗ੍ਰੰਥ ਸੰਪ੍ਰਦਾਇ ਤੇ ਚਿੰਤਕ, ਪੰਨਾ, 61

54) ਪਵਿੱਤਬ ਬਾਈਬਲ ਪੰਜਾਬੀ ਅਨੁਵਾਦ, ਪੰਨਾ, 42

55) ਗੁਰਬਚਨ ਸਿੰਘ ਤਾਲਿਬ (ਸੰਪਾ.), ਸੰਸਾਰ ਦੇ ਕੁਝ ਪ੍ਰਮੁਖ ਧਰਮ, ਪੰਨਾ, 71

56) ਡਾ. ਸਰਬਜਿੰਦ ਸਿੰਘ, (ਸੰਪਾ.), ਸਿੱਖ ਧਰਮ ਸਿਧਾਂਤਕ ਅਤੇ ਇਤਿਹਾਸਿਕ ਪਰਿਪੇਖ, ਪੰਨਾ, 25

57) ਪਵਿੱਤਰ ਬਾਈਬਲ, ਲੂਕਾ, ਪੰਨਾ 26-36

58) ਉਹੀ, ਮੱਤੀ-4, ਪੰਨਾ, 17

59) ਗੁਰਬਚਨ ਸਿੰਘ ਤਾਲਿਬ, ਉਹੀ, ਪੰਨਾ, 67

6●) ਪਵਿੱਤਰ ਬਾਈਬਲ, ਮੱਤੀ, 5, ਪੰਨਾ, 17-2●

61) ਉਹੀ, ਪੰਨਾ, 45

62) ਡਾ. ਸਰਬਜਿੰਦਰ ਸਿੰਘ, (ਸੰਪਾ.), ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਾਦਾਇ ਤੇ ਚਿੰਤਕ, ਪੰਨਾ, 61

63) ਪਵਿੱਤਰ ਬਾਈਬਲ, ਮੱਤੀ, 27, ਪੰਨਾ, 45-54

64) ਕੁਰਾਨ ਮਜੀਦ, ਸੂਰਤ-ਅਲ-ਇਮਰਾਨ, 3, ਪੰਨਾ, 17●-171

65) htpp.www.encyclopedia Vikipedia org. 22H05H15

66) ਉਹੀ 22.●5.2●15

67) ਉਹੀ 22.●5.2●15

68) Akabar S. Ahmad, Discovering of Islam. P. 92

69) ਰਾਮ ਪੂਜਨ ਤਿਵਾੜੀ, ਸੂਫੀ ਮੱਤ ਸਾਧਨਾ ਔਰ ਸਾਹਿਤਯ ਪੰਨਾ, 24●

7●) ਪ੍ਰੋ. ਗੁਲਵੰਤ ਸਿੰਘ, ਇਸਲਾਮ ਅਤੇ ਸੂਫੀਵਾਦ ਪੰਨਾ, 77-81

71) ਨਿਕਲਸਨ, ਆਈਡੀਆ ਆਫ਼ ਪਰਸਨੈਲਿਟੀ, ਪੰਨਾ, 32

72) ਪ੍ਰੋ. ਗੁਲਵੰਤ ਸਿੰਘ, ਇਸਲਾਮ ਅਤੇ ਸੂਫੀਵਾਦ ਪੰਨਾ, 81

73) ਪ੍ਰੋ. ਜੰਗਬਹਾਦਰ ਲਾਲ, ਸੂਫੀ ਸੰਤ ਸਾਹਿਤ ਦਾ ਉਦਭਵ ਅਤੇ ਵਿਕਾਸ ਪੰਨਾ, 84

74) ਡਾ. ਹਿਰਦੇਜੀਤ ਸਿੰਘ ਭੋਗਲ, ਸੂਫੀ ਲੋਕ ਪੰਨਾ. 48

75) Johan-a-subhan, Sufism its Saints and Shrines P. 25

76) ਡਾ. ਹਿਰਦੇਜੀਤ ਸਿੰਘ ਭੋਗਲ, ਸੂਫੀ ਲੋਕ ਪੰਨਾ, 48

77) ਗੁਰੂ ਗ੍ਰੰਥ ਸਾਹਿਬ, ਪੰਨਾ, 141●

78) ਉਹੀ, ਪੰਨਾ, 922

79) ਉਹੀ, ਪੰਨਾ, 579

8●) ਡਾ. ਜਸਪਾਲ ਸਿੰਘ, ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ, ਪੰਨਾ, (62-68)

81) ਡਾ. ਸੁਖਦਿਆਲ, ਪੰਜਾਬ ਦਾ ਇਤਿਹਾਸ 1469 ਤੋਂ 17●8 ਪੰਨਾ, 1●9

82) ਉਹੀ, ਪੰਨਾ, 11●

83) ਕਨੱਈਆ ਲਾਲ, ਤਾਰੀਖ-ਏ-ਪੰਜਾਬ ਪੰਜਾਬੀ ਤਰਜਮਾ ਪੰਨਾ, 25-26

84) ਡਾ. ਸੁਖਦਿਆਲ ਸਿੰਘ, ਪੰਜਾਬ ਦਾ ਇਤਿਹਾਸ ਜ਼ਿਲਦ 5, ਪੰਨਾ, 166

85) ਸਾਕੀ ਮੁਸਤਾਅਦ ਖਾਂ, ਮੁਆਸਰ ਆਲਮੀਗੀਰੀ ਪੰਜਾਬੀ (ਅਨੁ) ਪੰਨਾ, 85

86) ਡਾ. ਜਸਪਾਲ ਸਿੰਘ ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ ਪੰਨਾ, 71

87) ਗਿਆਨੀ ਰਤਨ ਸਿੰਘ ਭੰਗੂ, ਸ਼੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ, 104

88) ਡਾ. ਸਰਬਜਿੰਦਰ ਸਿੰਘ, ਮਰਣਿ ਕਬੂਲਿ, ਪੰਨਾ, 100

89) ਨਾਨਕ ਪ੍ਰਕਾਸ਼ ਪੱਤ੍ਰਿਕਾਃ ਸ਼ਹਾਦਤ ਵਿਸ਼ੇਸ਼ ਅੰਕ, ਜੂਨ 2002 (ਸੰਪਾ) ਡਾ. ਗੁਰਨਾਮ ਕੌਰ, ਪੰਨਾ, 4

90) w.w.w.htttps//en.mwikipedia.org.in.

91) w.w.w.htttps//en.mwikipedia.org.in.

92) ਡਾ. ਜਸਪਾਲ ਸਿੰਘ, ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ, ਪੰਨਾ, 121

93) ਉਹੀ, ਪੰਨਾ, 29

94) ਗੁਰੂ ਗ੍ਰੰਥ ਸਾਹਿਬ ਪੰਨਾ, 1410

95) ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ ਪੰਨਾ, 10

96) ਗੁਰੂ ਗ੍ਰੰਥ ਸਾਹਿਬ ਪੰਨਾ, 1426

97) ਡਾ. ਪਰਮਵੀਰ ਸਿੰਘ, ਸਿੱਖ ਅਧਿਐਨ, ਪੰਨਾ, 231

98) ਡਾ. ਗੁਰਬਚਨ ਸਿੰਘ ਤਾਲਿਬ, ਸਿਖਇਜਮ ਐਂਡ ਇੰਡੀਅਨ ਸੋਸਾਇਟੀ ਪੰਨਾ, 152

99) ਡਾ. ਜਸਬੀਰ ਕੌਰ, ਨਾਨਕ ਪ੍ਰਕਾਸ਼ ਪੱਤ੍ਰਿਕਾ, ਸ਼ਹਾਦਤ ਵਿਸ਼ੇਸ਼ ਅੰਕ, ਜੂਨ 2002 (ਸੰਪਾ.) ਡਾ. ਗੁਰਨਾਮ ਕੌਰ, ਪੰਨਾ, 60

100) ਗੁਰੂ ਗ੍ਰੰਥ ਸਾਹਿਬ ਪੰਨਾ, 1127

101) ਡਾ. ਅਵਤਾਰ ਸਿੰਘ, ਸਿੱਖ ਧਰਮ ਦਾ ਨੈਤਿਕ ਪ੍ਰਸੰਗ, ਪੰਨਾ, 27

# ਅਇਆਇ ਤੀਜਾ

## ਸਿੱਖ ਸ਼ਹਾਦਤ ਪਰੰਪਰਾ: ਵਿਚਾਰਧਾਰਕ ਪਰਿਪੇਖ

ਖੋਜ ਕਾਰਜ ਦੇ ਦੂਜੇ ਅਧਿਆਇ ਵਿੱਚ ਸ਼ਹਾਦਤ ਦੇ ਸੰਕਲਪ ਬਾਰੇ ਸਿਧਾਂਤਕ ਚਰਚਾ ਕਰਦਿਆਂ ਵੱਖ-ਵੱਖ ਧਰਮਾਂ ਵਿੱਚ ਦ੍ਰਿਸ਼ਟੀਗੋਚਰ ਹੋਏ ਉਨ੍ਹਾਂ ਦੇ ਸ਼ਹਾਦਤ ਦੇ ਸੰਕਲਪ ਅਤੇ ਉਨ੍ਹਾਂ ਦੇ ਪਿੱਛੇ ਕਾਰਜਸ਼ੀਲ ਸ਼ਹਾਦਤ ਦੀ ਪਰੰਪਰਾ ਸੰਬੰਧੀ ਨਿੱਠ ਕੇ ਵਿਚਾਰ ਕੀਤੀ ਗਈ ਸੀ। ਜਿਸ ਦੇ ਫਲਸਰੂਪ ਵਜੋਂ ਇਹ ਜਾਣਿਆ ਗਿਆ ਕਿ ਸੰਸਾਰ ਦੇ ਵੱਖ-ਵੱਖ ਧਰਮਾਂ ਵਿੱਚ ਸਮੇਂ-ਸਮੇਂ ਤੇ ਸ਼ਹਾਦਤਾਂ ਹੋਈਆਂ ਹਨ ਜਿਨ੍ਹਾਂ ਦੇ ਸਰੂਪ, ਪ੍ਰਕ੍ਰਿਤੀ ਤੇ ਵਿਸ਼ੇਸ਼ਤਾਵਾਂ ਵੱਖ-ਵੱਖ ਰੂਪ ਵਿੱਚ ਸਾਹਮਣੇ ਆਈਆਂ ਹਨ ਜਿਨ੍ਹਾਂ ਦਾ ਤੁਲਨਾਤਮਕ ਦ੍ਰਿਸ਼ਟੀ ਨਾਲ ਅਧਿਐਨ ਕਰਨ ਉਪਰੰਤ ਇਹ ਜਾਣਿਆ ਗਿਆ ਹੈ ਕਿ ਸਿੱਖ ਸ਼ਹਾਦਤ ਪਰੰਪਰਾ ਬਾਕੀ ਧਰਮਾਂ ਨਾਲੋਂ ਭਿੰਨਤਾ ਤੇ ਵਿਲੱਖਣਤਾ ਰੱਖਦੀ ਹੈ ਜਿਨ੍ਹਾਂ ਆਧਾਰਾਂ ਤੇ ਇਸਦੀ ਪਛਾਣ ਬਣੀ ਹੈ, ਬਾਰੇ ਵੀ ਖੋਜ ਵਿਚਾਰ ਕੀਤੀ ਜਾ ਰਹੀ ਹੈ। ਵਿਸ਼ੇ ਦੀ ਵਿਚਾਰ ਨਿਰੰਤਰਤਾ ਨੂੰ ਤੋਰਦਿਆਂ ਹਥਲੇ ਤੀਜੇ ਅਧਿਆਇ ਵਿੱਚ ਸਿੱਖ ਸ਼ਹਾਦਤ ਪਰੰਪਰਾ ਦੇ ਵਿਚਾਰਧਾਰਕ ਪਰਿਪੇਖ ਉੱਤੇ ਵਿਚਾਰ ਕੀਤੀ ਜਾ ਰਹੀ ਹੈ। ਵਿਚਾਰਧਾਰਾ ਹਰ ਸਮਾਜ ਦਾ ਅੰਗ ਹੁੰਦੀ ਹੈ ਜੋ ਨਿਸ਼ਚਿਤ ਤੌਰ ਤੇ ਸਮਾਜ ਨੂੰ ਸੇਧ ਦਿੰਦੀ ਹੈ। ਸਿੱਖ ਵਿਚਾਰਧਾਰਾ ਦਾ ਆਧਾਰ ਸਿੱਖ ਗੁਰੂ ਸਾਹਿਬਾਨ ਦਾ ਪੇਸ਼ ਕੀਤਾ ਗਿਆ ਫਲਸਫਾ ਹੈ ਜੋ ਗੁਰੂ ਗ੍ਰੰਥ ਸਾਹਿਬ ਦੀ ਕਾਵਿ ਵਿਚਾਰਧਾਰਾ ਵੱਲੋਂ ਪ੍ਰਾਪਤ ਹੁੰਦਾ ਹੈ। ਸਿੱਖ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਉਨ੍ਹਾਂ ਦੇ ਸਮਕਾਲੀ ਸਮਾਜ ਦਰਪੇਸ਼ ਆਈਆਂ ਸਮੱਸਿਆਵਾਂ ਤੇ ਤਕਲੀਫਾਂ ਦੀ ਨਿਜ਼ਾਤ ਨੂੰ ਇਨਸਾਨੀ ਤਰੀਕੇ ਨਾਲ ਸੁਲਝਾਉਣ ਵਜੋਂ ਹੋਂਦ ਵਿੱਚ ਆਈ ਜੋ ਸਮਾਜ ਸੱਭਿਆਚਾਰ ਤੇ ਸਿਆਸੀ ਪੱਧਰ ਉੱਤੇ ਅਨਿਆਕਾਰੀ ਹਕੂਮਤ ਦਾ ਮੂੰਹ ਤੋੜਵਾ ਜਵਾਬ ਸੀ। ਸਿਆਸੀ ਤੌਰ ਤੇ ਮੁਗਲ ਹਕੂਮਤ ਵੱਲੋਂ ਭਾਰਤੀ ਜਨਤਾ ਨੂੰ ਆਪਣੇ ਅਧੀਨ ਰੱਖਣ ਦੀ ਜੋ ਜ਼ੁਲਮੀ ਨੀਤੀ ਉਨ੍ਹਾਂ ਨੇ ਅਪਣਾਈ ਸੀ ਗੁਰੂ ਸਾਹਿਬਾਨ ਵੱਲੋਂ ਸਮੇਂ ਸਮੇਂ ਤੇ

ਉਸਦਾ ਵਿਰੋਧ ਕੀਤਾ ਗਿਆ। ਭਾਰਤੀ ਸਮਾਜ ਸੱਭਿਆਚਾਰਕ ਤੌਰ ਤੇ ਦੋ ਜਾਤਾਂ ਵਿੱਚ ਵੰਡਿਆ ਹੋਇਆ ਸੀ ਹਿੰਦੂ ਤੇ ਮੁਸਲਮਾਨ। ਮੁਗਲ ਬਾਦਸ਼ਾਹਾਂ ਵੱਲੋਂ ਹਿੰਦੂ ਸਮਾਜ ਉੱਤੇ ਇਸਲਾਮੀ ਪਹਿਰਾਵਾ, ਭਾਸ਼ਾ ਉਰਦੂ, ਫਾਰਸੀ, ਇਸਲਾਮੀ ਰਹੁ ਰੀਤਾਂ ਕਠੋਰਤਾ ਨਾਲ ਜਬਰੀ ਠੋਸੀਆਂ ਗਈਆਂ ਜੋ ਭਾਰਤੀ ਸਮਾਜ ਨੂੰ ਤੋੜਨ ਦਾ ਕੰਮ ਕਰਦੀਆਂ ਸਨ ਅਤੇ ਭਾਰਤੀ ਲੋਕਾਂ ਨੇ ਇਸ ਦੀ ਅਧੀਨਗੀ ਸਵੀਕਾਰ ਕਰ ਲਈ ਸੀ। ਗੁਰੂ ਸਾਹਿਬਾਨ ਨੇ ਸਮੇਂ ਦੀ ਹਕੂਮਤ ਦੀ ਇਸ ਚੁਣੌਤੀ ਨੂੰ ਵੰਗਾਰ ਪਾਈ ਅਤੇ ਇਹਨਾਂ ਵਿਰੋਧਾਂ ਦਾ ਟਾਕਰਾ ਕੀਤਾ। ਸਮਾਜ ਨੂੰ ਬਚਾਉਣ ਲਈ ਉਹਨਾਂ ਨੇ ਭਾਰਤੀ ਜਨਤਾ ਨੂੰ ਇੱਕ ਮੁੱਠ ਹੋ ਕੇ ਜਿਊਣ ਦੀ ਪ੍ਰੇਰਣਾ ਦਿੱਤੀ ਤੇ ਨਿਰਭੈ ਹੋ ਕੇ ਹਕੂਮਤ ਵੱਲੋਂ ਦਿੱਤੇ ਗਏ ਹਰ ਪ੍ਰਕਾਰ ਦੇ ਜ਼ੁਲਮਾਂ ਦਾ ਸਾਹਮਣਾ ਕੀਤਾ ਤੇ ਉਨਾਂ ਨੇ ਇਹਨਾਂ ਜ਼ੁਲਮਾਂ ਨੂੰ ਝੱਲਦਿਆਂ ਹੋਇਆ ਵੀ ਇਨਾਂ ਤੋਂ ਪਾਰ ਜਾ ਕੇ ਸਮਾਜਿਕ ਨੈਤਿਕ ਅਤੇ ਮਾਨਵੀ ਮੁੱਲਾਂ ਦੀ ਉਸਾਰੀ ਕੀਤੀ ਜੋ ਮੁੱਲ ਸਮੁੱਚੀ ਮਨੁੱਖਤਾ ਨੂੰ ਸਮਰਪਿਤ ਕੀਤੇ ਗਏ ਜਿਨ੍ਹਾਂ ਨੂੰ ਅੱਗੇ ਜਾ ਕੇ ਵਿਚਾਰਿਆ ਗਿਆ ਹੈ। ਗੁਰੂ ਸਾਹਿਬਾਨ ਨੇ ਉਹਨਾਂ ਮਾਨਵੀ ਮੁੱਲਾਂ ਦੀ ਉਸਾਰੀ ਕੀਤੀ ਜੋ ਕਿਸੇ ਵੀ ਦੇਸ਼, ਕੌਮ ਅਤੇ ਸੱਭਿਆਚਾਰ ਦਾ ਅਧਾਰ ਬਣਦੇ ਹਨ ਅਤੇ ਸਮਾਜ ਨੂੰ ਸਮੁੱਚੇ ਰੂਪ ਵਿੱਚ ਹਰ ਪ੍ਰਕਾਰ ਦੀ ਪ੍ਰਫੁੱਲਤਾ ਪ੍ਰਦਾਨ ਕਰਦੇ ਹਨ ਤੇ ਸਰਬੱਤ ਦੇ ਭਲੇ ਦੇ ਮਾਨਵਵਾਦੀ ਉਦੇਸ਼ ਦੀ ਸਥਾਪਨਾ ਕਰਦੇ ਹਨ। ਅਜਿਹਾ ਕਰਕੇ ਉਨ੍ਹਾਂ ਨੇ ਸਭ ਮਨੁੱਖਾਂ ਦੀ ਸਮਾਜਿਕ, ਧਾਰਮਿਕ ਸਵੈਮਾਣ ਦੀ ਬਹਾਲੀ ਕੀਤੀ । ਅਜਿਹੇ ਸਿਰਜੇ ਆਦਰਸ਼ਾਂ ਦਾ ਮੂਲ ਪ੍ਰਯੋਜਨ ਮਨੁੱਖੀ ਸਮਾਜ ਉੱਤੇ ਕਿਸੇ ਵੀ ਪ੍ਰਕਾਰ ਦੀ ਕੱਟੜਤਾ ਤੇ ਅਮਾਨਵਤਾ ਨੂੰ ਆਰੋਪਿਤ ਕਰਨ ਦਾ ਡੱਟ ਕੇ ਵਿਰੋਧ ਕਰਨਾ ਸੀ। ਮਨੁੱਖ ਦੀ ਸਾਰਥਕ ਹੋਂਦ ਉਸਦੇ ਸਵੈਮਾਣ ਉੱਤੇ ਹੀ ਟਿਕੀ ਹੁੰਦੀ ਹੈ ਜਿਸ ਦੀ ਸਥਾਪਤੀ ਗੁਰੂ ਸਾਹਿਬਾਨਾ ਨੇ ਆਪਣੀਆਂ, ਆਪਣੇ ਪਰਿਵਾਰ ਦੀਆਂ ਅਤੇ ਆਪਣੇ ਸ਼ਿਸ਼ਾਂ ਦੀਆਂ ਸ਼ਹਾਦਤਾਂ ਰਾਹੀਂ ਕਾਇਮ ਕੀਤੀ। ਸਿੱਖ ਸ਼ਹਾਦਤ ਪਰੰਪਤਾ ਦੇ ਵਿਚਾਰਧਾਰਾਈ ਧਰਾਤਲ ਨੂੰ ਅਜਿਹੇ ਮੁੱਲਵਾਨ ਆਦਰਸ਼ਾਂ ਦੀ ਖੋਜ ਰਾਹੀਂ ਹਥਲੇ ਅਧਿਆਇ ਵਿੱਚ ਵਿਸ਼ਲੇਸ਼ਤ ਕੀਤਾ ਜਾ ਰਿਹਾ ਹੈ।

### 3.1 ਸਿੱਖ ਸ਼ਹਾਦਤ ਪਰੰਪਰਾ: ਵਿਚਾਰਧਾਰਾਈ ਧਰਾਤਲ

ਸਿੱਖ ਸ਼ਹਾਦਤ ਪਰੰਪਰਾ ਦੇ ਵਿਚਾਰਧਾਰਾਈ ਧਰਾਤਲ ਦਾ ਅਧਿਐਨ ਕਰਨ ਤੋਂ ਪਹਿਲਾਂ ਵਿਚਾਰਧਾਰਾ ਦੇ ਅਰਥਾਂ ਨੂੰ ਸਪੱਸ਼ਟ ਕਰਨਾ ਜ਼ਰੂਰੀ ਹੈ । ਵਿਚਾਰਧਾਰਾ ਵਿਚਾਰਾਂ ਦੇ ਗਤੀਸ਼ੀਲ ਵਰਤਾਰੇ ਨੂੰ ਕਿਹਾ ਜਾਂਦਾ ਹੈ। ਵਿਚਾਰਧਾਰਾ ਸ਼ਬਦ ਮੂਲ ਰੂਪ ਵਿਚ ਦੋ ਸ਼ਬਦਾਂ ਵਿਚਾਰ+ਧਾਰਾ ਦੇ ਸੁਮੇਲ ਤੋਂ ਬਣਿਆ ਹੈ। ਅੰਗਰੇਜ਼ੀ ਭਾਸ਼ਾ ਵਿਚ Ideology ਸ਼ਬਦ ਇਸਦਾ ਸਮਾਨਾਆਰਥਕ ਮੰਨਿਆ ਗਿਆ ਹੈ। ਵਿਚਾਰਧਾਰਾ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ 18ਵੀਂ ਸਦੀ ਦੇ ਅੰਤ ਵਿਚ ਫਰਾਂਸੀਸੀ ਦਾਰਸ਼ਨਿਕ ਡੈਸਟਟ ਦੇ ਟ੍ਰੇਸੀ (Destutt de tracy) ਨੇ ਕੀਤੀ। ਉਹ ਆਪਣੀ ਪੁਸਤਕ 'Alement Ideology' ਵਿਚ ਵਿਚਾਰਧਾਰਾ ਸੰਬੰਧੀ ਲਿਖਦਾ ਹੈ ਕਿ ਵਿਚਾਰਧਾਰਾ ਵਿਚਾਰਾਂ ਦੀ ਉਤਪਤੀ ਅਤੇ ਮਨੁੱਖੀ ਵਿਚਾਰ ਸੰਸਾਰ ਦੇ ਕਾਨੂੰਨਾਂ ਦੀ ਸੂਖਮ ਅਧਿਐਨ ਪ੍ਰਣਾਲੀ ਹੈ।[1]

**ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਅਨੁਸਾਰ**

> Ideology is a science of Ideas, manners of thinking characteristic of a class or individuals ideas of the basis of some economic or political theory or system."[2]

ਭਾਵ ਵਿਚਾਰਧਾਰਾ ਵਿਚਾਰਾਂ ਦਾ ਉਹ ਵਿਗਿਆਨ ਹੈ ਜੋ ਕਿਸੇ ਜਮਾਤ ਜਾਂ ਵਿਅਕਤੀ ਨਾਲ ਸੰਬੰਧਿਤ ਹੈ ਜਿਸ ਦਾ ਆਪਣਾ ਸੋਚਣ ਢੰਗ ਹੁੰਦਾ ਹੈ ਅਤੇ ਜਿਸ ਦਾ ਅਧਾਰ ਰਾਜਨੀਤਿਕ ਅਤੇ ਆਰਥਿਕ ਵੀ ਹੁੰਦਾ ਹੈ।

ਐਨਸਾਈਕਲੋਪੀਡੀਆ ਆਫ ਸੋਸ਼ਲ ਸਾਇੰਸ ਅਨੁਸਾਰ:

> ਵਿਚਾਰਧਾਰਾ ਮਨੁੱਖ, ਸਮਾਜ ਮਨੁੱਖ ਦੇ ਬ੍ਰਹਿਮੰਡ ਨਾਲ ਜੁੜੇ ਸਦਾਚਾਰਕ ਵਿਸ਼ਵਾਸਾਂ ਦਾ ਇੱਕ ਅਜਿਹਾ ਪਰਿਵਰਤਨਸ਼ੀਲ ਰੂਪ ਹੈ ਜੋ ਕਿ ਮਨੁੱਖੀ ਸਮਾਜ ਵਿਚ ਵਿਕਸਿਤ ਹੁੰਦਾ ਹੈ।[3]

ਸੋ, ਉਪਰੋਕਤ ਵਿਚਾਰ ਵਿਮਰਸ਼ ਅਨੁਸਾਰ ਵਿਚਾਰਧਾਰਾ ਵਿਚਾਰਾਂ ਦਾ ਉਹ ਵਿਗਿਆਨ ਹੈ, ਜਿਸਦਾ ਆਧਾਰ ਸਮਾਜ ਅਤੇ ਮਨੁੱਖ ਹੈ ਤੇ ਜੋ ਸਮਾਜ ਵਿਚ ਪਾਏ ਜਾਂਦੇ ਸਮਾਜਿਕ, ਰਾਜਨੀਤਿਕ, ਆਰਥਿਕ ਵਰਤਾਰਿਆਂ ਦੇ ਪ੍ਰਵਾਹ ਵਿੱਚ ਵਿਕਸਿਤ ਹੁੰਦੀ ਹੈ। ਡਾ. ਟੀ. ਆਰ. ਵਿਨੋਦ ਵਿਚਾਰਧਾਰਾ ਬਾਰੇ ਲਿਖਦੇ ਹਨ:

> ਵਿਚਾਰਧਾਰਾ ਵਿਚਾਰਾਂ ਤੇ ਭਾਵਾਂ ਜਾਂ ਸੰਸਕਾਰਾਂ ਦਾ ਇਕ ਅਜਿਹਾ ਪ੍ਰਬੰਧ ਹੈ ਜੋ ਜੀਵਨ ਦੇ ਤੱਥਾਂ ਅਤੇ ਮੁੱਲਾਂ ਦਾ ਅਨੁਭਵ ਗ੍ਰਹਿਣ ਕਰਕੇ ਸਾਹਿਤ ਵਿਚ ਜੀਵਨ ਪ੍ਰਸਿਥਤੀਆਂ ਪ੍ਰਤਿ ਆਪਣੇ ਪ੍ਰਤਿਕਰਮ ਪੇਸ਼ ਕਰਦਾ ਹੈ।[4]

ਇਸ ਪ੍ਰਕਾਰ ਵਿਚਾਰਧਾਰਾ ਵਿਚਾਰਾਂ ਦਾ ਵਿਗਿਆਨ, ਸਮਾਜਿਕ ਵਿਕਾਸ ਦਾ ਸਾਧਨ ਅਤੇ ਮਨੁੱਖੀ ਸਿੱਖਿਆ ਦਾ ਅਧਾਰ ਹੁੰਦਾ ਹੈ। ਵਿਚਾਰਧਾਰਾ ਨੂੰ ਸਮਾਜਿਕ ਚੇਤਨਾ ਦਾ ਅੰਗ ਵੀ ਕਿਹਾ ਜਾਂਦਾ ਹੈ ਕਿਉਂਕਿ ਕੋਈ ਵੀ ਸਮਾਜ ਵਿਚਾਰਧਾਰਾ ਤੋਂ ਸੱਖਣਾ ਨਹੀਂ ਹੁੰਦਾ। ਸਮਾਜਿਕ ਚੇਤਨਾ ਦਾ ਅੰਗ ਹੁੰਦੀ ਹੋਈ ਵਿਚਾਰਧਾਰਾ ਮਨੁੱਖੀ ਵਿਵਹਾਰ ਨੂੰ ਪ੍ਰੇਰਿਤ ਕਰਦੀ ਹੈ ਅਤੇ ਸਮਾਜਿਕ ਵਿਵਸਥਾ ਨੂੰ ਬਣਾਈ ਰੱਖਣ ਲਈ ਸਹਾਇਕ ਹੁੰਦੀ ਹੈ। ਮਨੁੱਖੀ ਜੀਵਨ ਦੀ ਕੋਈ ਵੀ ਸਰਗਰਮੀ ਵਿਚਾਰਧਾਰਾ ਤੋਂ ਅਭਿੱਜ ਨਹੀਂ ਹੁੰਦੀ। ਵਿਚਾਰਧਾਰਾ ਮਨੁੱਖੀ ਸਮਾਜ ਵਿਚ ਹੀ ਪਣਪਦੀ ਹੈ ਕਿਉਂਕਿ ਹਰ ਵਿਚਾਰਧਾਰਾ ਮਨੁੱਖੀ ਸਮਾਜਿਕ ਵਿਕਾਸ, ਇਸ ਦੇ ਅਧਾਰ ਤੇ ਪ੍ਰੇਰਕ ਸ਼ਕਤੀਆਂ ਦੀ ਵਿਆਖਿਆ ਕਰਦੀ ਹੈ। ਡਾ. ਜਗਬੀਰ ਸਿੰਘ ਦਾ ਵਿਚਾਰਧਾਰਾ ਸੰਬੰਧੀ ਵਿਚਾਰ ਇਹ ਹੈ:

> ਵਿਚਾਰਧਾਰਾ ਮੂਲ ਰੂਪ ਵਿਚ ਸਮਾਜ ਵਿਗਿਆਨ ਦੇ ਖੇਤਰ ਵਿਚ ਵਿਕਸਿਤ ਹੋਈ ਧਾਰਣਾ ਹੈ। ਇਹ ਕਿਸੇ ਸਮਾਜ ਸਭਿਆਚਾਰ ਵਿੱਚ ਪ੍ਰਚੱਲਤ ਵਿਚਾਰਾਂ ਵਿਸ਼ਵਾਸਾਂ, ਕਦਰਾਂ ਕੀਮਤਾਂ ਅਤੇ ਅਰਥਾਂ ਦਾ ਅਜਿਹਾ ਸੰਗਠਨ ਹੈ, ਜਿਸਦੇ ਮਾਧਿਅਮ ਰਾਹੀਂ ਕੋਈ ਮਨੁੱਖੀ ਭਾਈਚਾਰਾ ਹੋਂਦ ਅਤੇ ਜੀਵਨ ਵਿਧੀ ਨੂੰ ਅਰਥ ਸਾਰਥਕਤਾ ਪ੍ਰਦਾਨ ਕਰਦਾ ਹੈ। ਵਿਚਾਰਧਾਰਾ ਦੀ ਮੁਢਲੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਮਾਜਿਕ, ਆਰਥਿਕ ਬਣਤਰ ਵਿਚਲੇ ਵਾਸਤਵਿਕ ਵਿਰੋਧਾਂ ਨੂੰ ਕਲਪਨਾਸ਼ੀਲ ਢੰਗ ਨਾਲ ਸੁਲਝਾਉਣ ਵਲ ਰੁਚਿਤ ਹੁੰਦੀ ਹੈ।[5]

ਸੋ ਵਿਚਾਰਧਾਰਾ ਉਹ ਮਨੁੱਖੀ ਵਿਵਹਾਰ ਹੈ ਜਿਸ ਰਾਹੀਂ ਵਿਚਾਰਾਂ, ਵਿਸ਼ਵਾਸ ਤੇ ਉਹ ਕਦਰਾਂ ਕੀਮਤਾਂ ਗ੍ਰਹਿਣ ਕੀਤੀਆਂ ਹਨ ਜੋ ਉਸ ਨੇ ਇਕ ਵਿਕਸਿਤ ਸਮਾਜਿਕ ਸੱਭਿਆਚਾਰਕ ਪੜਾਵਾਂ ਤੋਂ ਪ੍ਰਾਪਤ ਕੀਤੀਆਂ ਹਨ। ਹਰ ਸਮਾਜ ਵਿਚਾਰਧਾਰਾ ਦਾ ਧਾਰਣੀ ਹੁੰਦਾ ਹੈ ਉਸ ਦਾ ਰੂਪ ਭਾਵੇਂ ਕੋਈ ਵੀ ਹੋਵੇ। ਸੋ ਵਿਚਾਰਧਾਰਾ ਦੀ ਪਰਿਭਾਸ਼ਾ ਨੂੰ ਜਾਨਣ ਤੋਂ ਬਾਅਦ ਹੁਣ ਸਿੱਖ ਸ਼ਹਾਦਤ ਪਰੰਪਰਾ ਪਿੱਛੇ ਕਾਰਜਸ਼ੀਲ ਵਿਚਾਰਧਾਰਾ ਨੂੰ ਸਮਝਣ ਦਾ ਯਤਨ ਕੀਤਾ ਜਾਵੇਗਾ।

ਸਿੱਖ ਸ਼ਹਾਦਤ ਪਰੰਪਰਾ ਦਾ ਵਿਚਾਰਧਾਰਾਈ ਧਰਾਤਲ ਸਿੱਖ ਸਿਧਾਤਾਂ ਦੀ ਦੇਣ ਹੈ ਜਿਸ ਪਿੱਛੇ ਕਾਰਜਸ਼ੀਲ ਚਿੰਤਨ ਸ਼ਕਤੀ ਤੇ ਕੁਰਬਾਨੀ ਦਾ ਪ੍ਰਵਚਨ ਹੈ ਜਿਸਦਾ ਮੁੱਖ ਕਾਰਜ ਨਵੇਂ ਸਮਾਜ ਦੀ ਸਿਰਜਣਾ ਸੀ। ਸਿੱਖ ਸ਼ਹਾਦਤ ਪਰੰਪਰਾ ਆਪਣੇ ਸਮੇਂ ਦੀ ਮੁਗਲ ਹਕੂਮਤ ਵੱਲੋਂ ਆਈਆਂ ਚੁਣੌਤੀਆਂ ਨਾਲ ਸਿਧਾਂਤਕ ਅਤੇ ਵਿਹਾਰਕ ਪੱਧਰ ਤੇ ਟੱਕਰ ਲੈਂਦੀ ਹੈ। ਉਸ ਸਮੇਂ ਸਮਾਜ ਵਿੱਚ ਮਨੁੱਖੀ ਸਖਸ਼ੀ ਅਜ਼ਾਦੀ ਅਤੇ ਧਾਰਮਿਕ, ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਪੱਧਰ ਤੇ ਜੋ ਜ਼ੋਰ ਜ਼ਬਰਦਸਤੀ ਹੋ ਰਹੀ ਸੀ ਉਸ ਸਥਿਤੀ ਦਾ ਸੰਪੂਰਨ ਬਦਲਾਅ ਕਰਨ ਦਾ ਟੀਚਾ ਧਾਰਦੀ ਹੈ। ਇਹ ਵਿਚਾਰਧਾਰਾ ਮਨੁੱਖੀ ਹਿੱਤਾਂ ਦੀ ਦ੍ਰਿਸ਼ਟੀ ਤੋਂ ਮਨੁੱਖੀ ਅਜ਼ਾਦੀ ਦਾ ਰਾਹ ਖੋਲ੍ਹਦੀ ਅਤੇ ਸਰਬ ਮਾਨਵ ਹਿਤੈਸ਼ੀ ਵਿਚਾਰਧਾਰਾ ਪੇਸ਼ ਕਰਦੀ ਹੈ। ਇਹ ਵਿਚਾਰਧਾਰਾ ਪਤਨਸ਼ੀਲ ਭਾਰਤੀ ਸਮਾਜ ਅੰਦਰ ਨਵੀਂ ਰੂਹ ਫੂਕਣ ਵਾਲੀ ਹੈ। ਇਸ

ਵਿਚਾਰਧਾਰਾ ਨੇ ਮਨੁੱਖ ਨੂੰ ਮਨੁੱਖ ਦੀ ਪੱਧਰ ਤੇ ਸੁਚੇਤ ਕਰਦਿਆਂ ਸਖਸ਼ੀ ਜੀਵਨ ਨੂੰ ਉੱਚਾ ਚੁੱਕਣ ਲਈ ਆਪੇ ਦੀ ਪਛਾਣ ਵਲ ਰੁਚਿਤ ਕੀਤਾ ਅਤੇ ਉਸ ਨੂੰ ਇਹ ਵੀ ਪਛਾਣ ਦਿੱਤੀ ਕਿ ਉਸ ਵਿਚ ਅਸੀਮ ਸਮਰੱਥਾ ਹੈ ਜਿਸ ਨੂੰ ਅਨੁਭਵ ਕਰਕੇ ਉਹ ਸੰਤੁਲਿਤ ਜੀਵਨ ਬਤੀਤ ਕਰ ਸਕਦਾ ਹੈ ਭਾਵ ਸਮਾਜ ਵਿਚ ਰਹਿੰਦਿਆਂ ਮਨੁੱਖ ਸੰਤੁਲਿਤ ਜੀਵਨ ਬਤੀਤ ਕਰਦਾ ਹੋਇਆ ਸਹਿਜ, ਸੰਜਮ, ਸੰਤੋਖ, ਸਮਾਨਤਾ ਤੇ ਸਹਿਯੋਗ ਨਾਲ ਰਹਿੰਦਿਆਂ ਹੋਇਆਂ ਵੀ ਮਾਨਵ ਅਜ਼ਾਦੀ ਨੂੰ ਬਰਕਰਾਰ ਰੱਖ ਸਕਦਾ ਹੈ। ਉਪਰੋਕਤ ਆਦਰਸ਼ਾਂ ਰਾਹੀਂ ਸਿੱਖ ਸ਼ਹਾਦਤ ਪਰੰਪਰਾ ਦੇ ਫਲਸਫੇ ਪਿੱਛੇ ਕਾਰਜਸ਼ੀਲ ਕੁਝ ਵਿਸ਼ੇਸ਼ ਨੁਕਤੇ ਹਨ ਜਿਨ੍ਹਾਂ ਨੂੰ ਖੋਜਣ ਦਾ ਯਤਨ ਕੀਤਾ ਗਿਆ ਹੈ। ਸਿੱਖ ਫਲਸਫੇ ਵਿੱਚ ਉਸ ਪਰਮਾਤਮਾ ਸੰਬੰਧੀ ਇਕੀਸ਼ਵਰਵਾਦ ਦਾ ਸੰਕਲਪ ਹੈ ਅਤੇ ਇਸ ਪਰੰਪਰਾ ਦਾ ਵਿਚਾਰਧਾਰੀ ਆਧਾਰ ਇੱਕ ਪਰਮਾਤਮਾ ਉੱਤੇ ਯਕੀਨ ਰੱਖਣਾ ਹੈ।

**ਇਕੀਸ਼ਵਰਵਾਦ**:-ਸਿੱਖ ਸ਼ਹਾਦਤ ਪਰੰਪਰਾ ਦੀ ਵਿਚਾਰਧਾਰਾਈ ਪਰਿਪਾਟੀ ਇਕ ਪਰਮਾਤਮਾ ਉਤੇ ਯਕੀਨ ਦੀ ਹੈ । ਹਿੰਦੂ ਮੱਤ ਵਿਚ ਮੂਰਤੀ ਪੂਜਾ ਤੇ ਬਹੁ ਦੇਵਵਾਦ ਦਾ ਵਿਚਾਰ ਹੈ ਜਿਸ ਦਾ ਸਿੱਖ ਪਰੰਪਰਾ ਨੇ ਖੰਡਨ ਕੀਤਾ ਹੈ। ਵੇਦਾਂਤ ਨੇ ਪਰਮਾਤਮਾ ਦੇ ਦੋ ਰੂਪ ਮੰਨੇ ਹਨ ਜੋ ਸਰਗੁਣ ਬ੍ਰਾਹਮ ਤੇ ਨਿਰਗੁਣ ਬ੍ਰਾਹਮ ਦੀ ਧਾਰਣਾ ਵਿਚ ਵੰਡੇ ਹੋਏ ਸਨ। ਸਾਂਖ ਸ਼ਾਸਤਰ ਇਸ ਨੂੰ 'ਪ੍ਰਕ੍ਰਿਤੀ' ਤੇ 'ਪੁਰਸ਼' ਵਿਚ ਵੰਡਦਾ ਹੈ। ਬ੍ਰਹਮਣਵਾਦ ਨੇ 'ਤ੍ਰੈ-ਮੂਰਤੀ' ਬ੍ਰਹਮਾ ਵਿਸ਼ਨੂੰ ਅਤੇ ਮਹੇਸ਼ ਤੇ ਤੇਤੀ ਕਰੋੜ ਦੇਵਤਿਆਂ ਵਿਚ ਰੱਬੀ ਹੋਂਦ ਨੂੰ ਮੰਨਿਆ ਹੈ ਪਰ ਸਿੱਖ ਪਰੰਪਰਾ ਦੀ ਨੀਂਹ ਇਕ ਪਰਮਾਤਮਾ ਦੇ ਵਿਸ਼ਵਾਸ ਉਤੇ ਅਧਾਰਤ ਹੈ। ਪਰਮਾਤਮਾ ਇਕ ਹੈ। ਉਹੀ ਅਕਾਲ ਪੁਰਖ ਹੈ। ਸਾਰੀ ਸ੍ਰਿਸ਼ਟੀ ਦਾ ਰਚਨਹਾਰ ਇਕ ਹੈ। ਉਹੀ ਸਰਬ ਵਿਆਪਕ ਹੈ। ਉਹ ਭੈਅ, ਵੈਰ ਤੇ ਜੂਨਾ ਤੋਂ ਰਹਿਤ ਹੈ। ਇਸ ਸੰਬੰਧੀ ਡਾ. ਜਸਪਾਲ ਕੌਰ ਕਾਂਗ ਦਾ ਵਿਚਾਰ ਹੈ:

> ਬਾਣੀ ਚਿੰਤਨ ਨੇ ਇਕ ਬ੍ਰਹਮ ਦੀ ਹੋਂਦ ਵੱਲ ਸੰਕੇਤ ਕਰਕੇ ਉਹਨਾਂ ਸਾਰੇ ਭਰਮਾਂ ਨੂੰ ਰੱਦ ਕੀਤਾ ਹੈ ਜੋ ਬ੍ਰਹਮ ਦੀ ਹੋਂਦ ਦੁਆਲੇ ਸਿਰਜੇ ਗਏ ਹਨ। ਪਰਮਾਤਮਾ ਇਕ ਹੈ ਅਤੇ ਉਸਦੀ ਹੋਂਦ ਸਦੀਵੀ ਹੈ। ਬਾਣੀ ਵਿਚ ਜਿਸ ਇਕ ਪਰਮਾਤਮਾ ਦਾ

ਸੰਕਲਪ ਉਸਾਰਿਆ ਗਿਆ ਹੈ ਉਹ ਸੰਕਲਪ ਪਰਮਾਤਮਾ ਦੇ
'ਅਜੂਨੀ' ਅਤੇ 'ਅਕਾਲ' ਰੂਪ ਦਾ ਹੈ।[6]

ਉਹ ਪਰਮਾਤਮਾ ਹੀ ਅਕਾਲ ਹੈ ਬਾਕੀ ਸਭ ਕਾਲ ਨੂੰ ਪ੍ਰਾਪਤ ਹੁੰਦੇ ਹਨ:

ਕਾਲ ਪਾਇ ਬ੍ਰਹਮਾ ਬਪੁ ਧਰਾ॥
ਕਾਲ ਪਾਇ ਸਿਵਜੂ ਅਵਤਰਾ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ॥
ਸਕਲ ਕਾਲ ਕਾ ਕੀਯਾ ਤਮਾਸਾ॥[7]

ਉਹ ਅਕਾਲ ਪੁਰਖ ਸਭ ਦੇਵੀ ਦੇਵਤਿਆਂ ਨਾਲੋਂ ਉੱਚਾ ਹੈ। ਕਰਤਾਰ ਆਪ ਹੀ ਸਭ ਕੁਝ ਕਰਨ ਦੇ ਸਮੱਰਥ ਹੈ। ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਉਸ ਪਰਮਾਤਮਾ ਦਾ ਹੀ ਸਰੂਪ ਮਿਥੇ ਗਏ ਹਨ:

ਬ੍ਰਹਮਾ ਬਿਸਨੁ ਮਹੇਸ ਇਕ॥
ਮੂਰਤਿ ਆਪੇ ਕਰਤਾ ਕਾਰੀ॥[8]

'ਇਕ ਪਰਮਾਤਮਾ' ਦੀ ਸ਼ਕਤੀ ਨੂੰ ਮੰਨਣ ਦਾ ਸੰਕਲਪ ਸਮਾਜਿਕ ਮਹੱਤਤਾ ਰੱਖਦਾ ਹੈ। ਹਿੰਦੂ ਧਰਮ ਵਿਚਲੀ 'ਬਹੁਦੇਵਵਾਦ' ਦੀ ਧਾਰਣਾ ਸਮਾਜਿਕ ਵਖਰੇਵੇਂ ਪੈਦਾ ਕਰਦੀ ਹੈ। ਬਹੁਦੇਵਵਾਦ ਦੀ ਧਾਰਣਾ ਨੇ ਸਮਾਜ ਦੀ ਏਕਤਾ ਨੂੰ ਜੜ੍ਹੋਂ ਪੁਟਿਆ ਹੈ ਅਤੇ ਸਮਾਜ ਵਿਚ ਊਚ-ਨੀਚ, ਵੈਰ ਵਿਰੋਧ, ਨਫਰਤ ਦੀ ਭਾਵਨਾ ਪੈਦਾ ਕੀਤੀ ਹੈ। ਸਿੱਖ ਸ਼ਹਾਦਤ ਪਰੰਪਰਾ ਦਾ ਵਿਚਾਰਧਰਾਈ ਅਧਾਰ ਇਕ ਪਰਮਾਤਮਾ ਦੇ ਸੰਕਲਪ ਨੂੰ ਪੇਸ਼ ਕਰਦਾ ਹੋਇਆ, ਦਵੈਤ ਦੀ ਭਾਵਨਾ ਨੂੰ ਖਤਮ ਕਰਨ ਦਾ ਸੰਦੇਸ਼ ਦਿੰਦਾ ਹੈ ਕਿਉਂਕਿ ਜੇਕਰ ਪਰਮਾਤਮਾ ਦੇ ਸਰੂਪ ਨੂੰ ਦਵੈਤ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ ਤਾਂ ਸ੍ਰਿਸ਼ਟੀ ਦੇ ਵੀ ਇਕ ਤੋਂ ਵੱਧ ਰਚਣਹਾਰੇ ਬਣ ਜਾਂਦੇ ਹਨ ਅਤੇ ਸਮਾਜ ਇਕ ਤੋਂ ਵੱਧ ਇਕਾਈਆਂ ਵਿਚ ਵੰਡਿਆ ਜਾਂਦਾ ਹੈ। ਦਵੈਤ ਦੀ ਭਾਵਨਾ ਮਨੁੱਖੀ ਏਕਤਾ ਨੂੰ ਸਥਾਪਿਤ ਨਹੀਂ ਕਰ ਸਕਦੀ। ਇਸ ਸੰਬੰਧੀ ਡਾ. ਪਰਮਵੀਰ ਸਿੰਘ ਕਹਿੰਦੇ ਹਨ:

> ਗੁਰਬਾਣੀ ਵਿਚ ਪਰਮਾਤਮਾ ਨੂੰ ਇਕ ਕਰਕੇ ਜਾਣਿਆ ਜਾਂਦਾ ਹੈ ਪਰਮਾਤਮਾ ਦੀ ਇੱਕਤਾ ਨੂੰ ਵੀ ਸਾਰੀ ਸ੍ਰਿਸ਼ਟੀ ਅਤੇ ਸਮਾਜ ਵਿਚਲੀ ਏਕਤਾ ਦਾ ਪ੍ਰਤੀਕ ਮੰਨਿਆ ਗਿਆ ਹੈ। ਇਸ ਏਕਤਾ ਦਾ ਸੰਦੇਸ਼ ਧਾਰਮਿਕ ਸਮਾਜਿਕ ਤੇ ਦਾਰਸ਼ਨਿਕ ਚੇਤਨਾ ਦਾ ਅਧਾਰ ਹੈ।[9]

ਇਸ ਪ੍ਰਕਾਰ ਇੱਕ ਪਰਮਾਤਮਾ ਦੀ ਹੋਂਦ ਦੇ ਵਿਚਾਰਧਰਾਈ ਸੰਕਲਪ ਰਾਹੀਂ ਸਿੱਖ ਸ਼ਹਾਦਤ ਪਰੰਪਰਾ ਸਮੁੱਚੇ ਸਮਾਜ ਨੂੰ ਏਕਤਾ ਤੇ ਸਮਾਨਤਾ ਦੇ ਸੂਤਰ ਵਿਚ ਪਰੋਂਦੀ ਹੈ। ਸਿੱਖ ਪਰੰਪਰਾ ਵਿਚ ਗੁਰੂ ਸਾਹਿਬਾਨ ਦੀਆਂ ਸ਼ਹਾਦਤਾਂ ਇਸ ਦਾ ਪ੍ਰਤੱਖ ਪ੍ਰਮਾਣ ਹਨ ਕਿ ਸਮਾਜ ਵਿਚ ਸਮਾਨਤਾ ਤੇ ਏਕਤਾ ਸਥਾਪਿਤ ਕਰਨ ਲਈ ਸ਼ਹਾਦਤ ਇਕ ਸੱਚਾ-ਸੁੱਚਾ ਕਰਮ ਰਿਹਾ ਹੈ।

**ਮਨੁੱਖੀ ਜੀਵਨ ਦੀ ਬੰਧਨ ਮੁਕਤ ਮਾਨਵ ਹੋਂਦ**

ਸਿੱਖ ਸ਼ਹਾਦਤ ਪਰੰਪਰਾ ਦੇ ਵਿਚਾਰਧਾਰਿਕ ਫਲਸਫੇ ਅਨੁਸਾਰ ਮਨੁੱਖ ਇਸ ਧਰਤੀ ਉੱਤੇ ਅਜ਼ਾਦ ਹਸਤੀ ਲੈ ਕੇ ਪੈਦਾ ਹੋਇਆ ਹੈ। ਸਿੱਖ ਪਰੰਪਰਾ ਇਸਾਈ ਧਰਮ ਦੀ ਬਾਬਾ ਆਦਮ ਅਤੇ ਬੇਬੇ ਹਵਾ ਵਾਲੀ ਮਿੱਥ ਅਤੇ ਹਿੰਦੂ ਧਰਮ ਦੇ ਕਰਮ ਸਿਧਾਂਤ ਦਾ ਖੰਡਨ ਕਰਦੀ ਹੈ। ਸਿੱਖ ਵਿਚਾਰਧਾਰਾ ਅਨੁਸਾਰ ਮਨੁੱਖ ਦੇ ਪਾਪਾਂ ਤੋਂ ਮੁਕਤੀ ਦਾ ਕੋਈ ਇਕ ਦਿਨ ਹੀ ਨਹੀਂ ਹੈ। ਕੋਈ ਇਕ ਰੱਬ ਦਾ ਪੁੱਤਰ ਮਨੁੱਖ ਨੂੰ ਮੁਕਤੀ ਨਹੀਂ ਦੇ ਸਕਦਾ ਇਸ ਲਈ ਸਿੱਖ ਸ਼ਹਾਦਤ ਪਰੰਪਰਾ ਮਨੁੱਖ ਨੂੰ ਉਸ ਸਰਵਵਿਆਪੀ ਪਰਮਾਤਮਾ ਦਾ ਪੈਦਾ ਕੀਤਾ ਹੋਇਆ ਅਜ਼ਾਦ ਸ਼ਖ਼ਸ ਸਵੀਕਾਰ ਕਰਦੀ ਹੈ ਜਿਸ ਦੇ ਕਰਮ ਅਤੇ ਮੁਕਤੀ ਦਾ ਉਹ ਖੁਦ ਜ਼ਿੰਮੇਵਾਰ ਹੈ ਨਾ ਕਿ ਕਿਸੇ ਦੂਸਰੇ ਦੀ ਮੁਥਾਜੀ ਅਤੇ ਮੁਕਤੀ ਦਾ ਲਾਰਾ ਉਸ ਦੇ ਜੀਵਨ ਨੂੰ ਨਿਰਧਾਰਤ ਕਰਦਾ ਹੈ। ਮਨੁੱਖੀ ਜੀਵਨ ਦੀ ਅਜ਼ਾਦ ਹੋਂਦ ਸੰਬੰਧੀ ਪ੍ਰਿੰ: ਸੁਰਜੀਤ ਸਿੰਘ ਦਾ ਵਿਚਾਰ ਬਹੁਤ ਪ੍ਰਾਸੰਗਿਕ ਹੈ:

> ਸਿੱਖ ਵਿਚਾਰਧਾਰਾ ਅਨੁਸਾਰ ਮਨੁੱਖ ਸਰਾਪੀ ਰੂਹ ਲੈ ਕੇ ਜਨਮ ਨਹੀਂ ਲੈਂਦਾ। ਮਨੁੱਖ ਧਰਤੀ ਉਤੇ ਇਸ ਸਰਾਪ ਦੀ ਸਜਾ ਭੋਗਣ ਨਹੀਂ ਆਉਂਦਾ ਜਿਸ ਤੋਂ ਖਲਾਸੀ ਉਸ ਨੂੰ ਮਰਨ ਤੋਂ ਕਈ ਸਦੀਆਂ ਪਿਛੋਂ

> ਕਿਆਮਤ ਵਾਲੇ ਦਿਨ ਰੱਬ ਦੇ ਕਿਸੇ ਪੁੱਤਰ ਜਾਂ ਪੈਗੰਬਰ ਦੀ ਮੁਥਾਜੀ ਦੀ ਸਿਫ਼ਾਰਸ਼ ਨਾਲ ਹੋਣੀ ਹੁੰਦੀ ਹੈ।[10]

ਸਿੱਖ ਵਿਚਾਰਧਾਰਾ ਵਿਚ ਕੇਂਦਰੀ ਬਿੰਦੂ ਹੀ ਮਨੁੱਖ ਹੈ ਉਹ ਦੈਵੀ ਸ਼ਕਤੀ ਦਾ ਅੰਸ਼ ਹੈ। ਉਸਦੀ ਜੋਤ ਹੈ। ਇਸੇ ਲਈ ਮਨੁੱਖ ਆਪ ਹੀ ਦੈਵੀ ਸ਼ਕਤੀ ਦਾ ਅੰਗ ਹੈ ਅਤੇ ਉਸ ਦੀ ਪਛਾਣ ਵੀ ਉਹੀ ਕਰ ਸਕਦਾ ਹੈ। ਗੁਰਬਾਣੀ ਅਨੁਸਾਰ ਇਸਦਾ ਆਦਰਸ਼ ਹੈ:

> ਮਨ ਤੂੰ ਜੋਤਿ ਸਰੂਪੁ ਹੈ ਆਪਣਾ॥
> ਮੂਲੁ ਪਛਾਣੁ॥[11]

**ਕਰਮ ਕਾਂਡ ਤੋਂ ਅਜ਼ਾਦੀ:-** ਸਿੱਖ ਸ਼ਹਾਦਤ ਪਰੰਪਰਾ ਦਾ ਵਿਚਾਰ ਉਸ ਪਰਮਾਤਮਾ ਦੇ ਹੁਕਮ ਵਿਚ ਰਹਿਣ ਨੂੰ ਅਤੇ ਆਤਮਿਕ ਗੁਣਾ ਨੂੰ ਧਾਰਨ ਕਰਕੇ ਆਤਮਿਕ ਤੌਰ ਤੇ ਉੱਚੇ ਤੇ ਸੁੱਚੇ ਹੋਣ ਨੂੰ ਚੰਗੇ ਮਨੁੱਖ ਅਤੇ ਸਮਾਜ ਦੀ ਨਿਸ਼ਾਨੀ ਮੰਨਿਆ ਹੈ। ਇਸ ਲਈ ਮਨੁੱਖ ਵਿਚ ਉਚੇਰੀਆਂ ਮਾਨਵੀ ਕਦਰਾਂ ਕੀਮਤਾਂ ਦਾ ਹੋਣਾ ਜ਼ਰੂਰੀ ਮੰਨਿਆ ਗਿਆ। ਮਨੁੱਖ ਦਾ ਧਰਮ ਵਰਗ ਵਿਸ਼ੇਸ਼ ਦੀ ਉਸਤਤਿ ਨਿੰਦਿਆ ਤੋਂ ਉਪਰ ਉੱਠ ਕੇ ਆਤਮਿਕ ਗੁਣਾਂ ਨੂੰ ਦ੍ਰਿੜ ਕਰਵਾਉਣਾ ਹੈ। ਰਸਮੀ ਪਾਬੰਦੀਆਂ ਤੋਂ ਬਾਅਦ ਕਰਮ ਕਾਂਡਾਂ ਦੇ ਸਿਲਸਿਲੇ ਤੋਂ ਅਜ਼ਾਦੀ ਇਸ ਪਰੰਪਰਾ ਦਾ ਖਾਸਾ ਹੈ। ਡਾ. ਜਸਪਾਲ ਕੌਰ ਕਾਂਗ ਦਾ ਵਿਚਾਰ ਹੈ:

> ਗੁਰੂ ਨਾਨਕ ਬਾਣੀ ਅੰਦਰ ਧਰਮ ਦਾ ਸਰਲੀਕਰਨ ਹੋਇਆ ਹੈ। ਵਹਿਮਾਂ ਭਰਮਾਂ, ਜਾਦੂ ਟੂਣੇ, ਅੰਧ ਵਿਸ਼ਵਾਸ, ਕਠਿਨ ਤਪੱਸਿਆ, ਜਾਤ-ਪਾਤ, ਊਚ-ਨੀਚ ਤੇ ਕਰਮ-ਕਾਂਡ ਦੀ ਸਖਤ ਨਿਖੇਧੀ ਕਰਦਿਆਂ ਇਕ ਸਰਬ ਸਾਂਝੇ ਤੇ ਸਰਬ ਧਰਮ ਦਾ ਆਦਰਸ਼ ਮਾਡਲ ਪੇਸ਼ ਕੀਤਾ ਗਿਆ ਹੈ। [12]

ਸਿੱਖ ਵਿਚਾਰਧਾਰਾ ਇਸ ਗੱਲ ਨੂੰ ਦ੍ਰਿੜ ਕਰਾਉਂਦੀ ਹੈ ਕਿ ਕਿਸੇ ਸ਼ੈਤਾਨ ਦੀ ਹੋਂਦ ਮਨੁੱਖ ਨੂੰ ਸੱਚੇ ਮਾਰਗ ਤੋਂ ਕੁਰਾਹੇ ਨਹੀਂ ਪਾ ਸਕਦੀ। ਮਨੁੱਖ ਉਸ ਨਿਰਭਓ, ਨਿਰਵੈਰ ਧਰਮ ਸੱਚੇ ਕਰਤਾ ਪੁਰਖ ਦੀ ਜੋਤਿ ਹੈ। ਆਪਣੀ ਜੋਤਿ ਲਈ ਪਰਮਾਤਮਾ ਮਨੁੱਖ ਦੇ ਰਸਤੇ ਵਿਚ

ਰੁਕਾਵਟ ਨਹੀਂ ਬਣਦਾ। ਇਸ ਲਈ ਮਨੁੱਖ ਦਾ ਬਾਹਰੀ ਕਰਮ ਕਾਂਡਾਂ ਨਾਲੋਂ ਹੱਟ ਕੇ ਅੰਦਰੂਨੀ ਗੁਣਾਂ ਦਾ ਧਾਰਣੀ ਹੋਣਾ ਜ਼ਰੂਰੀ ਦੱਸਿਆ ਗਿਆ ਹੈ। ਸਿੱਖ ਪਰੰਪਰਾ ਦਾ ਵਿਚਾਰ ਕਿਸੇ ਬੁੱਤ ਪੂਜਾ, ਵਰਤ, ਤੀਰਥ ਇਸ਼ਨਾਨ ਤੇ ਸ਼ਗਨ-ਅਪਸ਼ਗਨ ਦਾ ਖੰਡਨ ਕਰਦਾ ਹੈ। ਮੱਧਕਾਲੀ ਗੁਰਮਤਿ ਪਰੰਪਰਾ ਭਾਰਤੀ, ਸਮਾਜ ਵਿਚ ਪ੍ਰਚਲਤ ਬੇਲੋੜੀਆਂ ਰਸਮਾਂ ਰੀਤਾਂ, ਕਰਮਕਾਂਡੀ ਆਡੰਬਰਾਂ ਅਤੇ ਜਾਤੀ ਪ੍ਰਥਾ ਦੇ ਮਾਨਵ ਦੋਖੀ ਕਿਰਦਾਰ ਨੂੰ ਉਘਾੜਦੀ ਹੈ।[13]

ਕਰਮਕਾਂਡਾਂ ਦੀ ਕੋਈ ਮਹੱਤਤਾ ਨਹੀਂ ਹੈ। ਪਰਮਾਤਮਾ ਨੂੰ ਯਾਦ ਕਰਨਾ ਹੀ ਅਸਲੀ ਕਰਮ ਮੰਨਿਆ ਗਿਆ ਹੈ ਅਤੇ ਸ਼ਬਦ ਸਿਮਰਨ, ਮੰਨਣ ਤੇ ਇਸਨੂੰ ਮਤਿ, ਮਨ, ਬੁਧਿ ਵਿਚ ਬੈਠਾਉਣ ਨੂੰ ਹੀ ਤਰਜੀਹ ਦਿੱਤੀ ਗਈ ਹੈ। ਸਿੱਖ ਸ਼ਬਦ ਨੂੰ ਹੀ ਬ੍ਰਹਮ ਸ਼ਕਤੀ ਮੰਨਦਾ ਹੈ ਪੋਥੀ ਪਰਮੇਸ਼ਵਰ ਥਾਨਿ ਤੋਂ ਭਾਵ ਹੀ ਇਹ ਹੈ ਕਿ ਪੋਥੀ ਵਿਚਲਾ ਸ਼ਬਦ ਅਦਬਯੋਗ ਹੈ ਤੇ ਉਸ ਨੂੰ ਹੀ ਅਹਿਮੀਅਤ ਦਿੱਤੀ ਗਈ ਹੈ:

ਗੁਰ ਕੀ ਕਾਰ ਕਮਾਇ ਲਾਹਾ।।
ਘਰਿ ਆਨਿਆ।।
ਗੁਰਬਾਣੀ ਨਿਰਬਾਣੁ ਸਬਦਿ।।
ਪਛਾਨਿਆ।। [14]

ਸਿੱਖ ਵਿਚਾਰਧਾਰਾ ਦੇ ਆਸ਼ੇ ਅਨੁਸਾਰ ਮੂਰਤੀ ਪੂਜਾ ਦਾ ਖੰਡਨ ਕੀਤਾ ਗਿਆ ਹੈ। ਸ੍ਰਿਸ਼ਟੀ ਉਸ ਪਰਮਾਤਮਾ ਦੇ ਹੁਕਮ ਵਿਚ ਬੱਝੀ ਹੋਈ ਹੈ। ਇਸ ਲਈ ਦੇਵੀ ਦੇਵਤਿਆਂ, ਗ੍ਰਹਿ, ਨਛੱਤਰਾਂ, ਦਿਨ, ਵਾਰਾਂ, ਮੱਸਿਆ। ਇਕਾਦਸ਼ੀ, ਪੂਰਨਮਾਸ਼ੀ, ਆਦਿ ਦੇ ਮਨੁੱਖ ਤੇ ਚੰਗੇ ਮਾੜੇ ਪ੍ਰਭਾਵ ਨੂੰ ਗ੍ਰਹਿਣ ਕਰਨ ਤੋਂ ਇਨਕਾਰੀ ਹੈ। ਗ੍ਰਹਿਾਂ ਦੇ ਮੰਦੇ ਪ੍ਰਭਾਵਾਂ ਨੂੰ ਦਾਨ-ਪੁਨ, ਇਸ਼ਨਾਨ ਪਾਠ-ਪੂਜਾ ਕਰਕੇ ਨਹੀਂ ਟਾਲਿਆ ਜਾ ਸਕਦਾ। ਇਹ ਮਨੁੱਖੀ ਅਗਿਆਨਤਾ ਹੈ। ਪਰਮਾਤਮਾ ਦੇ ਹੁਕਮ ਨੂੰ ਮੰਨਣਾ ਜ਼ਰੂਰੀ ਹੈ ਕਿਉਂਕਿ ਸਾਰੀ ਸ੍ਰਿਸ਼ਟੀ ਦੀ ਚਾਲ ਵੀ ਇਹੋ ਹੀ ਹੈ:

ਭੈ ਵਿਚਿ ਸੂਰਜੁ॥

ਭੈ ਵਿਚਿ ਚੰਦੁ॥

ਕੋਹ ਕਰੋੜੀ ਚਲਤ ਨ ਅੰਤੁ॥[15]

ਜੋ ਪਾਥਰ ਕਉ ਕਹਤੇ ਦੇਵ॥

ਤਾ ਕੀ ਬਿਰਥਾ ਹੋਵੇ ਸੇਵ॥

ਜੋ ਪਾਥਰ ਕੀ ਪਾਈ ਪਾਇ॥

ਤਿਸ ਕੀ ਘਾਲ ਅਜਾਈ ਜਾਇ॥

ਠਾਕਰੁ ਹਮਰਾ ਸਦ ਬੋਲੰਤਾ॥

ਸਰਬ ਜੀਆਂ ਕਉ ਪ੍ਰਭੁ ਦਾਨੁ ਦੇਤਾ॥[16]

ਡਾ. ਜਗਜੀਤ ਸਿੰਘ ਪੁਸਤਕ ਸਿੱਖ ਇਨਕਲਾਬ ਵਿੱਚ ਆਪਣਾ ਵਿਚਾਰ ਦਿੰਦੇ ਹਨ:

> ਸਿੱਖ ਗੁਰੂਆਂ ਨੇ ਅਵਤਾਰਵਾਦ ਤੇ ਹੋਰ ਧਾਰਮਿਕ ਗ੍ਰੰਥਾਂ ਦੇ ਪ੍ਰਭਾਵ ਨੂੰ ਹੀ ਨਹੀਂ ਮੰਨਿਆ ਉਨ੍ਹਾਂ ਅਵਤਾਰਵਾਦ ਦੇ ਸਿਧਾਂਤ ਦਾ ਖੰਡਨ ਕੀਤਾ, ਹਿੰਦੂ ਮਤ ਦੇ ਸਾਰੇ ਦੇਵੀ ਦੇਵਤਿਆਂ ਨੂੰ ਨਹੀਂ ਅਪਣਾਇਆ। ਬੁੱਤ ਪੂਜਾ, ਕਰਮ ਕਾਂਡ ਤੇ ਰੀਤਾਂ ਰਸਮਾਂ ਦੀ ਨਿਖੇਧੀ ਕੀਤੀ ਹੈ।[17]

ਸਿੱਖ ਵਿਚਾਰਧਾਰਕ ਪਰੰਪਰਾ ਅਨੁਸਾਰ ਮੁਕਤੀ ਪ੍ਰਾਪਤੀ ਲਈ ਕਰਮਕਾਂਡਾਂ ਦੀ ਲੋੜ ਨਹੀਂ ਹੈ ਪੂਜਾ ਪਾਠ, ਯੋਗ, ਖਾਸ ਜਗ੍ਹਾ ਉਤੇ ਕੀਤੇ ਤੀਰਥ ਇਸ਼ਨਾਨ ਕਰਕੇ ਨਹੀਂ ਪਾਈ ਜਾ ਸਕਦੀ। ਮੁਕਤੀ ਆਤਮਿਕ ਅਤੇ ਨੈਤਿਕ ਜੀਵਨ ਜਿਊਣ ਵਿਚ ਹੈ। ਗੁਰੂ ਸਾਹਿਬਾਨ ਨੇ ਮੁਕਤੀ ਨੂੰ ਸੰਸਾਰ ਤੋਂ ਛੁਟਕਾਰਾ ਪਾਉਣ ਦਾ ਸਾਧਨ ਨਹੀਂ ਸੰਸਾਰ ਵਿਚ ਰਹਿ ਕੇ ਸਰਗਰਮ ਜੀਵਨ ਜਿਊਣ ਵਿਚ ਮੰਨਿਆ ਹੈ। ਗੁਰੂ ਸਾਹਿਬਾਨ ਨੇ ਮੁਕਤੀ ਨੂੰ ਸਮਾਜ ਸੇਵਾ ਨਾਲ ਜੋੜਦਿਆਂ ਇਨਕਲਾਬੀ ਰੰਗ ਦਿੱਤਾ ਹੈ। ਉਹਨਾਂ ਅਨੁਸਾਰ ਮੁਕਤੀ, ਖੁਦਪ੍ਰਸਤੀ, ਖੁਦਗਰਜ਼ੀ, ਤੇ ਨਿੱਜਵਾਦ ਤੋਂ ਛੁਟਕਾਰਾ ਪਾਉਣ ਵਿਚ ਹੈ।

ਇਸ ਸੰਬੰਧ ਵਿਚ ਡਾ. ਜਗਜੀਤ ਸਿੰਘ ਦਾ ਵਿਚਾਰ ਉਲੇਖ ਕਰਨਯੋਗ ਹੈ:

> ਨਿੱਜੀ ਮੁਕਤੀ ਜਾਂ ਰੂਹਾਨੀ ਅਨੰਦ ਵਿਚ ਲੀਨ ਰਹਿਣਾ ਸਿੱਖੀ ਦਾ ਆਦਰਸ਼ ਨਹੀਂ, ਸਿੱਖ ਵਾਸਤੇ ਨਿੱਜੀ ਇਖਲਾਕੀ ਤੇ ਰੂਹਾਨੀ ਤਰੱਕੀ ਅੰਤਿਮ ਉਦੇਸ਼ ਨਹੀਂ ਸਗੋਂ ਇਹ ਤਾਂ ਮਨੁੱਖਤਾ ਦੀ ਸੱਚੀ ਸੇਵਾ ਵਾਸਤੇ ਤਿਆਗ ਦੇ ਸਾਧਨ ਹਨ।[18]

ਸ਼ਹਾਦਤ ਦਾ ਸਿੱਖ ਸੰਕਲਪ ਮਨੁੱਖ ਦੀ ਅਸਲ ਮੁਕਤੀ ਦੌਲਤ, ਸਵਰਗ, ਰਾਜ ਪ੍ਰਾਪਤੀ ਜਾਂ ਸ਼ਕਤੀ ਪ੍ਰਾਪਤੀ ਵਿਚ ਨਹੀਂ ਮੰਨਦਾ ਉਸ ਅਨੁਸਾਰ ਭੈਅ ਤੋਂ ਪੂਰਨ ਅਜ਼ਾਦੀ ਹੀ ਅਸਲ ਮੁਕਤੀ ਹੈ ਅਤੇ ਮਨੁੱਖ ਅੰਦਰ ਮਾਨਵੀ ਮੁੱਲਾਂ ਦਾ ਪੈਦਾ ਹੋਣਾ ਹੈ। ਮਨੁੱਖ ਭੈਅ ਤੋਂ ਅਜ਼ਾਦ ਜੀਵਨ ਦੀ ਸੋਝੀ ਪਾ ਹੀ ਬੰਧਨਾਂ ਤੋਂ ਮੁਕਤ ਹੋ ਕੇ ਸੱਚ ਦੀ ਪਹਿਚਾਣ ਕਰ ਕੇ ਪ੍ਰਾਪਤ ਕਰ ਸਕਦਾ ਹੈ। ਇਹ ਅਸਲ ਭੈਅ ਮੁਕਤ ਹੋਣ ਦੀ ਪਹਿਚਾਣ ਹੈ। ਪ੍ਰਿੰ: ਸੁਰਜੀਤ ਸਿੰਘ ਦਾ ਇਹ ਵਿਚਾਰ ਇਸ ਸੰਬੰਧੀ ਬੜਾ ਪ੍ਰਾਸੰਗਿਕ ਹੈ:

> "ਰਾਜ ਨ ਚਾਹੁਉ" ਦੇ ਐਲਾਨ ਨਾਲ ਗੁਰਬਾਣੀ ਮਨੁੱਖੀ ਜੀਵਨ ਦਾ ਟੀਚਾ ਅਤੇ ਅੰਤਿਮ ਨਿਸ਼ਾਨਾ ਦੌਲਤ, ਸ਼ਕਤੀ ਸਵਰਗ ਜਾਂ ਮੁਕਤੀ ਨੂੰ ਨਹੀਂ ਪਰਵਾਨ ਕਰਦਾ, ਤਾਂ ਕਿ ਮਨੁੱਖ ਇਨ੍ਹਾਂ ਫਰਜ਼ੀ ਲਾਰਿਆਂ ਨਿਸ਼ਾਨਿਆਂ ਤੇ ਇਨ੍ਹਾਂ ਬੰਧਨਾਂ ਤੋਂ ਬਚਿਆ ਰਹੇ ਤੇ ਉਸਦੀ ਹਰ ਪ੍ਰਕਾਰ ਦੀ ਵਿਡਾਣੀ ਆਸ ਤੇ ਮੁਥਾਜੀ ਤੋਂ ਅਜ਼ਾਦ ਰਹੇ।[19]

ਸਮਾਜੀ ਸਰਗਰਮੀ ਨਾਲ ਜਿਊਣ ਦੀ ਭਾਵਨਾ ਅਤੇ ਨਿਜ ਅਤੇ ਪਰ ਨਾਲ ਇਕਸੁਰਤਾ ਹੀ ਮੁਕਤੀ ਹੈ। ਮਨੁੱਖ ਦਾ ਹਿੰਮਤ, ਲਗਨ ਤੇ ਵਿਸ਼ਵਾਸ ਨਾਲ ਹਰ ਪ੍ਰਕਾਰ ਦੇ ਭੈਅ ਤੋਂ ਅਜ਼ਾਦ ਹੋਣਾ ਹੀ ਮੁਕਤੀ ਹੈ। ਸ਼ਹਾਦਤਾਂ ਦਾ ਅਧਾਰ ਹੀ ਭੈਅ ਤੋਂ ਅਜ਼ਾਦੀ ਹੈ। ਭੈਅ ਤੋਂ ਪੂਰਨ ਮੁਕਤੀ ਤੇ ਅਜ਼ਾਦੀ ਨੂੰ ਸਿੱਖ ਮੁਹਾਵਰੇ ਵਿਚ ਮੁਕਤੀ ਕਿਹਾ ਜਾਂਦਾ ਹੈ। ਸਿੱਖਾਂ ਦਾ ਇਹ ਪੱਕਾ ਵਿਸ਼ਵਾਸ਼ ਬਣ ਗਿਆ ਕਿ ਮੁਕਤੀ ਦਾ ਅਰਥ ਸੰਸਾਰ ਤੋਂ ਛੁਟਕਾਰਾ ਪ੍ਰਾਪਤ ਕਰਨਾ ਨਹੀਂ ਸਗੋਂ ਇਸ ਦੇ ਭੈਅ ਤੋਂ ਛੁਟਕਾਰਾ ਪ੍ਰਾਪਤ ਕਰਨਾ ਹੈ। ਕਿਸੇ ਉਚੇ ਸੁੱਚੇ ਨਿਸ਼ਾਨੀ ਵਾਸਤੇ ਲੜਾਈ ਕਰਦਿਆਂ ਸ਼ਹੀਦੀ ਪ੍ਰਾਪਤ ਹੀ ਉਨ੍ਹਾਂ ਲਈ ਮੁਕਤੀ ਸੀ।[2•]

**ਹੀਣ ਭਾਵਾਂ ਤੋਂ ਮੁਕਤੀ**

ਸਿੱਖ ਸ਼ਹਾਦਤ ਪਰੰਪਰਾ ਦਾ ਵਿਚਾਰਧਰਾਈ ਅਧਾਰ ਭਾਰਤੀ ਸਮਾਜ ਵਿਚ ਪਾਏ ਜਾਂਦੇ ਸਮਾਜਿਕ ਵਿਤਕਰੇ, ਰਾਜਨੀਤਿਕ ਗੁਲਾਮੀ ਅਤੇ ਸੱਭਿਆਚਾਰਕ ਵਖਰੇਵਿਆਂ ਤੋਂ ਪੈਦਾ ਹੋਏ ਹੀਣ ਭਾਵਾਂ ਤੋਂ ਅਜ਼ਾਦੀ ਦਾ ਬਿਗਲ ਹੈ। ਭਾਰਤੀ ਸਨਾਤਨੀ ਪਰੰਪਰਾ ਤੇ ਬ੍ਰਾਹਮਣੀ ਸਮਾਜ ਦੇ ਵਰਣ ਆਸ਼ਰਮ ਧਰਮ ਦੇ ਅਧਾਰ ਤੇ ਪਾਏ ਜਾਂਦੇ ਵਿਤਕਰਿਆਂ ਵਿਰੁੱਧ ਅਵਾਜ਼ ਹੈ। ਵਰਣ ਆਸ਼ਰਮ ਧਰਮ ਤੇ ਜਾਤ-ਪਾਤ ਦੀ ਵਿਵਸਥਾ ਮਨੁੱਖੀ ਪੱਧਰ ਤੇ ਸਭ ਸੰਭਾਵਨਾਵਾਂ ਨੂੰ ਰੱਦ ਕਰ ਦਿੰਦੀ ਹੈ ਜਿਸ ਨੂੰ ਜੜੋਂ ਪੁੱਟਣ ਲਈ ਸਿੱਖ ਗੁਰੂਆਂ ਨੇ ਸ਼ਹਾਦਤਾਂ ਦਿੱਤੀਆਂ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਇਸ ਗੱਲ ਦਾ ਪ੍ਰਮਾਣ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਜੋ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ ਅਜਿਹਾ ਗ੍ਰੰਥ ਹੈ ਜੋ ਸਮੇਂ ਦੀ ਹਕੂਮਤ ਲਈ ਖਤਰਾ ਬਣ ਗਿਆ ਸੀ। ਵਰਣ ਆਸ਼ਰਮ ਧਰਮ ਦੀ ਨੀਂਹ ਨੂੰ ਤੋੜਨ ਲਈ ਗੁਰੂ ਨਾਨਕ ਦੇਵ ਜੀ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਨਾਹਰਾ ਲਾਇਆ ਜੋ ਧਰਮ ਦੇ ਰਾਹ ਤੇ ਚਲਦੇ ਹੋਏ ਸੱਚਾ ਮਨੁੱਖ ਬਣਨ ਦੀ ਪ੍ਰਕ੍ਰਿਤੀ ਦੀ ਕਸੌਟੀ ਹੈ। ਬ੍ਰਾਹਮਣੀ ਸਮਾਜ ਵਿਚ ਜਾਤੀ-ਪਾਤੀ ਰੁਤਬੇ ਨੂੰ ਧਾਰਮਿਕ ਰੰਗਤ ਦੇ ਕੇ ਪੁਜਾਰੀਆਂ ਨੇ ਇਸ ਨੂੰ ਧਾਰਮਿਕ ਕਾਰਜ ਸਵੀਕਾਰ ਕੀਤਾ ਜਿਸ ਦੇ ਭੰਗ ਹੋਣ ਤੇ ਮਨੁੱਖ ਪਾਪ ਦਾ ਭਾਗੀਦਾਰ ਬਣਦਾ ਹੈ। ਸਿੱਖ ਚਿੰਤਨ ਅਤੇ ਸ਼ਹਾਦਤ ਪਰੰਪਰਾ ਜਾਤ-ਪਾਤ ਦੇ ਅਭਿਮਾਨ ਤੋਂ ਉਪਜੀ 'ਹਉਮੈ' ਦੇ ਵਿਰੋਧ ਵਿਚ ਖੜ੍ਹਾ ਹੁੰਦਾ ਹੈ। ਸਨਾਤਨੀ ਪਰੰਪਰਾ ਨੇ ਵਿਅਕਤੀਗਤ ਪੱਧਰ ਤੇ ਇਖਲਾਕ ਦੇ ਹੋਰ ਮਿਆਰ ਨਿਯਤ ਕਰ ਦਿੱਤੇ ਅਤੇ ਸਮਾਜਿਕ ਪੱਧਰ ਤੇ ਹੋਰ ਪਰ ਸਿੱਖ ਮੱਤ ਵਿਚ ਅਜਿਹਾ ਕੋਈ ਦੁਫੇੜ ਨਹੀਂ। ਸਿੱਖ ਮੱਤ ਵਿਚ ਨਿੱਜੀ ਸਮੱਸਿਆਵਾਂ ਨੂੰ ਇਕ ਦੂਜੇ ਤੋਂ ਨਿਖੇੜਿਆ ਨਹੀਂ ਜਾਂਦਾ ਹੈ। ਇਸ ਦੇ ਜਾਤੀ-ਪਾਤੀ ਨਾਲ ਸੰਬੰਧਿਤ ਰੁਤਬੇ ਦੀ ਚੇਤਨਤਾ ਅਤੇ ਹਉਮੈ ਦੋਹਾਂ ਦੀ ਸਿੱਧੀ ਲਫ਼ਜ਼ਾਂ ਵਿਚ ਨਿਖੇਧੀ ਕੀਤੀ ਹੈ।[21]

ਭਾਰਤੀ ਸਮਾਜ ਵਰਗ ਵੰਡ ਵਿਚ ਵੰਡਿਆ ਹੋਇਆ ਸੀ। ਸਿੱਖ ਵਿਚਾਰਧਾਰਾ ਦਾ ਆਸ਼ਾ ਇਸ ਦਾ ਵਿਰੋਧ ਕਰਦਾ ਹੈ ਅਤੇ ਅਜਿਹੇ ਸਮਾਜ ਦੀ ਕਲਪਨਾ ਕਰਦਾ ਹੈ। ਜਿੱਥੇ ਰੰਗ,

ਰੂਪ, ਜਾਤ ਤੇ ਧਰਮ ਦੇ ਭੇਦ ਨਾ ਹੋਣ ਅਤੇ ਸਮਾਜ ਬਰਾਬਰੀ ਦੀ ਨੀਂਹ ਉੱਪਰ ਟਿਕਿਆ ਹੋਵੇ, ਇਸ ਲਈ ਜਾਤ-ਪਾਤ ਵੰਡ ਨੂੰ ਮੁਢੋ ਹੀ ਖਾਰਿਜ ਕੀਤਾ ਗਿਆ। ਇਸ ਭਿੰਨ ਭੇਦ ਨੂੰ ਝੂਠ ਅਤੇ ਫਿਜ਼ੂਲ ਕਿਹਾ ਹੈ:

ਜਾਤਿ ਕਾ ਗਰਬੁ ਨ ਕਰਿ॥

ਮੂਰਖ ਗਵਾਰਾ॥

ਇਸੁ ਗਰਬ ਤੇ ਚਲਹਿ ਬਹੁਤ॥

ਵਿਕਾਰਾ॥[22]

ਸਿੱਖ ਪਰੰਪਰਾ ਵਿਚ ਜਾਤੀ ਵੰਡ ਵਿਵਸਥਾ ਤੇ ਹਮਲਾ ਮਨੁੱਖ ਦੀ ਜਾਤ ਜਨਮ ਅਤੇ ਕੁਲ ਨਾਲੋਂ ਕਰਮਾਂ ਦੇ ਸਿਧਾਂਤ ਰਾਹੀਂ ਕੀਤਾ ਗਿਆ ਹੈ। ਮਨੁੱਖ ਉੱਚਾ ਉੱਚੀ ਅਖੌਤੀ ਕੁਲ ਵਿਚ ਜਨਮ ਲੈਣ ਨਾਲ ਨਹੀਂ ਸਗੋਂ ਚੰਗੇ ਕਰਮਾਂ ਅਤੇ ਗੁਣਾਂ ਨੂੰ ਧਾਰਨ ਕਰਨ ਨਾਲ ਬਣਦਾ ਹੈ:

ਜਾਤਿ ਜਨਮੁ ਨਹ ਪੂਛੀਐ॥

ਸਚ ਘਰੁ ਲੇਹੁ ਬਤਾਇ॥

ਸਾ ਜਾਤਿ ਸਾ ਪਤਿ ਹੈ॥

ਜੇਹੇ ਕਰਮ ਕਮਾਇ॥[23]

ਉਚੀ ਜਾਤ ਦਾ ਅਭਿਮਾਨ ਕਰਨ ਵਾਲੇ ਬ੍ਰਾਹਮਣਾਂ, ਪੰਡਿਤਾਂ ਦੀ ਵਿਚਾਰਧਾਰਾ ਦਾ ਖੰਡਨ ਕੀਤਾ ਗਿਆ ਹੈ। ਗੁਰੂ ਸਾਹਿਬਾਨ ਸਮਾਜ ਵਿਚਲੀਆਂ ਨੀਵੀਆਂ ਜਾਤਾਂ ਦੇ ਨਾਲ ਆਪ ਖੜ੍ਹੇ ਹੋ ਕੇ ਉਹਨਾਂ ਵਿਚੋਂ ਹੀਣਤਾ ਦੇ ਭਾਵਾਂ ਨੂੰ ਖਤਮ ਕਰਦੇ ਹਨ:

ਗਰਭ ਵਾਸ ਮਹਿ ਕੁਲੁ ਨਹੀਂ ਜਾਤੀ॥

ਬ੍ਰਹਮ ਬਿੰਦੁ ਤੇ ਸਭ ਉਤਪਾਤੀ॥

ਕਹੁ ਕੇ ਪੰਡਿਤ ਬਾਮਨ ਕਬ ਕੇ ਹੋਏ॥

ਬਾਮਨ ਕਹਿ ਕਹਿ ਜਨਮੁ ਮਤ ਖੋਏ॥[24]

ਨੀਚਾ ਅੰਦਰਿ ਨੀਚ ਜਾਤਿ॥

ਨੀਚੀ ਹੂ ਅਤਿ ਨੀਚ॥

ਨਾਨਕ ਤਿਨ ਕੈ ਸੰਗਿ ਸਾਥਿ॥

ਵਡਿਆ ਸਿਉ ਕਿ ਰੀਸ॥[25]

ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਦਰਸਾਉਂਦੇ ਹਨ ਕਿ ਉਸ ਸਮੇਂ ਗੁਰੂ ਸਾਹਿਬਾਨ ਨੇ ਵਰਣ ਵਿਵਸਥਾ ਤੇ ਹਰ ਪ੍ਰਕਾਰ ਦੇ ਵਖਰੇਵਿਆਂ ਨੂੰ ਖਤਮ ਕਰਨ ਦਾ ਯਤਨ ਕੀਤਾ ਤੇ ਸਮਾਜ ਵਿੱਚ ਬਰਾਬਰਤਾ ਦਾ ਸਿਧਾਂਤ ਸਿਰਜਿਆ:

ਚਾਰੇ ਪੈਰ ਧਰਮ ਦੇ ਚਾਰਿ ਵਰਨ॥

ਇਕ ਵਰਨੁ ਕਰਾਇਆ॥

ਰਾਣਾ ਰੰਗ ਬਰਾਬਰੀ ਪੈਰੀ॥

ਪਵਣਾ ਜਗਿ ਵਰਤਾਇਆ॥[26]

ਜਾਤ-ਪਾਤ ਨੇ ਸਮਾਜ ਵਿਚ ਵਿਤਕਰੇ ਤੇ ਵੰਡੀਆਂ ਪਾਈਆਂ ਹੋਈਆਂ ਹਨ। ਗੁਰੂ ਸਾਹਿਬਾਨ ਨੇ ਸਾਰੇ ਮਨੁੱਖ ਨੂੰ ਅਨਮੋਲ ਕਿਹਾ ਅਤੇ ਸਭ ਨੂੰ ਉਸ ਪਰਮਾਤਮਾ ਦੀ ਰਚਨਾ ਮੰਨਿਆ ਤੇ ਜਾਤ ਪਾਤ ਦਾ ਖੰਡਨ ਕਰਕੇ ਚੰਗੇ ਕੰਮਾਂ ਨੂੰ ਹੀ ਅਸਲੀ ਧਰਮ ਦੀ ਕਸਵੱਟੀ ਮੰਨਿਆ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨਾ ਦੀਆਂ ਸਿੱਖਿਆਵਾਂ ਦਾ ਪਾਲਣ ਕਰਦਿਆਂ ਜਾਤੀ ਪਾਤੀ ਪ੍ਰਥਾ ਨੂੰ ਖਤਮ ਕਰਨ ਲਈ ਖਾਲਸਾ ਪੰਥ ਦੇ ਨੇਤਾਵਾਂ ਵੱਜੋਂ ਪੰਜ ਪਿਆਰੇ ਚੁਣੇ, ਜੋ ਭਿੰਨ ਭਿੰਨ ਜਾਤਾਂ ਵਿਚੋਂ ਸਨ। ਇਹ ਜਾਤ ਪਾਤ ਰਹਿਤ ਪ੍ਰਣਾਲੀ ਦਾ ਸਿਧਾਂਤਕ ਅਤੇ ਵਿਹਾਰਿਕ ਸਬੂਤ ਸੀ। ਇਸ ਸੰਬੰਧੀ ਡਾ. ਜਸਪਾਲ ਸਿੰਘ ਕਹਿੰਦੇ ਹਨ:

> ਗੁਰੂ ਪਾਤਸ਼ਾਹ ਜੀ ਦੀ ਇਕ ਨਿਸ਼ਚਿਤ ਯੋਜਨਾ ਸੀ ਕਿ ਉਹ ਵਿਤਕਰਿਆਂ ਦੇ ਸ਼ਿਕਾਰ ਭਾਰਤੀ ਸਮਾਜ ਦੀਆਂ ਵੱਖ ਵੱਖ ਜਾਤਾਂ ਤੇ

ਫਿਰਕਿਆਂ ਨੂੰ ਏਕਤਾ ਦੇ ਸੂਤਰ ਵਿਚ ਪ੍ਰੋਅ ਕੇ ਅਰਥਭਰਪੂਰ ਜੀਵਨ ਜਿਊਣ ਦੀ ਜਾਚ ਸਿਖਾਣਗੇ।[27]

## ਨਿੱਜਵਾਦ ਦਾ ਤਿਆਗ

ਜਾਤ-ਪਾਤ ਤੋਂ ਉਪਰ ਉਠ ਕੇ ਨਿੱਜਵਾਦ ਦਾ ਤਿਆਗ ਅਤੇ ਨਿੱਜੀ ਸਵਾਰਥਾਂ ਤੋਂ ਅਜ਼ਾਦੀ ਪ੍ਰਾਪਤ ਕਰਕੇ ਜੀਵਨ ਨੂੰ ਸਮਾਜ ਦੀ ਸੇਵਾ ਵਿਚ ਲਾਉਣਾ ਸਿੱਖ ਵਿਚਾਰਧਾਰਾ ਦਾ ਕਾਰਜਸ਼ੀਲ ਤੱਤ ਹੈ। ਭਾਰਤੀ ਸਨਾਤਨੀ ਪਰੰਪਰਾ ਵਿਚ ਅਨੇਕਾਂ ਜਾਤਾਂ ਅਤੇ ਫਿਰਕੇ ਹਮੇਸ਼ਾਂ ਨਿੱਜਵਾਦੀ ਭਾਵਨਾ ਨੂੰ ਵਧਾਉਂਦੇ ਰਹੇ ਹਨ ਜਿਸ ਦੀ ਸਭ ਤੋਂ ਪੱਕੀ ਪੀਡੀ ਮਿਸਾਲ ਵਰਣ ਧਰਮ ਆਸ਼ਰਮ ਹੈ ਪਰ ਸਿੱਖ ਪਰੰਪਰਾ ਨੇ ਨਿੱਜ ਵਾਦ ਤੋਂ ਉਪਰ ਉਠ ਕੇ ਸਮੁੱਚੀ ਮਾਨਵਤਾ ਨੂੰ ਪਹਿਲ ਦਿੱਤੀ ਹੈ। 'ਨਿੱਜਵਾਦ 'ਹਊਮੈ' ਦੀ ਪੈਦਾਵਾਰ ਹੈ ਅਤੇ ਸਿੱਖ ਸਿਧਾਂਤ ਨੇ ਹਊਮੈ ਦੀਆਂ ਬੁਰਾਈਆਂ ਦਾ ਖੰਡਨ ਕੀਤਾ ਹੈ ਜੋ ਸਮਾਜੀ ਤੇ ਸੰਸਥਾਈ ਰੂਪ ਧਾਰਨ ਕਰ ਚੁਕੀਆਂ ਸਨ। ਸਨਾਤਨੀ ਪਰੰਪਰਾ ਵਿਚ 'ਮੈਂ' ਕਾਰਨ ਹੀ ਜਾਤੀ ਪਾਤੀ ਅਭਿਮਾਨ ਪਣਪਿਆ ਅਤੇ ਵਰਣ ਆਸ਼ਰਮ ਧਰਮ ਨੂੰ ਪਵਿੱਤਰ ਸਮਝਿਆ ਜਾਂਦਾ ਰਿਹਾ ਹੈ ਜੋ ਨਾ ਬਰਾਬਰੀ ਤੇ ਦਰਜਾ ਬਦਰਜੀ ਦਾ ਪ੍ਰਤੀਕ ਸੀ।[28]

ਨਿੱਜਵਾਦ ਨਾ ਤਾਂ ਸਾਂਝੀਵਾਲਤਾ ਦੀ ਭਾਵਨਾ ਪੈਦਾ ਹੋਣ ਦਿੰਦਾ ਹੈ ਅਤੇ ਨਾ ਹੀ ਕੌਮੀ ਜਜ਼ਬਾ ਪਰ ਸਿੱਖੀ ਦਾ ਜਜ਼ਬਾ ਮਨੁੱਖਤਾ ਦੇ ਹੱਕ ਵਿਚ ਭੁਗਤਦਾ ਹੈ। ਇਹ ਨਿੱਜੀ ਹਿੱਤਾਂ ਦੀ ਕੁਰਬਾਨੀ ਕਰਕੇ ਅਜਿਹੇ ਸਮਾਜ ਦੀ ਸਿਰਜਣਾ ਦਾ ਚਾਹਵਾਨ ਹੈ ਜਿਥੇ ਮਨੁੱਖੀ ਏਕਤਾ ਦੀ ਭਾਵਨਾ ਪੈਦਾ ਹੋਵੇ। ਸਿੱਖੀ ਕਿਸੇ ਭੇਖ, ਸੂਰਤ ਜਾਂ ਹਿੰਦੂਆਂ ਵਾਂਗ ਬਸ ਪਾਠ ਪੂਜਾ ਤੇ ਕਰਮਕਾਂਡ ਕਰਨ ਵਾਲਿਆਂ ਦਾ ਨਾਂ ਨਹੀਂ। ਸਿੱਖੀ ਨੇ ਰੱਬੀ ਸਿਧਾਂਤਾਂ ਦੀ ਪਾਲਣਾ ਕਰਦਿਆਂ ਮਨੁੱਖਤਾਵਾਦੀ ਹੋ ਕੇ ਵਿਚਰਨਾ ਹੈ। ਸਿੱਖ ਨੇ ਆਪਣੇ ਘਰ ਪਰਿਵਾਰ ਤੋਂ ਲੈ ਕੇ ਮੁਹੱਲੇ, ਪਿੰਡ, ਸ਼ਹਿਰ, ਦੇਸ਼/ਵਿਦੇਸ਼ ਸੰਸਾਰ ਦੇ ਹਰ ਨਸਲ, ਜਾਤ, ਮਜ਼ਹਬ ਦੇ ਲੋਕਾਂ ਨਾਲ ਬਿਨਾਂ ਕਿਸੇ ਵਿਤਕਰੇ ਤੋਂ ਬੜੇ ਮਨੁੱਖੀ ਸਲੀਕੇ ਪ੍ਰੇਮ ਭਾਵ ਤੇ ਸਨਮਾਨ, ਸਤਿਕਾਰ ਵਾਲੇ ਮਾਹੌਲ ਵਿਚ ਵਿਚਰਨਾ ਅਤੇ ਅਜਿਹੇ ਸਮਾਜ ਦੀ ਸਿਰਜਣਾ ਕਰਨਾ ਹੈ।[29]

ਨਿੱਜਵਾਦ ਤੋਂ ਉਪਰ ਉੱਠਣ ਲਈ ਅਤੇ ਸਮਾਜ ਨੂੰ ਇਕ ਸੂਤਰ ਵਿਚ ਪ੍ਰੋਣ ਲਈ ਸੰਗਤ, ਪੰਗਤ, ਲੰਗਰ, ਦਸਧੰਦ, ਸੇਵਾ, ਤੇ ਸਾਂਝੇ ਸਰੋਵਰਾਂ ਦੀ ਪ੍ਰਥਾ ਚਲਾਈ। ਨਿੱਜ ਤੋਂ ਪਰ ਤਕ ਦੀ ਪਛਾਣ ਮਨੁੱਖੀ ਕਿਰਦਾਰ ਦਾ ਹਿੱਸਾ ਬਣਾਇਆ, ਮਨੁੱਖ ਦੀਆਂ ਸਵੈ ਕੇਂਦ੍ਰਿਤ ਰੁਚੀਆਂ ਤੇ ਵਿਕਾਰਾਤਮਿਕ ਰੁਚੀਆਂ ਨੂੰ ਤਿਆਗਣ ਤੇ ਜ਼ੋਰ ਦਿਤਾ ਗਿਆ। ਨਿੱਜੀ ਸਵਾਰਥ ਤੇ ਕਾਬੂ ਪਾ ਕੇ ਸਮਾਜ ਦੇ ਦੁੱਖਾਂ ਸੁੱਖਾਂ ਨਾਲ ਸਾਂਝੀਵਾਲਤਾ ਬਣਾਉਣਾ ਮਨੁੱਖੀ ਫਰਜ਼ ਕਿਹਾ ਗਿਆ। ਗੁਰੂ ਨਾਨਕ ਸਾਹਿਬ ਦੇ ਮਾਨਵ ਏਕਤਾ ਦੇ ਪ੍ਰਚਾਰ ਨੇ ਖੇਰੂੰ-ਖੇਰੂੰ ਹੋਏ ਭਾਰਤੀ ਸਮਾਜ ਨੂੰ ਸੰਗਠਿਤ ਕੀਤਾ। ਉਨ੍ਹਾਂ ਨੇ ਜਿਸ ਸਮਾਜ ਦੀ ਉਸਾਰੀ ਕੀਤੀ, ਉਸ ਵਿਚ ਕੋਈ ਵੀ ਉਚਾ ਨੀਵਾਂ ਨਹੀਂ ਸੀ। ਉਹਨਾਂ ਦੀ ਚਲਾਈ ਸੰਗਤ ਅਤੇ ਪੰਗਤ ਦੀ ਰੀਤੀ ਵਿਚ ਨੀਵੇਂ ਤੋਂ ਨੀਵਾਂ ਉਚੇ ਦੇ ਸਮਾਨ ਬੈਠ ਸਕਦਾ ਸੀ। ਲੰਗਰ ਦੀ ਪ੍ਰਥਾ ਨਾਲ ਜਾਤਾਂ ਵਿਚਲੀ ਨਫ਼ਰਤ ਦੂਰ ਹੋਈ।[30]

ਇਸ ਪ੍ਰਕਾਰ ਸਿੱਖ ਵਿਚਾਰਧਾਰਾ ਵਿਚ ਨਿੱਜਵਾਦ ਦਾ ਤਿਆਗ ਅਤੇ ਸਮਾਜੀ ਸੇਵਾ ਨੂੰ ਪਹਿਲ ਦੇ ਕੇ ਇਸ ਨੂੰ ਮਨੁੱਖੀ ਫਰਜ਼ ਮੰਨਿਆ ਗਿਆ ਹੈ।

**ਗ੍ਰਹਿਸਥੀ ਜੀਵਨ:** ਸਿੱਖੀ ਸਿਧਾਂਤਾਂ ਵਿਚ ਗ੍ਰਹਿਸਥੀ ਜੀਵਨ ਨੂੰ ਮਹਾਨਤਾ ਪ੍ਰਾਪਤ ਹੈ। ਸਨਾਤਨੀ ਭਾਰਤੀ ਪਰੰਪਰਾ ਵਿਚ ਇਕ ਗ੍ਰਹਿਸਥੀ ਨੂੰ ਮਾਇਆ ਦੇ ਮੱਤ ਵਿਚ ਫਸਿਆ ਇਨਸਾਨ ਕਿਹਾ ਗਿਆ ਹੈ। ਹਿੰਦੂ ਧਰਮ ਵਿਚ ਆਸ਼ਰਮ ਧਰਮ ਅਧੀਨ ਗ੍ਰਹਿਸਥ ਨੂੰ ਕੇਵਲ 25 ਸਾਲ ਦਿੱਤੇ ਗਏ ਹਨ। ਇਸ ਪਿੱਛੋਂ ਜੰਗਲਾਂ 'ਚ ਜਾਣਾ ਤੇ ਸੰਨਿਆਸ ਧਾਰਨ ਕਰਨਾ ਜ਼ਰੂਰੀ ਹੈ। ਬੁੱਧ ਅਤੇ ਜੈਨ ਧਰਮ ਵਿਚ ਵੀ ਇਸ ਨੂੰ ਸ਼੍ਰਮਣਿਕ ਪਰੰਪਰਾ ਦਾ ਨਾਂ ਦਿੱਤਾ ਗਿਆ ਹੈ ਅਤੇ ਇਸਤਰੀ ਨੂੰ ਜਿਸ ਤੋਂ ਹੀ ਗ੍ਰਹਿਸਥੀ ਚਲਦੀ ਹੈ ਉਸ ਨੂੰ ਮੁਕਤੀ ਪ੍ਰਾਪਤੀ ਲਈ ਯੋਗ ਨਹੀਂ ਠਹਿਰਾਇਆ। ਇਸ ਲਈ ਗ੍ਰਹਿਸਥੀ ਦਾ ਤਿਆਗ ਅਤੇ ਜੰਗਲ, ਬੀਆਬਾਨ, ਕੰਦਰਾਂ ਵਿਚ ਰਹਿਣਾ ਤਿਆਗ ਪਰੰਪਰਾ ਦਾ ਹਿੱਸਾ ਮੰਨਿਆ ਗਿਆ ਹੈ। ਸਿੱਖ ਸ਼ਹਾਦਤ ਪਰੰਪਰਾ ਦੀ ਵਿਚਾਰਧਾਰਾ ਦਾ ਅਧਾਰ ਘਰ ਜ਼ਮੀਨ ਅਤੇ ਰਾਸ਼ਟਰ ਤੋਂ ਭੱਜਣਾ ਨਹੀਂ ਸਗੋਂ ਇਸ ਵਿਚ ਰਹਿ ਕੇ ਹੀ ਸਮਾਜ ਨੂੰ ਉਸਾਰੂ ਦਿਸ਼ਾ ਵਲ ਲੈ ਕੇ ਜਾਣ ਦਾ ਸਿਧਾਂਤ ਪ੍ਰੱਚਲਿਤ ਹੈ। ਸਿੱਖ ਧਰਮ ਵਿਚ ਸਭ ਤੋਂ ਵੱਡਾ ਗ੍ਰਹਿਸਥੀ ਤਾਂ ਪਰਮਾਤਮਾ ਨੂੰ ਹੀ ਮੰਨਿਆ ਗਿਆ ਹੈ:

ਗ੍ਰਸਤਕ ਮਹਿ ਤੂੰ ਬਡੋ ਗ੍ਰਿਹਸਤੀ॥

ਜੋਗਨ ਮਹਿ ਜੋਗੀ॥[31]

ਸਿੱਖੀ ਅਨੁਸਾਰ ਗ੍ਰਹਿਸਥ ਧਰਮ ਉਦੇਸ਼ ਦੀ ਪ੍ਰਾਪਤੀ ਲਈ ਰੁਕਾਵਟ ਨਹੀਂ ਹੈ। ਦਿਖਾਵੇ ਦਾ ਸੰਨਿਆਸ ਧਾਰਨ ਕਰਨਾ ਨਿੰਦਣਯੋਗ ਹੈ। ਮਨ ਨੂੰ ਕਾਬੂ ਕੀਤੇ ਬਿਨ੍ਹਾਂ ਕਾਮ ਵਾਸ਼ਨਾ ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਇਸ ਲਈ 'ਘਰਬਾਰੀ ਜੀਵਨ ਮੁਕਤਿ' ਵਿਚ ਹੀ ਜੀਵਨ ਉਦੇਸ਼ਾਂ ਦੀ ਪ੍ਰਾਪਤੀ ਜ਼ਰੂਰੀ ਹੈ, ਇਸ ਲਈ ਸੰਸਾਰ ਨੂੰ ਤਿਆਗਣ ਦੀ ਲੋੜ ਨਹੀਂ ਹੈ। ਗ੍ਰਹਿਸਥ ਵਿਚ ਰਹਿੰਦੇ ਹੋਏ ਵੀ ਸਮਾਜਿਕ ਤੇ ਸੰਸਾਰਿਕ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹੋਏ ਹੀ ਜੀਵਨ, ਮੁਕਤ ਅਵਸਥਾ ਨੂੰ ਪ੍ਰਾਪਤ ਕਰਨਾ ਸਿੱਖੀ ਦਾ ਨਿਸ਼ਾਨਾ ਹੈ। ਸਿੱਖ ਸ਼ਹਾਦਤ ਪਰੰਪਰਾ ਦੀ ਧਰਮ ਸਾਧਨਾ ਵਿਅਕਤੀਗਤ ਕਲਿਆਣ ਨਹੀਂ ਸਗੋਂ ਸਮੇਂ ਦੀ ਹਕੂਮਤ ਦਾ ਟਾਕਰਾ ਸੀ ਜਿਸ ਲਈ ਗ੍ਰਹਿਸਤੀ ਤਿਆਗ ਕੇ ਜੰਗਲਾਂ ਵਿਚ ਵਾਸ ਕਰਨਾ ਅਧਰਮ ਸੀ।

ਡਾ. ਜਸਪਾਲ ਸਿੰਘ ਦਾ ਇਸ ਸੰਬੰਧ ਵਿੱਚ ਵਿਚਾਰ ਦਿੰਦੇ ਹੋਏ ਲਿਖਦੇ ਹਨ:

> ਧਰਮੀ ਬੰਦੇ ਸੰਸਾਰ ਦੀ ਕਾਰ ਵਿਹਾਰ ਤੋਂ ਉਪਰਾਮ ਆਪਣੇ ਵਿਅਕਤੀਗਤ ਕਲਿਆਣ ਲਈ ਧਰਮ ਸਾਧਨਾ ਵਿਚ ਲੱਗੇ ਹੋਏ ਸਨ। ਇਹ ਧਰਮ ਸਾਧਨਾ ਜਾਂ ਤਾਂ ਘਰਾਂ ਦੇ ਅੰਦਰ ਬਾਹਰਲੇ ਸੰਸਾਰ ਨਾਲੋਂ ਤੋੜ ਵਿਛੋੜਾ ਕਰ ਕੇ ਹੋ ਰਹੀ ਸੀ ਜਾਂ ਸੰਸਾਰ ਤੋਂ ਦੂਰ ਜਾ ਕੇ ਪਹਾੜਾਂ ਜੰਗਲਾਂ ਦੀਆਂ ਕੰਦਰਾਂ ਵਿਚ। ਇਸ ਸਵਾਰਥੀ ਨਜ਼ਰੀਏ ਕਾਰਣ ਦਿਨ ਬ ਦਿਨ ਆਮ ਲੋਕਾਂ ਦੀਆਂ ਪਰੇਸ਼ਾਨੀਆਂ ਵਿਚ ਵਾਧਾ ਹੋ ਰਿਹਾ ਸੀ। ਲੋੜ ਸੀ ਕ੍ਰਾਂਤੀ ਦੀ, ਕ੍ਰਾਂਤੀ ਧਰਮ ਨੂੰ ਵਿਅਕਤੀਗਤ ਸੁਆਰਥ ਤੋਂ ਕੱਢ ਕੇ ਸਮਾਜੀ ਹਿੱਤ ਲਈ ਕਾਰਜਸ਼ੀਲ ਕਰਨ ਦੀ।[32]

ਇਸ ਪ੍ਰਕਾਰ ਸਿੱਖ ਸ਼ਹਾਦਤ ਪਰੰਪਰਾ ਦਾ ਸਰੋਕਾਰ ਘਰ ਬਾਹਰੀ ਜੀਵਨ ਤਿਆਗ ਕੇ ਸਮਾਜ ਤੋਂ ਨਾਤਾ ਤੋੜ ਕੇ ਸਮਾਜੀ ਸਮੱਸਿਆਵਾਂ ਤੋਂ ਭੱਜਣਾ ਨਹੀਂ ਸਗੋਂ ਇਸੇ ਦੇ ਵਿਚ

ਰਹਿਣਾ ਤੇ ਕਰਮਸ਼ੀਲ ਜੀਵਨ ਜਿਉਂਦਿਆਂ ਹੋਇਆਂ ਸਮੱਸਿਆਵਾਂ ਦਾ ਟਾਕਰਾ ਕਰਨਾ ਹੀ ਅਸਲ ਧਰਮ ਸਾਧਨਾ ਹੈ:

ਤਜੈ ਗਿਰਸਤੁ ਭਇਆ ਬਨ ਵਾਸੀ॥
ਇਕੁ ਖਿਨੁ ਮਨੂਆ ਟਿਕੈ ਨਾ ਟਿਕਾਈਆ॥
ਧਾਵਤੁ ਧਾਇ ਤਦੇ ਘਰਿ ਆਵੈ, ਹਰਿ ਹਰਿ॥
ਸਾਧੂ ਸਰਣਿ ਪਵਈਆ॥
ਧੀਆ ਪੂਤ ਛੋਡਿ ਸੰਨਿਆਸੀ॥
ਆਸਾ ਆਸ ਮਨਿ ਬਹੁਤੁ ਕਰਈਆ॥
ਆਸਾ ਆਸ ਕਰੈ ਨਹੀਂ ਬੂਝੇ ਗੁਰ ਕੈ॥
ਸਬਦਿ ਨਿਰਾਸ ਸੁਖੁ ਲਹੀਆ॥[33]

ਇਸ ਪ੍ਰਕਾਰ ਸੰਸਾਰ ਅਤੇ ਸਮਾਜ ਦਾ ਤਿਆਗ ਅਸਲੀ ਤਿਆਗ ਨਹੀਂ। ਸੰਸਾਰ ਵਿਚ ਰਹਿੰਦਿਆਂ ਲੋਭ, ਮੋਹ, ਹੰਕਾਰ, ਤ੍ਰਿਸ਼ਨਾ ਅਤੇ ਹੋਰ ਵਿਕਾਰਾਂ ਦਾ ਤਿਆਗ ਹੀ ਅਸਲੀ ਤਿਆਗ ਅਤੇ ਨਿਰਲੇਪਤਾ ਹੈ। ਇਸ ਸੰਬੰਧ ਵਿਚ ਡਾ. ਵਜੀਰ ਸਿੰਘ ਲਿਖਦੇ ਹਨ:

> ਸਿੱਖ ਚਿੰਤਨ ਨਿਰਲੇਪਤਾ ਦੀ ਕੀਮਤ ਦਾ ਹਾਮੀ ਹੈ ਭਾਵ ਕਿ ਸਿੱਧਾ ਸਾਦਾ ਗ੍ਰਹਿਸਥੀ ਜੀਵਨ ਅਤੇ ਇਸ ਨਾਲ ਸੰਬੰਧਿਤ ਫਰਜ਼ਾਂ ਤੇ ਕਰੱਤਵਾਂ ਦੀ ਪਾਲਣਾ, ਅਤੇ ਵਾਸਨਾਵਾਂ ਸੰਜਮ ਹੀਣਤਾ ਦੀ ਪਾਲਣਾ, ਵਿਚ ਖਪਤ ਹੋਣ ਤੇ ਗੁਰੇਜ਼। ਇਹ ਘਰ ਹੀ ਮਾਹਿ ਉਦਾਸਾ ਦੀ ਨਿਰਲੇਪਤਾ ਹੈ।[34]

ਇਸ ਤਰ੍ਹਾਂ ਸਿੱਖ ਸ਼ਹਾਦਤ ਪਰੰਪਰਾ ਵਿਚ ਘਰ ਤੇ ਸਮਾਜ ਨੂੰ ਤਿਆਗਣਾ ਅਧਰਮ ਹੈ ਅਤੇ ਸਮਾਜ, ਰਾਸ਼ਟਰ ਦੀ ਸੇਵਾ ਨੂੰ ਧਰਮ ਮੰਨਿਆ ਗਿਆ ਹੈ।

**ਮਨੁੱਖੀ ਅਧਿਕਾਰਾਂ ਦੀ ਪੈਰਵੀ**

ਸਮਾਜੀ ਜੀਵਨ ਜਿਊਂਦਿਆਂ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨੀ ਸ਼ਹਾਦਤ ਪਰੰਪਰਾ ਦਾ ਵਿਚਾਰਧਾਰਕ ਅਧਾਰ ਰਿਹਾ ਹੈ। ਇਹ ਅਧਿਕਾਰ ਆਰਥਿਕ, ਸਮਾਜਿਕ, ਰਾਜਨੀਤਿਕ ਹਨ। ਇਹਨਾਂ ਅਧਿਕਾਰਾਂ ਵਿਚ ਉਹ ਸਾਰੇ ਅਧਿਕਾਰ ਸ਼ਾਮਿਲ ਹਨ ਜੋ ਮਨੁੱਖ ਨੂੰ ਖੁਸ਼ਹਾਲ ਅਤੇ ਸਵੈਮਾਣ ਨਾਲ ਜਿਊਣ ਦਾ ਅਧਿਕਾਰ ਪ੍ਰਦਾਨ ਕਰਦੇ ਹਨ। ਭਾਰਤੀ ਪਰੰਪਰਾ ਵਿਚ ਮਾਇਆ ਨੂੰ ਐਸਾ ਛਲਾਵਾ ਸਮਝਿਆ ਗਿਆ ਹੈ ਜੋ ਮਨੁੱਖ ਨੂੰ ਕੁਰਾਹੇ ਪਾਉਂਦੀ ਹੈ। ਇਹ ਮਨੁੱਖ ਨੂੰ ਮੋਹ ਜਾਲ ਵਿਚ ਫਸਾ ਕੇ ਭਗਤੀ ਦੇ ਰਾਹ ਵਿਚ ਰੁਕਾਵਟ ਬਣਦੀ ਹੈ, ਪਰ ਸਿੱਖ ਚਿੰਤਨ ਵਿਚ ਮਾਇਆ ਪ੍ਰਤੀ ਸਕਾਰਾਤਮਕ ਅਤੇ ਹਾਂ ਮੁਖੀ ਰਵੱਈਆ ਅਪਣਾਇਆ ਗਿਆ ਹੈ ਅਤੇ ਮਾਇਆ ਨੂੰ ਪਰਮਾਤਮਾ ਦੇ ਹੁਕਮ ਵਿਚ ਚੱਲਣ ਵਾਲੀ ਦਾਸੀ ਕਿਹਾ ਗਿਆ ਹੈ:

ਮਾਇਆ ਦਾਸੀ ਭਗਤਾ ਦੀ ਕਾਰ ਕਮਾਵੈ॥[35]

ਸਿੱਖ ਪਰੰਪਰਾ ਵਿਚ ਮਾਇਆ ਨੂੰ ਤਜਿਆ ਨਹੀਂ ਗਿਆ ਸਗੋਂ ਸੰਸਾਰੀ ਜੀਵਨ ਦੇ ਚਲਣ ਦਾ ਅਧਾਰ ਮੰਨਿਆ ਗਿਆ ਹੈ। ਸਮਾਜੀ ਜੀਵਨ ਵਿਚ ਮਾਇਆ ਦਾ ਤਿਆਗ ਸੰਭਵ ਨਹੀਂ ਸਗੋਂ ਇਸ ਦੇ ਮੋਹ ਦਾ ਤਿਆਗ ਕਰਨ ਦਾ ਆਦੇਸ਼ ਦਿੱਤਾ ਹੈ। ਗ੍ਰਹਿਸਥੀ ਜੀਵਨ ਜਿਉਂਦਿਆਂ ਘਰ ਪਰਿਵਾਰ ਮੁੱਢਲੀਆਂ ਲੋੜਾਂ ਦੀ ਪੂਰਤੀ ਲਈ ਨਿੱਜੀ ਸੰਪਤੀ ਰੱਖਣ ਦਾ ਅਧਿਕਾਰ ਪ੍ਰਵਾਨ ਕੀਤਾ ਗਿਆ ਹੈ। ਆਪਣੇ ਪੈਰਾਂ ਉਪਰ ਖੜਾ ਇਨਸਾਨ ਹੀ ਅਣਖੀ ਜੀਵਨ ਜਿਉ ਸਕਦਾ ਹੈ। ਸਿੱਖ ਪਰੰਪਰਾ ਵਿਚ ਨਿੱਜੀ ਸੰਪਤੀ ਰੱਖਣ ਦਾ ਅਧਿਕਾਰ ਪ੍ਰਵਾਨ ਕੀਤਾ ਗਿਆ ਹੈ ਪਰ ਸ਼ਰਤ ਇਹ ਹੈ ਕਿ ਸੰਪਤੀ ਇਮਾਨਦਾਰੀ ਨਾਲ ਬਣਾਈ ਗਈ ਹੋਵੇ।

ਇਸ ਸੰਬੰਧ ਵਿਚ ਡਾ. ਉਪਿੰਦਰ ਜੀਤ ਕੌਰ ਦਾ ਵਿਚਾਰ ਹੈ:

> ਸਿੱਖ ਧਰਮ ਵਿਚ ਧਨ ਕਮਾਉਣਾ ਮਾੜਾ ਨਹੀਂ ਗਿਣਿਆ ਜਾਂਦਾ ਅਤੇ ਨਾ ਹੀ ਧਨ ਸੰਚਣਾ ਮਾੜਾ ਗਿਣਿਆ ਜਾਂਦਾ ਹੈ। ਕਿਸੇ ਦਾ ਹੱਕ ਮਾਰ ਕੇ ਨਹੀਂ। ਫਿਰ ਧਨ ਨੂੰ ਵੰਡ ਕੇ ਖਾਣ ਤੇ ਜ਼ੋਰ ਹੈ। ਜਿਹੜਾ ਵਿਅਕਤੀ ਉਤਪਾਦਨ ਨੂੰ ਵੰਡ ਕੇ ਖਾਣ ਵਿਚ ਯਕੀਨ ਰੱਖਦਾ ਹੋਵੇ ਉਹ ਕਦੇ

ਵੀ ਦੂਜੇ ਦਾ ਹੱਕ ਨਹੀਂ ਮਾਰੇਗਾ। ਸਿੱਖ ਧਰਮ ਵਿਚ ਉਤਪਾਦਨ ਵਧਾਉਣਾ ਇਕ ਪਾਵਨ ਕੰਮ ਹੈ। ਕਿਉਂ ਜੋ ਇਹ ਵਿਅਕਤੀ ਨੂੰ ਆਪਣੇ ਪਰਿਵਾਰ ਅਤੇ ਆਪਣੇ ਜ਼ਰੂਰਤਮੰਦ ਸਾਥੀ ਮਨੁੱਖਾਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਕਾਬਲ ਬਣਾਉਂਦਾ ਹੈ।[36]

ਭਾਵ ਉਹਨਾਂ ਦੁਆਰਾ ਸਚਾਈ ਨਾਲ ਕਮਾਏ ਧਨ ਨੂੰ ਭੋਗ ਕੇ ਅਕਾਲ ਪੁਰਖ ਨੂੰ ਮਨ ਵਿਚ ਵਸਾਈ ਰੱਖਣ ਦਾ ਆਦੇਸ਼ ਦਿੱਤਾ ਗਿਆ ਹੈ:

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ।।
ਧਿਆਇਦਿਆ ਤੂੰ ਪ੍ਰਭੂ ਮਿਲ ਨਾਨਕ।।
ਉਤਰੀ ਚਿੰਤ।।[37]

ਸਿੱਖ ਚਿੰਤਨ ਵਿਚ ਉਚਿਤ ਅਤੇ ਚੰਗਾ ਜੀਵਨ ਜਿਊਣ ਦਾ ਅਧਿਕਾਰ ਮਨੁੱਖੀ ਅਧਿਕਾਰਾਂ ਵਿਚ ਸਵੀਕਾਰ ਕੀਤਾ ਗਿਆ ਹੈ ਜੋ ਚੰਗਾ ਜੀਵਨ ਜਿਊਣ ਲਈ ਮੁਢਲੀਆਂ ਲੋੜਾਂ ਦੀ ਪੂਰਤੀ ਨੂੰ ਜ਼ਰੂਰੀ ਸਮਝਦਾ ਹੈ:

ਗੋਪਾਲ ਤੇਰਾ ਆਰਤਾ।।
ਜੋ ਜਨ ਤੁਮਰੀ ਭਗਤਿ ਕਰੰਤੇ।।
ਤਿਨ ਕੇ ਕਾਜ ਸਵਾਰਤਾ।।
ਦਾਲਿ ਸੀਧਾ ਮਾਗਉ ਘੀਉ।।
ਹਮਰਾ ਖੁਸੀ ਕਰੈ ਨਿਤ ਜੀਉ।।
ਪਨੀਆ ਛਾਦਨੁ ਨੀਕਾ।।
ਅਨਾਜੁ ਮਗਉ ਸਤ ਸੀ ਕਾ।।
ਗਊ ਭੈਸ ਮਗਉ ਲਾਵੇਰੀ।।
ਇਕ ਤਾਜਨਿ ਤੁਰੀ ਚੰਗੇਰੀ।।
ਘਰ ਕੀ ਗੀਹਨਿ ਚੰਗੀ।।

ਜਨੁ ਧੰਨਾ ਲੇਵੈ ਮੰਗੀ॥[38]

ਆਰਥਿਕ ਅਧਿਕਾਰਾਂ ਦੇ ਬਚਾਉ ਦੇ ਨਾਲ ਮਨੁੱਖ ਦੇ ਧਾਰਮਿਕ ਤੇ ਰਾਜਨੀਤਿਕ ਅਧਿਕਾਰਾਂ ਦੀ ਰਾਖੀ ਕਰਨੀ ਵੀ ਸਿੱਖ ਸ਼ਹਾਦਤ ਪਰੰਪਰਾ ਦਾ ਅਨਿਖੜ ਅੰਗ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਰਾਜਿਆਂ ਦੇ ਅਧਿਕਾਰਾਂ ਦਾ ਖੰਡਨ ਕੀਤਾ ਜਿਸ ਅਧੀਨ ਰਾਜੇ ਪਰਜਾ ਪ੍ਰਤੀ ਕੋਈ ਵਿਧਾਨਕ ਜ਼ਿੰਮੇਵਾਰੀ ਤੋਂ ਮੁਨਕਰ ਸਨ। ਗੁਰੂ ਜੀ ਨੇ ਜਨਤਾ ਵਿਚ ਰਾਜਨੀਤਿਕ ਅਧਿਕਾਰਾਂ ਪ੍ਰਤੀ ਚੇਤਨਾ ਪੈਦਾ ਕੀਤੀ। ਡਾ. ਰਤਨ ਸਿੰਘ ਜੱਗੀ ਉਪਰੋਕਤ ਪ੍ਰਸੰਗ ਵਿਚ ਆਪਣਾ ਵਿਚਾਰ ਪ੍ਰਗਟਾਉਂਦੇ ਹੋਏ ਕਹਿੰਦੇ ਹਨ:

> ਮੱਧ ਯੁੱਗ ਦੇ ਸੰਤ ਸਾਹਿਤ ਵਿਚ ਅਕਸਰ ਰਾਜਨੀਤਿਕ ਸਮੱਸਿਆਵਾਂ ਸੰਬੰਧੀ ਸੰਤਾਂ ਦੇ ਦ੍ਰਿਸ਼ਟੀਕੋਣ ਦਾ ਚਿਤਰਣ ਨਹੀਂ ਹੋਇਆ ਹੈ ਪਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਨਾਨਕ ਬਾਣੀ ਉਸ ਸਮੇਂ ਦੇ ਸੰਤਾਂ-ਭਗਤਾਂ ਤੋਂ ਕੁਝ ਵੱਖਰੀ ਤਰ੍ਹਾਂ ਦੀ ਹੈ। ਗੁਰੂ ਜੀ ਨੇ ਜਿੱਥੇ ਜਨ ਸਧਾਰਨ ਦੀਆਂ ਅਧਿਆਤਮਕ ਸਮੱਸਿਆਵਾਂ ਨੂੰ ਆਪਣੀ ਬਾਣੀ ਰਾਹੀਂ ਅਭਿਵਿਅਕਤ ਕੀਤਾ ਹੈ ਉਥੇ ਤਤਕਾਲੀਨ ਰਾਜਨੀਤਿਕ ਅਵਸਥਾ ਨੂੰ ਵੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਕਰਨ ਵਿਚ ਰੁਚੀ ਵਿਖਾਈ ਹੈ।[39]

ਮੱਧਕਾਲੀ ਰਾਜਨੀਤਿਕ ਅਵਸਥਾ ਵਿਚ ਰਾਜਿਆਂ ਨੇ ਦੈਵੀ ਅਧਿਕਾਰਾਂ ਦੀ ਆੜ ਹੇਠ ਆਮ ਲੋਕਾਂ ਦੇ ਜਿਊਣ ਦੇ ਅਧਿਕਾਰ ਨੂੰ ਹੀ ਨਸ਼ਟ ਕਰ ਦਿੱਤਾ ਸੀ ਜਿਸ ਕਾਰਨ ਅਨਿਆਂ ਦਾ ਰਾਜ ਚਲ ਰਿਹਾ ਸੀ। ਰਾਜਿਆਂ ਦੇ ਨਿਰੰਕੁਸ਼ ਕਿਰਦਾਰ ਨੂੰ ਗੁਰੂ ਨਾਨਕ ਦੇਵ ਜੀ ਨੇ ਤ੍ਰਿਸਕਾਰਿਆ ਤੇ ਰੱਦ ਕੀਤਾ:

ਰਾਜੇ ਸ਼ੀਹ ਮੁਕੱਦਮ ਕੁਤੇ॥
ਜਾਇ ਜਗਾਇਨ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥

ਰਤ ਪਿਤੁ ਕੁਤਿਹੋ ਚਟਿ ਜਾਓੁ॥

ਜਿਥੇ ਜੀਆਂ ਹੋਸੀ ਸਾਰ॥

ਨਕੀ ਵੱਢੀ ਲਾਇਤਬਾਰ॥[40]

ਅਜਿਹੇ ਅੱਤਿਆਚਾਰੀ ਮਾਹੌਲ ਵਿਚ ਰਾਜਿਆਂ ਦੀ ਸ਼ੋਸਣਵਾਦੀ ਨੀਤੀ ਨੂੰ ਬਾਬਰ ਬਾਣੀ ਰਾਹੀਂ ਬਿਆਨ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਅਤੇ ਉਸ ਤੋਂ ਉਤਪੰਨ ਹੋਈ ਸਥਿਤੀ ਨੂੰ ਗੁਰਬਾਣੀ ਵਿੱਚ ਰਾਗ ਤਿਲੰਗ ਅਧੀਨ ਬੜੀ ਸਜੀਵਤਾ ਨਾਲ ਚਿਤਰਿਆ ਹੈ। ਸੋ ਇਹ ਸਿੱਖ ਵਿਚਾਰਧਾਰਾ ਮਨੁੱਖੀ ਅਧਿਕਾਰਾਂ ਦੀ ਪੈਰਵੀ ਕਰਦੀ ਹੈ:

ਜੈਸੀ ਮੈ ਆਵੈ ਖਸਮ ਦੀ ਬਾਣੀ॥

ਤੈਸੜਾ ਕਰੀ ਗਿਆਨੁ ਵੇ ਲਾਲੋ॥

ਪਾਪ ਕੀ ਜੰਞ ਲੈ ਕਾਬਲਹੁ ਧਾਇਆ॥

ਜੋਰੀ ਮਗੈ ਦਾਨੁ ਵੇ ਲਾਲੋ॥

ਸਰਮੁ ਧਰਮੁ ਦੁਇ ਛਪਿ ਖਲੋਇ॥

ਕੂੜੁ ਫਿਰੈ ਪਰਧਾਨੁ ਵੇ ਲਾਲੋ॥

ਕਾਜੀਆ ਬਾਮਣਾ ਦੀ ਗਲ ਥਕੀ॥

ਅਗਦੁ ਪੜੈ ਸੈਤਾਨੁ ਵੇ ਲਾਲੋ॥

ਮੁਸਲਮਾਨੀਆ ਪੜਹਿ ਕਤੇਬਾ॥

ਕਸਟ ਮਹਿ ਕਰਹਿ ਖੁਦਇ ਵੇ ਲਾਲੋ॥

ਜਾਤਿ ਸਨਾਤੀ ਹੋਰਿ ਹਿਦਵਾਣੀਆ॥

ਏਹਿ ਭੀ ਲੇਖੇ ਲਾਇ ਵੇ ਲਾਲੋ॥

ਖੂਨ ਕੇ ਸੋਹਲੇ ਗਾਵਅਹਿ॥

ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥[41]

**ਮੀਰੀ ਪੀਰੀ ਦੀ ਸਥਾਪਨਾ**

ਸਿੱਖ ਸ਼ਹਾਦਤ ਪਰੰਪਰਾ ਦਾ ਵਿਚਾਰਧਾਰਈ ਅਧਾਰ ਸਨਾਤਨੀ ਪਰੰਪਰਾ ਵਿਚ ਪ੍ਰਚਲਿਤ ਅਹਿੰਸਾ ਦੇ ਸਿਧਾਂਤ ਨੂੰ ਨਕਾਰਦਾ ਹੈ। ਪੁਰਾਤਨ ਪਰੰਪਰਾ ਅਨੁਸਾਰ ਤਾਕਤ ਦੀ ਵਰਤੋਂ ਨਿਖੇਧੀਯੋਗ ਹੈ। ਸਮਾਜਿਕ ਅਤੇ ਧਾਰਮਿਕ ਮਨੋਰਥ ਲਈ ਵੀ ਤਾਕਤ ਦੀ ਵਰਤੋਂ ਨੂੰ ਨਿੰਦਣਯੋਗ ਮੰਨਿਆ ਹੈ। ਅਹਿੰਸਾ ਦਾ ਸਿਧਾਂਤ ਕਿਸੇ ਵੀ ਪ੍ਰਕਾਰ ਦੇ ਤਸ਼ੱਦਦ ਦੇ ਵਿਰੋਧ ਵਿਚ ਜਾਂਦਾ ਹੈ। ਬ੍ਰਾਹਮਣੀ ਅਤੇ ਬੁੱਧ ਧਰਮ ਇਸ ਦੇ ਵਿਰੁੱਧ ਹੈ, ਸਿੱਟੇ ਵੱਜੋਂ ਭਾਰਤੀ ਪਰੰਪਰਾ ਵਿਚ ਕਿਸੇ ਵੀ ਪ੍ਰਕਾਰ ਦਾ ਹਥਿਆਰ ਚੁੱਕਣਾ ਨਿੰਦਣਯੋਗ ਹੈ। ਸਨਾਤਨੀ ਪਰੰਪਰਾ ਵਿਚ ਹਾਕਮ ਜ਼ਮਾਤ ਜ਼ੋਰ ਨਾਲ ਆਪਣੇ ਰਾਜ ਦੀਆਂ ਹੱਦਾਂ ਦਾ ਵਿਸਤਾਰ ਕਰਨਾ ਜ਼ਰੂਰੀ ਸਮਝਦੀ ਸੀ ਅਤੇ ਬ੍ਰਾਹਮਣ ਜਮਾਤ ਜਾਤੀ ਪਾਤੀ ਵਿਚਾਰਧਾਰਾ ਵਰਣ ਆਸ਼ਰਮ ਨੂੰ ਕਾਇਮ ਰੱਖ ਕੇ ਨੀਵੀਆਂ ਜਾਤਾਂ ਨੂੰ ਇਹ ਇਜਾਜ਼ਤ ਨਹੀਂ ਸੀ ਦਿੰਦੀ ਕਿ ਉਹ ਉੱਚ ਜਾਤੀਆਂ ਖਿਲਾਫ਼ ਹਥਿਆਰਬੰਦ ਹੋ ਕੇ ਅਵਾਜ਼ ਉਠਾਉਣ। ਇਸ ਅਵਸਥਾ ਵਿਚ ਜਨਤਾ ਦੀ ਪੀੜਿਤ ਸਥਿਤੀ ਨੂੰ ਵੇਖਦਿਆਂ ਸਿੱਖ ਸ਼ਹਾਦਤ ਪਰੰਪਰਾ ਵਿਚ ਅਹਿੰਸਾ ਨੂੰ ਤਿਆਗ ਕੇ ਧਾਰਮਿਕ ਅਤੇ ਸਿਆਸੀ ਅੱਤਿਆਚਾਰ ਦਾ ਮੁਕਾਬਲਾ ਕਰਨਾ ਜ਼ਰੂਰੀ ਸਮਝਿਆ ਗਿਆ। ਗੁਰੂ ਨਾਨਕ ਦੇਵ ਜੀ ਨੇ ਉਹਨਾਂ ਦੀ ਨਿਖੇਧੀ ਕੀਤੀ ਹੈ ਜੋ ਮਨੁੱਖੀ ਖ਼ੂਨ ਚੂਸ ਕੇ ਵੀ ਆਪਣੇ ਆਪ ਨੂੰ ਹਿੰਸਕ ਨਹੀਂ ਮੰਨਦੇ:

ਮਾਣਸ ਖਾਣੇ ਕਰਹਿ ਨਿਵਾਜ॥
ਛੁਰੀ ਵਗਾਇਨ ਤਿਨ ਗਲਿ ਤਾਗ॥
ਮਥੈ ਟਿਕਾ ਤੇੜਿ ਧੋਤੀ ਕਖਾਈ॥
ਹਥਿ ਛੁਰੀ ਜਗਤ ਕਾਸਾਈ॥[42]

ਸਮਾਜੀ ਹਿੱਤਾਂ ਤੋਂ ਮੂੰਹ ਮੋੜਨਾ ਤੇ ਮੋਕਸ਼ ਦੀ ਪ੍ਰਾਪਤੀ ਵਿਚ ਲੀਨ ਰਹਿਣਾ ਸਿੱਖ ਧਰਮ ਵਿਚ ਪ੍ਰਵਾਨ ਨਹੀਂ ਹੈ। ਗੁਰੂ ਸਾਹਿਬਾਨ ਇਸ ਨੂੰ ਨਾ ਤਾਂ ਧਰਮ ਅਤੇ ਨਾ ਹੀ ਇਖਲਾਕ ਸਮਝਦੇ ਸਨ ਕਿ ਮੋਖ ਪ੍ਰਾਪਤ ਕਰਨ ਦੀ ਧੁਨ ਵਿਚ ਮਸਤ ਰਿਹਾ ਜਾਵੇ, ਇਹ ਪ੍ਰਵਾਹ ਨਾ ਕਰਦਿਆਂ ਹੋਇਆਂ ਕਿ ਵਿਸ਼ਾਲ ਜਨਤਾ ਅਪਮਾਨ ਤੇ ਗਿਰਾਵਟ ਦਾ ਸ਼ਿਕਾਰ ਹੋ ਰਹੀ ਹੋਵੇ।[43]

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿੱਛੋਂ ਇਹ ਸਪਸ਼ਟ ਹੋ ਗਿਆ ਕਿ ਹਕੂਮਤ ਦਾ ਮੁਕਾਬਲਾ ਸ਼ਾਂਤਮਈ ਤਰੀਕੇ ਨਾਲ ਸੰਭਵ ਨਹੀਂ ਹੈ। ਇਹ ਇਤਿਹਾਸਿਕ ਸੱਚਾਈ ਹੈ ਕਿ ਬਿਨਾਂ ਮੁਕਾਬਲਾ ਕੀਤਿਆਂ ਕੋਈ ਵੀ ਬੁਰਾਈ ਢਲੀ ਨਹੀਂ, ਇਸ ਲਈ ਜ਼ੁਲਮ ਦਾ ਮੁਕਾਬਲਾ ਕਰਨ ਲਈ ਤਲਵਾਰ ਉਠਾਉਣੀ ਜ਼ਰੂਰੀ ਬਣ ਜਾਂਦੀ ਹੈ। 'ਸ਼ਹਾਦਤ ਪਰੰਪਰਾ ਵਿਚ ਇਹ ਅਹਿੰਸਾ ਦਾ ਵਿਰੋਧ ਇਤਫਾਕੀਆ ਜਾਂ ਸੁਭਾਵਿਕ ਨਹੀਂ ਸਗੋਂ ਸਿੱਖ ਪਰੰਪਰਾ ਦਾ ਸੋਚਿਆ ਸਮਝਿਆ ਵਿਚਾਰਧਰਾਈ ਪ੍ਰਬੰਧ ਹੈ ਜਿਸ ਰਾਹੀਂ ਇਨਕਲਾਬੀ ਤੇ ਇਖਲਾਕੀ ਨਿਸ਼ਾਨੇ ਸੋਧੇ ਗਏ ਹਨ। ਦੀਨ ਦੁਨੀਆਂ ਅਤੇ ਮਜ਼ਲੂਮਾਂ ਦੀ ਰੱਖਿਆ ਲਈ ਹਥਿਆਰ ਉਠਾਉਣਾ ਲਾਜ਼ਮੀ ਬਣ ਜਾਂਦਾ ਹੈ। ਸਿੱਖ ਸਿਧਾਂਤ ਅਨੁਸਾਰ ਅਤਿਆਚਾਰ ਦੇ ਖਿਲਾਫ਼ ਹਥਿਆਰਬੰਦ ਮੁਕਾਬਲਾ ਕਰਨਾ ਧਾਰਮਿਕ ਫਰਜ਼ ਹੈ।[44]

ਸਮਾਜੀ ਵਿਵਸਥਾ ਨੂੰ ਸੁਧਾਰਨ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜ਼ੁਲਮ ਦੇ ਖਿਲਾਫ਼ ਹਥਿਆਰਬੰਦ ਟੱਕਰ ਲੈਣ ਲਈ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਮੁਗਲ ਹਕੂਮਤ ਨਾਲ ਚਾਰ ਲੜਾਈਆਂ ਕੀਤੀਆਂ ਅਤੇ ਚਾਰਾਂ ਵਿਚ ਜਿੱਤ ਪ੍ਰਾਪਤ ਕੀਤੀ। ਸਿੱਖ ਪਰੰਪਰਾ ਵਿਚ ਸਿੱਖ ਨਾ ਕਿਸੇ ਤੋਂ ਡਰਦਾ ਹੈ ਤੇ ਨਾ ਕਿਸੇ ਨੂੰ ਡਰਾਉਂਦਾ ਹੈਃ

ਭੈਅ ਕਾਹੂ ਕਉ ਦੇਤ ਨਹਿ।।
ਨਹਿ ਭੈ ਮਾਨਤ ਆਨ।।[45]

ਧਰਮ ਦੀ ਨਵੀਨ ਵਿਆਖਿਆਃ- ਭਾਰਤੀ ਸਨਾਤਨੀ ਪਰੰਪਰਾ ਵਿਚ ਧਰਮ ਕੁਝ ਕ੍ਰਿਆਵਾਂ ਤੱਕ ਸੀਮਿਤ ਰਿਹਾ ਹੈ, ਜਿਸ ਵਿਚ ਹਰ ਵਰਣ ਦਾ ਆਪਣਾ ਆਪਣਾ ਕਰੱਤਵ ਨਿਸ਼ਚਿਤ ਹੈ ।ਆਸ਼ਰਮ ਧਰਮ ਵਿਚ ਮਨੁੱਖੀ ਜੀਵਨ ਦੀਆਂ ਚਾਰ ਅਵਸਥਾਵਾਂ ਬ੍ਰਹਮਚਾਰਯ, ਗ੍ਰਹਿਸਥ, ਬਾਨਪ੍ਰਸਤੀ ਅਤੇ ਸੰਨਿਆਸ ਹਨ। ਇਹਨਾਂ ਵਿਚੋਂ ਗ੍ਰਹਿਸਥੀ ਆਸ਼ਰਮ ਨੂੰ ਬਹੁਤ ਘੱਟ ਬ੍ਰਹਮਚਾਰਯ, ਬਾਨਪ੍ਰਸਤੀ ਅਤੇ ਸੰਨਿਆਸ ਨੂੰ ਹੀ ਮਨੁੱਖੀ ਕਲਿਆਣ ਦਾ ਸਭ ਤੋਂ ਉੱਤਮ ਸਾਧਨ ਸਵੀਕਾਰ ਕੀਤਾ ਗਿਆ ਹੈ। ਵੇਦਾਂ ਵਿਚ ਧਰਮ ਨੂੰ ਨਿਯਮ ਕਿਹਾ ਗਿਆ ਹੈ ਅਤੇ

ਰਿਵਾਜ ਦਾ ਨਾਂ ਦਿੱਤਾ ਗਿਆ ਹੈ। ਸ਼ਾਸਤਰਾਂ ਵਿਚ ਧਰਮ ਨੂੰ ਕਰਤਵ ਦੇ ਰੂਪ ਵਿਚ ਲਿਆ ਗਿਆ ਹੈ। ਇਸ ਸੰਬੰਧ ਵਿਚ Betty Heimann ਵਿਚਾਰ ਦਿੰਦੇ ਹਨ:

> ਧਰਮ ਇਕ ਪ੍ਰਚੀਨ ਭਾਰਤੀ ਸ਼ਬਦ ਹੈ ਭਾਵੇਂ ਇਸਦੇ ਕੋਸ਼ਗਤ ਅਰਥ ਕਰਤਵ, ਕਾਰਜ, ਡਿਊਟੀ, ਫ਼ਰਜ ਲਏ ਗਏ ਹਨ ਪਰੰਤੂ ਅਸਲੀ ਤੌਰ ਤੇ ਇਸਦਾ ਪ੍ਰਯੋਗ ਮਜ਼ਹਬੀ ਕ੍ਰਿਆਚਾਰ ਲਈ ਹੁੰਦਾ ਰਿਹਾ ਹੈ।[46]

ਭਾਰਤੀ ਪਰੰਪਰਾ ਵਿਚ ਧਰਮ ਦੇ ਅਰਥ ਫ਼ਰਜ ਜਾਂ ਕਰਤਵ ਜ਼ਰੂਰ ਹੈ ਪਰ ਅਸਲ ਵਿਚ ਵਿਵਹਾਰਕ ਰੂਪ ਵਿਚ ਅਪਣਾਇਆ ਨਹੀਂ ਗਿਆ। ਇਸ ਵਿਚ ਨਿੱਕੇ-ਨਿੱਕੇ ਵਰਤੋਂ ਵਿਹਾਰ ਦੇ ਕਾਰਜ ਅਤੇ ਕਰਮਕਾਂਡੀ ਸਰਗਰਮੀਆਂ ਹੀ ਆਉਂਦੀਆਂ ਰਹੀਆਂ ਹਨ। ਮਾਨਵੀ ਬਰਾਬਰੀ ਤੇ ਮਨੁੱਖੀ ਅਧਿਕਾਰਾਂ ਤੋਂ ਸੱਖਣਾ ਇਹ ਧਰਮ ਕੇਵਲ ਜਾਤੀ ਪਾਤੀ ਕਦਰਾਂ ਕੀਮਤਾਂ ਨੂੰ ਹੀ ਉਚਿਆਉਂਦਾ ਰਿਹਾ ਹੈ। ਧਾਰਮਿਕ ਖੇਤਰ ਵਿਚ ਦੋ ਧਰਾਵਾਂ ਹੀ ਪ੍ਰਮੁੱਖ ਰਹੀਆਂ ਹਨ। ਬਾਹਰਮੁਖੀ ਕਰਮਾਂਡੀ ਅਤੇ ਅੰਤਰਮੁਖੀ ਯੋਗ ਸਾਧਨਾ। ਬ੍ਰਾਹਮਣ ਜਾਤੀ ਬਾਹਰਮੁਖੀ ਕਰਮਕਾਂਡਾਂ ਦੀ ਧਾਰਨੀ ਰਹੀ ਹੈ ਅਤੇ ਅੰਤਰਮੁਖੀ ਸਾਧਨਾ ਰਾਹੀਂ ਤਪ ਕਰਕੇ ਰਿਸ਼ੀਆਂ, ਯੋਗੀਆਂ ਨੇ ਸਮਾਧੀਆਂ ਨਾਲ ਕਠਿਨ ਤਪੱਸਿਆ ਤੇ ਤਪ ਕਰਕੇ ਰਿੱਧੀਆਂ ਸਿੱਧੀਆਂ ਪ੍ਰਾਪਤ ਕਰਨ ਨੂੰ ਹੀ ਧਰਮ ਸਮਝਿਆ ਪਰ ਸ਼ਹਾਦਤ ਪਰੰਪਰਾ ਪਿੱਛੇ ਧਰਮ ਦਾ ਜੋ ਵਿਚਾਰ ਹੈ ਉਹ ਗਿਆਨ ਭਗਤੀ ਅਤੇ ਕਰਮ ਮਾਰਗ ਦਾ ਧਰਮ ਹੈ। ਸਿੱਖੀ ਦੇ ਧਰਮ ਦਾ ਟੀਚਾ ਗਿਆਨ, ਸ਼ਰਧਾ ਤੇ ਵਿਸ਼ਵਾਸ਼ ਵਿਚ ਹੈ। ਭਗਤੀ ਅੰਧ ਵਿਸ਼ਵਾਸ ਵਿਚ ਨਹੀਂ ਸਗੋਂ ਸਾਧ ਵਿਅਕਤੀ ਤੇ ਸੇਵਾ, ਵਿਚਾਰ ਅਤੇ ਕਰਮ ਨਿਸ਼ਕਾਮਤਾ ਵਿਚ ਹੈ। ਸਿੱਖ ਧਰਮ ਨਿਰੋਲ ਨਵਾਂ ਤੇ ਗੁਰੂ ਸਾਹਿਬਾਨ ਦੇ ਨਿੱਜੀ ਅਨੁਭਵ ਤੇ ਅਧਾਰਿਤ ਧਰਮ ਹੈ। ਇਹ ਨਾ ਤਾਂ ਪਰੰਪਰਾਗਤ ਧਰਮ ਦਾ ਬਦਲਿਆ ਹੋਇਆ ਰੂਪ ਹੈ ਅਤੇ ਨਾ ਹੀ ਸਮਕਾਲੀ ਧਾਰਮਿਕ ਸੰਪ੍ਰਦਾਵਾਂ ਦੇ ਸਾਂਝੇ ਤੇ ਮਿਲਵੇਂ ਰੂਪ ਵਿਚ ਉਭਰ ਕੇ ਸਾਹਮਣੇ ਆਇਆ ਹੈ।[47]

ਸਿੱਖ ਸ਼ਹਾਦਤ ਪਰੰਪਰਾ ਵਿਚ ਧਰਮ ਨਾ ਤੇ ਚੁੱਪ ਸਾਧਣ ਵਿਚ ਹੈ ਅਤੇ ਨਾ ਹੀ ਕਠਿਨ ਤਪੱਸਿਆ ਰਾਹੀਂ ਸਰੀਰ ਦਾ ਨਾਸ਼ ਅਤੇ ਭਾਵਨਾਵਾਂ ਨੂੰ ਮਾਰਨ ਵਿਚ ਹੈ। ਇਹ ਦਵੈਤ, ਹਉਮੈ ਅਤੇ ਬੰਧਨਾਂ ਤੋਂ ਛੁਟਕਾਰਾ ਹੈ। ਧਰਮ ਇਕ ਆਤਮਿਕ ਭੁੱਖ ਹੈ ਅਤੇ ਜਿਸਦੀ ਪੂਰਤੀ ਧਰਮ ਨੂੰ ਸਮਝ ਕੇ ਮਾਨਣ ਨਾਲ ਪੂਰੀ ਹੁੰਦੀ ਹੈ। ਧਰਮ ਦਾ ਨਿਸ਼ਾਨਾ ਕੇਵਲ ਸਮਾਧੀ ਲਾਉਣਾ ਨਹੀਂ ਜਾਂ ਮਸਤ ਰਹਿਣ ਵਿਚ ਨਹੀਂ ਇਹ ਗਤੀਸ਼ੀਲ ਵਰਤਾਰਾ ਹੈ ਜਿਸ ਵਿਚ ਜ਼ਿੰਦਗੀ ਦੀ ਰੌ ਦੇ ਨਾਲ ਨਾਲ ਸਵੈ-ਸੰਬੋਧਨ ਹੈ। ਜਿਸ ਵਿਚ ਨਵੇਂ ਮਨੁੱਖ ਦੀ ਸਿਰਜਣਾ ਹੁੰਦੀ ਹੈ । ਇਹ ਮਨੁੱਖੀ ਜੀਵਨ ਦੀ ਨਵੀਨ ਘਾੜਤ ਹੈ। ਇਸ ਨਾਲ ਮਨੁੱਖ ਅੰਦਰ ਪ੍ਰਭੂ ਦੇ ਗੁਣਾਂ ਦਾ ਸੰਚਾਰ ਹੁੰਦਾ ਹੈ। ਇਸ ਦੀ ਪ੍ਰਾਪਤੀ ਰਾਹੀਂ ਮਨੁੱਖ ਵਿਚੋਂ ਫਾਹੂ ਅਤੇ ਪਸ਼ੂ ਰੁਚੀਆਂ ਦਾ ਖਾਤਮਾ ਹੁੰਦਾ ਹੈ ਪਰ ਭਾਰਤੀ ਸਨਾਤਨੀ ਪਰੰਪਰਾ ਵਿਚ ਧਰਮ ਅਸਲ ਵਿਚ ਸਦਾਚਾਰ ਨਾਲੋਂ ਟੁੱਟਿਆ ਸਾਹਮਣੇ ਆਉਂਦਾ ਹੈ। ਸਿੱਖ ਸ਼ਹਾਦਤ ਪਰੰਪਰਾ ਵਿਚ ਧਰਮ ਦੀ ਨਵੀਨ ਵਿਆਖਿਆ ਦਾ ਅਧਾਰ ਸਦਾਚਾਰ ਨਾਲ ਜੁੜਦਾ ਹੈ। ਮਨੁੱਖ ਦਾ ਉੱਚਾ ਆਚਰਣ ਧਰਮ ਨਾਲ ਜੁੜ ਕੇ ਹੀ ਬਣਦਾ ਹੈ ਅਤੇ ਮਨੁੱਖ ਹਰਿ ਦਾ ਨਾਮ ਜਪ ਕੇ ਸ਼ੁੱਧ ਕਰਮ ਕਰਨ ਵੱਲ ਪ੍ਰੇਰਿਆ ਜਾਂਦਾ ਹੈ:

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥[48]

ਸਿੱਖ ਸ਼ਹਾਦਤ ਪਰੰਪਰਾ ਅਨੁਸਾਰ ਧਰਮ ਸੁੱਚੀਆਂ ਭਾਵਨਾਵਾਂ, ਵਿਵੇਕਸ਼ੀਲਤਾ, ਪਿਆਰ ਅਤੇ ਸਦਭਾਵਨਾ ਪੈਦਾ ਕਰਦਾ ਹੈ। ਇਸ ਦਾ ਅੰਤਰੀਵੀਂ ਤੱਤ ਮਨੁੱਖ ਅੰਦਰ ਸਵੈਮਾਣ, ਭਰੋਸਾ ਅਤੇ ਸਵੈ-ਵਿਸ਼ਵਾਸ਼ ਪੈਦਾ ਕਰਦਾ ਹੈ, ਜਿਸ ਦੇ ਸਿੱਟੇ ਵਜੋਂ ਮਨੁੱਖ ਦੀ ਪੂਰਨ ਸ਼ਖਸੀਅਤ ਉਭਰ ਕੇ ਸਾਹਮਣੇ ਆਉਂਦੀ ਹੈ ਜੋ ਆਡੰਬਰਾਂ ਤੋਂ ਮੁਕਤ ਹੁੰਦੀ ਹੈ:

ਅਨਹਤ ਸੁੰਨਿ ਰਤੇ ਸੇ ਕੈਸੇ॥
ਜਿਸ ਤੇ ਉਪਜੇ ਤਿਸ ਹੀ ਜੈਸੇ॥[49]

ਭਾਵ ਉਹ ਮਨੁੱਖ ਉਸ ਪਰਮਾਤਮਾ ਵਰਗੇ ਹੀ ਹੋ ਜਾਂਦੇ ਹਨ ਜਿਸ ਤੋਂ ਉਹ ਪੈਦਾ ਹੋਏ ਹਨ ਇਸ ਲਈ ਮਨੁੱਖ ਆਡੰਬਰਾਂ ਤੋਂ ਮੁਕਤ ਰਹਿਣਾ ਚਾਹੀਦਾ ਹੈ। ਸਿੱਖ ਸ਼ਹਾਦਤ ਪਰੰਪਰਾ

ਸਿਧਾਂਤ ਨਾਲੋਂ ਅਮਲ ਵਿਚ ਵਿਸ਼ਵਾਸ ਵਧੇਰੇ ਰੱਖਦੀ ਹੈ। ਜੀਵਨ ਪ੍ਰਤੀ ਇਸਦਾ ਆਸ਼ਾ ਬੜਾ ਚੜ੍ਹਦੀ ਕਲ੍ਹਾ ਵਾਲਾ ਹੈ। ਇਹ ਜੀਵਨ ਸਮੱਸਿਆਵਾਂ ਤੋਂ ਭੱਜਣਾ ਨਹੀਂ ਸਗੋਂ ਉਹਨਾਂ ਨਾਲ ਜੂਝਣਾ ਸਿਖਾਉਂਦੀ ਹੈ। ਧਰਮ ਮਨੁੱਖ ਦੇ ਸਵੈ-ਹੀਣਤਾ, ਨਿਰਬਲਤਾ ਅਤੇ ਅਪੂਰਨਤਾ ਦੇ ਨਕਾਰਾਤਮਕ ਅਹਿਸਾਸਾਂ ਦੀ ਪੈਦਾਵਾਰ ਨਹੀਂ ਹੈ ਜਿਵੇਂ ਕਿ ਕਈ ਚਿੰਤਕਾਂ ਦਾ ਮੱਤ ਹੈ ਸਗੋਂ ਇਹ ਮਨੁੱਖ ਦੀ ਉਦਾਤ ਕਲਪਨਾ ਦੀ ਸਕਾਰਾਤਮਕ ਕ੍ਰਿਆਸ਼ੀਲਤਾ ਦਾ ਪ੍ਰਮਾਣ ਹੈ। ਉਹ ਧਰਮ ਸ਼ਕਤੀ ਦੀ ਕਲਪਨਾ ਦੇ ਰੂਪ ਵਿਚ ਸਵੈ-ਸੰਪੂਰਨਤਾ, ਸਵੈ-ਉਤਮਤਾ ਦਾ ਇਕ ਉਚਤਮ ਆਦਰਸ਼ ਸਿਰਜਦਾ ਹੈ ਅਤੇ ਉਸ ਦੇ ਸਾਕਾਰ ਹੋਣ ਦੀ ਸੰਭਾਵਨਾ ਵਿਚ ਵਿਸ਼ਵਾਸ ਕਰਦਾ ਹੈ।[50]

ਸਿੱਖ ਚਿੰਤਨ ਫੋਕਟ ਆਡੰਬਰਾਂ ਨੂੰ ਰੱਦ ਕਰਦਾ ਹੈ ਤੇ ਇਹਨਾਂ ਤੋਂ ਉਪਰ ਉੱਠ ਕੇ ਸਿੱਧਾ ਜੀਵਨ ਨਿਸ਼ਾਨਾ ਸੋਧਦਾ ਹੈ ਅਤੇ ਮਨੁੱਖ ਦੇ ਵਿਅਕਤੀਗਤ, ਸਮਾਜਿਕ ਤੇ ਅਧਿਆਤਮਕ ਵਿਕਾਸ ਲਈ ਅਗਵਾਈ ਕਰਦਾ ਹੈ। ਇਸ ਸੰਬੰਧ ਵਿਚ ਡਾ. ਜਸਪਾਲ ਕੌਰ ਕਾਂਗ ਦਾ ਕਹਿਣਾ ਪ੍ਰਾਸੰਗਿਕ ਜਾਪਦਾ ਹੈ:

> ਪ੍ਰਕਿਤੀ ਦੀਆਂ ਦੂਸਰੀਆਂ ਕਿਰਤਾਂ ਵਿਚ ਵਿਕਾਸ ਦੀ ਬੜੀ ਘੱਟ ਸੰਭਾਵਨਾ ਹੈ ਜਦ ਕਿ ਮਨੁੱਖ ਦੀ ਪ੍ਰਕਿਰਤੀ ਵਿਕਾਸ ਉੱਪਰ ਹੀ ਟਿਕੀ ਹੋਈ ਹੈ। ਬਾਣੀ ਸੰਵੇਦਨਾ ਦਾ ਮੂਲ ਕੇਂਦਰੀ ਸਰੋਕਾਰ ਹੀ ਮਨੁੱਖ ਦੇ ਵਿਕਾਸ ਨੂੰ ਸਾਕਾਰ ਕਰਨਾ ਹੈ। 'ਮਾਨਸ ਤੋਂ ਦੇਵਤਾ' ਬਣਨ ਦੀ ਯਾਤਰਾ ਇਸੇ ਵਿਕਾਸ ਦਾ ਪ੍ਰਤੀਕ ਹੈ।[51]

ਸਿੱਖ ਧਰਮ ਵਿਚ ਧਰਮ ਦਾ ਨਿਸ਼ਾਨਾ ਸਵਰਗ ਦੀ ਪ੍ਰਾਪਤੀ ਨਹੀਂ ਸਗੋਂ ਇਸ ਦੁਨੀਆਂ ਵਿਚ ਸਵਰਗ ਵਰਗੇ ਸੁੱਖਾਂ ਦੀ ਸਥਾਪਤੀ ਹੈ:

> ਸੁਣ ਗਲਾ ਗੁਰ ਪਹਿ ਆਇਆ॥
> ਨਾਮ ਦਾਨੁ ਇਸਨਾਨੁ ਦਿੜਾਇਆ॥
> ਸਭ ਮੁਕਤੁ ਹੋਆ ਸੈਸਾਰੜਾ॥
> ਨਾਨਕ ਸਚੀ ਬੇੜੀ ਚਾੜਿ ਜੀਉ॥[52]

ਸਿੱਖ ਸ਼ਹਾਦਤ ਪਰੰਪਰਾ ਨੇ ਧਰਮ ਦਾ ਤਿਆਗੀ ਪੱਖ ਸਵੀਕਾਰ ਨਹੀਂ ਕੀਤਾ ਜਿਸ ਵਿਚ ਮਨੁੱਖ ਕਰਮ ਕਾਂਡਾਂ ਵਿਚ ਹੀ ਉਲਝ ਕੇ ਰਹਿ ਜਾਵੇ। ਉਸ ਅਨੁਸਾਰ ਧਰਮ ਉਹਨਾਂ ਕੀਮਤਾਂ ਦਾ ਸਮੁੱਚ ਹੈ ਜੋ ਆਚਰਣ ਅਤੇ ਇਖ਼ਲਾਕ ਬਣਾਉਂਦੀਆਂ ਹਨ। ਇਖ਼ਲਾਕ ਤੋਂ ਸੱਖਣੇ ਧਰਮ ਦੀ ਨਿਖੇਧੀ ਕੀਤੀ ਗਈ ਹੈ:

ਕਰਮ ਧਰਮ ਪਾਖੰਡ ਜੋ ਦੀਸਹਿ॥
ਤਿਨ ਜਮੁ ਜਾਗਾਤੀ ਲੂਟੇ॥[53]

ਲੋਭ ਲਾਲਚ ਅਤੇ ਪਾਪ ਤੋਂ ਉੱਪਰ ਉਠਣ ਅਤੇ ਨਿਮਰਤਾ ਧਾਰਣ ਵਿਚ ਹੀ ਧਰਮ ਦਾ ਅਸਲੀ ਆਸ਼ਾ ਹੈ:

ਕਬੀਰਾ ਕਹਾ ਗਿਆਨੁ॥
ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥
ਜਹਾ ਲੋਭੁ ਤਹ ਕਾਲੁ ਹੈ ॥
ਜਹਾ ਖਿਮਾ ਤਹ ਆਪਿ॥[54]

ਉਪਰੋਕਤ ਤੱਥਾਂ ਦੀ ਰੋਸ਼ਨੀ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਿੱਖ ਸ਼ਹਾਦਤ ਪਰੰਪਰਾ ਦੀ ਵਿਚਾਰਧਾਰਾ ਪੁਰਾਤਨ ਸਨਾਤਨੀ ਪਰੰਪਰਾ ਤੋਂ ਬਿਲਕੁਲ ਹੱਟ ਕੇ ਸਮਾਜ ਨੂੰ ਸੁਤੰਤਰ, ਉਸਾਰੂ ਅਤੇ ਮਨੁੱਖਤਾ ਦੇ ਭਲੇ ਵਿੱਚ ਤੋਰਨ ਵਾਲੀ ਨਿਵੇਕਲੀ ਵਿਚਾਰਧਾਰਾ ਹੈ। ਸਿੱਖ ਵਿਚਾਰਧਾਰਾ ਦਾ ਅਗਲਾ ਨਿਸ਼ਾਨਾ ਸਿਆਸੀ ਤੌਰ ਤੇ ਹਕੂਮਤ ਵੱਲੋਂ ਕੀਤੇ ਜਾ ਰਹੇ ਅੱਤਿਅਚਾਰ ਦੇ ਖਿਲਾਫ ਲੜਨਾ ਸੀ। ਅਨਿਆਂ, ਨਾ-ਬਰਾਬਰੀ ਅਤੇ ਦਰਜਾ-ਬਾਦਰਜੀ ਦੇ ਅਧਾਰ ਤੇ ਉਸਰੇ ਸਮਾਜ ਅਤੇ ਇਸਲਾਮੀ ਸੱਭਿਆਚਾਰ ਦੇ ਪ੍ਰਭਾਵ ਅਧੀਨ ਵਿਗਠਤ ਹੋ ਰਹੀ ਵਿਵਸਥਾ ਨੂੰ ਦਿਸ਼ਾ ਨਿਰਦੇਸ਼ ਦੇਣਾ ਸੀ। ਗੁਰੂ ਸਾਹਿਬਾਨ ਦੀ ਸਿਰਜੀ ਹੋਈ ਇਹ ਵਿਚਾਰਧਾਰਾ ਅਜਿਹੇ ਮਾਡਲ ਪ੍ਰਦਾਨ ਕਰਦੀ ਹੈ ਜਿਸ ਨੇ ਸਿਆਸੀ ਅਤੇ ਸੱਭਿਆਚਾਰਕ ਵਿਰੋਧਾਂ ਦਾ ਟਾਕਰਾ ਕਰਕੇ ਨਵੀਂ ਵਿਵਸਥਾ ਕਾਇਮ ਕਰਨ ਦਾ ਯਤਨ ਕੀਤਾ ਹੈ।

## 3.2 ਸਿਆਸੀ ਅਤੇ ਸੱਭਿਆਚਾਰਕ ਵਿਰੋਧਾਂ ਤੋਂ ਪਾਰ ਜਾਣ ਦੀ ਪ੍ਰਕ੍ਰਿਆ

ਕਿਸੇ ਜਨ ਸਮੂਹ ਦੇ ਵਿਸ਼ੇਸ਼ ਜੀਵਨ ਢੰਗ ਨੂੰ ਸੱਭਿਆਚਾਰ ਕਿਹਾ ਜਾਂਦਾ ਹੈ ਜਿਸ ਵਿੱਚ ਕਿਸੇ ਜਨ ਸਮੂਹ ਦੇ ਸਮੁੱਚੇ ਜੀਵਨ ਦੇ ਕਾਰ-ਵਿਹਾਰ, ਵਿਸ਼ਵਾਸ, ਰਸਮਾਂ, ਰੀਤਾਂ, ਖਾਣ-ਪੀਣ, ਪਹਿਰਾਵਾ ਮਨੌਤਾਂ ਰੂਹਾਨੀ ਅਤੇ ਸਦਾਚਾਰਕ ਕਦਰਾਂ ਕੀਮਤਾਂ, ਕਲਾ, ਸਮਾਜਿਕ, ਆਰਥਿਕ ਅਤੇ ਰਾਜਸੀ ਸੰਸਥਾਵਾਂ ਸ਼ਾਮਲ ਹੁੰਦੀਆਂ ਹਨ। ਇਹ ਮਨੁੱਖ ਦੀਆਂ ਧਾਰਮਿਕ, ਸਮਾਜਿਕ ਅਤੇ ਬੌਧਿਕ ਸਰਗਰਮੀਆਂ ਦਾ ਖਜ਼ਾਨਾ ਹੁੰਦਾ ਹੈ ਜੋ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦਾ ਹੈ। ਹਰ ਪੀੜ੍ਹੀ ਦੀਆਂ ਸੋਚਾਂ ਅਤੇ ਭਾਵਨਾਵਾਂ ਸੱਭਿਆਚਾਰ ਦੀਆਂ ਜੜ੍ਹਾਂ ਵਿੱਚ ਹੁੰਦੀਆਂ ਹਨ। ਉਹ ਸੱਭਿਆਚਾਰ ਸੰਭਾਵਨਾਵਾਂ ਭਰਪੂਰ ਹੁੰਦਾ ਹੈ ਜੋ ਸਮੇਂ ਦੀਆਂ ਲੋੜਾਂ ਅਤੇ ਮੰਗਾਂ ਦੇ ਅਨੁਕੂਲ ਹੁੰਦਾ ਹੈ ਅਤੇ ਮਨੁੱਖਤਾ ਦੇ ਉੱਚੇ ਆਦਰਸ਼ਾਂ ਪ੍ਰਤੀ ਸੁਹਿਰਦ ਹੋਵੇ। ਸੱਭਿਆਚਾਰ ਅਤੇ ਸਿਆਸਤ ਦਾ ਆਪਸ ਵਿੱਚ ਬਹੁਤ ਡੂੰਘਾ ਸਬੰਧ ਹੈ। ਸੱਭਿਆਚਾਰ ਵਿੱਚ ਪੈਦਾ ਹੋਈਆਂ ਕਦਰਾਂ-ਕੀਮਤਾਂ ਹੀ ਸਿਆਸਤ ਨੂੰ ਮੁੱਖ ਦਿਸ਼ਾ ਪ੍ਰਦਾਨ ਕਰਦੀਆਂ ਹਨ। ਸਿਆਸੀ ਮੁੱਲਾਂ ਨਾਲ ਸੱਭਿਆਚਾਰਕ ਤਬਦੀਲੀ ਆਉਣੀ ਲਾਜ਼ਮੀ ਹੈ। ਜਦ ਸਿਆਸੀ ਕਦਰਾਂ-ਕੀਮਤਾਂ ਵਿੱਚ ਤਬਦੀਲੀ ਆਉਂਦੀ ਹੈ ਤਾਂ ਨਵੀਨ ਸੱਭਿਆਚਾਰਕ ਬੋਧ ਜਨਮ ਲੈਂਦਾ ਹੈ।

ਸਿੱਖ ਸ਼ਹਾਦਤ ਪਰੰਪਰਾ ਦੇ ਵਿਚਾਰਧਾਰਾਈ ਆਧਾਰ ਦੇ ਮੁੱਢਲੇ ਸਿਧਾਂਤਾਂ ਅਨੁਸਾਰ ਗੁਰੂ ਸਾਹਿਬਾਨ ਨੇ ਆਪਣੇ ਸਮੇਂ ਦੇ ਸੱਭਿਆਚਾਰਕ ਅਤੇ ਸਿਆਸੀ ਮਸਲਿਆਂ ਨੂੰ ਇਨਕਲਾਬੀ ਪੱਧਰ ਤੇ ਨਜਿੱਠਿਆ ਹੈ। ਗੁਰੂ ਨਾਨਕ ਸਾਹਿਬ ਦਾ ਸਮਾਂ ਨਾ ਤਾਂ ਸੱਭਿਆਚਾਰਕ ਪੱਖੋਂ ਚੰਗਾ ਸੀ ਅਤੇ ਨਾ ਹੀ ਸਿਆਸੀ ਪੱਧਰ ਤੇ ਸੰਤੋਸ਼ਜਨਕ ਸੀ। ਇਸ ਸੰਬੰਧ ਵਿਚ ਇਤਿਹਾਸਕਾਰ ਏ.ਸੀ. ਬੈਨਰਜੀ ਲਿਖਦੇ ਹਨ:

> ਸਿਆਸੀ ਤੌਰ ਤੇ ਇਹ ਯੁੱਗ ਸੀ ਜਦੋਂ ਇਹ ਉਹ ਸਮਾਂ ਸੀ ਕਿ ਪੰਜਾਬ ਗਿਆਰਵੀਂ ਸਦੀ ਵਿੱਚ ਮਹਿਮੂਦ ਗਜ਼ਨਵੀ ਤੋਂ ਲੈ ਕੇ 16 ਵੀਂ ਸਦੀ

ਦੇ ਬਾਬਰ ਦੇ ਹਮਲੇ ਤਕ ਮਸਲਮਾਨ ਹਮਲਾਵਰਾਂ ਲਈ ਭਾਰਤ ਦਾ ਮੁੱਖ ਦਰਵਾਜ਼ਾ ਰਿਹਾ ਹੈ।[55]

ਡਾ. ਫੌਜਾ ਸਿੰਘ ਪੁਸਤਕ ਪੰਜਾਬ ਦਾ ਇਤਿਹਾਸ ਵਿਚ ਐਲਬੇਰੁਨੀ ਦਾ ਹਵਾਲਾ ਦਿੰਦੇ ਹੋਏ ਦੱਸਦੇ ਹਨ ਕਿ ਤੁਰਕ ਜਿੱਥੋਂ ਦੀ ਲੰਘ ਜਾਂਦੇ ਸਨ ਉਥੇ ਉਜਾੜਾ ਹੀ ਉਜਾੜਾ ਹੀ ਪੈ ਜਾਂਦਾ ਸੀ। ਬਾਬਰ ਨੇ ਹਿੰਦੋਸਤਾਨ ਤੇ ਹਮਲੇ ਕਰਕੇ ਹਿੰਦੋਸਤਾਨ ਨੂੰ ਹਰ ਤਰ੍ਹਾਂ ਨਾਲ ਲੁਟਿਆ ਉਸ ਪਿਛੋਂ ਹਮਲਾਵਰ ਫੌਜਾਂ ਦੇ ਲਗਾਤਾਰ ਹਮਲਿਆਂ ਨੇ ਭਾਰਤ ਨੂੰ ਇਕ ਤਰੀਕੇ ਨਾਲ ਬਦਲ ਕੇ ਰੱਖ ਦਿੱਤਾ ਸੀ। ਇਨ੍ਹਾਂ ਹਮਲਿਆਂ ਦੇ ਲਗਾਤਾਰ ਵੱਧਦੇ ਸਿਲਸਿਲੇ ਨੇ ਮੱਧ ਯੁੱਗੀ ਭਾਰਤ ਵਿਚ ਇਕ ਅਧੋਗਤੀ ਵਾਲੀ ਸਥਿਤੀ ਪੈਦਾ ਕਰ ਦਿੱਤੀ ਸੀ। ਮਹਿਮੂਦ ਗਜ਼ਨਵੀ ਦੀ ਹਕਮੂਤ ਸਮੇਂ ਅਫ਼ਗਾਨਿਸਾਨ, ਇਰਾਨ, ਖ਼ੁਰਾਸਾਨ ਤੋਂ ਲੋਕ ਇੱਧਰ ਪੰਜਾਬ ਵੱਲ ਆ ਰਹੇ ਸਨ। ਚੰਗੇਜ਼ ਖਾਨ ਦੇ ਜ਼ੁਲਮਾਂ ਤੋਂ ਤੰਗ ਆ ਕੇ ਲੋਕ ਭਾਰਤ ਆ ਰਹੇ ਸਨ। ਮੁਸਲਮਾਨ ਹਮਲਾਵਰਾਂ ਦੇ ਭਾਰਤ ਵਿੱਚ ਆਉਣ ਨਾਲ ਭਾਰਤੀ ਸੱਭਿਆਚਾਰ ਉਤੇ ਧਾਰਮਿਕ, ਸਿਆਸੀ ਤੇ ਸਮਾਜੀ ਪੱਧਰ ਉੱਤੇ ਐਸੇ ਪ੍ਰਭਾਵ ਪਏ ਜਿਨ੍ਹਾਂ ਨੇ ਸਮਾਜ ਦੇ ਮੁਹਾਂਦਰੇ ਨੂੰ ਹੀ ਬਦਲ ਦਿੱਤਾ। ਸਭ ਤੋਂ ਜ਼ਿਆਦਾ ਪ੍ਰਭਾਵ ਭਾਰਤ ਦੇ ਉੱਤਰੀ ਇਲਾਕੇ ਤੇ ਹੀ ਪਿਆ। ਭਾਰਤ ਦੇ ਸਾਰੇ ਸੂਬਿਆਂ ਵਿੱਚੋਂ ਪੰਜਾਬ ਉੱਤੇ ਸਭ ਤੋਂ ਵੱਧ ਮੁਗਲ ਸਾਮਰਾਜ ਦਾ ਪ੍ਰਭਾਵ ਪਿਆ ਅਸਲ ਵਿੱਚ ਮੰਗੋਲ ਤੇ ਤੈਮੂਰ ਦੇ ਹਮਲਿਆਂ ਦਾ ਸ਼ਿਕਾਰ ਪੰਜਾਬ ਹੀ ਬਣਿਆ। ਕੁਦਰਤੀ ਹੀ ਇਸਲਾਮ ਦਾ ਪ੍ਰਭਾਵ ਫੌਜੀ, ਰਾਜਸੀ, ਧਾਰਮਿਕ, ਸਮਾਜਿਕ ਪੱਖੋਂ ਇਥੇ ਜ਼ਿਆਦਾ ਪਿਆ।[56]

ਇਸਲਾਮੀ ਸੱਤਾ ਦੀ ਅਧੀਨਗੀ ਵਿੱਚ ਭਾਰਤੀ ਬਹੁਤ ਜ਼ਿਆਦਾ ਢਹਿੰਦੀਆਂ ਕਲਾ ਵਲ ਚਲੇ ਗਏ ਸਨ ਅਤੇ ਸਵੈ-ਮਾਣ ਦਾ ਬਹੁ ਮੁੱਲਾ ਗੁਣ ਉਹ ਆਪਣੇ ਚਰਿੱਤਰ ਵਿੱਚੋਂ ਗੁਆ ਬੈਠੇ ਸਨ। ਅਜਿਹੀ ਸਥਿਤੀ ਲਈ ਜ਼ਿੰਮੇਵਾਰ ਸਿਰਫ਼ ਇਸਲਾਮੀ ਹਮਲੇ ਅਤੇ ਇਸਲਾਮੀ ਸੱਭਿਆਚਾਰ ਦਾ ਕਬਜ਼ਾ ਹੋਣਾ ਹੀ ਨਹੀਂ ਸੀ ਸਗੋਂ ਹਿੰਦੂ ਧਰਮ ਦੀ ਜਾਤੀ-ਪਾਤੀ ਪ੍ਰਥਾ ਦੀ ਨੀਤੀ ਵੀ ਜ਼ਿੰਮੇਵਾਰ ਰਹੀ ਹੈ। ਇਸ ਸਥਿਤੀ ਨੂੰ ਬਿਆਨ ਕਰਦੇ ਹੋਏ ਡਾ. ਫੌਜਾ ਸਿੰਘ ਲਿਖਦੇ ਹਨ:

> ਜਾਤ-ਪਾਤ ਦੇ ਬੰਧਨਾਂ ਵਿੱਚ ਕੱਟੜਤਾ, ਛੂਤ-ਛਾਤ ਵਿੱਚ ਹੋਰ ਵਾਧਾ, ਸਫ਼ਰ ਅਤੇ ਪਰਸਪਰ ਮੇਲ-ਜੋਲ ਉੱਤੇ ਪਾਬੰਦੀਆਂ ਵਹਿਮਾਂ ਤੇ ਅੰਧ ਵਿਸਵਾਸਾਂ ਦਾ ਪਸਾਰਾ, ਕਰਮ ਕਾਂਡ ਦੇ ਤਾਣੇ ਦਾ ਬੜਾਵਾ ਤੇ ਪ੍ਰੋਹਿਤ ਸ਼੍ਰੇਣੀ ਦੀ ਪ੍ਰਾਧੀਨਤਾ ਉਨ੍ਹਾਂ ਵਿਚੋਂ ਕੁਝ ਕੁ ਉੱਘੀਆਂ ਰੁਚੀਆਂ ਸਨ।[57]

ਹਿੰਦੂ ਧਰਮ ਦੀ ਜਾਤੀ-ਪਾਤੀ ਪ੍ਰਥਾ ਦੀ, ਧਾਰਮਿਕ ਪਵਿੱਤਰਤਾ ਅਤੇ ਸਮਾਜਿਕ ਸੰਗਠਨਾਂ ਦੀ ਰੱਖਿਆ ਕਰਨ ਦੀ ਨੀਤੀ ਨੇ 'ਮਲੇਛ' ਦੀ ਪਰਿਭਾਸ਼ਾ ਕਾਇਮ ਕਰ ਲਈ। ਜੋ ਵੀ ਮਲੇਛ ਨਾਲ ਭਿੱਟ ਜਾਂਦਾ ਸੀ ਉਹ ਸਜਾ ਦਾ ਹੱਕਦਾਰ ਸੀ। ਹਿੰਦੂ ਧਰਮ ਦੀ ਇਸ ਅਲਗਾਉ ਦੀ ਅਤੇ ਫੋਕੀ ਵਰਣ ਆਸ਼ਰਮ ਧਰਮ ਦੀ ਨੀਤੀ ਨੇ ਹਿੰਦੂ ਅਤੇ ਗੈਰ ਹਿੰਦੂ ਨੂੰ ਸਿਆਸੀ, ਸਮਾਜੀ ਤੇ ਸੱਭਿਆਚਾਰਕ ਗੁਲਾਮੀ ਦੀ ਜ਼ਿੱਲਤ ਵਿੱਚ ਜਿਊਣ ਲਈ ਮਜਬੂਰ ਕੀਤਾ ਅਤੇ ਇਸਲਾਮੀ ਹਮਲਿਆਂ ਤੋਂ ਉਪਜੇ ਸਮਾਜਿਕ ਸੱਭਿਆਚਾਰਕ ਸਿਆਸੀ ਅਤੇ ਧਾਰਮਿਕ ਵਿਘਟਨ ਤੋਂ ਨਜ਼ਰ ਅੰਦਾਜ਼ ਕਰੀ ਰੱਖਿਆ। ਇਸਲਾਮ ਦਾ ਮਾਨਵ ਬਰਾਬਰੀ ਦਾ ਸਿਧਾਂਤ ਭਾਰਤੀ ਜਨਤਾ ਵਿਚੋਂ ਨੀਵੀਆਂ ਸ਼੍ਰੇਣੀਆਂ ਨੂੰ ਆਪਣੇ ਵੱਲ ਖਿੱਚਣ ਲਈ ਕਾਮਯਾਬ ਹੋ ਗਿਆ ਜਿਨ੍ਹਾਂ ਨੂੰ ਹਿੰਦੂ ਧਰਮ ਨੇ ਤ੍ਰਿਸਕਾਰ ਦਿੱਤਾ ਸੀ ਉਹਨਾਂ ਲੋਕਾਂ ਨੇ ਇਸਲਾਮੀ ਸੱਭਿਆਚਾਰ ਅਪਣਾ ਲਿਆ। ਹਿੰਦੂ ਧਰਮ ਨਾਲ ਜੁੜੀ ਪੜ੍ਹੀ-ਲਿਖੀ ਸ਼੍ਰੇਣੀ ਨੇ ਇਸਲਾਮੀ ਪ੍ਰਬੰਧ ਹੇਠ ਕੰਮ ਕਰਨ ਨੂੰ ਤਰਜੀਹ ਦਿੱਤੀ। ਮੁਸਲਿਮ ਹਾਕਮ ਜਮਾਤ ਤੇ ਉਹਨਾਂ ਦੇ ਨੌਕਰਾਂ ਨੇ ਹਿੰਦੂ ਮਾਲਕ ਜਮਾਤ ਤੇ ਜਨਤਾ ਨੂੰ ਗੁਲਾਮ ਬਣਾ ਕੇ ਅਤਿਅੰਤ ਦੁੱਖ ਦੇਣੇ ਸ਼ੁਰੂ ਕਰ ਦਿਤੇ ਤੇ ਸਿਆਸੀ ਤੌਰ ਤੇ ਗੁਲਾਮ ਜਨਤਾ ਉੱਤੇ ਟੈਕਸ ਲਗਾਏ ਗਏ। ਉਹਨਾਂ ਨੂੰ ਗੁਲਾਮ ਬਣਾਉਣ ਲਈ ਰਾਜ ਪ੍ਰਬੰਧ ਦੀਆਂ ਉੱਚੀਆਂ ਪਦਵੀਆਂ ਤੋਂ ਵਾਂਝੇ ਰੱਖਿਆ ਗਿਆ। ਮੰਦਿਰਾਂ ਨੂੰ ਢਾਹੁਣਾ ਉਹਨਾਂ ਦੇ ਸ਼ੁਗਲ ਵਿੱਚ ਸ਼ਾਮਿਲ ਸੀ। ਹਿੰਦੂਆਂ ਤੋਂ ਜਜ਼ੀਆ ਅਤੇ ਮੁਸਲਮਾਨਾਂ ਤੋਂ ਜਕਾਤ ਵਸੂਲ ਕੀਤੀ ਜਾਂਦੀ ਸੀ ਪਰ ਇਹ ਜਕਾਤ ਨਾ ਤਾਂ ਜਜ਼ੀਏ ਵਾਂਗ ਲਾਜ਼ਮੀ ਸੀ ਅਤੇ ਨਾ ਹੀ ਇਸਦੀ ਕੋਈ ਦਰ ਜਜ਼ੀਏ ਜਿੰਨੀ ਸੀ। ਹਿੰਦੂਆਂ ਨੂੰ ਜਜ਼ੀਆ ਕਰ ਦੇਣ ਸਮੇਂ ਹੀਣਤਾ ਸਹਿਣੀ

ਪੈਂਦੀ ਸੀ ਜਿਸਦਾ ਪ੍ਰਭਾਵ ਅਤਿ ਖਤਰਨਾਕ ਸੀ ਧਰਮ ਤਿਆਗ ਕੇ ਮੁਸਲਮਾਨ ਬਣ ਜਾਣ ਤੋਂ ਬਿਨਾਂ ਹਿੰਦੂ ਮੁਸਲਮਾਨਾ ਦੀ ਬਰਾਬਰੀ ਸੋਚ ਵੀ ਨਹੀਂ ਸਨ ਸਕਦੇ। ਭਾਰਤੀਆਂ ਦੇ ਹੌਸਲੇ ਤੋੜਣ ਲਈ ਉਹਨਾਂ ਦਾ ਧਰਮ ਪਰਿਵਰਤਨ ਕੀਤਾ ਜਾਂਦਾ ਸੀ। ਇਸਲਾਮ ਦੀ ਰਾਜਸੀ ਨੀਤੀ ਵਿਚ ਧਰਮ ਪਰਿਵਰਤਨ ਨੂੰ ਲਾਜ਼ਮੀ ਮੰਨਿਆ ਜਾਂਦਾ ਸੀ। ਸਿਆਸੀ ਪੱਧਰ ਤੇ ਇਸਲਾਮ ਧਰਮ ਨੂੰ ਹੀ ਮਾਨਤਾ ਦਿੱਤੀ ਅਤੇ ਬਾਕੀ ਧਰਮਾਂ ਦੇ ਲੋਕਾਂ ਨੂੰ ਕਾਫ਼ਿਰ ਮੰਨਿਆ ਜਾਂਦਾ ਸੀ ਜੇ ਰਾਜ ਵਿਚ ਕਿਸੇ ਹੋਰ ਧਰਮ ਦੇ ਲੋਕ ਹੋਣ ਤਾਂ ਉਹਨਾਂ ਨੂੰ ਘਟੀਆ ਗਿਣਿਆ ਜਾਂਦਾ ਸੀ। ਹਕੂਮਤ ਦਾ ਨਿਸ਼ਾਨਾ ਰਾਜ ਵਿਚ ਸੰਪੂਰਨ ਧਾਰਮਿਕ ਏਕਤਾ ਪੈਦਾ ਕਰਨਾ ਸੀ। ਕੁਰਾਨ ਸ਼ਰੀਫ ਵਿਚ ਕਿਹਾ ਗਿਆ ਹੈ:

> ਕਾਫ਼ਿਰਾਂ ਨੂੰ ਕਹੋ ਕਿ ਉਹ ਆਪਣੇ ਅਧਰਮੀ ਰਾਹ ਨੂੰ ਛੱਡ ਦੇਣ ਤਾਂ ਉਹਨਾਂ ਨੂੰ ਮਾਫ਼ ਕਰ ਦੱਤਾ ਜਾਵੇਗਾ ਪਰ ਜੇ ਉਹ ਕਾਫ਼ਿਰ ਦੇ ਰਾਹ ਉੱਤੇ ਹੀ ਰਹਿਣ ਤਾਂ ਮੁਸਲਮਾਨਾਂ ਨੂੰ ਚਾਹੀਦਾ ਹੈ ਕਿ ਉਹ ਉਹਨਾਂ ਵਿੱਰੁਧ ਉਦੋਂ ਤੱਕ ਲੜਣ ਜਦ ਤਕ ਲੜਾਈ ਮੁਕ ਨਹੀਂ ਜਾਂਦੀ ਅਤੇ ਸਾਰੇ ਜਣੇ ਰੱਬ ਦੇ ਧਰਮ (ਇਸਲਾਮ) ਦੇ ਅਨੁਆਈ ਨਹੀਂ ਹੋ ਜਾਂਦੇ।[58]

ਟੈਕਸ ਸਬੰਧੀ ਫੋਜਾ ਸਿੰਘ ਦਾ ਵਿਚਾਰ ਹੈ ਕਿ ਜਜ਼ੀਆ ਕਰ ਦੇਣ ਸਬੰਧੀ ਜੋ ਭਾਰਤੀਆਂ ਨੂੰ ਹੀਣਤਾ ਸਹਿਣੀ ਪੈਂਦੀ ਸੀ ਉਹ ਮਾਨਸਿਕ ਗੁਲਾਮੀ ਦਾ ਵਰਤਾਰਾ ਸਾਬਿਤ ਹੋਈ। ਕਈ ਵਾਰੀ ਟੈਕਸ ਦੇਣ ਵਾਲੇ ਨੂੰ ਜਿਸ ਤਰ੍ਹਾਂ ਖੁਆਰ ਕੀਤਾ ਜਾਂਦਾ ਸੀ, ਉਸ ਤੋਂ ਜਾਪਦਾ ਹੈ ਕਿ ਟੈਕਸ ਦਾ ਮੁੱਖ ਮੰਤਵ ਹੀ ਉਹਨਾਂ ਨੂੰ ਜ਼ਲੀਲ ਕਰਕੇ ਉਹਨਾਂ ਦੇ ਹੌਸਲੇ ਤੋੜਨਾ ਸੀ।[59]

ਇਸ ਪ੍ਰਕਾਰ ਮਾਨਸਿਕ ਹੀਣਤਾ ਨੂੰ ਝਲਦੇ ਹੋਏ ਗੈਰ ਮੁਸਲਮਾਨਾਂ ਵਿਚੋਂ ਸਵੈ ਮਾਣ ਅਤੇ ਸਵੈ ਵਿਸ਼ਵਾਸ ਦਾ ਗੁਣ ਲੋਪ ਹੋ ਚੁੱਕਾ ਸੀ। ਇਤਿਹਾਸਕਾਰ ਹਰੀ ਰਾਮ ਗੁਪਤਾ ਲਿਖਦਾ ਹੈ:

> ਕਦੇ ਕਦੇ ਅਲਾ-ਉਦ-ਦੀਨ ਵਰਗਾ ਮਨਚਲਾ ਸੁਲਤਾਨ ਰੰਗੇ ਕੱਪੜਿਆਂ ਜਾਂ ਘੋੜਿਆਂ ਦੀ ਸਵਾਰੀ ਦੀ ਮਨਾਹੀ ਕਰ ਦਿੰਦਾ ਸੀ।

> ਕਿਹਾ ਜਾਂਦਾ ਹੈ ਕਿ ਡੇਰਾ ਗਾਜ਼ੀ ਖਾਨ ਵਿੱਚ ਹਿੰਦੂ ਕੇਵਲ ਖੋਤੇ ਦੀ ਸਵਾਰੀ ਕਰ ਸਕਦਾ ਸੀ।[60]

ਇਸ ਪ੍ਰਕਾਰ ਸਿਆਸੀ ਤੌਰ ਤੇ ਅੱਤਿਆਚਾਰ ਦਾ ਸ਼ਿਕਾਰ ਅਤੇ ਸੱਭਿਆਚਾਰਕ ਸਮਾਜੀ ਤੌਰ ਤੇ ਸਮਾਜ ਦੇ ਆਡੰਬਰਾਂ ਦਾ ਸ਼ਿਕਾਰ ਹੋਈ ਜਨਤਾ ਅਜਿਹੇ ਭੰਬਲਭੂਸੇ ਵਿੱਚ ਪਈ ਹੋਈ ਸੀ ਜਿਸ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ। ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਸਿੱਖ ਪਰੰਪਰਾ ਨੇ ਸਿਆਸੀ ਅਤੇ ਸੱਭਿਆਚਾਰਕ ਬਣਤਰਾਂ ਦੀ ਪਛਾਣ ਅਤੇ ਘੋਖ ਪੜਤਾਲ ਕੀਤੀ ਜਿਨ੍ਹਾਂ ਕਾਰਨਾਂ ਕਰਕੇ ਸਿਆਸਤ ਅਤੇ ਸੱਭਿਆਚਾਰ ਮਨੁੱਖੀ ਕੀਮਤਾਂ ਤੋਂ ਡਿੱਗ ਚੁੱਕਾ ਸੀ। ਗੁਰੂ ਸਾਹਿਬਾਨ ਨੇ ਉਹਨਾਂ ਵਰਤਾਰਿਆਂ ਦਾ ਖੰਡਨ ਕੀਤਾ ਜਿਨ੍ਹਾ ਨੇ ਸਿਆਸੀ ਪੱਧਰ ਤੇ ਭਾਰਤੀ ਜਨਤਾ ਨੂੰ ਦੂਜੇ ਦਰਜੇ ਦੇ ਵਸਨੀਕ ਬਣਨ ਲਈ ਮਜਬੂਰ ਕੀਤਾ ਸੀ ਉਹਨਾਂ ਨੇ ਸੱਭਿਆਚਾਰਕ ਵਰਤਾਰਿਆਂ ਵਿੱਚ ਅਜਿਹਾ ਇਨਕਲਾਬ ਲਿਆਂਦਾ ਜਿਸ ਨਾਲ ਪੁਰਾਤਨ ਸਨਾਤਨ ਧਰਮ ਦੇ ਜਾਤ-ਪਾਤ ਵਿਧਾਨ ਨੂੰ ਜੜੋਂ ਖਤਮ ਕੀਤਾ ਜਾ ਸਕੇ ਅਤੇ ਵਿਅਕਤੀਗਤ ਅਤੇ ਸਮਾਜਿਕ ਤੌਰ ਤੇ ਅਜਿਹੇ ਆਦਰਸ਼ ਕਾਇਮ ਕੀਤੇ ਗਏ ਜਿਨ੍ਹਾ ਨੇ ਅਸਲੋਂ ਨਵੇਂ ਸਮਾਜ ਦੀ ਸਥਾਪਨਾ ਕੀਤੀ। ਡਾ. ਜਗਜੀਤ ਸਿੰਘ ਦਾ ਵਿਚਾਰ ਹੈ ਕਿ ਸਿੱਖ ਇਨਕਲਾਬ ਸਿਆਸੀ ਤੇ ਸਮਾਜੀ ਇਨਕਲਾਬ ਹੈ:

> ਸਿੱਖ ਇਨਕਲਾਬ ਇਹ ਸਮਾਜੀ ਅਤੇ ਸਿਆਸੀ ਇਨਕਲਾਬ ਸੀ ਕਿਉਂਕਿ ਸਿਖ ਫਲਸਫੇ ਤੇ ਮੱਤ ਨੇ ਆਪਣੇ ਆਪ ਨੂੰ ਅਮਲੀ ਵਰਤੋਂ ਦੇ ਪੱਧਰ ਤੇ ਢਾਲਿਆ ਤੇ ਨਾਂ-ਬਰਾਬਰੀ ਤੇ ਬੇਇਨਸਾਫ਼ੀ ਉੱਤੇ ਅਧਾਰਤ ਪੁਰਾਣੇ ਸਿਆਸੀ ਤੇ ਸਮਾਜਿਕ ਪ੍ਰਬੰਧ ਨੂੰ ਸੱਚ-ਮੁਚ ਹੀ ਬਦਲਣ ਦਾ ਬੀੜਾ ਚੁੱਕਿਆ ਤੇ ਇਸ ਦੇ ਕਾਰਜ ਨੂੰ ਨੇਪਰੇ ਚਾੜ੍ਹਿਆ।[61]

ਸਿੱਖ ਸ਼ਹਾਦਤ ਪਰੰਪਰਾ ਵਿੱਚ ਗੁਰੂ ਸਾਹਿਬਾਨ ਨੇ ਕ੍ਰਾਂਤੀਕਾਰੀ ਨਜ਼ਰੀਏ ਨਾਲ ਸਮਾਜੀ ਤੇ ਧਾਰਮਿਕ ਰੱਵਈਏ ਨੂੰ ਪਰਖਿਆ। ਇਸ ਸਿਆਸੀ ਗੁਲਾਮੀ ਦਾ ਕਾਰਣ ਸਿਰਫ

ਮੁਸਲਿਮ ਹਕੂਮਤਾਂ ਦੇ ਹਮਲੇ ਨਹੀਂ ਸਗੋਂ ਭਾਰਤੀ ਜਨਤਾ ਵਿੱਚ ਢਹਿੰਦੀਆਂ ਕਲਾਂ ਵਾਲਾ ਧਾਰਮਿਕ ਨਜ਼ਰੀਆ ਹੈ ਜੋ ਸਮਾਜ ਨਾਲ ਕੋਈ ਵਾਸਤਾ ਨਾ ਰੱਖ ਕੇ ਰੂਹਾਨੀ ਮੁਕਤੀ ਪਾਉਣ ਦੇ ਰਾਹ ਤੁਰ ਪਿਆ। ਸੰਸਾਰ ਪ੍ਰਤੀ ਤਿਆਗੀ ਰੁਚੀ ਇਸ ਦਾ ਮੁੱਖ ਕਾਰਣ ਰਹੀ ਹੈ। ਗੁਰੂ ਸਾਹਿਬਾਨ ਨੇ ਸਿਆਸੀ ਪੱਧਰ ਤੇ ਕ੍ਰਾਂਤੀ ਲਿਆਂਦੀ। ਇਹ ਸਿਆਸੀ ਕ੍ਰਾਂਤੀ ਵਿਅਕਤੀਗਤ ਸੁਆਰਥਾਂ ਤੋਂ ਉਪਰ ਉਠ ਕੇ ਸਮਾਜੀ ਹਿੱਤਾਂ ਪ੍ਰਤੀ ਕਾਰਜਸ਼ੀਲ ਹੁੰਦੀ ਹੈ । ਗੁਰੂ ਸਾਹਿਬਾਨ ਨੇ ਸਮਾਜਿਕ, ਸੱਭਿਆਚਾਰ ਅਤੇ ਰਾਜਸੀ ਜੀਵਨ ਵਿੱਚ ਗਤੀਸ਼ੀਲ ਭੂਮਿਕਾ ਨਿਭਾਉਂਦੇ ਹੋਏ ਲੋਕਾਂ ਦੇ ਦੁੱਖਾਂ ਨੂੰ ਨਿਵਾਰਣ ਹਿੱਤ ਉਹਨਾਂ ਸਿਆਸੀ ਕਾਰਨਾਂ ਨੂੰ ਪੜਤਾਲਿਆ ਜੋ ਸਿਆਸਤ ਚਲਾਉਣ ਵਾਲੇ ਅਯੋਗ ਕਿਰਦਾਰਾਂ ਦੇ ਹੱਥ ਵਿੱਚ ਸਨ। ਉਹਨਾਂ ਹੁਕਮਰਾਨਾ ਦੇ ਜ਼ੁਲਮੀ ਵਤੀਰੇ ਵਿਰੁੱਧ ਅਵਾਜ਼ ਉਠਾਈ ਅਤੇ ਲੋਕਾਂ ਨੂੰ ਅਜਿਹੇ ਵਰਤਾਰੇ ਵਿਰੁੱਧ ਖੜੇ ਹੋਣ ਲਈ ਚੇਤੰਨ ਕੀਤਾ। ਸਿਆਸਤ ਦੇ ਘਟੀਏ ਵਰਤਾਰੇ ਦਾ ਰਾਜਿਆਂ ਦੇ ਚਰਿੱਤਰ ਤੋਂ ਹੀ ਪਤਾ ਲਗ ਜਾਂਦਾ ਹੈ। ਰਾਜੇ ਦਾ ਕਰਤੱਵ ਹੈ ਪਰਜਾ ਦੀ ਭਲਾਈ ਕਰਨਾ ਪਰ ਰਾਜੇ ਹਿੰਸਕ ਬਣ ਜਾਣ ਤਾਂ ਜਨਤਾ ਦੀ ਰਾਖੀ ਨਹੀਂ ਹੋ ਸਕਦੀ ਜਿਸ ਦਾ ਖੰਡਨ ਕੀਤਾ ਗਿਆ ਹੈ। ਇਸ ਸੰਬੰਧੀ ਡਾ. ਜਸਪਾਲ ਕੌਰ ਕਾਂਗ ਦਾ ਵਿਚਾਰ ਹੈ:

> ਰਾਜੇ ਮਨੁੱਖਾਂ ਨੂੰ ਦੁੱਖ ਦੇਣ ਦਾ ਕੰਮ ਕਰਦੇ ਸਨ ਜਿਨ੍ਹਾਂ ਦਾ ਬਾਣੀ ਵਿਚ ਖੰਡਨ ਕੀਤਾ ਗਿਆ ਹੈ। ਬਾਣੀ ਸੰਵੇਦਨਾ ਜਿੱਥੇ ਮਨੁੱਖ ਨੂੰ ਸੰਬੋਧਿਤ ਹੈ ਉੱਥੇ ਇਸ ਦਾ ਮੂਲ ਸੁਭਾਅ ਸਥਾਪਤੀ ਦੇ ਵਿਰੋਧ ਵਾਲਾ ਹੈ। ਬਾਣੀ ਚਿੰਤਨ ਵਿਚ ਰਾਜੇ 'ਸ਼ੀਂਹ ਮੁਕੱਦਮ ਕੁੱਤੇ' ਹਨ ਅਤੇ ਉਹ ਸਾਰੀ ਮਾਨਵਤਾ ਨੂੰ ਦੁੱਖ ਦੇਣ ਦਾ ਕੰਮ ਕਰਦੇ ਸਨ ਵਿਸ਼ਵ ਵਿਚ ਇਹ ਪਹਿਲਾ ਧਰਮ ਹੈ ਜਿਸ ਨੇ ਸਥਾਪਤੀ ਦੇ ਵਿਰੋਧ ਵਿਚ ਸਿਰਫ ਸ਼ਬਦ ਦੀ ਸਿਰਜਣਾ ਹੀ ਨਹੀਂ ਕੀਤੀ ਬਲਕਿ ਸ਼ਹਾਦਤ ਦਾ ਮਾਡਲ ਵੀ ਉਸਾਰਿਆ ਹੈ।[62]

ਮੱਧਕਾਲ ਵਿਚ ਰਾਜਿਆਂ ਦੇ ਕਿਰਦਾਰ ਸ਼ੇਰਾਂ ਵਾਂਗ ਅਤੇ ਉਹਨਾਂ ਦੇ ਅਹਿਲਕਾਰਾਂ ਦਾ ਕਿਰਦਾਰ ਕੁੱਤਿਆਂ ਵਰਗਾ ਸੀ ਜੋ ਆਮ ਜਨਤਾ ਨੂੰ ਨੋਚ – ਨੋਚ ਕੇ ਖਾ ਰਹੇ ਸਨ ਅਤੇ ਉਹਨਾਂ ਦਾ ਲਹੂ ਪੀ ਰਹੇ ਸਨ। ਰਾਜਿਆਂ ਦਾ ਕੰਮ ਲੁੱਟ-ਘਸੁੱਟ ਤੇ ਪਾਪ ਕਮਾਉਣਾ ਰਹਿ ਗਿਆ ਸੀ ਨਿਆਂ ਵਿਵਸਥਾ ਦਾ ਸਬੰਧ ਬਦਲਾ ਖੋਰੀ ਤੇ ਟਿਕਿਆ ਹੋਇਆ ਸੀ ਨਿਆਂ ਮੁੱਲ ਵਿਕਦਾ ਸੀ। ਹੱਕ ਸੱਚ ਦੀ ਕੋਈ ਕੀਮਤ ਨਹੀਂ ਸੀ। ਖੱਤਰੀਆਂ ਦਾ ਕੰਮ ਨਿਆਂ ਤੇ ਸਚਾਈ ਲਈ ਲੜਨਾ ਸੀ ਪਰ ਖੱਤਰੀ ਵੀ ਬੇ-ਗੈਰਤ ਹੋ ਗਏ ਸਨ:

ਕਲਿ ਆਈ ਕੁਤੇ ਮੁਹੀ ਖਾਜ ਹੋਇਆ।।
ਮੁਰਦਾਰ ਗੁਸਾਈ।।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ।।
ਕਉ ਖਾਈ।।
ਕਾਜੀ ਹੋਇ ਰਿਸਵਤੀ ਵਢੀ ਲੈ ਕੇ ਹੱਕ।।
ਗਵਾਈ।।[63]
ਲਬੁ ਪਾਪੁ ਦੁਇ ਰਾਜਾ ਮਹਤਾ।।
ਕੂੜੁ ਹੋਆ ਸਿਕਦਾਰੁ।।
ਕਾਮੁ ਨੇਬ ਸਦਿ ਪੁਛੀਐ ਬਹਿ ਬਹਿ।।
ਕਰੇ ਬੀਚਾਰੁ।।[64]

ਗੁਰੂ ਸਾਹਿਬ ਨੇ ਰਾਜਸੀ ਹਾਕਮਾ ਹੱਥੋਂ ਪੀਸੀ ਜਾ ਰਹੀ ਜਨਤਾ ਵਿੱਚ ਰਾਜਨੀਤਿਕ ਚੇਤਨਾ ਪੈਦਾ ਕੀਤੀ ਅਤੇ ਜਮਾਤ ਰਹਿਤ ਸਮਾਜ ਨੂੰ ਲੋਕਤੰਤਰੀ ਤਰੀਕੇ ਨਾਲ ਲੋਕ ਸੱਤਾ ਅਧੀਨ ਚਲਾਉਣ ਦਾ ਸਿਧਾਂਤ ਪੇਸ਼ ਕੀਤਾ। ਗੁਰੂ ਸਾਹਿਬਾਨਾ ਨੇ ਖੁਦ ਦੇਸ਼ ਦੀ ਰਾਜਨੀਤੀ ਵਿਚ ਦਖਲ ਦੇ ਕੇ ਸਰਗਰਮ ਅਤੇ ਉਸਾਰੂ ਭੂਮਿਕਾ ਨਿਭਾਈ। ਉਹਨਾਂ ਨੇ ਰਾਜਿਆਂ ਦੇ ਤਸ਼ੱਦਦ ਤੋਂ ਆਮ ਲੋਕਾਂ ਨੂੰ ਬਚਾਉਣ ਲਈ ਅਤੇ ਹੁਕਮਰਾਨਾ ਨੂੰ ਸਿੱਧੇ ਰਾਹੇ ਪਾਉਣ ਲਈ ਉਹਨਾਂ ਨਾਲ ਟੱਕਰ ਲਈ ਰਾਜਿਆਂ ਦੇ ਅਨਿਆਈ ਵਤੀਰੇ ਵਿਰੁੱਧ ਸੁਚੇਤ ਰਹਿਣ ਦਾ ਆਦੇਸ਼

ਦਿੱਤਾ। ਸਿੱਖ ਸ਼ਹਾਦਤ ਪਰੰਪਰਾ ਨੇ ਕੂੜ ਦੇ ਪਸਾਰੇ ਅਤੇ ਅਰਾਜਕਤਾ ਭਰੇ ਅਣਸੁਖਾਵੇਂ ਸਿਆਸੀ ਪ੍ਰਬੰਧ ਦੀ ਆਲੋਚਨਾ ਵਿਚੋਂ ਅਥਵਾ ਅਧਾਰ ਪ੍ਰਾਪਤ ਕੀਤਾ। ਗੁਰੂ ਸਾਹਿਬਾਨਾ ਨੇ ਸਮੇਂ ਦੇ ਹੁਕਮਰਾਨਾ ਪ੍ਰਤੀ ਵਿਅਕਤੀਗਤ ਵਿਰੋਧ ਦਾ ਪ੍ਰਗਟਾਵਾ ਹੀ ਨਹੀਂ ਕੀਤਾ ਸਗੋਂ ਸਿਧਾਂਤਕ ਵਿਰੋਧ ਨੂੰ ਉਜਾਗਰ ਕੀਤਾ ਸੀ ਜੋ ਸਾਰੀਆਂ ਹੱਦਾਂ ਪਾਰ ਕਰਕੇ ਹਿੰਸਾ ਅਤੇ ਨਿਰੰਕੁਸ਼ਤਾ ਉੱਪਰ ਉਤਰ ਆਏ ਸਨ। ਇਸ ਸਬੰਧੀ ਡਾ. ਜਸਪਾਲ ਸਿੰਘ ਕਹਿੰਦੇ ਹਨ:

> ਲੋਕ ਹਿੱਤ ਵਾਲੇ ਨਵੇਂ ਸਮਾਜ ਦੀ ਉਸਾਰੀ ਉਹਨਾਂ ਦੇ ਧਰਮ ਨਿਰਬਾਹ ਦਾ ਇਕ ਮਹੱਤਵਪੂਰਣ ਨਿਸ਼ਾਨਾ ਸੀ। ਅਨਿਆਈ ਅਤੇ ਅੱਤਿਆਚਾਰੀ ਹੁਕਮਰਾਨਾ ਦੇ ਹਿੰਸਕ ਵਤੀਰੇ ਪ੍ਰਤੀ ਟਕਾਰਾ ਕਰਨ ਦੀ ਜੁਅਰਤ ਪੈਦਾ ਕਰਨਾ ਗੁਰੂ ਸਾਹਿਬਾਨ ਦੇ ਧਰਮ ਪ੍ਰਚਾਰ ਦਾ ਇਕ ਵੱਡਾ ਮਕਸਦ ਸੀ।[65]

ਗੁਰੂ ਸਾਹਿਬਾਨ ਨੇ ਉਸ ਰਾਜ ਪ੍ਰਬੰਧ ਨੂੰ ਪਹਿਲ ਦਿੱਤੀ ਜਿਸ ਵਿੱਚ ਅਮਨ ਸ਼ਾਂਤੀ ਅਤੇ ਸਥਿਰਤਾ ਹੋਵੇ। ਨਿਆਂ ਪ੍ਰਬੰਧ ਕਾਇਮ ਕਰਨਾ ਅਤੇ ਸ਼ਾਂਤੀ ਸਥਾਪਨਾ ਕਰਨੀ ਰਾਜੇ ਦਾ ਮੁੱਖ ਕਰਤੱਵ ਹੋਣਾ ਚਾਹੀਦਾ ਹੈ:

> ਰਾਜੇ ਓਇ ਨ ਆਖੀਅਹਿ ਭਿੜਿ॥
> ਮਰਹਿ ਫਿਰਿ ਜੂਨੀ ਪਾਹਿ॥[66]

ਉਹਨਾਂ ਇਹ ਗੱਲ ਬਾਰ-ਬਾਰ ਬਾਣੀ ਰਾਹੀਂ ਸਪਸ਼ਟ ਕੀਤੀ ਹੈ ਕਿ ਰਾਜਿਆਂ ਦਾ ਕੰਮ ਸਿਰਫ ਟੈਕਸ ਉਗਰਾਹੁਣਾ ਹੀ ਨਹੀਂ ਅਤੇ ਜਾਂ ਸਿਰਫ਼ ਐਸ਼ੋ-ਅਰਾਮ ਦਾ ਪ੍ਰਬੰਧ ਕਰਨ ਵਿੱਚ ਲੱਗੇ ਰਹਿਣਾ ਹੀ ਨਹੀਂ ਹੈ। ਜਨਤਾ ਪ੍ਰਤੀ ਕਲਿਆਣ ਦੀ ਭਾਵਨਾ ਤੋਂ ਸੱਖਣੇ ਰਾਜ ਪ੍ਰਬੰਧ ਦੀ ਕੋਈ ਕੀਮਤ ਨਹੀਂ ਆਪਣੇ ਸੁੱਖਾਂ ਵਿੱਚ ਲੱਗੇ ਰਹਿਣਾ ਚੰਗੇ ਰਾਜ ਪ੍ਰਬੰਧ ਦੀ ਨਿਸ਼ਾਨੀ ਨਹੀਂ। ਸਿਆਸੀ ਸੱਤਾ ਦਾ ਨਿਸ਼ਾਨਾ ਪਰਜਾ ਵਿੱਚ ਏਕਤਾ ਸਥਾਪਿਤ ਕਰਨਾ ਹੈ। ਏਕਤਾ ਦੀਆਂ ਜੜ੍ਹਾਂ ਮਜਬੂਤ ਕੀਤੇ ਬਿਨਾ ਸੱਤਾ ਨਾਕਾਮ ਹੈ:

> ਦਰਬੁ ਸੰਚਿ ਸੰਚਿ ਰਾਜੇ॥

ਮੁਏ ਗਡਿ ਲੇ ਕੰਚਨਿ ਭਾਰੀ॥[67]

ਨਰਪਤਿ ਰਾਜੇ ਰੰਗ ਰਸ ਮਾਣਹਿ॥

ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ॥[68]

ਰਈਅਤਿ ਰਾਜੇ ਦੁਰਮਤਿ ਦੋਈ॥

ਬਿਨੁ ਸਤਿਗੁਰ ਸੇਵੇ ਏਕੁ ਨ ਹੋਈ॥

ਏਕ ਧਿਆਇਨਿ ਸਦਾ ਸੁਖ ਪਾਇਨਿ॥

ਨਿਹਚਲੁ ਰਾਜ ਤਿਨਾਹਾ ਹੇ॥[69]

ਉਹੀ ਰਾਜਾ ਕਾਮਯਾਬ ਹੈ ਜੋ ਪਰਜਾ ਦੇ ਹੱਕ ਵਿੱਚ ਹੋਵੇ ਅਤੇ ਜਿਸ ਨੂੰ ਪਰਜਾ ਅਤੇ ਸ਼ਾਸਨ ਸੰਭਾਲਣ ਦੀ ਜ਼ਿੰਮੇਵਾਰੀ ਆਉਂਦੀ ਹੋਵੇ:

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥

ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥

ਇਹ ਭੂਪਤਿ ਰਾਜੇ ਨਾ ਆਖੀਅਹਿ ਦੂਜੇ ਭਾਇ॥

ਦੁਖੁ ਹੋਈ॥[7•]

ਰਾਜੇ ਚੁਲੀ ਨਿਆਵ ਕੀ॥

ਪੜਿਆ ਸਚੁ ਧਿਆਨ॥[71]

ਇੱਥੇ ਡਾ: ਵਜੀਰ ਸਿੰਘ ਦੇ ਸ਼ਬਦ ਵਿਚਾਰਣਯੋਗ ਹਨ:

> ਗੁਰੂ ਸਾਹਿਬ ਨੇ ਜਿਥੇ ਵਿਦਵਾਨਾਂ ਜੋਗੀਆਂ, ਪੰਡਿਤਾਂ ਤੇ ਗ੍ਰਹਿਸਥੀਆਂ ਦੇ ਮੁੱਖ ਕਰਤਵਾਂ ਵੱਲ ਸੰਕੇਤ ਕੀਤਾ ਹੈ ਉਥੇ ਰਾਜਿਆਂ ਦੇ ਫਰਜ਼ ਦਾ ਉਲੇਖ ਵੀ ਕੀਤਾ ਹੈ ਜੋ ਰਾਜ ਪ੍ਰਬੰਧ ਨਿਆਂਪਾਲਕ ਨਹੀਂ, ਪਰਜਾ ਦੇ ਹਿੱਤਾਂ ਦੀ ਰਖਵਾਲੀ ਨਹੀਂ ਕਰਦਾ, ਲੋਕ ਕਲਿਆਣ ਦੀ ਸੇਧ ਨਹੀਂ ਅਪਣਾਉਂਦਾ ਉਸ ਦੀ ਕੜੀ ਅਲੋਚਨਾ ਬਾਣੀ ਵਿੱਚ ਪ੍ਰਾਪਤ ਹੈ।[72]

ਸਿਆਸੀ ਗੁਲਾਮੀ ਅਤੇ ਅੱਤਿਆਚਾਰ ਵਿਰੁੱਧ ਗੁਰੂ ਨਾਨਕ ਸਾਹਿਬ ਨੇ ਅਵਾਜ਼ ਉਠਾਈ ਜਿਸ ਦਾ ਸਿਖ਼ਰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜਿਆ 'ਖਾਲਸਾ ਪੰਥ' ਹੈ। ਸਿੱਖ ਸ਼ਹਾਦਤ ਪਰੰਪਰਾ ਵਿੱਚ ਸ਼ਹੀਦੀਆਂ ਦਾ ਮੁੱਖ ਮਕਸਦ ਹੀ ਮੁਗਲ ਹਾਕਮਾਂ ਦੀ ਅੱਤਿਆਚਾਰੀ ਨੀਤੀ ਦਾ ਵਿਰੋਧ ਹੈ ਭਾਵੇਂ ਉਹ ਸ਼ਾਂਤਮਈ ਸ਼ਹੀਦੀਆਂ ਹਨ ਜਾਂ ਹਥਿਆਰਬੰਦ ਸ਼ਹੀਦੀਆਂ। ਸਿੱਖ ਸ਼ਹਾਦਤ ਪਰੰਪਰਾ ਦੀ ਪਹਿਲੀ ਸ਼ਰਤ ਹੀ ਸਮਾਜੀ ਹਿੱਤਾਂ ਲਈ ਲੜਨਾ ਹੈ:

ਪਹਿਲਾ ਮਰਣੁ ਕਬੂਲਿ।।

ਜੀਵਣ ਦੀ ਛਡਿ ਆਸ ।।

ਹੋਹੁ ਸਭਨਾ ਕੀ ਰੇਣੁਕਾ ਤਉ।।

ਅਉ ਹਮਾਰੈ ਪਾਸਿ।।[73]

ਮੁਗਲਾਂ ਦੇ ਅਤਿਆਚਾਰੀ ਪ੍ਰਬੰਧ ਦਾ ਵਿਰੋਧ ਸਿੱਖ ਸ਼ਹਾਦਤ ਪਰੰਪਰਾ ਦੀ ਪ੍ਰਫੁਲਤਾ ਦੇ ਬੀਜ ਸਨ ਇਕ ਸੁੱਚਜੇ ਸਿਆਸੀ ਪ੍ਰਬੰਧ ਅਤੇ ਵਿਹਾਰਿਕ ਚੇਤਨਤਾ ਦੀ ਸੂਝ ਲਈ ਸਮਕਾਲੀ ਰਾਜਿਆਂ ਦੇ ਵਤੀਰੇ ਵਿੱਰੁਧ ਪ੍ਰਤੀਕਰਮ ਦੇਣ ਦੀ ਵੱਡੀ ਕੀਮਤ ਅਦਾ ਕਰਨੀ ਪਈ ਜਿਸ ਦਾ ਨਤੀਜਾ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਣ ਗਿਆ। ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇ ਆਦਰਸ਼ ਨੂੰ ਅਪਣਾਉਂਦਿਆਂ ਸਮਾਜੀ ਹਿੱਤਾਂ ਲਈ ਕੁਰਬਾਨੀ ਕੀਤੀ। ਮਨੁੱਖਤਾ ਤੇ ਜ਼ੁਲਮ ਕਰਨ ਵਾਲਿਆਂ ਜਰਵਾਨਿਆਂ ਲਈ ਗੁਰੂ ਜੀ ਦੇ ਗਰੀਬੀ ਕਰਮ ਦਾ ਹਥਿਆਰ ਤੇ ਨਿਮਰਤਾ ਪਾਪੀਆਂ ਲਈ ਖੰਡਾ ਸੀ।

ਗਰੀਬੀ ਗਦਾ ਹਮਾਰੀ।।

ਖੰਨਾ ਸਗਲ ਰੇਨੁ ਛਾਰੀ।।

ਇਸ ਆਗੈ ਕੋ ਨ ਟਿਕੈ ਵੇਕਾਰੀ।।

ਗੁਰ ਪੂਰੇ ਇਹ ਗਲ ਸਾਰੀ।।[74]

ਸਿੱਖ ਸ਼ਹਾਦਤ ਪਰੰਪਰਾ ਨੇ ਸਿਆਸੀ ਤੌਰ ਤੇ 'ਹਲੇਮੀ ਰਾਜ' ਦਾ ਆਦਰਸ਼ ਸਥਾਪਿਤ ਕੀਤਾ ਜਿਥੇ ਕਿਸੇ ਨਾਲ ਕੋਈ ਬੇਇਨਸਾਫੀ ਨਾ ਹੋਵੇ ਅਤੇ ਸ਼ਕਤੀ ਦੇ ਜ਼ੋਰ ਦੀ ਥਾਂ ਸੇਵਾ ਭਾਵਨਾ ਤੋਂ ਪ੍ਰੇਰਿਤ ਹੋ ਕੇ ਰਾਜ ਕੀਤਾ ਜਾਵੇ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥
ਪੈ ਕੋਇ ਨ ਕਿਸੈ ਰਞਾਣਦਾ॥
ਸਭ ਸੁਖਾਲੀ ਵੁਠੀਆ॥
ਇਹ ਹੋਆ ਹਲੇਮੀ ਰਾਜੁ ਜੀਓ॥[75]

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿੱਛੋਂ ਸਮਕਾਲੀ ਸਿਆਸੀ ਪ੍ਰਬੰਧ ਦੇ ਵਿਤਕਰੇ ਭਰਪੂਰ ਫਿਰਕੂ ਵਤੀਰੇ ਅਤੇ ਅਤਿਆਚਾਰੀ ਵਿਹਾਰ ਵਿਰੁੱਧ ਧਾਰਮਿਕ ਅਜ਼ਾਦੀ ਦੀ ਰਾਖੀ ਲਈ ਆਪਣਾ ਪ੍ਰਤੀਕਰਮ ਪ੍ਰਗਟਾਉਂਦਿਆਂ ਗੁਰੂ ਬਹਾਦਰ ਜੀ ਨੇ ਸ਼ਹਾਦਤ ਦਿੱਤੀ। ਉਹਨਾਂ ਨੇ ਨਿਰਭੈਤਾ ਦੇ ਆਦਰਸ਼ ਰਾਹੀਂ ਹਰ ਪ੍ਰਕਾਰ ਦੇ ਬੰਧਨਾਂ ਨੂੰ ਤੋੜਨ ਦੀ ਚੁਣੌਤੀ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ ਅਨਿਆਂ ਭਰੇ ਸਿਆਸੀ ਪ੍ਰਬੰਧ ਤੇ ਧੱਕੇਸ਼ਾਹੀ ਨੂੰ ਖਤਮ ਕਰਨ ਲਈ, ਮਨੁੱਖ ਦੀ ਪੂਰਨ ਅਜ਼ਾਦੀ ਦਾ ਸੰਕਲਪ ਦਿੱਤਾ ਅਤੇ ਜਨਤਾ ਦਾ ਮਨੋਬਲ ਉੱਚਾ ਕੀਤਾ। ਇਸ ਸੰਬੰਧੀ ਡਾ: ਸਾਹਿਬ ਸਿਘ ਅਰਸ਼ੀ ਦਾ ਕਥਨ ਵਿਚਾਰਣਯੋਗ ਹੈ ਸਿੱਖ ਧਰਮ ਨੇ ਆਪਣੇ ਆਸ਼ੇ ਨਾਲ ਸਮਾਜ ਦਾ ਮਨੋਬਲ ਉੱਚਾ ਕੀਤਾ। ਗੁਰੂ ਗੋਬਿੰਦ ਸਿੰਘ ਦੇ ਖਾਲਸਾ ਸਾਜਣ ਤੱਕ ਹੁਣ ਲੋਕ ਮਿਧੇ ਲਤਾੜੇ ਹੋਏ ਨਾ ਰਹਿ ਕੇ ਉਤਸ਼ਾਹ ਭਰਪੂਰ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਹਰ ਸੰਭਵ ਤਰੀਕਾ ਵਰਤਣ ਦੇ ਯੋਗ ਹੋ ਗਏ ਸਨ।[76]

ਖਾਲਸਾ ਪੰਥ ਦੀ ਸਥਾਪਨਾ ਦਾ ਮੂਲ ਮਨੋਰਥ ਹੀ ਧਰਮ ਦੇ ਅਸਲੀ ਅਰਥਾਂ ਦੀ ਸਥਾਪਨਾ ਰਾਹੀਂ ਸਿਆਸੀ ਅੱਤਿਆਚਾਰ ਦਾ ਵਿਰੋਧ ਹੈ। ਖਾਲਸਾ ਪੰਥ ਸੰਤ ਦੇ ਨਾਲ ਸਿਪਾਹੀ ਦਾ ਸੰਕਲਪ ਵੀ ਪੇਸ਼ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿਆਸੀ ਪ੍ਰਬੰਧ ਦੀਆਂ ਅਮਾਨਵੀ ਸਥਿਤੀਆਂ ਵਿਚ ਸੂਰਮੇ ਦੀ ਭੂਮਿਕਾ ਨਿਭਾਉਣ ਲਈ ਅਵਾਜ਼ ਉਠਾਈ। ਉਹਨਾਂ ਨੇ ਅਜਿਹੇ

ਸਿਆਸੀ ਪ੍ਰਬੰਧ ਵਿਚੋਂ ਮਾਨਵ ਕਲਿਆਣ ਲਈ ਮਨੁੱਖ ਦੀ ਅਜ਼ਾਦੀ ਨੂੰ ਬਰਕਰਾਰ ਰੱਖਣ ਲਈ ਦੁਸ਼ਟਾਂ ਨੂੰ ਉਧਾਹਰਣ ਦਾ ਰਾਹ ਤਿਆਰ ਕੀਤਾ:

ਯਾਹੀ ਕਾਜ ਧਰਾ ਹਮ ਜਨਮੰ॥

ਸਮਝ ਲੇਹਿ ਸਾਧੂ ਮਨ ਮੰ॥

ਧਰਮ ਚਲਾਵਣ ਸੰਤ ਉਬਾਰਨ॥

ਦੁਸਟ ਸਭਨ ਕੋ ਮੂਲ ਉਪਾਰਨ॥[77]

ਸਿੱਖ ਸ਼ਹਾਦਤ ਪਰੰਪਰਾ ਦਾ ਵਿਚਾਰਧਾਰਕ ਅਧਾਰ ਆਪਣੇ ਸਮੇਂ ਦੇ ਸਿਆਸੀ ਅੱਤਿਆਚਾਰਾਂ ਦੇ ਵਿਰੋਧਾਂ ਦਾ ਸਾਹਮਣਾ ਕਰਨ ਲਈ ਇਨਕਲਾਬੀ ਚਰਿੱਤਰ ਧਾਰਨ ਕੀਤਾ ਤੇ ਗਰੀਬ ਸ਼੍ਰੇਣੀ ਦੇ ਲੋਕਾਂ ਨੂੰ ਇਸ ਵਿਚ ਸ਼ਾਮਿਲ ਕਰਕੇ ਜਨਤਕ ਇਨਕਲਾਬ ਰਾਹੀਂ ਸਿਆਸੀ ਮਿਸ਼ਨ ਦੀ ਸਥਾਪਨਾ ਕੀਤੀ। ਇਸ ਇਨਕਲਾਬੀ ਰੰਗ ਰਾਹੀਂ ਭਾਰਤੀ ਜਨਤਾ ਵਿੱਚ ਸਵੈ-ਸਤਿਕਾਰ ਅਤੇ ਸਵੈ-ਵਿਸ਼ਵਾਸ ਦੀ ਚਿਣਗ ਭਰੀ ਗਈ। ਗੁਰੂ ਹਰਿਗੋਬਿੰਦ ਸਿੰਘ ਜੀ ਨੇ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨ ਕੇ ਫੌਜੀ ਰੰਗਤ ਰਾਹੀਂ ਮੁਗਲ ਸਲਤਨਤ ਦੇ ਅੱਤਿਆਚਾਰਾਂ ਵਿਰੁੱਧ ਵਗਾਵਤ ਦਾ ਬਿਗਲ ਵਜਾ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਰਾਹੀਂ ਖਾਲਸੇ ਦੀ ਫੌਜ ਤਿਆਰ ਕੀਤੀ ਜੋ ਇਸ ਦਾ ਅਮਲੀ ਰੂਪ ਸੀ। ਰਤਨ ਸਿੰਘ ਭੰਗੂ ਇਸ ਸੰਬੰਧੀ ਲਿਖਦੇ ਹਨ:

ਪ੍ਰਿਥਮ ਵਧਾਯੋ ਖਾਲਸਾ॥

ਫਿਰ ਦਇਤ ਦੰਗੇ ਮਚਾਇ॥[78]

ਸੋ ਗੁਰੂ ਗੋਬਿੰਦ ਸਿੰਘ ਜੀ ਦਾ ਮਿਸ਼ਨ ਵੀ ਸਿਆਸਤ ਦੇ ਘਟੀਆ ਵਰਤਾਰੇ ਵਿਰੁੱਧ ਗਰੀਬ ਜਨਤਕ ਇਨਕਲਾਬ ਹੋ ਨਿਬੜਿਆ ਕਵੀ ਸੈਨਾਪਤਿ ਗੁਰ ਸੋਭਾ ਵਿਚ ਇੰਝ ਬਿਆਨ ਕਰਦੇ ਹਨ:

ਅਸੁਰ ਸੰਘਾਰਨੇ ਕੋ॥

ਦੁਰਜਨ ਕੋ ਮਾਰਣੇ ਕੋ॥

ਸੰਕਟ ਨਿਵਾਰਣੇ ਕੋ॥

ਖਾਲਸਾ ਬਨਾਯੋ॥[79]

ਡਾ. ਜਗਜੀਤ ਸਿੰਘ ਇਸ ਸੰਬੰਧੀ ਕਹਿੰਦੇ ਹਨ:

> ਸਿੱਖ ਲਹਿਰ ਨੇ ਪੂਰੀ ਸੋਚੀ ਸਮਝੀ ਸਕੀਮ ਮੁਤਾਬਿਕ ਜਾਤੀ-ਪਾਤੀ ਸਮਾਜ ਦੇ ਘੇਰੇ ਤੋਂ ਬਾਹਰ ਇਕ ਸਮਾਜ ਬਣਾਇਆ। ਭਾਰਤੀ ਲੋਕਾਂ ਦੀ ਇਹ ਇਕੋ-ਇਕ ਲਹਿਰ ਸੀ ਜਿਸ ਨੇ ਮਾਨਵਵਾਦੀ ਮਨੋਰਥਾਂ ਅਤੇ ਨਿਸ਼ਾਨਿਆਂ ਨੂੰ ਪ੍ਰਾਪਤ ਕਰਨ ਲਈ ਸਿਆਸੀ ਤਾਕਤ ਜਨਤਾ ਦੇ ਹੱਥ ਵਿੱਚ ਲੈਣ ਦਾ ਯਤਨ ਕੀਤਾ।[80]

ਸ਼ਹੀਦੀਆਂ ਦਾ ਮੁੱਖ ਮੰਤਵ ਮੁਗਲ ਰਾਜ ਦੇ ਸਿਆਸੀ ਅੱਤਿਆਚਾਰ ਦਾ ਵਿਨਾਸ਼ ਸੀ ਇਸ ਸੰਬੰਧੀ ਮਹਿਮਾ ਪ੍ਰਕਾਸ਼ ਵਿਚ ਦਰਜ ਕੁਇਰ ਸਿੰਘ ਦਾ ਵਿਚਾਰ ਹੈ:

ਹੇ ਸੁਤ ਤੁਮ ਹਮਕੋ ਹੋ ਪਯਾਰੇ॥

ਤੁਰਕ ਨਾਸ ਹਿਤ ਤੁਮ ਤਨ ਧਾਰੇ॥

ਜੇ ਆਪਨੇ ਸਿਰ ਰਨ ਮੇ ਲਾਗੇ॥

ਤਾ ਕਰ ਨਾਸ ਮਲੇਛ ਸੁ ਭਾਗੇ॥[81]

ਇਸ ਪ੍ਰਕਾਰ ਗੁਰੂ ਸਾਹਿਬਾਨ ਨੇ ਅਨਿਆਈ ਅਤੇ ਅੱਤਿਆਚਾਰੀ ਸਿਆਸੀ ਸੱਤਾ ਨੂੰ ਖਤਮ ਕਰਕੇ ਮਾਨਵਵਾਦੀ ਮਨੋਰਥਾਂ ਵਾਲਾ ਪ੍ਰਬੰਧ ਕਾਇਮ ਕੀਤਾ। ਦੱਬੇ ਕੁਚਲੇ ਲੋਕਾਂ ਰਾਹੀਂ ਇਨਕਲਾਬੀ ਫੌਜ ਕਾਇਮ ਕਰਕੇ ਰਾਜਸੀ ਸੱਤਾ ਗਰੀਬ ਲੋਕਾਂ ਨੂੰ ਬਖਸ਼ੀ ਜਿਨ੍ਹਾਂ ਦਾ ਬ੍ਰਾਹਮਣਵਾਦੀ ਜਾਤੀ-ਪਾਤੀ ਸਮਾਜ ਨੇ ਜਿਊਣ ਦਾ ਅਧਿਕਾਰ ਵੀ ਖੋਹ ਲਿਆ ਸੀ ਅਤੇ ਉਹਨਾਂ ਉੱਤੇ ਉਹਨਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਬਣਾ ਕੇ ਅੱਤਿਆਚਾਰ ਕੀਤੇ ਸਨ।

ਰਤਨ ਸਿੰਘ ਭੰਗੂ ਵੀ ਇਸ ਸਥਿਤੀ ਨੂੰ ਇਉਂ ਬਿਆਨ ਕਰਦੇ ਹਨ:

ਬਿਨ ਜੁੱਧੇ ਕਬ ਪਯੱਤ ਪਾਤਸ਼ਾਹੀ॥

ਆਦਿ ਜੁੱਧੇ ਕੇ ਬਿਨ ਗੁਰ ਉਠਾਈ॥

ਜਾਨ ਨਹਿ ਰਾਜਨੀਤੀ ਕੀ ਬਾਤ।।

ਜੱਟ ਬੂਟ ਕਹਿ ਜਿਹ ਜੁਗ ਮਾਹੀ।।

ਬਾਣੀਏ ਬਕਾਲ ਕਿਰਾੜ ਖੱਤ੍ਰੀ ਸਦਾਈ।।

ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ।।

ਛੀਪੋਂ ਕਲਾਲ ਨੀਚਨ ਪੈ ਕ੍ਰਿਪਾ ਕੀਨੀ।।

ਗੁਜਰ ਗਵਾਰ ਹੀਰ ਕਮਜਾਤ।।

ਕੰਬੋਇ ਸੂਦਨ ਕੋਇ ਪੁਛੇਨ ਬਾਤ।।

ਝੀਵਰ ਨਾਈ ਰੋੜੇ ਘੁਮਿਆਰ।।

ਸਇਣੀ ਸੁਨਿਆਰੇ ਚੂੜੇ ਚਮਿਆਰ।।

ਭੱਟ ਔ ਬ੍ਰਾਹਮਣ ਹੁਤੇ ਮੰਗਵਾਰ।।

ਬਹੂ ਰੂਪੀਏ ਲੁਬਾਣੇ ਘੁਮਿਆਰ।।

ਇਨ ਗ੍ਰੀਬ ਸਿੰਘਨ ਕੋ ਦੇਯੋਂ ਪਾਤਸ਼ਾਹੀ।।

ਇਹ ਯਾਦ ਰਖੈਂ ਹਮਰੀ ਗੁਹਿਆਈ।।[82]

ਸਿੱਖ ਪਰੰਪਰਾ ਦੇ ਸਿਆਸੀ ਮਿਸ਼ਨ ਦਾ ਮਨੋਰਥ ਮਾਨਵਵਾਦੀ ਅਧਾਰ ਅਤੇ ਗਰੀਬ ਜਨਤਕ ਇਨਕਲਾਬੀ ਆਦਰਸ਼ ਦੀ ਸਥਾਪਨਾ ਹੈ। ਡਾ. ਜਸਪਾਲ ਸਿੰਘ ਦਾ ਵਿਚਾਰ ਇਸ ਸੰਬੰਧ ਵਿਚ ਇਉਂ ਹੈ:

> ਗੁਰੂ ਸਾਹਿਬ ਦਾ ਸੁਚੇਤ ਯਤਨ ਸੀ ਕਿ ਉਹਨਾਂ ਦੇ ਸਿੱਖ ਇੱਕ ਰਚਨਾਤਮਕ ਰਾਜਨੀਤਿਕ ਵਿਚਾਰਧਾਰਾ ਦੇ ਧਾਰਣੀ ਹੋਣ ਅਤੇ ਉਹਨਾਂ ਦੀ ਵੱਖਰੀ ਸੁਚੱਜੀ ਰਾਜਸੀ ਹੋਂਦ ਤੇ ਪਛਾਣ ਸਥਾਪਿਤ ਹੋਵੇ।[83]

ਸਿਆਸੀ ਮਿਸ਼ਨ ਤੋਂ ਇਲਾਵਾ ਸੱਭਿਆਚਾਰਕ ਤੌਰ ਤੇ ਭਾਰਤੀ ਜਨਤਾ ਅਧੋਗਤੀ ਦਾ ਸ਼ਿਕਾਰ ਸੀ। ਸੱਭਿਆਚਾਰਕ ਤੌਰ ਤੇ ਸਮਾਜ ਵਿਚ ਏਕਤਾ ਹੋਣੀ ਜਰੂਰੀ ਹੈ ਕਿਉਂਕਿ ਸਮਾਜ

ਵਿਚ ਵੱਖ-ਵੱਖ ਸ਼੍ਰੇਣੀਆਂ ਦੀਆਂ ਵੰਡਾ ਅਤੇ ਉਪ ਵੰਡਾ ਸਮਾਜ ਨੂੰ ਪਤਨ ਵਲ ਲੈ ਜਾਂਦੀਆਂ ਹਨ ਜਿਸ ਦਾ ਪਰਿਣਾਮ ਵਰਣ ਆਸ਼ਰਮ ਸੀ। ਚਾਰ ਵਰਣ, ਆਸ਼ਰਮ, ਸੰਨਿਆਸੀਆਂ ਦੇ ਦਸ ਨਾਮ, ਜੋਗੀਆਂ ਦੇ ਬਾਰ੍ਹਾਂ ਫਿਰਕੇ, ਜੰਗਮ ਸ੍ਰੇਵੜੇ, ਤੰਤਰ-ਮੰਤਰ, ਖੱਟ ਦਰਸ਼ਨ ਤੇ ਵੈਰ ਵਿਰੋਧ ਸਮਾਜ ਦਾ ਅੰਗ ਸਨ। ਜਾਤ-ਪਾਤ ਦੇ ਬੰਧਨਾਂ ਦੀ ਕੱਟੜਤਾ, ਛੂਤ-ਛਾਤ, ਮੇਲ-ਜੋਲ ਉੱਤੇ ਪਾਬੰਧੀਆਂ ਵਹਿਮਾਂ-ਭਰਮਾਂ, ਧਰਮ ਉੱਤੇ ਅੰਧ ਵਿਸ਼ਵਾਸ ਦਾ ਪਸਾਰਾ, ਕਰਮ-ਕਾਂਡ ਤੇ ਪ੍ਰੋਹਿਤ ਸ਼੍ਰੇਣੀ ਦੀ ਪ੍ਰਧਾਨਤਾ ਹੀ ਸਮਾਜ ਦਾ ਵਰਤਾਰਾ ਸੀ। ਇਸੇ ਤਰ੍ਹਾਂ ਗਿਆਨ ਵਿਹੂਣੇ ਸਮਾਜ ਵਿਚ ਰਿਸ਼ਤਾ-ਨਾਤਾ ਪ੍ਰਣਾਲੀ ਭਰੋਸੇ ਯੋਗਤਾ ਨੂੰ ਭਲਾ ਕੇ ਸਵਾਰਥ ਭਰਪੂਰ ਸੀ। ਗਿਲਾਨੀ ਅਤੇ ਈਰਖਾ ਪ੍ਰਧਾਨ ਸੀ ਸੱਭਿਆਚਾਰ ਅੰਧਕਾਰ ਦੇ ਇਸ ਸਮੇਂ ਵਿਚ ਲੋਕਾਂ ਦਾ ਆਚਰਣ ਬੇਲਗਾਮ, ਆਯਾਸ਼ੀ ਅਤੇ ਵਿਲਾਸ ਭਰਪੂਰ ਸੀ। ਭਾਰਤੀ ਲੋਕ ਆਪਣੀ ਗੌਰਵਤਾ ਨੂੰ ਭੁੱਲ ਕੇ ਆਪਣੀਆਂ ਗੌਰਵਮਈ ਰਿਵਾਇਤਾਂ ਨੂੰ ਭੁੱਲ ਚੁੱਕੇ ਸਨ। ਖੱਤਰੀ ਜਿਸਦਾ ਕਰਮ ਬਹਾਦਰੀ ਨਾਲ ਲੜਨਾ ਸੀ ਉਹ ਵੀ 'ਮਲੇਛਾ' ਦੀ ਬੋਲੀ ਬੋਲਦਾ ਸੀ। ਹਿੰਦੂ ਮੱਤ ਦੀ ਅਹਿੰਸਾਵਾਦੀ ਫ਼ਿਲਾਸਫ਼ੀ ਨੇ ਹਮਲਾਵਰਾਂ ਨੂੰ ਜ਼ੋਰ ਜ਼ੁਲਮ ਅਤੇ ਅੱਤਿਆਚਾਰ ਲਈ ਉਕਸਾਇਆ। ਸੱਭਿਆਚਾਰ ਦਾ ਅੰਗ ਲੋਕ ਧਰਮ ਵੀ ਕੁਝ ਪੂਜਾ ਵਿਧੀਆਂ ਵਿਸ਼ੇਸ਼ ਰਸਮਾਂ ਤੱਕ ਸੀਮਿਤ ਹੋ ਗਿਆ ਸੀ। ਵਿਦੇਸ਼ੀ ਹਮਲਾਵਰਾਂ ਦੇ ਕੁਸ਼ਾਸਨ, ਅੱਤਿਆਚਾਰ, ਆਤਮਿਕ ਅਧੀਨਤਾ, ਪੁਜਾਰੀਆਂ ਦੀ ਸਵਾਰਥੀ ਬਿਰਤੀ, ਦਰਿਦਰਤਾ ਅਤੇ ਆਚਰਣ ਹੀਣਤਾ ਨੇ ਭਾਰਤੀ ਜਨਤਾ ਨੂੰ ਉਸਦੇ ਜੀਵਨ ਦੇ ਅਸਲੀ ਆਸ਼ੇ ਤੋਂ ਖੁੰਝਾ ਦਿੱਤਾ ਸੀ। ਅਜਿਹੀ ਹਾਲਤ ਵਿਚ ਗੁਰੂ ਨਾਨਕ ਦੇਵ ਜੀ ਨੇ ਸਮਾਜ ਨੂੰ ਨਵੇਂ ਸੱਭਿਆਚਾਰ ਦੇ ਆਦਰਸ਼ ਪ੍ਰਦਾਨ ਕੀਤੇ। ਉਹਨਾਂ ਨੇ ਰੱਬੀ ਭਗਤੀ, ਮਾਨਵ ਹਿੱਤਕਾਰੀ ਚਿੰਤਨ, ਸੱਚ, ਸਚਿਆਰਤਾ ਅਤੇ ਕਿਰਤ ਕਮਾਈ ਦਾ ਰਾਹ ਦੱਸਿਆ ਜਿਸਦੇ ਸਿੱਟੇ ਵਜੋਂ ਨਵੇਂ ਸੱਭਿਆਚਾਰ ਦਾ ਜਨਮ ਹੋਇਆ ਉਹਨਾਂ ਦੁਆਰਾ ਸਿਰਜੇ ਆਦਰਸ਼ਾਂ ਨਾਲ ਭਾਰਤੀ ਸੱਭਿਆਚਾਰ ਵਿਚ ਨਵੀਂ ਜੀਵਨ ਵਿਧੀ, ਦੇਸ਼ ਭਗਤੀ ਅਤੇ ਨਵੀਂ ਤਹਿਜ਼ੀਬ ਪੈਦਾ ਹੋਈ। ਉਹਨਾਂ ਨੇ ਭਾਰਤੀਆਂ ਦੀ ਸੁਤੰਤਰਤਾ ਤੇ ਖੁਸ਼ਹਾਲੀ ਨੂੰ ਮਾਰਨ ਵਾਲੇ ਜਰਵਾਣਿਆਂ ਵਿਰੁਧ ਆਵਾਜ਼ ਉਠਾਈ। ਆਪਣੀ ਬੋਲੀ, ਆਪਣਾ ਸੱਭਿਆਚਾਰ ਅਤੇ ਆਪਣੇ

ਦੇਸ਼ ਦੇ ਪ੍ਰਬੰਧ ਦਾ ਤਿਆਗ ਕਰ ਰਹੀ ਜਨਤਾ ਨੂੰ ਸਿੱਖ ਪਰੰਪਰਾ ਰਾਹੀਂ ਸੁਚੇਤ ਕਰਨ ਦਾ ਮਿਸ਼ਨ ਸੱਭਿਆਚਾਰਕ ਇਨਕਲਾਬ ਸੀ। ਵੱਖ-ਵੱਖ ਪ੍ਰਕਾਰ ਦੇ ਭੇਖ ਦਿਖਾਵੇ ਅਤੇ ਅਖੌਤੀ ਵਰਤਾਰਿਆਂ ਦਾ ਖੰਡਨ ਗੁਰੂ ਸਾਹਿਬਾਨ ਦੇ ਮਿਸ਼ਨ ਦਾ ਮੁੱਖ ਮਕਸਦ ਰਿਹਾ ਹੈ। ਸਨਾਤਨੀ ਧਰਮ ਵਿੱਚ ਬ੍ਰਾਹਮਣਵਾਦ ਦੀ ਜਾਤ-ਪਾਤ ਪ੍ਰਥਾ ਸਾਰੇ ਸਮਾਜ ਦੇ ਕੇਂਦਰੀ ਧੁਰੇ ਵਿੱਚ ਸ਼ਾਮਲ ਸੀ। ਇਸੇ ਜਾਤ-ਪਾਤ ਪ੍ਰਥਾ ਨੇ ਵਰਣ ਵੰਡ, ਸੁੱਚ ਭਿੱਟ, ਛੂਆ ਛੂਤ, ਉਚ-ਨੀਚ ਜਿਹੇ ਅਣਮਨੁੱਖੀ ਵਰਤਾਰੇ ਪੈਦਾ ਕੀਤੇ ਜਿਸ ਦੇ ਬਹੁਤ ਨਾਕਾਰਾਤਮਕ ਪ੍ਰਭਾਵ ਪਏ। ਜਾਤੀ ਪਾਤੀ ਪ੍ਰਥਾ ਦਾ ਸਭ ਤੋਂ ਵੱਡਾ ਨੁਕਸਾਨ ਮਨੁੱਖਾਂ ਦਰਮਿਆਨ ਬਰਾਬਰੀ ਦੇ ਅਧਾਰ ਤੇ ਲੱਗੇ ਖੋਰੇ ਦੇ ਰੂਪ ਵਿੱਚ ਨਿਕਲਿਆ ਜਿਸ ਨਾਲ ਬਰਾਬਰੀ ਦੀ ਭਾਵਨਾ ਵਿਚੋਂ ਉਪਜਣ ਵਾਲੀ ਸਦਭਾਵਨਾ ਖਤਮ ਹੋ ਗਈ ਅਤੇ ਆਪਸੀ ਖਿਚੋਤਾਣ, ਤਣਾਓ ਅਤੇ ਟਕਰਾਉ ਨਾਲ ਮਨੁੱਖੀ ਸ਼ਕਤੀ ਵੰਡੀ ਗਈ ਜਿਸ ਦੇ ਸਿੱਟੇ ਵਜੋਂ ਸਦੀਆਂ ਦੀ ਗੁਲਾਮੀ ਹੰਢਾਉਣੀ ਪਈ।[84]

ਜਾਤ-ਪਾਤ ਦੇ ਵਰਤਾਰੇ ਨਾਲ ਜੁੜੀ ਬ੍ਰਹਮਾ ਦੀ ਮਿੱਥ ਵਿੱਚ ਬ੍ਰਾਹਮਣ, ਖੱਤਰੀ, ਵੈਸ਼ ਤੋਂ ਇਲਾਵਾ ਸ਼ੂਦਰਾਂ ਦਾ ਕੰਮ ਸਾਰੇ ਉਪਰੋਕਤ ਵਰਣਾਂ ਦੀ ਸੇਵਾ ਹੈ ਮਨੂੰ ਸਿਮ੍ਰਤੀ ਕਹਿੰਦੀ ਹੈ:

- ਬ੍ਰਾਹਮਣ ਦੀ ਸੇਵਾ ਕਰਨਾ ਹੀ ਸ਼ੂਦਰਾਂ ਦਾ ਮੁੱਖ ਕੰਮ ਹੈ, ਇਸ ਤੋਂ ਇਲਾਵਾ ਉਹ ਜੋ ਕੁਝ ਵੀ ਕਰਦਾ ਹੈ ਉਸਦਾ ਕੋਈ ਫ਼ਲ ਨਹੀਂ ਮਿਲਦਾ।[85]

ਇਸ ਵਿਤਕਰੇ ਭਰੀ ਵਰਣ ਵੰਡ ਦਾ ਆਧਾਰ ਵੇਦਾਂ ਨੂੰ ਮੰਨਿਆ ਹੈ। ਸਨਾਤਨ ਧਰਮ ਇਹ ਮੰਨਦਾ ਹੈ ਕਿ ਵੇਦ (ਅਸਪੁਰਸ਼ੁਆ) ਬੰਦੇ ਦੇ ਨਹੀਂ ਬਣੇ ਉਹ ਰੱਬੀ ਇਲਹਾਮ ਹਨ। ਮਨੂੰ ਸਿਮਰਤੀ ਵਿੱਚ ਇਹ ਵਰਣ-ਵੰਡ ਸਮਾਜਿਕ ਕਾਨੂੰਨ ਬਣ ਗਈ। ਇਸ ਜਾਤੀ ਪਾਤੀ ਪ੍ਰਥਾ ਦੇ ਰੁਤਬੇ ਨੂੰ ਵਧਾਵਾ ਕਰਮ ਕਾਂਡ, ਰੀਤੀ ਰਿਵਾਜ, ਰਵਾਇਤਾਂ, ਸੁੱਚ-ਭਿੱਟ, ਊਚ ਨੀਚ ਦੀਆਂ ਧਾਰਣਾਵਾਂ ਰਾਹੀਂ ਮਿਲਿਆ। ਇਹਨਾਂ ਰੀਤੀ ਰਿਵਾਜਾਂ ਤੇ ਕਰਮ ਕਾਂਡਾਂ ਨੂੰ ਬ੍ਰਾਹਮਣ ਜਾਤੀ ਦੀ ਅਤੇ ਪੁਜਾਰੀਵਾਦ ਦੀ ਸਰਵਉਚਤਾ ਦੇ ਸੰਕਲਪ ਰਾਹੀਂ ਨਿਭਾਇਆ ਜਾਣਾ ਜ਼ਰੂਰੀ ਸਮਝਿਆ ਜਾਂਦਾ ਸੀ। ਬ੍ਰਾਹਮਣ ਜਾਤੀ ਦੀ ਉਚਤਾ ਅਤੇ ਸ਼ੂਦਰਾਂ ਨਾਲ ਅਣਮਨੁੱਖੀ ਵਤੀਰਾ ਵਰਣ ਵੰਡ ਦਾ ਕਠੋਰ ਹਿੱਸਾ ਰਿਹਾ ਹੈ। ਮਨੂੰ ਸਿਮਰਤੀ ਵਿੱਚ ਸ਼ੂਦਰ ਜਾਤੀ ਬਾਰੇ ਕਿਹਾ ਗਿਆ ਹੈ:

- ਸ਼ੂਦਰ ਸੁਰਗ ਅਤੇ ਜੀਵਨ: ਦੋਹਾਂ ਲਈ ਬ੍ਰਾਹਮਣ ਦੀ ਸੇਵਾ ਕਰੇ ਬ੍ਰਾਹਮਣ ਦਾ ਸਹਾਰਾ ਲੈਣ ਨਾਲ ਹੀ ਸ਼ੂਦਰ ਪਾਰ ਹੋ ਸਕਦਾ ਹੈ।[86]
- ਚੰਡਾਲ ਅਤੇ ਸ਼ਵਪਚ ਪਿੰਡ ਤੋਂ ਬਾਹਰ ਹੀ ਡੇਰੇ ਲਾਉਣ । ਇਨ੍ਹਾਂ ਦੀ ਜਾਇਦਾਦ ਕੁੱਤੇ, ਗਧੇ ਅਤੇ (ਗਉ, ਬਲ਼ਦ, ਘੋੜੇ ਆਦਿ ਨਹੀਂ)।[87]
- ਕਫ਼ਨ ਇਨ੍ਹਾਂ ਦੇ ਕੱਪੜੇ ਹੋਣ, ਰੋਟੀ ਟੁੱਟੇ ਹੋਏ ਭਾਂਡਿਆਂ ਵਿੱਚ ਖਾਣ, ਲੋਹੇ ਦੇ ਗਹਿਣੇ ਪਹਿਨਣ ਅਤੇ ਹਮੇਸ਼ਾ ਇਕ ਥਾਂ ਤੋਂ ਦੂਜੇ ਥਾਂ ਘੁੰਮਦੇ ਰਹਿਣ।[88]
- ਰਾਜਾ ਹੰਕਾਰ ਨਾਲ ਬ੍ਰਾਹਮਣ ਨੂੰ ਉਪਦੇਸ਼ ਦੇਣ ਵਾਲੇ ਸ਼ੂਦਰਾਂ ਦੇ ਮੂੰਹ ਅਤੇ ਕੰਨਾ ਵਿੱਚ ਗਰਮ ਤੇਲ ਪਵਾ ਦੇਵੇ।[89]
- ਬ੍ਰਾਹਮਣ ਦੇ ਨਾਲ ਆਸਣ ਤੇ ਬੈਠੇ ਸ਼ੂਦਰ ਦਾ ਲੱਕ ਗਰਮ ਲੋਹੇ ਨਾਲ ਦਾਗ ਕੇ ਆਪਣੇ ਰਾਜ ਵਿੱਚੋਂ ਬਾਹਰ ਕੱਢ ਦੇਣ।[9•]
- ਬ੍ਰਾਹਮਣ ਨੂੰ ਕਠੋਰ ਵਚਨ ਕਹਿਣ ਵਾਲੇ ਸ਼ੂਦਰ ਦੀ ਜੀਭ ਕੱਟ ਦੇਣੀ ਚਾਹੀਦੀ ਹੈ ਕਿਉਂਕਿ ਉਹ ਨੀਚ ਪੈਰ੍ਹਾਂ ਤੋਂ ਉਤਪੰਨ ਹੋਇਆ ਹੈ।[91]
- ਇਹਨਾਂ ਬ੍ਰਾਹਮਣ ਕਸ਼ਤਰੀ ਤੇ ਵੈਸ਼ ਵਰਣ ਦਾ ਨਾਂ ਲੈ ਕੇ ਗਾਲ ਕੱਢਣ ਵਾਲ਼ੇ ਜਾਂ ਕੌੜੇ ਵਚਨ ਬੋਲਣ ਵਾਲੇ ਸ਼ੂਦਰ ਦੇ ਮੂੰਹ ਵਿੱਚ ਅੱਗ ਵਿੱਚ ਤਪੀਂਦੀ ਦਸ ਉਂਗਲੀ ਲੰਬੀ ਲੋਹੇ ਦੀ ਕਿੱਲ ਪਾ ਦੇਣੀ ਚਾਹੀਦੀ ਹੈ।[92]
- ਬ੍ਰਾਹਮਣ ਨੂੰ ਸਚਾਈ ਦੀ, ਕਸ਼ੱਤਰੀ ਨੂੰ ਹਾਥੀ ਘੋੜੇ ਦੀ ਸਵਾਰੀ ਦੀ, ਵੈਸ਼ ਨੂੰ ਵਪਾਰ ਦੀ ਅਤੇ ਸੋਨੇ ਦੀ, ਅਤੇ ਸ਼ੂਦਰ ਨੂੰ ਸਾਰੇ ਪਾਪਾਂ ਦੀ ਸਹੁੰ ਚਕਵਾਉਣੀ ਚਾਹੀਦੀ ਹੈ।[93]

ਮਨੂੰ ਸਿਮਰਤੀ ਵਿਚ ਧਾਰਮਿਕ ਤੌਰ ਤੇ ਸ਼ੂਦਰਾਂ ਨੂੰ ਧਰਮ ਦਾ ਉਪਦੇਸ਼ ਦੇਣ ਤੋਂ ਮਨਾਹੀ ਕੀਤੀ ਗਈ ਹੈ:

- ਬ੍ਰਾਹਮਣ ਲਈ ਨੀਚਾਂ ਨੂੰ ਪੜ੍ਹਾਉਣਾ, ਯੋਗ ਕਰਵਾਉਣ ਅਤੇ ਉਹਨਾਂ ਤੋਂ ਦਾਨ ਲੈਣਾ ਤਿਨੇ ਕਰਮ ਘਟੀਆ ਮੰਨੇ ਗਏ ਹਨ।[94]

- ਜੋ ਬ੍ਰਾਹਮਣ ਸ਼ੂਦਰ ਨੂੰ ਧਰਮ ਦਾ ਉਪਦੇਸ਼ ਦਿੰਦਾ ਹੈ ਅਤੇ ਵਰਤ ਜਾਂ ਪ੍ਰਾਸ਼ਚਿਤ ਕਰਨ ਦਾ ਉਪਦੇਸ਼ ਦਿੰਦਾ ਹੈ ਉਹ ਸ਼ੂਦਰ ਦੇ ਨਾਲ ਹੀ 'ਅੰਸ਼ਵਰਿਤ' ਨਾਂ ਦੇ ਨਰਕ ਵਿੱਚ ਪ੍ਰਵੇਸ਼ ਕਰਦਾ ਹੈ।[95]
- ਸ਼ੂਦਰ ਨੂੰ ਲੌਕਿਕ ਉਪਦੇਸ਼, ਯੱਗ ਵਿੱਚੋਂ ਬਚੀ ਜੂਠ ਅਤੇ ਆਹੂਤੀ ਸਮੱਗਰੀ ਦਾ ਬਚਿਆ ਹੋਇਆ ਭਾਗ ਨਹੀਂ ਦੇਣਾ ਚਾਹੀਦਾ। ਉਸ ਨੂੰ ਧਰਮ ਤੇ ਵਰਤ ਦਾ ਉਪਦੇਸ਼ ਵੀ ਆਪਣੇ ਸਾਹਮਣੇ ਬਿਠਾ ਕੇ ਨਹੀਂ ਦੇਣਾ ਚਾਹੀਦਾ ਸਗੋਂ ਸ਼ੂਦਰ ਅਤੇ ਆਪਣੇ ਵਿਚਕਾਰ ਕਿਸੇ ਬ੍ਰਾਹਮਣ ਨੂੰ ਬਿਠਾ ਕੇ ਹੀ ਉਪਦੇਸ਼ ਦੇਣਾ ਚਾਹੀਦਾ ਹੈ।[96]

ਮਨੂੰ ਸਿਮਰਤੀ ਵਿਚ ਰਾਜ ਦਰਬਾਰ ਦੇ ਕੰਮਾਂ ਵਿੱਚ ਬ੍ਰਾਹਮਣ ਦੀ ਪ੍ਰਧਾਨਤਾ:

- ਜਾਤ ਦਾ ਬ੍ਰਾਹਮਣ ਭਾਵੇਂ ਜੀਵਨ ਯਾਤਰਾ ਲਈ ਕੋਈ ਵੀ ਕੰਮ ਕਰਦਾ ਹੋਵੇ ਜਾਂ ਆਪਣੇ ਨੂੰ ਬ੍ਰਾਹਮਣ ਕਹਿਣ ਵਾਲਾ ਰਾਜਾ ਦੁਆਰਾ ਮੁਕੱਦਮੇ ਦਾ ਫੈਸਲਾ ਕਰਨ ਲਈ ਲਗਾਇਆ ਜਾ ਸਕਦਾ ਹੈ ਪਰ ਬ੍ਰਾਹਮਣ ਦਾ ਕਰਮ ਕਰਨ ਵਾਲ਼ਾ ਸ਼ੂਦਰ ਵਕਾਲਤ ਦਾ ਫੈਸਲਾ ਨਹੀਂ ਕਰ ਸਕਦਾ। [97]
- ਕਿਉਂਕਿ ਜਿਸ ਰਾਜੇ ਦੇ ਰਾਜ ਵਿੱਚ ਫੈਸਲਾ ਸ਼ੂਦਰ ਕਰਦੇ ਹਨ ਭਾਵ ਜੱਜ ਆਦਿ ਬਣਕੇ ਫੈਸਲਾ ਸੁਣਾਉਂਦੇ ਹਨ, ਉਸ ਰਾਜਾ ਦੇ ਵੇਖਦੇ ਹੋਏ ਹੀ ਉਸਦਾ ਰਾਜ ਚਿੱਕੜ ਵਿੱਚ ਫਸੀ ਗਾਂ ਵਾਂਗ ਦੁਖੀ ਹੁੰਦਾ ਹੈ।[98]
- ਜੋ ਰਾਜ ਸ਼ੂਦਰਾਂ ਤੇ ਨਾਸਤਿਕਾਂ ਨਾਲ ਭਰਿਆ ਹੁੰਦਾ ਹੈ ਅਤੇ ਬ੍ਰਾਹਮਣਾਂ ਤੋਂ ਖਾਲ਼ੀ ਹੁੰਦਾ ਹੈ ਉਸ ਰਾਜ ਨੂੰ ਅਕਾਲ, ਅਤੇ ਬਿਮਾਰੀਆਂ ਜਲਦੀ ਹੀ ਨਸ਼ਟ ਕਰ ਦਿੰਦੀਆਂ ਹਨ।[99]
- ਬ੍ਰਾਹਮਣ ਨੂੰ ਫਾਂਸੀ ਦੀ ਸਜਾ ਦੇਣ ਦੀ ਬਜਾਇ ਉਸ ਦਾ ਸਿਰ ਮੁਨਾ ਦੇਣਾਂ ਹੀ ਫਾਂਸੀ ਦੇ ਬਰਾਬਰ ਹੁੰਦਾ ਹੈ। ਦੂਜੇ ਵਰਣਾਂ ਦੇ ਪ੍ਰਾਣਾ ਦਾ ਨਾਸ਼ ਹੀ ਪ੍ਰਾਣ-ਦੰਡ ਕਿਹਾ ਜਾਂਦਾ ਹੈ।[100]

- ਰਾਜਾ ਪਾਪੀ ਬ੍ਰਾਹਮਣ ਨੂੰ ਫਾਂਸੀ ਨਾ ਚੜ੍ਹਾਵੇ ਪਰ ਉਸਨੂੰ ਆਪਣੇ ਰਾਜ ਵਿਚੋਂ ਬਾਹਰ ਜ਼ਰੂਰ ਕੱਢ ਦੇਵੇ।[101]

ਇਸ ਪ੍ਰਕਾਰ ਵਰਣ-ਵੰਡ ਵਿਵਸਥਾ ਨੇ ਸੱਭਿਆਚਾਰਕ ਕੀਮਤਾਂ ਨੂੰ ਖੇਰੂੰ-ਖੇਰੂੰ ਕੀਤਾ। ਨੀਵੀਆਂ ਸ਼੍ਰੇਣੀਆਂ ਲਈ ਭੇਦ-ਭਾਵ, ਘੋਰ ਨਫ਼ਰਤ, ਛੂਆ-ਛੂਤ, ਸੁੱਚ-ਭਿੱਟ ਅਤੇ ਸਭ ਤੋਂ ਵੱਧ ਅਣਮਨੁੱਖੀ ਵਤੀਰਾ ਅਪਣਾਇਆ ਗਿਆ ਤੇ ਉਹਨਾਂ ਨੂੰ ਤ੍ਰਿਸਕਾਰ ਭਰਿਆ ਜੀਵਨ ਜੀਉਣ ਲਈ ਮਜਬੂਰ ਕੀਤਾ ਗਿਆ। ਮਨੂੰ ਸਿਮਰਤੀ ਦੀ ਇਸ ਵਰਣ ਵੰਡ ਬਾਰੇ ਹਰਬੰਸ ਸਿੰਘ ਚਾਵਲਾ ਦਾ ਕਹਿਣਾ ਹੈ:

> ਮਨੂੰ ਸਿਮਰਤੀ ਅਤੇ ਹੋਰ ਧਾਰਮਿਕ ਗ੍ਰੰਥਾਂ ਦਾ ਸਹਾਰਾ ਲੈ ਕੇ ਜਿਥੇ ਜਾਤ-ਪਾਤ ਦੇ ਬੰਧਨਾ ਨੂੰ ਹੋਰ ਮਜਬੂਤ ਕਰ ਦਿੱਤਾ ਉੱਥੇ ਸਮਾਜਿਕ ਜੀਵਨ ਵਿੱਚ ਵਾਪਰਨ ਵਾਲੇ ਸੰਸਕਾਰਾਂ ਨੂੰ ਇਤਨਾ ਗੁੰਝਲਦਾਰ ਅਤੇ ਪੇਚੀਦਾ ਬਣਾ ਦਿੱਤਾ ਕਿਉਂਕਿ ਉਹਨਾਂ ਬਗੈਰ ਕਿਸੇ ਵੀ ਰਸਮ ਦਾ ਸੰਪਨ ਹੋ ਸਕਣਾ ਅਸੰਭਵ ਹੋ ਗਿਆ। ਜਾਤ-ਪਾਤ ਦੀਆਂ ਇਹ ਵੰਡੀਆਂ ਪੂਰੇ ਸਮਾਜ ਨੂੰ ਕੋਹੜ ਵਾਂਗ ਚਿੰਬੜੀਆਂ ਹੋਈਆਂ ਹਨ।[102]

ਗੁਰਬਾਣੀ ਚਿੰਤਨ ਨੇ ਬਾਣੀ ਰਾਹੀਂ ਅਜਿਹੀ ਵਿਸ਼ਮਤਾ ਫੈਲਾਉਣ ਵਾਲੇ ਬ੍ਰਾਹਮਣੀ ਕਿਰਦਾਰ ਨੂੰ ਭੰਡਿਆ ਹੈ। ਜਾਤ ਦੀ ਉੱਚਤਾ ਦੇ ਨਾਲ ਕਰਮਾਂ ਦੀ ਉੱਚਤਾ ਨੂੰ ਦ੍ਰਿੜ ਕਰਾਉਣ ਵਾਲੇ ਗੁਰੂ ਸਾਹਿਬਾਨਾ ਨੇ ਬ੍ਰਾਹਮਣ ਦੀ ਅਸਲ ਪਰਿਭਾਸ਼ਾ ਦਿੱਤੀ ਹੈ ਜਾਤੀ ਦੀ ਉੱਚਤਾ ਦੇ ਨਾਲ ਕਰਮਾ ਦੀ ਉੱਚਤਾ ਨੂੰ ਸਹੀ ਕਹਿਣ ਵਾਲੇ ਗੁਰੂ ਸਾਹਿਬਾਨ ਨੇ ਬ੍ਰਾਹਮਣਾ ਦੀ ਅਸਲੀ ਪਰਿਭਾਸ਼ਾ ਦਿੱਤੀ ਹੈ। ਬ੍ਰਾਹਮਣ ਅਸਲੀ ਅਰਥਾਂ ਵਿੱਚ ਉਹ ਹੈ ਜੋ ਬ੍ਰਹਮ ਦੇ ਗਿਆਨ ਨੂੰ ਜਾਣਦਾ ਹੋਏ। ਉਹਨਾਂ ਬ੍ਰਾਹਮਣਾਂ ਦੀ ਇਸ ਅਖੌਤੀ ਸਰਵਉੱਚਤਾ ਤੇ ਸੱਟ ਮਾਰੀ ਅਤੇ ਬ੍ਰਾਹਮਣਾ ਦੇ ਮਨ, ਬਚਨ ਤੇ ਕਰਮ ਦੇ ਦੁਫੇੜ ਦੀ ਨਿਧੜਕ ਅਲੋਚਨਾ ਕੀਤੀ:

> ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥
> ਆਪਿ ਤਰੈ ਸਗਲੇ ਕੁਲ ਤਾਰੈ॥[103]

ਤਤੁ ਪਛਾਣੈ ਸੋ ਪੰਡਿਤੁ ਹੋਈ॥[104]

ਸੋ ਬ੍ਰਾਹਮਣੁ ਜੋ ਬਿੰਦੈ ਬ੍ਰਹਮੁ॥

ਜਪੁ ਤਪੁ ਸੰਜਮੁ ਕਮਾਵੈ ਕਰਮੁ॥

ਸੀਲ ਸੰਤੋਖ ਕਾ ਰਖੈ ਧਰਮੁ॥

ਬੰਧਨ ਤੋੜੈ ਹੋਵੈ ਮੁਕਤੁ॥

ਸੋਈ ਬ੍ਰਾਹਮਣੁ ਪੂਜਣ ਜੁਗਤੁ॥[105]

ਮਥੈ ਟਿਕਾ ਤੇੜਿ ਧੋਤੀ ਕਖਾਈ॥

ਹਥਿ ਛੁਰੀ ਜਗਤ ਕਸਾਈ॥[106]

ਧੋਤੀ ਊਜਲ ਤਿਲਕੁ ਗਲਿ ਮਾਲਾ॥

ਅੰਤਰ ਕ੍ਰੋਧੁ ਪੜਹਿ ਨਾਟਸਾਲਾ॥[107]

ਖੱਤਰੀ ਜਾਤੀ ਦਾ ਅਭਿਮਾਨ ਕਰਨ ਵਾਲਿਆਂ ਦੀ ਨਿੰਦਾ ਕੀਤੀ ਗਈ ਤੇ ਉਹਨਾਂ ਦਾ ਇਹ ਕਹਿ ਕੇ ਭਰਮ ਤੋੜਿਆ ਕਿ ਸਿਰਫ ਜਾਤ ਵਿੱਚ ਜਨਮ ਲੈਣ ਨਾਲ ਹੀ ਕੋਈ ਖੱਤਰੀ ਨਹੀਂ ਬਣ ਜਾਂਦਾ। ਖੱਤਰੀ ਦੀ ਪਰਿਭਾਸ਼ਾ ਤੇ ਉਹ ਹੀ ਪੂਰਾ ਉਤਰਦਾ ਜੇ ਉਸਦਾ ਕਿਰਦਾਰ ਤੇ ਕਰਮਾਂ ਨਾਲ ਮੇਲ ਖਾਏ:

ਖਤਰੀ ਸੋ ਜੁ ਕਰਮਾ ਕਾ ਸੂਰੁ॥

ਪੁਨ ਦਾਨ ਕਾ ਕਰੈ ਸਰੀਰੁ॥

ਖੇਤ ਪਛਾਣੈ ਬੀਜੈ ਦਾਨੁ॥

ਸੋ ਖਤ੍ਰੀ ਦਰਗਹ ਪਰਵਾਣੁ॥[108]

ਜਿਨਿ ਮਿਲਿ ਮਾਰੇ ਪੰਚ ਸੂਰਬੀਰ। ॥

ਐਸੋ ਕਉਨੁ ਬਲੀ ਰੇ॥

ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ॥

ਸੋ ਪੂਰਾ ਇਹ ਕਲੀ ਰੇ॥[109]

ਵੈਸ਼ ਵਰਣ ਦੀ ਉਚਤਾ ਨੂੰ ਸਹੀ ਰਾਹ ਦਿਖਾਉਂਦਿਆਂ ਗੁਰੂ ਸਾਹਿਬਾਨ ਨੇ ਕਿਹਾ ਹੈ:

ਖੋਟੇ ਵਨਿਜ ਵਣੰਜਿਐ ॥
ਮਨੁ ਤਨੁ ਖੋਟਾ ਹੋਈ॥[11•]
ਅੰਤਰਿ ਲੋਭੁ ਮਨਿ ਮੈਲੇ ਮਲੁ ਲਾਏ॥
ਮੈਲੇ ਕਰਮ ਕਰੇ ਦੁਖੁ ਪਾਏ॥
ਕੂੜੋ ਕੂੜੁ ਕਰੇ ਵਾਪਾਰਾ॥
ਕੂੜੁ ਬੋਲਿ ਦੁਖੁ ਪਾਇਦਾ।[111]
ਕਰਿ ਮਨ ਮੇਰੇ ਸਤਿ ਬਿਉਹਾਰ॥[112]

ਗੁਰੂ ਸਾਹਿਬਾਨ ਦਾ ਸੱਭਿਆਚਾਰਕ ਇਨਕਲਾਬ ਫੌਜੀ ਇਨਕਲਾਬ ਬਣਿਆ। ਪੁਰਾਤਨ ਭਾਰਤੀ ਧਰਮ ਪਰੰਪਰਾ ਤੋਂ ਤੋੜ ਵਿਛੋੜਾ ਕਰਕੇ ਸਿੱਖ ਨੈਤਿਕ ਆਦਰਸ਼ਾਂ ਦੀ ਸਥਾਪਤੀ ਕੀਤੀ ਗਈ। ਹਉਮੈ ਜੋ ਮਨੁੱਖੀ ਵਿਕਾਸ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਮੰਨੀ ਗਈ ਹੈ ਗੁਰੂ ਸਾਹਿਬਾਨ ਨੇ ਇਸ ਨੂੰ ਮਾਰਨ ਦੀ ਗੱਲ ਕੀਤੀ ਹੈ:

ਜਾਤਿ ਕਾ ਗਰਬੁ ਨਾ ਕਰੀਅਹੁ ਕੋਈ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥[113]

ਗੁਰੂ ਸਾਹਿਬ ਨੇ ਉੱਤਮ ਵਰਣ ਦੀ ਪਛਾਣ ਨੂੰ ਪਰਮਤਾਮਾ ਦੇ ਗੁਣਾ ਨਾਲ ਜੁੜਨਾ ਦਰਸਾਇਆ ਹੈ:

ਬ੍ਰਾਹਮਣੁ ਖਤ੍ਰੀ ਸੂਦ ਵੈਸ ॥
ਚਾਰਿ ਵਰਨ ਆਸ੍ਰਮ॥
ਹੋਹਿ ਜੋ ਹਰਿ ਧਿਆਵੈ ਸੋ ਪਰਧਾਨੁ॥
ਉਹ ਸਭ ਤੇ ਊਚਾ ਸਭ ਤੇ ਸੂਚਾ॥

ਜਾ ਕੇ ਹਿਰਦੈ ਵਸਿਆ ਭਗਵਾਨੁ।।[114]

ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ।।

ੳੁਧਰੈ ਸਿਮਰਿ ਚੰਡਾਲ।।

ਜਿਨ ਜਾਨਿਓ ਪ੍ਰਭੁ ਆਪਨਾ।।

ਨਾਨਕ ਤਿਸਹਿ ਰਵਾਲ।।[115]

ਜਿਸ ਨੀਚ ਕਉ ਕੋਈ ਨ ਜਾਨੈ ।।

ਨਾਮੁ ਜਪਤ ਉਹੁ ਚਹੁ ਕੁੰਟ ਮਾਨੈ।।[116]

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ।।

ਚਹੁ ਵਰਨਾ ਕਉ ਸਾਝਾ।।[117]

ਗੁਰੂ ਸਾਹਿਬਾਨ ਦੁਆਰਾ ਸਮਾਜ ਦੇ ਦੱਬੇ ਕੁਚਲੇ ਨਿਤਾਣੇ, ਗਰੀਬ, ਮਿਹਨਤਕਸ਼ ਕਿਸਾਨਾਂ ਤੇ ਕਿਰਤੀਆਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ ਗਈ ਤੇ ਉਹਨਾਂ ਨੂੰ ਮਨੋਬਲ ਤੇ ਸਵੈ ਮਾਣ ਪ੍ਰਦਾਨ ਕੀਤਾ ਗਿਆ:

ਨੀਚਾ ਅੰਦਰਿ ਨੀਚ ਜਾਤਿ।।

ਨੀਚੀ ਹੂ ਅਤਿ ਨੀਚੁ।।

ਨਾਨਕੁ ਤਿਨ ਕੈ ਸੰਗਿ ਸਾਥਿ।।

ਵਡਿਆ ਸਿਉ ਕਿਆ ਰੀਸ।।[118]

ਅਜਿਹੇ ਮੁੱਲਵਾਨ ਅਧਾਰਾਂ ਤੇ ਸਿਧਾਂਤਾਂ ਰਾਹੀਂ ਸਮਾਜ ਵਿਚ ਮਾਨਵੀ ਬਰਾਬਰੀ, ਸਾਂਝੀਵਾਲਤਾ ਅਤੇ ਗੈਰ ਫਿਰਕਾਪ੍ਰਸਤੀ ਦੀ ਭਾਵਨਾ ਬੁਲੰਦ ਹੋਈ ਤੇ ਇਸ ਤਰ੍ਹਾਂ ਨਵੇਂ ਮਾਨਵੀਂ ਆਦਰਸ਼ਾਂ ਦੀ ਸਥਾਪਨਾ ਕਰਦਿਆਂ ਸਮਾਜ ਸਮਾਨਤਾ ਤੇ ਸਾਂਝੀਵਾਲਤਾ ਤੇ ਸਹਿ ਹੋਂਦ ਵਰਗੇ ਮੁੱਲ ਪ੍ਰਬੰਧਾਂ ਦਾ ਨਿਰਮਾਣ ਕੀਤਾ ਗਿਆ।

ਜੀਅ ਜੰਤ ਸਭਿ ਤਿਸ ਦੇ।।

ਸਭਨਾ ਕਾ ਸੋਈ।।

ਮੰਦਾ ਕਿਸ ਕੋ ਆਖੀਐ ।।

ਜੇ ਦੂਜਾ ਹੋਈ।।[119]

ਸਭੈ ਸਾਂਝੀਵਾਲ ਸਦਾਇਨਿ।।

ਤੂੰ ਕਿਸੇ ਨ ਦਿਸਹਿ ਬਾਹਰਾ ਜੀਉ।।[120]

ਗੁਰੂ ਸਾਹਿਬਾਨ ਨੇ ਜਾਤਪਾਤ, ਰੰਗ, ਨਸਲ, ਲਿੰਗ ਆਦਿ ਉਪਰ ਅਧਾਰਿਤ ਸਮਾਜਿਕ ਨਾ ਬਰਾਬਰੀ ਦਾ ਤਰਕ ਯੁਕਤ ਅਤੇ ਡਟਵਾਂ ਵਿਰੋਧ ਕੀਤਾ। ਉਹਨਾ ਨੇ ਹਰ ਪ੍ਰਕਾਰ ਦੀਆਂ ਵੰਡੀਆਂ ਦਾ ਜ਼ੋਰਦਾਰ ਖੰਡਨ ਕੀਤਾ। ਉਹਨਾਂ ਦਾ ਦ੍ਰਿੜ ਵਿਸ਼ਵਾਸ਼ ਸੀ ਕਿ ਜਾਤੀ ਪਾਤੀ ਵੰਡ ਅਸਲੋਂ ਬੇਲੋੜੀ ਅਤੇ ਨਿਰਾਰਥਕ ਹੈ। ਇਸ ਦਾ ਕੋਈ ਸੱਭਿਆਚਾਰਕ ਤੇ ਧਾਰਮਿਕ ਮਹੱਤਵ ਨਹੀਂ ਹੈ।[121] ਗੁਰੂ ਸਾਹਿਬਾਨ ਨੇ ਧਾਰਮਿਕ ਗ੍ਰੰਥਾਂ ਦੇ ਵਾਹਿਦ ਅਧਿਕਾਰ ਨੂੰ ਰੱਦ ਕੀਤਾ ਅਤੇ ਉੱਚੀ ਨੀਵੀਂ ਜਾਤ ਦਾ ਭੇਦ ਦੱਸਣ ਵਾਲੇ ਭੇਦ ਦਾ ਖੰਡਨ ਕੀਤਾ। ਮਾਨਵੀ ਬਰਾਬਰੀ ਨੂੰ ਪਹਿਲ ਦਿੰਦਿਆਂ ਚਾਰੇ ਵਰਣਾ ਵਿੱਚ ਏਕਤਾ ਸਥਾਪਿਤ ਕੀਤੀ:

ਕਥਾ ਕਹਾਣੀ ਬੇਦੀਆਣੀ।।

ਪਾਪ ਪੁਨ ਬੀਚਾਰ।।

ਉਤਮ ਮਾਧਿਮ ਜਾਤੀ ਜਿਨਸੀ।।

ਭਰਮਿ ਭਵੈ ਸੰਸਾਰ।।[122]

ਚਾਰੇ ਪੈਰ ਧਰਮ ਕੇ।।

ਚਾਰ ਵਰਨਿ ਇਕ ਵਰਣੁ ਕਰਾਇਆ।।

ਰਾਣਾ ਰੰਕ ਬਰਾਬਰੀ ਪੈਰੀ ਪਣਣਾ।।

ਜਗ ਵਰਤਾਇਆ।।[123]

ਗੁਰੂ ਸਾਹਿਬਾਨਾ ਦੁਆਰਾ ਸਥਾਪਿਤ ਇਹੀ ਨਵ ਸਿਧਾਂਤ ਤੇ ਜੀਵਨ ਮੁਲ ਨਿਰਭੈਤਾ, ਦ੍ਰਿੜਤਾ, ਸਵਾਰਥਹੀਣਤਾ, ਲੋਕ ਭਲਾਈ, ਸਮਾਜਿਕ ਨਿਆਂ, ਮਾਨਵ ਅਧਿਕਾਰਾਂ ਦੀ ਰਾਖੀ ਤੇ ਪੈਰਵੀ, ਹਕੂਮਤ ਪ੍ਰਤੀ ਨਾਬਰੀ ਸਿੱਖ ਸ਼ਹਾਦਤ ਪਰੰਪਰਾ ਦੇ ਵਿਚਾਰਧਰਾਈ ਅਧਾਰ ਬਣੇ।

ਸਿੱਖ ਵਿਚਾਰਧਾਰਾ ਵਿਚ ਮਨੁੱਖੀ ਬਰਾਬਰੀ ਦੇ ਸਮਾਨਤਾ ਦੇ ਅਧਿਕਾਰ ਦੀ ਸੀਮਾ ਸਿਰਫ ਜਾਤ ਪਾਤ ਤੱਕ ਹੀ ਨਹੀਂ ਸਗੋਂ ਔਰਤ ਮਰਦ ਦੇ ਸਬੰਧਾਂ ਦੀ ਉਚਤਾ ਵੀ ਸਥਾਪਿਤ ਕੀਤੀ ਗਈ। ਇਸਤਰੀ ਦੇ ਹੱਕ ਵਿੱਚ ਆਵਾਜ਼ ਉਠਾ ਕੇ ਅਕੱਟ ਦਲੀਲਾਂ ਦਿੰਦਿਆਂ ਉਸ ਦੇ ਦਰਜੇ ਨੂੰ ਉਚਾ ਚੁੱਕਿਆ ਗਿਆ ਹੈ ਅਤੇ ਬਾਲ ਕੰਨਿਆਂ ਦੀ ਹੱਤਿਆ ਤੇ ਫਿਟਕਾਰ ਪਾਈ ਗਈ ਹੈ:

ਭੰਡਿ ਜੰਮੀਐ ਭੰਡਿ ਨਿੰਮਿਐ ॥
ਭੰਡਿ ਮੰਗਣੁ ਵੀਆਹ॥
ਭੰਡਹੁ ਹੋਵੇ ਦੋਸਤੀ ਭੰਡਹੁ ਚਲੈ ਰਾਹ॥
ਭੰਡ ਮੁਆ ਭੰਡੁ ਭਾਲੀਐ ਭੰਡਿ ਹੋਵੇ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥[124]
ਬ੍ਰਾਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਆਨ॥[125]
ਨਾਨਕ ਬਾਲਤਣਿ ਰਾਡੇਪਾ॥
ਬਿਨ ਪਿਰ ਧਨ ਕੁਮਲਾਣੀ॥[126]
ਜਿਉ ਧੁਨੁ ਬਿਧਵਾ ਪਰ ਕਉ ਦੇਈ॥
ਕਾਮਿ ਦਾਮਿ ਚਿਤੁ ਪਰ ਵਸਿ ਸੇਈ॥
ਪਿਰ ਤ੍ਰਿਪਤ ਨ ਕਬਹੂੰ ਹੋਈ॥[127]

ਸਿੱਖ ਚਿੰਤਨ ਅਨੁਸਾਰ ਔਰਤ ਨੂੰ ਮਰਦ ਦੇ ਮਰਣ ਪਿਛੋਂ ਸਤੀ ਹੋਣ ਲਈ ਸੜ ਕੇ ਮਰਣ ਦੀ ਲੋੜ ਨਹੀਂ। ਗੁਰੂ ਸਾਹਿਬਾਨਾ ਦਾ ਔਰਤ ਦੀ ਅਹਮਿਅਤ ਨੂੰ ਪਛਾਣਨ ਤੇ ਉਸਨੂੰ ਸਨਮਾਨ ਦੇਣ ਦੇ ਸੰਦੇਸ਼ ਨੇ ਹੀ ਸਮਾਜ ਵਿਚ ਔਰਤ ਨੂੰ ਹੀਣਤਾ ਦੇ ਭਾਵ ਦੇਣ ਵਾਲੀਆਂ ਬਹੁਤ ਸਾਰੀਆਂ ਵਿਅਰਥ ਰਹੁ ਰੀਤਾਂ ਦਾ ਖੰਡਨ ਕੀਤਾ। ਸਮਾਜ ਦੀ ਖੁਸ਼ਹਾਲੀ ਲਈ ਗੁਰੂ

ਸਾਹਿਬਾਨਾ ਨੇ ਔਰਤ ਨੂੰ ਸਮਾਨ ਹੱਕ ਦੇਣ ਦੀ ਪੈਰਵੀ ਕੀਤੀ ਤੇ ਕਿਸੇ ਵੀ ਸੱਭਿਆਚਾਰ ਦੇ ਸਰਾਬਾਂਗੀ ਵਿਕਾਸ ਲਈ ਇਸਤਰੀ ਦੇ ਯੋਗਦਾਨ ਨੂੰ ਮਰਦ ਤੋਂ ਵਧੇਰੇ ਮੰਨਿਆ ਹੈ।[128]

ਜਲੇ ਨ ਪਾਈਐ ਰਾਮ ਸਨੇਹੀ॥
ਕਿਰਤ ਸੰਜੋਗਿ ਸਤੀ ਉਠਿ ਹੋਈ॥
ਦੇਖਾ ਦੇਖੀ ਮਨਹਠਿ ਜਲਿ ਜਾਈਐ॥
ਪ੍ਰਿਅ ਸਗੁੰ ਨ ਪਾਵੈ ਬਹੁ ਜੋਨਿ ਭਵਾਈਐ॥
ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥
ਤਿਸ ਨਾਰੀ ਕਉ ਦੁਖ ਨ ਜਮਾਨੈ ॥
ਕਹੁ ਨਾਨਕ ਜਿਨਿ ਪ੍ਰਿਉ॥
ਪਰਮੇਸਵਰ ਕਰਿ ਜਾਨਿਆ॥[129]

ਭਾਵ ਜਿਹੜੀ ਇਸਤਰੀ ਮਿੱਠੇ ਸੁਭਾਅ ਦੀ ਜੁਗਤ ਵਿਚ ਰਹਿ ਕੇ ਆਪਣੇ ਪਿਆਰੇ (ਪਤੀ) ਦਾ ਹੁਕਮ ਮੰਨਦੀ ਰਹਿੰਦੀ ਹੈ ਉਸ ਇਸਤਰੀ ਨੂੰ ਜਮਾਂ ਦਾ ਦੁੱਖ ਨਹੀਂ ਪੋਹ ਸਕਦਾ।

ਗੁਰੂ ਸਾਹਿਬਾਨਾ ਨੇ ਧਰਮ ਦੇ ਵਿਵਹਾਰ ਵਿਚੋਂ ਹੋਮ ਜੱਗ, ਤੀਰਥ, ਪਰਵ, ਤਿਉਹਾਰ, ਪੁੰਨ, ਦਾਨ, ਚੁਲੀ ਵਰਤ, ਸੂਤਕ, ਪਾਤਕ, ਨਮਾਜ਼, ਰੋਜੇ, ਹਜ਼, ਸੁੱਚੇ, ਭਿੱਟ, ਸਰਾਧ ਆਦਿ ਕਰਮਕਾਂਡਾਂ ਅਤੇ ਵਰਤਾਂ ਦਾ ਨਿਸ਼ੇਧ ਕੀਤਾ ਹੈ। ਵੇਸ਼ ਭੂਸ਼ਾ, ਸੰਸਕਾਰ, ਜਨੇਉ ਪੂਜਾ ਵਿਧੀਆਂ ਕਰਮਕਾਂਡਾਂ ਅਤੇ ਵਰਤਾਂ ਆਦਿ ਦੀ ਪ੍ਰਚਲਿਤ ਰੀਤੀ ਦਾ ਖੰਡਨ ਕਰਕੇ ਜੀਵਨ ਮੁਕਤੀ ਦਾ ਨਵਾ ਯੋਗ ਰਾਹ ਦਰਸਾਇਆ ਹੈ।

ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤੀ ਸਿੱਖ ਸ਼ਹਾਦਤ ਪਰੰਪਰਾ ਵਿੱਚ ਧਰਮ ਨਿੱਜੀ ਮੁਕਤੀ ਦਾ ਸਾਧਨ ਵੀ ਨਹੀਂ ਇਹ ਸਮਾਜ ਸੇਵਾ ਹੈ। ਸਮਾਜੀ ਸੇਵਾ ਗ੍ਰਹਿਸਥ ਨਾਲ ਜੁੜ ਕੇ ਵੀ ਕੀਤੀ ਜਾ ਸਕਦੀ ਹੈ ਅਤੇ ਗ੍ਰਹਿਸਥ ਲਈ ਦਸਾਂ ਨਹੁੰਆਂ ਦੀ ਕਿਰਤ ਕਰਨੀ ਜ਼ਰੂਰੀ ਦੱਸੀ ਗਈ ਹੈ:

ਹਰਿ ਬਿਨੁ ਅਵਰ ਕ੍ਰਿਆ ਬਿਰਥੇ॥
ਜਪ ਤਪ ਸੰਜਮ ਕਰਮ ਕਮਾਣੈ ॥
ਇਹਿ ਓਰੈ ਮੂਸੈ॥
ਬਰਤ ਨੇਮ ਸੰਜਮ ਮਹਿ ਰਹਤਾ॥
ਤਿਨ ਕਾ ਆਢੁ ਨ ਪਾਇਆ॥
ਆਗੈ ਚਲਣੁ ਅਉਰੁ ਹੈ ਭਾਈ॥
ਊਂਹਾ ਕਾਮਿ ਨਾ ਆਇਆ॥[13•]

ਗੁਰੂ ਸਾਹਿਬਾਨ ਨੇ ਸੂਤਕ ਅਤੇ ਹਿੰਦੂ ਧਰਮ ਦੀ ਪਵਿੱਤਰਤਾ ਦਾ ਦਾਅਵਾ ਅਤੇ ਤੀਰਥਾਂ ਦਾ ਵਿਰੋਧ ਕਰਦਿਆਂ ਵਿਸ਼ੇਸ਼ ਪ੍ਰਕਾਰ ਦੀਆਂ ਵਿਧੀਆ ਦਾ ਖੰਡਨ ਕੀਤਾ ਹੈ। ਉਹਨਾਂ ਨੇ ਕੇਵਲ ਹਿੰਦੂ ਧਰਮ ਵਿਚਲੀ ਜਾਤ-ਪਾਤ ਦੀ ਪ੍ਰਥਾ ਦੀ ਹੀ ਨਿੰਦਿਆ ਨਹੀਂ ਕੀਤੀ ਉਹਨਾਂ ਨੇ ਡਰ ਵਜੋਂ ਮੁਗਲ ਸ਼ਾਹੀ ਸੱਭਿਆਚਾਰ ਅਪਣਾਉਣ ਵਾਲੇ ਲੋਕਾਂ ਦੀ ਵੀ ਨਿੰਦਿਆ ਕੀਤੀ ਜੋ ਆਪਣੀ ਭਾਸ਼ਾ, ਆਪਣਾ ਖਾਣ ਪੀਣ ਆਪਣਾ ਪਹਿਰਾਵਾ ਭੁੱਲ ਕੇ ਇਸਲਾਮੀ ਹੁਕਮਰਾਨੀ ਚਿੰਨ੍ਹਾਂ ਨੂੰ ਆਪਣੇ ਜੀਵਨ ਵਿਚ ਅਪਣਾ ਰਹੇ ਸਨ:

ਆਦਿ ਪੁਰਖ ਕਉ ਅਲਹੁ ਕਹੀਐ ॥
ਸੇਖਾਂ ਆਈ ਵਾਰੀ॥
ਦੇਵਲ ਦੇਵਤਿਆ ਕਰੁ ਲਾਗਾ॥
ਐਸੀ ਕੀਰਤਿ ਚਾਲੀ॥
ਕੂਜਾ ਬਾਂਗ ਨਿਵਾਜ ਮੁਸਲਾ॥
ਨੀਲ ਰੂਪ ਬਨਵਾਰੀ॥
ਘਰਿ ਘਰਿ ਮੀਆ ਸਭਨਾ ਜੀਆਂ॥
ਬੋਲੀ ਅਵਰ ਤੁਮਾਰੀ॥[131]
ਅੰਤਰਿ ਪੂਜਾ ਪੜਹਿ ਕਤੇਬਾ॥
ਸੰਜਮੁ ਤੁਰਕਾ ਭਾਈ॥[132]

ਸੱਭਿਆਚਾਰ ਦਾ ਵਿਸ਼ੇਸ਼ ਅੰਗ ਕਿਸੇ ਵੀ ਦੇਸ਼ ਦੀ ਲਿੱਪੀ ਅਤੇ ਭਾਸ਼ਾ ਹੁੰਦੀ ਹੈ। ਗੁਰੂ ਸਾਹਿਬਾਨ ਨੇ ਸੱਭਿਆਚਾਰ ਦੇ ਇਸ ਅੰਗ ਪ੍ਰਤੀ ਵਿਸ਼ੇਸ਼ ਰੁਚੀ ਦਿਖਾਈ ਅਤੇ ਆਪਣੇ ਬੋਲੀ ਅਤੇ ਭਾਸ਼ਾ ਨੂੰ ਬਚਾਉਣ ਲਈ ਗੁਰਮੁਖੀ ਲਿੱਪੀ ਦਾ ਪ੍ਰਚਲਨ ਅਤੇ ਪੰਜਾਬੀ ਭਾਸ਼ਾ ਪ੍ਰਤੀ ਪ੍ਰੋਤਸਾਹਨ ਅਤੇ ਵਿਦਿਆ ਪ੍ਰਾਪਤੀ ਦੀ ਪ੍ਰੇਰਣਾ ਦਿੱਤੀ। ਉਹਨਾਂ ਨੇ ਮੁਲਕ ਦੀ ਦੇਸੀ ਭਾਸ਼ਾ ਦਾ ਪ੍ਰਚਾਰ ਅਤੇ ਸੰਸਕ੍ਰਿਤ ਭਾਸ਼ਾ ਦੇ ਦੈਵੀ ਅਧਿਕਾਰ ਦਾ ਖੰਡਨ ਕਰਨ ਲਈ ਗੁਰਮੁਖੀ ਲਿੱਪੀ ਨੂੰ ਵਿਸ਼ੇਸ਼ ਯਤਨਾ ਰਾਹੀਂ ਲੋਕਾਂ ਵਿੱਚ ਮਕਬੂਲ ਕੀਤਾ। ਇਸ ਪਿਛੇ ਮੁੱਖ ਮਕਸਦ ਕੌਮੀ ਜਜ਼ਬੇ ਦੀ ਭਾਵਨਾ ਨੂੰ ਪ੍ਰਬਲ ਕਰਨਾ ਸੀ। ਇਸ ਰਾਹੀਂ ਆਮ ਜਨਤਾ ਦੇ ਜਜ਼ਬੇ ਨੂੰ ਵਿਚਾਰਾਂ ਅਤੇ ਆਦਰਸ਼ਾਂ ਦੁਆਰਾ ਪੁਸ਼ਟੀ ਮਿਲੀ ਜਿਸ ਨਾਲ ਲੋਕਾਂ ਦੀ ਸੂਝ ਵਿੱਚ ਵਾਧਾ ਹੋਇਆ। ਜਨਤਾ ਅੰਦਰ ਨਵੀਆਂ ਸ਼ਕਤੀਆਂ ਦਾ ਅਹਿਸਾਸ ਪੈਦਾ ਹੋਇਆ ਅਤੇ ਗੁਰੂ ਸਾਹਿਬਾਨ ਨੇ ਵਿਦਿਆ ਪਾ੍ਪਤੀ ਤੇ ਜ਼ੋਰ ਦਿੱਤਾ। ਗੁਰੂ ਸਾਹਿਬਾਨ ਨੇ ਗਿਆਨ ਵਿਹੁਣੇ ਮਨੁੱਖ ਦੀ ਤੁਲਨਾ ਖੂਹ ਦੇ ਡੱਡੂ ਨਾਲ ਕੀਤੀ ਹੈ:

ਕੂਪੁ ਭਰਿਓ ਜੈਸੇ ਦਾਦਿਰਾ॥
ਕਛੁ ਦੇਸੁ ਵਿਦੇਸੁ ਨ ਬੂਝ॥
ਐਸੇ ਮੇਰਾ ਮਨ ਬਿਖਿਆ॥
ਬਿਮੋਹਿਆ ਕਛੁ ਆਰ ਪਾਰੁ ਨਾ ਸੂਝ॥[133]
ਤੁਰਕ  ਤਰੀਕਤਿ ਜਾਨੀਐ॥
ਹਿੰਦੂ ਬੇਦ ਪੁਰਾਨ॥
ਮਨ ਸਮਝਾਵਨ ਕਾਰਨੇ॥
ਕਛੂਅ ਪੜੀਐ ਗਿਆਨ॥[134]

ਲੋਕ ਭਾਸ਼ਾ ਦੇ ਪ੍ਰਚਲਨ ਪਿਛੇ ਗੁਰੂ ਸਾਹਿਬਾਨ ਦਾ ਮਕਸਦ ਪੰਜਾਬੀ ਭਾਸ਼ਾ ਦਾ ਸੰਸਕ੍ਰਿਤ ਭਾਸ਼ਾ ਦੇ ਸਮਾਂਤਰ ਅਜਿਹੀ ਭਾਸ਼ਾ ਵਿੱਚ ਗ੍ਰੰਥ ਰਚਣ ਤੇ ਆਦਰ ਮਾਣ ਵਿੱਚ ਵਾਧਾ

ਕਰਨਾ ਸੀ ਜਿਸ ਨਾਲ ਪੰਜਾਬੀ ਭਾਸ਼ਾ ਵਿੱਚ ਲੋਕ ਆਪਣੀ ਰੱਬੀ ਇਬਾਰਤ ਕਰ ਸਕਣ। ਵਿਦਿਆ ਪ੍ਰਤੀ ਗੁਰੂ ਸਾਹਿਬਾਨ ਦਾ ਵਿਚਾਰ ਹੈ:

ਵਿਦਿਆ ਵੀਚਾਰੀ ਤਾਂ ਪਰਉਪਕਾਰੀ।।[135]

ਗੁਰਪਰਸਾਦੀ ਵਿਦਿਆ ਵੀਚਾਰੈ।।

ਪੜ ਪੜ ਪਾਵੈ ਮਾਣੁ।।[136]

ਇਸ ਪ੍ਰਕਾਰ ਜਾਤ ਪਾਤ ਨਾਲ ਖੰਡਿਤ ਹੋਏ ਕਰਮਕਾਂਡਾਂ ਨਾਲ ਦੂਸ਼ਿਤ ਹੋਏ ਤੇ ਧਾਰਮਿਕ ਅਤੇ ਇਸਲਾਮੀ ਹਕੂਮਤ ਦੇ ਜ਼ੁਲਮ ਨਾਲ ਪੀੜਿਤ ਹੋਏ ਸਿਆਸੀ ਮਾਹੌਲ ਵਿੱਚ ਗੁਰੂ ਸਾਹਿਬਾਨ ਨੇ ਭਾਰਤੀ ਸੱਭਿਆਚਾਰ ਨੂੰ ਨਵ ਸੁਰਜੀਤ ਕੀਤਾ ਅਤੇ ਇਸ ਨੂੰ ਪੁਨਰ ਜਗ੍ਰਿਤੀ ਦੇ ਰਾਹ ਤੋਰਿਆ। ਭਾਸ਼ਾ ਦੀ ਗੁਲਾਮੀ ਤੋਂ ਮੁਕਤ ਕਰਨ ਲਈ ਗੁਰੂ ਸਾਹਿਬਾਨ ਨੇ ਪੰਜਾਬੀ ਵਿੱਚ ਲਿਖਣ ਪੜ੍ਹਨ ਤੇ ਗਿਆਨ ਪ੍ਰਾਪਤੀ ਤੇ ਜ਼ੋਰ ਦਿੱਤਾ। ਮੁਕਦੀ ਗੱਲ ਇਹ ਸੀ ਕਿ ਸਮਾਜ ਵਿਚ ਸੱਭਿਆਚਾਰਕ ਤੌਰ ਤੇ ਨਵੀਆਂ ਕੀਮਤਾਂ ਤੇ ਮੁੱਲਾਂ ਦਾ ਨਿਰਮਾਣ ਕਰਨ ਵਿਚ ਗੁਰੂ ਸਾਹਿਬਾਨਾ ਨੇ ਬਹੁਤ ਵੱਡੀ ਭੂਮਿਕਾ ਨਿਭਾਈ। ਗੁਰੂ ਸਾਹਿਬਾਨਾ ਨੇ ਆਪਣੇ ਸਮੇਂ ਦੀਆਂ ਸਮਕਾਲੀਨ ਸਥਿਤੀਆਂ ਪ੍ਰਤੀ ਨਾਬਰੀ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ ਹੈ ਕਿਉਂਕਿ ਉਸ ਸਮੇਂ ਭਾਰਤੀ ਸਮਾਜ ਵਿਚ ਅਜਿਹਾ ਮਾਹੌਲ ਪੈਦਾ ਹੋ ਗਿਆ ਸੀ ਜਿਸਨੇ ਭਾਰਤੀ ਜਨਤਾ ਨੂੰ ਸਮਾਜਿਕ ਅਤੇ ਧਾਰਮਿਕ ਤੌਰ ਤੇ ਸਵੈਮਾਣ ਤੋਂ ਹੇਠਾਂ ਸੁੱਟ ਦਿੱਤਾ ਸੀ ਅਤੇ ਜਨਤਾ ਇਸਲਾਮੀ ਅਧੀਨਗੀ ਅਤੇ ਹੀਣਤਾ ਦੇ ਵਿਚ ਜੀਉਣ ਲਈ ਮਜਬੂਰ ਸੀ। ਗੁਰੂ ਸਾਹਿਬਾਨਾ ਨੇ ਬਾਦਸ਼ਾਹਾਂ ਦੀਆਂ ਵਧੀਕੀਆਂ, ਅਤਿਆਚਰੀ ਨੀਤੀਆਂ ਅਤੇ ਜਨਤਾ ਨੂੰ ਗੁਲਾਮ ਬਣਾਉਣ ਦੀਆਂ ਚਾਲਾਂ ਦਾ ਡੱਟ ਕੇ ਨਾਬਰੀ ਰਾਹੀਂ ਵਿਰੋਧ ਕੀਤਾ। ਇਸ ਵਿਰੋਧ ਦੇ ਸਿੱਟੇ ਵਜੋਂ ਭਾਰਤੀ ਜਨਤਾ ਵਿਚ ਇਕ ਨਵੀਂ ਚੇਤਨਾ ਜਾਗੀ ਜੋ ਸਿੱਖ ਸਿਧਾਂਤਾਂ ਅਤੇ ਵਿਚਾਰਧਾਰਾ ਦੀ ਸਮਾਜ ਨੂੰ ਸਭ ਤੋਂ ਵੱਡੀ ਦੇਣ ਹੈ।

## 3.3 ਸਮਕਾਲੀਨ ਸਥਿਤੀਆਂ ਪ੍ਰਤੀ ਨਾਬਰੀ ਸਮਾਜਿਕ ਅਤੇ ਧਾਰਮਿਕ ਸਵੈਮਾਣ ਦੀ ਬਹਾਲੀ।

ਨਾਬਰ ਲਤੀਨੀ ਭਾਸ਼ਾ ਦੇ ਸ਼ਬਦ "Bellum" ਦਾ ਪੰਜਾਬੀ ਰੂਪ ਹੈ। ਇਸ ਦਾ ਅਰਥ ਹੈ ਵਾਰ ਕਰਨਾ। ਨਾਬਰ ਸ਼ਬਦ ਦਾ ਵਿਸਤਾਰ 'rebel' ਸ਼ਬਦ ਤੋਂ ਹੋਇਆ ਜਿਸ ਦਾ ਅਰਥ ਹੈ:

A person who rises in opposition or armed resistance against an Established Govt. or leader.

ਇਸ ਪ੍ਰਕਾਰ ਨਾਬਰ ਕਿਸੇ ਦੇ ਵਿਰੋਧ ਵਿੱਚ ਖੜੇ ਹੋਣਾ ਹੈ ਜਾਂ ਕਿਸੇ ਸਰਕਾਰ ਜਾਂ ਆਗੂ ਦੇ ਪ੍ਰਤੀ ਫੌਜੀ ਪੱਧਰ ਤੇ ਪ੍ਰਤੀਰੋਧ ਪ੍ਰਗਟਾਉਣ ਦੀ ਪ੍ਰਕ੍ਰਿਆ ਹੈ। ਇਸ ਤਰ੍ਹਾਂ ਨਾਬਰੀ ਸ਼ਬਦ ਪ੍ਰਤੀਰੋਧ ਦੇ ਅਰਥਾਂ ਵਿੱਚ ਆਉਣ ਵਾਲਾ ਸੰਕਲਪ ਹੈ ਜੋ ਵਿਦਰੋਹ ਅਤੇ ਵਿਰੋਧ ਦੇ ਅੰਤਰਗਤ ਵਿਚਰਦਾ ਹੈ। ਨਾਬਰੀ ਦਾ ਵਰਤਾਰਾ ਸਾਰੀ ਸ੍ਰਿਸ਼ਟੀ ਦੇ ਮੂਲ ਵਿੱਚ ਵਿਚਰਦਾ ਹੈ। ਮਨੁੱਖੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਜਿਵੇ ਨੇਕੀ ਅਤੇ ਬਦੀ ਵਿਚ, ਜੀਵਨ ਅਤੇ ਮੌਤ ਵਿੱਚ ਚੰਗਿਆਈ ਅਤੇ ਬੁਰਾਈ ਵਿੱਚ। ਨਾਬਰੀ ਦਾ ਵਰਤਾਰਾ ਮਨੁੱਖੀ ਸੰਘਰਸ਼ ਦੀ ਚੇਤਨਾ ਹੈ ਉਹ ਚਾਹੇ ਵਿਅਕਤੀਗਤ ਪੱਧਰ ਉੱਤੇ ਹੋਵੇ ਜਾਂ ਸਮੂਹਿਕ ਪੱਧਰ ਉਪਰ। ਨਾਬਰੀ ਸਥਾਪਿਤ ਹੋ ਚੁੱਕੇ ਪ੍ਰਤੀਮਾਨਾਂ ਦੀ ਸਵਕ੍ਰਿਤੀ ਪ੍ਰਤੀ ਵਿਦਰੋਹ ਦੀ ਭਾਵਨਾ ਹੈ। ਨਾਬਰੀ ਰਾਹੀਂ ਕੋਈ ਵਿਅਕਤੀ ਜਾਂ ਸਮੂਹ ਆਪਣੇ ਮੌਲਿਕ ਸੁਤੰਤਰ ਅਸਤਿਤਵ ਜਾਂ ਹੋਂਦ ਨੂੰ ਪਹਿਲ ਦਿੰਦਾ ਹੈ। ਆਪਣੀ ਸੁਤੰਤਰ ਦ੍ਰਿਸ਼ਟੀ ਦੀ ਪ੍ਰੋੜਤਾ ਕਰਵਾਉਂਦਾ ਹੈ ਅਤੇ ਪਰੰਪਰਾ ਦੀਆਂ ਕੀਮਤਾਂ, ਪਾਖੰਡਾਂ ਅਤੇ ਦੰਭ ਨੂੰ ਅਸਵੀਕਾਰ ਕਰਦਾ ਹੋਇਆ ਵਿਦਰੋਹੀ ਸੁਰ ਬੁਲੰਦ ਕਰਦਾ ਹੈ।

ਸਿੱਖ ਵਿਚਾਰਧਾਰਾ ਪਰੰਪਰਾ ਵਿੱਚ ਨਾਬਰੀ ਦੀ ਭਾਵਨਾ ਬਾਰੇ ਗੱਲ ਕਰਨ ਤੋਂ ਪਹਿਲਾਂ ਇਸ ਦੇ ਪਿਛੋਕੜ ਤੇ ਚਰਚਾ ਕਰ ਲੈਣੀ ਜ਼ਰੂਰੀ ਹੈ। ਸਥਾਪਤੀ ਪ੍ਰਤੀ ਵਿਦਰੋਹ ਜਾਂ ਨਾਬਰੀ ਦੇ ਚੇਤਨਾ ਦੇ ਅੰਸ਼ ਸਭ ਤੋਂ ਪਹਿਲਾਂ ਲੋਕ ਸਾਹਿਤ ਵਿੱਚ ਮਿਲਦੇ ਹਨ। ਲੋਕ ਕਥਾਵਾਂ ਅਤੇ ਲੋਕ ਗੀਤਾਂ ਵਿੱਚ ਨਾਬਰੀ ਦੀ ਗੱਲ ਜ਼ਿਆਦਾ ਉਭਰ ਕੇ ਸਾਹਮਣੇ ਆਉਂਦੀ ਹੈ। ਲੋਕ ਕਥਾਵਾਂ ਦੀਆਂ ਕਥਾਨਕ ਰੂੜੀਆਂ ਵਿੱਚ ਨੇਕੀ ਅਤੇ ਬਦੀ ਦਾ ਸੰਬੰਧ ਨਾਬਰੀ ਦੀ ਭਾਵਨਾ ਅਧੀਨ ਜੁੜਿਆ ਰਿਹਾ ਹੈ। ਹਰਣਾਖਸ਼ ਦੀ ਮਿੱਥ ਤੇ ਲਵ ਕੁਸ਼ ਦੀ ਵਾਰ ਦਾ ਵਿਸ਼ਾ ਨੈਤਿਕ ਪੱਧਰ ਦੇ

ਵਿਦਰੋਹ ਅਤੇ ਨਾਬਰੀ ਦਾ ਹੈ। ਇਹਨਾ ਕਥਾਵਾਂ, ਮਿੱਥਾਂ ਅਤੇ ਵਾਰਾਂ ਦੇ ਨਾਇਕ ਮਨੁੱਖੀ ਵਿਕਾਸ ਅਤੇ ਸੱਚ ਪੱਖੀ ਹਾਂ ਮੁਖੀ ਹੁੰਗਾਰਾ ਭਰਦੇ ਗਲ਼ਤ ਵਿਚਾਰਾਂ ਅਤੇ ਕਦਰਾਂ- ਕੀਮਤਾਂ ਦਾ ਸਖ਼ਤ ਵਿਰੋਧ ਕਰਦੇ ਹਨ। ਇਹ ਨਾਇਕ ਨਾਬਰੀ ਪ੍ਰਗਟ ਕਰਦੇ ਹੋਏ ਹੱਕ ਸੱਚ ਦੀ ਰਾਖੀ ਲਈ ਲੜ ਮਰਨ ਲਈ ਤਿਆਰ ਰਹਿੰਦੇ ਹਨ।

ਨਾਬਰੀ ਦੀ ਭਾਵਨਾ ਪੰਜਾਬੀਆਂ ਦੇ ਸੁਭਾਅ ਵਿੱਚ ਵਸੀ ਹੋਈ ਹੈ ਜਿਸ ਦਾ ਕਾਰਨ ਇਤਿਹਾਸਕ ਸੱਚ ਰਿਹਾ ਹੈ। ਸਮੇਂ ਸਮੇਂ ਬਾਹਰਲੇ ਹਮਲਾਵਾਰਾਂ ਅਤੇ ਧਾੜਵੀਆਂ ਨੇ ਪੰਜਾਬ ਨੂੰ ਲਤਾੜਿਆ ਹੈ। ਆਪਣੀ ਹੋਂਦ ਨੂੰ ਬਚਾਉਣ ਲਈ ਪੰਜਾਬੀਆਂ ਨੇ ਸਿਰ-ਧੜ ਦੀ ਬਾਜ਼ੀ ਲਗਾਈ ਹੈ। ਪੰਜਾਬੀ ਤੇ ਸਿੱਖ ਕੌਮ ਵਿਚ ਨਾਬਰੀ ਦੇ ਅੰਸ਼ ਵਿਦਮਾਨ ਹੋਣ ਕਾਰਨ ਹੀ ਇਸ ਕੌਮ ਵਿਚੋਂ ਸੂਰਮੇ ਅਤੇ ਸ਼ਹੀਦ ਪੈਦਾ ਹੋਏ ਹਨ। ਪੰਜਾਬੀ ਜ਼ਿਹਨ ਨਾਬਰਾਂ ਨੂੰ ਪਿਆਰ ਕਰਨ ਵਾਲਾ ਹੈ। ਸੂਰਮਾ ਅਤੇ ਸ਼ਹੀਦ ਸ਼ਬਦ ਪੰਜਾਬੀ ਅਵਚੇਤਨ ਵਿੱਚ ਖੁਣੇ ਹੋਏ ਹਨ। ਸ਼ਹੀਦੀ ਦਾ ਰੁਮਾਂਸ ਸਾਡੀ ਲੋਕਧਾਰਾ ਦਾ ਕੇਂਦਰੀ ਸੂਤਰ ਹੈ। ਸੂਰਮਾ ਅਤੇ ਸ਼ਹੀਦ ਸਾਡੀਆਂ ਕਥਾ-ਕਹਾਣੀਆਂ ਵਿੱਚ ਵਾਰ-ਵਾਰ ਸਿਰ ਕੱਢਦੇ ਹਨ। ਪੰਜਾਬੀ ਲੋਕ-ਕਾਵਿ ਅਤੇ ਮੱਧਕਾਲੀ ਸਾਹਿਤ ਵਿੱਚ ਸੱਤਾ/ਭਗਤਾਂ ਅਤੇ ਆਸ਼ਕਾਂ ਨੂੰ ਨਾਬਰਾਂ ਵਜੋਂ ਚਿਤਵਿਆ ਗਿਆ ਹੈ।[137]

ਸਿੱਖ ਵਿਚਾਰਧਾਰਾ ਪਰੰਪਰਾ ਦੇ ਪਿਛੋਕੜ ਵਿੱਚ ਮੱਧਕਾਲੀ ਇਤਿਹਾਸਕ ਸਥਿਤੀਆਂ ਦਾ ਸੱਚ ਜ਼ਿੰਮੇਵਾਰ ਹੈ। ਇਹ ਸਮਾਂ ਰਾਜਸੀ, ਸਮਾਜਿਕ, ਧਾਰਮਿਕ, ਸੱਭਿਆਚਾਰਕ ਤੌਰ ਤੇ ਜੁਗਗਰਦੀ ਦਾ ਰਿਹਾ ਹੈ। ਹਿੰਦੂਸ਼ਾਹੀ ਦਾ ਖਾਤਮਾ ਅਤੇ ਇਸਲਾਮੀ ਰਾਜ ਦਾ ਪੱਕੇ ਹੋਣਾ ਭਾਰਤੀਆਂ ਅਤੇ ਪੰਜਾਬੀਆਂ ਲਈ ਹਾਨੀਕਾਰਕ ਸਿੱਧ ਹੋਇਆ। 983 ਈ: ਵਿੱਚ ਅਮੀਰ ਸੁਬਕਤਗੀਨ ਨੇ ਪੰਜਾਬ ਵਿੱਚ ਹੱਲੇ ਸ਼ੁਰੂ ਕਰ ਦਿੱਤੇ। ਮਹਿਮੂਦ ਗਜ਼ਨਵੀ ਦੇ 1001 ਵਿੱਚ ਹੱਲੇ ਨਾਲ ਰਾਜਾ ਜੈ ਪਾਲ ਯੁੱਧ ਵਿੱਚ ਹਾਰ ਗਿਆ ਅਤੇ ਉਸ ਦੀ ਮੌਤ ਹੋ ਗਈ। ਇਸ ਤਰ੍ਹਾਂ ਮੁਸਲਮਾਨੀ ਹਕੂਮਤ ਦੀ ਸ਼ੁਰੂਆਤ ਹੋ ਗਈ। ਇਸ ਹਕੂਮਤ ਨੇ ਰਾਜਸੀ ਅਤੇ ਸਮਾਜਿਕ ਪੱਧਰ ਤੇ ਸਥਾਪਤੀ ਲਈ ਹਰ ਯੋਗ-ਅਯੋਗ ਹੀਲਾ ਵਰਤਿਆ ਮੰਦਿਰ ਢਾਹੇ ਗਏ, ਅਤੇ ਉਨ੍ਹਾਂ ਦੀ ਜਗ੍ਹਾ ਤੇ ਮਸੀਤਾਂ ਉਸਾਰੀਆਂ ਗਈਆਂ। ਬੁੱਤ ਪੂਜਾ ਦੀ ਜਗ੍ਹਾ ਇਸਲਾਮੀ ਰਹੁ ਰੀਤਾਂ ਅਤੇ

ਇਸਲਾਮੀ ਸੱਭਿਆਚਾਰ ਦੀ ਸਥਾਪਤੀ ਕੀਤੀ ਗਈ। ਇਹ ਸਮਾਂ ਭਾਰਤੀਆਂ ਅਤੇ ਪੰਜਾਬੀਆਂ ਲਈ ਅਸ਼ਾਂਤੀ ਅਤੇ ਹਾਹਾਕਾਰਾਂ ਦਾ ਸਮਾਂ ਸੀ। ਇਸਲਾਮੀ ਸੱਭਿਆਚਾਰ ਦੀ ਸਥਾਪਤੀ ਤੋਂ, ਇਲਾਵਾ ਭਾਰਤੀਆਂ ਦੀ ਆਪਣੀ ਵਰਣ-ਵੰਡ ਅਤੇ ਜਾਤ-ਪਾਤ ਦੇ ਜਟਿਲ ਸਿਸਟਮ ਨੇ ਸਮਾਜੀ ਬਣਤਰ ਨੂੰ ਗੁੰਝਲਦਾਰ ਬਣਾ ਦਿੱਤਾ। ਮਨੁੱਖਤਾ ਕਈ ਤਰ੍ਹਾਂ ਦੇ ਦਵੰਦ ਦਾ ਸ਼ਿਕਾਰ ਹੋ ਗਈ। ਅਸ਼ਾਂਤੀ ਅਤੇ ਅਨੈਤਿਕਤਾ ਦਾ ਬੋਲਬਾਲਾ, ਗਲਤ ਪਰੰਪਰਾਵਾਂ, ਰੂੜੀਆਂ ਅਤੇ ਗਲਤ ਵਿਸ਼ਵਾਸਾਂ ਨੇ ਮਨੁੱਖਤਾ ਦੇ ਵਿਕਾਸ ਨੂੰ ਰੋਕ ਦਿੱਤਾ। ਇਸ ਪ੍ਰਕਾਰ ਇਹਨਾਂ ਪ੍ਰਸਥਿਤੀਆਂ ਵਿੱਚ ਸਮਾਜ ਦੀਆਂ ਜਾਬਰ ਅਤੇ ਦਮਨਕਾਰੀ ਸ਼ਕਤੀਆਂ ਵਿਰੁੱਧ ਅਵਾਜ਼ ਦਾ ਬੁਲੰਦ ਹੋਣਾ ਸਮੇਂ ਦੀ ਲੋੜ ਬਣ ਗਈ ਸੀ ਕਿ ਸਮਾਜ ਵਿੱਚ ਪ੍ਰਚਲਤ ਬੋਦੀਆਂ ਕੀਮਤਾਂ ਦੀ ਨਿਖੇਧੀ ਅਤੇ ਖੰਡਨ ਕੀਤਾ ਜਾਦਾ। ਰਾਜਸੀ ਅਤੇ ਧਾਰਮਿਕ ਸ਼ਕਤੀਆਂ ਹੇਠਾਂ ਪਲ਼ ਰਹੇ ਦਮਨ ਨੂੰ ਰੋਕਿਆ ਜਾਂਦਾ।

ਨਾਬਰੀ ਦੀ ਭਾਵਨਾ ਨੂੰ ਪ੍ਰਗਟਾਉਣ ਲਈ ਸਭ ਤੋਂ ਪਹਿਲਾਂ ਭਗਤਾਂ ਨੇ ਪਹਿਲ ਕੀਤੀ। ਇਹਨਾਂ ਭਗਤਾਂ ਨੇ ਵੱਖ-ਵੱਖ ਜਾਤਾਂ ਧਰਮਾਂ ਅਤੇ ਵੱਖ-ਵੱਖ ਮੱਤਾਂ ਨੂੰ ਅਪਣਾਉਂਦੇ ਹੋਏ ਵੀ ਮਨੁੱਖਤਾ ਦੀ ਸਾਂਝ ਨੂੰ ਪਹਿਲ ਦਿੱਤੀ। ਇਕਜੁੱਟ ਹੋ ਕੇ ਮਨੁੱਖੀ ਵਿਕਾਸ ਦੇ ਰਾਹ ਵਿੱਚ ਰੁਕਾਵਟ ਬਣਨ ਵਾਲੀਆਂ ਸ਼ਕਤੀਆਂ ਦਾ ਵਿਰੋਧ ਕੀਤਾ। ਭਗਤਾਂ ਦੇ ਵਿਚਾਰਾਂ ਵਿੱਚ ਅੰਤਾਂ ਦੀ ਤੀਬਰਤਾ, ਵੇਗ, ਤਪਸ਼ ਅਤੇ ਪ੍ਰਬਲ ਹੂਕ ਉਠਦੀ ਹੈ ਕਿ ਉਹ ਨਿਸ਼ੰਗ ਤੇ ਨਿਡਰ ਹੋ ਕੇ ਆਪਣੇ ਸਮੇਂ ਦੀ ਹਾਕਮਾਂ ਤੇ ਸੱਤਾਧਾਰੀਆਂ ਵਿਰੁੱਧ ਵਿਚਾਰਾਤਮਕ ਹਥਿਆਰ ਤੇ ਮੌਖਿਕ ਬਾਣੀ ਰਾਹੀਂ ਪਰਿਵਰਤਨ ਲਿਆਉਣ ਲਈ ਉਠ ਖੜਦੇ ਹਨ।[138]

ਭਗਤ ਬਾਣੀ ਵਿੱਚ ਸਭ ਤੋਂ ਟਕਰਾਵੀਂ ਸੁਰ ਭਗਤ ਕਬੀਰ ਜੀ ਦੀ ਹੈ। ਭਗਤ ਕਬੀਰ ਨੇ ਸਾਮੰਤੀ ਵੰਡ ਅਤੇ ਵਰਣ ਵਿਵਸਥਾ ਅਤੇ ਸ਼ਾਹੀ ਵਰਗ ਦੇ ਹਿੱਤ ਵਿੱਚ ਭੁਗਤਣ ਵਾਲੀ ਵਿਚਾਰਧਾਰਾ ਨੂੰ ਨੱਥ ਪਾਉਂਦਿਆਂ ਪ੍ਰਬੰਧ ਨੂੰ ਮੂਲੋਂ ਹੀ ਨਕਾਰਿਆ ਹੈ। ਉਹਨਾਂ ਪੁਰੋਹਿਤਾਂ ਦੀ ਕਰੜੀ ਅਲੋਚਨਾ ਕੀਤੀ ਜੋ ਆਪਣੇ ਸਵਾਰਥ ਹਿੱਤ ਕੁਲੀਨ ਵਰਗ ਦੇ ਹਿੱਤ ਵਿੱਚ ਨਿਭਦੇ ਹਨ। ਭਗਤ ਕਬੀਰ ਨੇ ਸੁੱਖ-ਸਾਧਨ ਅਤੇ ਧਨ-ਦੌਲਤ ਦੀ ਹੋੜ ਵਿੱਚ ਗਰੀਬ ਲੋਕਾਂ ਉਤੇ ਅੱਤਿਆਚਾਰ ਕਰਨ ਅਤੇ ਦਮਨ ਦਾ ਪ੍ਰਬੰਧ ਉਸਾਰਨ ਵਾਲੀ ਵਿਚਾਰਧਾਰਾ ਦਾ ਖੰਡਨ ਕੀਤਾ

ਹੈ। ਪੁਰੋਹਿਤ ਦੀ ਚਤੁਰਾਈ ਅਤੇ ਸੱਤਾ ਦੇ ਨਸ਼ੇ ਵਿੱਚ ਚੂਰ ਸ਼ਾਸਕਾਂ ਨੂੰ ਭੰਡਦਿਆਂ ਮਾਨਵੀ ਹਿੱਤਾਂ ਨੂੰ ਉਸਾਰਨ ਵਾਲੀ ਵਿਚਾਰਧਾਰਾ ਦੀ ਉਸਾਰੀ ਕੀਤੀ ਗਈ ਹੈ। ਆਮ ਮਨੁੱਖਾਂ ਦੇ ਹਿੱਤਾਂ ਦੀ ਗੱਲ ਕਰਦਿਆਂ ਮਨੁੱਖੀ ਬਰਾਬਰੀ, ਸਮਾਜਿਕ ਨਿਆਂ ਅਤੇ ਰਾਜਸੀ ਸੁਤੰਤਰਤਾ ਦਾ ਵਿਧਾਨ ਸਿਰਜਿਆ ਗਿਆ ਹੈ। ਬ੍ਰਾਹਮਣਵਾਦੀ ਵਿਧਾਨ ਨੂੰ ਰੱਦ ਕਰਦਿਆਂ ਸਭ ਲਈ ਸਨਮਾਨ ਅਤੇ ਸਤਿਕਾਰ ਵਾਲੀ ਦ੍ਰਿਸ਼ਟੀ ਅਪਣਾਈ ਗਈ ਹੈ। ਲੋਕ ਪੱਖੀ ਵਿਚਾਰਧਾਰਾ ਦੀ ਉਸਾਰੀ ਕਰਦਿਆਂ ਪਰਮਾਤਮਾ ਦੀ ਸਭ ਲਈ ਕਿਰਪਾ ਦ੍ਰਿਸ਼ਟੀ ਦਾ ਸੰਕਲਪ ਸਥਾਪਿਤ ਕਰਦਿਆਂ ਕਰਮਕਾਂਡ ਨੂੰ ਭੰਡਿਆ ਹੈ। ਛੂਤ-ਛਾਤ ਨੂੰ ਘਟੀਆ ਮਨੁੱਖੀ ਵਰਤਾਰਾ ਸਥਾਪਿਤ ਕਰਦਿਆਂ ਸਮਾਨਤਾਵਾਦੀ ਵਿਚਾਰਧਾਰਾ ਦੀ ਉਸਾਰੀ ਕੀਤੀ ਗਈ ਹੈ। ਡਾ: ਸੁਖਦੇਵ ਸਿੰਘ ਕਬੀਰ ਸ਼ਬਦ ਨੂੰ ਨਾਬਰੀ ਦਾ ਪ੍ਰਤੀਕ ਮੰਨਦੇ ਕਹਿੰਦੇ ਹਨ:

> ਮਨੁੱਖ ਦੇ ਦਮਨ ਅਤੇ ਅਪਮਾਨ ਦੇ ਖਿਲਾਫ਼ 'ਕਬੀਰ' ਇਕ ਆਕ੍ਰਮਣ ਸ਼ਬਦ ਹੈ। ਇਸ ਸ਼ਬਦ ਦੇ ਅਰਥ ਵਿੱਚ ਕਿਸੇ ਨੂੰ ਕੋਈ ਸ਼ੱਕ ਨਹੀਂ ਸੱਚ ਦੇ ਬਲ ਤੇ ਜਦ ਕੋਈ ਸੁਰ, ਜਦ ਕੋਈ ਵਿਦਰੋਹ, ਜਦ ਕੋਈ ਨਿਰਭੈ ਅਵਾਜ਼ ਕਾਰਜਸ਼ੀਲ ਹੁੰਦੀ ਹੈ ਤਾਂ ਉਹ ਕਬੀਰ ਸ਼ਬਦ ਦੇ ਅੰਦਰ ਹੁੰਦੀ ਹੈ। ਕਬੀਰ ਇਕ ਅਜਿਹਾ ਸ਼ਬਦ ਹੈ ਜਿਹੜਾ ਗੈਰਬਰਾਬਰੀ ਦੇ ਖਿਲਾਫ਼ ਲੜਾਈ ਅਤੇ ਇਨਸਾਨੀਅਤ ਦੇ ਖਾਬਾਂ ਨਾਲ ਲਾਜ਼ਮੀ ਤੌਰ ਤੇ ਜੁੜ ਚੁੱਕਾ ਹੈ। ਕਬੀਰ ਮਨੁੱਖ ਦੀ ਵਿਜੈ ਯਾਤਰਾ ਦਾ ਝੰਡਾ ਹੈ।[139]

ਭਗਤ ਕਬੀਰ ਜੀ ਨੇ ਸਮਕਾਲੀਨ ਪ੍ਰਸਥਿਤੀਆਂ ਵਿਰੁੱਧ ਅਵਾਜ਼ ਬੁਲੰਦ ਕਰਦਿਆਂ ਬ੍ਰਾਹਮਣਵਾਦ ਪ੍ਰਤੀ ਤਿੱਖਾ ਰੋਸ ਪ੍ਰਗਟ ਕੀਤਾ ਹੈ। ਬ੍ਰਾਹਮਣਵਾਦ ਦੀ ਉੱਚਤਾ ਨੂੰ ਨਿਸ਼ਾਨਾ ਬਣਾਉਦਿਆਂ ਠੇਸ ਲਗਾਈ ਗਈ ਹੈ:

> ਕਹੁ ਰੇ ਪੰਡਿਤ ਬਾਮਨ ਕਬ ਤੇ ਹੋਏ॥
> ਬਾਮਨ ਕਹਿ ਕਹਿ ਜਨਮ ਮਤ ਖੋਏ॥
> ਜੌ ਤੂ ਬ੍ਰਾਹਮਣ ਬ੍ਰਾਹਮਣੀ ਜਾਇਆ॥

ਤਉ ਆਨ ਬਾਣ ਕਾਹੇ ਨਹੀਂ ਆਇਆ।।

ਤੁਮ ਕਤ ਬ੍ਰਾਹਮਣ, ਹਮ ਕਤ ਸੂਦ।।

ਹਮ ਕਤ ਲੋਹੂ ਤੁਮ ਕਤ ਦੂਧ।।[140]

ਭਗਤ ਕਵੀਆਂ ਅਤੇ ਗੁਰੂ ਸਾਹਿਬਾਨ ਨੇ ਮਨੁੱਖ ਜਾਤੀ ਨੂੰ ਇਕ ਇਕਾਈ ਦੇ ਰੂਪ ਵਿੱਚ ਵੇਖਦਿਆਂ ਇਹ ਨਿਸਚਿਤ ਕੀਤਾ ਹੈ ਕਿ ਸਾਰੀ ਸ੍ਰਿਸ਼ਟੀ ਵਿੱਚ ਮਨੁੱਖ ਨੂੰ ਹੀ ਸੋਚਣ ਸਮਝਣ ਅਤੇ ਵਿਚਾਰਣ ਦੀਆਂ ਸਾਰੀਆਂ ਸ਼ਕਤੀਆਂ ਪ੍ਰਾਪਤ ਹਨ । ਸੰਸਾਰ ਦਾ ਸੰਪੂਰਣ ਕਾਰਜ ਵਿਹਾਰ ਮਨੁੱਖੀ ਸ਼ਕਤੀ ਰਾਹੀਂ ਹੀ ਸੰਚਾਲਿਤ ਹੁੰਦਾ ਹੈ। ਗੁਰੂ ਸਾਹਿਬਾਨ ਅਤੇ ਭਗਤਾਂ ਨੇ ਮਨੁੱਖ ਬਾਰੇ ਇਸ ਨਿਰਣੇ ਦੇ ਅਧਾਰ ਤੇ ਸਾਰੀ ਸ੍ਰਿਸ਼ਟੀ ਦੇ ਸਰਬੋਤਮ ਜੀਵ ਨੂੰ ਕਿਸੇ ਇਲਾਕੇ ਜਾਤ-ਰੰਗ, ਧਰਮ, ਨਾਲ ਸਬੰਧਿਤ ਮਨੁੱਖ ਨਹੀਂ ਸਗੋਂ ਮਨੁੱਖ ਮਾਤਰ ਹੁੰਦਾ ਹੋਇਆ ਇਕ ਅਕਾਲ ਪੁਰਖ ਤੋਂ ਉਤਪੰਨ ਹੋਇਆ ਸਵੀਕਾਰ ਕੀਤਾ ਹੈ। ਮਨੁੱਖ ਇਕ ਮਾਨਵੀ ਇਕਾਈ ਹੈ ਅਤੇ ਜਿਸ ਨੂੰ ਕਿਸੇ ਖਾਸ ਜਾਤੀ ਅਤੇ ਧਰਮ ਜਾਂ ਸ਼ਕਤੀ ਦੁਆਰਾ ਦਬਾਇਆ ਨਹੀਂ ਜਾ ਸਕਦਾ ਤੇ ਉਸ ਉੱਤੇ ਦਮਨ ਨਹੀਂ ਕੀਤਾ ਜਾ ਸਕਦਾ। ਮੱਧਕਾਲ ਵਿੱਚ ਭਗਤ ਲੋਕਾਂ ਨੇ ਨਿਡਰਤਾ ਨਾਲ ਸਮਾਜਿਕ ਦਰਜੇ ਬੰਦੀਆਂ ਦਾ ਵਿਰੋਧ ਕਰਕੇ ਨਿਮਨ ਲੋਕਾਈ ਨੂੰ ਉਸ ਦੇ ਅਸਲ ਅਸਤਿਤਵ ਦੀ ਪਛਾਣ ਕਰਾਈ।[141] ਭਗਤਾਂ ਨੇ ਨੀਵੀਆਂ ਜਾਤਾਂ ਨਾਲ ਵਿਤਕਰੇ ਪ੍ਰਤੀ ਆਪਣੀ ਨਾਬਰੀ ਪ੍ਰਗਟ ਕਰਦਿਆਂ ਉੱਚ ਵਰਗ ਦੀ ਗਿਆਨਮੂਲਕ ਸਰਦਾਰੀ ਨੂੰ ਭੰਡਿਆ ਹੈ। ਭਗਤ ਨਾਮਦੇਵ ਜੀ ਆਪਣੇ ਉਪਰ ਹੁੰਦੇ ਜ਼ੁਲਮ ਅਤੇ ਦਮਨ ਪ੍ਰਤੀ ਆਪਣੀ ਨਾਬਰੀ ਬਾਰੇ ਵਿਚਾਰ ਪ੍ਰਗਟ ਕਰਦੇ ਹਨ:

ਸੂਦੁ ਸੂਦੁ ਕਰਿ ਮਾਰਿ ਉਠਾਲਿਓ।।

ਕਹਾ ਕਰਉ ਬਾਪ ਬਠਿਲ।।[142]

ਭਗਤਾਂ ਨੇ ਪਰਮਾਤਮਾ ਦੀ ਸਹੀ ਸ੍ਰੇਸ਼ਟਤਾ ਦੇ ਵਿਧਾਨ ਨੂੰ ਸਥਾਪਿਤ ਕਰਦਿਆਂ ਨੀਵੀਆਂ ਜਾਤਾਂ ਨਾਲ ਹੁੰਦੇ ਅਮਾਨਵੀ ਵਰਤਾਰੇ ਪ੍ਰਤੀ ਤਿੱਖਾ ਰੋਸ ਪ੍ਰਗਟ ਕੀਤਾ ਹੈ। ਨੀਵੀਆਂ

ਜਾਤਾਂ ਦੀ ਮਜ਼ਾਕ ਬਣੀ ਸ਼ਖਸੀਅਤ ਅਤੇ ਨੀਵੀਂ ਸਮਝੀ ਜਾਂਦੀ ਮੱਤ ਨੂੰ ਸਰਬ ਉੱਚ ਪਰਮਾਤਮਾ ਨਾਲ ਸਬੰਧਿਤ ਕੀਤਾ ਹੈ:

ਹੋਛੀ ਮਤ ਮੇਰੀ ਜਾਤ ਜੁਲਾਹਾ।।

ਹਰਿ ਕਾ ਨਾਮ ਲਹਿਓ ਹੈ ਲਾਹਾ।।[143]

ਜਾਤ ਜੁਲਾਹਾ ਮਤਿ ਕਾ ਧੀਰ।।

ਸਹਿਜ ਸਹਿਜ ਗੁਣ ਰਮੈ ਕਬੀਰ।।[144]

ਭਗਤ ਬੇਣੀ ਜੀ ਨੇ ਵੀ ਬ੍ਰਾਹਮਣ ਦੇ ਭ੍ਰਿਸ਼ਟ ਕਿਰਦਾਰ ਤੇ ਭਰਪੂਰ ਵਾਰ ਕਰਦਿਆਂ ਦੋਗਲੇ ਚਰਿੱਤਰ ਦਾ ਪ੍ਰਗਟਾਵਾ ਕੀਤਾ ਹੈ:

ਤਨਿ ਚੰਦਨ ਮਸਤਕ ਪਾਤੀ।।

ਰਿਦ ਅੰਤਰਿ ਕਰ ਤਲ ਕਾਤੀ।।

ਠਗ ਦਿਸਟਿ ਬਗਾ। ਲਿਵ ਲਗਾ।।

ਦੇਖਿ ਬੈਸਨੋ ਪ੍ਰਾਣ ਮੁਖ ਲਗਾ।।[145]

ਗੁਰੂ ਸਾਹਿਬਾਨ ਅਨੁਸਾਰ ਅਸਲੀ ਬ੍ਰਾਹਮਣ ਉਹ ਹੈ ਜੋ ਬ੍ਰਹਮ ਗਿਆਨੀ ਹੈ:

ਬ੍ਰਾਹਮਣ ਬ੍ਰਹਮ ਗਿਆਨ ਇਸਨਾਨਾ।।

ਹਰਿ ਗੁਣ ਪੂਜੇ ਪਾਤੀ।।[146]

ਭਗਤਾਂ ਅਤੇ ਗੁਰੂ ਸਾਹਿਬਾਨ ਨੇ ਵਿਚਾਰਧਰਾਈ ਪੱਧਰ ਤੇ ਉਹਨਾਂ ਵਿਧੀਆਂ ਪ੍ਰਤੀ ਨਾਬਰੀ ਪ੍ਰਗਟ ਕੀਤੀ ਹੈ ਜੋ ਆਮ ਮਨੁੱਖ ਨੂੰ ਭਰਮ ਭੁਲੇਖੇ ਵਿੱਚ ਪਾ ਕੇ ਚਲਾਕੀ ਨਾਲ ਆਪਣੇ ਹਿੱਤ ਵਿੱਚ ਵਰਤਦੇ ਹਨ ਭਗਤਾਂ ਅਤੇ ਗੁਰੂ ਸਾਹਿਬਾਨ ਨੇ ਸਮਕਾਲੀ ਅਤੇ ਪੂਰਵਕਾਲੀ ਵਿਵਸਥਾ ਪ੍ਰਤੀ ਛਾਣਬੀਣ ਦੀ ਦ੍ਰਿਸ਼ਟੀ ਰੱਖਦੇ ਹੋਏ ਵੇਦਾਂ, ਸ਼ਾਸਤਰਾਂ ਤੇ ਸਿਮਰਤੀਆਂ ਦਾ ਉਪਦੇਸ਼ ਦੇਣ ਵਾਲੀ ਵਿਧੀ ਪ੍ਰਤੀ ਨਾਬਰੀ ਪ੍ਰਗਟਾਈ ਹੈ ਜਿਸ ਦਾ ਉਦੇਸ਼ ਗਿਆਨ ਉਤਪੰਨ ਕਰਨਾ ਮੰਨਿਆ ਹੈ ਪਰ ਜੇ ਕੋਈ ਸ਼ਾਸ਼ਤਰ ਮਨੁੱਖ ਨੂੰ ਆਤਮਕ ਸੋਝੀ ਨਹੀਂ ਦਿੰਦਾ ਤਾਂ ਉਹ ਗਿਆਨ ਵਿਅਰਥ ਹੈ। ਜੋ ਗਿਆਨ ਮਨੁੱਖ ਨੂੰ ਮਾਇਆ ਦੇ ਬੰਧਨਾਂ ਤੋਂ ਮੁਕਤ ਨਹੀਂ ਕਰਦਾ

ਉਹ ਗਿਆਨ ਵਿਅਰਥ ਹੈ। ਮੱਧਕਾਲੀ ਸਨਾਤਨੀ ਗਿਆਨ ਵਿਧੀ ਸਿਰਫ ਕਿਤਾਬੀ ਗਿਆਨ ਤੱਕ ਸੀਮਤ ਹੈ ਅਤੇ ਪਖੰਡ ਤੋਂ ਸਿਵਾ ਕੁਝ ਨਹੀਂ। ਪੁਜਾਰੀ ਵਰਗ ਦਾ ਕਿਤਾਬੀ ਗਿਆਨ ਪਿੱਛੇ ਲਗਣਾ ਮਨੁੱਖ ਨੂੰ ਸੱਚ ਤੋਂ ਦੂਰ ਲੈ ਜਾਂਦਾ ਹੈ। ਇਸ ਪ੍ਰਕਾਰ ਪੁਰਾਤਨ ਸਨਾਤਨੀ ਗਿਆਨ ਵਿਧੀ ਮਨੁੱਖ ਨੂੰ ਸੱਚ ਤੋਂ ਦੂਰ ਲੈ ਜਾਂਦੀ ਹੈ ਅਤੇ ਨੈਤਿਕ ਜ਼ਿੰਮੇਵਾਰੀ ਤੋਂ ਮੁਕਤ ਹੈ। ਜੋ ਗਿਆਨ ਨੈਤਿਕ ਜ਼ਿੰਮੇਵਾਰੀ ਤੋਂ ਮੁਕਤ ਹੁੰਦਾ ਹੈ ਉਹ ਕਿਸੇ ਕੰਮ ਦਾ ਨਹੀਂ। ਗੁਰੂ ਸਾਹਿਬਾਨ ਨੇ ਅਜਿਹੇ ਵਰਗ ਨੂੰ 'ਅੰਧੇ ਅਕਲੀ ਬਾਹਰੇ' ਕਿਹਾ ਹੈ:

ਅੰਧੇ ਅਕਲੀ ਬਾਹਰੇ॥
ਕਿਆ ਤਿਨ ਸਿਉ ਕਹੀਐ॥
ਬਿਨ ਗੁਰ ਪੰਥ ਨ ਸੂਝਈ॥
ਕਿਤੁ ਬਿਧਿ ਨਿਰਬਹੀਐ ॥
ਖੋਟੇ ਕਉ ਖਰਾ ਕਹੈ॥ [147]

ਵੇਦਾਂ ਸ਼ਾਸਤਰਾਂ ਅਤੇ ਸਿਮਰਤੀਆਂ ਤੋਂ ਪ੍ਰਾਪਤ ਗਿਆਨ ਕਿਤਾਬੀ ਹੈ। ਇਸ ਗਿਆਨ ਨੂੰ ਜਿੰਨਾ ਚਿਰ ਮਨੁੱਖੀ ਅਨੁਭਵ ਦਾ ਹਿੱਸਾ ਨਾ ਬਣਾਇਆ ਜਾਵੇ ਤਾਂ ਉਹ ਨਿਰਾਰਥਕ ਰਹਿੰਦਾ ਹੈ । ਵੇਦਾਂ ਤੋਂ ਪ੍ਰਾਪਤ ਗਿਆਨ ਵਿੱਚ ਅਤੇ ਮਨੁੱਖੀ ਅਨੁਭਵ ਦੇ ਗਿਆਨ ਵਿੱਚ ਫ਼ਰਕ ਦਸਦਿਆਂ ਮਨੁੱਖੀ ਅਨੁਭਵ ਦੇ ਗਿਆਨ ਨੂੰ ਉੱਚ ਦੱਸਿਆ ਤੇ ਵਡਿਆਇਆ ਗਿਆ ਹੈ:

ਤੇਰਾ ਮੇਰਾ ਮਨੂਆ ਕੈਸੇ ਏਕ ਹੋਈਂ॥
ਮੈਂ ਕਹਿਤਾ ਹੂੰ ਆਂਖ ਦੇਖੀ॥
ਤੂੰ ਕਾਗਤ ਕੀ ਲੇਖੀ॥
ਮੈਂ ਕਹਿਤ ਸੁਝਾਵਣਹਾਰੀ॥
ਤੂੰ ਰਾਖਿਓ ਉਰਝਾਈ ਰੇ॥
ਮੈਂ ਕਹਿਤਾ ਨੂੰ ਜਾਗਤ ਰਹੀਓ॥
ਤੂੰ ਕਹਿਤਾ ਹੈ ਸੋਈ ਰੇ॥[148]

ਪੁਰਾਤਨ ਗਿਆਨ ਵਿਧੀ ਨੈਤਿਕ ਸਮਾਜਿਕ ਮੁੱਲਾਂ ਤੋਂ ਅਭਿੱਜ ਹੈ। ਭਗਤ ਜਨਾ ਅਤੇ ਗੁਰੂ ਸਾਹਿਬਾਨ ਨੇ ਵਿਚਾਰਧਰਾਈ ਪੱਧਰ ਤੇ ਇਸ ਪਰੰਪਰਾ ਪ੍ਰਤੀ ਨਾਬਰੀ ਪ੍ਰਗਟ ਕਰਦਿਆਂ ਇਸ ਨੂੰ ਨੈਤਿਕ ਸਮਾਜਿਕ ਮੁੱਲਾਂ ਨਾਲ ਜੋੜਿਆ ਹੈ ਮਨੁੱਖੀ ਜੀਵਨ ਵਿੱਚ ਭੋਗੇ ਗਏ ਸੱਚ ਨੂੰ ਪਹਿਲ ਦਿੰਦਿਆਂ ਉਸ ਨੂੰ ਪਛਾਨਣ ਤੇ ਜ਼ੋਰ ਦਿੱਤਾ ਹੈ। ਸਮੇਂ ਅਤੇ ਸਥਾਨ ਦਾ ਸੱਚ ਅਤੇ ਉਸ ਵਿੱਚ ਭੋਗੇ ਪਲਾਂ ਨੂੰ ਲੋਕਾਂ ਸਾਹਮਣੇ ਕਹਿਣ ਦੀ ਦਲੇਰੀ ਨੂੰ ਵਡਿਆਇਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਮੁਗਲ ਬਾਦਸ਼ਾਹ ਬਾਬਰ ਨੂੰ ਵੰਗਾਰ ਪਾ ਕੇ ਉਸ ਸਮੇਂ ਦੀਆਂ ਅਨਿਆਂ ਮੂਲਕ ਸਥਿਤੀਆਂ ਦੇ ਸੱਚ ਨੂੰ ਬਿਆਨ ਕੀਤਾ ਹੈ। ਗੁਰੂ ਨਾਨਕ ਦਾ ਬਾਬਰਬਾਣੀ ਦਾ ਪ੍ਰਵਚਨ ਆਪਣੇ ਆਪ ਵਿੱਚ ਅਧਿਆਤਮਕ ਪ੍ਰਵਿਤੀ ਨਾਲ ਸਬੰਧਿਤ ਹੁੰਦਾ ਹੋਇਆ ਇਤਿਹਾਸਕ ਸਮੇਂ ਸਥਾਨ ਵਿੱਚ ਵਾਪਰੇ ਅਨੁਭਵ ਤੇ ਦੁੱਖ ਨਾਲ ਸਬੰਧਿਤ ਹੋ ਕੇ ਸਮਕਾਲੀ ਵਿਵਸਥਾ ਨੂੰ ਵੰਗਾਰ ਹੈ।[149]

ਗੁਰੂ ਸਾਹਿਬਾਨ ਨੇ ਵੇਦਾਂ ਦੇ ਮੰਤਰਾਂ ਦੀ ਤੋਤਾ ਰਟਣੀ ਨੂੰ ਮਹੱਤਵ ਨਹੀਂ ਦਿੱਤਾ ਸਗੋਂ ਇਸ ਦੇ ਸਮਾਨਅੰਤਰ ਉਹਨਾਂ ਨੇ ਸ਼ਬਦ ਦੀ ਅਹਿਮੀਅਤ ਨੂੰ ਦੱਸਦਿਆਂ ਇਸ ਨੂੰ ਗਿਆਨ ਦਾ ਸੰਵਾਹਕ ਦੱਸਿਆ ਹੈ। ਗਿਆਨ ਦਾ ਸੰਵਾਹਕ ਹੋਣ ਕਾਰਨ ਇਹ ਬ੍ਰਹਮ ਦਾ ਦਰਜਾ ਪ੍ਰਾਪਤ ਕਰ ਲੈਂਦਾ ਹੈ ਅਤੇ ਮਨੁੱਖ ਨੂੰ ਆਤਮ-ਸੋਝੀ ਦਿੰਦਾ ਹੈ। ਆਤਮ ਵਿਸ਼ਵਾਸ਼ ਪੈਦਾ ਕਰਦਾ ਹੈ। ਆਤਮ ਸੋਝੀ ਅਤੇ ਗਿਆਨ ਤੋਂ ਸੱਖਣੀ ਤੋਤਾ ਰਟਣੀ ਕੇਵਲ ਇੱਕ ਬਿਰਹੜੇ ਤੋਂ ਸਿਵਾ ਕੁਝ ਨਹੀਂ ਹੈ। ਜੇਕਰ ਸ਼ਬਦ ਨੂੰ ਅਮਲੀ ਜੀਵਨ ਵਿੱਚ ਲਾਗੂ ਨਹੀਂ ਕੀਤਾ ਜਾਂਦਾ ਤਾਂ ਉਹ ਨਿਰਾਰਥਕ ਹੈ:

ਗਵਹੁ ਗੀਤ ਨ ਬਿਰਹੜਾ॥
ਨਾਨਕ ਬ੍ਰਹਮ ਬੀਚਾਰੋਂ॥[150]
ਲੋਗ ਜਾਨੈ ਇਹੁ ਗੀਤ ਹੈ॥
ਇਹੁ ਤਉ ਬ੍ਰਹਮ ਬੀਚਾਰ॥
ਜਿਉ ਕਾਸੀ ਉਪਦੇਸ ਹੋਇ॥
ਮਾਨਸ ਮਰਤੀ ਬਾਰ॥[151]

ਅਸਲੀ ਗਿਆਨ ਤੋਂ ਸੱਖਣੇ ਪੁਜਾਰੀ ਵਰਗ ਨੂੰ ਭੰਡਿਆ  ਹੈ।

ਇਕ ਜਾਣਹਿ ਕਹਿਆ ਬੁਝਹਿ॥
ਤੇ ਨਰ ਸੁਘੜ ਸਰੂਪ॥
ਇਕਨਾ ਨਾਦ ਨ ਬੇਦ ਨ ਗੀਅ ਰਸ॥
ਰਸ ਕਸ ਨ ਜਾਣੰਤਿ॥
ਇਹਨਾ ਸੁਧਿ ਨ ਬੁਧਿ ਨ ਅਕਲਿ ਸਰ॥
ਅਖਰ ਕਾ ਭੇਉ ਨ ਲਹੰਤਿ॥
ਨਾਨਕ ਸੇ ਨਰ ਅਸਲ ਖਰ॥
ਜਿ ਬਿਨੁ ਗੁਣ ਗਰਬੁ ਕਰੰਤਿ॥[152]
ਬਾਵਨ ਅਖਰ ਜੋਰੇ ਆਨਿ॥
ਸਕਿਆ ਨ ਅਖਰ ਏਕ ਪਛਾਨਿ॥
ਸਤ ਕਾ ਸਬਦੁ ਕਬੀਰਾ ਕਹੈ॥
ਪੰਡਿਤ ਹੋਇ ਸੁ ਅਨਭੈ ਰਹੈ॥
ਪੰਡਿਤ ਲੋਗਹੁ ਕਉ ਬਿਹੁਹਾਰ॥
ਗਿਆਨਵੰਤ ਕਉ ਤਤ ਬੀਚਾਰ॥
ਜਾ ਕੈ ਜੀਅ ਜੈਸੀ ਬੁਧਿ ਬੀਚਾਰ॥
ਕਹਿ ਕਬੀਰਾ ਜਨੈਗਾ ਸੋਈ॥[153]

ਗਿਆਨ ਵਿਧੀ ਦੇ ਖੰਡਨ ਦੇ ਨਾਲ-ਨਾਲ ਸ਼ਕਤੀ ਅਤੇ ਗਿਆਨ ਦੇ ਅਮਲ ਰਾਹੀਂ ਆਮ ਜਨਤਾ ਉਤੇ ਅੱਤਿਆਚਾਰ ਕਰਨ ਵਾਲਿਆਂ ਪ੍ਰਤੀ ਨਾਬਰੀ ਪ੍ਰਗਟ ਕਰਦਿਆਂ ਸ਼ਕਤੀ ਦੀ ਦੁਰਵਰਤੋਂ ਬਾਰੇ ਵਿਰੋਧ ਪ੍ਰਗਟ ਕੀਤਾ ਹੈ। ਸ਼ਕਤੀ ਰਾਹੀਂ ਦਮਨ ਦੀ ਪ੍ਰਕ੍ਰਿਆ ਨੂੰ ਮਾਨਵ ਮੁਕਤੀ ਦੇ ਮਾਨਵੀ ਸੰਦਰਭ ਨਾਲ ਜੋੜਦਿਆਂ ਦਮਨ ਦੇ ਨਿਰਮੂਲ ਅਧਾਰਾਂ ਨੂੰ ਭੰਡਿਆ ਅਤੇ ਨਾਬਰੀ ਪ੍ਰਗਟ ਕੀਤੀ ਹੈ:

ਹਿੰਦੂ ਤੁਰਕ ਕਹਾ ਤੇ ਆਏ॥

ਕਿਨਿ ਏਹ ਰਾਹ ਚਲਾਈ॥

ਦਿਲ ਮਹਿ ਸੋਚ ਬਿਚਾਰਿ ਕਵਾਦੇ॥

ਭਿਸਤ ਦੋਜਕ ਕਿਨ ਪਾਈ॥

ਕਾਜੀ ਤੈ ਕਵਨ ਕਤੇਬ ਬਖਾਨੀ॥

ਪੜਤ ਗੁਨਤ ਐਸੇ ਸਭ ਸਾਰੇ॥

ਕਿਨਹੂੰ ਖਬਰ ਨ ਜਾਨੀ॥

ਸਕਤਿ ਸਨੇਹ ਕਰਿ ਸੁੰਨਤਿ ਕਰੀਐ॥

ਮੈ ਨ ਬਦਊਗਾ ਭਾਈ॥

ਜਉ ਰੇ ਖੁਦਾਇ ਮੋਹਿ ਤੁਰਕੁ ਕਰੇਗਾ॥

ਆਪਨ ਹੀ ਕਟਿ ਜਾਈ॥

ਸੁੰਨਤ ਕੀਏ ਤੁਰਕੁ ਜੇ ਹੋਇਗਾ॥

ਅਉਰਤ ਦਾ ਕਿਆ ਕਰੀਐ॥

ਅਰਧ ਸਰੀਰੀ ਨਾਰ ਨ ਛੋੜੈ॥

ਤਾ ਤੇ  ਹਿੰਦੂ ਹੀ ਰਹੀਐ॥

ਛਾਡਿ ਕਤੇਬ ਰਾਮੁ ਭਜੁ ਬਉਰੇ॥

ਜੁਲਮ ਕਰਤ ਹੈ ਭਾਰੀ॥

ਕਬੀਰੈ ਪਕਰੀ ਟੇਕ ਰਾਮ ਕੀ॥

ਤੁਰਕ ਹਰੈ ਪਚਿਹਾਰੀ॥[154]

ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਅਤਿਆਚਾਰਾਂ ਦੀ ਪੁਰਜ਼ੋਰ ਨਿਖੇਧੀ ਕੀਤੀ। ਬਾਬਰ ਦੀਆਂ ਫੌਜ਼ਾਂ ਨੂੰ ਪਾਪ ਦੀ ਜੰਞ ਕਹਿ ਕੇ ਆਪਣਾ ਵਿਰੋਧ ਦਰਜ਼ ਕਰਵਾਇਆ ਹੈ ਤੇ ਪ੍ਰਮਾਤਮਾ ਅੱਗੇ ਵੀ ਪ੍ਰਤੀਰੋਧ ਦੀ ਭਾਵਨਾ ਦਾ ਪ੍ਰਗਟਾਵਾ ਇਹ ਕਹਿ ਕੇ ਕੀਤਾ ਹੈ:

ਖੁਰਾਸਾਨ ਖਸਮਾਨਾ ਕੀਆ।।
ਹਿੰਦੁਸਤਾਨ ਡਰਾਇਆ।।
ਆਪੇ ਦੋਸ਼ ਨ ਦੇਈ ਕਰਤਾ।।
ਜਮੁ ਕਰਿ ਮੁਗਲ ਚੜ੍ਹਾਇਆ।।
ਏਤੀ ਸਾਰ ਪਈ ਕੁਰਲਾਵੈ।।
ਤੈਂ ਕੀ ਦਰਦ ਨਾ ਆਇਆ।।[155]

ਬਾਬਰ ਦੇ ਅੱਤਿਆਚਾਰਾਂ ਦੀ ਖੁੱਲੀ ਨਾਬਰੀ ਗੁਰੂ ਜੀ ਦੀ ਵਿਦਰੋਹੀ ਸਖਸ਼ੀਅਤ ਦਾ ਪ੍ਰਗਟਾਵਾ ਹੈ। ਬਾਬਰ ਦੀ ਅੱਤਿਆਚਾਰੀ ਬਿਰਤੀ ਤੇ ਸਖ਼ਤ ਸ਼ਬਦਾਂ ਰਾਹੀਂ ਚੋਟ ਕਰਦਿਆਂ ਉਸ ਵੇਲੇ ਦੇ ਵਿਨਾਸ਼ ਤੇ ਸੰਤਾਪ ਦਾ ਸਚਿੱਤਰ ਪੇਸ਼ ਕੀਤਾ ਹੈ:

ਜੈਸੀ ਮੈ ਆਵੈ ਖਸਮ ਕੀ ਬਾਣੀ।।
ਤੈਸੜਾ ਕਰੀ ਗਿਆਨ ਵੇ ਲਾਲੋ।।
ਪਾਪ ਕੀ ਜੰਞ ਲੈ ਕਾਬਲਹੁ ਧਾਇਆ।।
ਜੋਰੀ ਮੰਗੈ ਦਾਨ ਵੇ ਲਾਲੋ।।[156]

ਰਾਜਨੀਤਿਕ ਅਤਿਆਚਾਰਾਂ ਪ੍ਰਤੀ ਵਿਰੋਧ ਦੀ ਭਾਵਨਾ ਸੰਬੰਧੀ ਡਾ: ਸੁਖਦਿਆਲ ਸਿੰਘ ਕਹਿੰਦੇ ਹਨ:

> ਗੁਰੂ ਜੀ ਨੇ ਰਾਜਨੀਤਿਕ ਖੇਤਰ ਵਿਚ ਜੋ ਵੀ ਕੰਮ ਲੋਕ ਹਿੱਤਾਂ ਦੇ ਖਿਲਾਫ ਹੁੰਦੇ ਵੇਖੇ, ਉਸ ਦੇ ਖਿਲਾਫ ਉਹ ਡੱਟ ਕੇ ਬੋਲੇ।[157]

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਚਿੰਤਨ ਪਾਤਸ਼ਾਹੀ ਦੀ ਪਰੰਪਰਾ ਨੂੰ ਅੱਗੇ ਤੋਰਦਿਆਂ ਆਪਣੇ ਸਮਕਾਲੀ ਸਮਾਜ ਵਿੱਚ ਮੂਰਖਾਂ ਨੂੰ ਉੱਚਾ ਅਤੇ ਫ਼ਕੀਰਾਂ ਨੂੰ ਮੂਰਖ ਕਹੇ

ਜਾਣ ਉੱਤੇ ਬੜੇ ਵਿਅੰਗਆਤਮਕ ਢੰਗ ਨਾਲ ਇਸ ਪ੍ਰਤੀ ਆਪਣੀ ਨਾਬਰੀ ਦਾ ਪ੍ਰਗਟਾਅ ਕੀਤਾ ਹੈ:

ਨਾਉ ਫਕੀਰੈ ਪਤਿਸਾਹ॥
ਮੂਰਖ ਪੰਡਿਤ ਨਾਉ॥
ਅੰਧੇ ਕਾ ਨਾਉ ਪਾਰਖੂ॥
ਏਵੈ ਕਰੇ ਗੁਆਉ॥
ਇਲਤ ਕਾ ਨਾਉ ਚਉਧਰੀ॥
ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ॥
ਕਲਿ ਕਾ ਏਹੁ ਨਿਆਉ॥[158]

ਸਿੱਖ ਇਤਿਹਾਸ ਵਿੱਚ ਉਹਨਾਂ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ ਜਦੋਂ ਗੁਰੂ ਸਾਹਿਬਾਨਾ ਦਾ ਸਮੇਂ-ਸਮੇਂ ਤੇ ਬਾਦਸ਼ਾਹਾਂ ਨਾਲ ਮੇਲ ਹੁੰਦਾ ਰਿਹਾ ਹੈ ਅਤੇ ਉਹ ਉਹਨਾਂ ਦੇ ਦਮਨ ਪ੍ਰਤੀ ਨਾਬਰੀ ਪ੍ਰਗਟ ਕਰਦੇ ਰਹੇ ਹਨ। ਗੁਰੂ ਅੰਗਦ ਦੇਵ ਜੀ ਨੇ ਸਮਕਾਲੀ ਬਾਦਸ਼ਾਹ ਹਮਾਯੂੰ ਪ੍ਰਤੀ ਨਾਬਰੀ ਪ੍ਰਗਟ ਕਰਦਿਆਂ ਉਸ ਸਮੇਂ ਦਾ ਵਿਰੋਧ ਕੀਤਾ ਜਦੋਂ ਉਹ ਸ਼ੇਰ ਸ਼ਾਹ ਸੂਰੀ ਤੋਂ ਹਾਰ ਕੇ ਖਡੂਰ ਸਾਹਿਬ ਪੁੱਜਾ ਸੀ। ਗੁਰੂ ਜੀ ਨੇ ਉਸ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ। ਹਮਾਯੂੰ ਨੇ ਇਸ ਨੂੰ ਆਪਣਾ ਅਪਮਾਨ ਸਮਝਿਆ ਅਤੇ ਕ੍ਰੋਧਵਾਨ ਹੋ ਕੇ ਗੁਰੂ ਜੀ ਨੂੰ ਮਾਰਨ ਲਈ ਕਿਰਪਾਨ ਕੱਢ ਲਈ ਇਸ ਤੇ ਗੁਰੂ ਜੀ ਨੇ ਨਾਬਰੀ ਪ੍ਰਗਟ ਕਰਦਿਆਂ ਉਸ ਨੂੰ ਵੰਗਾਰ ਪਾਈ ਕਿ ਜਿਥੇ ਤੇਰਾ ਤਲਵਾਰ ਕੱਢਣ ਦਾ ਸਮਾਂ ਸੀ ਉੱਥੇ ਤੂੰ ਕਾਇਰਾਂ ਵਾਂਗ ਭੱਜ ਆਇਆ ਹੈ, ਇਥੇ ਤਾਂ ਤਲਵਾਰ ਕੱਢਣ ਦਾ ਕੋਈ ਫਾਇਦਾ ਨਹੀਂ। ਮਹਿਮਾ ਪ੍ਰਕਾਸ਼ ਵਿੱਚ ਸਰੂਪ ਦਾਸ ਭੱਲਾ ਨੇ ਇਸ ਘਟਨਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

ਤਬ ਸਾਹ ਹੁਮਾਯੋ ਚਲ ਗਏ॥
ਜਾ ਖੇਲੇ ਦਿਆਲ ਤਹਾ ਠਾਢੇ ਭਏ॥

ਗੁਜਰੀ ਦੋਇ ਘੜੀ ਸਤਗੁਰ ਨਹੀ ਦੇਖਾ।।

ਕੀਆ ਬਾਦਸਾਹ ਮਨ ਕ੍ਰੋਧ ਬਿਸੇਖਾ।।

ਹੁਮਾਯੋ ਮਨ ਅਹੰਕਾਰ ਕਰ ਧਾਰਿਓ।।

ਮੂਨ ਖੜਗ ਪਰ ਹਾਥ।।

ਪੁਨ ਅਫਸੋਸ ਮਨ ਕੋ ਕਰੇ।।

ਧੁਨ-ਧੁਨ ਆਪਨਾ ਮਾਥ।।

ਤਬ ਹਾਥ ਤਲਵਾਰ ਮੂਠ ਪਰ ਰਾਖਾ।।

ਤਬ ਗਯੋ ਹਾਥ ਤਬ ਦੇਖਾ ਪ੍ਰਭ ਰਾਖਾ।।

ਸੇਰ ਸਾਹ ਸੋ ਕਹ ਨਹੀ ਕੀਨਾ।।

ਈਹਾ ਤਲਵਾਰ ਮੂਠ ਗਹਿ ਲੀਨਾ।।

ਬਿਕਤੀ ਧਾਰ ਹੁਮਾਯੋ ਕਹਿਓ।।

ਅਬ ਮਾਫ ਤਕਸੀਰ ਹੋਇ ਕਾਮਲ ਵਲੀ।।

ਬਖਸ ਨਾਨਕ ਕੈ ਸਕੀ ਟਲੀ।।[159]

ਗੁਰੂ ਅਮਰਦਾਸ ਜੀ ਦੇ ਸਮੇਂ ਇੱਥੇ ਤੀਰਥਾਂ ਉਪਰ ਭ੍ਰਮਣ ਕਰਨ ਲਈ ਟੈਕਸ ਭਰਨਾ ਪੈਂਦਾ ਸੀ। ਸਭ ਲੋਕ ਇਸ ਲਈ ਉੱਚ ਅਧਿਕਾਰੀਆਂ ਨੂੰ ਟੈਕਸ ਦਿੰਦੇ ਸਨ। ਪਰ ਗੁਰੂ ਜੀ ਨੇ ਅਜਿਹਾ ਟੈਕਸ ਦੇਣ ਤੋਂ ਨਾਹ ਕਰ ਦਿੱਤੀ ਅਤੇ ਅਜਿਹੀ ਮੁਗਲ ਸਰਕਾਰ ਦੇ ਅਨਿਆਸ਼ੀਲ ਰਵਈਏ ਪ੍ਰਤੀ ਨਾਬਰੀ ਦਾ ਪ੍ਰਮਾਣ ਹੈ ਕਿ ਉੱਚ ਅਧਿਕਾਰੀਆਂ ਨੂੰ ਖਾਲੀ ਹੱਥ ਵਾਪਿਸ ਮੁੜਨਾ ਪਿਆ:

ਤ੍ਰਿਤੀਆ ਆਏ ਸੁਰਸਤੀ ਤਹ।।

ਕਉਤਕ ਚਲਤ ਭਇਆ।।

ਸਭ ਮੋਹੀ ਦੇਖਿ ਦਰਸਨੁ।।

ਗੁਰ ਸੰਤ ਕਿਨੈ ਆਢੁ ਨ ਦਾਮ ਲਇਆ।।

ਆਢੁ ਦਾਮੁ ਕਿਛੁ ਪਇਆ ਨ ਬੋਲਕ॥

ਭਾਈ ਹਮ ਕਰਹ ਕਿਆ ਕਿਸੁ॥

ਪਾਸ ਮਾਗਹ॥

ਸਭ ਭਾਗ ਸਤਿਗੁਰ ਪਿਛੈ ਪਈ॥

ਜਗਾਤੀਆ ਉਪਾਵ ਸਿਆਣਪ ਕਰਿ॥

ਵੀਚਾਰ ਡਿਠਾ॥

ਭੰਨਿ ਬੋਲਕਾ ਸਤਿ ਉਠਿ ਗਇਆ॥[160]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਮਕਾਲੀ ਮੁਗਲ ਸ਼ਾਸਕ ਜਹਾਂਗੀਰ ਦੇ ਜਬਰ ਦਾ ਟਾਕਰਾ ਕਰਦਿਆਂ ਸ਼ਹਾਦਤ ਦਿੱਤੀ। ਇਸ ਸ਼ਹਾਦਤ ਦਾ ਕਾਰਨ ਵੀ ਉਹਨਾਂ ਦੀ ਅਨਿਆਂਕਾਰੀ ਰਾਜ ਪ੍ਰਬੰਧ ਪ੍ਰਤੀ ਨਾਬਰੀ ਦਾ ਪ੍ਰਗਟਾਵਾ ਸੀ। ਗੁਰੂ ਜੀ ਨੇ ਸਮਕਾਲੀ ਰਾਜਿਆਂ ਦੇ ਵਿਲਾਸੀ ਅਤੇ ਅਨੈਤਿਕ ਵਤੀਰੇ ਪ੍ਰਤੀ ਨਾਬਰੀ ਪ੍ਰਗਟ ਕਰਦਿਆਂ ਉਹਨਾਂ ਦੀ ਇਸ ਦ੍ਰਿਸ਼ਟੀ ਦਾ ਵੀ ਵਿਰੋਧ ਕੀਤਾ:

ਰਾਜ ਲੀਲਾ ਰਾਜਨ ਕੀ ਰਚਨਾ॥

ਕਰਿਆ ਹੁਕਮੁ ਅਫਾਰਾ॥

ਸੇਜ ਸੋਹਨੀ ਚਦਨੁ ਚੋਆ॥

ਨਰਕ ਘੋਰ ਕਾ ਦੁਆਰਾ॥[161]

ਗੁਰੂ ਅਰਜਨ ਦੇਵ ਜੀ ਨੇ ਹਰ ਕਿਸਮ ਦੀ ਦਵੈਤ ਭਾਵਨਾ ਨੂੰ ਨਕਾਰਿਆ ਹੈ। ਅਦਵੈਤ ਦੀ ਭਾਵਨਾ ਪੈਦਾ ਕਰਦਿਆਂ ਵਰਣ, ਲਿੰਗ, ਨਸਲ ਤੇ ਵਰਗ ਦੇ ਪਾੜੇ ਨੂੰ ਮੇਟਦਿਆਂ ਮਨੁੱਖ ਅਤੇ ਰੱਬ ਦੇ ਰਿਸ਼ਤੇ ਨੂੰ ਪਿਤਾ ਅਤੇ ਸੰਤਾਨ ਦੇ ਰਿਸ਼ਤੇ ਦੇ ਚਿਹਨ ਰਾਹੀਂ ਨਵੇਂ ਵਿਚਾਰ ਪੇਸ਼ ਕੀਤੇ ਹਨ। ਉਹਨਾਂ ਨੇ ਦਵੈਤਵਾਦੀ ਵਿਚਾਰਧਾਰਾ ਨੂੰ ਰੱਦ ਕਰਦਿਆਂ ਮਨੁੱਖ ਅਤੇ ਰੱਬ ਦੇ ਕਰੀਬੀ ਰਿਸ਼ਤੇ ਦੀ ਗੱਲ ਕਹੀ ਹੈ:

ਸਭੈ ਸਾਂਝੀਵਾਲ ਸਦਾਇਨ ਤੂ॥
ਕਿਸੇ ਨ ਦਿਸਹਿ ਬਾਹਰਾ ਕੀਉ॥[162]

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖਿਆ ਗਿਆ ਜ਼ਫ਼ਰਨਾਮਾ ਉਹਨਾਂ ਦੇ ਅਟੱਲ ਨਿਸ਼ਚੇ, ਦ੍ਰਿੜ ਸੰਕਲਪ ਅਤੇ ਸਮਕਾਲੀ ਸ਼ਾਸਕ ਔਰੰਗਜ਼ੇਬ ਪ੍ਰਤੀ ਨਾਬਰੀ ਦਾ ਪ੍ਰਗਟਾਵਾ ਹੈ। ਗੁਰੂ ਜੀ ਨੇ ਜ਼ੁਲਮ ਵਿਰੁੱਧ ਸੰਘਰਸ਼ ਨੂੰ ਜਾਇਜ਼ ਠਹਿਰਾਉਂਦਿਆਂ ਔਰੰਗਜ਼ੇਬ ਦੀ ਸਵਾਰਥੀ ਨਿਰੰਕੁਸ਼ ਰਾਜਸੀ ਨੀਤੀ, ਧਰਮ ਨੈਤਿਕਤਾ ਅਤੇ ਲੋਕ ਹਿੱਤਾਂ ਦਾ ਵਿਨਾਸ਼ ਕਰਨ ਵਾਲੀ ਰਾਜ ਵਿਵਸਥਾ ਪ੍ਰਤੀ ਨਾਬਰੀ ਪ੍ਰਗਟਾਈ ਹੈ। ਇਸ ਜ਼ਫ਼ਰਨਾਮੇ ਰਾਹੀਂ ਗੁਰੂ ਜੀ ਨੇ ਸਮੁੱਚੀ ਵਿਵਸਥਾ ਦਾ ਬਦਲਾਅ ਪੇਸ਼ ਕਰਦਿਆਂ ਭਵਿੱਖ ਵਿੱਚ ਸਿੱਖ ਕੌਮ ਦਾ ਇੱਕ ਚਿੰਗਾਰੀ ਤੋਂ ਭਾਂਬੜ ਬਣ ਜਾਣ ਦਾ ਦ੍ਰਿੜ ਸੰਕਲਪ ਪੇਸ਼ ਕੀਤਾ ਹੈ। ਔਰੰਗਜ਼ੇਬ ਦੇ ਇਕ ਜ਼ਾਲਮ ਬਾਦਸ਼ਾਹ ਹੋਣ ਦੇ ਪ੍ਰਮਾਣ ਉਸ ਦੇ ਆਪਣੇ ਪਿਤਾ ਸ਼ਾਹਜਹਾਨ ਨੂੰ ਕੈਦ ਵਿੱਚ ਰੱਖਣ ਅਤੇ ਭਰਾਵਾਂ ਨੂੰ ਮਾਰਨ ਤੋਂ ਵੀ ਪ੍ਰਾਪਤ ਹੁੰਦੇ ਹਨ। ਗੁਰੂ ਜੀ ਨੇ ਅਜਿਹੇ ਅਤਿਆਚਾਰੀ ਬਾਦਸ਼ਾਹ ਨੂੰ ਜ਼ਫ਼ਰਨਾਮਾ ਭੇਜ ਕੇ ਉਸ ਨੂੰ ਝੂਠਾ ਸਾਬਿਤ ਕੀਤਾ ਹੈ। ਕੁਰਾਨ ਦੀਆਂ ਕਸਮਾਂ ਖਾਣ ਦੇ ਬਾਵਜੂਦ ਮੱਕਾਰੀ ਕਰਨ ਵਾਲਾ, ਖ਼ੁਦਾ ਦਾ ਭੈਅ ਨਾ ਖਾਣ ਵਾਲਾ, ਹੱਦ ਦਰਜੇ ਦਾ ਚਾਲ ਬਾਜ਼ ਅਤੇ ਪਰਜਾ ਦਾ ਦੁਸ਼ਮਣ ਕਹਿ ਕੇ ਉਸ ਨੂੰ ਸੰਬੋਧਨ ਕੀਤਾ ਹੈ। ਗੁਰੂ ਜੀ ਨੇ ਉਸ ਨੂੰ ਵਾਅਦਾ ਤੋੜਨ ਵਾਲਾ ਕਿਹਾ ਹੈ:

ਨਦਾਨਮ ਕਿ ਈ ਮਰਦਿ ਪੈਸਾ ਸ਼ਿਕਨ॥
ਕਿ ਦੌਲਤ ਪ੍ਰਸਤਸਤੋ ਇਮਾਂ ਫਿਗ॥[163]

ਭਾਵ ਮੈਨੂੰ ਪਤਾ ਹੀ ਨਹੀਂ ਸੀ ਕਿ ਤੂੰ ਧਰਮ ਇਮਾਨ ਨੂੰ ਪਰੇ ਸੁੱਟ ਦੇਣ ਵਾਲਾ ਹੈਂ ਅਤੇ ਦੁਨਿਆਵੀ ਦੋਲਤ ਦਾ ਮੁਰੀਦ ਹੈਂ:

ਨਾ ਈਮਾ ਪ੍ਰਸਤੀ ਨ ਔਜਾਇ ਦੀ॥
ਨ ਸਾਹਿਬ ਸ਼ਨਾਸੀਨ ਮਹੁੰਮਦ ਯਕੀਨ॥[164]

ਭਾਵ ਹੇ ! ਔਰੰਗਜ਼ੇਬ ਨਾ ਤੂੰ ਇਮਾਨ ਉੱਤੇ ਕਾਇਮ ਹੈ, ਨਾ ਸ਼ਰ੍ਹਾ ਸ਼ਰੀਅਤ ਦਾ ਪਾਬੰਦ ਹੈ, ਨਾ ਤੈਨੂੰ ਪਰਮਾਤਮਾ ਦੀ ਪਛਾਣ ਤੇ ਨਾ ਤੇਰਾ ਹਜ਼ਰਤ ਮੁਹੰਮਦ ਉੱਤੇ ਹੀ ਭਰੋਸਾ ਹੈ।

ਗੁਰੂ ਜੀ ਨੇ ਔਰੰਗਜ਼ੇਬ ਨੂੰ ਮਨ, ਬਚਨ ਅਤੇ ਕਰਮ ਤੋਂ ਸੱਖਣਾ, ਰੱਬ ਨੂੰ ਨਾ ਪਛਾਨਣ ਜ਼ਾਲਮ ਕਿਹਾ ਹੈ। ਉਸ ਨੂੰ ਉਸ ਦੇ ਪਾਤਸ਼ਾਹ ਹੋਣ ਉਤੇ ਲਾਹਨਤ ਪਾਉਂਦਿਆਂ ਉਸ ਦੀ ਬਾਦਸ਼ਹੀ ਤੇ ਅਫਸੋਸ ਪ੍ਰਗਟ ਕੀਤਾ ਹੈ:

ਕਿ ਅਜ਼ਬ ਅਸਤ ਇਕ ਸਾਫ਼ਸ ਦੀ ਪਰਵਾਰ।।

ਕਿ ਹੇਠ ਅਸ਼ਤ ਸਦ ਹੈਠ ਈ ਸਰਵਰੀ।।[165]

ਭਾਵ ਤੇਰਾ ਇਹ ਇਨਸਾਫ ਤੇ ਤੇਰੀ ਇਹ ਧਰਮ ਪਾਲਣਾ ਅਜੀਬ ਹੈ। ਤੇਰੀ ਇਸ ਸਰਦਾਰੀ ਉੱਤੇ ਅਫਸੋਸ ਹੈ, ਸੌ ਵਾਰੀ ਅਫਸੋਸ ਹੈ।

ਗੁਰੂ ਜੀ ਨੇ ਉਸ ਦੀ ਮਰਦਾਨਗੀ ਨੂੰ ਵੰਗਾਰ ਪਾਉਂਦਿਆਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀਆਂ ਚੰਗਿਆੜੀਆਂ ਸੁਲਗਣਗੀਆਂ ਨਹੀਂ ਸਗੋਂ ਹੋਰ ਭੜਕਣਗੀਆਂ:

ਚਿ ਮਰਦੀ ਕਿ ਅਖਗਰ ਖਮੋਸ਼ਾਕੁਨੀ।।

ਕਿ ਆਤਮ ਦਮਾ ਰਾ ਫਰੋਜ਼ਾਕੁਨੀ।।[166]

ਭਾਵ ਚੰਗਿਆੜੀਆਂ ਨੂੰ ਬੁਝਾਉਣ ਵਿਚ ਤੇਰੀ ਕੀ ਬਹਾਦਰੀ ਹੈ, ਜਦ ਕਿ ਤੂੰ ਇਕ ਪ੍ਰਚੰਡ ਜਵਾਲਾ ਨੂੰ ਹੋਰ ਭੜਕਾ ਰਿਹਾ ਹੈਂ।

ਗੁਰੂ ਜੀ ਨੇ ਜ਼ਾਲਮ ਅਤੇ ਜ਼ੁਲਮ ਨੂੰ, ਝੂਠ ਅਤੇ ਬਦੀ ਨੂੰ, ਸ਼ਾਸਤਰ ਅਤੇ ਸ਼ਸਤਰ ਰਾਹੀਂ ਦੰਡ ਦੇਣ ਦਾ ਆਖਰੀ ਵਸੀਲਾ ਤਲਵਾਰ ਉਠਾਉਣਾ ਹੀ ਜਾਇਜ਼ ਸਮਝਿਆ ਹੈ। ਜਦ ਅਤਿਆਚਾਰ ਵਧ ਜਾਂਦਾ ਹੈ ਤਾਂ ਹਰ ਉਪਰਾਲਾ ਲੰਘ ਜਾਂਦਾ ਹੈ ਤਾਂ ਉਸ ਸਮੇਂ ਸ਼ਮਸ਼ੀਰ ਫੜਨਾ ਹੀ ਜਾਇਜ਼ ਹੀਲਾ ਹੁੰਦਾ ਹੈ:

ਚੂੰ ਕਾਰ ਅਜ ਹਮਾਂ ਹੀਲਤੇ।।

ਦਰ ਗੁਜਸ਼ਤ।।

ਹਲਾਲ ਅਸਤ ਬੁਰਦਨ ਬ ਸ਼ਮਸ਼ੀਰ।।

ਦਸਤ।।[167]

ਭਾਵ ਜਦੋਂ ਅੱਤਿਆਚਾਰ ਵਧ ਜਾਂਦਾ ਹੈ ਤਾਂ ਉਸ ਸਮੇਂ ਸ਼ਮਸ਼ੀਰ ਫੜਨਾ ਹੀ ਜਾਇਜ਼ ਹੀਲਾ ਹੁੰਦਾ ਹੈ।

ਗੁਰੂ ਜੀ ਦੇ ਜ਼ਫ਼ਰਨਾਮੇ ਦੇ ਉਦੇਸ਼ ਸਬੰਧੀ ਡਾ: ਲਾਲ ਸਿੰਘ ਦਾ ਵਿਚਾਰ ਹੈ:

> ਉਨ੍ਹਾਂ ਵੱਲੋਂ ਲਿਖੇ ਗਏ ਖਤ ਦਾ ਇਕ-ਇਕ ਸ਼ੇਅਰ ਅਣਖ, ਸਵੈਮਾਣ ਅਤੇ ਪ੍ਰਭੂ ਵਿਸ਼ਵਾਸ ਨੂੰ ਜਗਾਉਂਦਾ ਹੈ। ਇਸ ਕਲਾ ਮਈ ਬਾਣੀ ਦਾ ਪ੍ਰਭਾਵ ਸੀ ਕਿ ਭਾਰਤ ਦੀ ਕਿਰਤੀ ਕਿਸਾਨ ਸ਼੍ਰੇਣੀ ਮੁਗਲ ਸਾਮਰਾਜ ਦੇ ਖਿਲਾਫ਼ ਉੱਠ ਖੜੀ ਹੋਈ ਅਤੇ ਸਦੀਆਂ ਦੀ ਗੁਲਾਮੀ ਦੀਆਂ ਜੰਜੀਰਾਂ ਤੋੜਨ ਵਿੱਚ ਸਫ਼ਲ ਹੋਈ। ਇਹ ਚਿੱਠੀ ਦਿੱਲੀਪਤੀ ਨੂੰ ਇਕ ਕਰੜੀ ਵੰਗਾਰ ਵਜੋਂ ਲਿਖੀ ਗਈ ਸੀ ਤਾਂ ਜੋ ਸ਼ਹਿਨਸ਼ਾਹ ਦੀ ਹੈਂਕੜ ਰੱਬ ਦੇ ਡਰ ਤੇ ਆਪਣੇ ਗੁਨਾਹਾਂ ਦੇ ਭਾਰ ਨਾਲ ਝੁਕ ਜਾਵੇ।[168]

ਇਸ ਪ੍ਰਕਾਰ ਭਗਤ ਜਨਾ ਅਤੇ ਗੁਰੂ ਸਾਹਿਬਾਨ ਦੁਆਰਾ ਆਪਣੇ ਸਮਕਾਲੀ ਸ਼ਾਸਕਾਂ ਪ੍ਰਤੀ ਨਾਬਰੀ ਪ੍ਰਗਟ ਕਰਦਿਆਂ ਬ੍ਰਾਹਮਣਵਾਦੀ ਪ੍ਰਭੂਤਾ ਅਤੇ ਇਸਲਾਮੀ ਸੱਤਾ ਦੇ ਅਤਿਆਚਾਰੀ ਵਿਵਹਾਰ ਪ੍ਰਤੀ ਤਿੱਖਾ ਪ੍ਰਤੀਰੋਧ ਪ੍ਰਗਟ ਕੀਤਾ ਹੈ।

ਸਿੱਖ ਵਿਚਾਰਧਾਰਾ ਨੇ ਸਮਕਾਲੀਨ ਸਥਿਤੀਆਂ ਪ੍ਰਤੀ ਨਾਬਰੀ ਰਾਹੀਂ ਸਮਾਜ ਵਿੱਚ ਦਮਨ ਨੂੰ ਰੋਕਿਆ ਅਤੇ ਨਵ ਜਾਗ੍ਰਿਤੀ ਦੀ ਲਹਿਰ ਪੈਦਾ ਕੀਤੀ। ਅਰਥਹੀਣ ਨੂੰ ਰੱਦ ਕੀਤਾ ਅਤੇ ਮਨੁੱਖ ਦੇ ਸਵੈਮਾਣ ਦੀ ਬਹਾਲੀ ਕੀਤੀ। ਗੁਰੂ ਸਾਹਿਬਾਨ ਨੇ ਬ੍ਰਾਹਮਣਵਾਦ ਦੀ ਜਕੜ ਨੂੰ ਖਤਮ ਕਰਨ ਲਈ ਧਰਮ ਨੂੰ ਬੰਦਸ਼ਾਂ, ਰੀਤਾਂ ਅਤੇ ਫੋਕਟ ਪੂਜਾ ਵਿਧੀਆਂ ਤੋਂ ਮੁਕਤ ਕੀਤਾ। ਬ੍ਰਾਹਮਣਾਂ ਦੇ ਕਥਨਾ ਦੀ ਪਾਲਣਾ, ਵੱਡੇ-ਵੱਡੇ ਦਾਨ ਦੇਣਾ ਅਤੇ ਵਿਸ਼ੇਸ਼ ਰਸਮਾਂ ਤੋਂ ਮੁਕਤੀ ਦਿਵਾਈ। ਇਹਨਾਂ ਸਭ ਤੋਂ ਉਪਰ ਉੱਠ ਕੇ ਗੁਰੂ ਸਾਹਿਬਾਨ ਨੇ ਮਨੁੱਖ ਨੂੰ ਸਚਿਆਰ ਬਣਨ ਦਾ ਉਪਦੇਸ਼ ਦਿੱਤਾ। ਧਰਮ ਦੀ ਅਧਾਰਸ਼ਿਲਾ ਸੱਚ ਤੇ ਟਿਕਾਈ ਗਈ। ਮਨੁੱਖ ਨੂੰ ਹੱਕ ਸੱਚ ਅਤੇ

ਨੈਤਿਕਤਾ ਦੀਆਂ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਲਈ ਜੂਝਣ ਵਾਲਾ ਸਿਰੜੀ ਅਤੇ ਸਿਦਕੀ ਬਣਾਇਆ।

ਗੁਰੂ ਗੋਬਿੰਦ ਸਿੰਘ ਜੀ ਨੇ 'ਸੰਤ' ਦੇ ਨਾਲ 'ਸਿਪਾਹੀ' ਅਤੇ 'ਭਗਤੀ ਨਾਲ ਸ਼ਕਤੀ' ਦਾ ਸੰਕਲਪ ਦਿੰਦੇ ਹੋਏ ਇਕ ਹੱਥ ਮਾਲਾ ਅਤੇ ਦੂਜੇ ਹੱਥ ਕ੍ਰਿਪਾਨ ਫੜਨ ਦੀ ਪ੍ਰੇਰਣਾ ਵੀ ਦਿੱਤੀ। ਊਚ-ਨੀਚ ਦਾ ਭੇਦ ਖਤਮ ਕਰਨ ਲਈ ਸਿੰਘ ਬਣ ਕੇ ਗੌਰਵ ਨਾਲ ਜੀਵਨ ਜਿਊਣ ਦਾ ਰਾਹ ਦੱਸਿਆ। ਚਿੜੀਆਂ ਸਮਝੇ ਜਾਂਦੇ ਭਾਰਤੀਆਂ ਨੂੰ ਏਨਾ ਉੱਚਾ ਚੁਕਿਆ ਕਿ ਉਹ ਅੱਤਿਆਚਾਰੀ ਬਾਜਾਂ ਨੂੰ ਵੀ ਟੁਕੜੇ-ਟੁਕੜੇ ਕਰਨ ਨਹੀ ਤਿਆਰ ਹੋ ਗਏ।

ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖੀ ਸਵੈਮਾਣ ਅਤੇ ਸਤਿਕਾਰ ਨੂੰ ਬਹਾਲ ਕਰਨ ਲਈ ਸਿੱਖ ਕੌਮ ਨੂੰ 'ਖਾਲਸੇ' ਦਾ ਅੰਮ੍ਰਿਤ ਪਿਲਾਇਆ। ਇੱਕੋ ਖੰਡੇ ਬਾਟੇ ਵਿੱਚੋਂ ਅੰਮ੍ਰਿਤ ਪਿਲਾ ਕੇ ਜਾਤ-ਪਾਤ ਊਚ ਨੀਚ, ਰੰਗ, ਨਸਲ, ਧਰਮ, ਵਰਗ ਦਾ ਵਿਤਕਰਾ ਮਿਟਾਇਆ। ਸਿੱਖ ਕੌਮ ਨੂੰ ਮਸੰਦਾਂ ਦੇ ਪ੍ਰਭਾਵ ਤੋਂ ਮੁਕਤ ਕਰਵਾਇਆ ਅਤੇ ਮਸੰਦ ਪ੍ਰਥਾ ਨੂੰ ਖਤਮ ਕੀਤਾ। ਅੰਮ੍ਰਿਤ ਦੀ ਰਸਮ ਨੂੰ ਬਦਲੇ ਹੋਏ ਹਾਲਾਤਾਂ ਦੇ ਅਨੁਕੂਲ ਬਣਾਇਆ। ਇਸ ਵਿੱਚ ਲੋੜੀਂਦੀ ਤਬਦੀਲੀ ਕੀਤੀ। ਅੰਮ੍ਰਿਤ ਤਿਆਰ ਕਰਨ ਵਿੱਚ ਪਾਣੀ ਨੂੰ ਗੁਰੂ ਜੀ ਦੇ ਪੈਰ ਦੇ ਅੰਗੂਠੇ ਨਾਲ ਛੂਹਣ ਦੀ ਥਾਂ ਦੋ ਵਾਰੀ ਖੰਡੇ ਨਾਲ ਹਿਲਾਇਆ ਜਾਣ ਲੱਗਾ। ਇਕ ਦੂਜੇ ਨੂੰ ਮਿਲਣ ਸਮੇਂ ਪ੍ਰਣਾਮ ਦੇ ਢੰਗ ਨੂੰ ਵੀ ਬਦਲ ਦਿੱਤਾ ਗਿਆ। ਇਕ ਦੂਜੇ ਦੇ ਪੈਰ ਨੂੰ ਛੂਹਣ ਦੀ ਜਗ੍ਹਾ ਇਕ ਦੂਜੇ ਦੇ ਸਾਹਮਣੇ ਖਲ੍ਹੋ ਕੇ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ" ਬੁਲਾਉਣ ਦਾ ਰਿਵਾਜ਼ ਚਾਲੂ ਕੀਤਾ ਗਿਆ। 'ਹੋਲੀ' ਦੀ ਥਾਂ 'ਹੋਲਾ ਮਹੱਲਾ' ਮਨਾਉਣ ਦੀ ਰੀਤ ਚਲਾਈ। ਹਿੰਦੂ ਤਿਉਹਾਰਾਂ ਦੇ ਮਨਾਏ ਜਾਣ ਪਿਛੋਂ ਆਪਣੇ ਸਾਰੇ ਸਿੱਖਾਂ ਦੀ ਸੈਨਿਕ ਪ੍ਰੇਡ ਕਰਾਉਣ ਦਾ ਰਿਵਾਜ ਚਾਲੂ ਕੀਤਾ। ਇਸ ਪਰੇਡ ਸਮੇਂ ਸਿੰਘਾਂ ਨੂੰ ਸਭ ਤੋਂ ਵਧੀਆ ਪੁਸ਼ਾਕ ਬਖਸ਼ੀ । ਰੱਬੀ ਮਿਸ਼ਨ ਦੀ ਭਾਵਨਾ ਪੈਦਾ ਕਰਨ ਅਤੇ ਸੰਸਾਰਿਕ ਵਧੀਕੀਆਂ ਅਤੇ ਜ਼ੁਲਮ ਨੂੰ ਰੋਕਣ ਲਈ ਨਕਲੀ ਲੜਾਈਆਂ ਰਾਹੀਂ ਨਿਰਭੈਤਾ ਦੀ ਬਿਰਤੀ ਅਤੇ ਸਵੈਮਾਣ ਦੀ ਭਾਵਨਾ ਪੈਦਾ ਕੀਤੀ। ਇਕ ਸਿੱਖ ਨੂੰ 'ਸਵਾ ਲੱਖ' ਦੀ ਉਪਾਧੀ ਦਿੱਤੀ ਗਈ। ਸ਼ਹਾਦਤ ਪਰੰਪਰਾ ਨੇ ਆਪਣੀ ਸਿੱਖ

ਕੌਮ ਦੀ ਕੀਮਤ ਅਤੇ ਮਾਣ-ਸਨਮਾਨ ਦੀ ਬਹਾਲੀ ਲਈ ਅਖੌਤੀ ਜਾਤਾਂ ਤੇ ਸਿੰਘਾਂ ਨੂੰ ਸਨਮਾਨ ਦੀ ਨਜ਼ਰ ਨਾਲ ਦੇਖਿਆ:

ਯੁੱਧ ਜਿੱਤੇ ਇਨਹੀ ਕੇ ਪ੍ਰਸਾਦਿ।।
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।।
ਆਪ ਅਉਘ ਟਰੇ ਇਨਹੀ ਕੇ ਪ੍ਰਸਾਦਿ।।
ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ।।
ਇਨਹੀ ਕੇ ਪ੍ਰਸਾਦਿ ਸੁ ਵਿਦਯਾ ਲਈ।।
ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ।।
ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ।।
ਕਹਿ ਮੈਂ ਸੇ ਗਰੀਬ ਕਰੋਰ ਪਰੇ।।[169]

ਗੁਰੂ ਜੀ ਨੇ ਪੰਜ ਕੱਕਾਰਾਂ ਦੀ ਮਰਿਯਾਦਾ ਸਥਾਪਤ ਕਰਕੇ ਵਿਸ਼ੇਸ਼ ਬਾਣਾ ਪਹਿਨਾਇਆ ਜਿਸ ਦੀ ਸਾਰੇ ਸੰਸਾਰ ਵਿੱਚ ਅਲਗ ਪਹਿਚਾਣ ਬਣੀ ਹੈ। ਇਹ ਸਾਰਾ ਕੁਝ ਮਾਨਸਿਕ ਅਤੇ ਸਰੀਰਿਕ ਪੱਧਰ ਤੇ ਧਾਰਮਿਕ ਅਤੇ ਸਮਾਜਿਕ ਸਵੈਮਾਣ ਦੀ ਬਹਾਲੀ ਲਈ ਹੀ ਕੀਤਾ ਗਿਆ। ਰਤਨ ਸਿੰਘ ਭੰਗੂ ਇਸ ਸੰਬੰਧੀ ਬਿਆਨ ਕਰਦੇ ਹਨ:

ਰਾਖਹੁ ਕੱਛ ਕੇਸ ਕ੍ਰਿਪਾਨ।।
ਸਿੰਘ ਨਾਮ ਕੋ ਇਹੋ ਨਿਸ਼ਾਨ।।
ਕੱਛ ਕ੍ਰਿਪਾਨ ਕੇਸ ਤੇ ਮੁੰਦਰੀ।।
ਜੋ ਪਹਿਰੇ ਸੋ ਗੁਰ ਕੀ ਸੁੰਦਰੀ।।
ਗੁਰ ਕਾ ਬਚਨ ਸਿੰਘਨ ਇਹ ਫੜਾ।।
ਕੰਘਾ ਕੇਸ ਕੇ ਸੰਗ ਰੈਹੇ।।
ਏਹੋ ਪਾਂਚੇ ਕਕਾਰ ਪਰੈਹੇ।।[17•]

ਇਸ ਪ੍ਰਕਾਰ ਗੁਰੂ ਜੀ ਦੁਆਰਾ ਸਿਰਜਿਆ ਗਿਆ 'ਖਾਲਸਾ' ਦਾ ਸਿਧਾਂਤ ਆਪਣੇ ਆਪ ਵਿੱਚ ਧਾਰਮਿਕ ਸਮਾਜਿਕ ਫਤਿਹ ਦਾ ਸਿਧਾਂਤ ਬਣਿਆ। ਇਹ ਮਰਿਯਾਦਾ ਮਨੁੱਖੀ ਸਤਿਕਾਰ ਦੀ ਮਰਿਯਾਦਾ ਹੈ। ਗਿਆਨੀ ਤਾਰਨ ਸਿੰਘ ਇਸ ਸੰਬੰਧੀ ਲਿਖਦੇ ਹਨ:

> ਖਾਲਸੇ ਦਾ ਜੋ ਰੂਪ ਗੁਰੂ ਗੋਬਿੰਦ ਸਿੰਘ ਨੇ ਪ੍ਰਵਾਨ ਕੀਤਾ ਉਸ ਦਾ ਸਿਧਾਂਤਕ ਵਿਸਥਾਰ 'ਅੰਮ੍ਰਿਤ' ਹੈ। 'ਅੰਮ੍ਰਿਤ' ਦੇ ਅਸੂਲ ਸਵੈ-ਸਤਿਕਾਰ ਦੇ ਅਸੂਲ ਹਨ। ਅੰਮ੍ਰਿਤ ਫਤਿਹ ਦਾ ਨਗਾਰਾ ਹੈ ਅੰਮ੍ਰਿਤਧਾਰੀ ਦੇ ਕੇਸ, ਕਕਾਰ ਮੂਲ ਮੰਤਰ ਗੁਰ ਮੰਤਰ ਦਸਵੰਧ ਤੇ ਰਹਿਤ ਸਭ ਬਾਗੈਰਤੀ ਦਾ ਸੰਕੇਤ ਹਨ ਅਤੇ ਬਾਗੈਰਤੀ ਮਨੁੱਖ ਦੇ ਜਾਮਨ ਹਨ।[171]

ਉਪਰੋਕਤ ਤੱਥਾਂ ਦੀ ਰੋਸ਼ਨੀ ਵਿੱਚ ਕਿਹਾ ਜਾ ਸਕਦਾ ਹੈ ਕਿ ਪ੍ਰਤੀਰੋਧ, ਵਿਦਰੋਹ ਜਾਂ ਨਾਬਰੀ ਸਿੱਖ ਸ਼ਹਾਦਤ ਪਰੰਪਰਾ ਵਿੱਚ ਸਮਾਜ ਅਤੇ ਮਨੁੱਖਤਾ ਲਈ ਅਜਿਹੀਆਂ ਨਵੀਆਂ ਸੰਭਾਵਨਾਵਾਂ ਲੈ ਕੇ ਆਉਂਦੀ ਹੈ ਜਿਸ ਨਾਲ ਹਿੰਦੂ ਧਰਮ ਦੀਆਂ ਪਿਛਾਂਹ ਖਿੱਚੂ ਅਤੇ ਇਸਲਾਮ ਧਰਮ ਦੀਆਂ ਕੱਟੜਵਾਦੀ ਅਮਾਨਵੀ  ਬਿਰਤੀਆਂ ਦਾ ਨਾਸ਼ ਕੀਤਾ ਗਿਆ। ਪ੍ਰਾਚੀਨ ਕਾਲ ਤੋਂ ਹੀ ਦੇਖਿਆ ਗਿਆ ਹੈ ਕਿ ਸਮਾਜ ਵਿਚ ਉਪਜੀ ਵਿਚਾਰਧਾਰਾ ਕੋਈ ਨਾ ਕੋਈ ਨਵੀਂ ਪਰੰਪਰਾ, ਮੱਤ ਜਾਂ ਸੰਪਰਦਾਇ ਸਥਾਪਿਤ ਕਰਦੀ ਹੈ। ਸਮੇਂ ਦੀ ਲੋੜ ਮੁਤਾਬਿਕ ਨਵੇਂ ਮੁੱਲਾਂ ਦੀ ਉਸਾਰੀ ਹੁੰਦੀ ਹੈ ਜੋ ਆਪਣੇ ਤੋਂ ਪਹਿਲੀ ਪਰੰਪਰਾ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੇ ਹਨ। ਸਿੱਖ ਸ਼ਹਾਦਤ ਪਰੰਪਰਾ ਦੇ ਵਿਚਾਰਧਰਾਈ ਧਰਾਤਲ ਦਾ ਅਧਿਐਨ ਕਰਦਿਆਂ ਇਹ ਖੋਜ ਕੀਤੀ ਗਈ ਹੈ ਕਿ ਸਿੱਖ ਸਿਧਾਂਤਾਂ ਨਾਲ ਜੁੜੀ ਸ਼ਹਾਦਤ ਪਰੰਪਰਾ ਨੇ ਸਮਾਜ ਨੂੰ ਨਿਘਾਰ ਵਲ ਲੈ ਕੇ ਜਾਣ ਵਾਲੇ ਮਾਰਗਾਂ ਦਾ ਖੰਡਨ ਕੀਤਾ ਅਤੇ ਸੱਚ ਦੇ ਮਾਰਗ ਤੇ ਚਲ ਕੇ ਉਹਨਾਂ ਮੁੱਲਾਂ ਦੀ ਉਸਾਰੀ ਕੀਤੀ ਜਿੰਨ੍ਹਾ ਰਾਹੀਂ ਸਮਾਜ ਨੂੰ ਨਵੀਆਂ ਲੀਹਾਂ ਤੇ ਤੋਰਿਆ ਜਾ ਸਕੇ।

### 3.4 ਉੱਚ ਮਾਨਵੀ ਮੁੱਲਾਂ ਦੀ ਸਥਾਪਨਾ

ਉੱਚ ਕੋਟੀ ਦੇ ਮਾਨਦੰਡ ਮੁੱਲ ਅਖਵਾਉਂਦੇ ਹਨ। ਮੁੱਲਾਂ ਦਾ ਆਧਾਰ ਉਹ ਭਾਵ ਹੁੰਦੇ ਹਨ ਜੋ ਵਿਅਕਤੀ ਦੇ ਨਾਲ ਸਮਾਜ ਲਈ ਵੀ ਬਹੁਤ ਜ਼ਰੂਰੀ ਹੁੰਦੇ ਹਨ।

ਮਾਨਵੀ ਮੁਲ ਮਾਨਵੀ ਜੀਵਨ ਨੂੰ ਸਾਰਥਿਕਤਾ ਪ੍ਰਦਾਨ ਕਰਦੇ ਹਨ। ਇਹਨਾਂ ਮਾਨਵੀ ਮੁੱਲਾਂ ਦੇ ਅਧਾਰ ਤੇ ਕੋਈ ਦੇਸ਼, ਕੌਮ ਜਾਂ ਸੱਭਿਆਚਾਰ ਆਪਣੀ ਪਛਾਣ ਬਣਾਉਣ ਦੇ ਸਮਰੱਥ ਬਣਦਾ ਹੈ। ਮੁੱਲਾਂ ਦਾ ਅਧਾਰ ਸਦਾਚਾਰਕ ਹੁੰਦਾ ਹੈ। ਸਦਾਚਾਰ ਮਨੁੱਖ ਦੇ ਉਸਾਰੂ ਪਨ ਅਤੇ ਉਸਾਰੂ ਪੱਖ ਨੂੰ ਬਿਆਨ ਕਰਦਾ ਹੈ। ਇਹ ਸਦਾਚਾਰ ਅਤੇ ਮਾਨਵੀ ਮੁੱਲ ਹੀ ਹਨ ਜੋ ਮਨੁੱਖ ਵਿਚ ਅਜਿਹੇ ਗੁਣਾਂ ਦਾ ਸੰਚਾਰ ਕਰਦੇ ਹਨ ਜਿਸ ਨਾਲ ਮਨੁੱਖ ਆਪਣੇ ਨਿੱਜ ਦੀ ਪੂਰਨ ਪਛਾਣ ਵੱਲ ਤੁਰਦਾ ਹੈ, ਜਿਸ ਨੂੰ ਦੂਜੇ ਸ਼ਬਦਾਂ ਵਿਚ ਸਵੈ-ਪਛਾਣ ਕਿਹਾ ਜਾ ਸਕਦਾ ਹੈ। ਮਨੁੱਖ ਨੂੰ ਮਨੁੱਖ ਬਣਾਉਣ ਦਾ ਅਸਲੀ ਸਿਹਰਾ ਮਾਨਵੀ ਮੁੱਲਾਂ ਨੂੰ ਹੀ ਜਾਂਦਾ ਹੈ। ਕਿਸੇ ਜਾਤੀ, ਧਰਮ ਜਾਂ ਦੇਸ਼ ਦੀ ਸਰਵ-ਉੱਚਤਾ ਉੱਥੋਂ ਦੇ ਜਨ-ਸਮੂਹ ਦੁਆਰਾ ਆਪਣਾਏ ਜਾਣ ਵਾਲੇ ਜੀਵਨ ਮੁੱਲ ਹੀ ਹੁੰਦੇ ਹਨ। ਸਿੱਖ ਧਰਮ ਮਾਨਵਵਾਦੀ ਧਰਮ ਹੈ ਅਤੇ ਮਨੁੱਖ ਮਾਨਵਤਾਵਾਂ ਨੂੰ ਪਰਧਾਨਤਾ ਦੇਣ ਵਾਲਾ ਇਹ ਧਰਮ ਸਵੈ ਤੋਂ ਪਾਰ ਸਮਾਜ ਨੂੰ ਅਜਿਹੀਆਂ ਕਦਰਾਂ ਕੀਮਤਾਂ ਅਤੇ ਉੱਚ ਮਾਨਵੀ ਮੁੱਲ ਪ੍ਰਦਾਨ ਕਰਦਾ ਹੈ ਜੋ ਮਨੁੱਖ ਨੂੰ ਮਨੁੱਖ ਦੀ ਪੱਧਰ ਤੇ ਸਵੀਕਾਰਨ ਦੀ ਕਸੌਟੀ ਬਣਦੇ ਹਨ। ਸਿੱਖ ਚਿੰਤਨ ਅਤੇ ਸਿੱਖ ਸ਼ਹਾਦਤ ਪਰੰਪਰਾ ਵਿਚ ਜੋ ਅਤਿਅੰਤ ਮਹੱਤਵਪੂਰਨ ਮੁੱਲਾਂ ਦੀ ਗੱਲ ਕੀਤੀ ਗਈ ਹੈ ਉਹ ਮਾਨਵੀ ਪੱਧਰ ਤੇ ਮਨੁੱਖੀ ਮੰਡਲ ਦੇ ਮੁੱਲ ਹਨ। ਇਸ ਵਿਚ ਸਮਾਜਕ, ਆਰਥਕ, ਬੌਧਿਕ, ਸੁਹਜਾਤਮਕ ਅਤੇ ਅਧਿਆਤਮਕ ਮੁੱਲਾਂ ਦੀ ਗੱਲ ਕੀਤੀ ਗਈ ਹੈ। ਸਿੱਖ ਸ਼ਹਾਦਤ ਪਰੰਪਰਾ ਨੇ ਉਹਨਾਂ ਉੱਚ ਮਾਨਵੀ ਮੁੱਲਾਂ ਦੀ ਸਥਾਪਨਾ ਕੀਤੀ ਹੈ ਜਿਸ ਨਾਲ ਮਨੁੱਖ ਵਿਚ ਸਰੀਰਕ, ਮਾਨਸਿਕ ਅਤੇ ਸਮਾਜਕ ਪ੍ਰਫੁੱਲਤਾ ਲਈ ਯੋਗਤਾ ਪੈਦਾ ਹੋ ਸਕੇ। ਪਰਮਾਤਮਾ ਦੇ ਪ੍ਰੇਮ ਦੇ ਨਾਲ-ਨਾਲ ਉਹ ਯੋਗਤਾਵਾਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਰਾਹੀਂ ਮਨੁੱਖਤਾ ਦੀ ਸੇਵਾ ਹਿਤ ਕਾਰਜ ਕੀਤੇ ਜਾਣ। ਸਿੱਖ ਸ਼ਹਾਦਤ ਪਰੰਪਰਾ ਨੇ ਵਿਚਾਰਧਾਰਾਈ ਤੇ ਵਿਅਕਤੀਗਤ ਹੀ ਨਹੀਂ ਸਗੋਂ ਸਮਾਜਕ ਤੇ ਭਾਈਚਾਰਕ ਖੇਤਰ ਵਿਚ ਸ਼ੁਭ ਕਰਮ ਅਤੇ ਸਦਾਚਾਰਕ ਉਚਤਾ ਰਾਹੀਂ ਆਦਰਸ਼ ਜੀਵਨ

ਜਿਊਣ ਹਿਤ ਉੱਚ ਮਾਨਵੀ ਮੁੱਲਾਂ ਦੀ ਸਥਾਪਨਾ ਕੀਤੀ ਹੈ। ਸਿੱਖ ਸ਼ਹਾਦਤ ਪਰੰਪਰਾ ਨੇ ਸਮਾਜਿਕ ਹਿੱਤਾਂ ਦੀ ਰਾਖੀ ਲਈ ਅਤੇ ਸਰਬੱਤ ਦੇ ਭਲੇ ਦੇ ਉਦੇਸ਼ ਰਾਹੀਂ ਅਜਿਹੀ ਦ੍ਰਿਸ਼ਟੀ ਪ੍ਰਦਾਨ ਕੀਤੀ ਹੈ। ਜਿਸ ਰਾਹੀਂ ਸਾਰੀ ਮਨੁੱਖ ਜਾਤੀ ਦੇ ਏਕੇ ਦਾ ਸੰਕਲਪ ਉਭਰ ਕੇ ਸਾਹਮਣੇ ਆਉਂਦਾ ਹੈ।

**ਸਾਹਬ ਸੂਰਬੀਰਤਾ ਅਤੇ ਨਿਰਭੈਤਾ** – ਸਾਹਸ ਮਨੁੱਖੀ ਮਨ ਵਿਚੋਂ ਡਰ ਨੂੰ ਖਤਮ ਕਰਨ ਲਈ ਇਕ ਸਾਕਾਰਾਤਮਕ ਗੁਣ ਹੈ। ਡਰ ਦੀ ਸੀਮਾ ਨੂੰ ਪਾਰ ਕਰਨ ਨਾਲ ਹੀ ਸਾਹਸ ਪੈਦਾ ਹੁੰਦਾ ਹੈ। ਇਸ ਲਈ ਸੰਘਰਸ਼ ਦੀ ਲੋੜ ਹੈ। ਇਹ ਸੰਘਰਸ਼ ਭਾਵੇਂ ਅੰਦਰੂਨੀ ਹੋਵੇ ਜਾਂ ਬਾਹਰੀ ਜਦੋਂ ਮਨੁੱਖ ਸੰਘਰਸ਼ ਕਰਕੇ ਸਾਹਸ ਪੈਦਾ ਕਰ ਲੈਂਦਾ ਹੈ ਤਾਂ ਉਸ ਵਿਚ ਸਵੈ-ਮਾਣ ਅਤੇ ਅਣਖ ਵਰਗੇ ਗੁਣ ਪੈਦਾ ਹੋ ਜਾਂਦੇ ਹਨ। ਸਾਹਸ ਮਾਨਸਿਕ ਉਚਤਾ ਦੇ ਨਾਲ ਨਾਲ ਸਰੀਰਿਕ ਦ੍ਰਿੜਤਾ ਵੀ ਪੈਦਾ ਕਰਦਾ ਹੈ। ਸਾਹਸ ਜਿਥੇ ਅੰਦਰੂਨੀ ਸਦਾਚਾਰ ਪੈਦਾ ਕਰਦਾ ਹੈ ਉਥੇ ਸਮਾਜ ਨੂੰ ਭੈੜੇ ਪ੍ਰਭਾਵ ਤੋਂ ਬਚਾਉਣ ਲਈ ਚੰਗੇ ਕਰਮ ਕਰਨ ਦੀ ਪ੍ਰੇਰਣਾ ਦਿੰਦਾ ਹੈ। ਸਾਹਸ ਨਾਲ ਹੀ ਸੂਰਬੀਰਤਾ ਪੈਦਾ ਹੁੰਦੀ ਹੈ। ਜੋ ਮਨੁੱਖ ਆਪਣੀ ਕਥਨੀ ਤੇ ਕਰਨੀ ਵਿਚ ਪੱਕਾ ਰਹਿੰਦਾ ਹੈ ਤੇ ਆਪਣੇ ਅੰਦਰ ਨਿਸ਼ਚੇ ਨੂੰ ਕਾਇਮ ਰੱਖਦਾ ਹੈ ਉਹ ਸੂਰਬੀਰ ਹੈ। ਸੂਰਬੀਰਤਾ ਦੇ ਗੁਣਾ ਦਾ ਦੂਜਾ ਪੱਖ ਇਹ ਹੈ ਕਿ ਬ੍ਰਹਮ ਪ੍ਰਾਪਤੀ ਤੋਂ ਬਾਅਦ ਮਨੁੱਖ ਸਮਾਜਿਕ ਜੀਵਨ ਤੋਂ ਹਟ ਕੇ ਜੰਗਲ ਆਦਿ ਵਿਚ ਨਹੀਂ ਚਲਾ ਜਾਂਦਾ ਬਲਕਿ ਸਮਾਜ ਰਹਿ ਕੇ ਪਰਉਪਕਾਰੀ ਕਰਦਾ ਹੈ। ਸੂਰਬੀਰਤਾ ਦਾ ਤੀਜਾ ਜ਼ਰੂਰੀ ਅੰਗ ਇਹ ਵੀ ਹੈ ਕਿ ਇਹ ਸਮਾਜਿਕ ਪਰਉਪਕਾਰੀ ਦੇ ਕੰਮ ਅਤੇ ਜੀਵਨ ਵਿਚ ਸ਼ਕਤੀ ਵੀ ਹੋਣੀ ਚਾਹੀਦੀ ਹੈ ਕਿ ਲੋੜ ਪੈਣ ਤੇ ਉਹ ਅਮਲੀ ਢੰਗ ਨਾਲ ਵੀ ਜ਼ੁਲਮ ਅਤੇ ਬੇਇਨਸਾਫੀ ਵਿਰੁੱਧ ਸੰਘਰਸ਼ ਕਰ ਸਕੇ। ਗੁਰੂ ਅਰਜਨ ਦੇਵ ਜੀ ਨੇ ਮਨੁੱਖ ਵਿਚ ਸੂਰਬੀਰਤਾ ਦਾ ਮੁੱਲ ਜ਼ਰੂਰੀ ਮੰਨਿਆ ਹੈ। ਆਪਣੇ ਬਿਆਨਾ ਵਿਚ ਪੱਕੇ ਰਹਿਣਾ ਅਤੇ ਨਿਸ਼ਚਾ ਕਾਇਮ ਰੱਖਣਾ ਸੂਰਬੀਰਤਾ ਦਾ ਇਕ ਜ਼ਰੂਰੀ ਪੱਖ ਹੈ। ਸੂਰਬੀਰਤਾ ਦਾ ਇਹ ਮਾਨਵੀ ਮੁੱਲ ਮਨੁੱਖ ਵਿਚ ਨੈਤਿਕਤਾ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਕਰਦਾ ਹੈ। ਸੂਰਬੀਰਤਾ ਹੰਕਾਰ ਨੂੰ ਮਾਰਨਾ ਹੈ, ਪਰਮਾਤਮਾ ਦੇ ਰੰਗ ਵਿਚ ਰੰਗੇ ਜਾਣਾ ਅਤੇ ਗਰੀਬਾਂ ਦੇ ਹੱਕ ਵਿਚ ਲੜਨਾ ਹੀ ਸੂਰਬੀਰਤਾ ਹੈ:

ਨਾਨਕ ਸੋ ਸੂਰਾ ਵਰੀਆਮੁ॥

ਜਿਨਿ ਵਿਚਹੁ ਦੁਸਟੁ ਅਹੰਕਾਰ ਮਾਰਿਆ।[172]

ਜਾ ਕਉ ਹਰਿ ਰਗੁ ਲਾਗ॥

ਇਸ ਜਗੁ ਮਹਿ॥

ਸੋ ਕਹੀ ਅਤ ਹੋ ਸੂਰਾ॥[173]

ਸੂਰਬੀਰਤਾ ਦਾ ਮੁੱਲ ਜੀਵਨ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ ਅਤੇ ਲੋੜ ਪੈਣ ਤੇ ਜ਼ੁਲਮ ਅਤੇ ਬੇ-ਇਨਸਾਫੀ ਵਿਰੁੱਧ ਸੰਘਰਸ਼ ਕਰਨ ਤੋਂ ਨਹੀਂ ਡਰਦਾ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਅਤਿਆਚਾਰ ਦੇ ਵਿਰੁੱਧ ਸਾਰੀ ਜਨਤਾ ਨੂੰ ਨਰਭੈਤਾ ਦਾ ਪਾਠ ਪੜਾਇਆ। ਇਹ ਨਿਰਭੈਤਾ ਵੀ ਸੂਰਬੀਰਤਾ ਨਾਲ ਹੀ ਆਉਂਦੀ ਹੈ। ਗੁਰੂ ਸਾਹਿਬਾਨ ਨੇ ਨਿਰਭੈਤਾ ਨਾਲ ਹੀ ਸਮਕਾਲੀਨ ਸੱਤਾ ਨਾਲ ਟੱਕਰ ਲੈ ਕੇ ਸਾਹਸ ਅਤੇ ਸੂਰਬੀਰਤਾ ਦਾ ਸਬੂਤ ਦਿੱਤਾ। ਗੁਰੂ ਸਾਹਿਬਾਨਾ ਨੇ ਸਮਾਜ ਵਿਚ ਵਾਪਰ ਰਹੇ ਦੁਰਾਚਾਰ ਅਤੇ ਅੱਤਿਆਚਾਰ ਨੂੰ ਜਬਰਦਸਤ ਚੁਣੌਤੀ ਦਿੱਤੀ:

ਭੈ ਕਾਹੂ ਕਉ ਦੇਤ ਨਹਿ॥

ਨਹ ਭੈ ਮਾਨਤ ਆਨ॥

ਕਹੁ ਨਾਨਕ ਸੁਨ ਰੇ ਮਨਾ॥

ਗਿਆਨੀ ਤਾਹਿ ਬਿਖਾਨੁ॥[174]

ਡਰੀਐ ਜੇ ਡਰ ਹੋਵੇ ਹੋਰ॥

ਡਰਿ ਡਰਿ ਮਰਨਾ ਮਨ ਕਾ ਸੋਰ॥[175]

ਭੈ ਰਚਿ ਰਹੋ ਸੁ ਨਿਰਭਉ ਹੋਇ॥[176]

ਨਿਰਭੈਅਤਾ ਅਤੇ ਸੂਰਬੀਰਤਾ ਸੰਬੰਧੀ ਡਾ. ਪਰਮਵੀਰ ਸਿੰਘ ਇਸ ਸੰਬੰਧੀ ਲਿਖਦੇ ਹਨ:

ਸਿੱਖ ਧਰਮ ਵਿਚ ਸਮਾਜਿਕ ਧਾਰਮਿਕ, ਰਾਜਨੀਤਿਕ ਤੇ ਆਰਥਿਕ ਕਦਰਾਂ-ਕੀਮਤਾਂ ਨੂੰ ਬਹਾਲ ਕਰਾਉਣ ਲਈ ਸਿੱਖ ਗੁਰੂ ਸਾਹਿਬਾਨ ਦਾ 'ਨਾ ਡਰਨ ਨਾ ਡਰਾਉਣ' ਦਾ ਜੋ ਸੰਕਲਪ ਦੇਖਣ ਨੂੰ ਮਿਲਦਾ ਹੈ ਉਹ

ਆਪਣੇ ਆਪ ਵਿਚ ਵਿਲੱਖਣ ਅਤੇ ਨਿਰਾਲਾ ਹੈ ਅਤੇ ਤਾਨਾਸ਼ਾਹੀ ਰਵੱਈਏ ਨੂੰ ਠੱਲ੍ਹ ਪਾਉਣ ਵਿਚ ਸਹਾਈ ਹੁੰਦਾ ਹੈ।[177]

**ਇਖਲਾਕੀ ਉਚਤਾ** - ਕਿਸੇ ਦੀ ਸਮਾਜ ਵਿਚ ਰਹਿੰਦੇ ਮਨੁੱਖਾਂ ਦੀ ਇਖਲਾਕੀ ਉਚਤਾ ਉਤੇ ਹੀ ਉਸ ਸਮਾਜ ਦਾ ਉਸਾਰ ਨਿਰਭਰ ਕਰਦਾ ਹੈ। ਸਿੱਖ ਸ਼ਹਾਦਤ ਪਰੰਪਰਾ ਇਖਲਾਕੀ ਉਚਤਾ ਨੂੰ ਮਨੁੱਖੀ ਵਿਕਾਸ ਲਈ ਜ਼ਰੂਰੀ ਮੰਨਦੀ ਹੈ। ਸਿੱਖ ਸ਼ਹਾਦਤ ਪਰੰਪਰਾ ਦਾ ਦੋ ਮੁੱਖੀ ਮੁਹਾਣ ਰਿਹਾ ਹੈ ਇਕ ਐਸਾ ਸਮਾਜ ਸਿਰਜਣਾ ਜਿਸ ਵਿਚ ਸਮਾਜੀ ਤੇ ਰਾਜਸੀ, ਸੱਭਿਆਚਾਰਕ ਪੱਧਰ ਤੇ ਅਜਿਹੇ ਆਦਰਸ਼ ਸਥਾਪਿਤ ਕਰਨੇ ਅਤੇ ਦੂਜੇ ਪਾਸੇ ਉਹਨਾਂ ਆਦਰਸ਼ਾਂ ਤੇ ਚੱਲਣ ਵਾਲੇ ਅਜਿਹੇ ਮਨੁੱਖਾਂ ਦੀ ਘਾੜਤ ਕਰਨੀ ਜਿਸ ਨਾਲ ਸਮਾਜ ਬਦਲ ਸਕੇ। ਆਚਰਣਹੀਣ ਵਿਅਕਤੀ ਨਾ ਤਾਂ ਆਪਣੀ ਤਰੱਕੀ ਕਰ ਸਕਦਾ ਹੈ ਨਾ ਸਮਾਜ ਦੀ, ਇਸ ਲਈ ਹਉਮੈ ਨੂੰ ਮਾਰ ਕੇ ਨਿਮਰਤਾ ਵਾਲਾ ਜੀਵਨ ਜਿਉਣਾ ਵਿਅਕਤੀਗਤ ਅਤੇ ਸਮਾਜੀ ਵਿਵਸਥਾ ਲਈ ਚੰਗਾ ਮੰਨਿਆ ਗਿਆ ਹੈ ਕੁਰਿਹਤਾਂ ਦਾ ਤਿਆਗ, ਕੇਸਾਂ ਦੀ ਬੇਅਦਬੀ, ਕੁੱਠਾ ਖਾਣਾ, ਤਮਾਕੂ ਦਾ ਸੇਵਨ, ਪਰ ਇਸਤਰੀ ਪੁਰਸ਼ ਗਮਨ, ਆਦਿ ਵਰਜਿਤ ਹਨ:

ਜਿਤੁ ਪੀਤੈ ਮਤਿ ਦੂਰਿ ਹੋਇ॥
ਬਰਲੁ ਪਵੈ ਵਿਚਿ ਆਇ॥
ਜਿਤੁ ਪੀਤੈ ਖਸਮ ਵਿਸਰੈ॥
ਦਰਗਹੁ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ॥
ਜੇ ਕਾ ਪਾਰਿ ਵਸਾਇ॥[178]

ਭਾਈ ਗੁਰਦਾਸ ਬਿਆਨ ਕਰਦੇ ਹਨ:

ਪੋਸਤ ਭੰਗ ਸਰਾਬ ਦਾ ਚਲੈ॥
ਪਿਆਲਾ ਭਗਤ ਭੰਚਾਇਆ॥

ਵਜਨਿ ਬੁਰਗੂ ਸਿੰਙੀਆਂ।।

ਸੰਖ ਨਾਦ ਰਹਿਰਾਸ ਕਰਾਇਆ।।

ਆਦਿ ਪੁਰਖ ਆਦੇਸ ਕਰਿ।।

ਅਲਖ ਜਗਾਇਨ ਅਲਖ ਲਖਾਇਆ।।[179]

ਸਦਾਚਾਰੀ ਜੀਵਨ ਜਿਊਣ ਲਈ ਗੁਰੂ ਸਾਹਿਬਾਨ ਨੇ ਔਰਤ ਮਰਦ ਦੇ ਰਿਸ਼ਤੇ ਵਿਚ ਵਿਸ਼ਵਾਸ, ਸੰਜਮ ਅਤੇ ਗ੍ਰਹਿਸਥੀ ਤੇ ਜ਼ੋਰ ਦਿੱਤਾ ਹੈ, ਜਿਸ ਨਾਲ ਸਮਾਜਿਕ ਜੀਵਨ ਵਿਚ ਗਤੀਸ਼ੀਲਤਾ ਬਣੀ ਰਹੇ:

ਏਕਾ ਨਾਰੀ ਜਤੀ ਹੋਇ।।

ਪਰਨਾਰੀ ਧੀ ਭੈਣ ਵਖਾਵੇ।।[180]

**ਸਰਬੱਤ ਦਾ ਭਲਾ ਤੇ ਚੜ੍ਹਦੀ ਕਲ੍ਹਾ** ਦਾ ਸਰੂਪ ਸਿੱਖ ਸ਼ਹਾਦਤ ਪਰੰਪਰਾ ਦਾ ਅਜਿਹਾ ਪਾਸਾਰ ਹੈ ਜਿਸ ਨੇ ਕੌਮ ਨੂੰ ਬਲ ਬਖਸ਼ਿਆ ਹੈ। ਚੜ੍ਹਦੀ ਕਲ੍ਹਾ ਤੋਂ ਬਿਨਾਂ ਸ਼ਹੀਦੀਆਂ ਦੇਣ ਦਾ ਆਤਮਿਕ ਬਲ ਨਹੀਂ ਪੈਦਾ ਹੋ ਸਕਦਾ ਸੀ ਅਤੇ ਸਰਬੱਤ ਦਾ ਭਲਾ ਮੰਗਣਾ ਸਿੱਖ ਧਰਮ ਅਤੇ ਸ਼ਹਾਦਤ ਪਰੰਪਰਾ ਦਾ ਅਜਿਹਾ ਮਾਨਵੀ ਮੁੱਲ ਹੈ ਜਿਸ ਨੂੰ ਗੁਰੂ ਸਾਹਿਬਾਨ ਨੇ ਆਪਣੀ ਜ਼ਿੰਦਗੀ ਰਾਹੀਂ ਵਿਹਾਰਕ ਰੂਪ ਵਿਚ ਸ਼ਹਾਦਤਾਂ ਦੇ ਕੇ ਪ੍ਰਗਟ ਕੀਤਾ ਹੈ।

ਮੁਗਲ ਹਕੂਮਤ ਦੁਆਰਾ ਸਿੱਖਾਂ ਤੇ ਅੱਤਿਆਚਾਰ ਅਤੇ ਦੇਖਦਿਆਂ ਹੀ ਗੋਲੀ ਮਾਰ ਦੇਣ ਦੇ ਹੁਕਮਾਂ ਨੇ ਸਿੱਖਾਂ ਨੂੰ ਜਾਨਵਰਾਂ ਤੋਂ ਵੀ ਭੈੜਾ ਜੀਵਨ ਬਤੀਤ ਕਰਨ ਲਈ ਮਜਬੂਰ ਕੀਤਾ ਸਿੱਖਾਂ ਦੇ ਵਸੇਬੇ ਉਸ ਜਗ੍ਹਾ ਤੇ ਰਹੇ ਜਿਥੇ ਖਾਣ-ਪੀਣ ਅਤੇ ਪਾਣੀ ਦੀ ਵੀ ਸਹੂਲਤ ਨਹੀਂ ਸੀ। ਇਹਨਾਂ ਮਜਬੂਰੀ ਭਰੇ ਹਾਲਾਤਾਂ ਵਿਚ ਸਿੱਖਾਂ ਨੂੰ ਸਿਰਫ ਅਕਾਲ ਪੁਰਖ ਦਾ ਆਸਰਾ ਰਿਹਾ। ਗੁਰੂ ਸਾਹਿਬਾਨ ਦੀਆਂ ਦਿੱਤੀਆਂ ਸ਼ਹਾਦਤਾਂ ਨੇ ਨਵੀਆਂ ਪਿਰਤਾਂ ਪਾ ਦਿੱਤੀਆਂ। ਸਿੱਖ ਔਖੇ ਤੋਂ ਔਖੇ ਸਮੇਂ ਵਿਚ ਵੀ ਚੜ੍ਹਦੀ ਕਲ੍ਹਾ ਵਿਚ ਰਹੇ। ਇਸ ਚੜ੍ਹਦੀ ਕਲ੍ਹਾ ਦੀ ਪ੍ਰੇਰਨਾ ਨੇ ਸਿੱਖਾਂ ਵਿਚ ਅਤਿਅੰਤ ਦਲੇਰੀ ਵਾਲਾ ਅਹਿਸਾਸ ਭਰ ਦਿੱਤਾ। ਸਾਰੀਆਂ ਦੁੱਖ ਤਕਲੀਫਾਂ ਨੂੰ ਹੱਸ ਕੇ ਸਹਿਣ ਦੀ ਪ੍ਰੇਰਣਾ ਸਦਕਾ ਉਹਨਾਂ ਦੀ ਸ਼ਬਦਾਵਲੀ ਦਲੇਰਾਨਾ ਹੋ ਗਈ। ਔਖੀ ਤੋਂ

ਔਖੀ ਸਥਿਤੀ ਵਿਚ ਵੀ ਹੱਸ ਕੇ ਲੋੜ ਨੂੰ ਪੂਰਿਆਂ ਕਰਨ ਵਾਲੀ ਸ਼ਬਦਾਵਲੀ ਵਰਤੀ ਜਾਂਦੀ। ਜਿਵੇਂ ਭੁੰਨੇ ਹੋਏ ਛੋਲਿਆਂ ਨੂੰ ਬਦਾਮ, ਸਾਗ ਨੂੰ ਪਲਾਓ, ਕੜ੍ਹੀ ਨੂੰ ਬਸੰਤੀ ਅਤੇ ਰਜਾਈ ਨੂੰ ਗੁਲਾਬ ਕੌਰ, ਰੋਟੀ ਖਤਮ ਹੋਣ ਤੇ ਲੰਗਰ ਮਸਤ ਹੋ ਜਾਣਾ ਕਿਹਾ ਜਾਂਦਾ। ਕਾਲ ਨੂੰ ਕਾਲਾ ਸਿੰਘ ਰੋਟੀ ਨੂੰ ਪਰਸ਼ਾਦਾ, ਡੰਨੇ ਨੂੰ ਥਾਣੇਦਾਰ, ਕੁੱਤੇ ਨੂੰ ਬ੍ਰਾਹਮਣ, ਗੱਠੇ ਨੂੰ ਰੂਪਾ, ਚਾਹ ਨੂੰ ਘਰ ਫੂਕਣੀ ਅਤੇ ਮਰ ਗਏ ਨੂੰ ਸਵਰਗ ਕਰ ਗਿਆ ਕਹਿਣਾ। ਚੱਕੀ ਪੀਹ ਕੇ ਆਟਾ ਤਿਆਰ ਕਰਨ ਨੂੰ ਫਿਰਨੀ ਦੀ ਸਵਾਰੀ ਕਿਹਾ ਜਾਂਦਾ। ਰੋਜ਼ਾਨਾ ਵਰਤੋਂ ਵਿਚ ਆਉਣ ਵਾਲੇ ਸ਼ਬਦਾਂ ਨੂੰ ਨਵਾਂ ਰੂਪ ਦੇ ਦਿੱਤਾ ਗਿਆ ਜਿਵੇਂ ਕਿ ਇਕ ਸਿੰਘ ਨੂੰ ਸਵਾ ਲੱਖ, ਰੁਪਏ ਨੂੰ ਦਮੜੀ, ਪਤਨੀ ਨੂੰ ਸਿੰਘਣੀ, ਬੱਚੇ ਨੂੰ ਭੁਝੰਗੀ। ਦੋ-ਚਾਰ ਸਿੰਘਾਂ ਦੇ ਗਰੁੱਪ ਨੂੰ ਫੌਜ। ਕਾਣੇ ਨੂੰ ਲੱਖ ਨੇਤਰਾ, ਅੰਨੇ ਨੂੰ ਸੂਰਮਾਂ, ਔਰਤ ਨੂੰ ਬੇਬੇ, ਬੁੱਢੇ ਆਦਮੀ ਨੂੰ ਬਜ਼ੁਰਗ ਕਹਿ ਕੇ ਸਤਿਕਾਰਿਆ ਜਾਂਦਾ। ਹਾਰ ਜਾਣ ਨੂੰ ਹਰਨ ਹੋ ਜਾਣਾ। ਇਹ ਅਜਿਹੀ ਸ਼ਬਦਾਵਲੀ ਹੈ ਜਿਹੜੀ ਸਿੰਘਾਂ ਨੂੰ ਚੜ੍ਹਦੀ ਕਲ੍ਹਾ ਵਿਚ ਰੱਖਦੀ ਹੈ ਅਤੇ ਅਜਿਹੀ ਸਥਿਤੀ ਵਿਚ ਅੱਤ ਦੇ ਭੈੜੇ ਸਮੇਂ ਨੂੰ ਹੱਸ ਹੱਸ ਕੇ ਗੁਜ਼ਾਰਨ ਦੀ ਪ੍ਰੇਰਣਾ ਦਿੱਤੀ ਗਈ। ਗੁਰਮਤਿ ਵਿਚ ਸਰਬੱਤ ਦੇ ਭਲੇ ਸੰਬੰਧੀ ਕਿਹਾ ਗਿਆ ਹੈ:

> ਧਨ ਧਨ ਹਰਿ ਗਿਆਨੀ॥
> ਸਤਿਗੁਰ ਹਮਾਰਾ, ਜਿਨਿ ਵੈਰੀ ਮਿਤ੍ਰ॥
> ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥[181]

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਲੈ ਕੇ ਗੁਰੂ ਤੇਗ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਦੇ ਸਹਿਬਜ਼ਾਦੇ ਅਤੇ ਅਨੇਕਾਂ ਸਿੰਘਾਂ ਦੀਆਂ ਕੁਰਬਾਨੀਆਂ ਸਰਬੱਤ ਦੇ ਭਲੇ ਲਈ ਹੀ ਦਿੱਤੀਆਂ ਗਈਆਂ ਹਨ। ਸਰਬੱਤ ਦੇ ਭਲੇ ਸੰਬੰਧੀ ਡਾ. ਵਜੀਰ ਸਿੰਘ ਦਾ ਵਿਚਾਰ ਹੈ:

> ਸਰਬੱਤ ਦਾ ਭਲਾ ਮਾਨਵੀ ਵਰਗ ਦੀ ਅਜਿਹੀ ਲਾਸਾਨੀ ਕੀਮਤ ਹੈ ਜੋ ਆਪਣੀ ਵਿਸ਼ਾਲਤਾ ਵਿਚ ਕਦਰ ਕਰਮ (ਮਿਹਰ) ਦੀ ਦੈਵੀ ਕੀਮਤ ਵਾਂਗ ਵਿਸ਼ਵ ਅਰਥੀ ਹੈ। ਕੀਮਤਾਂ ਦੀ ਸਤਰੰਗੀ ਪੀਂਘ ਵਿਚੋਂ ਜੇਕਰ ਦੈਵੀ ਕਿਰਪਾ ਇਕ ਸਿਰੇ ਦਾ ਰੰਗ ਹੈ ਤਾਂ ਸਰਬੱਤ ਦਾ ਭਲਾ ਦੂਜੇ ਸਿਰੇ ਦੀ ਮਾਨਵੀ ਰੰਗ ਹੈ।[182]

ਸ਼ਹੀਦੀਆਂ ਚੜ੍ਹਦੀ ਕਲ੍ਹਾ ਨਾਲ ਹੀ ਦਿੱਤੀਆਂ ਜਾ ਸਕਦੀਆਂ ਹਨ ਇਹ ਅਜਿਹਾ ਮਾਲਵੀ ਮੁੱਲ ਹੈ ਜੋ ਮਨੁੱਖ ਨੂੰ ਮੁਸੀਬਤ ਵਿਚ ਵੀ ਡੋਲਣ ਨਹੀਂ ਦਿੰਦਾ। ਇਹ ਮਨੋਬਲ ਦੀ ਉਹ ਅਵਸਥਾ ਹੈ ਜਦੋਂ ਮਨੁੱਖ ਵਿਰੋਧੀ ਸਥਿਤੀਆਂ ਦਾ ਟਾਕਰਾ ਡਟ ਕੇ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ। ਸਿੱਖ ਧਰਮ ਵਿਚ ਖਾਲਸਾ ਪੰਥ ਦੀ ਅਨੰਤ ਪ੍ਰੇਰਣਾ, ਸ਼ਕਤੀ ਤੇ ਆਸ਼ਾਵਾਦੀ ਚੜ੍ਹਦੀ ਕਲ੍ਹਾ ਦਾ ਸੰਕਲਪ ਹੈ। ਸਿੱਖਾਂ ਦੇ ਅਤਿਆਚਾਰੀ ਦਿਨਾਂ ਵਿਚ ਮਾਨਸਿਕ ਆਸ਼ਾਵਾਦ ਨਾਲ ਬੱਝਾ ਸੰਕਲਪ ਚੜ੍ਹਦੀ ਕਲ੍ਹਾ ਅਖਵਾਇਆ। ਅਰਦਾਸ ਵਿਚ ਕਿਹਾ ਜਾਂਦਾ ਹੈ:

ਨਾਨਕ ਨਾਮ ਚੜ੍ਹਦੀ ਕਲਾ।।
ਤੇਰੇ ਭਾਣੇ ਸਰਬੱਤ ਦਾ ਭਲਾ।।[183]

**ਪਤਿ ਸਹਿਤ ਜਿਊਣਾ** – ਸਿੱਖ ਸ਼ਹਾਦਤ ਪਰੰਪਰਾ ਪਤਿ ਸਹਿਤ ਜਿਊਣ ਨੂੰ ਮਾਨਵੀ ਮੁੱਲ ਵਜੋਂ ਸਥਾਪਿਤ ਕਰਦਾ ਹੈ। ਪਤਿ ਤੋਂ ਬਿਨਾਂ ਸਵੈ-ਮਾਣ ਵਾਲਾ ਜੀਵਨ ਨਹੀਂ ਜਿਊਇਆ ਜਾ ਸਕਦਾ। ਉਹ ਜੀਵਨ ਅਸਫਲ ਹੈ। ਪਤਿ ਅਤੇ ਬੇਪਤੀ ਅਜਿਹੇ ਮੁੱਲਾਂ ਅਧੀਨ ਆਉਂਦੇ ਹਨ ਜੋ ਸਮਾਜਿਕ ਜੀਵਨ ਜੀਵਨ ਸ਼ੈਲੀ ਦਾ ਅਨਿਖੜ ਅੰਗ ਹਨ।

ਸਮਾਜਿਕ ਰੁਤਬਾ ਅਤੇ ਮਨੁੱਖੀ ਆਚਾਰ ਵਿਹਾਰ ਅਨਿੱਖੜ ਹਨ। ਇੱਜ਼ਤ ਮਨੁੱਖੀ ਪ੍ਰਾਪਤੀਆਂ ਅਤੇ ਪਦਵੀਆਂ ਦੇ ਮਹੱਤਵ ਨੂੰ ਹੋਰ ਵਧਾ ਦਿੰਦੀ ਹੈ ਜੇਕਰ ਇੱਜ਼ਤ ਗੁਆਚ ਜਾਏ ਤਾਂ ਇਹਨਾਂ ਦਾ ਕੋਈ ਮਹੱਤਵ ਨਹੀਂ ਰਹਿੰਦਾ। ਪਤਿ ਦੀ ਕੀਮਤ ਜਾਂ ਕੇਵਲ ਮਨੁੱਖ ਦੀਆਂ ਆਪਣੀਆਂ ਨਜ਼ਰਾਂ ਵਿਚ ਹੈ ਸਗੋਂ ਸਮਾਜਿਕ ਨਜ਼ਰੀਏ ਤੋਂ ਵੀ ਇਸ ਦਾ ਬਹੁਤ ਮਹੱਤਵ ਹੈ:

ਜੇ ਜੀਵੈ ਪਤਿ ਲਥੀ ਜਾਇ।।
ਸਭ ਹਰਾਮੁ ਜੇਤਾ ਕਿਉ ਖਾਇ।। [184]

ਪਤਿ ਬਿਨਾ ਪੂਜਾ-ਪਾਠ, ਰਹਿਤ ਤੇ ਬਾਹਰੀ ਪਹਿਰਾਵਾ ਸਭ ਵਿਅਰਥ ਹਨ:

ਜਾ ਪਤਿ ਲੇਖੈ ।।
ਪਵੈ ਸਭ ਪੂਜਾ।।
ਖੁਆਰ।।[185]

ਗੁਰੂ ਸਾਹਿਬਾਨ ਅਨੁਸਾਰ ਉਹੀ ਸ਼ਬਦ ਬੋਲਣੇ ਚਾਹੀਦੇ ਹਨ ਜਿਨ੍ਹਾਂ ਦੇ ਬੋਲਿਆਂ ਇੱਜਤ ਵਧਦੀ ਹੈ:

ਜਿਤੁ ਬੋਲਿਐ ਪਤਿ ਪਾਈਐ ॥

ਸੋ ਬੋਲਿਆ ਪਰਵਾਣੁ॥[186]

ਨਾਨਕ ਗੁਰ ਬਿਨੁ ਨਾਹਿ ਪਤਿ॥

ਪਤਿ ਵਿਣੁ ਧਾਰਿ ਨ ਪਾਇ॥[187]

ਪਤਿ ਸੇਤੀ ਜਾਵੈ ਸਹਿਜ ਸਮਾਵੈ॥

ਸਗਲੇ ਦੁਖ ਮਿਟਾਵੈ ॥

ਕਹੁ ਨਾਨਕ ਪ੍ਰਾਣੀ ਗੁਰਮੁਖਿ ਛੂਟੇ॥

ਸਾਚੇ ਤੇ ਪਤਿ ਪਾਵੈ॥ [188]

ਇਸ ਪ੍ਰਕਾਰ ਪਤਿ ਅਜਿਹਾ ਮਾਨਵੀ ਮੁੱਲ ਹੈ ਜੋ ਮਨੁੱਖ ਦੇ ਵਿਅਕਤੀਤਵ, ਸਮਾਜਿਕ ਅਤੇ ਅਧਿਆਤਮਕ ਪੱਧਰ ਤੇ ਸਵੈ ਮਾਣ ਨਾਲ ਜਿਊਣ ਤੇ ਦਰਗਾਹ ਦੀ ਪ੍ਰਵਾਨਗੀ ਲਈ ਜ਼ਰੂਰੀ ਹੈ।

**ਸਮਾਨਤਾ** – ਸਮਾਨਤਾ ਅਜਿਹਾ ਮੁੱਲ ਹੈ ਜਿਸ ਰਾਹੀਂ ਮਨੁੱਖ ਜਾਤੀ ਦੇ ਕਿਸੇ ਵੀ ਮਨੁੱਖ ਨੂੰ ਉਸਦੀ ਜਾਤ ਰੰਗ ਨਸਲ ਧਰਮ ਲਿੰਗ ਦੇ ਅਧਾਰ ਤੇ ਵਿਤਕਰੇ ਦੀ ਭਾਵਨਾ ਨਾਲ ਨਾ ਦੇਖੇ ਇਕੋ ਧਰਾਤਲ ਤੇ ਵਿਚਾਰਿਆ ਜਾਂਦਾ ਹੈ। ਸਿੱਖ ਸ਼ਹਾਦਤ ਪਰੰਪਰਾ ਵਿਚ ਹਰ ਮਨੁੱਖ ਨੂੰ ਅਕਾਲ ਪੁਰਖ ਦੀ ਜੋਤ ਤੋਂ ਉਤਪੰਨ ਹੋਇਆ ਮੰਨਿਆ ਗਿਆ ਹੈ। ਸਿੱਖ ਸ਼ਹਾਦਤ ਪਰੰਪਰਾ ਨੇ ਸਮਾਜ ਵਿਚਲੀ ਜਾਤ-ਪਾਤ ਊਚ ਨੀਚ, ਰੁਤਬੇ ਦੀ ਹੰਕਾਰ ਵਾਲੀ ਭਾਵਨਾ ਨੂੰ ਫਿਜ਼ੂਲ ਦੇ ਕਰਮ ਮੰਨਿਆ ਹੈ:

ਫਕੜ ਜਾਤੀ ਫਕੜੁ ਨਾਉ॥

ਸਭਨਾ ਜੀਆ ਇਕਾ ਛਾਉ॥[189]

ਜਾਣਹੁ ਜੋਤਿ ਨ ਪੂਛਹੁ ਜਾਤੀ॥

ਆਗੋ ਜਾਤਿ ਨਹੇ॥[190]

ਗੁਰੂ ਸਾਹਿਬ ਨੇ ਹਰ ਖੇਤਰ ਵਿਚ ਪ੍ਰਾਪਤ ਪਾਖੰਡ, ਰੂੜ ਸ਼ਾਸਤਰ ਵਿਧੀ, ਕਰੂਰਤਾ, ਦੁਸ਼ਟਤਾ, ਸੋਸ਼ਣ ਅਤੇ ਅਸਮਾਨਤਾ ਦਾ ਖੰਡਨ ਕੀਤਾ ਹੈ। ਸਮਾਨਤਾ ਦੇ ਮੁੱਲ ਨੂੰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਨਿਰੰਤਰ ਬਰਕਰਾਰ ਰੱਖਿਆ ਗਿਆ ਹੈ। ਡਾ. ਕੁਸਮ ਅਗਰਵਾਲ ਦਾ ਕਹਿਣਾ ਹੈ:

> ਗੁਰੂ ਨਾਨਕ ਦੇਵ ਜੀ ਨਵੇਂ ਗਿਆਨ, ਨਵੇਂ ਸਿਧਾਂਤ, ਅਤੇ ਨਵੀਨ ਅਧਿਆਤਮਕ ਅਤੇ ਸਮਾਜਿਕ ਮੁੱਲਾਂ ਦੇ ਨਿਰਮਾਤਾ ਸਨ। ਉਹਨਾਂ ਦੀ ਤੀਖਣ ਬੁੱਧੀ ਦੀ ਸਿਰਜਨਾਤਮਕ ਸ਼ਕਤੀ ਨੇ ਪ੍ਰਾਚੀਨ ਮੁੱਲਾਂ ਨੂੰ ਐਸਾ ਕ੍ਰਾਂਤੀਕਾਰੀ ਅਤੇ ਨਵਾਂ ਰੂਪ ਦਿੱਤਾ ਕਿ ਉਹਨਾਂ ਦੀ ਵਿਚਾਰਧਾਰਾ ਮਾਨਵਜਾਤੀ ਦੇ ਭੂਤ ਅਤੇ ਭਵਿੱਖ ਦੇ ਵਿਚ ਇਕੋ ਅਟੁੱਟ ਸੰਯੋਜਨ ਕੜੀ ਬਣ ਗਈ।[191]

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ ਨੂੰ ਬਾਕੀ ਗੁਰੂਆਂ ਦੇ ਸਮਾਨ ਦਰਜਾ ਦੇ ਕੇ ਜਾਤੀ ਪਾਤੀ ਸਮਾਨਤਾ ਦੀ ਮਿਸਾਲ ਪੈਦਾ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਜਾਤੀ ਪਾਤੀ, ਭੇਦ-ਭਾਵ, ਊਚ-ਨੀਚ ਦੇ ਵਿਕਾਰਾਂ ਨੂੰ ਦੂਰ ਕਰਨ, ਧਰਮ ਦੀ ਸਥਾਪਨਾ ਅਤੇ ਦੁਸ਼ਟਾਂ ਦਾ ਨਾਸ਼ ਕਰਨ ਲਈ ਹੀ ਕੀਤਾ। ਵੰਦਨਾ ਸਕਸੈਨਾ ਇਸ ਸੰਬੰਧੀ ਆਪਣਾ ਵਿਚਾਰ ਪ੍ਰਗਟਾਉਂਦੇ ਹਨ:

> ਗੁਰੂ ਗੋਬਿੰਦ ਸਿੰਘ ਜੀ ਵਾਸਤਵ ਵਿਚ ਇਕ ਸੰਵੇਦਨ ਸ਼ੀਲ ਕਵੀ, ਕੁਸ਼ਲ ਯੋਧਾ ਤੇ ਰਾਸ਼ਟਰ ਨਿਰਮਾਤਾ ਸਨ। ਉਹਨਾਂ ਨੇ ਮਾਨਵ ਜੀਵਨ ਦੀਆਂ ਅਨੇਕਾਂ ਵਿਸੰਗਤੀਆਂ ਦਾ ਖੰਡਨ ਕਰਕੇ ਨਵੇਂ ਮਾਨਵੀ ਮੁੱਲਾਂ ਨੂੰ ਪ੍ਰੇਰਿਤ ਕਰਕੇ ਲੋਕਾਂ ਵਿਚ ਚੇਤਨਾ ਪੈਦਾ ਕੀਤੀ।[192]

ਗੁਰੂ ਸਾਹਿਬ ਨੇ ਸਮਾਨਤਾ ਅਤੇ ਬਰਾਬਰੀ ਦੇ ਸੰਕਲਪ ਨੂੰ ਗੁਰੂ ਚੇਲੇ ਦੇ ਭੇਦ ਨੂੰ ਮਿਟਾ ਕੇ ਏਕਤਾ ਤੇ ਭਾਈਚਾਰੇ ਦੀ ਭਾਵਨਾ ਪੈਦਾ ਕੀਤੀ । ਖਾਲਸਾ ਪੰਥ ਦੀ ਸਥਾਪਨਾ ਹੀ ਜਾਤੀ ਪਾਤੀ ਰਹਿਤ ਸਮਾਜ ਦੀ ਸਥਾਪਨਾ ਹੈ।

ਇਸ ਸੰਬੰਧੀ ਡਾ. ਹਰਭਜਨ ਸਿੰਘ ਲਿਖਦੇ ਹਨ:

> ਗੁਰੂ ਗੋਬਿੰਦ ਸਿੰਘ ਦੇ ਅਸੀਮ ਗੁਣਾਂ ਵਿਚੋਂ ਸਭ ਤੋਂ ਕੀਮਤੀ ਗੱਲ ਇਹ ਸੀ ਕਿ ਉਹਨਾਂ ਨੇ ਗੁਰੂ ਤੇ ਚੇਲੇ ਵਿਚਲੇ ਅੰਤਰ ਨੂੰ ਪੂਰਣ ਰੂਪ ਵਿਚ ਖਤਮ ਕਰਕੇ ਮਨੁੱਖੀ ਬਰਾਬਰੀ ਦਾ ਇਕ ਸਰਵ ਉੱਤਮ ਆਦਰਸ਼ ਕਾਇਮ ਕੀਤਾ ਅਤੇ ਉਹਨਾਂ ਦੀ ਜੀਵਨ ਦੀਆਂ ਸਮੂਹ ਪ੍ਰਾਪਤੀਆਂ ਦਾ ਸਾਰ ਜਾਂ ਸਿੱਖ ਧਰਮ ਦੀ ਸਭ ਤੋਂ ਅਨਮੋਲ ਵਸਤੂ ਸੰਪੂਰਨ ਮਾਨਵੀ ਬਰਾਬਰੀ ਅਤੇ ਇਕ-ਸੁਰਤਾ ਹੀ ਹੈ।[193]

ਸਿੱਖ ਸ਼ਹਾਦਤ ਪਰੰਪਰਾ ਵਿਚ ਸਮਾਨਤਾ ਦਾ ਸੰਕਲਪ ਸਿਰਫ ਜਾਤ-ਪਾਤ, ਊਚ-ਨੀਚ, ਗਰੀਬੀ-ਅਮੀਰੀ, ਰੰਗ, ਨਸਲ, ਧਰਮ, ਕੌਮ ਤੱਕ ਹੀ ਸੀਮਤ ਨਹੀਂ ਇਹ ਜੀਵਨ ਦੀ ਮੁਢਲੀ ਇਕਾਈ ਪਰਿਵਾਰ ਅਤੇ ਔਰਤ ਮਰਦ ਦੇ ਰਿਸ਼ਤੇ ਵਿਚ ਵੀ ਸਮਾਨਤਾ ਨੂੰ ਪ੍ਰਧਾਨਤਾ ਦਿੰਦੀ ਹੈ। ਔਰਤ ਨੂੰ ਸਮੁੱਚੇ ਜੀਵਨ ਦੇ ਕਾਰ ਵਿਹਾਰ ਦਾ ਧੁਰਾ ਮੰਨਿਆ ਗਿਆ ਹੈ। ਉਹ ਪਰਮਾਤਮਾ ਦੀ ਰਚਨਾ ਹੈ ਜਿਸ ਵਿਚ ਉਸ ਨਾਲ ਕੋਈ ਅੰਤਰ ਨਹੀਂ ਕੀਤਾ ਜਾ ਸਕਦਾ:

> ਪੁਰਖ ਮਹਿ ਨਾਰ ਨਾਰ ਮਹਿ ਪੁਰਖਾ॥
> ਬੁਝਹੁ ਬ੍ਰਹਮ ਗਿਆਨੀ॥[194]
> ਮਾਈ ਬਾਪ ਪੁਤ੍ਰ ਸਭਿ ਹਰਿ ਕੀ ਕੀਏ॥
> ਸਭਕਾ ਕੁ ਸਨਬੰਧੁ ਹਰਿ ਕਰਿ ਦੀਏ॥[195]
> ਧਨ ਪਿਰ ਏਹਿ ਨ ਆਖੀਅਨ ਬਹਿਨ॥
> ਇਕਠੇ ਹੋਇ॥
> ਏਕ ਜੋਤਿ ਦੁਇ ਮੂਰਤੀ ਧਨ ਪਿਰ ਕਹੀਐ॥
> ਸੋਇ॥[196]

**ਸੇਵਾ** – ਮਾਨਵੀ ਮੁੱਲਾਂ ਵਿਚ ਸੇਵਾ ਅਜਿਹਾ ਮੁੱਲ ਹੈ ਜਿਸ ਰਾਹੀਂ ਮਨੁੱਖ ਆਪਣੇ ਮਨ ਵਿੱਚੋਂ ਵਿਤਕਰੇ, ਹੰਕਾਰ, ਊਚ–ਨੀਚ, ਭੇਦ ਭਾਵ ਨੂੰ ਦੂਰ ਕਰਕੇ ਸਮੂਹ ਮਨੁੱਖਤਾ ਨੂੰ ਇਕੋ ਧਰਾਤਲ ਤੇ ਵਿਚਾਰਦਾ ਹੈ। ਸੇਵਾ ਮਨ ਵਿਚਲੀਆਂ ਵਿਸੰਗਤੀਆਂ ਨੂੰ ਦੂਰ ਕਰਦੀ ਹੈ। ਸੇਵਾ ਸਬੰਧੀ ਪੰਜਾਬੀ ਕੋਸ਼ ਵਿਚ ਲਿਖਿਆ ਹੈ :

> ਸੇਵਾ ਦੇ ਅਰਥ ਟਹਿਲ, ਚਾਕਰੀ, ਨੌਕਰੀ, ਭਗਤੀ, ਉਪਾਸਨਾ ਲੋਕ ਸੇਵਾ ਦੀ ਯੋਗਤਾ ਹਨ।[197]

ਡਾ. ਗੁਰਨਾਮ ਕੌਰ ਸੇਵਾ ਦੇ ਸੰਬੰਧ ਵਿਚ ਆਪਣਾ ਵਿਚਾਰ ਦੇਂਦੇ ਹਨ:

> ਸੇਵਾ ਸੰਸਕ੍ਰਿਤ ਭਾਸ਼ਾ ਤੋਂ ਆਇਆ ਸ਼ਬਦ ਹੈ ਇਸ ਦੇ ਵੱਖ ਵੱਖ ਅਰਥ ਕੀਤੇ ਗਏ ਹਨ। ਪਰਿਚਯ, ਖਿਦਮਤ, ਟਹਿਲ, ਪੂਜਾ, ਸ਼ਰਧਾਂਜਲੀ, ਢਾਓ, ਉਪਯੋਗ, ਚਾਪਲੂਸੀ, ਧਰਮ, ਸੰਤਨ, ਕਰਨ ਦਾ ਕਰੱਤਵ ਸੇਵਾ ਕਰਨ ਦੀ ਵਿਧੀ ਜਾਂ ਪ੍ਰਥਾ ਆਦਿ। ਸੇਵਾ ਸ਼ਬਦ ਦਾ ਪੰਜਾਬੀ ਰੂਪ ਹੀ ਸੇਵਾ ਹੈ।[198]

ਭਾਰਤੀ ਪਰੰਪਰਾ ਵਿਚ ਸੇਵਾ ਕਰਨੀ ਦਾਸ ਅਤੇ ਨੀਵੀਂ ਸ਼੍ਰੇਣੀ ਦੇ ਲੋਕਾਂ ਦਾ ਫਰਜ਼ ਅਤੇ ਕਿੱਤਾ ਸਮਝਿਆ ਜਾਂਦਾ ਰਿਹਾ ਹੈ। ਸਮਾਜ ਵਿਚ ਸ਼ੂਦਰ ਵਰਗ ਦਾ ਫਰਜ਼ ਹੀ ਬ੍ਰਾਹਮਣ, ਖੱਤਰੀ, ਵੈਸ਼ ਦੀ ਸੇਵਾ ਕਰਨਾ ਹੈ। ਇਸ ਤੋਂ ਇਲਾਵਾ ਕੀਤਾ ਗਿਆ ਕੰਮ ਨਿਸਫਲ ਮੰਨਿਆ ਗਿਆ ਹੈ। ਦਾਸ ਅਤੇ ਸ਼ੂਦਰਾਂ ਨੂੰ ਸੇਵਾ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਰਿਹਾ ਹੈ। ਸ਼ੂਦਰ ਗਰੀਬੀ ਅਤੇ ਪਸ਼ੂ ਪੱਧਰ ਦਾ ਜੀਵਨ ਬਤੀਤ ਕਰਨ ਲਈ ਮਜਬੂਰ ਰਹੇ ਹਨ। ਭਾਰਤੀ ਪਰੰਪਰਾ ਵਿਚ ਸੇਵਾ ਨੀਵੀਂ ਪੱਧਰ ਦਾ ਕੰਮ ਮੰਨਿਆ ਗਿਆ ਹੈ ਕਿਉਂਕਿ ਸੇਵਾ ਦਾ ਕੰਮ ਬ੍ਰਹਮਾਂ ਦੇ ਪੈਰ੍ਹਾਂ ਵਿਚੋਂ ਨਿਕਲੇ ਨੀਚ ਸ਼ੂਦਰ ਵਰਗ ਦਾ ਕਰਮ ਹੈ ਪਰ ਸਿੱਖ ਧਰਮ ਵਿਚ ਸੇਵਾ ਦੇ ਸੰਕਲਪ ਨੂੰ ਬੜੀ ਦ੍ਰਿੜਤਾ ਨਾਲ ਪਾਲਿਆ ਗਿਆ ਹੈ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਸੰਚਰਿਤ ਕੀਤਾ ਗਿਆ ਹੈ। ਸੇਵਾ ਸਿੱਖ ਧਰਮ ਦਾ ਜ਼ਰੂਰੀ ਅੰਗ ਮੰਨਿਆ ਗਿਆ ਹੈ ਕਿਉਂਕਿ ਇਹ ਮਨੁੱਖੀ ਆਚਰਣ ਘੜਦੀ ਹੈ। ਸਿੱਖ ਸ਼ਹਾਦਤ ਪਰੰਪਰਾ ਰਾਹੀਂ ਗੁਰੂ ਸਾਹਿਬਾਨ ਨੇ ਸੇਵਾ ਨੂੰ ਸਖਸ਼ੀ

ਵਲਗਣਾਂ ਤੋਂ ਮੁਕਤ ਮਨੁੱਖਤਾ ਅਤੇ ਸਮਾਜੀ ਭਾਈਚਾਰੇ ਹਿਤ ਕਰਣ ਵਾਲਾ ਕੰਮ ਮੰਨਿਆ ਹੈ। ਸੇਵਾ ਦੇ ਨਵੇਂ ਅਰਥ ਇਸ ਨੂੰ ਉੱਤਮ ਕਾਰਜ ਸਵੀਕਾਰ ਕਰਦੇ ਹਨ। ਸੇਵਾ ਰੱਬੀ ਪ੍ਰਵਾਨਗੀ ਦਾ ਸਾਧਨ ਵੀ ਹੈ। ਡਾ. ਰਤਨ ਸਿੰਘ ਜੱਗੀ ਇਸ ਸੰਬੰਧੀ ਆਪਣਾ ਵਿਚਾਰ ਦਿੰਦੇ ਹਨ:

> ਗੁਰੂ ਨਾਨਕ ਦੀ ਸਾਧਨਾ ਵਿਚ ਸੇਵਾ ਦਾ ਬੜਾ ਮਹੱਤਵ ਹੈ। ਇਹ ਬਹੁਤ ਉੱਚੀ ਸਾਧਨਾ ਹੈ। ਮਨੁੱਖ ਦੀ ਹਰ ਹਰਕਤ ਹਉਮੈ ਵਾਲੀ ਹੁੰਦੀ ਹੈ। ਸੇਵਾ ਦੀ ਭਾਵਨਾ ਹੀ ਹਉਮੈ ਨੂੰ ਨਸ਼ਟ ਕਰ ਸਕਦੀ ਹੈ ਕਿਉਂਕਿ ਹਉਮੈ ਧੁੰਦ ਗੁਬਾਰ ਹੈ, ਸੇਵਾ ਪ੍ਰਕਾਸ਼ ਹੈ। ਹਉਮੈ ਆਪਣੇ ਆਪ ਵਿਚ ਜਾਂ ਆਪਣੇ ਲਈ ਜਾਣਾ ਹੈ ਪਰ ਸੇਵਾ ਦੁਆਰਾ ਦੂਜਿਆਂ ਲਈ ਜੀਵਿਆ ਜਾ ਸਕਦਾ ਹੈ।[199]

ਸਵਾਰਥ ਰਹਿਤ ਸੇਵਾ, ਸਤਿ ਸੰਤੋਖ, ਦਇਆ ਧਰਮ ਅਤੇ ਧੀਰਜ ਬਖਸ਼ਦੀ ਹੈ। ਸਿੱਖ ਧਰਮ ਵਿਚ ਸੇਵਾ ਦੇ ਕਈ ਰੂਪ ਮੰਨੇ ਗਏ ਹਨ, ਪ੍ਰਭੂ ਸੇਵਾ, ਸੰਤ ਸੇਵਾ, ਸੰਗਤ ਸੇਵਾ, ਗੁਰੂ ਦੀ ਸੇਵਾ, ਆਦਿ ਪਰ ਨਿਸ਼ਕਾਮ ਸੇਵਾ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।

> ਸੇਵਾ ਕਰਤ ਹੋਇਨਿਹਕਾਮੀ॥
> ਤਿਸ ਕਉ ਹੋਤ ਪਰਮਤਿ ਸੁਆਮੀ॥[200]

ਸਿੱਖ ਸ਼ਹਾਦਤ ਪਰੰਪਰਾ ਵਿਚ ਗੁਰੂ ਸਾਹਿਬਾਨ ਨੇ ਸਭ ਤੋਂ ਉੱਤਮ ਮਨੁੱਖਤਾ ਦੀ ਸੇਵਾ ਨੂੰ ਹੀ ਮੰਨਿਆ ਹੈ ਅਤੇ ਗੁਰੂ ਦੀ ਸੇਵਾ ਸਭ ਤੋਂ ਉਤਮ ਦਰਜਾ ਰੱਖਦੀ ਹੈ:

> ਵਿਚ ਦੁਨੀਆ ਸੇਵਾ ਕਮਾਇਐ॥
> ਤ ਦਰਗਾਹ ਬੈਸਣ ਜਾਈ ਐ॥[201]

ਗੁਰੂ ਦੀ ਸੇਵਾ ਵੀ ਉੱਤਮ ਦਰਜਾ ਰੱਖਦੀ ਹੈ:

> ਸਤਿਗੁਰ ਸੇਵਾ ਸਫ਼ਲ ਹੈ॥
> ਜੇ ਕੋ ਕਰੇ ਚਿਤ ਲਾਵੈ॥[202]

ਗੁਰੂ ਸਾਹਿਬਾਨਾ ਨੇ ਮਨੁੱਖਤਾ ਦੀ ਸੇਵਾ ਨੂੰ ਪਹਿਲ ਦਿੰਦਿਆਂ ਹੋਇਆ ਸਿੱਖ ਨੂੰ ਬਾਰ ਬਾਰ ਤਨ, ਮਨ ਤੇ ਧਨ ਨਾਲ ਸੇਵਾ ਕਰਨ ਦਾ ਵਿਧਾਨ ਬਖਸ਼ਿਆ ਹੈ। ਗੁਰੂ ਸਾਹਿਬਾਨ ਨੇ

ਮਨੁੱਖਤਾ ਦੀ ਸੇਵਾ ਹਿਤ ਲੰਗਰ, ਹਸਪਤਾਲ ਅਤੇ ਵਪਾਰ ਦੇ ਕਾਰਜਾਂ ਨੂੰ ਪਹਿਲ ਦਿੱਤੀ। ਲੰਗਰ ਦੀ ਸੇਵਾ ਮਨੁੱਖਤਾ ਦੀ ਨਿਸ਼ਕਾਮ ਸੇਵਾ ਹੈ:

ਲੰਗਰ ਦਉਲਤਿ ਵੰਡੀਐ॥
ਰਸ ਅੰਮ੍ਰਿਤ ਖੀਰ ਘੀਆਲੀ॥[203]

ਮਨੁੱਖਤਾ ਦੀ ਸੇਵਾ ਹਿੱਤ ਗੁਰੂ ਸਾਹਿਬਾਨ ਨੇ ਸਮਾਜੀ ਹਿੱਤਾਂ ਨੂੰ ਮੁੱਖ ਰੱਖਦਿਆਂ ਸਾਂਝੇ ਸਰੋਵਰ, ਸਾਂਝੀਆਂ ਬਉਲੀਆਂ, ਸਾਂਝੀ ਦਸਵੰਧ ਦੀ ਪ੍ਰਥਾ ਕਾਇਮ ਕੀਤੀ ਖੂਹਾਂ ਦੀ ਸਥਾਪਨਾ ਕੀਤੀ। ਵਪਾਰ ਰਾਹੀਂ ਸਮਾਜੀ ਸੇਵਾ ਵਿਚ ਹਿੱਸਾ ਪਾਇਆ। ਗੁਰੂ ਤੇਗ ਬਹਾਦਰ ਜੀ ਨੇ ਮਾਲਵੇ ਦੇ ਅਨੇਕਾਂ ਪਿੰਡਾਂ ਵਿਚ ਖੂਹ ਲਗਵਾਏ, ਫਸਲਾਂ ਨੂੰ ਬਚਾਉਣ ਲਈ, ਹੜ ਤੋਂ ਬਚਾਉਣ ਲਈ ਅਨੇਕਾਂ ਬੰਨ ਬਣਵਾਏ ਉਹਨਾਂ ਨੇ ਧਰਮ ਪ੍ਰਚਾਰ ਦੇ ਨਾਲ ਨਾਲ ਲੋਕਾਂ ਦੇ ਦੁੱਖਾਂ ਨਾਲ ਸਾਂਝ ਪਾ ਕੇ ਦੁੱਖ ਨਿਵਾਰਣ ਹਿਤ ਖੂਹ ਪੁਟਵਾਏ, ਰੋਗੀਆਂ ਲਈ ਉਪਚਾਰ ਕੀਤੇ, ਬੰਜਰ ਜ਼ਮੀਨ ਨੂੰ ਖੇਤੀ ਯੋਗ ਬਣਾਇਆ ਬਰਸਾਤੀ ਨਦੀਆਂ ਦੇ ਮੁਹਾਣ ਮੁੜਵਾਏ। ਇਸ ਸੰਬੰਧੀ ਡਾ. ਸੁਖਦਿਆਲ ਸਿੰਘ ਦਾ ਕਥਨ ਵਿਚਾਰਣਯੋਗ ਹੈ:

> ਕਈ ਪਿੰਡਾਂ ਵਿਚ ਐਸੀਆਂ ਗੱਲਾਂ ਮਿਲਦੀਆਂ ਹਨ ਕਿ ਗੁਰੂ ਸਾਹਿਬ ਨੇ ਢਾਬਾ ਵਿਚੋਂ ਬਰਸਾਤਾਂ ਵਿਚ ਮਿੱਟੀ ਕਢਵਾਈ ਜਾਂ ਛੱਪੜ ਪੁਟਵਾ ਕੇ ਡੂੰਘੇ ਕਰਵਾਏ ਸਨ। ਇਹ ਇਕ ਬਹੁਤ ਵੱਡਾ ਲੋਕ ਭਲਾਈ ਦਾ ਕੰਮ ਸੀ।[204]

ਇਸ ਪ੍ਰਕਾਰ ਗੁਰੂ ਸਾਹਿਬਾਨ ਨੇ ਸਮੁੱਚੀ ਮਾਨਵਤਾ ਦੀ ਭਲਾਈ ਹਿਤ ਕਾਰਜ ਕਰਕੇ ਮਨੁੱਖਤਾ ਦੀ ਸੇਵਾ ਨੂੰ ਪਹਿਲ ਦਿੱਤੀ ਹੈ ਜੋ ਮਨੁੱਖ ਵਿਚ ਸਦਗੁਣਾਂ ਨੂੰ ਜਨਮ ਦਿੰਦੀ ਹੈ। ਡਾ. ਪਰਮਵੀਰ ਸਿੰਘ ਆਪਣਾ ਵਿਚਾਰ ਪ੍ਰਗਟਾਉਂਦੇ ਹਨ:

> ਗੁਰਬਾਣੀ ਵਿਚ ਮਾਨਵਤਾ ਦੀ ਸੇਵਾ ਨੂੰ ਹੀ ਸਰਵ-ਉੱਤਮ ਮੰਨਿਆ ਗਿਆ ਹੈ ਜੋ ਕਿ ਮਨੁੱਖ ਵਿਚੋਂ ਔਗੁਣਾਂ ਨੂੰ ਦੂਰ ਕਰਕੇ ਸਦਗੁਣਾਂ ਨੂੰ ਜਨਮ ਦਿੰਦੀ ਹੈ।[205]

ਸਮਾਜੀ ਅਤੇ ਆਰਥਿਕ ਹਿੱਤਾਂ ਨੂੰ ਮੁੱਖ ਰਖੱਦਿਆਂ ਗੁਰੂ ਸਾਹਿਬਾਨ ਨੇ ਖੇਤੀ ਕੀਤੀ ਅਤੇ ਸਮਾਜ ਵਿਚ ਬਿਮਾਰ ਵਿਅਕਤੀਆਂ ਲਈ ਸੇਵਾ ਖਾਤਰ ਯੋਗਦਾਨ ਪਾਇਆ।

ਇਸ ਸੰਬੰ ਵਿਚ ਡਾ. ਜਗਜੀਤ ਸਿੰਘ ਕਾ ਕਹਿਣਾ ਹੈ:

> ਗੁਰੂ ਨਾਨਕ ਦੇਵ ਜੀ ਨੇ ਖੁਦ ਖੇਤੀ ਕੀਤੀ ਅਤੇ ਇਸ ਦੀ ਪੈਦਾਵਾਰ ਸਾਂਝੇ ਲੰਗਰ ਵਿਚ ਜਾਂਦੀ ਰਹੀ। ਗੁਰੂ ਅਮਰਦਾਸ ਜੀ ਨੇ ਲੋਕਾਂ ਦੇ ਦੁੱਖਾਂ ਨੂੰ ਦੂਰ ਕਰਨ ਦੀ ਕੋਸ਼ਿਸ ਕੀਤੀ। ਗੁਰੂ ਅਰਜਨ ਦੇਵ ਜੀ ਨੇ ਤਰਨ ਤਾਰਨ ਵਿਖੇ ਕੋਹੜੀਆਂ ਲਈ ਨਿਵਾਸ ਸਥਾਨ ਬਣਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਐਸੇ ਵਿਅਕਤੀ ਤੋਂ ਪਾਣੀ ਪੀਣ ਤੋਂ ਇਨਕਾਰ ਕਰ ਦਿੱਤਾ ਜਿਸ ਨੇ ਪਹਿਲਾਂ ਕਦੀ ਕਿਸੇ ਦੀ ਸੇਵਾ ਨਹੀਂ ਸੀ ਕੀਤੀ। ਸਿੱਖਾਂ ਦੀ ਸ਼ਬਦਾਵਲੀ ਵਿਚ ਸੇਵਾ ਦਾ ਅਰਥ ਹੀ ਬੇਗਰਜ ਸੇਵਾ ਹੈ।[206]

ਇਸ ਪ੍ਰਕਾਰ ਸੇਵਾ ਸਿੱਖ ਸ਼ਹਾਦਤ ਪਰੰਪਰਾ ਦਾ ਅਜਿਹਾ ਮੁੱਲ ਹੈ ਜਿਸ ਨੇ ਮਨੁੱਖ ਜਾਤੀ ਦੀ ਉਤਮਤਾ ਤੇ ਬਰਾਬਰੀ ਦੇ ਸੰਕਲਪ ਨੂੰ ਸਥਾਪਿਤ ਕਰਦਿਆਂ ਹੀਣ ਭਾਵਾਂ ਤੋਂ ਛੁਟਕਾਰਾ ਦਵਾ ਕੇ ਸਵੈਮਾਣ ਨਾਲ ਜੋੜਿਆ ਹੈ।

**ਸਹਿਣਸ਼ੀਲਤਾ** - ਮਾਨਵੀ ਮੁੱਲਾਂ ਅਧੀਨ ਸਹਿਣਸ਼ੀਲਤਾ ਦਾ ਬਹੁਤ ਮਹੱਤਵ ਹੈ। ਸਹਿਣਸ਼ੀਲਤਾ ਦੀ ਭਾਵਨਾ ਰਾਹੀਂ ਹੀ ਮਾਨਵੀ ਸੋਚ ਵਿਚ ਵੱਖ ਵੱਖ ਜਾਤਾਂ, ਨਸਲਾਂ, ਧਰਮਾਂ ਤੇ ਰੰਗਾਂ ਅਤੇ ਵੱਖ ਵੱਖ ਵਿਚਾਰਾਂ ਵਿਚ ਭਾਵੁਕ ਪੱਧਰ ਤੇ ਏਕਤਾ ਸਥਾਪਿਤ ਕੀਤੀ ਜਾ ਸਕਦੀ ਹੈ। ਸਹਿਣਸ਼ੀਲਤਾ ਇਕ ਹੀ ਸਮਾਜ ਸੱਭਿਆਚਾਰ ਵਿਚ ਰਹਿ ਕੇ ਇਕ ਦੂਜੇ ਪ੍ਰਤੀ ਸਤਿਕਾਰ ਅਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਜਗਾਉਣਾ ਹੈ । ਸਹਿਣਸ਼ੀਲਤਾ ਬਾਰੇ ਡਾ. ਦਲੀਪ ਸਿੰਘ ਦੀਪ ਦਾ ਵਿਚਾਰ ਹੈ:

> ਕਿਸੇ ਹੱਦ ਤੱਕ ਸਹਿਣਸ਼ੀਲਤਾ ਸ਼ਾਂਤੀ ਲਈ ਦੂਜੀ ਮੁਖ ਜੁਗਤੀ ਸਿੱਧ ਹੁੰਦੀ ਹੈ। ਕਿਸੇ ਧਿਰ ਮੁਲਕ, ਜਾਂ ਕੌਮ ਨੂੰ ਕਿਸੇ ਨਾ ਕਿਸੇ ਰੂਪ ਵਿਚ

ਅੱਗੇ ਵੱਧਦੇ ਦੇਖ ਕੇ ਜਰਨਾ ਆਪਣੇ ਤੋਂ ਭਿੰਨ ਵਿਚਾਰਾਂ ਨੂੰ ਸਹਿਣਾ, ਮਾੜੀ ਮੋਟੀ ਵਧੀਕੀ ਨੂੰ ਅਣਡਿੱਠ ਕਰਨਾ ਅਜਿਹੀ ਭਾਵਨਾ ਹੈ ਜੋ ਨਿੱਜੀ ਅਤੇ ਸਮੂਹਿਕ ਸ਼ਾਂਤੀ ਲਈ ਸਹਾਇਕ ਹੁੰਦੀ ਹੈ। ਈਰਖਾ ਅਤੇ ਕ੍ਰੋਧ ਜੋ ਅਸ਼ਾਂਤੀ ਦਾ ਕਾਰਣ ਬਣਦੇ ਹਨ। ਅਸਿਹਣਸ਼ੀਲਤਾ ਦੀ ਬਿਰਤੀ ਕਰਕੇ ਹੀ ਉਪਜਦੇ ਹਨ। ਸਹਿਣਸ਼ੀਲਤਾ ਇਕ ਸਦਾਚਾਰਕ ਗੁਣ ਹੀ ਨਹੀਂ ਮਨੁੱਖਤਾ ਦੀ ਉਸਾਰੀ ਦਾ ਨਿੱਗਰ ਤਲ ਹੈ।[207]

ਸਹਿਣਸ਼ੀਲਤਾ ਮਨੁੱਖੀ ਵਿਕਾਸ ਦਾ ਉਹ ਪੜਾਅ ਹੈ ਜਿਥੇ ਮਨੁੱਖ ਵਿਚ ਦੋ ਧਰਮਾਂ ਨੂੰ ਪ੍ਰਤੀ ਨੇੜਤਾ ਅਤੇ ਪਿਆਰ ਦੀ ਭਾਵਨਾ ਪੈਦਾ ਹੁੰਦੀ ਹੈ। ਸ਼ਹਾਦਤਾਂ ਦਾ ਕਾਰਨ ਵੀ ਧਾਰਮਿਕ ਅਸਿਹਣਸ਼ੀਲਤਾ ਹੀ ਰਿਹਾ ਹੈ। ਗੁਰੂ ਸਾਹਿਬਾਨ ਦੀਆਂ ਸ਼ਹਾਦਤਾਂ ਨੇ ਹਰ ਮਨੁੱਖ ਨੂੰ ਪੱਕੇ ਰਹਿਣ ਅਤੇ ਸਹਿਣਸ਼ੀਲ ਰਹਿਣ ਦੀ ਪ੍ਰਵਿਰਤੀ ਰਾਹੀਂ ਸੱਚ ਨਾਲ ਜੁੜਨ ਦੀ ਪ੍ਰੇਰਣਾ ਦਿੱਤੀ ਹੈ:

ਸਭ ਦੁਨੀਆ ਸੁਬ ਹਾਨੁ।।
ਸਚਿ ਸਮਾਈਐ।।[208]

ਸਭੇ ਸਾਂਝੀਵਾਲ ਸਦਾਇਨ।।
ਤੂ ਕਿਸੈ ਨ ਦਿਸਹਿ ਬਾਹਰਾ ਜੀਓ।।[209]

ਸਹਿਣਸ਼ੀਲਤਾ ਸੰਬੰਧੀ ਡਾ. ਪਰਮਵੀਰ ਸਿੰਘ ਦਾ ਵਿਚਾਰ ਹੈ:

ਨੌਂਵੇਂ ਗੁਰੂ ਦੀ ਸ਼ਹਾਦਤ ਇਸ ਗੱਲ ਦਾ ਪ੍ਰਤੀਕ ਹੈ ਕਿ ਸਿੱਖ ਧਰਮ ਵਿਚ ਧਾਰਮਿਕ ਸੁਤੰਤਰਤਾ ਹਰ ਇਕ ਵਿਅਕਤੀ ਦਾ ਜਨਮ ਸਿੱਧ ਅਧਿਕਾਰ ਹੈ ਅਤੇ ਇਸ ਧਰਮ ਵਿਚ ਧਾਰਮਿਕ ਅਸਿਹਣਸ਼ੀਲਤਾ ਨੂੰ ਕੋਈ ਸਥਾਨ ਪ੍ਰਾਪਤ ਨਹੀਂ।[210]

ਧਾਰਮਿਕ ਸਹਿਣਸ਼ੀਲਤਾ ਦੀ ਮਿਸਾਲ ਆਨੰਦਪੁਰ ਦੇ ਯੁੱਧ ਵਿਚ ਭਾਈ ਘਨੱਈਆ ਜੀ ਨੇ ਜੋ ਪੇਸ਼ ਕੀਤੀ ਉਸ ਦੀ ਸਰਵ-ਉੱਤਮ ਇਤਿਹਾਸ ਵਿਚ ਮਿਸਾਲ ਨਹੀਂ ਹੈ।

**ਸਮਾਜਿਕ ਨਿਆਂ** – ਮਾਨਵੀ ਮੁੱਲਾਂ ਵਿਚ ਨਿਆਂ ਦਾ ਅਹਿਮ ਸਥਾਨ ਹੈ। ਨਿਆਂ ਸਮਾਜ ਵਿੱਚ ਪ੍ਰੇਮ ਭਾਈਚਾਰਾ ਅਤੇ ਸਮਾਨਤਾ ਨੂੰ ਅਮਲੀ ਰੂਪ ਦਿੰਦਾ ਹੈ। ਕਿਸੇ ਵੀ ਸਮਾਜ ਦੀ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਨਿਆਂ ਤੋਂ ਬਿਨਾਂ ਖੰਡਿਤ ਹੈ ਅਤੇ ਜਿਸ ਕਾਰਨ ਅਸੰਤੋਖ ਦੀ ਭਾਵਨਾ ਪੈਦਾ ਹੁੰਦੀ ਹੈ। ਸਿੱਖ ਸ਼ਹਾਦਤ ਪਰੰਪਰਾ ਨੇ ਸਮਾਜ ਦੇ ਅਨਿਆਈ ਵਤੀਰੇ ਨੂੰ ਭੰਡਿਆ ਹੈ। ਗੁਰੂ ਨਾਨਕ ਦੇਵ ਜੀ ਨੇ ਅਨਿਆਂ ਭਰੇ ਸਮਾਜੀ ਮਹੌਲ ਨੂੰ ਵੰਗਾਰ ਦਿੱਤੀ ਹੈ। ਗੁਰੂ ਸਾਹਿਬਾਨ ਨੇ ਅਨਿਆਈ ਰਾਜਿਆਂ ਅਤੇ ਉਹਨਾਂ ਸਾਰੇ ਵਰਤਾਰਿਆਂ ਦਾ ਖੰਡਨ ਕੀਤਾ ਹੈ ਜੋ ਸਮਾਜੀ ਧਾਰਮਿਕ ਤੇ ਸੱਭਿਆਚਾਰਕ ਤੌਰ ਤੇ ਮਨੁੱਖ ਨੂੰ ਅਨਿਆਂਕਾਰੀ ਸਥਿਤੀ ਦਾ ਸ਼ਿਕਾਰ ਬਣਾਉਂਦੇ ਹਨ। ਉਹਨਾਂ ਨੇ ਪੀੜਤ ਮਨੁੱਖਾਂ ਪ੍ਰਤੀ ਸੰਵੇਦਨਾ ਜਤਾਈ ਹੈ। ਅਨਿਆਂ ਵਿਰੁੱਧ ਲੜਨ ਲਈ ਪ੍ਰੇਰਣਾ ਦਿੱਤੀ ਹੈ। ਸਭ ਤੋਂ ਵੱਡਾ ਨਿਆਂਕਾਰੀ ਸਿਰਫ ਪਰਮਾਤਮਾ ਹੈ:

ਪੂਰਾ ਨਿਆਉ ਕਰੇ ਕਰਤਾਰ।।[211]

ਉਹ ਅਕਾਲ ਪੁਰਖ ਆਪ ਸੱਚਾ ਹੈ ਅਤੇ ਸੱਚਾ ਨਿਆਂ ਕਰਦਾ ਹੈ:

ਸਚਾ ਆਪਿ ਤਖਤ ਸਚਾ।।
ਬਹਿ ਸਚਾ ਕਰੇ ਨਿਆਉ।।[212]

ਜੇਕਰ ਪਰਮਾਤਮਾ ਸੱਚਾ ਹੈ ਤੇ ਰਾਜੇ ਵੀ ਧਰਤੀ ਉਪਰ ਅਕਾਲ ਪੁਰਖ ਦਾ ਰੂਪ ਹਨ। ਇਸ ਲਈ ਉਹਨਾਂ ਦਾ ਵੀ ਨਿਆਂਕਾਰੀ ਹੋਣਾ ਲਾਜ਼ਮੀ ਹੈ। ਗੁਰੂ ਸਾਹਿਬ ਨੇ ਰਾਜਿਆਂ ਵਿਚ ਬਿਨਾਂ ਕਿਸੇ ਊਚ-ਨੀਚ, ਭੇਦ-ਭਾਵ ਦੇ ਅਜਿਹੀ ਨਿਆਂਕਾਰੀ ਭਾਵਨਾ ਦਾ ਹੋਣਾ ਜ਼ਰੂਰੀ ਦੱਸਿਆ ਹੈ। ਇਹ ਵਿਵਸਥਾ ਸੁਘੜ ਅਤੇ ਨਿਰਪੱਖ ਨਿਆਂ ਵਾਲੀ ਹੋਣੀ ਚਾਹੀਦੀ ਹੈ:

ਰਾਜੇ ਚੁਲੀ ਨਿਆਵ ਦੀ।।
ਪੜਿਆ ਸਚੁ ਧਿਆਨੁ।।[213]

ਰਾਜਿਆਂ ਨੂੰ ਹੰਕਾਰ ਨਹੀਂ ਹੋਣਾ ਚਾਹੀਦਾ ਹੈ ਅਤੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਭ ਤੋਂ ਵੱਡਾ ਰਾਜਾ ਪਰਮਾਤਮਾ ਹੀ ਹੈ:

ਤਿਸੁ ਬਿਨ ਅਵਰ ਨ ਕੋਈ ਰਾਜਾ।।
ਕਰਾ ਤਪਾਵਸ ਬਣਤ ਬਣਾਈ।।

ਵਿਰਲੈ ਹੁਕਮੁ ਮਕਾਈ॥

ਨਿਆਉ ਤਿਸ ਕਾ ਹੋ ਸਦ ਸਾਚਾ॥[214]

ਇਸ ਪ੍ਰਕਾਰ ਨਿਆਂ ਰਹਿਤ ਵਿਵਸਥਾ ਖੰਡਿਤ ਵਿਵਸਥਾ ਹੈ ਅਤੇ ਨਿਆਂਕਾਰੀ ਵਿਵਸਥਾ ਮਨੁੱਖੀ ਸੰਤੋਖ ਦਾ ਕਾਰਨ ਬਣਦੀ ਹੈ।

**ਕਿਰਤ** – ਕਿਰਤ ਅਜਿਹਾ ਮਾਨਵੀ ਮੁੱਲ ਹੈ ਜੋ ਸਮਾਜਿਕ ਕਾਰਜਾਂ ਪ੍ਰਤੀ ਰੁਚੀ ਪੈਦਾ ਕਰਨ ਹਿਤ ਸਥਾਪਿਤ ਕੀਤਾ ਗਿਆ ਹੈ। ਕਿਰਤ ਦੇ ਪਿਛੇ ਸਮਾਜੀ ਸੇਵਾ ਦਾ ਸੰਕਲਪ ਹੀ ਕੰਮ ਕਰਦਾ ਹੈ। ਗ੍ਰਹਿਸਥੀ ਜੀਵਨ ਇਸ ਦਾ ਅਧਾਰ ਹੈ। ਕਿਰਤ ਇਕ ਤਾਂ ਮਨੁੱਖ ਨੂੰ ਸਮਾਜ ਵਿਚ ਸਵੈ-ਮਾਣ ਅਤੇ ਅਣਖ ਨਾਲ ਜਿਊਣ ਦਾ ਰਾਹ ਦੱਸਦੀ ਹੈ ਦੂਜੇ ਪਾਸੇ ਸਮਾਜ ਨੂੰ ਸੰਤੁਲਿਤ ਦਿਸ਼ਾ ਪ੍ਰਦਾਨ ਕਰਦੀ ਹੈ। ਇਹ ਅਧਿਆਤਮਕ ਵਿਕਾਸ ਦੇ ਨਾਲ ਨਾਲ ਸੰਜਮ ਦੀ ਭਾਵਨਾ ਵੀ ਪੈਦਾ ਕਰਦੀ ਹੈ। ਇਹ ਆਦਰਸ਼ਕ ਸਮਾਜ ਦੀਆਂ ਜੜ੍ਹਾਂ ਮਜਬੂਤ ਕਰਨ ਵਿਚ ਸਹਾਈ ਹੁੰਦੀ ਹੈ। ਸਿੱਖ ਕੌਮ ਕਿਰਤੀਆਂ ਦੀ ਕੌਮ ਹੈ ਇਸ ਵਿਚ ਕਿਸਾਨ, ਤਰਖਾਣ, ਲੁਹਾਰ, ਦਰਜੀ ਆਦਿ ਸਭ ਤਰ੍ਹਾਂ ਦੇ ਮਿਹਨਤੀ ਲੋਕ ਹਨ। ਸਿੱਖ ਸ਼ਹਾਦਤ ਪਰੰਪਰਾ ਵਿਚ ਕਿਰਤ ਦਾ ਸੰਕਲਪ ਸਾਰੇ ਧਰਮਾਂ ਨਾਲੋਂ ਭਿੰਨ ਹੈ ਇਸ ਦਾ ਸੰਬੰਧ ਢਹਿੰਦੀਆਂ ਕਲਾ ਵਾਲੇ ਮੰਗ ਕੇ ਖਾਣ ਦੇ ਵਰਤਾਰੇ ਦੇ ਵਿਰੁੱਧ ਹੈ। ਮੰਗ ਕੇ ਖਾਣਾ ਤੇ ਦੂਜਿਆਂ ਤੇ ਨਿਰਭਰ ਰਹਿਣਾ ਨਖਿੱਧ ਹੈ  ਹਿੰਦੂ ਧਰਮ ਵਿਚ ਬ੍ਰਾਹਮਣ ਸ਼੍ਰੇਣੀ ਦਾ ਦਾਨ ਤੇ ਨਿਰਭਰ ਰਹਿਣਾ, ਜੋਗੀ ਤੇ ਸਿੱਧਾਂ ਦਾ ਗ੍ਰਹਿਸਥੀਆਂ ਤੇ ਨਿਰਭਰ ਰਹਿਣ ਬੋਧੀ ਤੇ ਜੈਨੀ ਭਿਕਸ਼ੂ ਵੀ ਦੂਜਿਆਂ ਤੇ ਹੀ ਨਿਰਭਰ ਰਹਿਣ ਦੀ ਰੁਚੀ ਅਧੀਨ ਸਮਾਜ ਤੇ ਭਾਰੂ ਹਨ। ਸਿੱਖ ਧਰਮ ਵਿਚ ਕਿਸੇ ਤੇ ਭਾਰ ਬਣਨ ਨੂੰ ਭੰਡਿਆ ਹੈ। ਸਿੱਖ ਸ਼ਹਾਦਤ ਪਰੰਪਰਾ ਵਿਚ ਸੱਚੀ-ਸੁੱਚੀ ਕਿਰਤ ਕਮਾਈ ਕਰਨ ਉੱਪਰ ਬਲ ਦਿੰਦਿਆਂ 'ਦਸਵੰਧ' ਦੇਣ ਦੀ ਪ੍ਰਥਾ ਨੂੰ ਮਜਬੂਤ ਕਰਨ ਦਾ ਆਦੇਸ਼ ਦਿੱਤਾ ਹੈ। ਕਿਰਤ ਦੇ ਸੰਬੰਧ ਵਿਚ ਡਾ. ਉਪਿੰਦਰਜੀਤ ਕੌਰ ਦਾ ਕਹਿਣਾ ਹੈ:

> ਸਿੱਖ ਮੱਤ ਵਿਚ ਆਪ ਮਿਹਨਤ ਕਰਕੇ ਖਾਣ ਤੇ ਜ਼ੋਰ ਦਿੱਤਾ ਗਿਆ ਹੈ। ਕਿਰਤ ਕਰਨਾ ਰੱਬ ਦੀ ਪੂਜਾ ਵਾਂਗ ਪਾਵਨ ਕਰਮ ਹੈ। ਉਤਪਾਦਕ ਕੰਮ ਧਾਰਮਿਕ ਆਚਰਣ ਦਾ ਵਿਰੋਧੀ ਨਹੀਂ ਬਲਕਿ ਸੰਗੀ ਹੈ। ਸਿੱਖ

ਧਰਮ ਵਿਚ ਵਿਹਲੇ ਰਹਿ ਕੇ ਕਿਸੇ ਦੀ ਕਮਾਈ ਤੇ ਨਿਰਭਰ ਹੋਣਾ, ਮੰਗਕੇ ਖਾਣਾ ਬਿਲਕੁਲ ਵਰਜਿਤ ਹੈ।[215]

ਗੁਰੂ ਸਾਹਿਬਾਨ ਅਨੁਸਾਰ ਕਿਰਤ ਸਭ ਤੋਂ ਉੱਤਮ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ ਕਿਰਤ ਹੀ ਮਨੁੱਖ ਦਾ ਨਿਰਮਾਣ ਕਰਦੀ ਹੈ:

ਭਣਤਿ ਨਾਨਕੁ ਬੂਝੈ ਕੋ ਬੀਚਾਰੀ॥
ਇਸੁ ਜਗੁ ਮਹਿ ਕਰਣੀ ਸਾਰੀ।।[216]
ਪੰਚ ਤਤੁ ਕਰਿ ਪੁਤਰਾ ਕੀਨਾ॥
ਕਿਰਤ ਮਿਲਾਵਣ ਹੋਆ॥[217]

ਕਿਰਤ ਰਾਹੀਂ ਹੀ ਖੁਸ਼ਹਾਲੀ ਪ੍ਰਾਪਤ ਕੀਤੀ ਜਾ ਸਕਦੀ ਹੈ ਜੋ ਸਵੈ-ਸਤਿਕਾਰ ਅਤੇ ਆਤਮ ਨਿਰਭਰਤਾ ਦਾ ਸੋਮਾ ਹੈ:

ਜਹ ਕਰਣੀ ਤਹ ਪੂਰੀ ਮਤਿ॥
ਕਰਣੀ ਬਾਝਹੁ ਘਟੇ ਘਟਿ॥[218]

**ਬਹਾਦਰੀ** - ਬਹਾਦਰੀ ਦੇ ਦੋ ਪੱਖ ਹਨ ਸਹਿਣਸ਼ੀਲਤਾ ਅਤੇ ਸੂਰਬੀਰਤਾ। ਇਹਨਾਂ ਦੋਹਾਂ ਗੁਣਾ ਦੇ ਸੁਮੇਲ ਨਾਲ ਹੀ ਕੋਈ ਮਨੁੱਖ ਬਹਾਦਰ ਬਣ ਸਕਦਾ ਹੈ ਕਿਉਂਕਿ ਬਿਨਾਂ ਸਹਿਣਸ਼ੀਲਤਾ ਦੇ ਬਹਾਦਰ ਵਿਅਕਤੀ ਜ਼ਾਲਮ ਵੀ ਬਣ ਸਕਦਾ ਹੈ। ਬਗੈਰ ਸਹਿਣਸ਼ੀਲਤਾ ਤੇ ਸੂਰਬੀਰਤਾ ਦੇ ਕਿਸੇ ਸਥਿਤੀ ਵਿਸ਼ੇਸ਼ ਵਿਚ ਵਿਅਕਤੀ ਡਰਪੋਕ ਆਖਿਆ ਜਾ ਸਕਦਾ ਹੈ। ਸੂਰਮਾ ਬਹਾਦਰ ਉਹ ਹੈ ਜੋ ਦੀਨ ਧਰਮ ਲਈ ਜਾਨ ਵਾਰ ਸਕਦਾ ਹੈ। ਬਹਾਦਰੀ ਦੀ ਭਾਵਨਾ ਨਾਲ ਹੀ ਮੈਦਾਨੇ ਜੰਗ ਨੂੰ ਜਿੱਤਿਆ ਜਾ ਸਕਦਾ ਹੈ। ਸਿੱਖ ਸ਼ਹਾਦਤ ਪਰੰਪਰਾ ਨੇ ਮਨੱਖੀ ਮਾਨਸਿਕਤਾ ਵਿਚ ਬਹਾਦਰੀ ਦੇ ਮੁੱਲ ਨੂੰ ਸਿਰਜਿਆ ਜਿਸ ਨਾਲ ਸਮਾਜੀ ਵਿਵਸਥਾ ਵਿਚ ਨਵੇਂ ਮੁੱਲਾਂ ਦਾ ਵਾਧਾ ਹੋਇਆ। ਸੂਰਮੇ ਦੀ ਪਹਿਚਾਣ ਬਹਾਦਰੀ ਨਾਲ ਹੀ ਹੁੰਦੀ ਹੈ।

ਗਗਨ ਦਮਾਮਾ ਬਾਜਿਓ॥
ਪਰਿਓ ਨੀਸਾਨੈ ਘਾਉ॥
ਖੇਤ ਜੁ ਮਾਡਿਓ ਸੂਰਮਾ॥
ਅਬ ਜੂਝਨ ਕੋ ਦਾਉ॥

ਸੂਰਾ ਸੋ ਪਹਿਚਾਨੀਐ॥
ਜੋ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ॥
ਕਬਹੂ ਨ ਛਾਡੈ ਖੇਤ॥[219]

ਸਿੱਖ ਸ਼ਹਾਦਤ ਪਰੰਪਰਾ ਦੀ ਸਮੁੱਚੀ ਪਿੱਠ ਭੂਮੀ ਵਿਚ ਦੀਨ ਲਈ ਲੜਨ ਮਰਨ ਹਿੱਤ ਇਹ ਬਹਾਦਰੀ ਦੀ ਭਾਵਨਾ ਕਾਰਜਸ਼ੀਲ ਹੈ। ਦੀਨ ਲਈ ਮਰ ਮਿਟਣ ਦੀ ਪ੍ਰਵਿਤੀ ਬਾਰੇ ਬਾਣੀ ਵਿਚ ਕਿਹਾ ਗਿਆ ਹੈ ਉਹ ਮਨੁੱਖ ਹੀ ਇਸ ਸੰਸਾਰ ਵਿਚ ਸਫਲ ਹਨ ਜੋ ਬਹਾਦਰੀ ਦਾ ਗੁਣ ਰੱਖਦੇ ਹੋਏ ਦੀਨ ਤੇ ਕਾਇਮ ਰਹਿੰਦੇ ਹਨ:

ਦੀਨ ਬਿਸਾਰਿਓ ਰੇ ਦਿਵਾਨੇ॥
ਦੀਨ ਬਿਸਾਰਿਓ ਰੇ॥
ਪੇਟ ਭਰਿਓ ਪਸੂਆ ਜਿਓ ਸਇਓ॥
ਮਾਨਖੁ ਜਨਮ ਹੈ ਹਾਰਿਓ॥[22●]

ਉਪਰੋਕਤ ਤੱਥਾਂ ਦੀ ਰੋਸ਼ਨੀ ਵਿਚ ਕਿਹਾ ਜਾ ਸਕਦਾ ਹੈ ਕਿ ਸਿੱਖ ਸ਼ਹਾਦਤ ਪਰੰਪਰਾ ਨੇ ਅਜਿਹੇ ਮਾਨਵੀ ਮੁੱਲਾਂ ਦੀ ਸਥਾਪਨਾ ਕੀਤੀ ਹੈ ਜਿਨ੍ਹਾਂ ਨਾਲ ਮਨੁੱਖ ਸਮਾਜੀ ਹਿੱਤਾਂ ਦੀ ਪਾਲਣਾ ਕਰਦਾ ਹੋਇਆ ਵਿਅਕਤੀਗਤ ਸਮਾਜੀ, ਸਿਆਸੀ, ਸੱਭਿਆਚਾਰਕ ਤੇ ਭਾਈਚਾਰੇ ਦੀ ਭਾਵਨਾ ਵਿਚ ਉਸਾਰੂ ਪ੍ਰਬੰਧ ਸਿਰਜਣ ਦੇ ਲਈ ਕਾਮਯਾਬ ਹੋ ਸਕਦਾ ਹੈ। ਉਪਰੋਕਤ ਮੁੱਲਾਂ ਤੋਂ ਇਲਾਵਾ ਮਨੁੱਖੀ ਪੱਧਰ ਦੇ ਮਾਨਵੀ ਮੁੱਲਾਂ ਵਿਚ ਧੀਰਜ, ਦਇਆ, ਨਿਮਰਤਾ, ਹਲੀਮੀ ਪਿਆਰ ਅਤੇ ਸੰਜਮ ਵਰਗੇ ਮੁੱਲ ਵੀ ਆਉਂਦੇ ਹਨ ਜੋ ਮਨੁੱਖੀ ਮਨ ਨੂੰ ਸੰਤੁਲਨ ਵਿਚ ਰੱਖਦੇ ਹਨ ਜਿਸ ਨਾਲ ਮਨੁੱਖੀ ਸਮਾਜੀ ਹਿੱਤਾਂ ਨੂੰ ਚੰਗੀ ਤਰ੍ਹਾਂ ਪਾਲਣ ਵਿਚ ਕਾਮਯਾਬ ਰਹਿੰਦਾ ਹੈ।

# ਹਵਾਲੇ ਤੇ ਟਿੱਪਣੀਆਂ


1. Great Soviet Encyclopedia, p. 2
2. Oxford Disctionary Current English (Eed) H.W. Fowler and F.G. Fowler, ਪੰਨਾ 601
3. Encyclopedia of Social Science p. 66
4. ਡਾ. ਟੀ. ਆਰ. ਵਿਨੋਦ, ਪੰਜਾਬੀ ਆਲੋਚਲਾ ਸ਼ਾਸਤਰ, ਪੰਨਾ, 65
5. ਡਾ. ਜਗਬੀਰ ਸਿੰਘ, ਗੁਰਮਤਿ ਕਾਵਿ ਸਿਧਾਂਤ ਤੇ ਵਿਹਾਰ, ਪੰਨਾ, 45
6. ਡਾ. ਜਸਪਾਲ ਕੌਰ ਕਾਂਗ, ਬਾਣੀ ਸੰਵੇਦਨਾ, ਪੰਨਾ, 1●
7. ਰਹਿਰਾਸ, ਪਉੜੀ, 7
8. ਗੁਰੂ ਗ੍ਰੰਥ ਸਾਹਿਬ, ਪੰਨਾ, 9●8
9. ਡਾ. ਪਰਮਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਤੇ ਵਿਚਾਰਧਾਰਾ, ਪੰਨਾ, 71
1●. ਪ੍ਰਿ. ਸੁਰਜੀਤ ਸਿੰਘ, ਤ੍ਰੈ ਮਾਸਿਕ ਪੱਤ੍ਰਿਕਾ, ਗੁਰਬਾਣੀ ਦਾ ਵਿਰਸਾ ਜ਼ਮੀਰ ਤੇ ਅਜ਼ਾਦੀ, ਪੰਨਾ, 31
11. ਗੁਰੂ ਗ੍ਰੰਥ ਸਾਹਿਬ, ਪੰਨਾ, 441
12. ਡਾ. ਜਸਪਾਲ ਕੌਰ ਕਾਂਗ, ਬਾਣੀ ਰਹੱਸ, ਪੰਨਾ, 115
13. ਡਾ. ਜਗਬੀਰ ਸਿੰਘ, ਗੁਰਮਤਿ ਕਾਵਿ ਸਿਧਾਂਤ ਤੇ ਵਿਹਾਰ, ਪੰਨਾ, 87
14. ਗੁਰੂ ਗ੍ਰੰਥ ਸਾਹਿਬ, ਪੰਨਾ, 751
15. ਉਹੀ, ਪੰਨਾ, 5●5
16. ਉਹੀ, ਪੰਨਾ, 116●
17. ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ, 119
18. ਉਹੀ, ਪੰਨਾ, 1●3

19. ਪ੍ਰਿ. ਸੁਰਜੀਤ ਸਿੰਘ, ਤ੍ਰੈ ਮਾਸਿਕ ਪੱਤ੍ਰਿਕਾ, ਗੁਰਬਾਣੀ ਦਾ ਵਿਰਸਾ ਜ਼ਮੀਰ ਤੇ ਅਜ਼ਾਦੀ ਪੰਨਾ, 6

2●. ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ, 1●7

21. ਉਹੀ, ਪੰਨਾ, 133

22. ਗੁਰੂ ਗ੍ਰੰਥ ਸਾਹਿਬ, ਪੰਨਾ, 1128

23. ਉਹੀ, ਪੰਨਾ, 1133

24. ਉਹੀ, ਪੰਨਾ, 1324

25. ਉਹੀ, ਪੰਨਾ,15

26. ਭਾਈ ਗੁਰਦਾਸ, ਵਾਰ ਪਉੜੀ 23.25

27. ਡਾ. ਜਸਪਾਲ ਸਿੰਘ, ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ, ਪੰਨਾ, 76

28. ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ, 115

29. ਮਨਮੋਹਨ ਸਿੰਘ ਜੰਮੂ, ਅਜ਼ਾਦੀ ਦਾ ਇਕੋ-ਇਕ ਰਾਹ ਗੁਰਮਤਿ ਇਨਕਲਾਬ, ਪੰਨਾ 19

3●. ਡਾ. ਰਛਪਾਲ ਕੌਰ, ਗੁਰਮਤਿ ਕਾਵਿ ਅੰਕ, (ਸੰਪਾ) ਡਾ. ਰਤਨ ਸਿੰਘ ਜੱਗੀ, ਪੰਨਾ 32●

31. ਗੁਰੂ ਗ੍ਰੰਥ ਸਾਹਿਬ, ਪੰਨਾ, 5●7

32. ਡਾ. ਜਸਪਾਲ ਸਿੰਘ, ਸਿੱਖ ਵਿਰਾਸਤ, ਸਿਧਾਂਤ ਤੇ ਵਿਹਾਰ, ਪੰਨਾ, 21●

33. ਗੁਰੂ ਗ੍ਰੰਥ ਸਾਹਿਬ, ਪੰਨਾ, 5●7

34. ਡਾ. ਵਜੀਰ ਸਿੰਘ, ਸਿੱਖ ਕੀਮਤ ਸਿਧਾਂਤ, ਪੰਨਾ, 77

35. ਗੁਰੂ ਗ੍ਰੰਥ ਸਾਹਿਬ, ਪੰਨਾ, 231

36. ਡਾ. ਉਪਿੰਦਰ ਜੀਤ ਕੌਰ, ਸਿੱਖ ਧਰਮ ਤੇ ਆਰਥਿਕ ਵਿਕਾਸ, ਨਾਨਕ ਪ੍ਰਕਾਸ਼ ਪੱਤ੍ਰਿਕਾ ਪੰਨਾ, 522

37. ਗੁਰੂ ਗ੍ਰੰਥ ਸਾਹਿਬ, ਪੰਨਾ, 522

38. ਉਹੀ, ਪੰਨਾ, 695

39. ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼, ਪੰਨਾ, 117

4●. ਗੁਰੂ ਗ੍ਰੰਥ ਸਾਹਿਬ, ਪੰਨਾ, 1288

41. ਉਹੀ, ਪੰਨਾ, 722

42. ਉਹੀ, ਪੰਨਾ, 471

43. ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ, 1●8

44. ਉਹੀ, ਪੰਨਾ, 1●9

45. ਗੁਰੂ ਗ੍ਰੰਥ ਸਾਹਿਬ, ਪੰਨਾ, 1427

46. Betty Heamann, Indian and Westren Philosophy, ਪੰਨਾ, 68

47. ਸ਼ਮਸ਼ੇਰ ਸਿੰਘ, ਸਿੱਖ ਧਰਮ ਵਿਚ ਆਦਰਸ਼ ਮਨੁੱਖ ਦਾ ਸੰਕਲਪ ਪੰਨਾ, 5●

48. ਗੁਰੂ ਗ੍ਰੰਥ ਸਾਹਿਬ, ਪੰਨਾ, 266

49. ਉਹੀ, ਪੰਨਾ, 943

5●. ਡਾ. ਬਲਜੀਤ ਕੌਰ, ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ ਵਿਚਾਰਧਾਰਕ ਅਧਾਰ, ਪੰਨਾ, 74

51. ਡਾ. ਜਸਪਾਲ ਕੌਰ ਕਾਂਗ, ਬਾਣੀ ਸੰਵੇਦਨਾ, ਪੰਨਾ, 9

52. ਗੁਰੂ ਗ੍ਰੰਥ ਸਾਹਿਬ, ਪੰਨਾ, 74

53. ਉਹੀ, ਪੰਨਾ, 747

54. ਉਹੀ, ਪੰਨਾ, 1364

55. ਏ.ਸੀ. ਬੈਨਰਜੀ, Guru Nanak and His times, ਪੰਨਾ, 69

56. ਉਹੀ, ਪੰਨਾ, 69, 7●

57. ਡਾ. ਫੌਜਾ ਸਿੰਘ, ਪੰਜਾਬ ਦਾ ਇਤਿਹਾਸ, ਪੰਨਾ, 26

58. ਡਾ. ਫੌਜਾ ਸਿੰਘ, ਪੰਜਾਬ ਦਾ ਇਤਿਹਾਸ, ਕੁਰਾਨ ਸੁਰਾ VIII ਪੰਨਾ 39-4●
(ਉਧਰਤ)

59. ਉਹੀ, ਪੰਨਾ, 27

6●. ਹਰੀ ਰਾਮ ਗੁਪਤਾ, A Life Sketch of Guru Nanak, ਪੰਨਾ, 7

61. ਜਗਜੀਤ ਸਿੰਘ, ਇਨਕਲਾਬੀ ਲਹਿਰਾਂ ਦੇ ਪ੍ਰਸੰਗ ਵਿੱਚ ਸਿੱਖ ਲਹਿਰ ਪੰਨਾ, 48

62. ਡਾ. ਜਸਪਾਲ ਕੌਰ ਕਾਂਗ, ਬਾਣੀ ਸੰਵੇਦਨਾ, ਪੰਨਾ, 8

63. ਭਾਈ ਗੁਰਦਾਸ, ਵਾਰ 1, ਪਉੜੀ 3●

64. ਗੁਰੂ ਗ੍ਰੰਥ ਸਾਹਿਬ, ਪੰਨਾ, 468

65. ਡਾ. ਜਸਪਾਲ ਸਿੰਘ, ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ, ਪੰਨਾ, 214

66. ਗੁਰੂ ਗ੍ਰੰਥ ਸਾਹਿਬ, ਪੰਨਾ, 59●

67. ਉਹੀ, ਪੰਨਾ, 654

68. ਉਹੀ, ਪੰਨਾ, 731

69. ਉਹੀ, ਪੰਨਾ, 1●57

7●. ਉਹੀ, ਪੰਨਾ, 1●88

71. ਉਹੀ, ਪੰਨਾ. 124●

72. ਡਾ. ਵਜੀਰ ਸਿੰਘ ਸਿੱਖ ਦਰਸ਼ਨ ਧਾਰਾ, ਪੰਨਾ, 18

73. ਗੁਰੂ ਗ੍ਰੰਥ ਸਾਹਿਬ, ਪੰਨਾ, 11●2

74. ਉਹੀ, ਪੰਨਾ, 628

75. ਉਹੀ, ਪੰਨਾ, 74●

76. ਡਾ. ਸਾਹਿਬ ਸਿੰਘ ਅਰਸ਼ੀ, ਅਠਾਰਵੀਂ ਸਦੀ ਦਾ ਸਿੱਖ ਇਤਿਹਾਸ, ਪੰਨਾ, 3

77. ਬਚਿੱਤਰ ਨਾਟਕ, ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਤਰ, ਬੰਦ 43, ਪੰਨਾ, 71

78. ਰਤਨ ਸਿੰਘ ਭੰਗੂ, ਪ੍ਰਚੀਨ ਪੰਥ ਪ੍ਰਕਾਸ਼, ਪੰਨਾ, 47

79. ਸੈਨਾਪਤਿ, ਸ੍ਰੀ ਗੁਰ ਸੋਭਾ, ਪੰਨਾ, 21

8●. ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ, 99

81. ਕੁਇਰ ਸਿੰਘ, ਮਹਿਮਾ ਪ੍ਰਕਾਸ਼, ਪੰਨਾ, 2●2

82. ਰਤਨ ਸਿੰਘ ਭੰਗੂ, ਪ੍ਰਚੀਨ ਪੰਥ ਪ੍ਰਕਾਸ਼, ਪੰਨਾ, 41

83. ਡਾ. ਜਸਪਾਲ ਸਿੰਘ, ਸਿੱਖ ਇਤਿਹਾਸ ਤੇ ਸਿਧਾਂਤ ਤੇ ਵਿਹਾਰ, ਪੰਨਾ, 211

84. ਡਾ. ਅਨੂਪ ਸਿੰਘ, ਕ੍ਰਾਂਤੀਕਾਰੀ ਸਿੱਖ ਦਰਸ਼ਨ, ਪੰਨਾ, 52

85. ਮਨੂੰ ਸਿਮਰਤੀ ਅਧਿਆਇ 1● ਸਲੋਕ 124.

86. ਉਹੀ, ਅਧਿ: 12/138

87. ਉਹੀ, ਅਧਿ: 5/231

88. ਉਹੀ, ਅਧਿ: 52/231

89. ਉਹੀ, ਅਧਿ: 9/272

9●. ਉਹੀ, ਅਧਿ: 8/281

91. ਉਹੀ, ਅਧਿ: 8/27●

92. ਉਹੀ, ਅਧਿ: 8/271

93. ਉਹੀ, ਅਧਿ: 8/113

94. ਉਹੀ, ਅਧਿ: 1●/1●9

95. ਉਹੀ, ਅਧਿ: 4/8

96. ਉਹੀ, ਅਧਿ: 4/8●

97. ਉਹੀ, ਅਧਿ: 8/2●

98. ਉਹੀ, ਅਧਿ: 8/21

99. ਉਹੀ, ਅਧਿ: 8/22

100. ਉਹੀ, ਅਧਿ: 8/377

101. ਉਹੀ, ਅਧਿ: 8/380

102. ਹਰਬੰਸ ਸਿੰਘ ਚਾਵਲਾ, ਗੁਰੂ ਗ੍ਰੰਥ ਬਾਣੀ ਵਿੱਚ ਸਮਕਾਲੀ ਸਮਾਜਿਕ ਚਿੱਤਰ ਪੰਨਾ, 52 - 53

103. ਗੁਰੂ ਗ੍ਰੰਥ ਸਾਹਿਬ, ਪੰਨਾ, 662

104. ਉਹੀ, ਪੰਨਾ, 128

105. ਉਹੀ, ਪੰਨਾ, 1411

106. ਉਹੀ, ਪੰਨਾ, 471

107. ਉਹੀ, ਪੰਨਾ, 832

108. ਉਹੀ, ਪੰਨਾ, 1411

109. ਉਹੀ, ਪੰਨਾ, 404

110. ਉਹੀ, ਪੰਨਾ, 22

111. ਉਹੀ, ਪੰਨਾ, 1062

112. ਉਹੀ, ਪੰਨਾ, 281

113. ਉਹੀ, ਪੰਨਾ, 1128

114. ਉਹੀ, ਪੰਨਾ, 861

115. ਉਹੀ, ਪੰਨਾ, 300

116. ਉਹੀ, ਪੰਨਾ, 386

117. ਉਹੀ, ਪੰਨਾ, 324

118. ਉਹੀ, ਪੰਨਾ, 425

119. ਉਹੀ, ਪੰਨਾ, 386

120. ਉਹੀ, ਪੰਨਾ, 97

121. ਡਾ. ਅਨੂਪ ਸਿੰਘ, ਕ੍ਰਾਂਤੀਕਾਰੀ ਸਿੱਖ ਦਰਸ਼ਨ, ਪੰਨਾ, 62 – 63

122. ਗੁਰੂ ਗ੍ਰੰਥ ਸਾਹਿਬ, ਪੰਨਾ, 1188

123. ਭਾਈ ਗੁਰਦਾਸ, ਵਾਰ ਇਕ, ਪਉੜੀ 23

124. ਗੁਰੂ ਗ੍ਰੰਥ ਸਾਹਿਬ, ਪੰਨਾ, 473

125. ਉਹੀ, ਪੰਨਾ, 1413

126. ਉਹੀ, ਪੰਨਾ, 763

127. ਉਹੀ, ਪੰਨਾ, 226

128. ਕੁਲਵੰਤ ਕੌਰ, ਗੁਰਬਾਣੀ ਤੇ ਸਮਕਾਲੀ ਸੱਭਿਆਚਾਰ, ਪੰਨਾ, 29

129. ਉਹੀ, ਪੰਨਾ, 185

13●. ਉਹੀ, ਪੰਨਾ, 716

131. ਗੁਰੂ ਗ੍ਰੰਥ ਸਾਹਿਬ, ਪੰਨਾ, 663

132. ਉਹੀ, ਪੰਨਾ, 471

133. ਉਹੀ, ਪੰਨਾ, 346

134. ਉਹੀ, ਪੰਨਾ, 34●

135. ਉਹੀ, ਪੰਨਾ, 363

136. ਉਹੀ, ਪੰਨਾ. 469

137. ਡਾ. ਸੁਖਦੇਵ ਸਿੰਘ ਸਿਰਸਾ, ਪੰਜਾਬੀ ਕਾਵਿ ਪ੍ਰਤੀਰੋਧ ਦਾ ਪ੍ਰਵਚਨ, ਪੰਨਾ, 7

138. ਡਾ. ਅੰਜੀਲ ਕੌਰ, ਸੂਫ਼ੀ ਕਾਵਿ ਵਿੱਚ ਵਿਦਰੋਹੀ ਸੁਰ, ਪੰਨਾ, 45

139. ਡਾ. ਸੁਖਦੇਵ ਸਿੰਘ ਸਿਰਸਾ, ਪੰਜਾਬੀ ਕਾਵਿ ਪ੍ਰਤੀਰੋਧ ਦਾ ਪ੍ਰਵਚਨ, ਪੰਨਾ, 6●

14●. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 861

141. ਡਾ. ਸਿਕੰਦਰ ਸਿੰਘ, ਨਾਨਕ ਪ੍ਰਕਾਸ਼ ਪੱਤ੍ਰਿਕਾ 2●●8, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ, 192

142. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 1292

143. ਉਹੀ, ਪੰਨਾ, 524

144. ਉਹੀ, ਪੰਨਾ, 328

145. ਉਹੀ, ਪੰਨਾ, 1351

146. ਉਹੀ, ਪੰਨਾ, 992

147. ਉਹੀ, ਪੰਨਾ, 229

148. ਉਹੀ, ਪੰਨਾ, 116

149. ਡਾ. ਸੁਖਦੇਵ ਸਿੰਘ, ਪੰਜਾਬੀ ਕਾਵਿ ਪ੍ਰਤੀਰੋਧ ਦਾ ਪ੍ਰਵਚਨ, ਪੰਨਾ, 7

150. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 581

151. ਉਹੀ, ਪੰਨਾ, 385

152 ਉਹੀ, ਪੰਨਾ, 1299

153. ਉਹੀ, ਪੰਨਾ, 747

154. ਉਹੀ, ਪੰਨਾ, 877

155. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 722 - 723

156. ਉਹੀ, ਪੰਨਾ, 360

157 ਡਾ. ਸੁਖਦਿਆਲ ਸਿੰਘ, ਪੰਜਾਬ ਦਾ ਇਤਿਹਾਸ, ਪੰਨਾ, 64

158. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ, 1288

159. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਪੰਨਾ, 24

160. ਆਦਿ ਗ੍ਰੰਥ, ਪੰਨਾ, 1116

161. ਉਹੀ, ਪੰਨਾ, 642

162. ਉਹੀ, ਪੰਨਾ, 197

163. ਜ਼ਫਰਨਾਮਾ, ਬੰਦ, 45

164. ਉਹੀ, ਬੰਦ, 46

165. ਉਹੀ, ਬੰਦ, 3.51

166. ਉਹੀ, ਬੰਦ, 76.74

167. ਉਹੀ, ਬੰਦ, 22.1●

168. ਲਾਲ ਸਿੰਘ, ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਚੋਣਵੀਂ ਬਾਣੀ ਦਸਮ ਗ੍ਰੰਥ, ਪੰਨਾ, 59

169. ਦਸਮ ਗ੍ਰੰਥ, ਪੰਨਾ, 645

17●. ਰਤਨ ਸਿੰਘ ਭੰਗੂ, ਪ੍ਰਚੀਨ ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪੰਜਾਬ, ਪੰਨਾ, 222

171. ਗਿਆਨੀ ਤਾਰਨ ਸਿੰਘ, ਸਿੱਖ, ਸਿੱਖੀ ਅਤੇ ਸਿੱਖ ਸਿਧਾਂਤ, ਪੰਨਾ, 7

172. ਗੁਰੂ ਗ੍ਰੰਥ ਸਾਹਿਬ, ਪੰਨਾ, 8●

173. ਉਹੀ, ਪੰਨਾ, 679

174. ਉਹੀ, ਪੰਨਾ, 1427

175. ਉਹੀ, ਪੰਨਾ, 131

176. ਉਹੀ, ਪੰਨਾ, 223

177. ਡਾ. ਪਰਮਵੀਰ ਸਿੰਘ, ਸਿੱਖ ਅਧਿਐਨ, ਪੰਨਾ, 1●9

178. ਗੁਰੂ ਗ੍ਰੰਥ ਸਾਹਿਬ, ਪੰਨਾ, 554

179. ਭਾਈ ਗੁਰਦਾਸ, ਵਾਰ 6, ਪਉੜੀ 8

18●. ਉਹੀ, ਵਾਰ 6, ਪਉੜੀ 8

181. ਗੁਰੂ ਗ੍ਰੰਥ ਸਾਹਿਬ, ਪੰਨਾ, 594

182. ਡਾ. ਵਜੀਰ ਸਿੰਘ, ਸਿੱਖ ਦਰਸ਼ਨ ਧਾਰਾ, ਪੰਨਾ, 178

183. ਅਰਦਾਸ

184. ਗੁਰੂ ਗ੍ਰੰਥ ਸਾਹਿਬ, ਪੰਨਾ, 142

185. ਉਹੀ, ਪੰਨਾ, 138

186. ਉਹੀ, ਪੰਨਾ, 15

187. ਉਹੀ, ਪੰਨਾ, 183

188. ਉਹੀ, ਪੰਨਾ, 78

189. ਉਹੀ, ਪੰਨਾ, 83

19●. ਉਹੀ, ਪੰਨਾ, 349

191. ਡਾ. ਕੁਸਮ ਅਗਰਵਾਲ, ਸਿੱਖ ਵਿਚਾਰਧਾਰਾ ਔਰ ਮਾਨਵੀਯ ਮੁੱਲ, (ਸੰਪਾ.) ਡਾ. ਰਾਜਿੰਦਰ ਪਾਲ ਸਿੰਘ ਜੋਸ਼ ਅਤੇ ਕਰਮ ਸਿੰਘ ਨਾਧਾਨ, ਪੰਨਾ, 42

192. ਡਾ. ਵੰਦਨਾ ਸਕਸੈਨਾ, ਸਿੱਖ ਵਿਚਾਰਧਾਰਾ ਔਰ ਮਾਨਵੀਯ ਮੁੱਲ, (ਸੰਪਾ.) ਡਾ. ਰਾਜਿੰਦਰ ਪਾਲ ਸਿੰਘ ਜੋਸ਼ ਅਤੇ ਕਰਮ ਸਿੰਘ ਨਾਧਾਨ, ਪੰਨਾ, 8●

193. ਡਾ. ਹਰਭਜਨ ਸਿੰਘ, ਨਾਨਕ ਪ੍ਰਕਾਸ਼ ਪ੍ਰਤਿਕਾ, ਗੁਰੂ ਗੋਬਿੰਦ ਸਿੰਘ ਵਿਸ਼ੇਸ਼ ਅੰਕ, (ਸੰਪਾ.) ਡਾ. ਸਰਬਜਿੰਦਰ ਸਿੰਘ, ਪੰਨਾ, 6●

194. ਗੁਰੂ ਗ੍ਰੰਥ ਸਾਹਿਬ, ਪੰਨਾ, 879

195. ਉਹੀ, ਪੰਨਾ, 494

196. ਉਹੀ, ਪੰਨਾ, 788

197. ਪੰਜਾਬੀ ਕੋਸ਼, ਪੰਨਾ, 217

198. ਡਾ. ਗੁਰਨਾਮ ਕੌਰ, ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ, ਪੰਨਾ, 2

199. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ, 439

2●●. ਗੁਰੂ ਗ੍ਰੰਥ ਸਾਹਿਬ, ਪੰਨਾ, 286

2●1. ਉਹੀ, ਪੰਨਾ, 26

2●2. ਉਹੀ, ਪੰਨਾ, 552

2●3. ਉਹੀ, ਪੰਨਾ, 967

204. ਡਾ. ਸੁਖਦਿਆਲ ਸਿੰਘ, ਸਿੱਖ ਇਤਿਹਾਸ, ਪੰਨਾ, 165

205. ਡਾ. ਪਰਮਵੀਰ ਸਿੰਘ, ਗੁਰੂ ਗ੍ਰੰਥ ਸਾਹਿਬ ਚਿੰਤਨ ਤੇ ਵਿਚਾਰਧਾਰਾ, ਪੰਨਾ, 106

206. ਡਾ. ਜਗਜੀਤ ਸਿੰਘ, ਸਿੱਖ ਇਨਕਲਾਬ, ਪੰਨਾ, 105

207. ਡਾ. ਦਲੀਪ ਸਿੰਘ ਦੀਪ, ਗੁਰਬਾਣੀ ਚਿੰਤਨ, ਪੰਨਾ, 44-45

208. ਗੁਰੂ ਗ੍ਰੰਥ ਸਾਹਿਬ, ਪੰਨਾ, 142

209. ਉਹੀ, ਪੰਨਾ, 42

210. ਡਾ. ਪਰਮਵੀਰ ਸਿੰਘ, ਨਾਨਕ ਪ੍ਰਕਾਸ਼ ਪ੍ਰਤਿਕਾ, ਅੰਕ 2, ਦਸੰਬਰ 2008 (ਸੰਪਾ.) ਡਾ. ਸਰਬਜਿੰਦਰ ਸਿੰਘ, ਪੰਨਾ, 59

211. ਗੁਰੂ ਗ੍ਰੰਥ ਸਾਹਿਬ, ਪੰਨਾ, 199

212. ਉਹੀ, ਪੰਨਾ, 949

213. ਉਹੀ, ਪੰਨਾ, 240

214. ਉਹੀ, ਪੰਨਾ, 912

215. ਡਾ. ਉਪਿੰਦਰ ਜੀਤ ਕੌਰ, ਸਿੱਖ ਧਰਮ ਅਤੇ ਆਰਥਿਕ ਵਿਕਾਸ, ਨਾਨਕ ਪ੍ਰਕਾਸ਼ ਪ੍ਰਤਿਕਾ, ਪੰਨਾ, 21

216. ਗੁਰੂ ਗ੍ਰੰਥ ਸਾਹਿਬ, ਪੰਨਾ, 599

217. ਉਹੀ, ਪੰਨਾ, 884

218. ਉਹੀ, ਪੰਨਾ, 25

219. ਉਹੀ, ਪੰਨਾ, 1105

220. ਉਹੀ, ਪੰਨਾ, 1103

# ਅਧਿਆਇ ਚੌਥਾ
# ਸਿੱਖ ਸ਼ਹਾਦਤ ਪਰੰਪਰਾ ਦਾ ਵਿਕਾਸ ਰੁਖ਼

ਖੋਜ ਕਾਰਜ ਦੇ ਤੀਜੇ ਅਧਿਆਇ ਵਿਚ ਸਿੱਖ ਸ਼ਹਾਦਤ ਪਰੰਪਰਾ ਦੇ ਵਿਚਾਰਧਾਰਕ ਪਰਿਪੇਖ ਨੂੰ ਉਸਾਰਿਆ ਗਿਆ ਸੀ। ਸਿੱਖ ਸ਼ਹਾਦਤ ਪਰੰਪਰਾ ਦਾ ਪ੍ਰਮੁੱਖ ਵਿਚਾਰਧਰਾਈ ਚੋਖਟਾ ਸਮੇਂ ਦੇ ਹਾਕਮਰਾਨਾ ਵੱਲੋਂ ਬਹੁਧਰਾਤਲੀ ਪੱਧਰ ਉੱਤੇ ਬੇਦੋਸ਼ੇ ਪ੍ਰਾਣੀਆਂ ਨਾਲ ਕੀਤੇ ਜਾ ਰਹੇ ਜਾਬਰਾਨਾ ਕਰਮਾਂ ਦੇ ਵਿਰੋਧ ਦੁਆਲੇ ਉਸਰਿਆ ਹੋਇਆ ਹੈ। ਇਹ ਪਰੰਪਰਾ ਭਾਰਤੀ ਸਮਾਜ ਵਿੱਚ ਸਵਰਨ ਜਾਤੀਆਂ ਦੁਆਰਾ ਮੁਗਲ ਰਾਜ ਪ੍ਰਬੰਧ ਦੀ ਨੀਤੀ ਨੂੰ ਜਿਉਂ ਦਾ ਤਿਉਂ ਸਵੀਕਾਰ ਕਰਨ ਕਾਰਨ ਭਾਰਤੀ ਸਮਾਜ ਨੂੰ ਪਤਨ ਵੱਲ ਲੈ ਕੇ ਜਾ ਰਹੀ ਨੀਤੀ ਪ੍ਰਤੀ ਨਾਬਰੀ ਸੀ। ਗੁਰੂ ਸਹਿਬਾਨਾ ਦੀ ਸੰਵੇਦਨਸ਼ੀਲਤਾ ਨੇ ਇਸ ਵਿਵਸਥਾ ਦਾ ਸੰਪੂਰਨ ਬਦਲਾਵ ਕਰਨਾ ਲੋਚਿਆ ਅਤੇ ਸਮੇਂ ਦੀਆਂ ਅਣਉਚਿਤ ਸਥਿਤੀਆਂ ਨੂੰ ਵੰਗਾਰ ਪਾਈ ਤੇ ਵਿਹਾਰਿਕ ਪੱਧਰ ਤੇ ਸ਼ਹਾਦਤਾਂ ਦੀ ਝੜੀ ਲਾ ਕੇ ਇਸ ਤੱਥ ਦੀ ਪੁਸ਼ਟੀ ਕੀਤੀ ਕਿ ਅਜਿਹੇ ਕਰੂਰ ਨਿਜ਼ਾਮ ਨੂੰ ਬਦਲਿਆ ਜਾ ਸਕਦਾ ਹੈ। ਖੋਜ ਪ੍ਰਬੰਧ ਦੇ ਇਸ ਚੌਥੇ ਅਧਿਆਇ ਵਿਚ ਗੁਰੂ ਕਾਲ ਤੋਂ ਲੈ ਕੇ ਉੱਤਰ ਬੰਦਾ ਸਿੰਘ ਬਹਾਦਰ ਕਾਲ ਤੱਕ ਦੀ ਸ਼ਹਾਦਤ ਪਰੰਪਰਾ ਦੀ ਵਿਕਾਸ ਰੇਖਾ ਨੂੰ ਸਮਝਿਆ ਜਾਵੇਗਾ।

ਗੁਰੂ ਨਾਨਕ ਬਾਣੀ ਇਸ ਤੱਥ ਦੀ ਸ਼ਾਹਦੀ ਭਰਦੀ ਹੈ ਕਿ ਸ਼ਹਾਦਤ ਦਾ ਸਬਕ ਗੁਰੂ ਨਾਨਕ ਸਾਹਿਬ ਦੇ ਵੇਲ਼ੇ ਤੋਂ ਹੀ ਸ਼ੁਰੂ ਹੋ ਗਿਆ ਸੀ ਕਿਉਂਕਿ ਪ੍ਰੀਤ ਨਿਭਾਉਣ ਦੀ ਸਾਧਨਾ ਵਿੱਚ ਸਿਰ ਤਲੀ ਤੇ ਰੱਖਣ ਦੀ ਜੁਅਰਤ ਗੁਰੂ ਸਾਹਿਬ ਨੇ ਜ਼ਰੂਰੀ ਮੰਨੀ ਸੀ। ਮੌਤ ਦਾ ਸੱਚ ਕਬੂਲਣਾ ਸਿੱਖੀ ਦੀ ਪਹਿਲੀ ਪੌੜੀ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।।[1]

ਗੁਰੂ ਗੋਬਿੰਦ ਸਿੰਘ ਨੇ 1699 ਈ. ਵਿਚ ਸਿਰਾਂ ਦੀ ਮੰਗ ਕਰਕੇ ਇਹ ਸਾਬਤ ਕਰ ਦਿੱਤਾ ਸੀ ਕਿ ਖਾਲਸਾ ਕੌਮ ਮਰਜੀਵੜਿਆਂ ਦੀ ਕੌਮ ਹੈ ਜੋ ਸ਼ਹਾਦਤ ਦਾ ਅਹਿਦ ਹੱਕ ਸੱਚ ਅਤੇ ਇਨਸਾਫ ਲਈ ਜੂਝ ਮਰਨ ਲਈ ਸਿਰ ਤਲੀ ਤੇ ਧਰ ਕੇ ਕਰਦੀ ਹੈ। ਸ਼ਹੀਦੀ ਦਾ ਸੱਚ ਗੁਰੂ ਸਹਿਬਾਨ ਦਾ ਆਪਣਾ ਹੰਡਾਇਆ ਸੱਚ ਹੈ, ਜੋ ਕੇਵਲ ਸਿਧਾਂਤ ਤੱਕ ਹੀ ਸੀਮਿਤ ਨਹੀਂ ਸਗੋਂ ਅਮਲੀ ਰੂਪ ਵਿਚ ਸ਼ਹਾਦਤਾਂ ਰਾਹੀਂ ਮਿਲਦਾ ਹੈ। ਸਿੱਖ ਕੌਮ ਲਈ ਸ਼ਹੀਦੀ ਕੋਈ ਮਜਬੂਰੀ ਨਹੀਂ ਬਲਕਿ ਚਾਅ ਅਤੇ ਸਿਦਕ ਸਬੂਰੀ ਹੈ। ਦੁਨੀਆਂ ਦੇ ਇਤਿਹਾਸ ਵਿਚ ਸਿੱਖਾਂ ਵਰਗੀਆਂ ਕੀਤੀਆਂ ਅਸਹਿ ਅਤੇ ਅਕਹਿ ਸ਼ਹੀਦੀਆਂ ਦੀ ਮਿਸਾਲ ਕਿਤੇ ਨਹੀਂ ਮਿਲਦੀ। ਤੱਤੀਆਂ ਤਵੀਆਂ ਤੇ ਬੈਠ ਜਾਣਾ, ਆਰਿਆਂ ਨਾਲ ਚਿਰਾਏ ਜਾਣਾ, ਬੰਦ ਬੰਦ ਕਟਾਏ ਜਾਣਾ, ਖੋਪੜੀਆਂ ਲੁਹਾ ਲੈਣਾ ਤੇ ਨਿੱਕੀਆਂ ਜਿੰਦਾਂ ਜਿਨ੍ਹਾਂ ਦੀ ਉਮਰ ਸੱਤ ਤੇ ਨੌ ਸਾਲ ਦੀ ਹੋਵੇ ਨੀਹਾਂ ਵਿਚ ਚਿਣੇ ਜਾਣ ਤੇ ਵੀ ਸੀ ਨਾ ਉਚਾਰੀ ਜਾਣਾ ਇਹ ਸਿੱਖੀ ਦਾ ਕਰਮ ਹੈ। ਬੰਦਾ ਸਿੰਘ ਬਹਾਦਰ ਕਾਲ ਅਤੇ ਉੱਤਰ ਬੰਦਾ ਸਿੰਘ ਬਹਾਦਰ ਕਾਲ ਸਿੱਖ ਕੌਮ ਲਈ ਅਤਿ ਬਿਖੜਾ ਸਮਾਂ ਰਿਹਾ ਹੈ। ਬੰਦਾ ਸਿੰਘ ਬਹਾਦਰ ਦਾ ਮੁਗਲ ਰਾਜ ਪ੍ਰਬੰਧ ਦਾ ਤਖ਼ਤ ਹਿਲਾ ਦੇਣਾ ਇੱਕ ਇਤਿਹਾਸਕ ਤੇ ਨਿਡਰ ਕਰਮ ਬਣਿਆ ਅਤੇ ਉਸ ਦੀ ਸ਼ਹਾਦਤ ਸਿੱਖ ਕੌਮ ਲਈ ਅਣਮੁੱਲਾ ਸਰਮਾਇਆ ਬਣੀ। ਬੰਦਾ ਸਿੰਘ ਬਹਾਦਰ ਤੋਂ ਬਾਅਦ ਵੀ ਅਣਮਨੁੱਖੀ ਅਤਿਆਚਾਰ ਸਿੱਖ ਕੌਮ ਤੇ ਢਾਹੇ ਗਏ। ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ ਅਤੇ ਉਹਨਾ ਦਾ ਖੁਰਾ ਖੋਜ ਮਿਟਾਏ ਜਾਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਕੋਝੇ ਤੋਂ ਕੋਝਾ ਫ਼ਰਮਾਨ ਜਾਰੀ ਕੀਤਾ ਗਿਆ। ਮਾਵਾਂ ਸਾਹਮਣੇ ਬੱਚੇ ਸ਼ਹੀਦ ਕੀਤੇ ਗਏ ਅਤੇ ਉਹਨਾ ਦੇ ਟੋਟਿਆਂ ਦੇ ਹਾਰ ਬਣਾ ਕੇ ਗਲਾਂ ਵਿਚ ਪਾਏ ਗਏ। ਚੁਣ ਚੁਣ ਕੇ ਸਿੱਖ ਸ਼ਹੀਦ ਕੀਤੇ ਗਏ, ਸਿੱਖ ਬੀਬੀਆਂ ਨੇ ਸਵਾ-ਸਵਾ ਮਣ ਪੀਸਣੇ ਪੀਸੇ। ਏਨੇ ਜ਼ੁਲਮ ਸਹਾਰ ਕੇ ਵੀ ਸਿੱਖ ਕੌਮ ਦਾ ਸਿੱਖੀ ਪ੍ਰਤੀ ਪਿਆਰ ਬਰਕਰਾਰ ਰਿਹਾ। ਇਸ ਅਧਿਆਇ ਵਿਚ ਇਤਿਹਾਸਿਕ ਅਧਿਐਨ ਰਾਹੀਂ ਸਿੱਖ ਸ਼ਹਾਦਤ ਪਰੰਪਰਾ ਦੇ ਸਿੱਖ ਇਤਿਹਾਸ ਵਿਚ ਸ਼ਹਾਦਤਾਂ ਦਾ ਆਰੰਭ ਅਤੇ ਸਮੇਂ ਅਨੁਸਾਰ ਮੁਗਲ ਪ੍ਰਬੰਧ ਵੱਲੋਂ ਚੁਣੌਤੀਆਂ ਨੂੰ

ਸਵੀਕਾਰਦੇ ਹੋਏ ਕਿਵੇਂ ਵਿਕਾਸ ਹੋਇਆ, ਇਹਨਾਂ ਅਦਰਸ਼ਾਂ ਨੂੰ ਖੋਜ ਰਾਹੀਂ ਵਿਸ਼ਲੇਸ਼ਿਤ ਕੀਤਾ ਜਾਵੇਗਾ।

### 4.1 ਗੁਰੂ ਕਾਲ ਵਿਚ ਸ਼ਹਾਦਤ ਪਰੰਪਰਾ

ਗੁਰੂ ਨਾਨਕ ਦੇਵ ਜੀ ਤੋਂ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਤੱਕ ਦਾ ਸਮਾਂ ਹੈ ਜਿਸ ਨੂੰ 1469 ਤੋਂ 17●8 ਈ. ਤੱਕ ਵੰਡਿਆ ਜਾ ਸਕਦਾ ਹੈ। ਸ਼ਹਾਦਤਾਂ ਦਾ ਅਰੰਭ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਹੋ ਗਿਆ ਅਤੇ ਗੁਰੂ ਨਾਨਕ ਸਾਹਿਬ ਤੋਂ ਬਾਅਦ ਸ਼ਹਾਦਤਾਂ ਲਗਾਤਾਰ ਹੁੰਦੀਆਂ ਰਹੀਆਂ ਹਨ। ਇਹਨਾਂ ਸ਼ਹਾਦਤਾਂ ਪਿਛੇ ਮੁਗਲ ਸਾਮਰਾਜ ਦੀ ਧਾਰਮਿਕ ਤੇ ਸਿਆਸੀ ਕੱਟੜਤਾ ਦੀ ਨੀਤੀ ਕੰਮ ਕਰਦੀ ਰਹੀ ਹੈ। ਸਿੱਖ ਧਰਮ ਦੀ ਲੋਕਪੱਖੀ, ਮਾਨਵਵਾਦੀ ਅਤੇ ਨੈਤਿਕ ਆਦਰਸ਼ਾਂ ਵਾਲੀ ਵਿਚਾਰਧਾਰਾ ਨੂੰ ਦਬਾਉਣਾ ਚਾਹਿਆ। ਦੂਜੇ ਸ਼ਬਦਾਂ ਵਿਚ ਨਵੇਂ ਉਭਰ ਰਹੇ ਸਿੱਖ ਸੰਗਠਨ ਨੂੰ ਦਬਾਉਣਾ ਅਤੇ ਇਸਲਾਮੀ ਰਹੁ-ਰੀਤਾਂ, ਇਸਲਾਮੀ ਕਾਨੂੰਨ ਅਤੇ ਇਸਲਾਮੀ ਸੱਭਿਆਚਾਰ ਦੀ ਸਥਾਪਤੀ ਹੀ ਮੁਗਲ ਸਾਮਰਾਜ ਦੀ ਨੀਤੀ ਦਾ ਮੁੱਖ ਮਕਸਦ ਸੀ। ਕੁਰਨ ਦਾ ਨਿਯਮ ਇਸਲਾਮ ਤੋਂ ਇਲਾਵਾ ਬਾਕੀ ਸਾਰੇ ਧਰਮਾਂ ਨੂੰ 'ਕਾਫ਼ਰ' ਸਵੀਕਾਰਦਾ ਹੈ। ਮੋਮਨ ਸਿਰਫ਼ ਉਹੀ ਹੈ ਜੋ ਇਸਲਾਮ ਧਰਮ ਧਾਰਨ ਕਰਦਾ ਹੈ ਅਤੇ ਧਰਮ ਯੁੱਧ (ਜਹਾਦ) ਵਿਚ ਸ਼ਾਮਲ ਹੁੰਦਾ ਹੈ। ਇਸ ਲਈ ਇਸਲਾਮ ਦੀ ਰਾਜਸੀ ਧਾਰਮਿਕ ਨੀਤੀ ਅਨੁਸਾਰ ਅਸਲੀ ਰਾਜਾ ਉਹੀ ਹੈ ਜੋ ਧਰਮ ਯੁੱਧ ਵਿਚ ਸ਼ਾਮਲ ਹੋ ਕੇ ਇਸਲਾਮ ਧਰਮ ਨੂੰ ਪ੍ਰਚਾਰਦਾ ਅਤੇ ਇਸ ਪ੍ਰਸਾਰ ਲਈ ਸ਼ਾਮਲ ਹੁੰਦਾ ਹੈ। ਇਸ ਪ੍ਰਸੰਗ ਵਿੱਚ ਇਤਿਹਾਸਕਾਰ ਜਾਦੂ ਨਾਥ ਸਰਕਾਰ ਆਪਣਾ ਵਿਚਾਰ ਪ੍ਰਗਟਾਉਂਦੇ ਹਨ:

> The sole duty of the Muslim king is to make exertion (Jihad) in the path of God by waging war against infidel land (dar-ul-herb) till they become a part of the realm on the Islam (dar-ul-Islam) and their population are converted into the believers.[2]

ਇਸ ਪ੍ਰਕਾਰ ਭਾਰਤੀ ਲੋਕਾਂ ਉੱਤੇ ਸ਼ਾਸਨ ਕਰਨ ਵਾਲੇ ਮੁਗਲ ਸ਼ਾਸਕਾਂ ਨੇ ਇਸਲਾਮੀ ਰਾਜ ਦੀ ਨੀਤੀ ਨੂੰ ਆਪਣਾਉਂਦਿਆਂ ਭਾਰਤੀ ਜਨਤਾ ਉੱਤੇ ਅਨੇਕਾਂ ਅੱਤਿਆਚਾਰ, ਅਨੇਕਾਂ ਜ਼ੁਲਮ ਅਤੇ ਨਸਲੀ ਕੱਟੜਤਾ ਵਾਲੀ ਨੀਤੀ ਅਪਣਾਈ  ਹਿੰਦੂ ਜਨਤਾ ਨੂੰ ਮੁਸਲਿਮ ਜਨਤਾ ਤੋਂ ਘਟੀਆ ਸਮਝਿਆ ਜਾਂਦਾ। ਇਸ ਨੀਤੀ ਸੰਬੰਧੀ ਐਸ.ਆਰ. ਸ਼ਰਮਾ ਦਾ ਵਿਚਾਰ ਪ੍ਰਸੰਗਿਕ ਹੈ:

> The Sultan in India was based on the distinction between its Hindu and Muslim subject. The Muslim formed the ruling caste. Naturally the position of the Hindus differed in many respect from that of their Muslim neighbourers.[3]

ਡਾ. ਫੌਜਾ ਸਿੰਘ ਪੁਸਤਕ ਪੰਜਾਬ ਦਾ ਇਤਿਹਾਸ ਵਿੱਚ ਲਿਖਦੇ ਹਨ ਕਿ ਭਾਰਤੀ ਜਨਤਾ ਉੱਤੇ ਕਈ ਤਰ੍ਹਾ ਦੇ ਪ੍ਰਤੀਬੰਧ ਲਗਾਏ ਗਏ। ਤੀਰਥ ਯਾਤਰਾ ਟੈਕਸ, ਜਜੀਆ ਟੈਕਸ ਅਤੇ ਹਿੰਦੂਆਂ ਨੂੰ ਨਵੇਂ ਮੰਦਰ ਉਸਾਰਣ ਦੀ ਮਨਾਹੀ ਕਰ ਦਿੱਤੀ ਗਈ। ਪੁਰਾਣੇ ਮੰਦਰਾਂ ਨੂੰ ਢਾਹ ਦਿੱਤਾ ਗਿਆ ਅਤੇ ਉਨ੍ਹਾਂ ਦੀ ਜਗ੍ਹਾ ਮਸੀਤਾਂ ਦੀ ਉਸਾਰੀ ਕਰਵਾ ਦਿੱਤੀ ਗਈ। ਜ਼ਬਰਦਸਤੀ ਇਸਲਾਮ ਧਰਮ ਅਪਣਾਉਣ ਤੇ ਜ਼ੋਰ ਦਿੱਤਾ ਗਿਆ। ਇਸਲਾਮ ਦੇ ਪ੍ਰਚਾਰ ਲਈ ਗਊਆਂ ਨੂੰ ਮਾਰਨਾ ਅਤੇ ਠਾਕੁਰ ਦੁਆਰੇ ਢਾਹੁਣਾ ਆਮ ਹੋ ਗਿਆ। ਭਾਈ ਗੁਰਦਾਸ ਜੀ, ਇਸ ਨੂੰ 'ਬਹੁਵਾਟੀ' ਜਗ ਚਲੀਐ ਕਹਿੰਦੇ ਹਨ:

ਬਹੁਵਾਟੀ ਜਗ ਚਲੀਆ॥
ਤਬ ਹੀ ਭਏ ਮੁਹੰਮਦਿ ਯਾਰਾ॥
ਕਉਮਿ ਬਹਤਰਿ ਸੰਗਿ ਕਰਿ॥
ਬਹੁ ਬਿਧਿ ਵੈਰ ਵਿਰੋਧੁ ਪਸਾਰਾ॥
ਰੋਜ਼ੇ ਈਨ ਨਿਮਾਜਿ ਕਰਿ॥
ਕਰਮੀ ਬੰਦਿ ਕੀਆ ਸੰਸਾਰਾ॥

ਪੀਰ ਪੈਕੰਬਰ ਅਉਲੀਏ ਗਾਉਸ ਕੁਤਬ॥

ਬਹੁ ਭੇਖ ਸਵਾਰਾ॥

ਠਾਕੁਰ ਦੁਆਰੈ ਢਾਹਿਕੈ ਤਿਹ ਠਉੜੀ॥

ਮਾਸੀਤ ਉਸਾਰਾ॥

ਮਾਰਨਿ ਗਉ ਗਰੀਬ ਨੋ॥

ਧਰਤੀ ਉਪਰਿ ਪਾਪੁ ਬਿਥਾਰਾ॥[4]

1526 ਤੋਂ 1557 ਈ. ਤੱਕ ਮੁਗਲ ਸ਼ਾਸਨ ਰਿਹਾ ਜਿਸ ਦਾ ਅਰੰਭ ਬਿੰਦੂ ਮੁਗਲ ਬਾਦਸ਼ਾਹ ਬਾਬਰ ਸੀ। ਬਾਬਰ ਨੇ ਇਸਲਾਮੀ ਧਾਰਮਿਕ ਨੀਤੀ ਅਪਣਾਈ ਅਤੇ ਹਮਲਾ ਕਰਕੇ ਭਾਰਤੀ ਜਨਤਾ ਉਪਰ ਤਸੀਹੇ ਢਾਹੇ, ਇਸ ਪਿਛੋਂ ਹਮਾਯੂੰ ਰਾਜਗੱਦੀ ਉਪਰ ਬੈਠਾ ਉਸ ਦੀ ਨੀਤੀ ਵਿਚ ਕੋਈ ਤਬਦੀਲੀ ਨਹੀਂ ਸੀ। ਅਕਬਰ ਪਹਿਲਾ ਮੁਗਲ ਬਾਦਸ਼ਾਹ ਸੀ ਜਿਸ ਨੇ ਸਭ ਧਰਮਾਂ ਦੇ ਲੋਕਾਂ ਨੂੰ ਧਾਰਮਿਕ ਅਤੇ ਰਾਜਨੀਤਿਕ ਅਧਿਕਾਰ ਦਿੱਤੇ। 1546 ਈ. ਵਿਚ ਉਸਨੇ 'ਜਜ਼ੀਆ ਕਰ' ਹਟਾ ਦਿੱਤਾ ਅਤੇ ਸੁਲਹ-ਕੁਲ ਦੀ ਨੀਤੀ ਅਪਣਾਉਂਦਿਆਂ ਸਾਰੇ ਧਰਮਾ ਦਾ ਸਤਿਕਾਰ ਕੀਤਾ। ਉਸਨੇ ਤੀਰਥ ਯਾਤਰਾ ਕਰ ਵੀ ਹਟਾ ਦਿੱਤਾ ਅਤੇ ਹਿੰਦੂਆਂ ਨੂੰ ਮੁੜ ਆਪਣੇ ਧਰਮ ਵਿਚ ਜਾਣ ਦੀ ਇਜਾਜ਼ਤ ਦੇ ਦਿੱਤੀ। ਉਸਨੇ ਨਵੇਂ ਮੰਦਰਾਂ ਦੀ ਉਸਾਰੀ ਕਰਵਾਈ ਅਤੇ ਪੁਰਾਣੇ ਮੰਦਰਾਂ ਦੀ ਮੁਰੰਮਤ ਵੀ ਕਰਵਾਈ। ਇਸ ਪ੍ਰਕਾਰ ਅਕਬਰ ਨੇ ਸਾਰੇ ਭਾਰਤੀ ਨਾਗਰਿਕਾਂ ਨੂੰ ਇਕੋ ਜਿਹੇ ਅਧਿਕਾਰ ਦਿੱਤੇ। ਅਕਬਰ ਦੀ ਮੌਤ ਪਿਛੋਂ ਜਹਾਂਗੀਰ 16●5 ਈ. ਵਿਚ ਰਾਜਤਖਤ ਤੇ ਬੈਠਾ। ਉਸ ਨੇ ਤਖ਼ਤ ਤੇ ਬੈਠਦਿਆਂ ਹੀ ਐਲਾਨ ਕੀਤਾ ਕਿ ਉਹ ਇਸਲਾਮ ਧਰਮ ਦਾ ਰੱਖਿਅਕ ਬਣੇਗਾ। ਉਸ ਨੇ ਆਪਣੇ ਰਾਜਕਾਲ ਵਿਚ ਉਹਨਾ ਸਾਰੇ ਕੇਦਰਾਂ ਨੂੰ ਨਸ਼ਟ ਕਰਨ ਦਾ ਇਰਾਦਾ ਬਣਾ ਲਿਆ ਜੋ ਇਸਲਾਮ ਧਰਮ ਅਤੇ ਇਸਲਾਮੀ ਰਾਜ ਲਈ ਖਤਰਾ ਬਣ ਸਕਦੇ ਸਨ । ਇਸ ਸੰਬੰਧੀ ਇਤਿਹਾਸਕਾਰ ਐਸ.ਆਰ. ਸ਼ਰਮਾ ਲਿਖਦੇ ਹਨ:

> At Jahangir's accession the Muslim theologians who had not been pleased very much with Akbar's attempts

> of secularizing the state seem to have tried to win back their last influence.[5]

ਜਹਾਂਗੀਰ ਨੇ ਇਸਲਾਮ ਧਰਮ ਨੂੰ ਵੱਧ ਤੋਂ ਵੱਧ ਫੈਲਾਉਣ ਦੇ ਯਤਨ ਕੀਤੇ। ਉਸ ਨੇ ਇਸਲਾਮ ਅਪਣਾਉਣ ਵਾਲਿਆਂ ਨੂੰ ਭੱਤੇ ਦੇਣੇ ਸ਼ੁਰੂ ਕਰ ਦਿੱਤੇ। ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਗਿਆ। ਜਹਾਂਗੀਰ ਤੋਂ ਪਿਛੋਂ ਸ਼ਾਹਜਹਾਨ ਗੱਦੀ ਉੱਪਰ ਬੈਠਾ ਜੋ ਕਿ ਇਕ ਰੂੜੀਵਾਦੀ ਬਾਦਸ਼ਾਹ ਸਾਬਿਤ ਹੋਇਆ। ਇਸਲਾਮ ਨੂੰ ਨਾ ਮੰਨਣ ਵਾਲਿਆਂ ਨੂੰ ਸਜਾਵਾਂ ਦੇਣਾ ਅਤੇ ਹਿੰਦੂ ਧਰਮ ਦੀਆਂ ਰੀਤੀਆਂ ਨੂੰ ਤੋੜਨਾ ਉਸ ਦੇ ਮੁੱਖ ਕੰਮਾਂ ਵਿਚੋਂ ਸੀ। ਉਸ ਨੇ ਨਵੇਂ ਬਣਾਏ ਜਾ ਰਹੇ ਮੰਦਰਾਂ ਨੂੰ ਅਤੇ ਪੁਰਾਣਿਆਂ ਦੀ ਮੁਰੰਮਤ ਬੰਦ ਕਰ ਦਿੱਤੀ। ਇਸ ਪ੍ਰਸੰਗ ਵਿੱਚ ਲੇਖਕ ਪ੍ਰੀਤਮ ਸਿੰਘ ਦਾ ਵਿਚਾਰ ਬੜਾ ਪ੍ਰਸੰਗਿਕ ਹੈ:

> He ordered the destruction of recently constructed temples. Varanasi had its share of 72 shrines raised to the ground. Temples in Gujarat, Allahabad, Kashmir and other provinces were also destroyed. Hindu temples in the course of his military operation such as those in Bundelkhand.[6]

ਸ਼ਾਹਜਹਾਨ ਪਿਛੋਂ 1558 ਈ. ਵਿਚ ਔਰੰਗਜ਼ੇਬ ਗੱਦੀ ਉਪਰ ਬੈਠਾ। ਗੱਦੀ ਤੇ ਬੈਠ ਦਿਆਂ ਹੀ ਉਸਨੇ ਗੈਰ ਧਰਮੀਆਂ ਉਪਰ ਸਖ਼ਤੀਆਂ ਦਾ ਦੌਰ ਸ਼ੁਰੂ ਕਰ ਦਿੱਤਾ। ਹਿੰਦੂਆਂ ਨੂੰ ਤਿਉਹਾਰ ਮਨਾਉਣ ਤੇ, ਸੰਗੀਤ ਅਤੇ ਨਾਚ ਦੀ ਮਨਾਹੀ ਕਰ ਦਿੱਤੀ। ਔਰੰਗਜ਼ੇਬ ਕੱਟੜਪੁਣੇ ਅਤੇ ਪਰਜ਼ਾ ਪ੍ਰਤੀ ਸਖ਼ਤੀ ਦੇ ਵਰਤਾਉ ਦਾ ਲਖਾਇਕ ਰਿਹਾ। ਉਸ ਦੇ ਦਾਰ-ਉਲ-ਹਰਬ ਨੂੰ, ਦਾਰ-ਉਲ-ਇਸਲਾਮ (ਇਸਲਾਮੀ ਦੇਸ਼) ਵਿਚ ਬਦਲਣ ਦੀ ਪੂਰੀ ਵਾਹ ਲਈ। ਉਸ ਨੇ ਹਿੰਦੂਆਂ ਅਤੇ ਸਿੱਖਾਂ ਉਪਰ ਬਹੁਤ ਹੀ ਸਖ਼ਤੀ ਵਾਲਾ ਵਰਤਾਉ ਅਰੰਭ ਕਰ ਦਿੱਤਾ ਧਾਰਮਿਕ ਕੱਟੜਤਾ ਦੀ ਨੀਤੀ ਕਾਰਨ ਇਸਲਾਮ ਤੋਂ ਬਿਨਾ ਸਭ ਧਰਮਾ, ਮਤਾਂ ਦਾ ਪ੍ਰਚਾਰ ਸਰਕਾਰੀ ਫੁਰਮਾਨ ਰਾਹੀਂ ਬੰਦ ਕਰ ਦਿੱਤਾ ਗਿਆ। ਇਸ ਬਾਰੇ ਐਮ. ਲਤੀਫ ਦਾ ਵਿਚਾਰ ਗੌਲਣਯੋਗ ਹੈ:

ਹਿੰਦੂ ਧਰਮ ਦੇ ਪ੍ਰਚਾਰਕਾਂ, ਸੰਨਿਆਸੀਆਂ, ਜੋਗੀਆਂ, ਤੇ ਪੁਜਾਰੀਆਂ ਨੂੰ ਨਗਰਾਂ ਅਤੇ ਪਿੰਡਾਂ ਵਿਚੋਂ ਕੱਢ ਦਿੱਤਾ ਗਿਆ। ਹਿੰਦੂ ਨਾ ਤਾਂ ਕੋਈ ਮੰਦਰ ਉਸਾਰ ਸਕਦੇ ਸੀ ਨਾ ਹੀ ਕਿਸੇ ਪੁਰਾਣੇ ਮੰਦਰ ਦੀ ਉਸਾਰੀ ਤੇ ਮੁਰੰਮਤ ਕਰ ਸਕਦੇ ਸਨ। ਮੁਸਲਮਾਨਾਂ ਨੂੰ ਉਚੀਆਂ ਪਦਵੀਆਂ ਅਤੇ ਸਤਿਕਾਰਯੋਗ ਸਥਾਨ ਦਿੱਤੇ ਜਾਂਦੇ ਸਨ।[7]

ਇਸ ਪ੍ਰਕਾਰ ਔਰੰਗਜ਼ੇਬ ਦੀ ਨੀਤੀ ਅਕਬਰ ਤੋਂ ਬਿਲਕੁਲ ਉਲਟ ਸੀ। ਉਸਨੇ ਭਾਰਤ ਨੂੰ ਇਸਲਾਮੀ ਦੇਸ਼ ਬਣਾਉਣ ਲਈ ਪੂਰੀ ਵਾਹ ਲਾਈ। ਜਾਦੂ ਨਾਥ ਸਰਕਾਰ ਕਹਿੰਦੇ ਹਨ:

> In the twelve years of his reign on 9th April 1969 A.D., he issued a general order to demolish all the schools and temples of the infidels and to put down their religious teachings and practice.[8]

ਮੁਗਲਾਂ ਦੀ ਧਾਰਮਿਕ ਕੱਟੜਤਾ ਦੀ ਨੀਤੀ ਨੇ ਦੇਸ਼ ਵਿਚ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਜੋ ਜਨਤਾ ਲਈ ਅਸਹਿ ਹੋ ਗਏ। 1666 ਈ. ਨੂੰ ਇਹ ਹੁਕਮ ਜਾਰੀ ਕੀਤਾ ਗਿਆ ਕਿ ਨਵੇਂ ਮੰਦਰ ਨਹੀਂ ਉਸਾਰੇ ਜਾਣਗੇ। ਇਸ ਦੇ ਨਾਲ ਹੀ ਮਥਰਾ ਅਤੇ ਕੇਸ਼ਵ ਰਾਏ ਮੰਦਰ ਨੂੰ ਢਾਹ ਢੇਰੀ ਕਰਨ ਦਾ ਫੁਰਮਾਨ ਵੀ ਸੀ। ਇਹ ਪਹਿਲ ਹਿੰਦੂ ਤੀਰਥ ਅਸਥਾਨ ਸੀ ਜੋ ਔਰੰਗਜ਼ੇਬ ਦੀ ਦਮਨਕਾਰੀ ਨੀਤੀ ਦੀ ਭੇਂਟ ਚੜ੍ਹਿਆ। ਇਸ ਤੋਂ ਬਾਅਦ ਇਹ ਸਿਲਸਿਲਾ ਨਿਰੰਤਰਤਾ ਵਿਚ ਤਬਦੀਲੀ ਹੋ ਗਿਆ। 1669 ਈ. ਵਿਚ ਬਨਾਰਸ ਦਾ ਵਿਸ਼ਵਨਾਥ ਅਤੇ ਗੋਪੀ ਨਾਥ ਮੰਦਰ ਢਾਹ ਕੇ ਮਸੀਤਾਂ ਉਸਾਰ ਦਿੱਤੀਆਂ ਗਈਆਂ। 167● ਈ. ਦੇ ਫੁਰਮਾਨ ਰਾਹੀਂ ਹਿੰਦੂਆਂ ਨੂੰ ਘੋੜੇ ਉੱਤੇ ਚੜ੍ਹਨ, ਹਥਿਆਰ ਰੱਖਣ ਅਤੇ ਪੱਗ ਬੰਨਣ ਤੇ ਪੂਰਨ ਪਾਬੰਦੀ ਲਾ ਦਿੱਤੀ ਗਈ। 1671 ਵਿਚ ਨੌਕਰੀਆਂ ਤੇ ਲੱਗੇ ਸਾਰੇ ਹਿੰਦੂ ਨਛੱਤਰ, ਨਜੂਮੀ ਅਤੇ ਅਹਿਲਕਾਰ ਨੌਕਰੀਆਂ ਤੋਂ ਕੱਢ ਬਾਹਰ ਕੀਤੇ ਗਏ। ਜਜ਼ੀਆ ਟੈਕਸ ਮੁੜ ਲਾਗੂ ਕਰ ਦਿੱਤਾ ਗਿਆ ਅਤੇ ਲੋਕਾਂ ਦਾ ਲਹੂ ਨਿਚੋੜ ਲਿਆ ਗਿਆ।[9]

ਅਜਿਹੇ ਹਾਲਾਤਾਂ ਵਿਚ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੇ ਦੇਸ਼ ਦੀ ਜਨਤਾ ਨੂੰ ਨਵੀਂ ਕੌਮੀ ਚੇਤਨਾ ਪ੍ਰਦਾਨ ਕੀਤੀ। ਉਹਨਾਂ ਦੇ ਵਿਚਾਰਾਂ ਨੇ ਭਾਰਤ ਵਾਸੀਆਂ ਦੀ ਸੋਚਣੀ, ਕਰਨੀ ਅਤੇ ਕਥਨੀ ਵਿਚ ਬਹੁਤ ਵੱਡੇ ਪੱਧਰ ਤੇ ਇਨਕਲਾਬ ਲਿਆਂਦਾ। ਸਮੇਂ ਦੀਆਂ ਬੋਦੀਆਂ ਕੀਮਤਾਂ ਦਾ ਖੰਡਨ ਕਰਕੇ ਅੱਤਿਆਚਾਰੀਆਂ ਨੂੰ ਵੰਗਾਰਿਆ। ਸੱਚ ਦਾ ਢਿੰਡੋਰਾ ਪਿੱਟਿਆ ਗਿਆ ਅਤੇ ਮਰ ਰਹੀ ਜਨਤਾ ਵਿਚ ਮਨੁੱਖਤਾ ਜਗਾਈ ਗਈ। ਜ਼ਬਰ ਜ਼ੁਲਮ ਅੰਧਕਾਰ ਅਤੇ ਅੱਤਿਆਚਾਰ ਵਿਰੁੱਧ ਖੜੇ ਹੋਣ ਦੀ ਹਿੰਮਤ ਦਿੱਤੀ ਅਤੇ ਸਮਾਜਿਕ ਸਥਿਰਤਾ ਲਿਆਉਣ ਲਈ ਕਦਮ ਉਠਾਏ। ਪੰਜਾਬ ਦੇ ਇਤਿਹਾਸ ਵਿਚ ਬਾਬਰ ਅਤੇ ਬਾਬੇ ਨਾਨਕ ਦੇ ਕਾਰਜਾਂ ਦਾ ਅਰੰਭ ਇੱਕੋ ਸਮੇਂ ਹੁੰਦਾ ਹੈ। ਗੁਰੂ ਜੀ ਮਨੁੱਖਤਾ ਦੀ ਖਾਤਿਰ ਪਾਪ ਅੱਤਿਆਚਾਰ ਅਤੇ ਜ਼ੁਲਮ ਨੂੰ ਠੱਲ ਪਾਉਣ ਦੀ ਮੁਹਿੰਮ ਅਰੰਭ ਕਰਦੇ ਹਨ ਜਦ ਕਿ ਬਾਬਰ ਨੇ ਭਾਰਤ ਉੱਤੇ ਹਮਲਾ ਕਰਕੇ ਇੱਥੋਂ ਦਾ ਧਨ ਮਾਲ ਅਤੇ ਅਤਿ ਦੀ ਤਬਾਹੀ ਕਰਕੇ ਲੁੱਟ-ਮਾਰ ਕੀਤੀ। ਗੁਰੂ ਜੀ ਨੇ ਬਾਬਰ ਦੇ ਹਮਲੇ ਵੇਲੇ ਹੋਈ ਜ਼ੁਲਮ ਦੀ ਇੰਤਹਾ ਨੂੰ 'ਏਤੀ ਮਾਰ ਪਈ ਕੁਰਲਾਣੇ' ਦੇ ਬਾਬਰ ਬਾਣੀ ਦੇ ਸ਼ਬਦਾਂ ਰਾਹੀਂ ਬਿਆਨ ਕੀਤਾ ਹੈ। ਉਨ੍ਹਾਂ ਬਾਬਰ ਦੇ ਜ਼ੁਲਮਾਂ ਨੂੰ ਵੰਗਾਰ ਪਾਈ ਅਤੇ ਜਨਤਾ ਨੂੰ ਦੇਸ਼ ਧਰਮ ਅਤੇ ਸੱਚ ਦੀ ਖਾਤਿਰ ਜੂਝਣ ਦੀ ਪ੍ਰੇਰਣਾ ਵੀ ਦਿੱਤੀ। ਸਿੱਖ ਸਮਾਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪ੍ਰਥਮ ਸ਼ਹੀਦ ਸਵੀਕਾਰ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਜਹਾਂਗੀਰ ਕਾਲ ਵਿਚ ਸ਼ਹੀਦੀ ਪਾਈ ਪਰ ਸ੍ਰੋਤਾਂ ਤੋਂ ਇਹ ਜਾਣਕਾਰੀ ਵੀ ਮਿਲਦੀ ਹੈ ਕਿ ਬਾਬਰ ਦੇ ਹਮਲੇ ਵੇਲੇ ਵੀ ਕਈ ਸਿੰਘ ਸ਼ਹੀਦ ਹੋਏ ਹਨ । ਗਿਆਨੀ ਭਜਨ ਸਿੰਘ ਆਪਣੀ ਪੁਸਤਕ 'ਸਾਡੇ ਸ਼ਹੀਦ' ਵਿਚ ਪ੍ਰਿੰਸੀਪਲ ਗੰਗਾ ਸਿੰਘ ਦੇ ਅੰਮ੍ਰਿਤ ਰਸਾਲੇ ਦੇ ਪੰਨਾ ਨੰਬਰ 23 ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ:

> ਭਾਈ ਤਾਰਾ ਸਿੰਘ ਜੀ ਗੁਰੂ ਨਾਨਕ ਸਾਹਿਬ ਦੇ ਸਿੱਖ ਸਨ ਜਿਨ੍ਹਾਂ ਨੇ ਆਪਣੀ ਸ਼ਹਾਦਤ ਨਾਲ ਬਾਬਰਬਾਣੀ ਦੇ ਵਿਰੁੱਧ ਲੋਕਾਂ ਵਿਚ ਜੀਵਨ ਸੰਚਾਰਿਆ ਅਤੇ ਸਦੀਆਂ ਬਾਅਦ ਭਾਰਤ ਨੇ ਉਹ ਰੂਹ ਤੱਕੀ ਜੋ ਜ਼ੁਲਮ ਅਤੇ ਅਨਿਆਂ ਦੇ ਹੜ੍ਹ ਦੇ ਬਰਖਿਲਾਫ ਪਹਾੜ ਦੀ ਨਿੱਕੀ

> ਜਿਹੀ ਚੱਟਾਨ ਵਾਂਗ ਡਟ ਗਈ ਸੀ । ਇਸ ਮਗਰੋਂ ਸੱਚੀ ਸ਼ਹਾਦਤ ਦਾ ਦਫ਼ਤਰ ਖੁੱਲ ਗਿਆ। ਇਤਨੀ ਭਰਤੀ ਹੋਈ ਕਿ ਗਿਣਤੀ ਕਰਨੀ ਕਠਿਨ ਹੈ ।[10]

ਭਾਈ ਤਾਰੂ ਲਾਹੌਰ ਦੇ ਨੇੜੇ ਕਿਸੇ ਪਿੰਡ ਦਾ ਰਹਿਣ ਵਾਲਾ ਸੀ । ਦਸ ਸਾਲ ਦੀ ਉਮਰ ਵਿਚ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਆਇਆ। ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਸੱਚ ਦਾ ਵਪਾਰ ਕਰਨ ਦੀ ਅਤੇ ਪ੍ਰਮੇਸ਼ਵਰ ਦੇ ਜੀਵਾਂ ਤੇ ਉਪਕਾਰ ਕਰਨ ਦੀ ਸਿੱਖਿਆ ਦਿੱਤੀ । ਭਾਈ ਗੁਰਦਾਸ ਲਿਖਦੇ ਹਨ:

> ਤਾਰੂ ਪੋਪਟ ਤਾਰਿਆ।।
>
> ਗੁਰਮੁਖ ਬਾਲ ਸੁਭਾਇਆ ਉਦਾਸ।।[11]

ਭਾਈ ਤਾਰੂ ਦੀ ਬਾਬਰ ਦੇ ਹਮਲੇ ਦੌਰਾਨ ਲੋਕਾਂ ਦੀ ਭਲਾਈ ਖਾਤਿਰ ਸ਼ਹੀਦ ਹੋਣ ਦੀ ਮਿਸਾਲ ਮਿਲਦੀ ਹੈ । ਬਾਬਰ ਦੇ ਸਿਪਾਹੀਆਂ ਨੇ ਸ਼ਹਿਰ ਨੂੰ ਅੱਗ ਲਾ ਦਿੱਤੀ ਅਤੇ ਇਸੇ ਅੱਗ ਨੂੰ ਬੁਝਾਉਣ ਲਈ ਉਸ ਨੇ ਮਸ਼ਕ ਵਿਚ ਪਾਣੀ ਭਰਕੇ ਲੋਕਾਂ ਦੀ ਮਦਦ ਕੀਤੀ । ਇਸ ਘਟਨਾ ਵਿਚ ਉਹ ਗੁਰੂ ਜੀ ਦਾ ਨਿਧੜਕ ਸਿੱਖ ਹੁੰਦਾ ਹੋਇਆ ਦਲੇਰੀ ਅਤੇ ਹਿੰਮਤ ਦੀ ਮਿਸਾਲ ਬਣਿਆ । ਜਦ ਬਾਬਰ ਦੇ ਸਿਪਾਹੀਆਂ ਨੂੰ ਪਤਾ ਲੱਗਾ ਕਿ ਉਹ ਲੋਕਾਂ ਨੂੰ ਪਾਣੀ ਪਿਲਾ ਰਿਹਾ ਹੈ ਤਾਂ ਉਹਨਾਂ ਨੇ ਉਸਨੂੰ ਅੱਗ ਵਿਚ ਸੁੱਟ ਕੇ ਸ਼ਹੀਦ ਕਰ ਦਿੱਤਾ । ਗਿਆਨੀ ਭਜਨ ਸਿੰਘ ਲਿਖਦੇ ਹਨ:

> ਬਾਬਰ ਦੇ ਫੌਜੀਆਂ ਨੂੰ ਗੁੱਸਾ ਚੜ੍ਹਿਆ ਅਤੇ ਉਹਨਾਂ ਆ ਕੇ ਉਸ ਨੂੰ ਰੋਕਿਆ। ਜਦ ਉਹ ਨਾ ਰੁਕਿਆ ਤਾਂ ਚੁੱਕ ਕੇ ਅੱਗ ਵਿਚ ਸੁੱਟ ਕੇ ਸ਼ਹੀਦ ਕਰ ਦਿੱਤਾ ।[12]

ਇਸ ਪ੍ਰਕਾਰ ਸਿੱਖ ਸ਼ਹਾਦਤਾਂ ਦਾ ਅਰੰਭ ਜੇ ਭਾਈ ਭਾਰੂ ਜੀ ਦੀ ਸ਼ਹੀਦੀ ਤੋਂ ਮੰਨਿਆ ਜਾਵੇ ਤਾਂ ਗੁਰੂ ਅਰਜਨ ਦੇਵ ਜੀ ਤੱਕ ਪਹੁੰਚਦਿਆਂ ਸਿੱਖ ਲਹਿਰ ਇੱਕ ਸੰਗਠਿਤ ਰੂਪ ਵਿੱਚ ਲੋਕ ਪੱਖੀ ਲਹਿਰ ਦਾ ਰੂਪ ਧਾਰਨ ਕਰ ਚੁੱਕੀ ਸੀ। ਇਹ ਧਾਰਮਿਕ ਲਹਿਰ ਦੇ ਨਾਲ ਨਾਲ

ਸਮਾਜਿਕ, ਰਾਜਸੀ, ਆਰਥਿਕ, ਸੱਭਿਆਚਾਰਕ ਤੇ ਨੈਤਿਕ ਮਸਲੇ ਵੀ ਵਿਚਾਰਦੀ ਰਹੀ ਹੈ। ਇਸ ਨੇ ਭਾਰਤੀ ਵਿਵਸਥਾ ਨੂੰ ਪੁਨਰ-ਜਾਗ੍ਰਿਤੀ ਦੇ ਰਾਹ ਤੇ ਤੋਰਿਆ ਅਤੇ ਨਵੇਂ ਮਾਨਵਵਾਦੀ ਆਦਰਸ਼ ਰੱਖੇ। ਸਿੱਖ ਲਹਿਰ ਪੁਰਾਤਨ ਭਾਰਤੀ ਪਰੰਪਰਾ ਦੇ ਕਠੋਰ ਵਿਧਾਨ ਨੂੰ ਨਕਾਰਦੀ ਹੋਈ ਉਸ ਤੋਂ ਵਧੇਰੇ ਮਾਨਵਵਾਦੀ ਤੇ ਲੋਕ-ਪੱਖੀ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਵੱਲ ਰੁਚਿਤ ਰਹੀ ਹੈ। ਇਸ ਲੋਕ-ਪੱਖੀ ਲਹਿਰ ਨੂੰ ਮਜਬੂਤ ਕਰਨ ਲਈ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ 'ਬਾਈ ਮੰਜੀਆ' ਦੇ ਰੂਪ ਵਿੱਚ ਸਿੱਖੀ ਦੇ ਪ੍ਰਚਾਰ ਕੇਂਦਰਾਂ ਦੀ ਸਥਾਪਨਾ ਕੀਤੀ। ਗੁਰੂ ਰਾਮਦਾਸ ਜੀ ਨੇ 'ਗੁਰੂ ਕਾ ਚੱਕ' ਅੰਮ੍ਰਿਤਸਰ ਦੀ ਸਥਾਪਨਾ ਕੀਤੀ ਜੋ ਸਿੱਖਾਂ ਲਈ ਸਵੈ-ਸ਼ਾਸਤ ਸੁਤੰਤਰ ਸੰਗਠਨ ਦਾ ਰੂਪ ਲੈ ਰਿਹਾ ਸੀ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਵਰਣਾਂ, ਨਸਲਾਂ, ਕੌਮਾਂ ਤੇ ਧਰਮਾਂ ਤੋਂ ਉਪਰ ਸਮੁੱਚੀ ਮਾਨਵਤਾ ਲਈ ਇੱਕ ਰੂਹਾਨੀ ਅਗਵਾਈ ਵਾਲਾ ਦਸਤਾਵੇਜ਼ ਤਿਆਰ ਕੀਤਾ। ਗੁਰੂ ਅਰਜਨ ਦੇਵ ਜੀ ਦੁਆਰਾ ਚਲਾਈ ਗਈ 'ਮਸੰਦ ਪ੍ਰਥਾ' ਸਮਾਜਿਕ ਸੰਗਠਨ ਦਾ ਇੱਕ ਅਜਿਹਾ ਮਾਡਲ ਸੀ ਜੋ ਹਾਕਮ ਜਮਾਤ ਨੂੰ ਉਸ ਦੀ ਹਕੂਮਤ ਲਈ ਖਤਰਾ ਲੱਗਣ ਲੱਗ ਗਿਆ। ਇਸ ਪ੍ਰਸੰਗ ਵਿੱਚ ਇੰਦੂ ਭੂਸ਼ਣ ਬੈਨਰਜੀ ਦੀ ਰਾਏ ਵਿਚਾਰਨਯੋਗ ਹੈ:

> ਮਸਦ ਪ੍ਰਥਾ ਹੌਲੀ-ਹੌਲੀ ਸਿੱਖਾਂ ਨੂੰ ਇੱਕ ਤਰ੍ਹਾਂ ਦੇ ਆਤਮ-ਸਨਮਾਨ ਦਾ ਅਹਿਸਾਸ ਕਰਵਾ ਰਹੀ ਸੀ। ਕੇਂਦਰ ਵਿੱਚ ਗੁਰੂ ਦਾ ਮਹੱਤਵ, ਸ਼ਾਨੋ-ਸ਼ੋਕਤ ਵਾਲਾ ਦਰਬਾਰ, ਸਮੁੱਚੀ ਸੰਗਤ ਉਪਰ ਇੱਕ ਕੇਂਦਰੀ ਨਿਯੰਤਰਣ ਅਤੇ ਸਿੱਖਾਂ ਲਈ ਏਕਤਾ ਦਾ ਪ੍ਰਤੀਕ (ਤਖ਼ਤ) ਸਧਾਰਨ ਅਰਥਾਂ ਤੋਂ ਪਰੇ ਕਿਸੇ ਦੈਵੀ ਸ਼ਕਤੀ ਦਾ ਚਿੰਨ੍ਹ ਬਣ ਗਏ। ਇੱਕ ਸੁਨਿਸ਼ਚਿਤ ਅਗਵਾਈ ਵਾਲੀ, ਅਨੁਸ਼ਾਸਿਤ, ਆਤਮ ਬਲਿਦਾਨ ਤੇ ਉੱਚੇ ਆਦਰਸ਼ਾਂ ਨੂੰ ਪ੍ਰਣਾਈ ਅਤੇ ਆਦਰਸ਼ਾਂ ਨੂੰ ਅਮਲੀ ਰੂਪ ਦੇਣ ਵਾਲੀਆਂ ਸੰਸਥਾਵਾਂ ਦੀ ਮਾਲਕ ਕੌਮ ਤੱਤਕਾਲੀ ਹਾਕਮ ਦੇ ਰੋਹ ਤੋਂ ਕਿਵੇਂ ਬਚ ਸਕਦੀ ਸੀ।[13]

ਗੁਰੂ ਅਰਜਨ ਦੇਵ ਜੀ ਇੱਕ ਉਤਸ਼ਾਹੀ ਜਜ਼ਬੇ ਵਾਲੇ ਗੁਰੂ ਸਨ। ਉਹਨਾਂ ਦਾ ਨਿਸ਼ਾਨਾ ਬਹੁਤ ਉੱਚਾ ਸੀ। ਉਹਨਾਂ ਨੇ ਕੌਮ ਨੂੰ ਜਥੇਬੰਦ ਕੀਤਾ ਅਤੇ ਆਤਮਿਕ ਉੱਨਤੀ ਲਈ ਉਪਰਾਲੇ ਕੀਤੇ। ਉਹਨਾਂ ਨੇ ਮੰਜੀ ਸਿਸਟਮ ਵਿੱਚ ਸੁਧਾਰ ਲਿਆਂਦਾ ਅਤੇ ਹੋਰ ਸਥਿਰਤਾ ਲਿਆਂਦੀ। ਸਮਾਜ ਨੂੰ ਇੱਕ ਲੜੀ ਵਿੱਚ ਪਰੋਇਆ। ਨਗਰਾਂ ਦੀ ਉਸਾਰੀ ਕਰਵਾਈ। ਮਨੁੱਖਤਾ ਦੇ ਭਲੇ ਲਈ ਸਰੋਵਰ ਤੇ ਬਉਲੀਆਂ ਬਣਵਾਈਆਂ। ਤਰਨਤਾਰਨ ਵਿਖੇ ਕੋਹੜੀ ਘਰ ਖੋਲਿਆ। ਅੰਮ੍ਰਿਤਸਰ ਨੂੰ ਵਿਉਪਾਰ ਦਾ ਕੇਂਦਰ ਬਣਾਇਆ। ਸਿੱਖਾਂ ਨੂੰ ਤਜਾਰਤ ਲਈ ਪ੍ਰੇਰਿਆ। ਲੋੜਬੰਦ ਗਰੀਬਾਂ ਤੇ ਦੀਨ ਦੁਖੀਆਂ ਦੀ ਭਲਾਈ ਲਈ ਅਨੇਕਾਂ ਕੰਮ ਕੀਤੇ। ਗੁਰੂ ਜੀ ਨੇ ਧਾਰਮਿਕ, ਸਮਾਜਿਕ ਸੁਧਾਰ ਹਿੱਤ ਨਸ਼ੇ ਨੂੰ ਖਤਮ ਕਰਨ ਅਤੇ ਸਤੀ ਪ੍ਰਥਾ ਨੂੰ ਖਤਮ ਕਰਕੇ ਵਿਧਵਾ ਵਿਆਹ ਵਰਗੀਆਂ ਬੁਰਾਈਆਂ ਨੂੰ ਜੜ੍ਹ ਤੋਂ ਖਤਮ ਲਈ ਯਤਨ ਕੀਤੇ। ਇਸ ਤਰ੍ਹਾਂ ਗੁਰੂ ਜੀ ਦਾ ਦੀਨ ਦੁਖੀਆਂ ਦਾ ਸਾਥ ਦੇਣ ਤੇ ਲੋਕ ਭਲਾਈ ਦੇ ਕੰਮ ਕਰਨ ਕਰਕੇ ਸਿੱਖ ਸੰਗਤ ਵਿੱਚ ਨਵੀਂ ਚੇਤਨਾ ਆ ਰਹੀ ਸੀ। ਜਨਤਾ ਨੇ ਉਹਨਾਂ ਨੂੰ 'ਸੱਚਾ ਪਾਤਸ਼ਾਹ' ਦੇ ਨਾਮ ਨਾਲ ਪੁਕਾਰਨਾ ਸ਼ੁਰੂ ਕਰ ਦਿੱਤਾ। ਇਸ ਪ੍ਰਸੰਗ ਵਿੱਚ ਐਮ. ਲਤੀਫ ਦਾ ਕਹਿਣਾ ਹੈ:

> ਗੁਰੂ ਦੇ ਸਿੱਖ, ਗੁਰੂ ਨੂੰ ਕੇਵਲ ਅਧਿਆਤਮਕ ਆਗੂ ਹੀ ਨਹੀਂ ਸਮਝਦੇ ਸਨ ਸਗੋਂ ਸੰਸਾਰਕ ਸੁਆਮੀ ਤੇ ਬਲਸ਼ਾਲੀ ਅਧਿਰਾਜ ਵੀ ਮੰਨਣ ਲੱਗ ਪਏ ਸਨ।[14]

ਗੁਰੂ ਜੀ ਦੀ ਵੱਧਦੀ ਹਰਮਨ ਪਿਆਰਤਾ ਅਤੇ ਸਿੱਖੀ ਸੰਗਤ ਦੀ ਮਜਬੂਤੀ ਮੁਗਲ ਹਕੂਮਤ ਲਈ ਖਤਰੇ ਦੀ ਘੰਟੀ ਸੀ। 16●5ਈ. ਵਿੱਚ ਜਹਾਂਗੀਰ ਰਾਜਗੱਦੀ ਉਪਰ ਬੈਠਿਆ। ਜਿਸ ਨੇ ਇਸਲਾਮੀ ਕੱਟੜਤਾ ਦੀ ਨੀਤੀ ਕਾਰਨ ਗੁਰੂ ਜੀ ਨੂੰ ਸ਼ਹੀਦ ਕਰ ਦੇਣ ਦੇ ਹੁਕਮ ਦਿੱਤੇ ਅਤੇ ਗੁਰੂ ਜੀ ਆਪਣੇ ਸਿਧਾਂਤਾਂ ਤੇ ਆਦਰਸ਼ਾਂ ਨੂੰ ਉੱਚਿਆਂ ਅਤੇ ਸੁਚਿਆਂ ਰੱਖਦੇ ਹੋਏ 31 ਮਈ 16●6 ਨੂੰ ਸ਼ਹਾਦਤ ਪ੍ਰਾਪਤ ਕੀਤੀ। ਖੋਜ ਕਾਰਜ ਦੇ ਦੂਜੇ ਅਧਿਆਏ ਵਿੱਚ ਉਹਨਾਂ ਦੀ ਸ਼ਹਾਦਤ ਦਾ ਵਿਸਥਾਰ ਸਹਿਤ ਵਰਣਨ ਅਸੀਂ ਕਰ ਆਏ ਹਾਂ ਇਸ ਲਈ ਇੱਥੇ ਸਿਰਫ ਇੰਨਾ ਹਵਾਲਾ ਦੇਣਾ ਜਰੂਰੀ ਜਾਪਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਇਸ

ਪਰੰਪਰਾ ਦਾ ਵਿਕਾਸ ਹੋਣਾ ਸ਼ੁਰੂ ਹੋ ਜਾਂਦਾ ਹੈ ਕਿਉਂਕਿ ਉਹਨਾਂ ਦੀ ਸ਼ਹਾਦਤ ਨੇ ਸਿੱਖ ਕੌਮ ਵਿੱਚ ਰੋਸ ਦੀ ਭਾਵਨਾ ਪੈਦਾ ਕਰ ਦਿੱਤੀ ਸੀ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿਛੋਂ ਉਹਨਾਂ ਦੇ ਸਪੁੱਤਰ ਸ੍ਰੀ ਹਰਗੋਬਿੰਦ ਸਾਹਿਬ ਨੇ ਮੁਗਲਾਂ ਦੀ ਇਸ ਨੀਤੀ ਦਾ ਡਟ ਕੇ ਵਿਰੋਧ ਕੀਤਾ ਅਤੇ 'ਮੀਰੀ' ਤੇ 'ਪੀਰੀ' ਦੀਆਂ ਦੋ ਤਲਵਾਰਾਂ ਪਹਿਨੀਆਂ । ਸਿੱਖ ਧਰਮ ਵਿਚ ਹਥਿਆਰਬੰਦ ਜਦੋ-ਜਹਿਦ ਦੀ ਸ਼ੁਰੂਆਤ ਸ੍ਰੀ ਹਰਗੋਬਿੰਦ ਸਾਹਿਬ ਜੀ ਤੋਂ ਹੀ ਹੋਈ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁਗਲਾਂ ਦੀ ਕੱਟੜਤਾ ਦੀ ਨੀਤੀ ਨੂੰ ਵੇਖਦਿਆਂ ਆਪਣੇ ਸਪੁੱਤਰ ਨੂੰ ਜ਼ੁਲਮ ਖਿਲਾਫ਼ ਲੜਨ ਲਈ ਹਥਿਆਰਬੰਦ ਹੋ ਕੇ ਵੱਧ ਤੋਂ ਵੱਧ ਸਮਰੱਥਾ ਨਾਲ ਫੌਜ ਰੱਖਣ ਦਾ ਆਦੇਸ਼ ਦਿੱਤਾ । ਸ੍ਰੀ ਹਰਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਪਿਛੋਂ ਹਥਿਆਰਬੰਦ ਲੋਕ-ਲਹਿਰ ਤਿਆਰ ਕੀਤੀ । ਉਹਨਾਂ ਨੇ ਪਰੰਪਰਾਗਤ ਚਿੰਨ੍ਹਾਂ ਨਾਲ ਗੁਰਿਆਈ ਧਾਰਨ ਨਹੀਂ ਸਗੋਂ ਸ਼ਾਹੀ ਠਾਠ-ਬਾਠ ਨਾਲ ਦੋ ਤਲਵਾਰਾਂ ਧਾਰਨ ਕੀਤੀਆਂ, ਕਲਗੀ ਧਾਰਨ ਕੀਤੀ ਅਤੇ ਫੌਜ ਰੱਖੀ । ਗੁਰਿਆਈ ਧਾਰਨ ਕਰਨ ਤੋਂ ਪਿਛੋਂ ਉਹਨਾਂ ਨੇ ਅਕਾਲ ਤਖ਼ਤ ਦੀ ਉਸਾਰੀ ਕੀਤੀ ਜਿਸ ਦੀ ਉਚਾਈ 12 ਫੁੱਟ ਰੱਖੀ ਗਈ । ਮੁਗਲ ਬਾਦਸ਼ਾਹ 12 ਫੁੱਟ ਦੇ ਤਖ਼ਤ ਤੇ ਬੈਠਦਾ ਸੀ ਅਤੇ ਇਸ ਦੇ ਬਰਾਬਰ ਦਾ ਤਖ਼ਤ ਉਸਾਰਨ ਤੇ ਮੌਤ ਦੀ ਸਜ਼ਾ ਸੀ ਪਰ ਗੁਰੂ ਸਾਹਿਬ ਨੇ 12 ਫੁੱਟ ਉੱਚਾ ਤਖ਼ਤ ਉਸਾਰਿਆ ਅਤੇ ਮੁਗਲ ਹਕੂਮਤ ਨੂੰ ਚੁਣੌਤੀ ਦਿੱਤੀ । ਤਖ਼ਤ ਤੋਂ ਪਹਿਲੇ ਹੁਕਮਨਾਮੇ ਵਿਚ ਗੁਰੂ ਜੀ ਨੇ ਗੁਰੂ ਘਰ ਲਈ ਘੋੜੇ, ਹਥਿਆਰ ਅਤੇ ਨੌਜਵਾਨਾਂ ਦੀ ਮੰਗ ਕੀਤੀ । ਦੂਸਰੇ ਹੁਕਮਨਾਮੇ ਵਿਚ ਅਕਾਲ ਤਖ਼ਤ ਉਪਰ ਇੱਕਠੇ ਹੋਣ ਲਈ ਹੁਕਮਨਾਮਾ ਦਿੱਤਾ ਅਤੇ ਭਾਈ ਪਿਰਾਗਾ, ਭਾਈ ਜੇਠਾ, ਭਾਈ ਲੰਗਾਹ ਅਤੇ ਭਾਈ ਮੋਖਾ ਅਤੇ ਬਿਧੀ ਚੰਦ ਨੂੰ ਚੁਣਿਆ ਗਿਆ । ਹਰ ਇਕ ਅਧੀਨ 1●● ਸਿੰਘਾਂ ਦਾ ਜਥਾ ਸਥਾਪਿਤ ਕੀਤਾ ਗਿਆ ਅਤੇ ਜ਼ੁਲਮਾਂ ਦਾ ਵਿਰੋਧ ਕਰਦਿਆਂ ਮੁਗਲ ਹਕੂਮਤ ਵਿਰੁੱਧ ਚਾਰ ਯੁੱਧ ਕੀਤੇ । ਇਹਨਾਂ ਚਾਰੇ ਯੁੱਧਾਂ ਵਿਚ ਜਿੱਤ ਹਾਸਿਲ ਕੀਤੀ । ਹਜ਼ਾਰਾਂ ਸਾਲਾਂ ਦੀ ਗੁਲਾਮੀ ਪਿਛੋਂ ਕਿਸੀ ਕੌਮ ਨੇ ਸ਼ਕਤੀਸ਼ਾਲੀ ਹਕੂਮਤ ਨੂੰ ਵੰਗਾਰ ਪਾ ਕੇ

ਸ਼ਹਾਦਤ ਦਾ ਨਵਾਂ ਦੌਰ ਅਰੰਭ ਕੀਤਾ ਜਿਸ ਨਾਲ ਭਾਰਤੀ ਸਮਾਜ ਵਿਚ ਮੁਗਲਾਂ ਦੇ ਜ਼ੁਲਮਾਂ ਵਿਰੁੱਧ ਵਿਨਾਸ਼ ਦਾ ਪਾਠ ਅਰੰਭ ਹੋ ਗਿਆ।

**ਪਹਿਲੇ ਯੁੱਧ ਦੇ ਸ਼ਹੀਦ**:- ਗੁਰੂ ਹਰਗੋਬਿੰਦ ਸਾਹਿਬ ਜੀ ਦਾ ਮੁਗਲਾਂ ਵਿਰੁੱਧ ਪਹਿਲਾ ਯੁੱਧ 14 ਅਪ੍ਰੈਲ 1628 ਈ. ਨੂੰ ਅੰਮ੍ਰਿਤਸਰ ਵਿਖੇ ਲਾਹੌਰ ਦੇ ਗਵਰਨਰ ਕੁਲਜੀਨਾਨ ਦੁਆਰਾ ਭੇਜੇ ਫੌਜਦਾਰ ਮੁਖਲਿਸਖਾਨ ਨਾਲ ਹੋਇਆ। ਡਾ. ਸ਼ਮਸ਼ੇਰ ਸਿੰਘ ਅਸ਼ੋਕ ਪੁਸਤਕ ਸਿੱਖਾਂ ਦੀ 'ਵੀਰ ਪਰੰਪਰਾ' ਵਿੱਚ ਇਹਨਾਂ ਸ਼ਹੀਦਾਂ ਜ਼ਿਕਰ ਕਰਦੇ ਹੋਏ ਲਿਖਦੇ ਹਨ:

> ਇਸ ਹਮਲੇ ਵਿਚ ਗੁਰੂ ਜੀ ਦੀਆਂ ਫੌਜਾਂ ਨੇ ਦ੍ਰਿੜਤਾ ਨਾਲ ਮੁਕਾਬਲਾ ਕੀਤਾ ਅਤੇ ਸ਼ਾਹੀ ਫੌਜਾਂ ਨੂੰ ਹਰਾ ਦਿੱਤਾ । ਇਸ ਯੁੱਧ ਵਿਚ ਜੋ ਸਿੰਘ ਸ਼ਹੀਦ ਹੋਏ ਉਹਨਾਂ ਦੀ ਗਿਣਤੀ 13 ਦੱਸੀ ਜਾਂਦੀ ਹੈ । ਭਾਈ ਨੰਦ ਲਾਲ ਜੀ, ਭਾਈ ਜੈਤਾ ਜੀ, ਭਾਈ ਪਿਰਾਣਾ ਜੀ, ਭਾਈ ਤੋਤਾ ਜੀ, ਭਾਈ ਤਿਲੋਕਾ ਜੀ, ਭਾਈ ਸਾਂਈ ਦਾਸ ਜੀ, ਭਾਈ ਭਗਤੂ ਜੀ, ਭਾਈ ਅਨੰਤਾ ਜੀ, ਭਾਈ ਨਿਹਾਲਾ ਜੀ, ਭਾਈ ਤਖਤੂ ਜੀ, ਭਾਈ ਮੋਹਨ ਜੀ, ਭਾਈ ਗੋਪਾਲ ਜੀ, ਭਾਈ ਪੈੜਾ ਜੀ ।[15]

**ਦੂਜੇ ਯੁੱਧ ਦੇ ਸ਼ਹੀਦ**:- 163● ਈ. ਨੂੰ ਗੁਰੂ ਜੀ ਅਤੇ ਸ਼ਾਹੀ ਮਾਲ ਗੁਜ਼ਾਰ ਭਗਵਾਨ ਦਾਸ ਘੇਰੜ ਵਿਚਾਲੇ ਸ੍ਰੀ ਹਰਗੋਬਿੰਦ ਪੁਰ ਵਿਖੇ ਲੜਾਈ ਹੋਈ। ਇਹ ਲੜਾਈ ਭਗਵਾਨ ਦਾਸ ਘੇਰੜ ਅਤੇ ਉਸਦੇ ਮਰਨ ਪਿਛੋਂ ਉਸ ਦੇ ਪੁੱਤਰ ਰਤਨ ਚੰਦ ਵਿਚਕਾਰ ਹੋਈ । ਰਤਨ ਚੰਦ ਨੇ ਜਲੰਧਰ ਦੇ ਫੌਜਦਾਰ ਅਬਦੁੱਲਾ ਖਾਂ ਪਾਸੋਂ ਮਦਦ ਮੰਗੀ ਅਤੇ ਉਸ ਨੇ ਗੁਰੂ ਜੀ ਤੇ ਚੜ੍ਹਾਈ ਕਰ ਦਿੱਤੀ । ਤਿੰਨ ਦਿਨ ਦੀ ਸਖ਼ਤ ਲੜਾਈ ਵਿਚ ਜੋ ਸਿੰਘ ਸ਼ਹੀਦ ਹੋਏ ਉਹਨਾਂ ਦੇ ਨਾਂ ਹਨ - ਭਾਈ ਨਾਨੂੰ, ਭਾਈ ਮਥਰਾ, ਭਾਈ ਭੱਟ, ਭਾਈ ਪਿਰਾਗਾ, ਭਾਈ ਕਿਸ਼ਨਾ, ਭਾਈ ਜਗਨਾ, ਭਾਈ ਕਲਿਆਣਾ, ਭਾਈ ਮਲੂਕਾ ਜੀ, ਭਾਈ ਜੱਟੂ ਜੀ, ਭਾਈ ਸਕਤੂ, ਭਾਈ ਪਰਮਾਰਾਮ ਅਤੇ ਭਾਈ ਸੁੰਦਰ ਜੀ ਸਨ।[16]

**ਤੀਜੇ ਯੁੱਧ ਦੇ ਸ਼ਹੀਦ**:- 16 ਦਸੰਬਰ 1634 ਈ. ਨੂੰ ਘੋੜਿਆਂ ਦੇ ਸੰਬੰਧ ਵਿਚ ਲਲਾ ਬੇਗ ਅਤੇ ਕਮਰ ਬੇਗ ਦੀ ਅਗਵਾਈ ਵਿਚ ਸ਼ਕਤੀਸ਼ਾਲੀ ਸੈਨਾ ਦੁਆਰਾ ਗੁਰੂ ਜੀ ਤੇ ਹੱਲਾ

ਬੋਲ ਦਿੱਤਾ ਗਿਆ। ਲੜਾਈ ਨਥਾਣਾ ਅਤੇ ਮਹਿਰਾਜ ਦੇ ਸਥਾਨ ਤੇ ਹੋਈ । 12●● ਤੋਂ ਵੱਧ ਸਿੱਖ ਮਾਰੇ ਗਏ ਅਤੇ ਜਖ਼ਮੀ ਵੀ ਹੋਏ। ਡਾ. ਹਰਜਿੰਦਰ ਸਿੰਘ ਦਿਲਗੀਰ ਪੁਸਤਕ ਗੁਰੂ ਦੇ ਸ਼ੇਰ ਵਿੱਚ ਇਹਨਾਂ ਸ਼ਹੀਦਾਂ ਦੀ ਸ਼ਹਾਦਤ ਬਾਰੇ ਲਿਖਦੇ ਹਨ:

> ਭਾਈ ਜੇਠਾ, ਭਾਈ ਮੁਖੀਆ, ਭਾਈ ਮਾਡਨ, ਭਾਈ ਸਿੰਘਾ ਪੁਰੋਹਿਤਾ, ਭਾਈ ਕੀਰਤ ਭੱਟ ਪ੍ਰਮੁੱਖ ਸਿੰਘਾਂ ਵਿੱਚੋਂ ਹਨ ਜਿਹਨਾਂ ਨੇ ਇਸ ਯੁੱਧ ਵਿੱਚ ਸ਼ਹਾਦਤਾਂ ਪਾਈਆਂ।[17]

**ਚੌਥੇ ਯੁੱਧ ਦੇ ਸ਼ਹੀਦ**:- 28 ਅਪ੍ਰੈਲ 1635 ਈ. ਨੂੰ ਗੁਰੂ ਜੀ ਦੇ ਪਹਿਲਾਂ ਸ਼ਰਧਾਲੂ ਰਹਿ ਚੁੱਕੇ ਪੈਂਦੇ ਖਾਂ ਅਤੇ ਉਨ੍ਹਾਂ ਦੇ ਖੁਦ ਵਿਚਾਲੇ ਹੋਇਆ । ਪੈਂਦੇ ਖਾਂ ਨੂੰ ਗੁਰੂ ਜੀ ਨੇ ਉਸ ਦੀ ਗਲ਼ਤੀ ਕਾਰਨ ਆਪਣੀ ਸੇਵਾ ਤੋਂ ਵੱਖ ਕਰ ਦਿੱਤਾ ਸੀ । ਉਹ ਗੁੱਸੇ ਵਿਚ ਆ ਕੇ ਗੁਰੂ ਘਰ ਦਾ ਵਿਰੋਧੀ ਬਣ ਗਿਆ। ਉਸ ਨੇ ਕਾਲੇ ਖਾਂ ਦੀ ਸਹਾਇਤਾ ਲੈ ਕੇ ਗੁਰੂ ਜੀ ਖਿਲਾਫ਼ ਲੜਾਈ ਕੀਤੀ । ਪੈਂਦੇ ਖਾਂ ਨਾਲ ਜਲੰਧਰ ਦਾ ਫ਼ੌਜਦਾਰ ਕੁਤਬ ਖਾਂ ਵੀ ਆਇਆ । ਸ਼ਾਹੀ ਫੌਜ ਨੇ ਕਰਤਾਰਪੁਰ ਵਿਖੇ ਗੁਰੂ ਜੀ ਨੂੰ ਘੇਰ ਲਿਆ ਗੁਰੂ ਜੀ ਦੇ ਸਿੱਖਾਂ ਨੇ ਖ਼ਾਸ ਕਰਕੇ ਬਿਧੀ ਚੰਦ ਅਤੇ ਬਾਬਾ ਗੁਰਦਿੱਤਾ ਜੀ ਨੇ ਸਿੱਖ ਫੌਜਾਂ ਦੀ ਅਗਵਾਈ ਕੀਤੀ । ਗੁਰੂ ਤੇਗ ਬਹਾਦਰ ਜੀ ਨੇ ਵੀ ਇਸ ਯੁੱਧ ਵਿਚ 14 ਸਾਲ ਦੀ ਉਮਰ ਵਿਚ ਆਪਣਾ ਜੌਹਰ ਦਿਖਾਇਆ । ਇਸ ਯੁੱਧ ਵਿਚ ਪੈਂਦੇ ਖਾਂ ਅਤੇ ਕਮਾਂਡਰ ਕਾਲ਼ੇ ਖਾਂ ਵੀ ਮਾਰੇ ਗਏ । ਗੁਰੂ ਜੀ ਦੇ ਜੋ ਸਿੰਘ ਸ਼ਹੀਦ ਹੋਏ ਉਹਨਾਂ ਵਿਚ ਭਾਈ ਅਮੀਮਾਂ, ਫਤੇ ਚੰਦ, ਭਾਈ ਮਾਧੋ, ਭਾਈ ਲੱਖੂ, ਭਾਈ ਕਿਸ਼ਨਾਂ, ਭਾਈ ਜੱਗੂ, ਭਾਈ ਸੁਹੇਲਾ ਅਤੇ 25 ਹੋਰ ਸਿੱਖ ਸ਼ਹੀਦ ਹੁੰਦੇ ਹਨ ।[18]

ਸ੍ਰੀ ਹਰਿਗੋਬਿੰਦ ਸਿੰਘ ਜੀ ਦੇ ਚਾਰੇ ਯੁੱਧਾਂ ਦੇ ਕਾਲ ਤੋਂ ਪਿੱਛੋਂ ਮੁਗਲ ਹਕੂਮਤ ਦਾ ਸਿੱਖ ਲਹਿਰ ਪ੍ਰਤੀ ਵਤੀਰਾ ਹੋਰ ਸਖਤ ਅਤੇ ਬਦਲਾ ਲਊ ਹੋ ਗਿਆ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵੇਲੇ ਔਂਗਰਜੇਬ ਦੀ ਤੁਅੱਸਬੀ ਨੀਤੀ ਕਾਰਨ ਸਾਰਾ ਦੇਸ਼ ਭੈਅਭੀਤ ਸੀ। ਉਸ ਨੇ ਕਾਜ਼ੀਆਂ ਮੁੱਲਾਂ ਦਾ ਇਮਾਨ ਖਰੀਦ ਲਿਆ ਅਤੇ ਹਿੰਦੂਆਂ ਉਪਰ ਜੁਲਮ ਕਰਨੇ ਸ਼ੁਰੂ ਕਰ ਦਿੱਤੇ। ਗੈਰ ਮੁਸਲਮਾਂ ਦੇ ਧਾਰਮਿਕ ਸਥਾਨਾ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ ਅਤੇ ਮਸੀਤਾਂ ਉਸਾਰ

ਦਿੱਤੀਆਂ ਗਈਆਂ। ਐਸੇ ਹਾਲਾਤ ਪੈਦਾ ਕਰ ਦਿੱਤੇ ਗਏ ਕਿ ਸਾਰੇ ਗੈਰ ਮੁਸਲਮਾਨ ਜੀਵਨ ਬਚਾਉਣ ਲਈ ਆਪਣਾ ਧਰਮ ਤਿਆਗ ਕੇ ਇਸਲਾਮ ਧਰਮ ਧਾਰਨ ਕਰ ਲੈਣ। ਅਜਿਹੀ ਅਵਸਥਾ ਵਿੱਚ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਵਾਰ ਕੇ ਹਿੰਦੂ ਧਰਮ ਦੀ ਰੱਖਿਆ ਤੇ ਵਿਚਾਰਾਂ ਦੀ ਅਜਾਦੀ ਲਈ ਹੱਕ ਤੇ ਸੱਚ ਤੇ ਪਹਿਰਾ ਦਿੰਦੇ ਹੋਏ ਇਨਸਾਫ ਦੀ ਜੰਗ ਲੜੀ ਅਤੇ 11 ਨਵੰਬਰ 1675 ਨੂੰ ਸ਼ਹਾਦਤ ਦੇ ਦਿੱਤੀ। ਉਹਨਾਂ ਦੀ ਸ਼ਹਾਦਤ ਦੇ ਕਾਰਨਾ ਸੰਬੰਧੀ ਵਿਚਾਰ ਖੋਜ ਕਾਰਜ ਦੇ ਦੂਜੇ ਅਧਿਆਇ ਸ਼ਹਾਦਤ ਪਰੰਪਰਾ ਸਕੰਲਪ, ਵਿਆਖਿਆ ਅਤੇ ਤੁਲਨਾਤਮਕ ਪਰਿਪੇਖ ਵਿੱਚ ਹੋ ਚੁੱਕੀ ਹੈ। ਇਸ ਪ੍ਰਕਾਰ ਸ਼ਹਾਦਤਾਂ ਦਾ ਦੌਰ ਅੱਗੇ ਵੱਧਦਾ ਹੋਇਆ ਵੱਖ-ਵੱਖ ਸ਼ਹੀਦਾਂ ਦੀਆਂ ਸ਼ਹੀਦੀਆਂ ਨਾਲ ਲਗਾਤਾਰ ਜਾਰੀ ਰਹਿੰਦਾ ਹੈ। ਗੁਰੂ ਤੇਗ ਬਹਾਦਰ ਜੀ ਦੇ ਨਾਲ ਸਾਥੀ, ਸਿੰਘਾਂ ਦੀ ਸ਼ਹੀਦੀ ਵੀ ਇਸ ਪ੍ਰਸੰਗ ਵਿੱਚ ਵਿਚਾਰਨਯੋਗ ਹੈ।

**ਭਾਈ ਮਤੀ ਦਾਸ ਜੀ**

ਭਾਈ ਮਤੀ ਦਾਸ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਿਆਰੇ ਸਿੱਖ ਹੋਏ ਹਨ । ਗੁਰੂ ਜੀ ਜਦੋਂ ਸ਼ਹਾਦਤ ਲਈ ਦਿੱਲੀ ਗਏ ਤਾਂ ਉਹ ਉਹਨਾ ਦੇ ਨਾਲ ਸਨ । ਮਤੀ ਦਾਸ ਜੀ ਪਿੰਡ ਕਰਿਆਲਾ ਜ਼ਿਲ੍ਹਾ ਜਿਹਲਮ ਦੇ ਵਸਨੀਕ ਸਨ । ਭਾਈ ਕਾਹਨ ਸਿੰਘ ਨਾਭਾ ਜੀ ਇਸ ਸੰਬੰਧੀ ਵਾਕਫੀਅਤ ਕਰਵਾਉਂਦੇ ਕਹਿੰਦੇ ਹਨ:

> ਮਤੀ ਦਾਸ ਜੀ ਜਨਮ ਤੋਂ ਬ੍ਰਾਹਮਣ ਸਨ ਅਤੇ ਪਿੰਡ ਕਰਿਆਣਾ ਜ਼ਿਲ੍ਹਾ ਜਿਹਲਮ ਦੇ ਵਸਨੀਕ ਸਨ।[19]

ਭਾਈ ਮਤੀ ਦਾਸ ਜੀ ਬਾਰੇ ਡਾ. ਤਿਰਲੋਚਨ ਸਿੰਘ ਕਹਿੰਦੇ ਹਨ:

> ਭਾਈ ਮਤੀ ਦਾਸ ਜੀ ਭਾਈ ਹੀਰਾ ਮੱਲ ਦੇ ਸਪੁੱਤਰ ਸਨ । ਭਾਈ ਪਿਰਾਗਾ ਦੇ ਖਾਨਦਾਨ ਵਿਚੋਂ ਸਨ ਜੋ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਿਸ਼ ਸਨ । ਉਹ ਗੁਰੂ ਸ੍ਰੀ ਹਰਗੋਬਿੰਦ ਸਾਹਿਬ ਵੇਲੇ ਅੰਮ੍ਰਿਤਸਰ ਦੀ ਜੰਗ ਵਿਚ ਸ਼ਹੀਦ ਹੋ ਗਏ ਸਨ ।[20]

ਮੁਗਲ ਹਕੂਮਤ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਉਹਨਾ ਦੇ ਧਰਮ ਤੋਂ ਥਿੜਕਾਉਣ ਲਈ ਉਹਨਾ ਦੇ ਪਿਆਰੇ ਸਿੱਖਾਂ ਤੇ ਜ਼ੁਲਮ ਕੀਤੇ । ਭਾਈ ਮਤੀ ਦਾਸ ਜੀ ਦੇ ਨਾਲ ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਵੀ ਸਨ । ਹਕੂਮਤ ਦਾ ਇਹ ਫੈਸਲਾ ਸੀ ਕਿ ਗੁਰੂ ਜੀ ਆਪਣੇ ਸਿੱਖਾਂ ਤੇ ਹੁੰਦੇ ਜ਼ੁਲਮ ਨੂੰ ਵੇਖ ਕੇ ਇਸਲਾਮ ਕਬੂਲ ਕਰ ਲੇਣਗੇ । ਮਤੀ ਦਾਸ ਨੂੰ ਵੀ ਇਸਲਾਮ ਕਬੂਲ ਕਰਨ ਲਈ ਡਰਾਇਆ ਧਮਕਾਇਆ ਗਿਆ । ਸਾਰੇ ਸ਼ਹਿਰ ਵਿਚ ਢਿੰਡੋਰਾ ਪਿਟਵਾਇਆ ਗਿਆ । ਭਾਰੀ ਗਿਣਤੀ ਵਿਚ ਲੋਕਾਂ ਦਾ ਇਕੱਠ ਹੋਇਆ । ਕੋਤਵਾਲੀ ਵਿਚੋਂ ਪਹਿਲਾਂ ਮਤੀ ਦਾਸ ਜੀ ਨੂੰ ਬਾਹਰ ਲਿਆਂਦਾ ਗਿਆ । ਗੁਰੂ ਦੀ ਸ਼ਹਾਦਤ ਤੋਂ ਪਹਿਲਾਂ ਉਹਨਾ ਨੂੰ ਸ਼ਹੀਦ ਕਰਨ ਦਾ ਫੈਸਲਾ ਕੀਤਾ ਗਿਆ ਪਰ ਉਹ ਆਪਣੇ ਧਰਮ ਤੋਂ ਨਹੀਂ ਡੋਲੇ । ਇਸ ਪ੍ਰਸੰਗ ਵਿੱਚ ਮੈਕਾਲਫ਼ ਕਹਿੰਦਾ ਹੈ:

> Mati Dass the Guru's faithful Sikh charged his master with practicing the much humility, and talked of destroying the whole sect of muhammandans and putting and end to the Mugals Rulers. The Guru remonstrated with him, and said that man must accept and obey the will of God.[21]

ਮਤੀ ਦਾਸ ਨੂੰ ਸ਼ਹੀਦ ਕਰਨ ਲਈ ਆਰੇ ਅਤੇ ਸ਼ਿਕੰਜੇ ਦੀ ਵਰਤੋਂ ਕੀਤੀ ਗਈ । ਉਹਨਾਂ ਨੂੰ ਸ਼ਿਕੰਜੇ ਵਿਚ ਬੰਨ ਕੇ ਸਿਰ ਤੋਂ ਆਰਾ ਚਲਾਇਆ ਗਿਆ । ਭਾਈ ਮਤੀ ਦਾਸ ਜੀ ਆਪਣੀ ਸ਼ਹਾਦਤ ਵੇਲੇ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ । ਦੁਨੀਆਂ ਦੇ ਇਤਿਹਾਸ ਵਿਚ ਐਸੀ ਸ਼ਹਾਦਤ ਦੀ ਮਿਸਾਲ ਨਹੀਂ ਮਿਲਦੀ । ਉਹਨਾ ਦੀ ਸ਼ਹਾਦਤ 1● ਨਵੰਬਰ 1675 ਈ. ਨੂੰ ਹੋਈ।

**ਭਾਈ ਸਤੀ ਦਾਸ**

ਭਾਈ ਸਤੀ ਦਾਸ ਭਾਈ ਮਤੀ ਦਾਸ ਦੇ ਭਰਾ ਸਨ । ਉਹਨਾ ਨੇ ਗੁਰੂ ਜੀ ਦੀ ਦਿਲੋਂ ਸੇਵਾ ਕੀਤੀ । ਉਹ ਫਾਰਸੀ ਦੇ ਚੰਗੇ ਵਿਦਵਾਨ ਸਨ । ਮੁਗਲ ਹਕੂਮਤ ਨੇ ਭਾਈ ਸਤੀ ਦਾਸ

ਜੀ ਨੂੰ ਵੀ  ਇਸਲਾਮ ਕਬੂਲਣ ਲਈ ਕਿਹਾ ਪਰ ਗੁਰੂ ਜੀ ਦੇ ਸੱਚੇ ਸਿੱਖ ਆਪਣੇ ਧਰਮ ਤੋਂ ਨਹੀਂ ਡੋਲੇ । ਉਹਨਾ ਨੂੰ ਵੀ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਰੂੰ ਵਿਚ ਲਪੇਟ ਕੇ ਜ਼ਿੰਦਾ ਜਲਾ ਕੇ ਸ਼ਹੀਦ ਕਰ ਦਿੱਤਾ ਗਿਆ ।  ਉਹਨਾ ਦੀ ਸ਼ਹਾਦਤ 1● ਨਵੰਬਰ 1675 ਈ. ਨੂੰ ਹੋਈ ।

**ਭਾਈ ਦਿਆਲਾ ਜੀ**

ਭਾਈ ਦਿਆਲਾ ਜੀ ਵੀ ਗੁਰੂ ਜੀ ਦੇ ਪਿਆਰੇ ਸਿੱਖਾਂ ਵਿਚੋਂ ਸਨ । ਉਹਨਾਂ ਨੂੰ ਵੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦ ਕਰਨ ਤੋਂ ਪਹਿਲਾਂ ਸ਼ਹੀਦ ਕੀਤਾ ਗਿਆ । ਇਸ ਪ੍ਰਸੰਗ ਵਿੱਚ ਡਾ. ਤਿਰਲੋਚਨ ਸਿੰਘ ਦਾ ਵਿਚਾਰ ਹੈ:

> ਭਾਈ ਦਿਆਲ ਦਾਸ ਜੀ ਭਾਈ ਮਾਈ ਦਾਸ ਦੇ ਸਪੁੱਤਰ ਸਨ ਅਤੇ ਭਾਈ ਬਾਲੂ ਰਾਓ ਦੇ ਪੋਤਰੇ ਸਨ ਜੋ ਕਿ ਗੁਰੂ ਹਰਗੋਬਿੰਦ ਸਾਹਿਬ ਨਾਲ ਯੁੱਧ ਵਿਚ ਸ਼ਹੀਦ ਹੋਏ ।[22]

ਭਾਈ ਦਿਆਲਾ ਜੀ ਗੁਰੂ ਤੇਗ ਬਹਾਦਰ ਦੇ ਪੂਰਬੀ ਦੌਰਿਆਂ ਵੇਲੇ ਨਾਲ ਸਨ । ਪਟਨਾ ਪਹੁੰਚ ਕੇ ਗੁਰੂ ਜੀ ਨੇ ਆਪ ਨੂੰ ਪਰਿਵਾਰ ਦੀ ਜ਼ਿੰਮੇਵਾਰੀ ਸੰਭਾਲਣ ਲਈ ਕਿਹਾ ਅਤੇ ਆਪ ਅਸਾਮ ਚਲੇ ਗਏ । ਆਪ ਨਾਮ ਬਾਣੀ ਦੇ ਰਸੀਏ, ਪੱਕੇ ਇਰਾਦੇ ਵਾਲੇ ਗੁਰਸਿੱਖ, ਨੇਕ ਅਤੇ ਇਮਾਨਦਾਰ ਸਿੱਖ ਸਨ ।

ਭਾਈ ਦਿਆਲਾ ਜੀ ਨੂੰ ਗੁਰੂ ਜੀ ਦੀ ਸ਼ਹਾਦਤ ਤੋਂ ਪਹਿਲਾਂ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ । ਭਾਈ ਦਿਆਲਾ ਜੀ ਨੇ ਸਿੱਖੀ ਸਿਦਕ ਨਾ ਹਾਰਦਿਆਂ ਤੇ ਮੌਤ ਕਬੂਲ ਕਰ ਲਈ। ਭਾਈ ਦਿਆਲਾ ਜੀ ਨੂੰ ਉਬਲ਼ਦੇ ਪਾਣੀ ਦੀ ਦੇਗ ਵਿਚ ਉਬਾਲ਼ ਕੇ ਸ਼ਹੀਦ ਕੀਤਾ ਗਿਆ। ਸ਼ਹਾਦਤ ਦਾ ਦਿਨ 1● ਨਵੰਬਰ 1675 ਈ. ਸੀ ।

**ਭੰਗਾਣੀ ਦੇ ਯੁੱਧ ਦੇ ਸ਼ਹੀਦ**

ਡਾ. ਸੁਖਦਿਆਲ ਸਿੰਘ ਭੰਗਾਣੀ ਦੇ ਯੁੱਧ ਸੰਬੰਧੀ ਪੁਸਤਕ ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਤੇ ਯਾਤਰਾਵਾਂ ਵਿਚ ਬਿਆਨ ਕਰਦੇ ਹਨ ਕਿ 25 ਫਰਵਰੀ 1686 ਈ. ਨੂੰ ਗੁਰੂ ਗੋਬਿੰਦ ਸਿੰਘ ਅਤੇ ਪਹਾੜੀ ਰਾਜੇ ਹਰੀ ਚੰਦ ਵਿਚਕਾਰ ਭੰਗਾਣੀ ਦਾ ਯੁੱਧ ਹੋਇਆ । ਇਸ ਦੀ ਕਮਾਨ

ਨਜਾਬਤ ਖਾਂ ਅਤੇ ਭੀਖਣ ਖਾਂ ਦੇ ਹੱਥਾਂ ਵਿਚ ਸੀ । ਇਸ ਯੁੱਧ ਵਿਚ ਅਨੇਕਾਂ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ ਜਿਨ੍ਹਾਂ ਵਿੱਚ ਭਾਈ ਊਦਾ ਜੀ, ਹਠੀ ਚੰਦ ਦੀ ਸ਼ਹਾਦਤ ਹੋਈ, ਨਦੌਣ ਦੀ ਜੰਗ 20 ਮਾਰਚ 1691, ਗੁਲੇਰ ਦੀ ਜੰਗ 1696 ਵਿਚ ਕ੍ਰਮਵਾਰ ਭਾਈ ਸੋਹਣ ਚੰਦ, ਮੂਲ ਚੰਦ ਨਿੱਝਰ, ਭਾਈ ਹੰਨੂਮਾਨ, ਸੰਗਤ ਰਾਏ, ਸੰਗਤੀਆ ਦਰਸੋ ਦੀਆਂ ਸ਼ਹਾਦਤਾਂ ਹੋਈਆਂ।[23]

ਡਾ. ਹਰਜਿੰਦਰ ਸਿੰਘ ਪੁਸਤਕ ਗੁਰੂ ਦੇ ਸ਼ੇਰ ਵਿੱਚ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਜੀ ਕ੍ਰਿਪਾਲ ਚੰਦ ਅਤੇ ਪੀਰ ਬੁਧੂ ਸ਼ਾਹ ਦੇ ਪੁੱਤਰ ਜੀਤ ਮੱਲ ਅਤੇ ਸੰਗੋ ਸਾਹ ਸਮੇਤ 700 ਚੇਲਿਆਂ ਦੇ ਸ਼ਹੀਦ ਹੋ ਗਏ । ਰਾਮ ਪ੍ਰੋਹਿਤ ਵੀ ਇਸ ਯੁੱਧ ਵਿਚ ਸ਼ਹੀਦ ਹੋਏ । 29 ਅਗਸਤ 1700 ਤੋਂ ਲੈ ਕੇ 14 ਅਕਤੂਬਰ 1700 ਤੱਕ ਕ੍ਰਮਵਾਰ ਤਾਰਾਗੜ੍ਹ, ਫਤਿਹਗੜ੍ਹ, ਅਗੰਮਗੜ੍ਹ, ਲੋਹਗੜ੍ਹ, ਨਿਰਮੋਹਗੜ੍ਹ ਵਿੱਚ ਭਾਈ ਈਸ਼ਰ ਸਿੰਘ, ਕਲਿਆਣ ਸਿੰਘ, ਮੰਗਤ ਸਿੰਘ, ਭਾਈ ਭਗਵਾਨ ਸਿੰਘ, ਜਵਾਹਰ ਸਿੰਘ, ਨੰਦ ਸਿੰਘ, ਭਾਈ ਬਾਘ ਸਿੰਘ, ਘਰਬਾਰਾ ਸਿੰਘ, ਭਾਈ ਕੁਸ਼ਾਨ ਸਿੰਘ, ਆਲਮ ਸਿੰਘ, ਸੁੱਖਾ ਸਿੰਘ, ਦਿਆਲ ਸਿੰਘ, ਭਾਈ ਸਾਹਿਬ ਸਿੰਘ, ਸੂਰਤ ਸਿੰਘ, ਦੇਵਾ ਸਿੰਘ, ਅਨੂਪ ਸਿੰਘ, ਸਰੂਪ ਸਿੰਘ, ਮਥਰਾ ਸਿੰਘ, ਭਾਈ ਰਾਮ ਸਿੰਘ ਕਸ਼ਮੀਰੀ, ਹਿੰਮਤ ਸਿੰਘ, ਮੋਹਰ ਸਿੰਘ, ਭਾਈ ਅਜੀਤ ਸਿੰਘ, ਨੇਤਾ ਸਿੰਘ, ਕੇਸਰਾ ਸਿੰਘ ਅਤੇ ਗੋਕਲ ਸਿੰਘ ਦੀਆਂ ਸ਼ਹਾਦਤਾਂ ਹੋਈਆਂ।[24]

### ਚਮਕੌਰ ਸਾਹਿਬ ਦੇ ਸ਼ਹੀਦ

### ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ

ਚਮਕੌਰ ਸਾਹਿਬ ਦੇ ਸ਼ਹੀਦਾਂ ਵਿੱਚ ਅਜੀਤ ਸਿੰਘ ਅਤੇ ਜੁਝਾਰ ਸਿੰਘ ਬਾਰੇ ਮੈਕਾਲਫ਼ ਦਾ ਕਥਨ ਹੈ:

> ਸਾਹਿਬਜ਼ਾਦਾ ਅਜੀਤ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਵੱਡਾ ਸਪੁੱਤਰ ਸੀ ਜੋ ਮਾਤਾ ਸੁੰਦਰੀ ਜੀ ਦੀ ਕੁੱਖੋਂ 1687 ਈ. ਵਿਚ ਪਟਨਾ ਸਾਹਿਬ ਵਿਖੇ ਹੋਇਆ ।[25]

ਸਾਹਿਬਜ਼ਾਦਾ ਅਜੀਤ ਸਿੰਘ ਤਲਵਾਰ ਦੇ ਧਨੀ ਸਨ । ਕਰਤਾਰ ਸਿੰਘ ਆਪਣੀ ਪੁਸਤਕ Story from the Sikh History ਵਿਚ ਉਹਨਾਂ ਦੀ ਬਹਾਦਰੀ ਅਤੇ ਤਲਵਾਰ ਦੇ ਧਨੀ ਹੋਣ ਬਾਰੇ ਵਿਚਾਰ ਰੱਖਦੇ ਹਨ:

> "Acquired wonderful proficiency in the use of weapons of war, especially the bow and the arrow. He was also an excellent sowardsman."[26]

ਗੁਰੂ ਜੀ ਦਾ ਖਾਲਸਾ ਪੰਥ ਥਾਪ ਕੇ ਖਾਲਸੇ ਦੇ ਮਿਸ਼ਨ ਨੂੰ ਅਪਣਾਉਣਾ ਅਤੇ ਆਪਣੀ ਸੁਤੰਤਰ ਹੋਂਦ ਸਥਾਪਿਤ ਕਰਨਾ ਪਹਾੜੀ ਰਾਜਿਆਂ ਲਈ ਅਸਿਹ ਹੋ ਗਿਆ । ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸ਼ਰਧਾਲੂ ਗੁਰੂ ਜੀ ਨਾਲ ਆ ਰਲ਼ੇ । ਅਨੰਦਪੁਰ ਸਾਹਿਬ ਦੀ ਸੁਰੱਖਿਆ ਪ੍ਰਣਾਲੀ ਵੀ ਮਜਬੂਤ ਕਰਨ ਲਈ ਕਿਲ੍ਹਾ ਅਨੰਦਗੜ੍ਹ ਸਾਹਿਬ, ਕਿਲ੍ਹਾ ਫਤਿਹਗੜ੍ਹ, ਕਿਲ੍ਹਾ ਹੋਲਗੜ੍ਹ ਦੀ ਉਸਾਰੀ ਗੁਆਂਢੀ ਰਾਜਿਆਂ ਲਈ ਚਿੰਤਾਜਨਕ ਬਣ ਗਈ । ਇਹ ਕਹਿਲੂਰ ਦੇ ਰਾਜੇ ਭੀਮਚੰਦ ਦੀ ਪ੍ਰਭੁਸੱਤਾ ਨੂੰ ਵੰਗਾਰ ਸੀ । ਇਸ ਸੰਬੰਧ ਵਿੱਚ ਡਾ. ਗੰਡਾ ਸਿੰਘ ਲਿਖਦੇ ਹਨ:

> ਅਨੰਦਪੁਰ, ਰਾਜੇ ਕਹਿਲੂ ਦੀ ਰਿਆਸਤ ਦੇ ਇਲਾਕੇ ਵਿਚ ਸੀ ਜੋ ਹੋਰ ਪਹਾੜੀ ਰਾਜਾਂ ਨਾਲ ਘਿਰਿਆ ਹੋਇਆ ਸੀ । ਉਹਨਾਂ ਰਾਜਾਂ ਦੇ ਹਿੰਦੂ ਰਾਜਿਆਂ ਨੂੰ ਗੁਰੂ ਸਾਹਿਬ ਦੀਆਂ ਕਾਰਵਾਈਆਂ ਤੋਂ ਆਪਣੇ ਧਰਮ ਅਤੇ ਆਪਣੀ ਸੱਤਾ ਤੋਂ ਖਤਰਾ ਜਾਪਿਆ । ਕਹਿਲੂਰ ਦੇ ਰਾਜੇ ਨੇ ਉਹਨਾਂ ਨੂੰ ਚਿੱਠੀ ਲਿਖੀ ਤੇ ਕਿਹਾ ਕਿ ਜਾਂ ਤਾਂ ਉਹ ਰਾਜ ਵਿਚੋਂ ਉਠ ਕੇ ਚਲੇ ਜਾਣ ਜਾਂ ਅਧੀਨਗੀ ਵਜੋਂ ਉਸ ਦਾ ਕਰ ਤਾਰਨ । ਗੁਰੂ ਜੀ ਨੇ ਇਹਨਾਂ ਵਿਚੋਂ ਕਿਸੇ ਵੀ ਗਲ ਨੂੰ ਮੰਨਣ ਤੋਂ ਨਾਹ ਕਰ ਦਿੱਤੀ ਅਤੇ ਦੋਹਾਂ ਧਿਰਾਂ ਵਿਚਕਾਰ ਵਿਰੋਧ ਦੀ ਹਾਲਤ ਸ਼ੁਰੂ ਹੋ ਗਈ ।[27]

ਖਾਲਸੇ ਦੇ ਵਧਦੇ ਪ੍ਰਭਾਵ ਅਤੇ ਦਬਦਬੇ ਨੂੰ ਬਰਦਾਸ਼ਤ ਨਾ ਕਰਦੇ ਹੋਏ ਪਹਾੜੀ ਰਾਜਿਆਂ ਅਤੇ ਕਹਿਲੂਰ ਦੇ ਰਾਜੇ ਭੀਮ ਚੰਦ ਨੇ ਗੁਰੂ ਜੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ।

ਖਾਲਸੇ ਦਾ ਮਿਸ਼ਨ ਉਹਨਾਂ ਲਈ ਖਤਰੇ ਦੀ ਨਿਸ਼ਾਨੀ ਦੇ ਨਾਲ-ਨਾਲ ਗੁੱਸੇ ਦਾ ਕਾਰਨ ਬਣ ਗਿਆ ਗੁਰੂ ਜੀ ਨਾਲ ਜਿੰਨੇ ਵੀ ਯੁੱਧ ਹੋਏ ਪਹਾੜੀ ਰਾਜੇ ਉਸ ਵਿਚ ਹਾਰੇ ਸਨ । ਜਿਵੇਂ ਭੰਗਾਣੀ ਦਾ ਯੁੱਧ, ਨਦੌਣ ਦਾ ਯੁੱਧ, ਦਿਲਾਵਰ ਖਾਂ ਦੇ ਪੁੱਤਰ ਦੀ ਮੁਹਿੰਮ, ਹੁਸੈਨ ਖਾਂ ਦੀ ਮੁਹਿੰਮ, ਨਿਰਮੋਹਗੜ੍ਹ ਦੀ ਲੜਾਈ । ਉਹਨਾਂ ਨੇ ਗੁਰੂ ਜੀ ਦੀ ਵਧਦੀ ਤਾਕਤ ਪ੍ਰਤੀ ਔਰੰਗਜ਼ੇਬ ਨੂੰ ਸੁਚੇਤ ਕੀਤਾ । ਇਸ ਪ੍ਰਸੰਗ ਵਿੱਚ ਹਰੀ ਰਾਮ ਗੁਪਤਾ ਦਾ ਵਿਚਾਰ ਹੈ:

> ਪਹਾੜੀ ਰਾਜਿਆਂ ਨੇ ਔਰੰਗਜ਼ੇਬ ਨੂੰ ਗੁਰੂ ਜੀ ਦੀ ਵਧਦੀ ਤਾਕਤ ਬਾਰੇ ਲਿਖਿਆ । ਔਰੰਗਜ਼ੇਬ ਨੇ ਗਵਰਨਰ ਅਤੇ ਪਹਾੜੀ ਰਾਜਿਆਂ ਨੂੰ ਸਖ਼ਤ ਹਦਾਇਤਾਂ ਕੀਤੀਆਂ ਕਿ ਗੁਰੂ ਜੀ ਨੂੰ ਜ਼ਬਰਦਸਤੀ ਜਾਂ ਧੋਖੇ ਨਾਲ ਅਨੰਦਪੁਰ ਛੱਡਣ ਲਈ ਮਜਬੂਰ ਕੀਤਾ ਜਾਵੇ-ਜਾਂ ਫਿਰ ਫੜ ਕੇ ਕਤਲ ਕੀਤਾ ਜਾਵੇ ।[28]

ਕਹਿਲੂਰ ਦੇ ਰਾਜੇ ਭੀਮ ਚੰਦ ਨੇ ਗੁਰੂ ਜੀ ਦੇ ਵਧਦੇ ਪ੍ਰਭਾਵ ਅਤੇ ਖਾਲਸੇ ਦੇ ਦਬਦਬੇ ਨੂੰ ਰੋਕਣ ਲਈ 17●5ਈ: ਵਿੱਚ ਗੁਆਂਢੀ ਰਾਜਿਆਂ ਦੀ ਸੈਨਾ ਇਕਠੀ ਕਰ ਲਈ। ਸਰਹੰਦ, ਲਾਹੌਰ ਅਤੇ ਜੰਮੂ ਦੇ ਮੁਗਲ ਫੌਜਦਾਰਾਂ ਨੇ ਆਨੰਦਪੁਰ ਵਿਖੇ ਗੁਰੂ ਜੀ ਦੇ ਵਿਰੁੱਧ ਹਮਲਾ ਕਰ ਦਿੱਤਾ। ਸੰਮਤ 1762 ਬਿਕਰਮੀ ਦੇ ਜੇਠ ਮਹੀਨੇ ਦੀ 5 ਤਰੀਕ ਦੇ ਮੁਤਾਬਿਕ 2●-21 ਮਈ, 17●5ਈ: ਪਹਾੜੀ ਅਤੇ ਮੁਗਲ ਫੌਜਦਾਰਾਂ ਦੀ ਮਿਲਵੀਂ ਸੈਨਾ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਸੀ। ਗੁਰੂ ਜੀ ਨੇ ਸ਼ੇਰ ਸਿੰਘ ਅਤੇ ਨਾਹਰ ਸਿੰਘ ਦੀ ਅਗਵਾਈ ਵਿੱਚ 5●● ਸਿੰਘਾਂ ਦਾ ਜੱਥਾ ਭਾਈ ਆਲਮ ਸਿੰਘ ਅਤੇ ਭਾਈ ਉਦੈ ਸਿੰਘ ਦੀ ਅਗਵਾਈ ਵਿੱਚ ਹੋਰ ਸਿੰਘਾਂ ਦਾ ਜੱਥਾ ਵੀ ਤਿਆਰ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਅਤੇ ਗੁਰੂ ਜੀ ਨੇ ਖੁਦ ਕਿਲ੍ਹਾ ਆਗੰਮਗੜ੍ਹ ਵਿਖੇ ਸਾਰੇ ਮੋਰਚਿਆਂ ਦੀ ਅਗਵਾਈ ਕੀਤੀ। ਇਸ ਯੁੱਧ ਵਿੱਚ ਬਹੁਤ ਥੋੜੇ ਸਿੱਖ ਹੁੰਦਿਆਂ ਵੀ ਉਹ ਦੁਸ਼ਮਣ ਦੀਆਂ ਫੌਜਾਂ ਨਾਲ ਬਹਾਦਰੀ ਅਤੇ ਦਲੇਰੀ ਨਾਲ ਮੁਕਾਬਲਾ ਕਰਦੇ ਰਹੇ। ਆਖਿਰ ਦੁਸ਼ਮਣ ਦੀਆਂ ਫੌਜਾਂ ਨੇ ਕਿਲ੍ਹੇ ਨੂੰ ਘੇਰਾ ਪਾ ਕੇ ਰਸਦ-ਪਾਣੀ ਬੰਦ ਕਰ ਦਿੱਤਾ। ਦੁਸ਼ਮਣ ਦੀ ਚਾਲ ਸੀ ਕਿ ਗੁਰੂ ਜੀ ਸਹੀ ਸਲਾਮਤ ਬਚ ਕੇ ਨਾ ਨਿਕਲ ਜਾਣ। ਇਸ ਲਈ

ਕੁਰਾਨ ਤੇ ਗਊ ਦੀ ਕਸਮ ਖਾ ਕੇ ਕਿਹਾ ਗਿਆ ਕਿ ਉਹ ਗੁਰੂ ਜੀ ਤੇ ਹਮਲਾ ਨਹੀਂ ਕਰਨਗੇ, ਉਹ ਆਨੰਦਪੁਰ ਦਾ ਕਿਲ੍ਹਾ ਛੱਡ ਦੇਣ। ਮਾਤਾ ਗੁਜਰੀ ਅਤੇ ਹੋਰਨਾ ਸਿੰਘਾਂ ਦੇ ਦਬਾਉ ਪਾਉਣ ਤੇ ਗੁਰੂ ਜੀ ਨੇ ਪੰਜ ਸਿੰਘਾਂ ਤੋਂ ਇਹ ਲਿਖਵਾ ਲਿਆ ਕਿ ਜੇਕਰ ਉਹਨਾ ਦੀ ਸਹਿਮਤੀ ਹੈ ਤਾਂ ਕਿਸੇ ਕਿਸਮ ਦੇ ਨੁਕਸਾਨ ਲਈ ਉਹ ਸਾਰੇ ਜ਼ਿੰਮੇਵਾਰ ਹੋਣਗੇ । ਗੁਰੂ ਸੋਭਾ ਵਿਚ ਸੈਨਾਪਤੀ ਨੇ ਲਿਖਿਆ ਹੈ:

ਸਤਿਗੁਰ ਕਹੀ ਸੁਨੋ ਬਿਧ ਭਾਈ।।
ਬੁਰਾ ਹੋਤ ਤੁਮਰੇ ਭਾਈ।।
ਯਉ ਸਭ ਸੇ ਤਉ ਹੋਂਦ ਲਿਖਵਾਏ।।
ਹੋ ਹੁ ਤਯਾਰ ਤਬੈ ਫੁਰਮਾਏ।।[29]

ਗੁਰੂ ਜੀ ਅਜੇ ਨਿਰਮੋਹਗੜ੍ਹ ਵਾਲੀ ਥਾਂ ਹੀ ਪਹੁੰਚੇ ਸਨ ਕਿ ਮੁਗਲ ਤੇ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਨੇ ਹਮਲਾ ਕਰ ਦਿੱਤਾ । ਗੁਰੂ ਜੀ ਚਮਕੌਰ ਦੀ ਗੜ੍ਹੀ ਵਿਚ ਆ ਟਿਕੇ । ਇਹ ਸਮਾਂ ਗੁਰੂ ਜੀ ਨਾਲ 4● ਸਿੰਘ ਹੀ ਬਚੇ ਸਨ । ਸਿੰਘਾਂ ਦੀਆਂ ਫੌਜਾਂ ਨੇ ਦੁਸ਼ਮਣਾਂ ਦੀ ਫੌਜਾਂ ਦਾ ਕਾਫ਼ੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਨੇ ਯੁੱਧ ਭੂਮੀ ਵਿਚ ਈਸ਼ਰ ਸਿੰਘ, ਮੁਹਕਮ ਸਿੰਘ, ਦੇਵਾ ਸਿੰਘ, ਨੰਦ ਸਿੰਘ ਆਦਿ ਦੇ ਨਾਲ ਹੀ ਯੁੱਧ ਵਿਚ ਦੁਸ਼ਮਣਾਂ ਨਾਲ ਮੁਕਾਬਲਾ ਕੀਤਾ। ਬਹੁਤ ਸਾਰੇ ਮੁਗਲਾਂ ਨੂੰ ਮਾਰ ਕੇ ਸਾਹਿਬਜ਼ਾਦਾ ਅਜੀਤ ਸਿੰਘ ਇਸ ਗਹਿਗੱਚ ਲੜਾਈ ਵਿਚ ਸ਼ਹੀਦ ਹੋ ਗਏ । ਗੁਰੂ ਜੀ ਨੇ ਅਜੀਤ ਸਿੰਘ ਦੀ ਸ਼ਹਾਦਤ ਤੇ ਦੁੱਖ ਨਹੀਂ ਸਗੋਂ ਇਸ ਔਖੀ ਘੜੀ ਵਿੱਚ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਕਿ ਉਹਨਾਂ ਦੇ ਪੁੱਤਰ ਦੀ ਸ਼ਹਾਦਤ ਦੇਸ਼ ਅਤੇ ਕੌਮ ਦੇ ਲੇਖੇ ਲਗ ਗਈ ਸੀ ।

**ਸਾਹਿਬਜ਼ਾਦਾ ਜੁਝਾਰ ਸਿੰਘ**

ਸਾਹਿਬਜ਼ਾਦਾ ਜੁਝਾਰ ਸਿੰਘ ਵੀ ਇਸ ਗਹਿਗੱਚ ਲੜਾਈ ਵਿਚ ਦੁਸ਼ਮਣਾਂ ਦੇ ਆਹੂ ਲਾਹੁੰਦਾ 22 ਦਸੰਬਰ 17●5 ਵਿਚ ਸ਼ਹੀਦ ਹੋ ਗਿਆ । ਗੁਰੂ ਜੀ ਦੇ ਦੋਵੇਂ ਸਪੁੱਤਰ ਦੇਸ਼ ਕੌਮ ਲਈ ਸ਼ਹਾਦਤਾਂ ਪਾ ਗਏ ।

**ਭਾਈ ਜੀਵਨ ਸਿੰਘ**

ਭਾਈ ਜੀਵਨ ਸਿੰਘ ਜੀ, ਭਾਈ ਜੈਤਾ ਜੀ ਦੇ ਨਾਂ ਨਾਲ ਵੀ ਜਾਣੇ ਜਾਂਦੇ ਹਨ। ਉਹਨਾਂ ਦਾ ਜਨਮ 2 ਸਤੰਬਰ 1661 ਈ. ਨੂੰ ਪਿੰਡ 'ਗੱਗੋਮਾਹਲ' ਨੇੜੇ ਰਮਦਾਸ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਹਨਾਂ ਦੇ ਜਨਮ ਸੰਬੰਧੀ ਵਾਦ ਵਿਵਾਦ ਹੈ। ਕਈ ਵਿਦਵਾਨ ਉਹਨਾਂ ਦਾ ਜਨਮ ਪਟਨਾ ਦਾ ਮੰਨਦੇ ਹਨ। ਸ਼ਮਸ਼ੇਰ ਸਿੰਘ ਅਸ਼ੋਕ ਉਹਨਾ ਦਾ ਜਨਮ ਗੱਗੋ ਮਹਿਲ ਹੀ ਦੱਸਦੇ ਹਨ। ਉਹਨਾਂ ਦੇ ਪਿਤਾ ਦਾ ਨਾਂ ਸਦਾ ਨੰਦ ਅਤੇ ਮਾਤਾ ਦਾ ਨਾਂ ਪ੍ਰੇਮੋ ਅਤੇ ਭਰਾ ਦਾ ਨਾਂ ਸੰਗਤ ਸਿੰਘ ਸੀ। ਭਾਈ ਜੀਵਨ ਸਿੰਘ ਰੰਘਰੇਟਾ (ਮਜ਼ਬੀ ਸਿੰਘ) ਸਨ ਅਤੇ ਉਹਨਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਵਿਚ ਜੀਵਨ ਅਰਪਨ ਕੀਤਾ। ਬਾਬਾ ਜੀਵਨ ਸਿੰਘ ਤੇ ਉਹਨਾਂ ਦਾ ਪਰਿਵਾਰ ਹਮੇਸ਼ਾ ਗੁਰੂ ਜੀ ਦੇ ਨਾਲ ਰਿਹਾ। ਭਾਈ ਜੀਵਨ ਸਿੰਘ ਜੀ ਨੇ ਭੰਗਾਣੀ ਦੀ ਜੰਗ, ਨਦੌਣ ਅਤੇ ਹੁਸੈਨੀ ਦੀ ਲੋਹਗੜ੍ਹ, ਨਿਰਮੋਹਗੜ, ਬਜ਼ਰੂੜ, ਅਨੰਦਪੁਰ ਅਤੇ ਚਮਕੌਰ ਸਾਹਿਬ ਦੀ ਜੰਗ ਵਿਚ ਹਿੱਸਾ ਪਾਇਆ। ਅਨੰਦਪੁਰ ਦੀ ਲੜਾਈ ਸਮੇਂ ਜਦੋਂ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਛੱਡਣਾ ਪਿਆ ਤਾਂ ਭਾਈ ਜੀਵਨ ਸਿੰਘ ਜੀ ਗੁਰੂ ਜੀ ਦੇ ਨਾਲ ਯੁੱਧ ਵਿੱਚ ਦੁਸ਼ਮਣ ਦੀ ਫੌਜ ਆਹੂ ਲਾਹੇ। ਭਾਈ ਸੰਤੋਖ ਸਿੰਘ ਚੂੜਮਣੀ ਇਸ ਘਟਨਾ ਦਾ ਵਰਨਣ ਸੂਰਜ ਪ੍ਰਕਾਸ਼ ਵਿਚ ਇਸ ਤਰ੍ਹਾਂ ਕਰਦੇ ਹਨ:

ਗੁਰੂ ਢਿਗ ਜੀਵਨ ਸਿੰਘ ਇਕ॥
ਰੰਗਰੇਟਾ ਬਡ ਬੀਰ॥
ਤਿਸ ਕੇ ਸ੍ਰੀ ਮੁਖ ਕਹਯੋ॥
ਗਛ ਅਜੀਤ ਸਿੰਘ ਤੀਰ॥
ਜੀਵਨ ਸਿੰਘ ਕੇ ਤੀਰਾਂ ਇਕ ਦਫਾ॥
ਕਾਲ਼ੀ ਬੋਲ਼ੀ ਅੰਧੇਰੀ ਲਾਇ ਦਈ॥
ਸਾਰੇ ਸਿੰਘ ਆਮੋ ਸਾਹਮਣੇ, ਫੌਜ॥
ਗੈਲ਼ ਜਾਨਾਂ ਤੋੜ ਕੇ ਲੜੇ॥

ਭਾਈ ਦਕੀਕਾ ਬਾਕੀ ਕਾ ਛੋਰਾ।।

ਵਧੀ ਆਇ ਰਹੀ ਫੌਂਜ ਕੋ ਏਕ ਬਾਰ।।

ਠਾਲ੍ਹਾ ਪਾਇ ਦੀਆਂ।।”[30]

ਚਮਕੌਰ ਦੀ ਗੜ੍ਹੀ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਵੱਖ-ਵੱਖ ਸਿੰਘਾਂ ਦੀ ਨਿਯੁਕਤੀ ਕੀਤੀ। ਸਿੱਖ ਇਤਿਹਾਸ ਦੇ ਸਰੋਤਾਂ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਬਾਬਾ ਜੀਵਨ ਸਿੰਘ ਦੀ ਡਿਊਟੀ, ਨਗਾਰੇ ਅਤੇ 'ਬੰਦੂਕਚੀ' ਚਲਾਉਣ ਤੇ ਲਗਾਈ ਗਈ । ਭਾਈ ਜੀਵਨ ਸਿੰਘ ਜੀ ਨੇ ਨਗਾਰੇ ਤੇ ਚੋਟ ਲਗਾ ਕੇ ਸਿੱਖ ਯੋਧਿਆਂ ਦਾ ਹੱਲਾ ਸ਼ੇਰੀ ਦੇ ਕੇ ਹੌਸਲਾ ਵਧਾਇਆ ਅਤੇ ਮੁਗਲ ਫੌਜਾਂ ਨੂੰ ਵੰਗਾਰ ਪਾਈ । ਭਾਈ ਮਦਨ ਸਿੰਘ ਅਤੇ ਭਾਈ ਕੋਠਾ ਸਿੰਘ ਦੀ ਬਹਾਦਰੀ ਨਾਲ ਦੁਸ਼ਮਣ ਦੀਆਂ ਫੌਜਾਂ ਨਾਲ ਲੜੇ। ਭਾਈ ਜੀਵਨ ਸਿੰਘ ਦੇ ਗੜ੍ਹੀ ਵਿੱਚ ਬੈਠ ਕੇ ਬੰਦੂਕਾਂ ਚਲਾਉਣ ਦਾ ਜ਼ਿਕਰ ਰਤਨ ਸਿੰਘ ਭੰਗੂ ਨੇ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਇਸ ਤਰ੍ਹਾਂ ਕੀਤਾ ਹੈ:

ਜੀਵਨ ਸਿੰਘ ਰੰਘਰੇਟੜੇ।।

ਬੰਦੂਕੀ ਖ਼ੂਬ ਅਖਵਾਇ।।

ਏਕ ਬੁਰਜ ਮਧ ਸੋ ਬਹਯੋ।।

ਏਕਲ ਹੀ ਥੋ ਸਾਇ।।[31]

ਗੁਰੂ ਜੀ ਦੇ ਦਰਬਾਰੀ ਕਵੀ 'ਕੰਕਣ' ਨੇ ਵੀ ਭਾਈ ਜੀਵਨ ਸਿੰਘ ਦੇ ਯੁੱਧ ਵਿਚ ਇੱਕ ਕੁਸ਼ਲ ਬੰਦੂਕਚੀ ਵਜੋਂ ਨਿਭਾਏ ਗਏ ਰੋਲ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

ਅੰਤ ਇਕੇਲਾ ਗੜ੍ਹ ਮੇ ਬੰਦੂਕੀ ਪ੍ਰਬੀਨ।।

ਜੀਵਨ ਸਿੰਘ ਰੰਘਰੇਟੜੇ ਜੇ ਜੂਝ ਗਇਓ ਸੰਗਦੀਨ।।[32]

ਸਿੱਖ ਇਤਿਹਾਸ ਦੇ ਸਰੋਤਾਂ ਤੋਂ ਮਿਲਦੀ ਜਾਣਕਾਰੀ ਅਨੁਸਾਰ ਚਮਕੌਰ ਦੀ ਗੜ੍ਹੀ ਵਿਚ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਪੰਜਾਂ ਸਿੰਘਾਂ ਨੇ ਗੁਰੂ ਜੀ ਨੂੰ ਗੜ੍ਹੀ ਛੱਡਣ ਦੀ ਬੇਨਤੀ ਕੀਤੀ ਅਤੇ ਗੁਰੂ ਜੀ ਨੇ ਹੁਕਮ ਮੰਨਦਿਆਂ ਹੋਇਆਂ ਗੜ੍ਹੀ ਛੱਡਣ ਤੋਂ ਪਹਿਲਾਂ ਆਪਣੀ ਕਲਗੀ ਅਤੇ ਜਿਗ੍ਹਾ ਭਾਈ ਸੰਗਤ ਸਿੰਘ ਜੀ ਨੂੰ ਸੌਂਪ ਦਿੱਤਾ। ਜੀਵਨ ਸਿੰਘ ਜੀ, ਭਾਈ ਸੰਤ

ਸਿੰਘ, ਭਾਈ ਰਾਮ ਸਿੰਘ, ਭਾਈ ਕਿਹਰ ਸਿੰਘ ਦੇ ਨਾਲ ਚਮਕੌਰ ਦੀ ਗੜ੍ਹੀ ਵਿੱਚ ਦੁਸ਼ਮਣਾਂ ਨਾਲ ਮੁਕਾਬਲਾ ਕਰਦੇ ਹੋਏ 6 ਦਸੰਬਰ 17●5 ਈ: ਨੂੰ ਸ਼ਹੀਦ ਹੋ ਗਏ। ਇਸ ਸੰਬੰਧੀ ਗਿਆਨੀ ਗਿਆਨ ਸਿੰਘ ਬਿਆਨ ਕਰਦੇ ਹਨ:

ਉਤੇ ਚਮਕੌਰ ਸਿੰਘ ਥੇ ਜੇਈ।।
ਜੀਊਣ ਸਿੰਘ ਮਜ੍ਹਬੀ ਲੌ ਤੇਈ।।
ਸੂਰਜ ਚੜ੍ਹੈ ਸੈਨ ਤੁਰਕਾਨੀ।।
ਤੋੜ ਗੜ੍ਹੀ ਆ ਬੜੀ ਮਹਾਨੀ।।
ਸਿੰਘ ਮਾਰ ਬਹੁ ਸਤ੍ਰਨ ਕੋਹ।।
ਭਏ ਸ਼ਹੀਦ ਸੰਮੁਖ ਲਰ ਸੋਹੈ।।[33]

ਇਸ ਪ੍ਰਕਾਰ ਭਾਈ ਜੀਵਨ ਸਿੰਘ ਜੀ ਸ਼ਹੀਦੀ ਪ੍ਰਾਪਤ ਕਰ ਗਏ।

**ਬੀਬੀ ਭਿੱਖਾਂ**

ਬੀਬੀ ਭਿੱਖਾਂ ਬਾਰੇ ਸਿੱਖ ਇਤਿਹਾਸ ਦੇ ਸਰੋਤਾਂ ਵਿਚੋਂ ਜੋ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਸ ਅਨੁਸਾਰ ਬੀਬੀ ਭਿੱਖਾਂ ਭਾਈ ਸੁਖੀਆ ਮਾਂਡਨ ਦੀ ਪੜਪੋਤੀ ਅਤੇ ਭਾਈ ਬਜਰ ਸਿੰਘ ਦੀ ਬੇਟੀ ਹੋਈ ਹੈ। ਭਾਈ ਸੁਖੀਆ ਮਾਂਡਨ ਜੀ ਸੰਬੰਧੀ ਮਿਲਦੀ ਜਾਣਕਾਰੀ ਅਨੁਸਾਰ ਉਹ ਸ੍ਰੀ ਹਰਿਗੋਬਿੰਦ ਸਾਹਿਬ ਜੀ ਨਾਲ ਮਹਿਰਾਜ ਦੀ ਲੜਾਈ ਵਿਚ ਹਿੱਸਾ ਪਾਉਂਦੇ ਹੋਏ ਸ਼ਹੀਦ ਹੋ ਗਏ ਸਨ। ਬੀਬੀ ਭਿੱਖਾਂ ਦਾ ਵਿਆਹ ਗੁਰੂ ਗੋਬਿੰਦ ਸਿੰਘ ਦੇ ਮੁਸਾਹਿਬ ਆਲਿਮ ਸਿੰਘ ਨਚਣਾਂ ਨਾਲ ਹੋਇਆ ਮੰਨਿਆ ਜਾਂਦਾ ਹੈ। ਆਲਿਮ ਸਿੰਘ ਨੱਚਣਾ ਜੀ 13 ਸਾਲ ਦੀ ਉਮਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਰਹਿਣ ਲੱਗ ਪਏ ਸਨ । ਉਹ ਬਹੁਤ ਸਮਾਂ ਅਨੰਦਪੁਰ ਸਾਹਿਬ ਵਿਖੇ ਤੇਗ ਬਹਾਦਰ ਸਾਹਿਬ ਵਿਖੇ ਗੁਰੂ ਜੀ ਕੋਲ ਹੀ ਰਹੇ । ਬੀਬੀ ਭਿੱਖਾਂ ਗੁਰੂ ਜੀ ਦੇ ਲੰਗਰ ਦੀ ਇੰਚਾਰਜ ਸੀ ਅਤੇ ਉਹ ਅਨੰਦਪੁਰ ਸਾਹਿਬ ਵਿਖੇ ਹੀ ਰਹਿੰਦੀ ਸੀ। 5-6 ਦਸੰਬਰ 17●5 ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਨੂੰ ਛੱਡਿਆ ਤਾਂ ਬੀਬੀ ਭਿੱਖਾਂ ਵੀ ਉਹਨਾਂ ਨੇ ਨਾਲ ਹੀ ਸੀ । ਸਾਰੀ ਫੌਜ ਨੇ ਝੱਖੀਆਂ ਪਿੰਡ ਦੀ ਜੂਹ ਵਿਚ ਜੋਰਦਾਰ ਹਮਲਾ ਕਰ ਦਿੱਤਾ । ਭਾਈ

ਜੀਵਨ ਸਿੰਘ ਦੀ ਅਗਵਾਈ ਵਿਚ ਸਿੰਘਾਂ ਨੇ ਸ਼ਾਹੀ ਫੌਜ ਦਾ ਮੁਕਾਬਲਾ ਕੀਤਾ । ਸਾਥੀਆਂ ਦੇ ਨਾਲ ਬੀਬੀ ਭਿੱਖਾਂ ਨੇ ਵੀ ਦੁਸ਼ਮਣ ਦੀ ਫੌਜ ਦਾ ਮੁਕਾਬਲਾ ਕੀਤਾ । ਬੀਬੀ ਭਿੱਖਾਂ ਨੇ ਆਪਣੇ ਹੱਥ ਵਿੱਚ ਸ੍ਰੀ ਸਾਹਿਬ ਲੈ ਕੇ ਦੁਸ਼ਮਣਾਂ ਨਾਲ ਮੁਕਾਬਲਾ ਕੀਤਾ ਅਤੇ ਕਾਫ਼ੀ ਦੁਸ਼ਮਣਾਂ ਨੂੰ ਮਾਰਿਆ ਅਤੇ ਸ਼ਹੀਦੀ ਦਾ ਜਾਮ ਪੀਤਾ। ਗਿਆਨੀ ਗਰਜਾ ਸਿੰਘ ਦੁਆਰਾ ਸੰਪਾਦਕ ਕੀਤਾ 'ਭੱਟ ਵਹੀਆਂ' ਗ੍ਰੰਥ ਵਿਚ ਬੀਬੀ ਭਿੱਖਾਂ ਜੀ ਦੀ ਸ਼ਹੀਦੀ ਦਾ ਜ਼ਿਕਰ ਇਸ ਤਰ੍ਹਾਂ ਮਿਲਦਾ ਹੈ:

> ਸੂਰਜ ਬੰਸੀ ਗੌਤਮ ਗੋਤਰੇ ਰਾਠੌਰ ਉਦਾਨੇ ਜੀਤਾਨੇ ਰਾਮ ਲਾਡਵਾਂ, ਪਰਗਨਾ ਥਨੇਸਰ ਗਾਮ ਸੋਧਰਾ ਪਰਗਨਾਂ ਵਜੀਰ ਬਾਦ ..... । ਭਿੱਖਾਂ ਦੇਈ ਬੇਟੀ ਬਜਰ ਸਿੰਘ ਦੀ ਪੋਤੀ ਰਾਮੇ ਕੀ ਪੋਖ ਮਾਸੇ ਦਿਨ ਸਤ ਸੰਮਤ ਸਤਰਾਂ ਸੈ ਬਾਸਨ ਨੰਗਲ ਗੁਜਰਾਂ ਕੇ ਮਲ੍ਹਾਨ ਏਕ ਘਰੀ ਦਿਨ ਚੜ੍ਹੇ ਰਨ ਜੇ ਜੂਝ ਮਰ ਮਰੀ ।[34]

### ਭਾਈ ਉਦੈ ਸਿੰਘ

ਸਿੱਖ ਸਰੋਤਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਭਾਈ ਉਦੈ ਸਿੰਘ ਭਾਈ ਮਨੀ ਸਿੰਘ ਦੇ ਬੇਟੇ, ਭਾਈ ਮਾਈ ਦਾਸ ਦੇ ਪੋਤੇ ਅਤੇ ਭਾਈ ਬੱਲੂ ਦੇ ਪੜਪੋਤੇ ਸਨ। ਭਾਈ ਮਨੀ ਸਿੰਘ ਨੇ ਜਿਨ੍ਹਾਂ ਪੰਜ ਪੁੱਤਰਾਂ ਨੂੰ ਗੁਰੂ ਗੋਬਿੰਦ ਸਾਹਿਬ ਨੂੰ ਅਰਪਨ ਕੀਤਾ ਸੀ ਉਹ ਉਨ੍ਹਾਂ ਵਿਚੋਂ ਇਕ ਸਨ । ਭਾਈ ਉਦੈ ਸਿੰਘ ਦਾ ਜਨਮ 27 ਅਕਤੂਬਰ 1665ਈ. ਨੂੰ ਭਾਈ ਮਨੀ ਸਿੰਘ ਜੀ ਦੇ ਘਰ ਹੋਇਆ । ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਤਾਂ ਪੰਜ ਪਿਆਰਿਆਂ ਤੋਂ ਪਿਛੋਂ ਸਭ ਤੋਂ ਪਹਿਲਾਂ ਭਾਈ ਉਦੈ ਸਿੰਘ ਜੀ ਨੇ ਅੰਮ੍ਰਿਤ ਛਕਿਆ। ਭਾਈ ਉਦੈ ਸਿੰਘ ਬਹਾਦਰ ਅਤੇ ਜੰਗਜੂ ਨੌਜਵਾਨ ਹੋਏ । ਤੀਰਅੰਦਾਜ਼ੀ ਅਤੇ ਤਲਵਾਰਬਾਜ਼ੀ ਵਿਚ ਮਾਹਿਰ 29 ਅਗਸਤ 17●● ਨੂੰ ਜਦੋਂ ਤਾਰਾਗੜ੍ਹ ਵਿਖੇ ਪਹਾੜੀ ਰਾਜਿਆਂ ਨੇ ਤਾਰਾਗੜ੍ਹ ਕਿਲ੍ਹੇ ਤੇ ਹਮਲਾ ਕਰ ਦਿੱਤਾ ਤਾਂ ਭਾਈ ਉਦੈ ਸਿੰਘ ਜੀ ਨੇ ਰਾਜਾ ਕੇਸਰੀ ਚੰਦ ਦਾ ਮੁਕਾਬਲਾ ਕਰਕੇ ਉਸ ਦਾ ਸਿਰ ਵੱਢਿਆ । 15 ਮਾਰਚ 17●1 ਨੂੰ ਭਾਈ ਉਦੈ ਸਿੰਘ ਦੀ ਅਗਵਾਈ ਵਿਚ ਸਿੱਖ ਫੌਜਾਂ ਨੇ ਬਜਰੂੜ ਪਿੰਡ ਦੇ ਜਾਲਮ ਗੁੱਜਰਾਂ ਤੇ ਰੰਘੜਾਂ ਨੂੰ ਸੋਧਿਆ । ਉਦੈ ਸਿੰਘ ਗੁਰੂ ਜੀ ਦੇ ਉਹਨਾ 4●

ਸਿੰਘਾਂ ਵਿਚੋਂ ਸਨ ਜਿਨ੍ਹਾਂ ਨੇ ਗੁਰੂ ਜੀ ਨਾਲ ਹੀ ਜੀਣ-ਮਰਨ ਦੀਆਂ ਕਸਮਾਂ ਖਾਧੀਆਂ ਸਨ । ਭਾਈ ਉਦੈ ਸਿੰਘ ਨੇ ਸ਼ਾਹੀ ਟਿੱਬੀ ਨੇੜੇ ਸਰਸਾ ਨਦੀ ਤੇ ਮੋਰਚਾ ਸੰਭਾਲਿਆ ਅਤੇ ਪਹਾੜੀ ਫੌਜਾਂ ਦਾ ਮੁਕਾਬਲਾ ਕੀਤਾ ਅਤੇ 7 ਦਸੰਬਰ 1705 ਨੂੰ ਸ਼ਹੀਦੀ ਪਾਈ । ਪਿਆਰਾ ਸਿੰਘ ਪਦਮ ਨੇ 'ਪੰਜਾਬੀ ਵਾਰਾਂ' ਵਿਚ ਜ਼ਿਕਰ ਕੀਤਾ ਹੈ:

ਸਭ ਰਾਜੇ ਪਹੁੰਚੇ ਆਇ ਕੈ।।
ਹੁਣ ਹੋਈਆਂ ਬਹੁਤ ਗੁਬਾਰੀਆਂ।।
ਉਦੈ ਸਿੰਘ ਰਾਹ ਦੇ ਸਿੰਘਾਂ ਵਿਚ ਫਿਰ ਤੇਗਾਂ ਮਾਰੀਆਂ।।
ਘੋੜਿਆਂ ਪਾਈਆਂ ਪਾਖਰਾਂ, ਸਿੰਘ ਅਤੇ ਸੰਜੋਇ।।
ਰਣ ਵਿਚ ਵਾਰਾਂ ਚਾਈਆਂ, ਹੋਣੀ ਹੋਇ ਸੁ ਹੋਇ।।
ਉਦੈ ਸਿੰਘ ਦਿਆਂ ਬਰਛਿਆਂ, ਕਹੁ ਆਖੁਰ ਪਾਈ।।
ਜਿਸ ਮਿਲ ਸਾਰੇ ਸੂਰਮੇ, ਕਹੁ ਕਿਥੋ ਜਾਈ।।
ਮਾਰੇ ਵਿਚ ਭੁੱਕਲ ਦੇ, ਦੇ ਹੱਥ ਸਫ਼ਾਈ।।
ਸਿਰ ਕੱਟੇ ਵਾਂਗੂ ਤੂੰਬੜੇ ਕੀ ਅੱਤ ਚਲਾਈ।।
ਉਦੈ ਸਿੰਘ ਵਿਚ ਖੇਤ ਦੇ ਅਮਰ ਪਦਵੀ ਪਾਈ।।[35]

**ਚਮਕੌਰ ਸਾਹਿਬ ਦੇ ਸ਼ਹੀਦ 40 ਮੁਕਤੇ**

ਦਸੰਬਰ 1705 ਈ. ਨੂੰ ਚਮਕੌਰ ਸਾਹਿਬ ਦੀ ਜੰਗ ਵਿਚ ਜਿਨ੍ਹਾਂ ਸਿੰਘਾਂ ਦੀ ਸ਼ਹੀਦੀ ਹੋਈ ਉਹਨਾ ਦਾ ਵੇਰਵਾ ਇਸ ਪ੍ਰਕਾਰ ਹੈ। ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਆਪਣੀ ਪੁਸਤਕ 'ਗੁਰੂ ਦੇ ਸ਼ੇਰ' ਵਿਚ ਇਹਨਾਂ 40 ਸਿੰਘਾਂ ਦਾ ਜ਼ਿਕਰ ਕੀਤਾ ਹੈ:

ਭਾਈ ਮਕਨ ਸਿੰਘ, ਭਾਈ ਕਾਠਾ ਸਿੰਘ, ਸ਼ੇਰ ਸਿੰਘ, ਨਾਾਹਰ ਸਿੰਘ, ਅਨਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਦਾਨ ਸਿੰਘ, ਨਾਨੂੰ ਸਿੰਘ, ਆਲਮ ਸਿੰਘ ਨੱਚਣਾਂ, ਬੀਰ ਸਿੰਘ, ਮੋਹਰ ਸਿੰਘ, ਅਮੋਲਕ ਸਿੰਘ, ਕਿਰਪਾ ਸਿੰਘ, ਸਨਮੁਖ ਸਿੰਘ, ਮੁਕੰਦ ਸਿੰਘ, ਮਕੰਦ ਸਿੰਘ, ਦੂਜਾ ਸਾਹਿਬ ਸਿੰਘ, ਪਿਆਰਾ ਸਿੰਘ, ਮੋਹਕਮ ਸਿੰਘ, ਪਿਆਰਾ, ਹਿੰਮਤ ਸਿੰਘ, ਪਿਆਰਾ, ਦੇਵਾ ਸਿੰਘ, ਮੁਕਤਾ ਰਾਮ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ, ਨਹਿਰ ਸਿੰਘ, ਜਵਾਹਰ ਸਿੰਘ, ਕੀਰਤ ਸਿੰਘ, ਸ਼ਾਮ ਸਿੰਘ, ਮੁੱਖਾ ਸਿੰਘ, ਕੇਸਰਾ ਸਿੰਘ, ਲਾਲ ਸਿੰਘ, ਪਿਸ਼ੋਰੀਆ, ਹੁਕਮ ਸਿੰਘ, ਖਜਾਨ ਸਿੰਘ, ਬਖ਼ਸ਼ੀਸ਼ ਸਿੰਘ, ਗੁਰਬਖ਼ਸੀਸ਼ ਸਿੰਘ, ਅਨਦੇ ਸਿੰਘ, ਧੰਨਾਂ ਸਿੰਘ, ਬੁੱਢਾ ਸਿੰਘ ।[36]

ਇਹਨਾਂ ਚਾਲੀ ਸਿੰਘਾਂ ਬਾਰੇ ਭਾਈ ਕਾਹਨ ਸਿੰਘ ਨਾਭਾ ਕਹਿੰਦੇ ਹਨ:

ਸਹਜ ਸਿੰਘ, ਸਰਦੂਲ ਸਿੰਘ, ਸਰੂਪ ਸਿੰਘ, ਸਾਹਿਬ ਸਿੰਘ, ਸੁਜਾਨ ਸਿੰਘ, ਸ਼ੇਰ ਸਿੰਘ, ਸੇਵਾ ਸਿੰਘ, ਸੰਗੋ ਸਿੰਘ, ਸੰਤ ਸਿੰਘ, ਹਰਦਾਸ ਸਿੰਘ, ਹਿੰਮਤ ਸਿੰਘ, ਕਰਮ ਸਿੰਘ, ਕ੍ਰਿਪਾਲ ਸਿੰਘ, ਖੜਗ ਸਿੰਘ, ਗੁਰਦਾਸ ਸਿੰਘ, ਗੁਰਦਿੱਤ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਚੜਤ ਸਿੰਘ, ਜਵਾਹਰ ਸਿੰਘ, ਜੈਮਲ ਸਿੰਘ, ਜਵਾਲਾ ਸਿੰਘ, ਝੰਡਾ ਸਿੰਘ, ਟੇਕ ਸਿੰਘ, ਠਾਕੁਰ ਸਿੰਘ, ਤ੍ਰਿਲੋਕ ਸਿੰਘ, ਦਿਆਲ ਸਿੰਘ, ਦਾਮੋਦਰ ਸਿੰਘ, ਨਰਾਯਣ ਸਿੰਘ, ਨਿਹਾਲ ਸਿੰਘ, ਪੰਜਾਬ ਸਿੰਘ, ਪ੍ਰੇਮ ਸਿੰਘ, ਬਸਾਵਾ ਸਿੰਘ, ਬਿਸ਼ਨ ਸਿੰਘ, ਭਵਗਾਨ ਸਿੰਘ, ਮਤਾਬ ਸਿੰਘ, ਮੁਹਕਮ ਸਿੰਘ, ਰਣਜੀਤ ਸਿੰਘ, ਰਤਨ ਸਿੰਘ, ਇਹਨਾਂ ਸ਼ਹੀਦਾਂ ਦਾ ਜ਼ਿਕਰ ਜ਼ਫ਼ਰਨਾਮਾ ਵਿਚ ਮਿਲਦਾ ਹੈ ।[37]

**ਭਾਈ ਸੰਗਤ ਸਿੰਘ**

ਸੰਗਤ ਸਿੰਘ ਦਾ ਜਨਮ ਦਸਬੰਰ 1666 ਈ. ਨੂੰ ਪਟਨਾ ਸਾਹਿਬ ਵਿਖੇ ਹੋਇਆ । ਆਪ ਦੇ ਪਿਤਾ ਦਾ ਨਾਂ ਸਦਾ ਨੰਦ ਅਤੇ ਮਾਤਾ ਦਾ ਨਾਂ ਪ੍ਰੇਮੋ ਸੀ ਆਪ ਦੇ ਭਰਾ ਜੀਵਨ ਸਿੰਘ ਜੀ ਸਨ । ਕਵੀ ਕੰਕਣ ਵੀ ਭਾਈ ਸੰਗਤ ਸਿੰਘ ਜੀ ਨੂੰ ਭਾਈ ਜੀਵਨ ਸਿੰਘ ਜੀ ਦਾ ਭਰਾ ਹੀ ਮੰਨਦਾ ਹੈ:

> ਪਟਨੇ ਗੋਬਿੰਦ ਖੇਲ ਰਚਾਈ।।
> ਸੰਗ ਲਿਓ ਸੰਗਤਾਂ ਜੈਤਾ ਕਾ ਭਾਈ।।[38]

ਭਾਈ ਸੰਗਤ ਸਿੰਘ ਬਗੰਸੀ ਜਾਂ 'ਬੰਗੇਸਰ' ਦੇ ਨਾਂ ਨਾਲ ਵੀ ਜਾਣੇ ਜਾਂਦੇ ਹਨ । ਸੰਗਤ ਉਹਨਾ ਨੂੰ 'ਬੰਗਸੀ' ਕਹਿ ਕੇ ਵੀ ਸੰਬੋਧਨ ਕਰਦੀ ਸੀ । ਭਾਈ ਕਾਨ ਸਿੰਘ ਨਾਭਾ ਨੇ ਵੀ ਮਹਾਨ ਕੋਸ਼ ਦੇ ਪੰਨਾ ਨੰ: 893 ਤੇ ਬੰਗਾਸੀ ਦਾ ਅਰਥ ਪੂਰਬੀ ਬੰਗਾਲ ਦਾ ਵਸਨੀਕ ਹੀ ਕੀਤਾ ਹੈ ।

ਭਾਈ ਸੁੱਖਾ ਸਿੰਘ ਗੁਰਬਿਲਾਸ ਪਾਤਸ਼ਾਹੀ ਦਸਵੀਂ ਵਿੱਚ ਭਾਈ ਸੰਗਤ ਸਿੰਘ ਨੂੰ ਪੂਰਬੀ ਬੰਗਾਲ ਦਾ ਵਾਸੀ ਹੀ ਮੰਨਦੇ ਹਨ। ਮੱਧਕਾਲ ਦੇ ਪੂਰਬੀ ਬੰਗਾਲ ਦਾ ਇਲਾਕਾ ਬਹੁਤ ਵੱਡਾ ਸੀ ਅਤੇ ਇਸ ਇਲਾਕੇ ਵਿਚ ਬਿਹਾਰ ਵੀ ਆਉਂਦਾ ਸੀ । ਭਾਈ ਸੰਗਤ ਸਿੰਘ ਦਾ ਜਨਮ ਬਿਹਾਰ ਦੀ ਰਾਜਧਾਨੀ ਪਟਨੇ ਵਿਚ ਹੋਇਆ ਸੀ । ਚਮਕੌਰ ਸਾਹਿਬ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਸੈਨਿਕ ਅਤੇ ਸਹਿਬਜ਼ਾਦੇ ਸ਼ਹੀਦ ਹੋ ਗਏ ਤਾਂ ਉਹਨਾਂ ਕੋਲ ਕੇਵਲ ਪੰਜ ਸਿੰਘ ਹੀ ਰਹਿ ਗਏ। ਇਹਨਾਂ ਵਿਚੋਂ ਸੰਗਤ ਜੀ ਇਕ ਸਨ। ਦੁਸ਼ਮਣ ਨੂੰ ਭੁਲੇਖਾ ਪਾਉਣ ਲਈ ਸੰਗਤ ਸਿੰਘ ਨੇ ਗੁਰੂ ਜੀ ਦੀ ਕਲਗੀ ਤੇ ਜਿਗ੍ਹਾ ਪਹਿਨਿਆ। ਸੰਗਤ ਸਿੰਘ ਦੀ ਸ਼ਹਾਦਤ ਬਾਰੇ ਕਰਮ ਸਿੰਘ ਹਿਸਟੋਰੀਅਨ ਲਿਖਦੇ ਹਨ:

> ਚਮਕੌਰ ਦੇ ਯੁੱਧ ਵਿਚ ਜਦ ਇਕ-ਇਕ ਕਰਕੇ ਸਭ ਸਿੰਘ ਸ਼ਹੀਦ ਹੋ ਗਏ ਅਤੇ ਕੇਵਲ ਦੋ ਰਹਿ ਗਏ ਸੰਗਤ ਸਿੰਘ ਅਤੇ ਸੰਤ ਸਿੰਘ। ਤਾਂ ਵਾਰੋ-ਵਾਰੀ ਸਾਹਿਬ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਵੀ ਜਾ ਜੂਝੇ । ਇਨ੍ਹਾਂ ਤੋਂ ਮਗਰੋਂ ਸੰਤ ਸਿੰਘ ਸ਼ਹੀਦ ਹੋ ਗਿਆ । ਹੁਣ ਕੇਵਲ ਸੰਗਤ

ਸਿੰਘ ਰਹਿੰਦਾ ਸੀ । ਸਤਿਗੁਰ ਜੀ ਨੇ ਆਪਣੀ ਜਿਗ੍ਹਾ ਲਾਈ ਆਪਣੀ ਜੋਤ ਦਿੱਤੀ ਅਤੇ ਸਿੰਘਾਸਣ ਤੇ ਬਿਠਾ ਕੇ ਕਿਹਾ ਕਿ ਅਸੀਂ ਮਾਲਵੇ ਨੂੰ ਜਾਂਦੇ ਹਾਂ, ਤੁਸੀਂ ਫੜਾਈ ਨਾ ਖਾਣੀ ਸ਼ਹੀਦ ਹੋ ਜਾਣਾ ।[39]

ਮਹਾਂਕਵੀ ਭਾਈ ਸੰਤੋਖ ਸਿੰਘ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਵੀ ਇਸ ਬਾਬਤ ਲਿਖਦੇ ਹਨ:

ਕਿਤਿਹ ਕਹਿਤ ਸੰਗਤ ਸਿੰਘ ਬੰਗਸੀ।।
ਬੰਗਸ ਦੇਸ਼ ਬਿਖੈ ਤੇ ਆਇ।।
ਤਿਸ ਕੋ ਕਰਯੋ ਸਥਾਪਨ ਤਿਸ ਛਿਨ।।
ਗੁਰਤਾ ਦਈ ਜਿਗ੍ਹਾ ਪਹਿਰਾਇ।।[40]

ਗੁਰਬਿਲਾਸ ਪਾਤਸ਼ਾਹੀ ਦਸਵੀਂ ਵਿੱਚ ਕੁਇਰ ਸਿੰਘ ਵੀ ਲਿਖਦੇ ਹਨ:

ਦੇਇ ਰਹੇ ਇਕ ਸੰਗਤ ਸਿੰਘਹਿ।।
ਤਾਇ ਕੋ ਪੇਖ ਕਈ ਗੁਰਬਾਨੀ।।
ਸੰਤਹਿ ਸਿੰਘ ਕੋ ਆਪ ਜੁਝਾਇਕ ਕੈ।।
ਬੋਲ ਲਿਖੋ ਜੁ ਬੰਗਸੇਰ ਮਾਨੀ।।
ਜੋਤ ਦਈ ਤਹਿ ਕੇ ਆਪਨੀ ਪੁਨਿ।।
ਦੀ ਕਲਗੀ ਔ ਜਿਗ੍ਹਾ ਸੁਖਦਾਨੀ।।
ਸੰਗਤ ਸਿੰਘ ਹੋ ਨਾਮ ਜਿਸੋ ਕਛੁ।।
ਤਾ ਬਧੁ ਹੋ ਕਰਿ ਸ੍ਰੀ ਗੁਰ ਸਾਨੀ।।[41]

**ਭਾਈ ਕੋਠਾ ਸਿੰਘ**

ਭਾਈ ਕੋਠਾ ਸਿੰਘ ਵੀ ਰੰਘਰੇਟਾ ਸਿੰਘ ਸਨ। ਉਹਨਾਂ ਦੀ ਮਾਤਾ ਦਾ ਨਾਮ ਪ੍ਰਸਿੰਨੀ ਅਤੇ ਪਿਤਾ ਦਾ ਨਾਮ ਕਰਮ ਚੰਦ ਸੀ। ਉਹਨਾਂ ਦਾ ਪਰਿਵਾਰ ਭਾਈ ਜੀਵਨ ਸਿੰਘ ਜੀ ਦੇ ਪਿਤਾ ਭਾਈ ਸਦਾਨੰਦ ਦੀ ਪ੍ਰੇਰਨਾ ਸਦਕਾ ਗੁਰੂ ਘਰ ਨਾਲ ਜੁੜਿਆ। ਆਪ ਦੇ ਪਿਤਾ ਕਰਮ ਚੰਦ ਗੁਰੂ

ਘਰ ਦੀ ਸੇਵਾ ਕਰਦੇ ਸਨ। ਕੋਠਾ ਸਿੰਘ ਵੀ ਆਪਣੇ ਪਿਤਾ ਨਾਲ ਗੁਰੂ ਘਰ ਦੀ ਸੇਵਾ ਕਰਨ ਲੱਗ ਪਏ ਅਤੇ ਗੁਰੂ ਘਰ ਹੀ ਰਹਿਣ ਲੱਗ ਪਏ। ਕੋਠਾ ਸਿੰਘ ਨੇ ਸ਼ਸਤਰ ਵਿਦਿਆ ਅਤੇ ਘੋੜ ਸਵਾਰੀ ਗੁਰੂ ਘਰ ਵਿੱਚ ਰਹਿ ਕੇ ਹੀ ਸਿੱਖੀ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪਹਾੜੀ ਰਾਜਿਆਂ ਨਾਲ ਲੜੀਆਂ ਲੜਾਈਆਂ ਵਿੱਚ ਕੋਠਾ ਸਿੰਘ ਨੇ ਵੀ ਹਿੱਸਾ ਲਿਆ। ਭਾਈ ਸੰਤੋਖ ਸਿੰਘ ਕੋਠਾ ਸਿੰਘ ਬਾਰੇ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਆਪਣੇ ਵਿਚਾਰ ਪ੍ਰਗਟਾਉਂਦੇ ਹਨਃ

> ਆਲਮ ਮ੍ਰਿਗਿੰਦ, ਸ਼ਯਾਮ ਸਿੰਘ, ਸੋ ਮੁਹਰ ਸਿੰਘ।।
> ਬੀਰ ਸਿੰਘ, ਸੁੱਖਾ ਸਿੰਘ, ਸੰਤ ਸਿੰਘ, ਤੀਰ ਜੇ।।
> ਕੋਠਾ ਸਿੰਘ ਏਕ ਰੰਘਰੇਟਾ ਸਿੰਘ ਜਾਨੀਯਤਿ।।[42]

ਭਾਈ ਕੋਠਾ ਸਿੰਘ ਬੰਦੂਕ ਚਲਾਉਣ ਵਿੱਚ ਪ੍ਰਬੀਨ ਸਨ। ਆਨੰਦਪੁਰ ਦੀ ਲੜਾਈ ਵਿੱਚ ਆਪ ਨੇ ਜੌਹਰ ਦਿਖਾਏ। ਚਮਕੌਰ ਸਾਹਿਬ ਦੀ ਲੜਾਈ ਵਿੱਚ ਵੀ ਆਪ ਗੁਰੂ ਜੀ ਦੇ ਨਾਲ ਸਨ। ਭਾਈ ਕੋਠਾ ਸਿੰਘ ਦੀ ਡਿਊਟੀ ਚਮਕੌਰ ਦੀ ਗੜੀ ਦੇ ਉਪਰ ਗੋਲੀਆਂ ਚਲਾਉਣ ਤੇ ਲੱਗੀ ਆਪ ਨੇ ਆਪਣੀ ਡਿਊਟੀ ਬੜੀ ਤਨਦੇਹੀ ਨਾਲ ਨਿਭਾਈ ਅਤੇ ਦੁਸ਼ਮਣਾਂ ਦਾ ਨਾਸ਼ ਕੀਤਾ। ਇਸ ਸੰਬੰਧ ਵਿੱਚ ਸੰਤੋਖ ਸਿੰਘ ਬਿਆਨ ਕਰਦੇ ਹਨਃ

> ਕੋਠਾ ਸਿੰਘ ਏਕ, ਔ ਮਦਨ ਸਿੰਘ ਦੋਨੋਂ ਹੂੰ ਕੋ ਦੀਨੋ ਪੌਰ।।
> 'ਗਾਢੇ ਰਹੋ ਕੀਜੈ ਰਿਪੁ ਹੇਰਿ ਹਾਨ।।
> ਗੁਲਕਾ ਬਰੂਦ ਨਹਿ ਡਾਰਿਏ, ਤੁਫੰਗ ਬੀਚ।
> ਤੋੜਾ ਦੇਹੁ ਛਾਭਿ ਛਾਭਿ ਛੂਟਿਹੈ ਨ ਸ਼ੰਕਠਾਨਿ।।[43]

ਇਸ ਤਰ੍ਹਾਂ ਚਮਕੌਰ ਦੀ ਲੜਾਈ ਵਿੱਚ ਗੋਲੀ ਸਿੱਕਾ ਮੁਕਣ ਤੇ ਭਾਈ ਕੋਠਾ ਸਿੰਘ ਆਪਣੀ ਤਲਵਾਰ ਦੀ ਜੌਹਰ ਦਿਖਾਉਂਦੇ ਹੋਏ ਮੈਦਾਨ ਦੇ ਜੰਗ ਵਿੱਚ ਸ਼ਹੀਦ ਹੋ ਗਏ।

**ਭਾਈ ਆਲਮ ਸਿੰਘ**

ਭਾਈ ਆਲਮ ਸਿੰਘ ਵੀ ਰੰਘਰੇਟਾ ਸਿੱਖ ਹੋਏ ਹਨ। ਗਿਆਨੀ ਬੁੱਧ ਸਿੰਘ ਆਲਮ ਸਿੰਘ ਬਾਰੇ ਵਿਚਾਰ ਪ੍ਰਗਟਾਉਂਦੇ ਹਨ ਕਿ ਭਾਈ ਆਲਮ ਸਿੰਘ ਦਾ ਜਨਮ ਸਿਆਲਕੋਟ ਵਿੱਚ

ਹੋਇਆ ਅਤੇ ਇਹ ਰੰਘਰੇਟਾ ਪਰਿਵਾਰ ਨਾਲ ਸੰਬੰਧਿਤ ਸਨ। ਸ੍ਰੀ ਸਰੂਪ ਦਾਸ ਭੱਲਾ ਮਹਿਮਾ ਪ੍ਰਕਾਸ਼ ਇਸ ਸੰਬੰਧ ਵਿੱਚ ਜ਼ਿਕਰ ਕਰਦੇ ਹਨ:

ਬਿਹਸ ਕਹੀ ਕਰੁਣਾਏ ਤਨ, ਆਲਮ ਸਿੰਘ ਸੁਜਾਨ।।
ਲੋਹਾ ਕੋ ਕਾਟਹਾ ਲੋਹ ਕੋ, ਤਯੋ ਰੰਘੜ ਰੰਘੜਾਨ।।
ਰੰਘੜ ਕੇ ਘਰ ਜਨਮ ਹੋ ਕਰਿ ਹੌ ਰਾਜ ਸਮਾਜ।।
ਰਾਜ ਸਾਜ ਸਾਰੇ ਦਿਉ ਆਧੋ ਸਿੱਖੀ ਸਾਜ।।[44]

ਗੁਰੂ ਦਾ ਸਿੱਖ ਬਣਨ ਤੋਂ ਪਹਿਲਾਂ ਆਲਮ ਸਿੰਘ ਸੱਚੇ ਗੁਰੂ ਦੀ ਤਲਾਸ਼ ਵਿੱਚ ਘੁੰਮਦਾ ਸੀ। ਉਹ ਘੁੰਮਦਾ-ਘੁੰਮਦਾ ਗੁਰੂ ਜੀ ਕੋਲ ਪਹੁੰਚਿਆ ਅਤੇ ਉਹਨਾਂ ਤੋਂ ਪ੍ਰਭਾਵਿਤ ਹੋ ਕੇ ਆਨੰਦਪੁਰ ਸਾਹਿਬ ਵਿਖੇ ਰਹਿਣ ਲੱਗ ਪਿਆ ਅਤੇ ਅੰਮ੍ਰਿਤ ਛੱਕ ਕੇ ਆਲਮ ਸਿੰਘ ਬਣ ਗਿਆ। ਆਲਮ ਸਿੰਘ ਦੇ ਕਵਿਤਾ ਲਿਖਣ ਦੇ ਸ਼ੌਕ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਨੇ ਉਸ ਨੂੰ 52 ਕਵੀਆਂ ਵਿੱਚ ਸ਼ਾਮਿਲ ਕਰ ਲਿਆ। ਕਵਿਤਾ ਰਚਣ ਦੇ ਨਾਲ ਨਾਲ ਆਲਮ ਸਿੰਘ ਯੁੱਧ ਵਿਦਿਆ ਵਿੱਚ ਨਿਪੁੰਨ ਸੀ। ਉਹ ਤਲਵਾਰਬਾਜੀ ਵਿੱਚ ਬੜਾ ਮਾਹਿਰ ਸੀ ਅਤੇ ਦਵੰਦ ਯੁੱਧ ਵਿੱਚ ਆਪਣੇ ਸਾਥੀਆਂ ਨੂੰ ਹਰਾ ਦਿੰਦਾ ਸੀ। ਗੁਰੂ ਜੀ ਜਦੋਂ ਸ਼ਿਕਾਰ ਨੂੰ ਜਾਂਦੇ ਤਾਂ ਆਲਮ ਸਿੰਘ ਆਪਣੇ ਕਰਤਬ ਦਿਖਾਉਂਦਾ ਨੱਚਦਾ ਟੱਪਦਾ ਰਹਿੰਦਾ। ਇਸੇ ਲਈ ਗੁਰੂ ਜੀ ਨੇ ਉਸ ਦਾ ਨਾਮ 'ਨੱਚਣਾ ਸਿੱਖ' ਰੱਖ ਦਿੱਤਾ। ਸ੍ਰੀ ਸਰੂਪ ਦਾਸ ਭੱਲਾ ਆਲਮ ਸਿੰਘ ਬਾਰੇ ਹੇਠ ਲਿਖੀ ਜਾਣਕਾਰੀ ਦਿੰਦੇ ਹਨ:

ਆਲਮ ਸਿੰਘ ਨਚਨਾ ਪੁਰਾਨਾ।।
ਮਨ ਰਾਖੈ ਸਤਿਗੁਰ ਦੀ ਆਨਾ।।
ਵੈ ਕਰ ਅਰਦਾਸ ਸੰਗਤ ਛਿਨ ਸਾਸ।।
ਠਾਢਾ ਰਹੇ ਸਦਾ ਗੁਰਪਾਸ।।[45]

ਆਲਮ ਸਿੰਘ ਨੇ ਗੁਰੂ ਜੀ ਨਾਲ ਪਹਾੜੀ ਰਾਜਿਆਂ ਅਤੇ ਮੁਗਲਾਂ ਨਾਲ ਹੋਈਆਂ ਲੜਾਈਆਂ ਵਿੱਚ ਹਿੱਸਾ ਲਿਆ। ਆਨੰਦਪੁਰ ਦੀ ਲੜਾਈ ਵਿੱਚ ਆਲਮ ਸਿੰਘ ਨੇ

ਸਾਹਿਬਜ਼ਾਦਾ ਅਜੀਤ ਸਿੰਘ ਦਾ ਸਾਥ ਦਿੰਦੇ ਹੋਏ ਬਹੁਤ ਬਹਾਦਰੀ ਨਾਲ ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰਿਆ। ਕਰਤਾਰ ਸਿੰਘ ਕਲਸੀਆਵਾਲਾ ਇਸ ਪ੍ਰਸੰਗ ਵਿੱਚ ਲਿਖਦੇ ਹਨ:

ਏਧਰ ਸਾਹਿਬ ਅਜੀਤ ਸਿੰਘ ਵਧ ਅਗੇ॥
ਖਾਂ ਦਲੇਰ ਦੇ ਮੋਰਚੇ ਸਾਰ ਪਏ॥
ਨਾਹਰ ਸਿੰਘ, ਉਦੇ ਸਿੰਘ ਜਿਹੇ ਬਲੀ॥
ਜਬਰਦਸਤ ਖਾਂ ਤੇ ਇਕੋ ਵਾਰ ਪਏ॥
ਆਲਮ ਸਿੰਘ ਤੇ ਧਰਮ ਸਿੰਘ॥
ਸ਼ੇਰ ਸਿੰਘ ਭੀ ਏਹ ਪਹਾੜੀਆਂ ਤੇ ਜ਼ੋਰਦਾਰ ਮਏ॥
ਸਿੰਘ ਅੱਠ ਹਜ਼ਾਰ ਬੇ-ਗਿਣਤ ਵੈਰੀ॥
ਪਰ ਮੌਤ ਦਾ ਡਰ ਵਿਸਾਰ ਪਏ॥[46]

ਗੁਰੂ ਜੀ ਦੇ ਆਨੰਦਪੁਰ ਛੱਡਣ ਵੇਲੇ ਆਲਮ ਸਿੰਘ ਉਹਨਾਂ ਦੇ ਨਾਲ ਸੀ। ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹਾਦਤ ਤੋਂ ਪਿੱਛੋਂ ਜੁਝਾਰ ਸਿੰਘ ਦੇ ਯੁੱਧ ਵਿੱਚ ਲੜਨ ਸਮੇਂ ਉਹ ਉਸ ਦੇ ਨਾਲ ਹੀ ਸ਼ਹੀਦ ਹੋ ਗਏ। ਕਰਤਾਰ ਸਿੰਘ ਕਲਸੀਆਵਾਲਾ ਇਸ ਤਰ੍ਹਾਂ ਬਿਆਨ ਕਰਦੇ ਹਨ:

ਆਲਮ ਸਿੰਘ ਤੇ ਸਾਹਿਬ ਸਿੰਘ ਜਹੇ॥
ਸਾਹਿਬਜ਼ਾਦੇ ਦੇ ਨਾਲ ਤਯਾਰ ਹੋਏ॥
ਲੈ ਕੇ ਆਗਿਆ ਗੁਰੂ ਦਸਮੇਸ਼ ਜੀ ਤੋਂ॥
ਸਭ ਖੜੇ ਸੰਭਾਲ ਹਕਿਆਰ ਹੋਏ॥
ਖੁਸ਼ੀ ਬਖਸ਼ੀ ਗੁਰਾਂ ਕਰਤਾਰ ਸਿੰਘਾਂ॥
ਬਸ ਆਖਰੀ ਇਹ ਦੀਦਾਰ ਹੋਏ॥[47]

**ਭਾਈ ਬਚਿੱਤਰ ਸਿੰਘ**

ਸਿੰਘ ਜੀ ਭਾਈ ਮਨੀ ਸਿੰਘ ਜੀ ਦੇ ਸਪੁੱਤਰ ਅਤੇ ਭਾਈ ਮਾਈ ਦਾਸ ਦੇ ਪੋਤੇ ਹੋਏ ਹਨ ।ਆਪ ਦਾ ਜਨਮ 12 ਅਪ੍ਰੈਲ 1663 ਈ. ਦੇ ਦਿਨ ਪਿੰਡ ਅਲੀਪੁਰ ਜ਼ਿਲ੍ਹਾ ਮੁਜੱਫਰਗੜ੍ਹ ਵਿਚ ਹੋਇਆ ਸੀ । ਆਪ ਉਹਨਾ ਪੰਜਾਂ ਪੁੱਤਰਾਂ ਵਿਚੋਂ ਸਨ ਜਿਨ੍ਹਾ ਨੂੰ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਰਪਨ ਕਰ ਦਿੱਤਾ ਹੋਇਆ ਸੀ ।

ਭਾਈ ਬਚਿੱਤਰ ਸਿੰਘ ਜੀ ਇਕ ਬਹਾਦਰ ਸਿਪਾਹੀ, ਦਲੇਰ ਨੌਜਵਾਨ ਅਤੇ ਹਮਦਰਦ ਇਨਸਾਨ ਹੋਏ ਹਨ ।ਉਹ ਤਲਵਾਰ ਦੇ ਧਨੀ ਹੋਏ ਹਨ ।ਆਪ ਨੇ ਗੁਰੂ ਗੋਬਿੰਦ ਸਿੰਘ ਦੀਆਂ ਲੜਾਈਆਂ ਵਿਚ ਹਿੱਸਾ ਲਿਆ । 17●● ਈ. ਵਿਚ ਲੋਹਗੜ੍ਹ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਜਦੋਂ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਪਿਲਾਕੇ ਭੇਜਿਆ ਤਾਂ ਬੱਚਿਤਰ ਸਿੰਘ ਨੇ ਗੁਰੂ ਸਾਹਿਬ ਦੁਆਰਾ ਦਿੱਤੀ ਹੋਈ ਨਾਗਨੀ ਬਰਛੇ ਨਾਲ ਉਸ ਕਿਲ੍ਹੇ ਦੇ ਦੁਆਰ ਦਾ ਮੂੰਹ ਮੋੜਿਆ ਤੇ ਹਾਥੀ ਪਹਾੜੀਆਂ ਦੀਆਂ ਫੌਜਾਂ ਨੂੰ ਲਤਾੜਦਾ ਹੋਇਆ ਭੱਜ ਗਿਆ । 5 – 6 ਦਸੰਬਰ ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਅਨੰਦਪੁਰ ਸਾਹਿਬ ਨੂੰ ਛੱਡਣ ਦਾ ਫੈਸਲਾ ਕੀਤਾ ਤਾਂ ਬਚਿੱਤਰ ਸਿੰਘ ਉਨ੍ਹਾਂ 4● ਸਿੰਘਾਂ ਵਿਚੋਂ ਸਨ ਜੋ ਗੁਰੂ ਦੇ ਨਾਲ ਹੀ ਜੀਣ ਮਰਨ ਦਾ ਪ੍ਰਣ ਕਰ ਚੁੱਕੇ ਸਨ ।ਭਾਈ ਬਚਿੱਤਰ ਸਿੰਘ ਜੀ ਨੇ ਗੁਰੂ ਜੀ ਦੀ ਅਗਵਾਈ ਵਿਚ ਰੋਪੜ ਰਾਹੀਂ ਸਰਹੰਦ ਤੋਂ ਆਉਂਦੀਆਂ ਫੌਜਾਂ ਦਾ ਮੁਕਾਬਲਾ ਕਰਨਾ ਸੀ ।ਬਚਿੱਤਰ ਸਿੰਘ ਨੇ ਆਪਣੇ ਜੱਥੇ ਦੇ ਮੁਖੀ ਵਜੋਂ ਮਲਕਪੁਰ ਰੰਗੜਾ ਵਿਖੇ ਸਰਹੰਦ ਦੀ ਫੌਜ ਨਾਲ ਲੜਨ ਵਿਚ ਜਖ਼ਮੀ ਹੋ ਗਏ । ਇਸ ਗਹਿ–ਗਚੋ ਲੜਾਈ ਵਿਚ ਜੱਥੇ ਦੇ ਸਾਰੇ ਸਿੰਘ ਸ਼ਹੀਦ ਹੋ ਗਏ ਅਤੇ ਭਾਈ ਬਚਿੱਤਰ ਸਿੰਘ ਨੂੰ ਮਰਿਆ ਸਮਝ ਕੇ ਮੁਗਲੀ ਫੌਜਾਂ ਛੱਡ ਕੇ ਚਲੀਆਂ ਗਈਆਂ । ਪਿਛੋਂ ਆ ਰਹੇ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਮਦਨ ਸਿੰਘ ਤੇ ਉਹਨਾਂ ਦੇ ਸਾਥੀ ਬਚਿੱਤਰ ਸਿੰਘ ਨੂੰ ਮਲਕਪੁਰ ਰੰਗੜਾ ਤੋਂ 6 ਕਿ.ਮੀ. ਦੂਰ ਕੋਟਲਾ ਨਿਹੰਗ ਖਾਨ ਵਿਖੇ ਲੈ ਗਏ। ਭਾਈ ਬਚਿੱਤਰ ਸਿੰਘ ਦੀ ਸੇਵਾ, ਭਾਈ ਨਿਹੰਗ ਖਾਨ ਦੀ ਬੇਟੀ ਮੁਮਤਾਜ ਨੇ ਕੀਤੀ ਪਰ ਜਖ਼ਮ ਗਹਿਰੇ ਹੋਣ ਕਰਕੇ ਉਹ 8 ਦਸੰਬਰ 17●5 ਈ. ਨੂੰ ਸ਼ਹੀਦੀ ਪਾ ਗਏ ।

**ਸ਼ਹੀਦ ਜ਼ੋਰਾਵਰ ਤੇ ਫਤਿਹ ਸਿੰਘ**

ਸ਼ਹੀਦ ਜ਼ੋਰਾਵਰ ਸਿੰਘ ਜੀ ਦਾ ਜਨਮ ਮਾਤ ਜੀਤੋ ਦੀ ਕੁਖੋਂ 14 ਜਨਵਰੀ 1697 ਈ. ਨੂੰ ਹੋਇਆ ਅਤੇ ਮਾਤਾ ਜੀਤੋ ਜੀ ਦੇ ਤੀਸਰੇ ਸਪੁੱਤਰ ਫਤਿਹ ਸਿੰਘ ਦਾ ਜਨਮ 22 ਫਰਵਰੀ 1699 ਈ. ਨੂੰ ਹੋਇਆ। ਦੋਵੇਂ ਸਾਹਿਬਜ਼ਾਦੇ ਸਰਹੰਦ ਦੇ ਸੂਬੇਦਾਰ ਦੇ ਅਣਮਨੁੱਖੀ ਜ਼ੁਲਮਾਂ ਦਾ ਸ਼ਿਕਾਰ ਹੁੰਦੇ ਹੋਏ 12 ਦਸੰਬਰ 17●5 ਨੂੰ ਸ਼ਹੀਦੀ ਹੋਏ। ਕਵੀ ਸੈਨਾਪਤੀ ਗੁਰ ਸੋਭਾ ਵਿਚ ਲਿਖਦੇ ਹਨ:

ਜੁਝਾਰ ਸਿੰਘ ਅਜੀਤ ਸਿੰਘ ਜੁੱਧ ਕਰ।।
ਜੂਝੇ ਚਮਕੌਰ।।
ਸਰਹਿੰਦ ਵਿਖੇ ਜ਼ੋਰਾਵਰ ਸਿੰਘ ਫਤੇ ਸਿੰਘ।।
ਕੀ ਠੌਰ।।[48]

ਅਨੰਦਪੁਰ ਦੀ ਲੜਾਈ ਪਿਛੋਂ ਗੁਰੂ ਨੇ ਅਨੰਦਪੁਰ ਨੂੰ 22-23 ਦਸੰਬਰ ਨੂੰ ਛੱਡਿਆ। ਸਰਸਾ ਨਦੀ ਤੇ ਵਿਛੜ ਕੇ ਮਾਤਾ ਗੁਜਰੀ ਅਤੇ ਛੋਟੇ ਸਹਿਬਜ਼ਾਦੇ ਜੋਰਾਵਰ ਤੇ ਫਤਿਹ ਸਿੰਘ ਰਸੋਈਏ ਗੰਗੂ ਬ੍ਰਾਹਮਣ ਨਾਲ ਪਿੰਡ ਖੇੜੀ ਚਲੇ ਗਏ। ਗੰਗੂ ਬ੍ਰਾਹਮਣ ਨੇ ਵਜ਼ੀਰ ਖਾਨ ਤੋਂ ਇਨਾਮ ਲੈਣ ਦੀ ਖਾਤਿਰ ਕੋਤਵਾਲੀ ਮੋਰਿੰਡਾ ਖਬਰ ਦੇ ਦਿੱਤੀ ਕਿ ਗੁਰੂ ਜੀ ਦੇ ਸਹਿਬਜ਼ਾਦੇ ਅਤੇ ਮਾਤਾ ਗੁਜਰੀ ਉਸ ਦੇ ਘਰ ਹਨ। ਦੋਹਾਂ ਸਾਹਿਬਜ਼ਾਦਿਆਂ ਨੂੰ ਸਰਹੰਦ ਲਿਜਾਇਆ ਗਿਆ ਤੇ ਕਚਿਹਰੀ ਵਿਚ ਪੇਸ਼ ਕੀਤਾ ਗਿਆ। ਵਜ਼ੀਰ ਖਾਨ ਨੇ ਕਾਜ਼ੀ ਅਤੇ ਉਲਮਾ ਨੂੰ ਸੱਦਿਆ। ਕਾਜ਼ੀ ਅਤੇ ਉਲਮਾ ਅਤੇ ਵਜ਼ੀਰ ਖਾਂ ਨੇ ਸਹਿਬਜ਼ਾਦਿਆਂ ਨੂੰ ਇਸਲਾਮ ਕਬੂਲ ਕਰਨ ਤੇ ਜ਼ੋਰ ਦਿੱਤਾ ਜਾਂ ਮੌਤ ਪ੍ਰਵਾਨ ਕਰਨ ਲਈ ਡਰਾਇਆ। ਸਹਿਬਜ਼ਾਦਿਆਂ ਨੇ ਇਸਲਾਮ ਕਬੂਲਣ ਤੋਂ ਨਾਂਹ ਕਰ ਦਿੱਤੀ ਅਤੇ ਨਿਰਭੈ ਹੋ ਕੇ ਮੌਤ ਨੂੰ ਪਹਿਲ ਦਿੱਤੀ। ਨਵਾਬ ਮਲੇਰਕੋਟਲਾ ਨੇ ਬੱਚਿਆਂ ਨੂੰ ਕਤਲ ਕਰਨ ਤੇ ਹਾਅ ਦਾ ਨਾਹਰਾ ਮਾਰਿਆ ਤੇ ਬੇਗੁਨਾਹਾਂ ਨੂੰ ਸਜ਼ਾ ਨਾ ਦੇਣ ਬਾਰੇ ਕਿਹਾ ਜੋ ਸ਼ਰਾਅ ਦੇ ਵਿਰੁਧ ਹੈ ਪਰ ਵਜ਼ੀਰ ਖਾਨ ਨੇ ਉਹਨਾ ਨੂੰ ਕਤਲ

ਕਰਨ ਦਾ ਹੁਕਮ ਦੇ ਦਿੱਤਾ। ਗਿਆਨੀ ਗਿਆਨ ਸਿੰਘ 'ਤਵਾਰੀਖ ਗੁਰੂ ਖਾਲਸਾ' ਵਿਚ ਇੰਝ ਬਿਆਨ ਕਰਦੇ ਹਨ:

> ਖੇੜੀ ਵਾਲਾ ਗੰਗਾ ਰਾਮ ਬ੍ਰਾਹਮਣ ਘਰ ਦਾ ਰਸੋਈਆ ਪਹਿਲੇ ਤਾਂ ਮਾਤਾ ਜੀ ਨੂੰ ਸਹਿਬਜ਼ਾਦਿਆਂ ਸਮੇਤ ਆਪਣੇ ਘਰ ਲੈ ਗਿਆ । ਫੇਰ ਆਪ ਪਦਾਰਥ ਲੁਕਾ ਕੇ ਚੋਰ-ਚੋਰ ਪੁਕਾਰ ਦਿੱਤਾ, ਜਦ ਮਾਤਾ ਜੀ ਨੇ ਆਖਿਆ ਕਿ ਚੋਰ ਤਾਂ ਕੋਈ ਨਹੀਂ ਆਇਆ ਤਾਂ ਉਹ ਦੁਸ਼ਟ ਤਿੜਕ ਕੇ ਮੋਰਿੰਡੇ ਵਾਲੇ ਰੰਘੜਾਂ ਨੂੰ ਬੁਲਾ ਲਿਆਇਆ । ਉਹ ਮਾਤਾ ਜੀ ਨੂੰ ਸਮੇਤ ਸਾਹਿਬਜ਼ਾਦਿਆਂ ਦੇ ਫੜ ਕੇ ਲੈ ਗਏ। ਸਰਹੰਦ ਵਾਲੇ ਵਜ਼ੀਰ ਖਾਂ ਨੇ ਨਜਾਮਨੇਦੀਨ ਵਿਚ ਲਿਆਉਣ ਵਾਸਤੇ ਬਥੇਰੇ ਡਰਾਵੇ ਤੇ ਲਾਲਚ ਦਿਖਾਏ ਪਰ ਉਨ੍ਹਾਂ ਇਕ ਨਾ ਮੰਨੀ ਆਪਣਾ ਧਰਮ ਨਾ ਛੱਡਿਆ ਦੇਹ ਛੱਡ ਦਿੱਤੀ । ਜਦ ਉਸ ਜ਼ਾਲਮ ਨੇ ਸਹਿਬਜ਼ਾਦਿਆਂ ਦੇ ਕਤਲ ਦਾ ਹੁਕਮ ਸੁਣਾਇਆ ਤਾਂ ਨਵਾਬ ਸ਼ੇਰ ਮੁਹੰਮਦ ਖਾਂ ਮਲੇਰਕੋਟਲੇ ਵਾਲੇ ਨੇ ਆਖਿਆ ਇਨ੍ਹਾਂ ਸ਼ੀਰ ਖੋਰ ਬੇਗੁਨਾਹ ਬੱਚਿਆ ਨੂੰ ਮਾਰਨਾ ਵੱਡਾ ਭਾਰੀ ਗੁਨਾਹ ਹੈ - ਪਰ ਸੁੱਚਾ ਨੰਦ ਖਤਰੀ ਦੀਵਾਨ ਬੋਲਿਆ, ਸੱਪ ਦੇ ਬੱਚਿਆਂ ਨੂੰ ਛੱਡਣਾ ਚੰਗੀ ਗਲ ਨਹੀਂ । ਇਹੋ ਗੱਲ ਮੰਨ ਕੇ ਉਸ ਦੁਸ਼ਟ ਵਜ਼ੀਰ ਖਾਨ ਪੱਥਰ ਦਿਲ ਨੇ ਪਹਿਲੇ ਉਨ੍ਹਾਂ ਗੁਲਾਬ ਦੇ ਫੁੱਲਾਂ ਵਰਗੇ ਨਿਆਣਿਆਂ ਮਾਸੂਮਾਂ ਨੂੰ ਕੰਧਾਂ ਵਿਚ ਚਿਣਵਾਇਆ। ਜਦ ਉਹ ਕੰਧ ਫੱਟ ਗਈ ਤਾਂ ਕਤਲ ਕਰਾ ਦਿੱਤਾ । ਮਾਤਾ ਗੁਜਰੀ ਜੀ ਉਸੇ ਬੁਰਜ ਉਤੋਂ ਜਿਸ ਵਿਚ ਉਹ ਕੈਦ ਸਨ ਬੇਹੋਸ਼ ਹੋ ਕੇ ਡਿੱਗ ਪਏ ਤੇ ਉਹਨਾਂ ਆਪਣੇ ਪ੍ਰਾਣ ਤਿਆਗ ਦਿੱਤੇ ।[49]

ਕੁਇਰ ਸਿੰਘ ਕਹਿੰਦੇ ਹਨ ਸਹਿਬਜ਼ਾਦਿਆਂ ਨੂੰ ਪਕੜ ਕੇ ਸਰਹੰਦ ਲੈ ਗਏ ਅਤੇ ਨੀਹਾਂ 'ਚ ਦੇ ਕੇ ਕਤਲ ਕਰ ਦਿੱਤਾ:

ਗਹਿ ਕੇ ਗਏ ਸਿਰੰਦ ਮਝਾਰੀ।।

ਹਾਥਨ ਮੱਧ ਹਥੋੜੀ ਡਾਰੀ।।

ਪਦ ਮੈਂ ਤਾਹਿ ਜੰਜੀਰ ਧਰਾਏ।।

ਕੋਈ ਕਹੇ ਬਾਲਨ ਮਰਵਾਏ।।

ਕੋਈ ਕਏ ਯਾ, ਬੰਦਹਿ ਕੀ ਜੈ।।

ਕੋਈ ਕਹੈ, ਤੁਰਕ ਇਜ ਕੀ ਜੈ।।

ਮਾਤਾ ਗੋਦ ਬਾਲ ਹੋ ਜੈਈ।।

ਕਰਤ ਵਿਸਾਹ ਰਤੀ ਨਹੀ ਤੋਈ।।

ਖੋਸ ਗੋਦ ਤੇ ਲੈ ਗਈ ਵਾਹੀ।।

ਪ੍ਰਾਤ ਕਚਹਰੀ ਮਾਹਿ ਤਹਾਂ ਹੀ।।[50]

ਸਿੱਖ ਇਤਿਹਾਸਕਾਰਾਂ ਦੀ ਦ੍ਰਿਸ਼ਟੀ ਵਿਚ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਵਿਚਾਰਾਂ ਵਿਚ ਵਿਭਿੰਨਤਾ ਪਾਈ ਗਈ। ਕੁਝ ਨੇ ਉਹਨਾਂ ਦੀ ਸ਼ਹੀਦੀ ਨੀਹਾਂ ਵਿਚ ਚਿਣਵਾ ਕੇ ਦੱਸੀ ਹੈ ਪਰ ਕੁਝ ਨੇ ਉਹਨਾਂ ਦੀ ਸ਼ਹੀਦੀ ਗਲਾ ਕੱਟਣ ਕਾਰਨ ਦਸੀ ਹੈ । ਜਦੋਂ ਮਾਤਾ ਗੁਜਰੀ ਜੀ ਨੂੰ ਉਹਨਾਂ ਦੀ ਸ਼ਹਾਦਤ ਦਾ ਪਤਾ ਲਗਦਾ ਹੈ ਤਾਂ 22 ਦਸੰਬਰ 1704 ਨੂੰ ਮਾਤਾ ਗੁਜਰੀ ਜੀ ਵੀ ਠੰਡੇ ਬੁਰਜ ਵਿਚ ਸ਼ਹੀਦੀ ਪ੍ਰਾਪਤ ਕਰ ਜਾਂਦੇ ਹਨ ।

**ਮੁਕਤਸਰ ਦੇ ਸ਼ਹੀਦ – ਅਨੰਦਪੁਰ ਦੀ ਆਖਰੀ ਲੜਾਈ**

ਭਾਈ ਕਾਹਨ ਸਿੰਘ ਨਾਭਾ 'ਮਹਾਨ ਕੋਸ਼' ਵਿੱਚ ਮੁਕਤਸਰ ਦੇ ਸ਼ਹੀਦਾਂ ਬਾਰੇ ਬਿਆਨ ਕਰਦੇ ਹਨ, ਜਿਹਨਾਂ ਦੀ ਸ਼ਹਾਦਤ 29 ਦਸੰਬਰ 1705 ਨੂੰ ਹੋਈ:

ਸ਼ਮੀਰ ਸਿੰਘ, ਸਰਜਾ ਸਿੰਘ, ਸਾਧੂ ਸਿੰਘ, ਸੰਤ ਸਿੰਘ, ਸੁਹੇਲ ਸਿੰਘ, ਸੁਲਤਾਨ ਸਿੰਘ, ਸੋਭਾ ਸਿੰਘ, ਹਰਸਾ ਸਿੰਘ, ਹਰੀ ਸਿੰਘ, ਕਰਮ ਸਿੰਘ, ਕਰਨ ਸਿੰਘ, ਕਾਲਾ ਸਿੰਘ, ਕੀਰਤ ਸਿੰਘ, ਖੁਸ਼ਹਾਲ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਘਰਬਾਰਾ ਸਿੰਘ, ਚੰਬਾ ਸਿੰਘ, ਜਾਦੋ ਸਿੰਘ, ਜੰਗ

ਸਿੰਘ, ਦਿਆਲ ਸਿੰਘ, ਦਰਬਾਰਾ ਸਿੰਘ, ਦਿਲਬਾਰਾ ਸਿੰਘ, ਧਰਮ ਸਿੰਘ, ਧੰਨਾ ਸਿੰਘ, ਨਿਹਾਲ ਸਿੰਘ, ਨਿਧਾਨ ਸਿੰਘ, ਬੂੜ ਸਿੰਘ, ਭਾਗ ਸਿੰਘ, ਭੰਗਾ ਸਿੰਘ, ਮਹਾਂ ਸਿੰਘ, ਮਾਨ ਸਿੰਘ, ਮੈਯਾ ਸਿੰਘ, ਰਾਏ ਸਿੰਘ, ਲਛਮਣ ਸਿੰਘ, ਮਹਾਂ ਸਿੰਘ[51]

ਇਸ ਲੜਾਈ ਵਿਚ ਬਹੁਗਿਣਤੀ ਦੀ ਮੁਗਲ ਸਰਕਾਰ ਅਤੇ ਪਹਾੜੀ ਰਾਜਿਆਂ ਨੇ ਕਈ ਮਹੀਨੇ ਕਿਲ੍ਹੇ ਨੂੰ ਘੇਰਾ ਪਾਈ ਰੱਖਿਆ । ਕਿਲ੍ਹੇ ਵਿਚ ਜਮ੍ਹਾਂ ਕੀਤੇ ਖਾਣ-ਪੀਣ ਦਾ ਸਮਾਨ ਖਤਮ ਹੋਣ ਲੱਗਾ ਅਤੇ ਬਾਹਰੋਂ ਰਸਦ ਆਉਣੀ ਬੰਦ ਹੋ ਗਈ । ਸਿੰਘ ਵਕਤ ਮਿਲਣ ਤੇ ਬਾਹਰ ਨਿਕਲਦੇ ਅਤੇ ਬੜੀ ਮੁਸ਼ਕਲ ਨਾਲ ਜੋ ਕੁਝ ਵੀ ਮਿਲਦਾ ਉਹ ਲੈ ਕੇ ਕਿਲ੍ਹੇ ਵਿਚ ਜਾ ਵੜਦੇ । ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਵਿਚ ਲਿਖਦੇ ਹਨਃ

ਤ੍ਰਿਤੀਏ ਅੰਨ ਘਾਸ ਨ ਰਹਾਏ॥
ਭੂਖ ਮਰਤ ਪੁਰਖ ਚੌਪਾਏ॥
ਹਸਤੀ ਪ੍ਰਸਾਦੀ ਲੌਂ ਲੌਂ ਭਾਰੇ॥
ਦਲ ਬਿਡਾਸਰੇ ਘੋੜੇ ਸਾਰੇ॥
ਮਰੇ ਭੂਖ ਕੇ ਮਾਰੈ ਵੈ ਹੈ॥
ਭੂਖੇ ਸਿਖ ਭੀ ਲਰ ਨ ਸਕੈਂ ਹੈਂ॥
ਓੜਕ ਹੋਇ ਲਾਚਾਰ ਵਿਚਾਰੇ॥
ਦੌੜਨ ਲੱਗੇ ਚੋਰੀ ਇਹ ਸਾਰੇ॥
ਇਕ ਇਕ ਮੁੱਠੀ ਚਣੈ ਮਿਲੈ ਹੈ॥
ਅਠ ਪਹਿਰੇ ਸੋ ਭੀ ਨਾ ਥੈਹੇਂ॥[52]

ਭੁੱਖ ਨਲ ਦੁਖੀ ਹੋਏ ਸਿੰਘਾਂ ਨੇ ਰਲ ਕੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਕਿਲ੍ਹਾ ਛੱਡ ਦਿੱਤਾ ਜਾਏ । ਗੁਰੂ ਜੀ ਨੇ ਉਹਨਾਂ ਨੂੰ ਹੌਸਲਾ ਦਿੱਤਾ ਪਰ ਤਰਨਤਾਰਨ ਦੇ ਪਿੰਡ ਹਟੌਲ ਦਾ ਮਹਾਂ ਸਿੰਘ ਕਿਲ੍ਹਾ ਛੱਡਣ ਲਈ ਉਤਾਵਲਾ ਹੋ ਗਿਆ । ਗੁਰੂ ਜੀ ਨੇ ਉਹਨਾਂ ਨੂੰ ਕਿਲ੍ਹਾ ਛੱਡਣ

ਤੋਂ ਪਹਿਲਾਂ ਇਹ ਲਿਖਕੇ ਦੇਣ ਲਈ ਕਿਹਾ ਕਿ ਲਿਖ ਦਿਓ ਕਿ ਅੱਜ ਤੋਂ ਅਸੀਂ ਤੁਹਾਡੇ ਗੁਰੂ ਨਹੀਂ ਤੇ ਤੁਸੀਂ ਸਾਡੇ ਸਿੱਖ ਨਹੀਂ । ਭਾਈ ਮਹਾਂ ਸਿੰਘ ਤੇ ਉਸਦੇ ਸਾਥੀ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਆਪਣੇ ਆਪਣੇ ਘਰਾਂ ਨੂੰ ਚਲੇ ਗਏ । ਜਦ ਇਹ ਸਾਰੇ ਮਾਝੇ ਦੇ ਸਿੰਘ ਘਰੀਂ ਪਹੁੰਚੇ ਤਾਂ ਉਹਨਾਂ ਦੀਆਂ ਪਤਨੀਆਂ ਨੇ ਉਹਨਾਂ ਨੂੰ ਫਿਟਕਾਰ ਲਾਈ ਅਤੇ ਚੂੜੀਆਂ ਪਾ ਕੇ ਬਹਿ ਜਾਣ ਦਾ ਮਿਹਣਾ ਮਾਰਿਆ । ਗੁਰੂ ਜੀ ਚਮਕੌਰ ਸਾਹਿਬ ਤੋਂ ਨਿਕਲ ਕੇ ਮਾਛੀਵਾੜੇ ਪਹੁੰਚਦੇ ਹਨ । ਉਥੋਂ ਉਹ ਕਿੜੀ ਪਠਾਣਾਂ ਘੁੰਘਰਾਲੀ, ਮਾਨੂੰਪੁਰ ਹੁੰਦੇ ਹੋਏ ਅਜਮੇਰ ਪਹੁੰਚ ਅਤੇ ਫਿਰ ਹਾਜੀ ਸ਼ਾਹ ਦੇ ਡੇਰੇ ਤੇ ਰਹੇ । ਅਗਲੇ ਦਿਨ ਆਪ ਮਲਕਪੁਰ, ਲੱਲਾਂ, ਕਟਾਣੀ, ਰਾਮਪੁਰ ਤੋਂ ਹੁੰਦੇ ਹੋਏ ਰਾਤ ਦੌਰਾਹੇ ਰਹੇ । ਦੌਰਾਹੇ ਤੋਂ ਭਨੇਚ ਅਤੇ ਆਲਮਗੀਰ ਹੁੰਦੇ ਹੋਏ ਹੇਹਰ ਪੁੱਜੇ । ਹੇਹਰ ਤੋਂ ਆਪ ਲੰਮੇ ਜੱਟ ਪੁਰੇ ਪਹੁੰਚੇ ਅਤੇ ਇਥੇ ਭਾਈ ਰਾਏ ਕਲ੍ਹਾਂ ਨਾਲ ਮੇਲ ਹੋਇਆ । ਇਸ ਤੋਂ ਬਾਅਦ ਆਪ ਤਖਤੂਪੁਰੇ ਪੁੱਜੇ ਅਤੇ ਮਧੇਅ ਅਤੇ ਭਦੌੜ ਹੁੰਦੇ ਹੋਏ ਦੀਨਾ ਪੁੱਜੇ । ਦੀਨਾ ਤੋਂ ਗੁਰੂ ਜੀ ਜਲਾਲ, ਵਾਂਦਰ, ਬਨਗਾੜੀ, ਬਹਿਬਲ, ਸਰਾਵਕੀ ਅਤੇ ਜੈਤੋ ਪਹੁੰਚੇ । ਗੁਰੂ ਜੀ ਪਿਛੇ ਵਜੀਰ ਖਾਂ ਦੀ ਫੌਜ ਵਾਹੋ-ਦਾਹੀ ਆ ਰਹੀ ਸੀ । ਇਸ ਪਿਛੋਂ ਗੁਰੂ ਜੀ ਖਿਦਰਾਣੇ ਦੀ ਢਾਬ ਕੋਲ ਪਹੁੰਚੇ ਕਿਉਂਕਿ ਯੁੱਧ ਲਈ ਇਹੀ ਸਹੀ ਜਗ੍ਹਾ ਸੀ । ਉਥੇ ਚਾਲ੍ਹੀ ਕੋਹ ਦੇ ਲਾਗੇ-ਲਾਗੇ ਕਿਤੇ ਵੀ ਪਾਣੀ ਨਹੀਂ ਸੀ। ਇਸ ਲਈ ਇਹ ਢਾਬ ਹੀ ਗੁਰੂ ਜੀ ਨੂੰ ਸਭ ਤੋਂ ਢੁਕਵੀਂ ਜਗ੍ਹਾ ਲੱਗੀ । ਵਾਹੋ ਦਾਹੀ ਖਿਦਰਾਣੇ ਵਾਲੀ ਢਾਬ ਤੇ ਪਹੁੰਚੇ ਹੀ ਸਨ ਕਿ ਰਸਤੇ ਵਿਚ ਪਿੰਡ ਰਾਮੇਆਣਾਂ ਵਿਖੇ ਸਿੰਘ ਮਾਝੇ ਤੋਂ ਆਪਣੇ-ਆਪਣੇ ਜਥੇ ਲੈ ਕੇ ਮਿਲੇ । ਇਕ ਚਾਲ੍ਹੀ ਸਿੰਘਾਂ ਦਾ ਜਥਾ ਮਾਈ ਭਾਗ ਕੌਰ ਦੀ ਅਗਵਾਈ ਹੇਠ ਗੁਰੂ ਜੀ ਨੂੰ ਮਿਲਿਆ । ਇਹ ਜਥਾ ਖਿਦਰਾਣੇ ਵਾਲੀ ਢਾਬ ਵੱਲ ਹੀ ਆ ਰਿਹਾ ਸੀ ਕਿ ਵਜ਼ੀਰ ਖਾਂ ਦੀ ਫੌਜ ਨੇ ਹਮਲਾ ਕਰ ਦਿੱਤਾ । ਦੁਸ਼ਮਣ ਦੀ ਫੌਜ ਦਾ ਮੁਕਾਬਲਾ ਕਰਦਾ ਹੋਇਆ ਇਹ ਚਾਲ੍ਹੀ ਸਿੰਘਾਂ ਦਾ ਜਥਾ ਸ਼ਹੀਦੀਆਂ ਪਾ ਗਿਆ । ਇਹਨਾਂ ਸਿੰਘਾਂ ਨੂੰ ਮੁਕਤਿਆਂ ਦੀ ਉਪਾਧੀ ਦਿੱਤੀ ਗਈ ਹੈ ।

ਡਾ. ਹਰਜਿੰਦਰ ਸਿੰਘ ਦਿਲਗੀਰ ਆਪਣੀ ਪੁਸਤਕ 'ਗੁਰੂ ਦੇ ਸ਼ੇਰ' ਵਿਚ ਚਾਲ੍ਹੀ ਮੁਕਤਿਆਂ ਬੇਦਾਵੇ ਦੀ ਜਗ੍ਹਾ ਬਾਰੇ ਇਹ ਕਹਿੰਦੇ ਹਨ ਕਿ ਇਹਨਾਂ ਸਿੰਘਾਂ ਨੇ ਗੁਰੂ ਜੀ ਨੂੰ

ਬੇਦਾਵਾ ਅਨੰਦਪੁਰ ਨਹੀਂ ਸੀ ਦਿੱਤਾ ਸਗੋਂ ਇਹਨਾਂ ਨੇ ਇਹ ਬੇਦਾਵਾ ਪਿੰਡ ਰਾਮੇਆਣਾ ਹੀ ਦਿੱਤਾ ਹੈ । ਇਹ ਬੇਦਾਵਾ ਭਾਗ ਸਿੰਘ ਦੁਆਰਾ ਲਿਖਿਆ ਗਿਆ ਜਦੋਂ ਗੁਰੂ ਜੀ ਚਮਕੌਰ ਸਾਹਿਬ ਤੋਂ ਮਾਛੀਵਾੜੇ ਹੁੰਦੇ ਪਿੰਡ ਰਾਮੇਆਣਾ ਪਹੁੰਚੇ ਤਾਂ ਉਹ ਕੁਝ ਸਿੰਘਾਂ ਨੂੰ ਲੈ ਕੇ ਸਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਤੇ ਹੋਰ ਸਿੰਘਾਂ ਦੀ ਸ਼ਹਾਦਤ ਤੇ 'ਮਾਤਮ ਪੁਰਸੀ' ਕਰਨ ਲਈ ਆਏ। ਗੁਰੂ ਜੀ ਨੇ ਉਹਨਾਂ ਨੂੰ ਹਰ ਹਾਲਾਤ ਵਿਚ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਕਿਹਾ । ਭਾਈ ਭਾਗ ਸਿੰਘ ਨੇ ਇਥੇ ਗੁਰੂ ਜੀ ਨੂੰ ਸਲਾਹ ਦਿੱਤੀ ਕਿ ਉਸਦੀ ਲਾਹੌਰ ਦਰਬਾਰ ਵਿਚ ਚੰਗੀ ਜਾਣ-ਪਛਾਣ ਹੈ ਅਤੇ ਕਿਸੇ ਅਹਿਲਕਾਰ ਰਾਹੀਂ ਉਹ ਗੁਰੂ ਜੀ ਦਾ ਦਿੱਲੀ ਸਰਕਾਰ ਨਾਲ ਸਮਝੌਤਾ ਕਰਵਾ ਦਿੰਦਾ ਹੈ । ਇਸ ਤੇ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਉਹ ਉਦੋਂ ਕਿਥੇ ਸਨ ਜਦ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੋਈ, ਸ੍ਰੀ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹੋਈ । ਇਸ ਪ੍ਰਸੰਗ ਵਿੱਚ ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਦੇ ਹਨ:

> ਭਾਗ ਸਿੰਘ ਨੇ ਗੁੱਸੇ ਵਿਚ ਆ ਕੇ ਗੁਰੂ ਸਾਹਿਬ ਨੂੰ ਕਿਹਾ ਜੇ ਤੁਸੀਂ ਇੰਝ ਹੀ ਰਹਿਣਾ ਹੈ ਤਾਂ ਤੁਹਾਡੀ ਸਾਡੀ ਨਹੀਂ ਨਿਭ ਸਕਦੀ । ਸਾਥੋਂ ਇਹੋ ਜਿਹੀ ਸਿੱਖੀ ਨਹੀਂ ਨਿਭ ਸਕਦੀ ਫਿਰ ਅਸੀਂ ਵਾਪਸ ਚਲੇ ਜਾਂਦੇ ਹਾਂ । ਇਹ ਸੁਣ ਕੇ ਗੁਰੂ ਜੀ ਨੇ ਕਿਹਾ ਕਿ ਆਹ ਲਉ ਕਾਗਜ਼ ਤੇ ਲਿਖ ਦਿਓ ਕਿ ਸਾਡਾ ਇਲਾਕਾ ਅੱਜ ਤੋਂ ਗੁਰੂ ਦਾ ਸਿੱਖ ਨਹੀਂ ਰਿਹਾ । ਗੁਰੂ ਜੀ ਦੀ ਗੱਲ ਸੁਣ ਕੇ ਭਾਈ ਮਾਨ ਸਿੰਘ ਨੇ ਭਾਗ ਸਿੰਘ ਅੱਗੇ ਕਲਮ ਦਵਾਤ ਰੱਖ ਦਿੱਤੀ । ਜੋਸ਼ ਵਿਚ ਆਏ ਭਾਗ ਸਿੰਘ ਨੇ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦਸਤਖ਼ਤ ਕਰ ਦਿਤੇ । ਮਗਰੋਂ ਦਿਲਬਾਗ ਸਿੰਘ, ਦਰਬਾਰਾ ਸਿੰਘ ਤੇ ਗੰਡਾ ਸਿੰਘ ਨੇ ਵੀ ਦਖਤਖਤ ਕਰ ਦਿੱਤੇ ਪਰ ਬਾਕੀ ਸਿੰਘਾਂ ਨੇ ਨਾ ਕੀਤੇ।[53]

ਡਾ. ਹਰਜਿੰਦਰ ਸਿੰਘ ਨੇ ਬੇਦਾਵਾ ਲਿਖਕੇ ਦੇਣ ਸੰਬੰਧੀ ਇਹ ਦਲੀਲ ਦਿੱਤੀ ਹੈ ਕਿ ਅਨੰਦਪੁਰ ਵਿਖੇ 4● ਸਿੰਘ ਬੇਦਾਵਾ ਦੇ ਕੇ ਕਿਲ੍ਹੇ ਵਿਚੋਂ ਨਿਕਲੇ ਇਹ ਸੰਭਵ ਨਹੀਂ ਹੈ । ਉਸ ਅਨੁਸਾਰ ਪਿੰਡ ਰਾਮੇਆਣਾ ਵਿਖੇ ਹੀ ਬੇਦਾਵਾ ਲਿਖਿਆ ਗਿਆ ਅਤੇ ਜਦੋਂ ਗੁਰੂ ਜੀ ਦਾ ਵਜ਼ੀਰ ਖਾਂ ਦੀ ਫੌਜ ਨਾਲ ਯੁੱਧ ਹੋਇਆ ਤਾਂ ਸਾਰੇ ਸਿੰਘਾਂ ਦੇ ਸ਼ਹੀਦ ਹੋਣ ਪਿੱਛੋਂ ਮਹਾਂ ਸਿੰਘ ਦੇ ਕਹਿਣ ਤੇ ਹੀ ਗੁਰੂ ਜੀ ਨੇ ਇਹ ਬੇਦਾਵਾ ਪਾੜ ਦਿੱਤਾ ਸੀ ਪਰ ਡਾ. ਹਰਜਿੰਦਰ ਸਿੰਘ ਦੀ ਇਹ ਦਲੀਲ ਕੋਈ ਬਹੁਤੀ ਮੰਨਣਯੋਗ ਨਹੀਂ ਕਿ ਕਿਉਂਕਿ ਸਿੰਘਾਂ ਨੇ ਮੁਗਲਾਂ ਦੇ ਅਤਿਆਚਾਰ ਝੱਲ ਕੇ ਇੰਨੀ ਸ਼ਕਤੀ ਪ੍ਰਾਪਤ ਕਰ ਲਈ ਸੀ ਕਿ ਕਿਸੇ ਵੀ ਹਾਲਾਤ ਵਿਚ ਜਿਊਣਾ ਜਾਣਦੇ ਸਨ ਅਤੇ ਕਿਲ੍ਹੇ ਵਿਚੋਂ ਨਿਕਲਣ ਸੰਬੰਧੀ ਵੀ ਦਲੀਲ ਥੋਥੀ ਹੀ ਜਾਪਦੀ ਹੈ । ਕਿਸੇ ਵੀ ਇਤਿਹਾਸਕਾਰ ਨੇ ਪਿੰਡ ਰਾਮੇਆਣਾ ਵਿਖੇ ਬੇਦਾਵਾ ਦੇਣ ਦੀ ਗੱਲ ਨਹੀਂ ਕੀਤੀ । ਸਿੱਖ ਸਾਹਿਤ ਵਿਚ ਵੀ ਇਹ ਕਿਤੇ ਗੱਲ ਨਹੀਂ ਆਉਂਦੀ । ਰਤਨ ਸਿੰਘ ਭੰਗੂ ਦੇ 'ਪੰਥ ਪ੍ਰਕਾਸ਼' ਵਿਚ 'ਅਨੰਦਪੁਰ ਦੇ ਯੁੱਧ' ਅਧੀਨ ਲਿਖਿਆ ਹੈ:

"ਦੋਹਰਾ: ਤੌਂ ਸਤਿਗੁਰ ਏਤੀ ਕਹੀ ਯਹ ਹਮ ਜਾਹੋ ਲਿਖਾਇ
ਸਤਿਗੁਰ ਕਹਿਦੇ ਥਕ ਗਏ ਹਮ ਮੰਦੀ ਸਿਖ ਨ ਕਾਇ
ਚੋਪਈ: ਔਂਦੇਈ ਏਤੀ ਇਹੁ ਤੁਮ ਲਿਖ
ਤੁਮ ਹਮ ਗੁਰੁ ਨ ਹਮ ਤੁਮ ਸਿੱਖ
ਤੌਂ ਲੋਕਲ ਇਸਹ ਹੂੰ ਲਿਖ ਦਯੋ
ਹੁਤੋਂ ਗੁਰੂ ਜੀ ਜਿ ਥੋ ਕਹਯੋ ।[54]

ਗੁਰਬਿਲਾਸ ਪਾਤਸ਼ਾਹੀ ਦਸਵੀਂ ਵਿਚ ਭਾਈ ਸੁੱਖਾ ਸਿੰਘ ਲਿਖਦੇ ਹਨ:

ਸਭ ਸਿਖਨ ਮਿਲ ਯੌਂ ਕਹੁਯੋ।।
ਬੁਰਾ ਹੋਤ ਨਹੀ ਕੋਈ।।
ਛਾਡ ਚਲੋ ਅਨੰਦਗੜ੍ਹ ਕੋ।।
ਭਲੀ ਬਾਤ ਹੋ ਸੋਇ।।

ਪੁਰ ਅਨਦ ਬਿਦਾਵ ਜੋ ਲਿਖਯੋ।।

ਹੈ ਕ੍ਰਿਪਾ ਕਰ ਦੀ ਜੀਏ ਸੋ ਸੁਪਾਰੀ।।[55]

ਇਸੇ ਪ੍ਰਕਾਰ ਮਹਾਨ ਕੋਸ਼ ਦੇ ਲੇਖਕ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਜ਼ਿਕਰ ਕੀਤਾ ਹੈ:

> ਜਦ ਬਹੁਤ ਸਿੱਖ ਅਨੰਦਪੁਰ ਦੇ ਜੰਗ ਵਿਚੋਂ ਬੇਦਾਵਾ ਲਿਖ ਕੇ ਘਰੀਂ ਆਏ ਤਦ ਇਸ (ਮਾਈ ਭਾਗੋ) ਨੇ ਉਨ੍ਹਾਂ ਨੂੰ ਧਿਰਕਾਰਿਆ । ਅਰ ਆਪ ਘੋੜੇ ਤੇ ਸਵਾਰ ਹੋ ਕੇ ਸਿੰਘ ਭੇਸ ਧਾਰ ਕੇ ਅਜਿਹੇ ਤਰਕ ਦੇ ਵਾਕ ਕਹੇ, ਜਿਨ੍ਹਾ ਦੇ ਅਸਰ ਨਾਲ ਬਹੁਤ ਸਿੱਖ ਸਤਿਗੁਰੂ ਦੀ ਸੇਵਾ ਵਿਚ ਹਾਜ਼ਰ ਹੋਣ ਲਈ ਤਿਆਰ ਹੋ ਗਏ ।[56]

ਇਸ ਪ੍ਰਕਾਰ ਮੁਕਤਸਰ ਦੇ ਸ਼ਹੀਦਾਂ ਨੂੰ 40 ਮੁਕਤਿਆਂ ਦੀ ਉਪਾਧੀ ਦਿੱਤੀ ਗਈ ਜੋ ਗੁਰੂ ਸਾਹਿਬ ਨੇ ਆਪ ਬੇਦਾਵਾ ਪਾੜ ਕੇ ਦਿੱਤੀ ਸੀ । ਸਿੱਖ ਇਤਿਹਾਸ ਅਤੇ ਸਾਹਿਤ ਵਿਚ ਬੇਦਾਵਾ ਦੇਣ ਦੀ ਜਗ੍ਹਾ ਅਨੰਦਪੁਰ ਹੀ ਹੈ । ਇਸ ਲਈ ਇਹ ਮੰਨਿਆ ਜਾ ਸਕਦਾ ਹੈ ਕਿ ਗੁਰੂ ਜੀ ਨੂੰ ਬੇਦਾਵਾ ਅਨੰਦਪੁਰ ਦੀ ਧਰਤੀ ਤੇ ਹੀ ਦਿੱਤਾ ਸੀ ।

ਉਪਰੋਕਤ ਵਿਚਾਰਾਂ ਦੀ ਰੋਸ਼ਨੀ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਕਾਲ ਵਿਚ ਸਿੱਖਾਂ ਨੇ ਆਪਣੀਆਂ ਜਾਨਾਂ ਵਾਰ ਕੇ ਕੇਸ, ਕੌਮ ਅਤੇ ਧਰਮ ਨੂੰ ਬਚਾਉਣ ਲਈ ਅਨੇਕਾਂ ਤਸੀਹੇ ਸਹੇ। ਵਿਦੇਸ਼ੀ ਜਰਵਾਣਿਆਂ ਹੱਥੋਂ ਸ਼ਹਾਦਤਾਂ ਪ੍ਰਾਪਤ ਕਰਕੇ ਸਿੱਖ ਕੌਮ ਦਾ ਨਾਂ ਉੱਚਾ ਕੀਤਾ ਅਤੇ ਮਾਨਵਤਾ ਦੀ ਰਾਖੀ ਦੇ ਸੰਦਰਭ ਵਿਚ ਸੰਸਾਰ ਭਰ ਵਿਚ ਮਿਸਾਲ ਕਾਇਮ ਕਰ ਦਿੱਤੀ ।

### 4.2 ਬੰਦਾ ਸਿੰਘ ਬਹਾਦਰ ਕਾਲ 1708-1716 ਵਿੱਚ ਹੋਈਆਂ ਸ਼ਹਾਦਤਾਂ

ਬੰਦਾ ਸਿੰਘ ਬਹਾਦਰ ਦਾ ਸਿੱਖ ਇਤਿਹਾਸ ਅਤੇ ਸਿੱਖ ਸ਼ਹਾਦਤ ਪਰੰਪਰਾ ਵਿਚ ਅਹਿਮ ਕਾਲ ਹੈ । ਇਸ ਮਹਾਨ ਕ੍ਰਾਂਤੀਕਾਰੀ ਦੇ ਕਾਰਨਾਮਿਆਂ ਨਾਲ ਸਿੱਖ ਇਤਿਹਾਸ ਨੂੰ ਨਵੀਂ ਦਿਸ਼ਾ ਮਿਲੀ । ਇਹ ਉਹ ਸਮਾਂ ਸੀ ਜਦੋਂ ਸਿੱਖਾਂ ਅਤੇ ਗੈਰ ਮੁਸਲਿਮ ਜਨਤਾ ਨੂੰ ਮੁਗਲਾਂ ਦੇ

ਅੱਤਿਆਚਾਰ ਸਹਿਣੇ ਪੈ ਰਹੇ ਸਨ ਅਤੇ ਸਿੱਖ ਗੁਰੂਆਂ ਦੀਆਂ ਸ਼ਹਾਦਤਾਂ ਮੁਗਲਾਂ ਦੀ ਇਸ ਅੱਤਿਆਚਾਰੀ ਤੇ ਧਾਰਮਿਕ ਕੱਟੜਤਾ ਦੀ ਨੀਤੀ ਦਾ ਮੂੰਹ ਨਾ ਮੋੜ ਸਕੀਆਂ । ਧੋਖੇ ਨਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਰਨ ਦੀ ਤਰਕੀਬ ਕਾਮਯਾਬ ਹੋ ਗਈ ਅਤੇ ਗੁਰੂ ਜੀ ਦੇ ਜੋਤੀ-ਜੋਤ ਸਮਾਂਉਣ ਪਿਛੋਂ ਸਿੱਖਾਂ ਦੀ ਵਾਗਡੋਰ ਬੰਦਾ ਸਿੰਘ ਬਹਾਦਰ ਦੇ ਹੱਥ ਆ ਗਈ । ਬੰਦਾ ਸਿੰਘ ਨੇ ਛੋਟੇ ਸਹਿਬਜ਼ਾਦਿਆਂ ਦੀ ਸ਼ਹਾਦਤ ਦਾ ਰੋਸ ਕੱਢਣ ਅਤੇ ਸਿੱਖੀ ਦੇ ਮੂਲ ਸਿਧਾਤਾਂ ਨੂੰ ਪੰਜਾਬ ਵਿਚ ਲਾਗੂ ਕਰਨ ਲਈ ਮੁਗਲਾਂ ਦੀ ਅੱਤਿਆਚਾਰ ਦੀ ਨੀਤੀ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਉਸ ਨੇ ਸਰਹੰਦ ਦੀ ਇੱਟ ਨਾਲ ਇੱਟ ਵਜਾ ਕੇ ਇਹ ਸਾਬਿਤ ਕਰ ਦਿੱਤਾ ਕਿ ਸਿੱਖ ਹੁਣ ਅੱਤਿਆਚਾਰ ਨਹੀਂ ਝੱਲਣਗੇ ਸਗੋਂ ਹਥਿਆਰਬੰਦ ਹੋ ਕੇ ਅਤਿੱਆਚਾਰ ਦਾ ਡਟ ਕੇ ਮੁਕਾਬਲਾ ਕਰਨਗੇ । ਬੰਦਾ ਸਿੰਘ ਬਹਾਦਰ ਨੂੰ ਇਤਿਹਾਸ ਵਿਚ ਕਈ ਨਾਵਾਂ ਨਾਲ ਜਾਣਿਆ ਜਾਂਦਾ ਰਿਹਾ ਹੈ । ਜਿਵੇਂ ਲਛਮਣ ਦਾਸ, ਲਛਮਣ ਦੇਵ, ਮਾਧੋ ਦਾਸ, ਨਰਾਇਣ ਦਾਸ, ਗੁਰਬਖ਼ਸ਼ ਸਿੰਘ, ਆਦਿ । ਪ੍ਰਚਲਿਤ ਰਵਾਇਤਾਂ ਅਨੁਸਾਰ ਬੰਦਾ ਸਿੰਘ ਕਸ਼ਮੀਰ ਦੇ ਪੁੰਛ ਰਜੌਰੀ ਦਾ ਰਹਿਣ ਵਾਲਾ ਸੀ । ਇਸ ਪ੍ਰਸੰਗ ਵਿੱਚ ਡਾ: ਗੰਡਾ ਸਿੰਘ ਕਹਿੰਦੇ ਹਨ:

> ਬਚਪਨ ਵਿਚ ਬੰਦਾ ਸਿੰਘ ਦਾ ਨਾਉ ਲਛਮਣ ਦੇਵ ਸੀ । ਇਸਦਾ ਜਨਮ ਕੱਤਕ ਸੁਦੀ 13 ਸਤੰਬਰ 1727 ਐਤਵਾਰ 16 ਅਕਤੂਬਰ 167● ਨੂੰ ਪੁੰਛ ਕਸ਼ਮੀਰ ਦੇ ਪਿੰਡ ਰਜੌਰੀ ਵਿਚ ਹੋਇਆ ।[57]

ਬਾਬਾ ਬੰਦਾ ਸਿੰਘ ਬਹਾਦਰ ਦੇ ਪਿਤਾ ਦਾ ਨਾਮ ਰਾਮ ਦੇਵ ਸੀ ਅਤੇ ਉਹ ਰਾਜਪੂਤ (ਭਾਰਦਵਾਜ ਗੋਤਰ ਨਾਲ ਸਬੰਧ ਰੱਖਦੇ ਸਨ)। ਉਹਨਾਂ ਦਾ ਕਿੱਤਾ ਖੇਤੀਬਾੜੀ ਸੀ । ਬਹੁਗਿਣਤੀ ਇਤਿਹਾਸਕਾਰ ਅਤੇ ਲੇਖਕਾਂ ਦੀ ਰਾਏ ਇਹੀ ਹੈ, ਲੇਖਕ ਐਮ.ਐਸ. ਚਾਂਦਲਾ ਆਪਣੀ ਪੁਸਤਕ 'ਬੰਦਾ ਬਹਾਦਰ - ਆਪਣੇ ਹੀ ਨਾਇਬਾਂ ਦੀ ਗੱਦਾਰੀ ਦਾ ਸ਼ਿਕਾਰ' ਵਿਚ ਬੰਦਾ ਬਹਾਦਰ ਨੂੰ ਨਾਂ ਤਾਂ ਪਿੰਡ ਰਜੌਰੀ ਦਾ ਅਤੇ ਨਾਂ ਹੀ ਰਾਜਪੂਤ ਭਾਰਦਵਾਜ ਗੋਤਰ ਨਾਲ ਸਬੰਧਿਤ ਮੰਨਦੇ ਹਨ । ਉਹਨਾਂ ਨੇ ਆਪਣੇ ਇਸ ਕਥਨ ਦੀ ਪ੍ਰੋੜਤਾ ਲਈ ਜੇਮਜ਼ ਬ੍ਰਾਊਨ ਦਾ ਹਵਾਲਾ ਦਿੱਤਾ ਹੈ ਕਿ ਬੰਦਾ ਬਹਾਦਰ ਪਿੰਡ ਪੰਡੋਰੀ ਊਨਾਂ ਜ਼ਿਲਾ ਹਿਮਾਚਲ ਦਾ ਸੀ ਕਿਉਂਕਿ

ਉਸਨੇ ਬੈਰਾਗੀ ਮੱਤ ਕਸੂਰ ਨੇੜੇ ਬਾਬਾ ਰਾਮ ਥੰਮਣ ਦੇ ਅਸਥਾਨ ਤੇ ਧਾਰਨ ਕੀਤਾ । ਇਹ ਪਿੰਡ ਹੁਸ਼ਿਆਰਪੁਰ ਦੇ ਨੀਮ ਪਹਾੜੀ ਇਲਾਕੇ ਵਿਚ ਪੈਦਾ ਹੋ ਅਤੇ ਗੁੱਜਰ ਭਾਈਚਾਰੇ ਦੇ ਲੋਕ ਵੀ ਰਹਿੰਦੇ ਹਨ । ਉਹ ਹਮੇਸ਼ਾਂ ਘੁੰਮਦੇ ਰਹਿੰਦੇ ਹਨ । ਇਸ ਇਲਾਕੇ ਵਿੱਚ ਵੈਰਾਗੀ ਮੱਤ ਧਾਰਨ ਕਰਨ ਵਾਲੇ ਦੋ ਵੱਡੇ ਕੇਂਦਰ ਹਨ ਜਿਵੇਂ ਕਲਾਧਾਰੀ ਅਤੇ ਧਰਮਸਾਲਾ ਇਸ ਇਲਾਕੇ ਵਿਚ ਵੈਰਾਗ ਧਾਰਨ ਕਰਨ ਦੀ ਰਸਮ ਰਾਮ ਥੰਮਣ ਹੀ ਕੀਤੀ ਜਾਂਦੀ ਹੈ । ਇਸ ਪ੍ਰਕਾਰ ਇਸ ਧਾਰਨਾ ਦੇ ਅਧਾਰ ਤੇ ਚਾਂਦਲਾ ਲਿਖਦੇ ਹਨ:

> ਸੋ ਇਸ ਗੱਲ ਦੀ ਸੰਭਾਵਨਾ ਬਹੁਤ ਜ਼ਿਆਦਾ ਲਗਦੀ ਹੈ ਕਿ ਬੰਦੇ ਦਾ ਜਨਮ ਪੰਜਾਬ ਦੇ ਹੁਸ਼ਿਆਰਪੁਰ ਜ਼ਿਲੇ ਵਿਚ ਊਨਾ, ਪਿੰਡ ਪੰਡੋਰੀ ਵਿਚ ਹੋਇਆ ।[58]

ਇਸ ਦੇ ਨਾਲ ਹੀ ਉਹ ਇਹ ਮੰਨਦੇ ਹਨ ਕਿ ਬੰਦਾ ਬਹਾਦਰ ਦੇ ਚਰਿੱਤਰ ਦੇ ਗੁਣ ਆਮ ਗਰੀਬਾਂ ਨਿਆਸਰਿਆਂ ਅਤੇ ਨਿਮਾਣਿਆਂ ਦੀ ਮਦਦ ਕਰਨ ਵਾਲਾ ਰਿਹਾ ਹੈ । ਉਸ ਨੇ ਜਾਗੀਰਦਾਰਾਂ ਨੂੰ ਇਕ ਪਾਸੇ ਲਾ ਕੇ ਜ਼ਮੀਨਾਂ ਦੇ ਹੱਕ ਨੀਵੀਆਂ ਤੇ ਕਿਰਸਾਨੀ ਨਾਲ ਸਬੰਧਿਤ ਜਨਤਾ ਦੇ ਹੱਕ ਵਿਚ ਕੀਤੇ । ਉਸਨੇ ਬੰਦਾ ਸਿੰਘ ਬਹਾਦਰ ਨੂੰ ਕੋਈ ਰਾਜਪੂਤ ਨਹੀਂ ਸਗੋਂ ਨੀਵੀਂ ਸ਼੍ਰੇਣੀ ਵਿਚੋਂ ਮੰਨਿਆ ਹੈ । ਬੰਦਾ ਕੋਈ ਸਮਾਜ ਸੁਧਾਰਕ ਜਾਂ ਧਰਮ ਪ੍ਰਚਾਰਕ ਨਹੀਂ ਸੀ । ਉਹ ਤਾਂ ਇਕ ਯੋਧਾ ਸੀ ਜੋ ਵੀ ਉਸ ਨੂੰ ਠੀਕ ਉਚਿਤ ਅਤੇ ਨਿਆਂ ਸੰਗਤ ਲਗਦਾ ਉਹ ਦਲੀਲ ਦੇ ਜ਼ੋਰ ਨਾਲ ਨਹੀਂ ਸਗੋਂ ਆਪਣੇ ਹੁਕਮ ਦੇ ਜ਼ੋਰ ਨਾਲ ਲਾਗੂ ਕਰਦਾ । ਉਸ ਦੁਆਰਾ ਚਮਾਰਾਂ ਚੂੜਿਆਂ ਨੂੰ ਪਿੰਡਾਂ ਦੇ ਚੌਧਰੀ ਥਾਪਣਾ ਕੋਈ ਅਚਨਚੇਤੀ ਵਾਪਰੀ ਘਟਨਾ ਨਹੀਂ ਸੀ ਸਗੋਂ ਉਸ ਦਾ ਸੋਚਿਆ ਸਮਝਿਆ ਫੈਸਲਾ ਸੀ । ਖੱਤਰੀਆਂ ਰਾਜਪੂਤਾਂ ਤੇ ਬ੍ਰਾਹਮਣਾਂ ਵਰਗੀਆਂ ਕੁਲੀਨ ਜਾਤਾਂ ਪ੍ਰਤੀ ਉਸਦਾ ਬਦਲਾ ਲਊ ਵਿਹਾਰ ਇਹੋ ਦਰਸਾਉਂਦਾ ਹੈ ਕਿ ਉਹ ਯਕੀਨਨ ਅਖੌਤੀ ਨੀਵੀਆਂ ਜਾਤਾਂ ਵਿਚੋਂ ਸੀ ।[59]

ਉਪਰੋਕਤ ਵਿਚਾਰ ਦੀ ਗਵਾਹੀ ਲਈ ਲੇਖਕ ਚਾਂਦਲਾ ਨੇ ਇਤਿਹਾਸਕਾਰ ਸ੍ਰੀ ਭੰਡਾਰਕਰ ਦੀ ਰਾਏ ਨੂੰ ਆਧਾਰ ਬਣਾਇਆ ਹੈ :

> ਅਗਨੀ ਕੁਲ ਦੇ ਚਾਰ ਰਾਜਪੂਤ ਸੋਲੰਕੀ, ਪਰਿਹਾਰ, ਪਰਮਾਰ ਅਤੇ ਚੌਹਾਨ ਦਰਅਸਲ ਗੁੱਜਰਾਂ ਦੇ ਹੀ ਚਾਰ ਵਰਗ ਹਨ । ਨੌਵੀ ਸਦੀ ਵਿਚ ਉੱਤਰ ਭਾਰਤ ਵਿਚ ਇਹ ਖੁਸ਼ਹਾਲ ਗੁੱਜਰ ਰਾਜ ਸੀ ਜਿਸਦੀ ਰਾਜਧਾਨੀ ਕਨੌਜ ਸੀ ਅਤੇ ਭੋਜ ਪਹਿਲਾ ਇਸਦਾ ਅਤਿ ਪ੍ਰਸਿੱਧ ਰਾਜਾ ਸੀ । ਉਸਦੀ ਮੌਤ ਉਪਰੰਤ ਇਹ ਰਾਜ ਹਮੇਸ਼ਾਂ ਲਈ ਖਤਮ ਹੋ ਗਿਆ । ਸੋ ਇਹ ਧਾਰਨਾ ਹੈ ਕਿ ਗੁੱਜਰਾਂ ਅਤੇ ਰਾਜਪੂਤਾਂ ਦਾ ਪਿਛੋਕੜ ਇਕੋ ਹੀ ਹੈ । ਕੋਈ ਅਣਹੋਣੀ ਗੱਲ ਵੀ ਨਹੀਂ ਹੈ । ਰਾਜਸੀ ਤਾਕਤ ਖੁੱਸ ਜਾਣ ਉਪਰੰਤ ਗੁੱਜਰ ਗੁਰਬਤ ਵਿਚ ਧਸ ਗਏ ਅਤੇ ਉਹਨਾਂ ਦਾ ਸਮਾਜਿਕ ਰੁਤਬਾ ਵੀ ਕਾਫ਼ੀ ਥੱਲੇ ਗਿਆ ਸੀ । ਸ਼ਾਇਦ ਇਸ ਕਾਰਨ ਹੀ ਬੰਦੇ ਨੂੰ ਗੁੱਜਰ ਕਹਿਣ ਦੀ ਥਾਂ ਰਾਜਪੂਤ ਆਖਿਆ ਜਾਣ ਲਗ ਪਿਆ । ਕੁਝ ਵੀ ਹੋਵੇ ਬੰਦੇ ਦਾ ਚਿਹਰਾ ਮੁਹਰਾ, ਸਰੀਰਿਕ ਬਣਤਰ, ਨੈਣ ਨਕਸ਼, ਫੁਰਤੀਲਾਪਣ, ਫਿਰਤੂ ਸੁਭਾਅ, ਲੁੱਟਮਾਰ ਦਾ ਸ਼ੌਕ ਅਤੇ ਹੋਰ ਬਹੁਤ ਸਾਰੇ ਕਾਰਨ ਉਸਦੇ ਗੁੱਜਰ ਹੋਣ ਦੀ ਗਵਾਈ ਭਰਦੇ ਹਨ ।[6•]

ਬੰਦਾ ਸਿੰਘ ਬਹਾਦਰ ਦੇ ਸਿੰਘ ਸਜਣ ਤੋਂ ਪਹਿਲਾਂ ਦੀਆਂ ਰਵਾਇਤਾਂ ਅਨੁਸਾਰ ਉਹ ਵੈਰਾਗੀ ਬਿਰਤੀ ਦਾ ਧਾਰਨੀ ਸੀ। ਤਾਂਤਰਿਕ ਔਘੜ ਨਾਥ ਨੂੰ ਮਿਲਣ ਅਤੇ 1691 ਵਿਚ ਪੰਚਵਟੀ ਤੋਂ ਗੋਦਾਵਰੀ ਦੇ ਕੰਢੇ ਨਾਂਦੇੜ ਪਹੁੰਚਣ ਬਾਰੇ ਜਾਣਕਾਰੀ ਮਿਲਦੀ ਹੈ। 17•8 ਈ. ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਸ਼ਸਤਰ ਧਾਰੀ ਰੂਪ ਵਿਚ ਮਿਲੇ ਤਾਂ ਉਹਨਾਂ ਨੂੰ ਬੰਦਾ ਸਿੰਘ ਬਾਰੇ ਨਰਾਇਣ ਨਗਰ ਦੇ ਦਾਦੂ ਪੰਥੀ ਮਹੰਤ ਜੈ ਰਾਮ ਪਾਸੋਂ ਮਾਧੋਦਾਸ ਬਾਰੇ ਜਾਣਕਾਰੀ ਮਿਲ ਚੁੱਕੀ ਸੀ । ਗੁਰੂ ਜੀ ਨੇ ਉਸ ਦੀ ਸਹਿਣਸ਼ੀਲਤਾ ਪਰਖੀ ਤੇ ਉਹ ਗੁਰੂ ਜੀ ਦੇ ਚਰਨੀ ਢਹਿ ਪਿਆ ਤੇ ਆਪਣੇ ਆਪ ਨੂੰ ਗੁਰੂ ਦਾ ਸੇਵਕ ਬੰਦਾ ਕਿਹਾ। ਗੁਰੂ ਜੀ ਨੇ ਉਸ ਨੂੰ ਬੰਦਾ ਸਿੰਘ

ਬਹਾਦਰ ਦੀ ਪਦਵੀ ਦਿੱਤੀ ਅਤੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ । ਸਰੂਪ ਦਾਸ ਕੌਸ਼ਿਕ ਦਾ ਵਿਚਾਰ ਹੈ:

> ਸਤਿਗੁਰੂ ਆਪਣੇ ਦਸਤ ਮੁਬਾਰਕ ਸੇ ਕੰਘਾ, ਕਰਦ, ਕੜਾ ਤੇ ਕੱਛਾ ਪਹਿਨਾਏ । ਸਿਰ ਤੇ ਛੋਟੀ ਦਸਤਾਰ ਕੇਸਰੀ ਸਜਾ ਬੈਰਾਗੀ ਸੇ ਸਿੰਘ ਰੂਪ ਮੇ ਲੈ ਆਂਦਾ ਅਤੇ ਮਾਧੋਦਾਸ ਢਾਲਾ ਸ੍ਰੀ ਸਾਹਿਬ ਗਾਤਰੇ ਸਜਾ, ਨੇਜਾ ਪਕਰ, ਗੁਰੂ ਜੀ ਸੇ ਨਮਸਕਾਰ ਕਰਕੇ ਸਾਮ੍ਹੇ ਖਲਾ ਹੋ ਗਿਆ । ਸਤਿਗੁਰਾਂ ਇਸੇ ਭਾਈ ਦਇਆ ਸਿੰਘ ਆਦਿ ਸਿੱਖਾਂ ਕੋ ਗੈਲ ਲੈ ਆਪਣੇ ਪਾਵਨ ਹੱਥੋਂ ਖੰਡੇ ਦੀ ਪਾਹੁਲ ਦੇ ਕੇ ਬੈਰਾਗੀ ਸੇ ਸਿੰਘ ਸਜਾ ਦਿੱਤਾ ਸ੍ਰੀ ਮੁਖ ਥੀਂ ਮਾਧੋਦਾਸ ਸੇ ਬੰਦਾ ਸਿੰਘ ਨਾਮ ਰਾਖਾ । ਸਿੰਘ ਸਤਿ ਸ੍ਰੀਅਕਾਲ ਦੇ ਜੈਕਾਰਿਆਂ ਸੇ ਆਸਮਾਨ ਗੂੰਜਾ ਦਿੱਤਾ ।[61]

ਉਪਰੋਕਤ ਵਿਚਾਰ ਤੋਂ ਵੱਖਰੀ ਖੋਜ ਅਨੁਸਾਰ ਡਾ: ਸੁਖਦਿਆਲ ਸਿੰਘ ਆਪ ਦੀ ਪੁਸਤਕ ਗੁਰੂ ਗੋਬਿੰਦ ਸਿੰਘ ਜੀਵਨ ਯੁੱਧ ਤੇ ਯਾਤਰਾਵਾਂ ਵਿਚ ਇਹ ਵਿਚਾਰ ਦਿੰਦੇ ਹਨ ਕਿ ਬੰਦਾ ਸਿੰਘ ਕੋਈ ਵੈਰਾਗੀ ਸਾਧੂ ਨਹੀਂ ਸੀ । ਗੁਰੂ ਜੀ ਤੇ ਹਮਲੇ ਤੋਂ ਪਿਛੋਂ ਜਦੋਂ ਸੰਗਤਾਂ ਗੁਰੂ ਜੀ ਦੇ ਦਰਸ਼ਨ ਲਈ ਆਈਆਂ ਤਾਂ ਬਹਾਦਰ ਸ਼ਾਹ ਦੀ ਸਿੱਖ ਫੌਜ ਦਾ ਦਸਤਾ ਵੀ ਗੁਰੂ ਜੀ ਨੂੰ ਮਿਲਣ ਲਈ ਆਇਆ ਬੰਦਾ ਸਿੰਘ (ਸ਼ਹਿਜ਼ਾਦਾ ਮੁਅੱਜਜ) ਦੀ ਸਿੱਖ ਫੌਜ ਦਾ ਕਮਾਂਡਰ ਸੀ। ਇਸ ਬਾਰੇ ਉਹ ਲਿਖਦੇ ਹਨ:

> ਬੰਦਾ ਸਿੰਘ ਬਹਾਦਰ ਉਹ ਵਿਅਕਤੀ ਸੀ ਜਿਹੜਾ ਬਾਦਸ਼ਾਹ ਦੀ ਫੌਜ ਵਿਚਲੀ ਸਿੱਖ ਫੌਜ ਦਾ ਕਮਾਂਡਰ ਸੀ । ਇਹ ਸਾਰੀ ਸਿੱਖ ਫੌਜ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਈ ਆਪਣੇ ਕਮਾਂਡਰ ਦੀ ਕਮਾਂਡ ਹੇਠ ਨਾਂਦੇੜ ਸਾਹਿਬ ਵਿਖੇ ਪਹੁੰਚ ਗਈ ਸੀ । ਇਹ ਫੌਜ ਮੁੜ ਕੇ ਬਾਦਸ਼ਾਹ ਦੇ ਪਾਸ ਗਈ ਹੀ ਨਹੀਂ ਸੀ ।[62]

ਇਸ ਪ੍ਰਕਾਰ ਡਾ: ਸੁਖਦਿਆਲ ਸਿੰਘ ਜੀ ਆਪਣੀ ਪੁਸਤਕ 'ਸਿੱਖ ਰਾਜ ਦਾ ਬਾਨੀ' ਵਿਚ ਵਿਚਾਰ ਦਿੰਦੇ ਹਨ। ਸਹਿਜ਼ਾਦਾ ਮੁਅੱਜਜ (ਔਰੰਗਜ਼ੇਬ ਦਾ ਵੱਡਾ ਪੁੱਤਰ) ਦੇ ਨਾਲ ਇਕ ਸਿੱਖ ਸੈਨਿਕ ਟੁਕੜੀ ਵੀ ਸੀ । ਇਸ ਦੀ ਪੁਸ਼ਟੀ ਕੇਸਰ ਸਿੰਘ ਛਿੱਬਰ ਵੀ ਕਰਦਾ ਹੈ । ਕੁਦਰਤੀ ਗੱਲ ਹੈ ਕਿ ਜਿਹੜੀ ਸਿੱਖ ਸੈਨਿਕ ਟੁਕੜੀ ਸਹਿਜ਼ਾਦਾ ਮੁੱਅਜਮ ਦੇ ਅਧੀਨ ਸੀ ਉਸਦਾ ਇਸ ਕਮਾਂਡਰ ਵੀ ਹੋਵੇਗਾ । ਇਹ ਕਮਾਂਡਰ ਹੀ ਬੰਦਾ ਸਿੰਘ ਬਹਾਦਰ ਸੀ । ਸਹਿਜ਼ਾਦੇ ਦੀ ਫੌਂਜ ਵਿਚ ਉਸਨੂੰ 'ਗੁਰੂ ਦਾ ਬੰਦਾ' ਕਿਹਾ ਜਾਂਦਾ ਸੀ ।[63]

ਉਪਰੋਕਤ ਵਿਚਾਰ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਬੰਦਾ ਬਹਾਦਰ ਜਿਵੇਂ ਯੁੱਧ ਕਲਾ ਵਿਚ ਪ੍ਰਬੀਨ 'ਫੁਰਤੀਲਾ' ਅਥਾਹ ਦਲੇਰ ਅਤੇ ਜੋਸ਼ ਨਾਲ ਭਰਪੂਰ ਚਰਿੱਤਰ ਦਾ ਮਾਲਕ ਸੀ ਤੇ ਇਕ ਫੌਂਜੀ ਕਮਾਂਡਰ ਸੀ। ਗੁਰੂ ਜੀ ਨੇ ਬੰਦਾ ਸਿੰਘ ਨੂੰ ਪੰਜਾਬ ਦੇ ਹਾਲਾਤਾਂ ਬਾਰੇ ਦੱਸਦਿਆਂ ਮੁਗਲ ਸਰਕਾਰ ਨਾਲ ਹਥਿਆਰਬੰਦ ਟੱਕਰ ਲੈਣ ਬਾਰੇ ਕਿਹਾ । ਗੁਰੂ ਜੀ ਦਾ ਮਕਸਦ ਜਾਲਮਾਂ ਨਾਲ ਟੱਕਰ ਲੈ ਕੇ ਅਤਿਆਚਾਰ ਦਾ ਨਾਸ਼ ਕਰਨਾ ਸੀ ਅਤੇ ਸਿੱਖ ਸਿਧਾਂਤਾਂ ਦੀ ਪਾਲਣਾ ਕਰਨਾ ਸੀ। ਇਸ ਮਕਸਦ ਲਈ ਗੁਰੂ ਸਾਹਿਬ ਨੇ ਬੰਦਾ ਸਿੰਘ ਨਾਲ ਪੰਜ ਸਿੰਘ ਹੋਰ ਭੇਜੇ। ਇਸ ਬਾਬਤ ਰਤਨ ਸਿੰਘ ਭੰਗੂ ਲਿਖਦੇ ਹਨ:

ਜੋ ਜੋ ਆਗਿਆ ਸਤਿਗੁਰ ਦਈ॥
ਸੋ ਬੰਦੇ ਕਾਗਜ ਲਿਖ ਲਈ॥
ਹਮਰੇ ਸੰਗ ਭੇਜਓ ਸੋਉ॥
ਬਤਾਵੈ ਸਿਖਾਯਾ ਸਿੱਖੀ ਜੋਉ॥
ਤਬ ਗੁਰੂ ਸਿੰਘ ਮਝੈਲ ਰਲ਼ਾਏ॥
ਬਾਬੇ ਬਿਨੋਦ ਸਿੰਘ ਕਾਹਨ ਸਿੰਘ ਚੜ੍ਹਾਏ॥
ਦਯਾ ਸਿੰਘ ਔਨਿਕ ਸਿੰਘ ਭਲੇ॥
ਤੇ ਹਜੂਰ ਭੁਜਗੀ ਸੰਗ ਬੰਦੇ ਘਲੇ॥
ਬਾਜ ਸਿੰਘ ਬਲ ਮੀਰਪੁਰ ਪੱਟੀ ਵਾਰੋ॥

ਸਤਿਗੁਰ ਸੰਗ ਦਏ ਭਾਈ ਚਾਰੋ।।

ਔਰ ਚੜ੍ਹਾਏ ਬਡ ਸਿਦਕ ਵਾਰੇ।।

ਰਹਤ ਹਜ਼ੂਰ ਥੇ ਗੁਰੂ ਪਿਆਰੇ।।[67]

ਸੋ ਉਪਰੋਕਤ ਪ੍ਰਸੰਗ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਰਵਾਨਾ ਕਰਨ ਲਗਿਆਂ ਗੁਰੂ ਜੀ ਨੇ ਉਸ ਨਾਲ ਪੰਜ ਸਿੰਘ, ਆਪਣੇ ਭੱਥੇ ਚੋਂ ਤੀਰ ਅਤੇ ਨਿਸ਼ਾਨ ਸਾਹਿਬ, ਨਗਾਰਾ ਅਤੇ ਹੋਰ ਸੂਰਬੀਰ ਭੇਜੇ । ਜਿਹਨਾਂ ਦੀ ਸਹਾਇਤਾ ਨਾਲ ਬੰਦਾ ਸਿੰਘ ਖਾਲਸੇ ਦੇ ਮਿਸ਼ਨ ਦੀ ਪੂਰਤੀ ਕਰ ਸਕਦਾ ਸੀ । ਇਹ ਨਗਾਰਾ ਅਤੇ ਨਿਸ਼ਾਨ ਸਾਹਿਬ ਉਸ ਨੂੰ ਸੰਸਾਰਿਕ ਸੱਤਾ ਦੇ ਅਧਿਕਾਰ ਵੱਜੋਂ ਦਿੱਤੇ । ਗੁਰੂ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਖਾਲਸੇ ਦਾ ਧਾਰਮਿਕ ਨਹੀਂ ਸਗੋਂ ਪ੍ਰਬੰਧਕੀ ਅਤੇ ਰਾਜਨੀਤਿਕ ਨੇਤਾ ਵਜੋਂ ਭੇਜਿਆ। ਖਾਲਸੇ ਦੀਆਂ ਵਿਧਾਨਕ ਸ਼ਕਤੀਆਂ ਪੰਜ ਪਿਆਰਿਆਂ ਨੂੰ ਹੀ ਦਿੱਤੀਆਂ ਗਈਆਂ ਸਨ । ਬੰਦਾ ਬਹਾਦਰ ਨਾਲ ਭਾਈ ਬਾਜ ਸਿੰਘ, ਬਿਨੋਦ ਸਿੰਘ, ਕਾਹਨ ਸਿੰਘ, ਦਇਆ ਸਿੰਘ ਅਤੇ ਰਣ ਸਿੰਘ ਨੂੰ ਭੇਜਿਆ ਗਿਆ । ਖਾਲਸੇ ਦਾ ਮਿਸ਼ਨ ਸੁਤੰਤਰ ਸਮਾਜ ਦੀ ਸਿਰਜਣਾ ਅਤੇ ਸਥਾਪਨਾ ਸੀ ਅਤੇ ਇਸੇ ਹੀ ਮਿਸ਼ਨ ਦੀ ਪੂਰਤੀ ਬੰਦਾ ਸਿੰਘ ਦੇ ਮਿਸ਼ਨ ਦਾ ਮੁੱਖ ਨਿਸ਼ਾਨਾ ਸੀ । ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਇਸ ਦੀ ਸਥਾਪਤੀ ਵਿਚ ਹੋਰ ਵਾਧਾ ਕਰ ਦਿੱਤਾ ਸੀ ਬੰਦਾ ਸਿੰਘ ਬਹਾਦਰ ਦੀ ਮੁਗਲ ਰਾਜ ਪ੍ਰਤੀ ਅਤਿਆਚਾਰ ਅਤੇ ਜ਼ਾਲਮਾਂ ਨੂੰ ਸੋਧਣ ਦੀ ਨੀਤੀ ਇਹ ਸਾਬਤ ਕਰਦੀ ਹੈ ਕਿ ਉਹ ਸਿਰਫ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲੈਣ ਹੀ ਨਹੀਂ ਸੀ ਆਇਆ ਸਗੋਂ ਜ਼ੁਲਮ ਨੂੰ ਮੁਢੋਂ ਖਤਮ ਕਰਨ ਲਈ ਪੰਜਾਬ ਨੂੰ ਰਵਾਨਾ ਹੋਇਆ ਸੀ ਅਤੇ ਉਹ ਗੁਰੂ ਜੀ ਦੇ ਮਿਸ਼ਨ ਦੀ ਪੂਰਤੀ ਲਈ ਰਵਾਨਾ ਹੋਇਆ ਸੀ । ਇਸ ਪ੍ਰਸੰਗ ਵਿੱਚ ਡਾ: ਸੁਖਦਿਆਲ ਸਿੰਘ ਲਿਖਦੇ ਹਨ:

ਖਾਲਸੇ ਦਾ ਮੁੱਖ ਮਿਸ਼ਨ ਦਸਾਂ ਨਹੁੰਆਂ ਦੀ ਕਮਾਈ ਕਰਨ ਵਾਲੇ, ਵੰਡ ਕੇ ਛਕਣ ਵਾਲੇ ਅਤੇ ਵਾਹਿਗੁਰੂ ਦਾ ਨਾਮ ਜਪਣ ਵਾਲੇ ਲੋਕਾਂ ਦਾ

> ਸਮਾਜ ਕਾਇਮ ਕਰਨਾ ਸੀ ਅਤੇ ਇਸ ਸਮਾਜ ਦੀ ਸੁਤੰਤਰਤਾ ਨੂੰ ਬਣਾ ਕੇ ਰੱਖਣਾ ਸੀ ਜੋ ਕਿ ਬੰਦਾ ਸਿੰਘ ਨੇ ਕੀਤਾ ।[65]

ਪੰਜਾਬ ਨੂੰ ਰਵਾਨਾ ਹੋਣ ਤੋਂ ਪਿਛੋ ਬੰਦਾ ਸਿੰਘ ਨੂੰ ਮਾਇਕ ਔਕੜਾਂ ਦਾ ਸਾਹਮਣਾ ਕਰਨਾ ਪਿਆ ਜਿਸ ਲਈ ਉਸਨੇ ਆਮ ਲੋਕਾਂ ਤੇ ਮੁਗ਼ਲਾਂ ਵਲੋਂ ਕੀਤੀਆਂ ਜਾਣ ਵਾਲੀਆਂ ਵਧੀਕੀਆਂ ਦਾ ਜੁਵਾਬ ਦੇਣ ਲਈ ਲੁੱਟਾਂ ਖੋਹਾਂ ਨੂੰ ਵੀ ਜਾਇਜ਼ ਠਹਿਰਾਇਆ। ਪੰਜਾਬ ਪਹੁੰਚਦਿਆਂ ਹੀ ਭਗਤੁਪੁਰਾ, ਬਾਂਗਰ ਦੇ ਇਲਾਕੇ ਵਿਚ ਧਾੜਵੀਆਂ ਨਾਲ ਮੁਕਾਬਲਾ ਕੀਤਾ। ਉੱਥੋਂ ਦੇ ਲੋਕਾਂ ਲਈ ਇਹ ਬਹੁਤ ਸੂਰਮ ਗਤੀ ਵਾਲਾ ਕਾਰਨਾਮਾ ਸੀ ਤੇ ਲੋਕ ਉਸ ਤੋਂ ਪ੍ਰਭਾਵਿਤ ਹੋ ਕੇ ਉਸ ਨਾਲ ਜੁੜਨੇ ਸ਼ੁਰੂ ਹੋ ਗਏ। ਉਸਨੇ ਜਨਤਾ ਨੂੰ ਮੁਗ਼ਲ ਸਰਕਾਰ ਨੂੰ ਕੋਈ ਮਾਲੀਆ, ਦੰਡ ਤੇ ਉਗਰਾਹੀ ਦੇਣ ਤੋਂ ਮਨ੍ਹਾ ਕਰ ਦਿੱਤਾ। ਡਾ: ਗੋਕਲ ਚੰਦ ਨਾਰੰਗ ਲਿਖਦੇ ਹਨ:

> ਭਾਵੇਂ ਇਹ ਜਿੱਤਾਂ ਛੋਟੀਆਂ ਸਨ ਪਰ ਇਸ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੇ ਅਨੁਆਈਆਂ ਦੇ ਹੌਸਲੇ ਵਧ ਗਏ ਅਤੇ ਸਰਹਦੇ ਪਹੁੰਚਦੇ-ਪਹੁੰਚਦੇ ਹਜ਼ਾਰਾਂ ਹੋਰ ਉਸ ਦੇ ਝੰਡੇ ਥੱਲੇ ਜਮ੍ਹਾਂ ਹੋ ਗਏ ।[66]

ਇਸ ਪਿਛੋਂ ਬੰਦਾ ਸਿੰਘ ਨੇ ਪਿੰਡ ਸਿਹਰੀ ਖੰਡੇ ਵਿਖੇ ਮਾਝੇ, ਮਾਲਵੇ ਤੇ ਦੁਆਬੇ ਦੇ ਸਿੱਖਾਂ ਨੂੰ ਹੁਕਮਨਾਮੇ ਭੇਜੇ। ਭਾਈ ਧਰਮ ਸਿੰਘ, ਕਰਮ ਸਿੰਘ ਵਾਸੀ ਰੂਪੇ ਕੇ ਜੋਗੁ ਹੁਕਮਨਾਮਾ ਭੇਜਿਆ ਗਿਆ:

> ੧ਓਂ ਫਤੈ ਦਰਸ਼ਨ ਸਚੈ ਸਾਹਿਬ ਕੀ ਆਗਿਆ ਹੈ ॥ ਭਾਈ ਧਰਮ ਸਿੰਘ, ਭਾਈ ਪਰਮ ਸਿੰਘ ॥ ਸਰਬਤਰਿ ਦਾਨ ਸਿੰਘ ॥ ਸੰਗੋ ਸਿੰਘ ॥ ਵਾਸੀ ਰੂਪੇ ਕਾ । ਸਰ ਬਤਰਿ ਪੁਰਖ ਜੀਓ ਦਾ ਖਾਲਸਾ ਹੈ । ਗੁਰੂ ਰ ਖੈਗਾ ਗੁਰੂ ਗੁਰੂ ਜਪਣਾ ਜਨਮ ਸਉਰੈਗਾ । ਹੁਕਮੁ ਦੇਖਦਿਆਂ ਈ ਪੰਜੇ ਹਥਿਆਰ ਬਧਿ ਆਵਣਾ ॥ ਜੋ ਸਿਖ ਆਵੈਗਾ ਸੋ ਨਿਹਾਲ ਹੋ ਵੈਗਾ। ਸੰਗਤਿ ਦੇ ਮਨੋਰਥ ਪੂਰੇ ਹੋਣਗੇ । ਨਿਹਾਲੁ ਹੋਏ ।[67]

ਰਤਨ ਸਿੰਘ ਭੰਗੂ ਦਾ ਵਿਚਾਰ ਹੈ:

> "ਤਬ ਬੰਦੇ ਚੜ੍ਹ ਉਤਰਿਓ ਸੇਹਰ ਖੰਡੇ ਗ੍ਰਾਮ॥
> ਚਿਠੇ ਲਿਖੇ ਪੰਜਾਬ ਨੂੰ ਲੈ ਲੈ ਸਿੰਘਨ ਨਾਮ॥
> ਕਾਬਲ ਔਰ ਕੰਧਾਰ ਲੌਂ ਠੱਠੇ ਤਖਰ ਦਾਇ॥
> ਪੂਰਬ ਦੱਖਣ ਉਤਰ ਸੁ ਚਿੱਠੇ ਦਏ ਪਹੁੰਚਾਏ॥[68]

ਬੰਦਾ ਸਿੰਘ ਬਹਾਦਰ ਦੇ ਬੂੜੀਆ ਇਲਾਕੇ ਪਹੁੰਚਣ ਤੇ ਪਤਾ ਲਗਾ ਕਿ ਉਹ ਸਰਹੰਦ ਤੇ ਹਮਲਾ ਬੋਲਣ ਦੀਆਂ ਤਿਆਰੀਆਂ ਕਰ ਰਿਹਾ ਹੈ। ਇਹ ਖਬਰ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਕੋਲ ਪਹੁੰਚੀ। ਉਸ ਨੇ ਹਰ ਸ਼ੱਕੀ ਆਦਮੀ ਨੂੰ ਫੜ ਲੈਣ ਦੇ ਹੁਕਮ ਜਾਰੀ ਕਰ ਦਿੱਤੇ। ਮਾਲਵੇ ਤੋਂ ਭਾਈ ਭਗਤੂ ਦਾ ਪੋਤਾ ਫਤਹਿ ਸਿੰਘ, ਭਾਈ ਰੂਪੇ ਦੀ ਸੰਤਾਨ ਵਿਚੋਂ ਕਰਮ ਸਿੰਘ, ਧਰਮ ਸਿੰਘ, ਨਿਗਾਹੀਆ ਸਿੰਘ ਤੇ ਚੂਹੜ ਸਿੰਘ ਜੱਥੇ ਲੈ ਕੇ ਪਹੁੰਚੇ। ਸਰਹੰਦ ਦੇ ਲਾਗਲੇ ਪਿੰਡ ਸਲੋਦੀ ਤੋਂ ਆਲੀ ਸਿੰਘ ਤੇ ਮਾਲੀ ਸਿੰਘ ਜੋ ਸੂਬੇਦਾਰ ਵਜ਼ੀਰ ਖਾਨ ਦੇ ਨੌਕਰ ਸਨ ਉਹਨਾਂ ਵਜ਼ੀਰ ਖਾਨ ਦੀ ਨੌਕਰੀ ਠੁਕਰਾ ਦਿੱਤੀ ਅਤੇ ਬੰਦਾ ਸਿੰਘ ਨਾਲ ਆ ਰਲੇ। ਡਾ. ਗੰਡਾ ਸਿੰਘ ਆਪਣੀ ਪੁਸਤਕ ਬੰਦਾ ਸਿੰਘ ਬਹਾਦਰ ਵਿੱਚ ਲਿਖਦੇ ਹਨ:

> ਸਰਹੰਦ ਤੇ ਹਮਲਾ ਕਰਨ ਤੋਂ ਪਹਿਲਾਂ ਬੰਦਾ ਸਿੰਘ ਨੇ ਇਲਾਕੇ ਦੀ ਸ਼ਕਤੀ ਨੂੰ ਖਤਮ ਕਰਨ ਲਈ ਅਤੇ ਮੁਗਲਾਂ ਵਿਚ ਭੈਅ ਪੈਦਾ ਕਰਨ ਲਈ ਆਲੇ ਦੁਆਲੇ ਦੇ ਇਲਾਕਿਆਂ ਤੇ ਹਮਲਾ ਕੀਤਾ । ਉਥੋਂ ਦੇ ਫੌਜਦਾਰ ਦੀ ਸਥਿਤੀ ਕਾਫ਼ੀ ਮਜਬੂਤ ਸੀ ਪਰ ਉਹ ਬੰਦਾ ਸਿੰਘ ਦੀ ਬਹਾਦਰੀ ਅਤੇ ਕਾਰਨਾਮੇ ਸੁਣ ਚੁੱਕੇ ਸਨ । ਉਹ ਬਿਨਾਂ ਮੁਕਾਬਲਾ ਕੀਤੇ ਹੀ ਦਿੱਲੀ ਵੱਲ ਦੌੜ ਗਏ।[69]

ਵਿਲੀਅਮ ਇਰਵਿਨ ਵੀ ਇਸ ਸੰਬੰਧੀ ਆਪਣੀ ਰਾਏ ਪ੍ਰਗਟ ਕਰਦੇ ਹਨ:

> ਸੋਨੀਪਤ ਦਾ ਫੌਜਦਾਰ ਸਿੱਖਾਂ ਤੋਂ ਏਨਾਂ ਡਰ ਗਿਆ ਕਿ ਬਿਨਾਂ ਮੁਕਾਬਲਾ ਕੀਤੇ ਹੀ ਦਿੱਲੀ ਵਲ ਨੂੰ ਭੱਜ ਗਿਆ ।[70]

ਸਮਾਣੇ ਉਤੇ ਹਮਲਾ – ਸਮਾਣਾ ਸ਼ਹਿਰ ਬੰਦਾ ਸਿੰਘ ਅਤੇ ਸਾਰੀ ਸਿੱਖ ਕੌਮ ਲਈ ਘਿਰਣਾ ਵਾਲਾ ਸ਼ਹਿਰ ਬਣ ਗਿਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਵਾਲਾ ਸੱਯਦ ਜਲਾਲੂਦੀਨ ਸਮਾਣੇ ਦਾ ਰਹਿਣ ਵਾਲਾ ਸੀ । ਸਰਹੰਦ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲਾ ਸ਼ਾਸਲ ਬੇਗ ਤੇ ਬਾਸ਼ਲ ਬੇਗ ਵੀ ਸਮਾਣੇ ਦੇ ਰਹਿਣ ਵਾਲੇ ਸਨ । ਸਮਾਣਾ ਸੱਯਦਾਂ ਅਤੇ ਧਨਾਢਾਂ ਦਾ ਸ਼ਹਿਰ ਸੀ । ਵੱਡੇ-ਵੱਡੇ ਮੁਗਲਾਂ ਅਤੇ ਅਮੀਰਾਂ ਦੀਆਂ ਪਾਲਕੀਆਂ ਇਥੋਂ ਨਿਕਲਦੀਆਂ ਸਨ । ਬੰਦਾ ਬਹਾਦਰ ਨੇ 1809 ਈ. ਵਿਚ ਸਵੇਰ ਸਾਰ ਇਸ ਸ਼ਹਿਰ ਤੇ ਹਮਲਾ ਕਰ ਦਿੱਤਾ ਅਤੇ ਥੋਹੜੇ ਸਮੇਂ ਵਿਚ ਇਹ ਸ਼ਹਿਰ ਤਹਿਸ ਨਹਿਸ ਕਰ ਦਿੱਤਾ ਅਤੇ ਬਹੁਤ ਸਾਰੇ ਸੱਯਦਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ । ਇਸ ਬਾਬਤ ਡਾ: ਗੰਡਾ ਸਿੰਘ ਕਹਿੰਦੇ ਹਨ:

> ਇਸ ਝੱਖੜ ਵਿਚ ਦਸ ਕੁ ਹਜ਼ਾਰ ਬੰਦੇ ਮਰਨ ਦਾ ਅੰਦਾਜ਼ਾ ਹੈ ਜਿਨ੍ਹਾਂ ਵਿਚੋਂ ਬਹੁਤ ਸਾਰੇ ਸੱਯਦ ਅਤੇ ਮੁਗਲ ਸਨ ਅਤੇ ਜੋ ਬਚੇ ਉਨ੍ਹਾਂ ਵਿਚੋਂ ਬਹੁਤ ਸਾਰੇ ਸਦਾ ਲਈ ਸਮਾਣਾ ਛੱਡ ਗਏ ।[71]

ਬੰਦਾ ਸਿੰਘ ਨੇ ਇਸ ਜਿੱਤ ਦਾ ਸਿਹਰਾ ਫਤਿਹ ਸਿੰਘ ਨੂੰ ਦਿੱਤਾ ਅਤੇ ਉਸਨੂੰ ਸਮਾਣੇ ਅਧੀਨ ਆਉਂਦੇ ਨੌਂ ਪਰਗਣਿਆਂ ਦਾ ਫੌਜਦਾਰ ਬਣਾ ਦਿੱਤਾ ਗਿਆ ।

**ਘੜਾਮ ਤੇ ਠਸਕਾ**

ਬੰਦਾ ਸਿੰਘ ਬਹਾਦਰ ਨੇ ਘੜਾਮ ਤੇ ਠਸਕਾ ਕੁੰਜਪੁਰਾ, ਕਪੂਰੀ ਤੇ ਹਮਲਾ ਕਰਕੇ ਉੱਥੋਂ ਦੇ ਸੱਯਦਾ ਨੂੰ ਸੋਧਿਆ। ਬੰਦਾ ਸਿੰਘ ਬਹਾਦਰ ਨੇ ਕਿਸੇ ਧਾਰਮਿਕ ਸਥਾਨ ਨੂੰ ਨਹੀਂ ਛੇੜਿਆ ਅਤੇ ਨਾ ਹੀ ਬੇਹੁਰਮਤੀ ਕੀਤੀ। ਉਹ ਜ਼ਾਲਮਾ ਦਾ ਵਿਰੋਧੀ ਸੀ, ਨਾ ਕਿ ਇਸਲਾਮ ਧਰਮ ਦਾ। ਕੁਤਬੁਲ-ਅਕਤਾਬ ਦੇ ਮਜ਼ਾਰ ਨੂੰ ਸਿਰਫ ਦੁਖੀ ਲੋਕਾਂ ਵਲੋਂ ਅੱਗ ਲਗਾਈ ਗਈ ਜਿਸ ਨਾਲ ਉਹ ਧੁਆਂਖਿਆ ਗਿਆ ਸੀ। ਇਸ ਉਪਰੰਤ ਬੰਦਾ ਬਹਾਦਰ ਨੇ ਮੁਖਲਿਸਗੜ੍ਹ, ਛੱਤਬਨੂੜ ਤੇ ਚੱਪੜਚਿੜੀ ਤੇ ਹਮਲਾ ਕੀਤਾ।

## ਸਰਹੰਦ ਦੀ ਜੰਗ

ਸਰਹੰਦ ਦੀ ਜੰਗ ਸਿੱਖ ਇਤਿਹਾਸ ਵਿਚ ਬਹੁਤ ਹੀ ਮਹੱਤਵਪੂਰਨ ਹੈ । ਸਿੱਖ ਇਤਿਹਾਸ ਵਿਚ ਇਸ ਨੂੰ ਗੁਰੂ ਮਾਰੀ ਸਰਹੰਦ ਕਿਹਾ ਜਾਂਦਾ ਹੈ । ਸੂਬੇਦਾਰ ਵਜ਼ੀਰ ਖਾਨ ਨੂੰ ਜਦ ਪਤਾ ਲੱਗਾ ਕਿ ਬੰਦਾ ਸਿੰਘ ਸਰਹੰਦ ਤੇ ਹਮਲਾ ਕਰਨ ਬਾਰੇ ਸੋਚ ਰਿਹਾ ਹੈ ਤਾਂ ਉਸਨੇ ਸੁੱਚਾ ਨੰਦ ਦੇ ਭਤੀਜੇ ਗੰਡਾ ਨੰਦ ਨੂੰ ਦਸ ਹਜ਼ਾਰ ਆਦਮੀਆਂ ਸਮੇਤ ਬੰਦਾ ਸਿੰਘ ਦੀ ਫੌਜ ਵਿਚ ਰਲ਼ ਜਾਣ ਲਈ ਕਿਹਾ । ਇਸ ਤੋਂ ਇਲਾਵਾ ਬੰਦਾ ਸਿੰਘ ਦਾ ਮੁਕਾਬਲਾ ਕਰਨ ਲਈ ਅਤੇ ਸਰਹੰਦ ਦੀ ਰਾਖੀ ਲਈ ਚਾਰ, ਪੰਜ ਫੌਜਦਾਰ ਅਤੇ ਜਿੰਮੀਦਾਰਾਂ ਤੋਂ ਹਮਾਇਤ ਲਈ ਗਈ । ਧਰਮ ਯੁੱਧ ਦੇ ਨਾਹਰੇ ਹੇਠ ਗਾਜੀਆਂ ਨੂੰ ਵੀ ਮਦਦ ਲਈ ਬੁਲਾ ਲਿਆ  ਗਿਆ । ਗੋਲ਼ੀ ਸਿੱਕਾ ਤੋਪਾਂ ਅਤੇ ਬਾਰੂਦ ਇੱਕਠਾ ਕੀਤਾ ਗਿਆ। ਘੋੜੇ, ਹਾਥੀਆਂ ਨੂੰ ਇੱਕਠਿਆਂ ਕਰ ਲਿਆ ਗਿਆ । ਇਧਰ ਬੰਦਾ ਸਿੰਘ ਦੀ ਫੌਜ ਵਿਚ ਤਿੰਨ ਤਰ੍ਹਾਂ ਦੇ ਆਦਮੀ ਸਨ । ਪਹਿਲੇ ਉਹ ਜੋ ਸੱਚੇ ਦਿਲੋਂ ਬੰਦਾ ਬਹਾਦਰ ਨਾਲ ਦੇਸ਼, ਧਰਮ ਦੀ ਰਾਖੀ ਲਈ ਚਲਾਈ ਗਈ ਮੁਹਿੰਮ ਸਰ ਕਰਨਾ ਚਾਹੁੰਦੇ ਸਨ ਅਤੇ ਨਿੱਜ ਸਵਾਰਥ ਤੋਂ ਰਹਿਤ  ਸਨ । ਦੂਸਰੀ ਤਰ੍ਹਾਂ ਦੇ ਉਹ ਆਦਮੀ ਸਨ ਜੋ ਫੂਲਕਿਆਂ ਸਰਦਾਰਾਂ ਦੁਆਰਾ ਤਨਖਾਹਾਂ ਉਤੇ ਭਰਤੀ ਕਰਕੇ ਭੇਜੇ ਗਏ ਸਨ । ਤੀਸਰੀ ਕਿਸਮ ਦੇ ਉਹ ਆਦਮੀ ਸਨ ਜੋ ਕੇਵਲ ਲੁੱਟਮਾਰ ਦੇ ਲਾਲਚ ਕਾਰਨ ਉਸ ਨਾਲ ਰਲ਼ੇ ਹੋਏ ਸਨ ਅਤੇ ਨਿੱਜੀ ਕਿੜਾਂ ਕੱਢਣ ਅਤੇ ਅੰਨੇਵਾਹ ਕਤਲਾਂ ਦੇ ਜ਼ਿੰਮੇਵਾਰ ਸਨ । ਬੰਦਾ ਸਿੰਘ ਬਹਾਦਰ ਕੋਲ ਕੋਈ ਖਾਸ ਗੋਲੀ ਸਿੱਕੇ, ਬਾਰੂਦ ਅਤੇ ਤੋਪਾਂ ਨਹੀਂ ਸਨ । ਸਗੋਂ ਲੰਮੇ ਨੇਜੇ, ਤੀਰ ਕਮਾਨ, ਤੇ ਤਲਵਾਰਾਂ ਹੀ ਸਨ, ਪਰ ਸਰਹੰਦ ਨੂੰ ਜਿੱਤਣ ਲਈ ਸਿੰਘਾਂ ਦੇ ਮਨਾਂ ਵਿਚ ਦਲੇਰੀ ਅਤੇ ਫੁਰਤੀ ਬਹੁਤ ਜ਼ਿਆਦਾ ਸੀ । ਬੰਦਾ ਬਹਾਦਰ ਦੀ ਫੌਜ ਦੀ ਕਮਾਨ ਭਾਈ ਫਤਿਹ ਸਿੰਘ, ਕਰਮ ਸਿੰਘ, ਧਰਮ ਸਿੰਘ, ਆਲੀ ਸਿੰਘ ਤੇ ਸ਼ਾਮ ਸਿੰਘ ਦੇ ਹਵਾਲੇ ਸੀ । ਇਸ ਪ੍ਰਸੰਗ ਵਿੱਚ ਡਾ: ਕਰਮ ਸਿੰਘ ਹਿਸਟੋਰੀਅਨ ਲਿਖਦੇ ਹਨ:

ਉਪਰੋਂ ਅਗਾਧ ਜੋਸ਼ ਵਿਚ ਭਰੇ ਸਿੰਘ ਵੀ ਚਲੋ ਸਰਹੰਦ ਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦੇ ਆ ਰਹੇ ਸਨ । ਇਕ ਪਾਸੇ ਮਲਵਈ ਸੂਰਮੇ ਸ. ਕਰਮ ਸਿੰਘ, ਧਰਮ ਸਿੰਘ ਤੇ ਸ. ਆਲੀ ਸਿੰਘ ਦੇ ਹੱਥ ਸੀ । ਦੂਜੇ ਪਾਸੇ ਮਾਝੇ ਦੇ ਬੀਰ ਬਾਬਾ ਬਿਨੋਦ ਸਿੰਘ, ਸ. ਬਾਜ ਸਿੰਘ, ਸ. ਰਾਮ ਸਿੰਘ ਨੇ ਸ. ਸ਼ਾਮ ਸਿੰਘ ਦੇ ਮਾਤਹਿਤ ਚਲੇ ਆ ਰਹੇ ਸਨ ।[72]

12 ਮਈ 171● ਈ ਨੰ. ਚੱਪੜ ਚਿੜੀ ਦੀ ਜੂਹ ਅੰਦਰ ਵਜੀਰ ਖਾਨ ਅਤੇ ਬੰਦਾ ਸਿੰਘ ਬਹਾਦਰ ਦੀ ਫੌਜ ਦਾ ਭੇੜ ਹੋਇਆ । ਜਦੋਂ ਵਜ਼ੀਰ ਖਾਨ ਨੇ ਹੱਲਾ ਬੋਲਿਆ ਤਾਂ ਪਹਿਲੇ ਹੱਲੇ ਨਾਲ ਹੀ ਲੁਟੇਰੇ ਅਤੇ ਧਾੜਵੀ ਨੱਸ ਗਏ । ਇਸ ਪਿੱਛੋਂ ਸੁੱਚਾ ਨੰਦ ਦਾ ਭਤੀਜਾ ਗੰਡਾ ਨੰਦ ਵੀ ਸਾਰੇ ਸਾਥੀਆਂ ਨਾਲ ਦੌੜ ਗਿਆ, ਜਿਸ ਨਾਲ ਸਿੱਖਾਂ ਵਿਚ ਭਾਜੜ ਮੱਚ ਗਈ । ਬਾਜ ਸਿੰਘ ਨੇ ਫੌਜ ਦੀ ਕਮਾਨ ਸਾਂਭਦਿਆਂ ਦੁਸ਼ਮਣ ਦੀ ਫੌਜ ਤੇ ਜ਼ੋਰਦਾਰ ਹਮਲਾ ਕੀਤਾ । ਸਿੰਘਾਂ ਨੂੰ ਦਲੇਰੀ ਨਾਲ ਅੱਗੇ ਵਧ ਕੇ ਹਾਥੀਆਂ ਤੇ ਘੋੜਿਆਂ ਤੇ ਹਮਲਾ ਕਰਨ ਲਈ ਕਿਹਾ ਤਾਂ ਜੋ ਵੈਰੀ ਮੁਕਾਬਲਾ ਨਾ ਕਰ ਸਕੇ । ਵਜ਼ੀਰ ਖਾਨ ਅਤੇ ਉਸਦੇ ਸਿਪਾਹੀ ਬੜੀ ਦਲੇਰੀ ਨਾਲ ਲੜੇ ਅਤੇ ਉਹਨਾਂ ਨੇ ਸਿੱਖਾਂ ਦਾ ਕਾਫ਼ੀ ਜਾਨੀ ਨੁਕਸਾਨ ਕੀਤਾ ਪਰ ਮੁਗਲ ਫੌਜ ਸਿੱਖਾਂ ਦੀ ਦਲੇਰੀ ਹਿੰਮਤ ਅਤੇ ਖੂੰਖਾਰ ਹੱਲਿਆਂ ਅੱਗੇ ਟਿਕ ਨਾ ਸਕੇ । ਸ਼ਾਹੀ ਫੌਜ ਦਾ ਵੀ ਕਾਫ਼ੀ ਨੁਕਸਾਨ ਹੋਇਆ । ਵਜ਼ੀਰ ਖਾਨ ਦੇ ਮਾਰੇ ਜਾਣ ਸਬੰਧੀ ਇਤਿਹਾਸਕਾਰਾਂ ਦੀਆਂ ਵੱਖ-ਵੱਖ ਰਾਵਾਂ ਹਨ । ਕੁਝ ਨੇ ਉਸ ਨੂੰ ਯੁੱਧ ਦੇ ਮੈਦਾਨ ਵਿਚ ਮਰਦਾ ਵਿਖਾਇਆ ਹੈ ਅਤੇ ਕੁਝ ਨੇ ਬਾਹਰ । ਸੁੱਚਾ ਨੰਦ ਅਤੇ ਉਸ ਦੇ ਪਰਿਵਾਰ ਨੂੰ ਵੀ ਫੌਜ ਨੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ । ਵਜੀਰ ਖਾਨ, ਬਾਜ ਸਿੰਘ ਤੇ ਹਮਲਾ ਕਰਨ ਲੱਗਾ ਤਾਂ ਫਤਿਹ ਸਿੰਘ ਨੇ ਹੱਲਾ ਬੋਲ ਕੇ ਸਿਰ ਧੜ ਨਾਲੋਂ ਅਲਗ ਕਰ ਦਿੱਤਾ । ਇਹ ਵੇਖਕੇ ਸਾਰੀ ਸ਼ਾਹੀ ਫੌਜ ਹਰਨ ਹੋ ਗਈ । ਡਾ: ਗੰਡਾ ਸਿੰਘ ਨੇ ਇਤਿਹਾਸਕਾਰ ਖਾਫ਼ੀ ਖਾਨ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ:

> ਇਸਲਾਮੀ ਲਸ਼ਕਰ ਦਾ ਇਕ ਬੰਦਾ ਵੀ ਸਿਵਾਏ ਆਪਣੀ ਜਾਨ ਅਤੇ ਤਨ ਦੇ ਕੱਪੜਿਆਂ ਤੋਂ ਬਗੈਰ ਕੁਝ ਹੋਰ ਨਾ ਬਚਾ ਸਕਿਆ । ਅਣਗਿਣਤ ਘੋੜ-ਚੜੇ ਅਤੇ ਪਿਆਦੇ ਸਿੰਘਾਂ ਦੀਆਂ ਤਲਵਾਰਾਂ ਹੇਠ ਸ਼ਹੀਦ ਹੋ ਗਏ । ਵਜੀਰ ਖਾਨ ਦੀ ਫੌਜ ਨੂੰ ਪੂਰੀ ਤਰ੍ਹਾਂ ਹਾਰ ਹੋਈ ਅਤੇ ਉਹ ਮੈਦਾਨ ਛੱਡ ਕੇ ਹਰਨ ਹੋ ਗਈ ।[73]

ਬੰਦਾ ਸਿੰਘ ਨੇ ਸਰਹੰਦ ਵਿਜੈ ਦਾ ਐਲਾਨ ਕਰ ਦਿੱਤਾ । ਸ਼ਹਿਰ ਵਾਸੀਆਂ ਦੇ ਟਾਕਰੇ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਪਰ ਇਸ ਜੰਗ ਵਿਚ ਪੰਜ ਸੌ ਸਿੰਘ ਸ਼ਹੀਦ ਹੋ ਗਏ । ਅੱਜ ਕਲ ਜਿਥੇ ਸ਼ਹੀਦ ਗੰਜ ਗੁਰਦੁਆਰਾ (ਫਤਿਹਗੜ੍ਹ ਸਾਹਿਬ) ਹੈ ਉਥੇ ਇਹਨਾਂ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ । ਸਰਹੰਦ ਤੇ ਕਬਜ਼ਾ ਕਰਨ ਪਿਛੋਂ ਬੰਦਾ ਸਿੰਘ ਤੇ ਸਿੰਘਾਂ ਨੇ ਉਹਨਾਂ ਵਿਅਕਤੀਆਂ ਨੂੰ ਸਜਾਵਾਂ ਦਿੱਤੀਆਂ ਜੋ ਸਿੱਖਾਂ ਦੇ ਵਿਨਾਸ਼ ਦਾ ਕਾਰਨ ਬਣੇ ਅਤੇ ਸਿੱਖ ਧਰਮ ਨਾਲ ਗੱਦਾਰੀ ਕੀਤੀ ਸੀ । ਘਰਾਂ ਦੇ ਘਰ ਸਾੜੇ ਗਏ । ਜੋ ਵੀ ਸਾਹਮਣੇ ਆਇਆ ਉਸ ਦਾ ਕਤਲ ਕੀਤਾ ਗਿਆ । ਚਾਰ ਦਿਨ ਤੱਕ ਸ਼ਹਿਰ ਨੂੰ ਲੁੱਟਿਆ ਗਿਆ । ਇਸ ਪ੍ਰਸੰਗ ਵਿੱਚ ਸੱਯਦ ਲਤੀਫ਼ ਕਹਿੰਦਾ ਹੈ :

> ਬੰਦਾ ਹੁਣ ਸਰਹੰਦ ਸ਼ਹਿਰ ਵਿਚ ਦਾਖਲ ਹੋਇਆ ਅਤੇ ਸਾਰੇ ਸ਼ਹਿਰ ਨੂੰ ਜੰਗਲੀ ਅਤੇ ਬਦਲਾ ਲਊ ਢੰਗ ਨਾਲ ਸਜ਼ਾ ਦਿੱਤੀ । ਕਬਰਸਤਾਨ ਦੀ ਪਵਿੱਤਰਤਾ ਵੀ ਭੰਗ ਕੀਤੀ ਗਈ ਅਤੇ ਲਾਸ਼ਾਂ ਕਬਰਾਂ ਵਿਚੋਂ ਕੱਢੀਆਂ ਗਈਆਂ ਅਤੇ ਟੁਕੜੇ ਟੁਕੜੇ ਕੀਤੀਆਂ ਗਈਆਂ ।[74]

ਬਹੁਤ ਸਾਰੇ ਇਤਿਹਾਸਕਾਰਾਂ ਅਤੇ ਮੁਸਲਮਾਨ ਲੇਖਕਾਂ ਨੇ ਬੰਦਾ ਸਿੰਘ ਦੇ ਸਰਹੰਦ ਉਜਾੜੇ ਤੇ ਵਿਨਾਸ਼ ਦੀ ਘਟਨਾ ਦੀ ਅਮਾਨਵੀ ਵਿਆਖਿਆ ਕੀਤੀ ਹੈ ਪਰ ਸਾਡੇ ਵਿਚਾਰ ਅਨੁਸਾਰ ਜਿੱਥੇ ਮੁਗਲ ਸੱਯਦਾਂ ਦੇ ਘਰ ਸਾੜਨ ਦੀ ਅਤੇ ਉਹਨਾਂ ਦੇ ਕਤਲ ਕਰਨ ਦਾ ਸਵਾਲ ਹੈ ਜਿਹਨਾਂ ਦਾ ਬੰਦਾ ਸਿੰਘ ਅਤੇ ਸਿੱਖਾਂ ਦੇ ਮਨ ਵਿਚ ਰੋਸ ਹੋਣਾ ਸੁਭਾਵਿਕ ਸੀ ਕਿਉਂਕਿ ਗੁਰੂ ਜੀ ਦੇ ਛੋਟੇ ਸਹਿਬਜ਼ਾਦਿਆਂ ਜਿਨ੍ਹਾਂ ਦੀ ਉਮਰ 9 ਅਤੇ 7 ਸਾਲ ਦੀ ਸੀ, ਦਾ

ਕਤਲ ਕੀਤੇ ਜਾਣਾ ਉਨਾਂ ਹੀ ਮਹੱਤਵਪੂਰਨ ਹੈ ਜਿੰਨਾਂ ਸਰਹੰਦ ਸ਼ਹਿਰ ਦੇ ਲੋਕਾਂ ਤੇ ਸੱਯਦਾਂ ਦੇ ਕਤਲ ਕਰਨ ਦਾ ਹੈ। ਬੰਦਾ ਸਿੰਘ ਨੇ ਨਾ ਤਾਂ ਕਬਰਾਂ ਪੁੱਟੀਆਂ ਅਤੇ ਨਾ ਹੀ ਕਿਸੇ ਗਰੀਬ ਨੂੰ ਤੰਗ ਕੀਤਾ । ਬੰਦਾ ਸਿੰਘ ਨੇ ਕਿਸੇ ਧਾਰਮਿਕ ਅਸਥਾਨ ਦੀ ਬੇਅਦਬੀ ਨਹੀਂ ਕੀਤੀ । ਇਸ ਸਬੰਧੀ ਇਤਿਹਾਸਕਾਰ ਤੇ ਲੇਖਕ ਗੋਕਲ ਚੰਦ ਨਾਰੰਗ ਲਿਖਦਾ ਹੈ:

> ਸ਼ੇਖ ਅਹਿਮਦ ਮੁਜਦਦ ਅਲ਼ਫ ਸਾਨੀ ਦਾ ਮਕਬਰਾ ਜੋ ਅਜਿਹੀਆਂ ਇਮਾਰਤਾਂ ਵਿਚੋਂ ਸਭ ਤੋਂ ਸ਼ਾਨਦਾਰ ਹੈ ਜੋ ਹੁਣ ਵੀ ਉਸੇ ਤਰ੍ਹਾਂ ਖੜੋਤਾ ਹੈ ਜਿਵੇਂ ਲੜਾਈ ਤੋਂ ਪਹਿਲਾਂ ਸੀ ਅਤੇ ਮੈਂ ਸਮਝਦਾ ਹਾਂ ਕਿ ਇਹ ਗੱਲ ਲਤੀਫ਼ ਦੇ ਬਿਆਨਾਂ ਦੀ ਅੱਤਕਥਨੀ ਦਾ ਤਕੜਾ ਸਬੂਤ ਹੈ ।[75]

ਬੰਦਾ ਸਿੰਘ ਬਹਾਦਰ ਉਤੇ ਜ਼ੁਲਮੀ ਤਰੀਕੇ ਨਾਲ ਕਬਰਾਂ ਪੁਟਣ ਦਾ ਇਲਜ਼ਾਮ ਲਾਇਆ ਜਾਂਦਾ ਹੈ ਜਿਸ ਦੀ ਪੁਸ਼ਟੀ ਵਿਚ ਕਿਹਾ ਜਾਂਦਾ ਹੈ ਕਿ ਬੰਦਾ ਸਿੰਘ ਨੇ ਸਿਰਫ ਬੀਬੀ ਅਨੂਪ ਕੌਰ ਦੀ ਕਬਰ ਪੁੱਟੀ ਸੀ ਜਿਸ ਨੂੰ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਨ ਜਬਰੀ ਫੜ੍ਹ ਕੇ ਲੈ ਗਿਆ ਸੀ ਅਤੇ ਉਸ ਨੇ ਆਪਣੀ ਇੱਜ਼ਤ ਬਚਾਉਣ ਦੀ ਖਾਤਿਰ ਆਤਮ-ਹੱਤਿਆ ਕਰ ਲਈ ਸੀ ਸ਼ੇਰ ਮੁਹੰਮਦ ਖਾਨ ਨੇ ਉਸ ਨੂੰ ਕਬਰ ਵਿਚ ਦੱਬ ਦਿੱਤਾ ਸੀ । ਬੰਦਾ ਸਿੰਘ ਬਹਾਦਰ ਨੇ ਉਸ ਦੀ ਕਬਰ ਪੁੱਟ ਕੇ ਉਸਦਾ ਸਿੱਖੀ ਰਿਵਾਜਾਂ ਅਨੁਸਾਰ ਸੰਸਕਾਰ ਕੀਤਾ । ਇਸ ਪ੍ਰਸੰਗ ਵਿੱਚ ਇਨਾਇਤ ਅਲੀ ਖਾਨ ਦਾ ਵਿਚਾਰ ਬਹੁਤ ਸਾਰਥਕ ਜਾਪਦਾ ਹੈ:

> ਅਜਿਹੇ ਅੱਤਿਆਚਾਰ ਦੀ ਉਦਾਹਰਣ ਕੋਈ ਵਿਸ਼ੇਸ਼ ਨਹੀਂ ਦਿੱਤੀ ਗਈ । ਸਿਰਫ਼ ਸਿੱਖ ਲਿਖਤਾਂ ਵਿਚ ਇੱਕ ਕਬਰ ਪੁੱਟਣ ਦਾ ਉਲੇਖ ਆਉਂਦਾ ਹੈ। ਉਹ ਵੀ ਇਕ ਸਿੱਖ ਬੀਬੀ ਅਨੂਪ ਕੌਰ ਦੇ ਅੰਤਿਮ ਸੰਸਕਾਰਾਂ ਨੂੰ ਅਦਾ ਕਰਨ ਲਈ ਕੀਤਾ ਗਿਆ ਸੀ, ਜਿਸ ਨੂੰ ਸ਼ੇਰ ਮੁਹੰਮਦ ਖਾਂ ਚੁੱਕ ਕੇ ਲੈ ਗਿਆ ਸੀ ਅਤੇ ਜਿਸ ਤੋਂ ਆਪਣੀ ਇੱਜ਼ਤ ਬਚਾਉਣ ਲਈ ਉਸ ਨੇ ਆਤਮ ਹੱਤਿਆ ਕਰ ਲਈ ਸੀ ਅਤੇ ਉਸ ਨੂੰ ਮਲੇਰਕੋਟਲੇ ਦੇ ਸਥਾਨ ਤੇ ਕਬਰ ਵਿਚ ਦੱਬਿਆ ਗਿਆ ਸੀ ।[76]

ਇਸ ਪਿਛੋਂ ਬੰਦਾ ਸਿੰਘ ਬਹਾਦਰ ਨੇ ਰਾਮ ਰਾਈਆਂ ਤੇ ਮਸੰਦਾਂ ਨੂੰ ਸੋਧਣਾ ਸ਼ੁਰੂ ਕੀਤਾ । ਇਹ ਰਾਮ ਰਾਈਏ ਹਮੇਸ਼ਾਂ ਗੁਰੂ ਘਰ ਦੇ ਵਿਰੋਧੀ ਰਹੇ ਅਤੇ ਮੁਗਲਾਂ ਨਾਲ ਗਠਜੋੜ ਕਰਕੇ ਹਮੇਸ਼ਾਂ ਸਿੱਖਾਂ ਨੂੰ ਨੁਕਸਾਨ ਪਹੁੰਚਾਉਂਦੇ ਰਹਿੰਦੇ ਸਨ। ਇਸ ਪ੍ਰਸੰਗ ਵਿੱਚ ਰਤਨ ਸਿੰਘ ਭੰਗੂ ਲਿਖਦੇ ਹਨ:

ਪਾਇਲ ਮਾਸ ਘੁੜਾਵੀ ਗ੍ਰਾਮ॥
ਤਹਾਂ ਬਹੁਤ ਹੈ ਖੜੀਅਨ ਧਾਮ॥
ਰਾਮ ਰੱਧਨ ਨੇ ਮਸਦੋਂ ਕਹਾਵੈ॥
ਕਰੀ ਮਸਖਰੀ ਖਾਲਸਾ ਖਿਝਾਵੈ॥[77]

ਸਰਹੰਦ ਜਿੱਤਣ ਪਿਛੋਂ ਹਰ ਪਾਸੇ ਬੰਦਾ ਸਿੰਘ ਦਾ ਪ੍ਰਭਾਵ ਵਧ ਗਿਆ ਅਤੇ ਲੋਕ ਸਿੱਖ ਧਰਮ ਅਪਣਾਉਣ ਲਗ ਪਏ । ਹਾਕਮ ਦੀਨਦਾਰ ਖਾਨ, ਦੀਨਦਾਰ ਸਿੰਘ ਤੇ ਨਸੀਰੂਦੀਨ, ਨਸੀਰ ਸਿੰਘ ਬਣ ਗਏ। ਕਈ ਹੋਰ ਮੁਸਲਮਾਨ ਵੀ ਸਿੱਖ ਸਜਣ ਲਗ ਪਏ । ਬੰਦਾ ਸਿੰਘ ਨੇ ਸਰਹੰਦ ਵਿਚ ਸਿੱਖ ਰਾਜ ਦਾ ਝੰਡਾ ਲਹਿਰਾ ਦਿੱਤਾ । ਸਰਹੰਦ ਦੇ 28 ਪਰਗਣੇ ਸਿੱਖਾਂ ਦੇ ਅਧੀਨ ਹੋ ਗਏ । ਦਰਿਆ ਜਮਨਾ ਤੋਂ ਲੈ ਕੇ ਸਤਲੁਜ ਅਤੇ ਸੋਨੀਪਤ ਤੋਂ ਲੈ ਕੇ ਕੀਰਤਪੁਰ ਤੱਕ ਦਾ ਇਲਾਕਾ ਬੰਦਾ ਸਿੰਘ ਦੇ ਅਧੀਨ ਆ ਗਿਆ । ਬੰਦਾ ਸਿੰਘ ਨੇ ਸ੍ਰ. ਬਾਜ ਸਿੰਘ ਨੂੰ ਸਰਹੰਦ ਦਾ ਸੂਬੇਦਾਰ ਅਤੇ ਆਲੀ ਸਿੰਘ ਨੂੰ ਉਸਦਾ ਨਾਇਬ ਥਾਪ ਦਿੱਤਾ । ਇਸੇ ਤਰ੍ਹਾਂ ਰਾਮ ਸਿੰਘ ਨੂੰ ਥਾਨੇਸਰ ਦਾ ਹਾਕਮ ਬਣਾਇਆ ਅਤੇ ਬਿਨੋਦ ਸਿੰਘ ਨੂੰ ਉਸ ਦਾ ਨਾਇਬ ਮੁਕਰਰ ਕੀਤਾ ਗਿਆ। ਇਸ ਪ੍ਰਸੰਗ ਵਿੱਚ ਰਤਨ ਸਿੰਘ ਭੰਗੂ ਲਿਖਦੇ ਹਨ:

ਸ਼ਹਰ ਮਾਹਿ ਦਾਖਲ ਕੀਯੋ॥
ਬਾਜ ਸਿੰਘ ਜਿਹ ਨਾਮ॥
ਜਾਤਿ ਬੋਲ ਜਟ ਬੰਸ ਥੋਂ॥
ਮੀਰ ਪੱਟੀ ਉਸ ਗ੍ਰਾਮ ਥੋਂ॥
ਬੰਦੇ ਨੇ ਦਿਵਾਨ ਬਣਾਇਆ॥

ਮਾਲ ਸਭ ਉਸ ਸੋਂ ਪਾਇਆ।

ਚਾਰੇ ਭਾਈ ਥੇ ਅਤਿ ਸੂਰੇ।।

ਦੂਏ ਰਾਣੀ ਦੁਇ ਰਹੈਂ ਹਜੂਰੇ।।[78]

ਬੰਦਾ ਸਿੰਘ ਨੇ ਆਪਣੇ ਸਿੰਘਾਂ ਦੀ ਹਾਕਮਾਂ ਅਤੇ ਸੂਬੇਦਾਰਾਂ ਵਜੋਂ ਨਿਯੁਕਤੀ ਕਰਨ ਉਪਰੰਤ ਸਰਹੰਦ ਵਿਚ ਰਾਜ ਪ੍ਰਬੰਧ ਚਲਾਉਣ ਲਈ ਲੋਹਗੜ੍ਹ ਨੂੰ ਰਾਜਧਾਨੀ ਬਣਾਇਆ । ਜੰਗੀ ਨੁਕਤਾ ਨਿਗਾਹ ਤੋਂ ਲੋਹਗੜ੍ਹ ਸੁਰੱਖਿਅਤ ਹੋਣ ਕਾਰਨ ਸਰਹੰਦ ਨੂੰ ਰਾਜਧਾਨੀ ਬਣਾਉਣ ਦਾ ਵਿਚਾਰ ਤਿਆਗ ਦਿੱਤਾ ਗਿਆ । ਕਿਲ੍ਹਾ ਲੋਹਗੜ੍ਹ ਵਿਚ ਹੀ ਖਾਲਸੇ ਦਾ ਕੇਸਰੀ ਨਿਸ਼ਾਨ ਝੁਲਾਇਆ ਗਿਆ ਅਤੇ ਲੁੱਟਾਂ-ਖੋਹਾਂ ਦਾ ਮਾਲ, ਖਜ਼ਾਨਾ ਇਥੇ ਹੀ ਰੱਖਿਆ ਗਿਆ । ਇਸ ਪ੍ਰਸੰਗ ਵਿੱਚ ਇਤਿਹਾਸਕਾਰ ਡਾ: ਖਜਾਨ ਸਿੰਘ ਕਹਿੰਦਾ ਹੈ:

> ਬਾਬਾ ਬੰਦਾ ਸਿੰਘ ਬਹਾਦਰ ਨੇ ਪਹਿਲਾਂ ਸਰਹੰਦ ਨੂੰ ਰਾਜਧਾਨੀ ਬਣਾਉਣ ਦੀ ਵਿਚਾਰ ਕੀਤੀ ਪਰ ਇਹ ਸ਼ਾਹ ਰਾਹ ਉੱਤੇ ਹੋਣ ਕਰਕੇ ਬਾਦਸ਼ਾਹੀ ਫੌਜਾਂ ਦੀ ਮਾਰ ਹੇਠ ਸੀ । ਇਸ ਲਈ ਇਸ ਦੀ ਥਾਂ ਮੁਖਲਿਸਗੜ ਕਿਲੇ ਦੀ ਮੁਰਮੰਤ ਕਰਕੇ ਇਸਦਾ ਨਾਮ ਲੋਹਗੜ੍ਹ ਰੱਖਿਆ ਅਤੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਆਪਣਾ ਖਜਾਨਾ, ਮਾਲ ਅਸਬਾਬ, ਜੰਗੀ ਸਮਾਨ ਤੇ ਜਿੱਤੇ ਹੋਏ ਇਲਾਕਿਆਂ ਦੇ ਉਗਰਾਹੇ ਮਾਮਲੇ ਸਭ ਇੱਥੇ ਇਕਠੇ ਕੀਤੇ ਗਏ ।[79]

ਲੋਹਗੜ੍ਹ ਸਿੱਖਾਂ ਦੀ ਰਾਜਧਾਨੀ ਬਣ ਗਿਆ । ਇਥੇ ਹੀ ਸਿੱਖ ਰਾਜ ਦਾ ਸਿੱਕਾ ਜਾਰੀ ਕੀਤਾ ਗਿਆ ਜਿਸ ਉਤੇ ਫਾਰਸੀ ਅੱਖਰਾਂ ਨਾਲ ਸ਼ਬਦ ਲਿਖੇ ਗਏ ਜਿਨ੍ਹਾਂ ਦਾ ਅਰਥ ਹੈ:

ਸਿੱਕਾ ਮਾਰਿਆ ਦੋ ਜਹਾਨ ਉਤੇ

ਬਖਸ਼ਾਂ ਬਖਸ਼ੀਆਂ ਨਾਨਕ ਦੀ ਤੇਗ ਨੇ ਜੀ

ਫਤਿਹ ਸ਼ਹਿ ਸ਼ਾਹਾਨ ਗੋਬਿੰਦ ਸਿੰਘ ਦੀ

ਮਿਹਰਾਂ ਕੀਤੀਆਂ ਸੱਚ ਰੱਬ ਏਕ ਨੇ ਜੀ

ਸਿੱਕੇ ਦੇ ਦੂਜੇ ਪਾਸੇ ਆਪਦੀ ਨਵੀ ਸਥਾਪਿਤ ਰਾਜਧਾਨੀ ਦੀ ਉਸਤਤ ਵਿਚ ਸ਼ਬਦ ਲਿਖੇ ਜਿਨ੍ਹਾਂ ਦਾ ਅਰਥ ਸਨ:

ਜਾਰੀ ਹੋਇਆ ਸੰਸਾਰ ਦੇ ਸ਼ਾਂਤੀ ਅਸਥਾਨ ਸ਼ਹਿਰਾਂ ਦੀ ਮੂਰਤਿ

ਧੰਨ ਭਾਗੀ ਰਾਜਧਾਨੀ ਤੋਂ

ਇਹੋ ਸ਼ਬਦ ਫਿਰ ਸਰਕਾਰੀ ਮੋਹਰ ਬਣਨ ਲਈ ਜਾਰੀ ਕੀਤੇ ਗਏ । ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤਿ ਅਤੇ ਵਡਿਆਈ ਵਿਚ ਸ਼ਬਦ ਲਿਖੇ ਜਿਸਦੇ ਅਰਥ ਹਨ

ਦੇਗ ਤੇਗ ਜਿੱਤ ਸੇਵ ਨਿਰਾਲਮ॥

ਗੁਰੂ ਨਾਨਕ - ਗੋਬਿੰਦ ਸਿੰਘ ਤੋਂ ਪਾਈ॥

ਬੰਦਾ ਸਿੰਘ ਬਹਾਦਰ ਨੇ 'ਫਤਿਹ ਦਰਸ਼ਨ' ਦਾ ਨਾਹਰਾ ਜਾਰੀ ਕੀਤਾ ਪਰ ਉਹ ਸਿੱਖਾਂ ਵੱਲੋਂ ਅਪ੍ਰਵਾਨ ਕਰ ਦਿੱਤਾ ਗਿਆ ਅਤੇ ਬੰਦਾ ਸਿੰਘ ਨੇ ਇਸ ਨੂੰ ਅੱਗੇ ਨਹੀਂ ਚਲਾਇਆ । ਉਸ ਨੇ ਮੁਗਲਾਂ ਦੀ ਤਰਜ਼ ਤੇ ਨਵਾਂ ਸੰਮਤ ਸ਼ੁਰੂ ਕੀਤਾ ਅਤੇ ਉਹਨਾਂ ਦੀ ਬਰਾਬਰੀ ਲਈ ਸਿੱਕੇ ਅਤੇ ਮੋਹਰਾਂ ਜਾਰੀ ਕੀਤੀਆਂ । ਉਸ ਨੇ ਸਭ ਬਖਸਾਂ ਵਾਹਿਗੁਰੂ ਰਾਹੀਂ ਮਿਲੀਆਂ ਮੰਨੀਆਂ ਉਸ ਨੇ ਆਪਣੇ ਆਪ ਨੂੰ ਸਿੱਖੀ ਦਾ ਸੇਵਕ ਮੰਨਿਆ ਅਤੇ ਕਈ ਸੁਧਾਰਕ ਕੰਮ ਵੀ ਕੀਤੇ । ਸਰਹੰਦ ਜਿੱਤਣ ਉਪਰੰਤ ਉਸ ਨੇ ਜਿੱਤੇ ਹੋਏ ਇਲਾਕਿਆਂ ਵਿਚ ਜ਼ਿੰਮੀਦਾਰੀ ਪ੍ਰਬੰਧ ਖਤਮ ਕੀਤਾ, ਹਲ਼ਵਾਹਕਾਂ ਨੂੰ ਹੀ ਕਿਸਾਨੀ ਦੇ ਸਾਰੇ ਹੱਕ ਦਿੱਤੇ ਤੇ ਉਸਨੇ ਹਲ਼ਵਾਹਕਾਂ ਨੂੰ ਹੀ ਉਸ ਜ਼ਮੀਨ ਦੇ ਮਾਲਕ ਹੋਣ ਦਾ ਹੁਕਮ ਉਹਨਾਂ ਲਈ ਜਾਰੀ ਕਰ ਦਿੱਤਾ । ਇਸ ਪ੍ਰਸੰਗ ਵਿੱਚ ਡਾ: ਭਗਵੰਤ ਸਿੰਘ ਦਾ ਕਹਿਣਾ ਹੈ:

> ਪੰਜਾਬ ਦੀ ਕਿਰਸਾਨੀ ਨੂੰ ਪਹਿਲੀ ਵਾਰੀ ਭੋਇੰ ਦੀ ਮਾਲਕੀ ਸੌਂਪ ਕੇ ਬੰਦਾ ਸਿੰਘ ਬਹਾਦਰ ਨੇ ਇਨਕਲਾਬੀ ਕਾਰਜ ਕੀਤਾ । ਬੰਦਾ ਸਿੰਘ ਬਹਾਦਰ ਨੇ ਸਦੀਆਂ ਤੋਂ ਕਾਇਮ ਜਿੰਮੀਦਾਰੀ ਪ੍ਰਥਾ ਨੂੰ ਖਤਮ ਕਰਕੇ ਹਲ਼ਵਾਹਕਾਂ ਨੂੰ ਜ਼ਮੀਨ ਦੇ ਮਾਲਕ ਬਣਾ ਦਿੱਤਾ ਜਿਸ ਨਾਲ ਕਿਸਾਨਾਂ

> ਦੀ ਆਰਥਿਕ ਹਾਲਤ ਵਿਚ ਸੁਧਾਰ ਹੋਇਆ ਅਤੇ ਕਿਸਾਨ ਬਾਬਾ ਜੀ ਦੇ ਹਮਾਇਤੀ ਬਣੇ । ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤਬਦੀਲੀਆਂ ਵਿਚ ਇਹ ਬਹੁਤ ਵੱਡਾ ਕਦਮ ਸੀ ਜੋ ਬਾਬਾ ਬੰਦਾ ਸਿੰਘ ਬਹਾਦਰ ਨੇ ਪੁੱਟਿਆ ਸੀ।[80]

ਡਾ: ਗੰਡਾ ਸਿੰਘ ਵੀ ਬੰਦਾ ਸਿੰਘ ਬਹਾਦਰ ਜੀ ਦੇ ਕੀਤੇ ਸੁਧਾਰਾਂ ਸੰਬੰਧੀ ਲਿਖਦੇ ਹਨ:

> ਜ਼ਿਮੀਦਾਰੀ ਪ੍ਰਬੰਧ ਹੇਠ ਲੋਕਾਂ ਉਤੇ ਹੋ ਰਹੇ ਜ਼ੁਲਮ ਵੱਲ ਕੋਈ ਭੀ ਧਿਆਨ ਨਹੀਂ ਦੇ ਰਿਹਾ ਸੀ । ਇਸ ਲਈ ਹੱਥ ਵਿਚ ਤਾਕਤ ਆ ਜਾਣ ਨਾਲ ਜੋ ਕੰਮ ਕੁਦਰਤੀ ਤੌਰ ਤੇ ਉਹਨਾਂ ਨੂੰ ਕਰਨਾ ਚਾਹੀਦਾ ਸੀ ਜਾਂ ਉਨ੍ਹਾਂ ਨੇ ਕੀਤਾ ਉਹ ਸੀ ਇਸ ਜਿੰਮੀਦਾਰੀ ਨਿਜ਼ਾਮ ਨੂੰ ਜੜੋਂ ਪੁੱਟ ਦੇਣਾ । ਸਿੱਖ ਇਸ ਵਡਿਆਈ ਦੇ ਸਭ ਤੋਂ ਵੱਧ ਭਾਗੀ ਹਨ ਕਿ ਉਨ੍ਹਾਂ ਆਪਣੇ ਥੋੜ੍ਹੇ ਸਮੇਂ ਵਿਚ ਰਾਜ ਵਿਚ ਇਕ ਬੜਾ ਵੱਡਾ ਸੁਧਾਰ ਕਰਕੇ ਰੱਖ ਦਿੱਤਾ। ਅਸਲੀ ਹਲ਼ਵਾਹਕ ਭੋਇੰ ਦੇ ਮਾਲਕ ਬਣ ਗਏ ਅਤੇ ਉਨ੍ਹਾਂ ਨੇ ਇਲਾਕੇ ਵਿਚੋਂ ਸਦਾ ਲਈ ਵਗਦਾ ਮੋਗਲੀ ਫੋੜਾ ਹਟ ਗਿਆ ।[81]

ਬੰਦਾ ਸਿੰਘ ਵੱਲੋਂ ਇਸ ਸਮੇਂ ਗਰੀਬ ਜਨਤਾ ਦਾ ਰਹਿਬਰ ਬਣ ਕੇ ਅਗਵਾਈ ਕੀਤੀ ਗਈ । ਕੋਈ ਵੀ ਦੀਨ ਦੁਖੀ ਉਸ ਕੋਲ ਆਪਣਾ ਦੁੱਖ ਰੋਂਦਾ ਤਾਂ ਉਹ ਉਸਦੀ ਮਦਦ ਲਈ ਹਮੇਸ਼ਾਂ ਤਿਆਰ ਰਹਿੰਦਾ । ਇਕ ਪਾਸੇ ਤਾਂ ਬੰਦਾ ਬਹਾਦਰ ਨੇ ਲੋਕਾਂ ਦੀ ਆਰਥਿਕ ਹਾਲਤ ਸੁਧਾਰੀ ਦੂਜੇ ਪਾਸੇ ਮਿਹਨਤਕਸ਼ ਲੋਕਾਂ ਵਿਚ ਸਵੈਮਾਣ ਦੀ ਭਾਵਨਾ ਵੀ ਪੈਦਾ ਕੀਤੀ । ਬੰਦਾ ਬਹਾਦਰ ਇਕ ਚੱਟਾਨੀ ਇਰਾਦੇ ਵਾਲਾ ਸਮਾਜਵਾਦੀ ਸੀ, ਉਸਦੀ ਡੂੰਘੀ ਹਮਦਰਦੀ ਉਹਨਾਂ ਮਿਹਨਤਕਸ਼ ਮਜ਼ਦੂਰ ਜਮਾਤਾਂ ਨਾਲ ਸੀ ਜੋ ਸਮਾਜ ਦੇ ਉੱਚ ਸ਼੍ਰੇਣੀ ਲੋਕਾਂ ਵੱਲੋਂ ਯੋਜਨਾਬੱਧ ਤਰੀਕੇ ਨਾਲ ਲੁੱਟਿਆ ਜਾਂਦਾ ਸੀ । ਅਜਿਹੇ ਲੋਕਾਂ ਦੇ ਦੁੱਖ ਹਰਨ ਲਈ ਅਤੇ ਉਹਨਾਂ ਵਿਚ ਸਵੈਮਾਨ ਅਤੇ ਗੌਰਵ ਭਰਨ ਲਈ ਉਸਨੇ ਭਰਪੂਰ ਯਤਨ ਕੀਤੇ ।[82]

ਦੀਨ ਦੁਖੀ ਅਤੇ ਗਰੀਬ ਜਨਤਾ ਦੀ ਸੇਵਾ ਕਰਨਾ ਉਸ ਨੇ ਆਪਣਾ ਫ਼ਰਜ ਸਮਝਿਆ । ਬੰਦਾ ਸਿੰਘ ਨੇ ਆਪਣੇ ਆਪ ਨੂੰ ਦੇਸ਼ ਅਤੇ ਧਰਮ ਦਾ ਰਖਵਾਲਾ ਸਾਬਤ ਕਰਦਿਆਂ ਉਹਨਾਂ ਸਭ ਮੁਗਲ ਅਧਿਕਾਰੀਆਂ ਨੂੰ ਉੱਚੇ-ਉੱਚੇ ਅਹੁਦਿਆਂ ਤੋਂ ਹਟਾ ਦਿੱਤਾ ਅਤੇ ਉਹਨਾਂ ਦੀ ਥਾਂ ਆਪਣੇ ਆਦਮੀ ਲਗਾਏ । ਇਸ ਪ੍ਰਸੰਗ ਵਿੱਚ ਡਾ: ਗੰਡਾ ਸਿੰਘ ਕਹਿੰਦੇ ਹਨ:

> ਬੰਦਾ ਸਿੰਘ ਸਿੱਖਾਂ ਵਿਚ ਪਹਿਲਾ ਆਦਮੀ ਸੀ ਜਿਸ ਨੇ ਸਿਆਸੀ ਰਾਜ ਸਥਾਪਿਤ ਕਰਨ ਬਾਰੇ ਸੋਚਿਆ । ਉਸਨੇ ਮੁਗਲ ਸਾਮਰਾਜ ਨੂੰ ਨਕਾਰਾ ਕਰਨ ਲਈ ਲੜਾਈਆਂ ਨਹੀਂ ਲੜੀਆਂ ਸਗੋਂ ਇਸ ਦਾ ਖੁਰਾ ਖੋਜ ਮਿਟਾ ਦੇਣ ਲਈ ਲੜੀਆਂ । ਇਸ ਲਈ ਉਸਨੇ ਸਰਕਾਰੀ ਕਰਮਚਾਰੀਆਂ ਨੂੰ ਨੌਕਰੀਆਂ ਤੋਂ ਕੱਢ ਕੇ ਉਸਾਂ ਦੀ ਥਾਂ ਆਪਣੇ ਆਦਮੀ ਲਾਏ ।[83]

ਬੰਦਾ ਸਿੰਘ ਨੇ ਨੀਂਵੀਆਂ ਅਤੇ ਅਖੌਤੀ ਜਾਤਾਂ ਦੇ ਆਦਮੀਆਂ ਨੂੰ ਉਚ ਪਦਵੀਆਂ ਤੇ ਨਿਯੁਕਤ ਕੀਤਾ । ਡਾ. ਹਰੀ ਰਾਮ ਗੁਪਤਾ ਲਿਖਦੇ ਹਨ:

> ਉਸ ਨੇ ਜਾਤ-ਪਾਤ ਤੇ ਧਰਮ ਦੇ ਬੰਧਨ ਤੋੜਦਿਆਂ ਅਖੌਤੀ ਨੀਚ ਜਾਤਾਂ ਭੰਗੀਆਂ ਚਮਾਰਾਂ ਨੂੰ ਉੱਚ ਪਦਵੀਆਂ ਤੇ ਨਿਯੁਕਤ ਕੀਤਾ। ਉਚੇ ਦਰਜੇ ਦੇ ਹਿੰਦੂ ਬ੍ਰਾਹਮਣਾ ਤੇ ਖੱਤਰੀ ਖੜੇ ਹੋ ਕੇ ਹੱਥ ਜੋੜ ਕੇ ਉਹਨਾਂ ਦੇ ਹੁਕਮਾਂ ਨੂੰ ਮੰਨਦੇ ਸਨ ।[84]

ਬੰਦਾ ਸਿੰਘ ਨੇ ਮੁਗਲਾਂ ਦੀ ਅਧੀਨਗੀ ਅਤੇ ਈਨਤਾ ਸਹਿ ਰਹੇ ਲੋਕਾਂ ਨੂੰ ਇਲਾਕੇ ਦੇ ਹਾਕਮਾਂ ਵਰਗੀ ਜ਼ਿੰਦਗੀ ਬਖ਼ਸ਼ ਦਿੱਤੀ। ਆਮ ਲੋਕਾਂ ਵਿੱਚ ਸਵੈ ਮਾਣ ਦੀ ਭਾਵਨਾ ਭਰਨ ਲਈ ਅਧਿਕਾਰੀ ਨਿਯੁਕਤ ਕਰਨ ਸਮੇਂ ਭੇਦ ਭਾਵ ਦੀ ਨੀਤੀ ਨਹੀਂ ਆਪਣਾਈ । ਗਰੀਬ ਤੇ ਅਮੀਰ ਵਿਚ ਫਰਕ ਕੀਤੇ ਤੋਂ ਬਿਨਾਂ ਇਕੋ ਜਿਹਾ ਵਿਵਹਾਰ ਕੀਤਾ ਗਿਆ । ਇਸ ਸੰਬੰਧੀ ਵਿਲੀਅਮ ਇਰਵਿਨ ਦੀ ਹੇਠਲੀ ਰਾਏ ਪ੍ਰਸੰਗਿਕ ਜਾਪਦੀ ਹੈ:

> ਉਸ ਵੇਲੇ ਦੇ ਸਿੱਖ ਆਪਣੇ ਆਪ ਨੂੰ ਦੇਸ ਦੇ ਪੂਰਨ ਬਾਦਸ਼ਾਹ ਤੇ ਗਰੀਬਾਂ ਦੇ ਸਹਾਈ ਸਮਝਦੇ ਸਨ । ਜੇ ਕੋਈ ਪਿੰਡ ਦਾ ਕੰਮੀ ਸਿੰਘਾਂ ਦੇ ਨਾਲ਼ ਆ ਰਲ਼ਦਾ ਅੰਮ੍ਰਿਤ ਛਕ ਕੇ ਸਿੰਘ ਬਣ ਜਾਂਦਾ ਤੇ ਫਿਰ ਬੰਦਾ ਸਿੰਘ ਵੱਲੋਂ ਆਪਣੇ ਹੀ ਪਿੰਡ ਦਾ ਹਾਕਮ ਮੁਕਰਰ ਹੋ ਕੇ ਆਉਂਦਾ ਤਾਂ ਉਸ ਦੇ ਪਿੰਡ ਦੇ ਪਤਵੰਤੇ ਚੌਧਰੀ ਹੱਥ ਬੰਨ ਕੇ ਉਸ ਦੇ ਹੁਕਮਾਂ ਦੀ ਉਡੀਕ ਵਿਚ ਆ ਖਲੋਂਦੇ । ਕਿਸੇ ਦੀ ਤਾਕਤ ਨਹੀਂ ਸੀ ਕਿ ਕੋਈ ਉਸਦੇ ਹੁਕਮ ਦੀ ਹੁਕਮ ਅਦੂਲੀ ਕਰ ਸਕਦਾ ।[85]

ਬੰਦਾ ਸਿੰਘ ਬਹਾਦਰ ਨੇ ਇਕ ਦੇਸ਼ ਭਗਤ ਤੇ ਧਰਮ ਰੱਖਿਅਕ ਵਜੋਂ ਮੁੱਲਵਾਨ ਭੂਮਿਕਾ ਨਿਭਾਈ ਜਿਥੇ ਕਿਤੇ ਵੀ ਹਿੰਦੂ ਸਿੱਖਾਂ ਤੇ ਜ਼ੁਲਮ ਹੁੰਦੇ ਉੱਥੇ ਹੀ ਉਨ੍ਹਾਂ ਦੀ ਸਹਾਇਤਾ ਲਈ ਉਹ ਪਹੁੰਚਿਆ । ਬੰਦਾ ਸਿੰਘ ਦੇ ਵਧਦੇ ਪ੍ਰਭਾਵ ਕਾਰਨ ਹਿੰਦੂ ਜਨਤਾ ਵੀ ਉਸ ਨੂੰ ਆਪਣਾਂ ਰੱਖਿਅਕ ਸਮਝਣ ਲਗ ਪਈ । 17●9 ਵਿਚ ਮਾਝੇ ਦੇ ਹੈਦਰੀ ਝੰਡੇ ਦੀ ਲੜਾਈ, ਰਾਹੋਂ ਦੀ ਲੜਾਈ, ਸਿਢੋਰਾ ਤੇ ਲੋਹਗੜ੍ਹ ਦੀ ਲੜਾਈ 171● ਵਿਚ ਹੋਈ ਜਿਸਦੀ ਅਗਵਾਈ ਮੁਗ਼ਲ ਫੋਜਦਾਰ ਮੁਨਇਮ ਖਾਨ ਤੇ ਉਸਦਾ ਪੁੱਤਰ ਮਹਾਤਬ ਖਾਨ ਕਰ ਰਹੇ ਸਨ। ਇਸ ਲੜਾਈ ਵਿਚ 25,●●● ਸਿੰਘ ਸ਼ਹੀਦ ਹੋਏ। ਬਹਾਦਰ ਸ਼ਾਹ ਨੇ ਬੰਦਾ ਸਿੰਘ ਦੀ ਅਗਵਾਈ ਤੇ ਸਿੱਖਾਂ ਦੀ ਵਧਦੀ ਹੋਈ ਸ਼ਕਤੀ ਨੂੰ ਵੇਖ ਕੇ ਪਹਾੜੀ ਰਾਜਿਆਂ ਨੂੰ ਹੁਕਮ ਦਿੱਤੇ ਕਿ ਉਹ ਬੰਦਾ ਸਿੰਘ ਨੂੰ ਫੜਨ ਦੀ ਹਰ ਕੋਸ਼ਿਸ਼ ਕਰਨ। 16 ਅਕਤੂਬਰ 171● ਨੂੰ ਅਮੀਨਗੜ੍ਹ ਦੀ ਲੜਾਈ ਹੋਈ ਜਿਸ ਵਿਚ 3●● ਸਿੰਘ ਸ਼ਹੀਦ ਹੋਏ। ਬੰਦਾ ਸਿੰਘ ਬਹਾਦਰ ਮੁਗ਼ਲ ਫੋਜਾਂ ਦੇ ਹੱਥ ਨਾ ਆਇਆ ਤਾਂ ਪਹਾੜੀ ਰਾਜੇ ਭੂਪ ਪ੍ਰਕਾਸ਼ ਨੂੰ ਫੜ ਲਿਆ ਗਿਆ। ਉਸਦੀ ਮਾਂ ਨੇ ਉਸ ਨੂੰ ਛੁੜਾਉਣ ਲਈ 3● ਪਹਾੜੀਏ ਭੇਜੇ। ਜੋ 13 ਮਾਰਚ ਨੂੰ ਕਤਲ ਕਰ ਦਿੱਤੇ ਗਏ। 9 ਫਰਵਰੀ 1711 ਨੂੰ ਰਾਜੇ ਭੂਪ ਪ੍ਰਕਾਸ਼ ਦੀ ਮਾਂ ਨੇ 4● ਸਿੰਘ ਫੜ ਕੇ ਭੇਜੇ ਜਿਨ੍ਹਾਂ ਸਾਰਿਆਂ ਸਿੰਘਾਂ ਨੂੰ 4 ਮਾਰਚ ਨੂੰ ਸ਼ਹੀਦ ਕਰ ਦਿੱਤਾ ਗਿਆ। 3● ਮਈ ਨੂੰ ਕਮਾਊਂ ਦੇ ਰਾਜੇ ਜਗਤ ਸਿੰਘ ਨੇ ਸ਼੍ਰੀ ਨਗਰ ਦੀ ਹੱਦ ਵਿਚ 45 ਸਿੰਘਾਂ ਦੇ ਸਿਰ ਵੱਡ ਕੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੇਜੇ। ਇਸ ਪਿਛੋਂ ਬੰਦਾ ਸਿੰਘ ਬਹਾਦਰ

ਚੰਬੇ ਗਿਆ, ਚੰਬੇ ਦਾ ਰਾਜਾ ਉਦੈ ਸਿੰਘ ਬੰਦਾ ਸਿੰਘ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਗਿਆ ਅਤੇ ਉਸਨੇ ਆਪਣੀ ਪੁੱਤਰੀ ਦਾ ਵਿਆਹ ਬੰਦਾ ਸਿੰਘ ਨਾਲ ਕਰ ਦਿੱਤਾ। ਬੰਦਾ ਸਿੰਘ ਨੇ ਉਸ ਦਾ ਨਾਂ ਸ਼ੁਸ਼ੀਲ ਕੌਰ ਰੱਖ ਦਿੱਤਾ। ਜਿਸ ਤੋਂ ਉਸ ਦਾ ਪੁੱਤਰ ਅਜੈ ਸਿੰਘ ਪੈਦਾ ਹੋਇਆ। ਚਾਰ ਜੂਨ 1711 ਈ. ਨੂੰ ਬਹਿਰਾਮਪੁਰ ਨੇੜੇ ਸਿੱਖਾਂ ਦੁਆਰਾ ਜੰਮੂ ਦੇ ਫੌਜਦਾਰ ਨੂੰ ਹਾਰ ਦਿੱਤੀ ਗਈ । ਇਸ ਪ੍ਰਕਾਰ ਰਾਏਪੁਰ ਅਤੇ ਬਹਿਰਾਮਪੁਰ ਸਿੱਖਾਂ ਦੇ ਅਧੀਨ ਕਰਕੇ ਕਲਾਨੌਰ ਤੇ ਬਟਾਲਾ ਉਤੇ ਕਬਜ਼ਾ ਕਰ ਲਿਆ ਪਰ ਇਹ ਕਬਜ਼ਾ ਸਥਾਈ ਨਾ ਹੋ ਸਕਿਆ ਪਰ ਸਿੰਘਾਂ ਦੀਆਂ ਥਾਂ-ਥਾਂ ਹੋ ਰਹੀਆਂ ਜਿੱਤਾਂ ਕਾਰਨ ਵਸਨੀਕਾਂ ਨੇ ਵੀ ਬੰਦਾ ਸਿੰਘ ਦੀ ਫੌਜ ਵਿਚ ਭਰਤੀ ਹੋਣਾ ਸ਼ੁਰੂ ਕਰ ਦਿੱਤਾ ਕਿਉਂਕਿ ਬੰਦਾ ਸਿੰਘ ਬਹਾਦਰ ਮੁਸਲਮਾਨ ਅਤਿਆਚਾਰੀਆਂ ਦਾ ਵਿਰੋਧੀ ਸੀ ਪਰ ਉਹ ਇਸਲਾਮ ਧਰਮ ਦਾ ਵਿਰੋਧੀ ਨਹੀਂ ਸੀ। ਇਸ ਪ੍ਰਸੰਗ ਵਿੱਚ ਡਾ: ਗੰਡਾ ਸਿੰਘ ਕਹਿੰਦੇ ਹਨ:

> ਉਸ ਨੇ ਬਚਨ ਤੇ ਇਕਰਾਰ ਕੀਤਾ ਹੋਇਆ ਸੀ ਕਿ ਮੁਸਲਮਾਨਾਂ ਨੂੰ ਕੋਈ ਦੁਖ ਨਹੀਂ ਦੇਵਾਂਗਾ । ਚੁਨਾਂਚੇ ਜੋ ਵੀ ਮੁਸਲਮਾਨ ਉਸ ਵੱਲ ਰੁਜ਼ੂ ਹੋਇਆ ਉਸ ਨੇ ਉਸ ਦੀ ਦਿਹਾੜੀ ਅਤੇ ਤਨਖਾਹ ਨਿਯੁਕਤ ਕਰਕੇ ਉਸ ਦਾ ਧਿਆਨ ਰੱਖਿਆ ਅਤੇ ਉਸ ਨੇ ਇਹ ਆਗਿਆ ਭੀ ਦਿੱਤੀ ਹੋਈ ਸੀ ਕਿ ਮੁਸਲਮਾਨ ਨਮਾਜ਼ ਤੇ ਖੁਤਬਾ ਆਪਣੇ ਮਨ ਅਨੁਸਾਰ ਜਿਵੇਂ ਚਾਹੁਣ ਉਹ ਪੜ੍ਹਨ ।[86]

ਫੌਜਾਂ ਵਿਚੋਂ ਮੁਹੰਮਦ ਅਮੀਨ ਖਾਂ ਅਤੇ ਰੁਸਤਮ ਦਿਲ ਖਾਨ, ਬੰਦਾ ਬਹਾਦਰ ਦੇ ਪਿਛੇ ਲੱਗੇ ਹੋਏ ਸਨ ਅਤੇ ਉਹ ਰਾਏਪੁਰ ਦੇ ਇਲਾਕੇ ਵਿਚ ਆਏ ਤਾਂ ਬੰਦਾ ਸਿੰਘ ਰਸਤੇ ਵਿਚੋਂ ਹੀ ਔਰੰਗਾਬਾਦ ਤੇ ਪਸਰੂਰ ਲੁੱਟ ਕੇ ਜੰਮੂ ਦੀਆਂ ਪਹਾੜੀਆਂ ਨੂੰ ਚੜ੍ਹ ਗਿਆ ਜਿਥੇ ਉਥੋਂ ਦੇ ਰਾਜੇ ਧਰੁੱਵ ਨੂੰ ਜਾਣਕਾਰੀ ਮਿਲਣ ਤੇ ਉਸਨੇ ਲਾਹੌਰ ਦੇ ਅਖਬਾਰ ਨਵੀਸ ਨੂੰ ਇਹ ਖ਼ਬਰ ਦੇ ਦਿੱਤੀ । ਇਸ ਦੇ ਨਾਲ ਹੀ ਰਜੌਰ ਦੇ ਸੱਯਦ ਅਜਮਾਤੁੱਲਾ ਖਾਨ ਨੂੰ ਖਬਰ ਮਿਲਣ ਕਾਰਨ ਬੰਦਾ ਸਿੰਘ ਦੇ ਸਾਰੇ ਰਾਹ ਰੋਕ ਦਿੱਤੇ ਗਏ । ਇਸੇ ਪ੍ਰਕਾਰ ਮੁਹੰਮਦ ਅਮੀਨ ਖਾਨ, ਰੁਸਤਮਦੀਨ ਖਾਨ, ਅਗਰ ਖਾਨ, ਈਸਾ ਮੰਝ ਖਾਨ ਆਪਣੀਆਂ ਫੌਜਾਂ ਸਮੇਤ ਪਹਾੜੀ ਦੱਰੇ ਤੇ ਆ ਪਹੁੰਚੇ ਅਤੇ

ਉਹਨਾਂ ਬੰਦਾ ਸਿੰਘ ਨੂੰ ਤਿੰਨਾਂ ਪਾਸਿਆਂ ਤੋਂ ਘੇਰ ਲਿਆ । ਬੰਦਾ ਸਿੰਘ ਅੱਖ ਬਚਾ ਕੇ ਨਿਕਲਣ ਵਿਚ ਕਾਮਯਾਬ ਹੋ ਗਿਆ ਪਰ ਉਸ ਦੇ ਜਾਣ ਪਿਛੋਂ ਕਠੂਏ ਤੇ ਪੜੋਲ ਦੇ ਹਿੰਦੂ ਅਤੇ ਸਿੱਖਾਂ ਉਤੇ ਬਹੁਤ ਜ਼ੁਲਮ ਕੀਤੇ ਗਏ । ਇਸ ਪ੍ਰਸੰਗ ਵਿੱਚ ਵਿਲੀਅਮ ਇਰਵਿਨ ਲਿਖਦਾ ਹੈ:

> ਕਈ ਆਦਮੀਆਂ ਨੂੰ ਸਿੱਖ ਹੋਣ ਦਾ ਝੂਠਾ ਇਲਜ਼ਾਮ ਲਾ ਕੇ ਫੜ ਲਿਆ ਗਿਆ । ਉਹਨਾਂ ਫੜੇ ਹੋਏ ਸਿੱਖਾਂ ਨੂੰ ਮੁਗਲ ਸਿਪਾਹੀਆਂ ਦੇ ਸਪੁਰਦ ਕਰ ਦਿੱਤਾ ਜਾਂਦਾ ਅਤੇ ਉਹਨਾਂ ਨੂੰ ਲਾਹੌਰ ਦੀ ਨਖਾਸ ਮੰਡੀ ਵਿਚ ਵੇਚ ਦਿੱਤਾ ਜਾਂਦਾ ਸੀ ।[87]

ਬੰਦਾ ਸਿੰਘ ਦਾ ਸ਼ਾਹੀ ਫੌਜਾਂ ਨਾਲ ਬਾਰ-ਬਾਰ ਟਕਰਾਕੇ ਪਹਾੜਾਂ ਵਿਚ ਨਿਕਲ ਜਾਣਾ ਸ਼ਾਹੀ ਫੌਜਾਂ ਲਈ ਨਮੋਸ਼ੀ ਦਾ ਕਾਰਣ ਬਣ ਗਿਆ । ਇਸ ਦਾ ਬਦਲਾ ਸ਼ਾਹੀ ਫੋਜਾਂ ਨੇ ਆਮ ਜਨਤਾ ਉਪਰ ਅੱਤਿਆਚਾਰ ਕਰਕੇ ਲਿਆ । ਬੇਦੋਸ਼ੇ ਹਿੰਦੂ, ਸਿੱਖਾਂ ਨੂੰ ਮੁਗਲ ਸ਼ਾਹੀ ਫੌਜਾਂ ਦੇ ਅੱਤਿਆਚਾਰਾਂ ਦੀ ਭੇਂਟ ਚੜ੍ਹਨਾ ਪਿਆ । ਸਿੱਖਾਂ ਦੇ ਕਤਲੇਆਮ ਦੇ ਸ਼ਾਹੀ ਫੁਰਮਾਨ ਨੇ ਕੱਟੜ ਲੋਕਾਂ ਨੂੰ ਸ਼ਹਿ ਦਿੱਤੀ ਅਤੇ ਲੋਕਾਂ ਨੂੰ ਸਿੱਖਾਂ ਦੇ ਹਮਦਰਦ ਕਹਿ ਕੇ ਮਾਰ ਦਿੱਤਾ। ਹਿੰਦੂ ਰਸਮਾਂ ਰੀਤਾਂ ਤੇ ਪਾਬੰਦੀ ਲਾ ਦਿੱਤੀ ਗਈ ਅਤੇ ਕੱਟੜ ਲੋਕਾਂ ਨੇ ਨਿਹੱਥੇ ਤੇ ਬੇਦੋਸ਼ੇ ਲੋਕਾਂ ਉਤੇ ਅੱਤਿਆਚਾਰ ਕੀਤੇ । ਬਚਨ ਸਿੰਘ ਕਛਵਾਂ ਤੇ ਬਦਨ ਸਿੰਘ ਬੁੰਦੇਲਾ ਦੇ ਹਿੰਦੂ ਸਿੱਖਾਂ ਦੀ ਪਛਾਣ ਲਈ ਹਿੰਦੂਆਂ ਦਾ ਦਾੜ੍ਹੀ ਮੁੱਛਾਂ ਕਟਵਾਉਣਾ ਲਾਜ਼ਮੀ ਕਰ ਦਿੱਤਾ ਗਿਆ । ਸਿੱਖਾਂ ਦੀਆਂ ਦਾਹੜੀਆਂ ਪੁੱਟਣ ਲਈ ਕਿਹਾ ਗਿਆ । ਡਾ: ਗੰਡਾ ਸਿੰਘ ਆਪਣੀ ਪੁਸਤਕ ਬੰਦਾ ਬਹਾਦਰ ਵਿਚ ਯਾਰ ਮੁਹੰਮਦ ਖਾਨ ਜਲੰਧਰ ਦੇ ਦਸਤੂ-ਅਲ-ਇਨਸ਼ਾ ਦੇ ਪੰਜਵੇ ਰੁੱਕੇ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ:

> ਉਸੇ ਦਿਨ ਜਿਸ ਦਿਨ ਕਿ ਨਾਨਕ ਪ੍ਰਸਤਾਂ (ਨਾਨਕ ਪੂਜ ਸਿੱਖਾਂ) ਨੂੰ ਉਹਨਾਂ ਦੀਆਂ ਸ਼ਰਾਰਤਾਂ ਦੀ ਸਜ਼ਾ ਮਿਲੀ, ਸ਼ਾਹੀ ਹੁਕਮ ਹੋਇਆ ਕਿ ਸ਼ਾਹੀ ਲਸ਼ਕਰ ਦੇ ਸਾਰੇ ਹਿੰਦੂਆਂ ਦੀਆਂ ਦਾਹੜੀਆਂ ਕੱਟ ਦਿੱਤੀਆਂ ਜਾਣ ਅਤੇ ਸਾਰੇ ਸੂਬਿਆਂ ਵਿਚ ਹੁਕਮ ਉਜਾਗਰ ਕਰ ਦਿੱਤਾ ਜਾਏ

> ਕਿ ਕੋਈ ਬੇਦੀਨ ਲੰਮੀ ਦਾਹੜੀ ਨਾ ਰੱਖੇ । ਜੇ ਕੋਈ ਅਜਿਹਾ ਮਿਲ ਜਾਏ ਤਾਂ ਉਸ ਦੀ ਦਾੜ੍ਹੀ ਪੁੱਟ ਦਿੱਤੀ ਜਾਏ । ਗਲੀਆਂ ਬਜ਼ਾਰਾਂ ਵਿਚ ਜੇ ਕਿਸੇ ਨੂੰ ਵੇਖਦੇ ਤਾਂ ਨਿਗਰਾਨੀ ਨਾਲ ਉਸ ਦੀ ਦਾਹੜੀ ਮੁੰਨ ਦਿੰਦੇ ਤੇ ਉਸ ਦੀ ਪਗੜੀ ਅਤੇ ਜਾਮੇ ਲਾਹ ਦਿੰਦੇ ।[88]

### ਬੰਦਾ ਬਹਾਦਰ ਦਾ ਕਲਾਨੌਰ ਅਤੇ ਬਟਾਲਾ ਤੇ ਹਮਲਾ

ਫਰਵਰੀ 1714 ਨੂੰ ਬੰਦਾ ਬਹਾਦਰ ਨੇ ਕਲਾਨੌਰ ਤੇ ਧਾਵਾ ਬੋਲਿਆ । ਕਲਾਨੌਰ ਦੇ ਫੌਜਦਾਰ ਮੁਹਰਾਬ ਖਾਂ ਕਾਨੂੰਗੋ ਸੰਤੋਖ ਰਾਏ ਅਤੇ ਅਨੋਖ ਰਾਏ ਨੇ ਬੰਦਾ ਸਿੰਘ ਤੇ ਹਮਲਾ ਕਰ ਦਿੱਤਾ ਪਰ ਬੰਦਾ ਸਿੰਘ ਦੀ ਮਾਰ ਅੱਗੇ ਉਹ ਟਿਕ ਨਾ ਸਕੇ । ਕਲਾਨੌਰ ਤੋਂ ਪਿਛੋਂ ਬਟਾਲੇ ਉੱਤੇ ਹਮਲਾ ਕੀਤਾ ਗਿਆ । ਫੌਜਦਾਰ ਸ਼ੇਖ ਮੁਹੰਮਦ ਦਾਇਮ ਤੇ ਸੇਖ਼ ਅਹਿਮਦ ਦੋਹਾਂ ਨੇ ਆਪਣੇ ਆਦਮੀ ਲੈ ਕੇ ਹਾਥੀ ਦਰਵਾਜਿਆਂ ਰਾਹੀਂ ਹੱਲਾ ਰੋਕਿਆ ਅਤੇ ਲਹੂ ਡੋਲਵੀਂ ਲੜਾਈ ਹੋਈ । ਸ਼ੇਖ ਅਹਿਮਦ ਮਾਰਿਆ ਗਿਆ ਅਤੇ ਫੌਜਦਾਰ ਨੱਸ ਗਿਆ । ਬੰਦਾ ਸਿੰਘ ਨੇ ਕਾਜ਼ੀ ਅਬਦੁੱਲ ਹੱਕ ਦਾ ਮੁਹੱਲਾ, ਮੁਹੰਮਦ ਫਾਜਲ ਕਾਦਰੀ ਦਾ ਮਦਰਸਾ, ਕਾਜੀਆਂ ਦੀ ਹਵੇਲੀ ਅਤੇ ਕਸਾਈਆਂ ਦੇ ਘਰ ਅਗਨ ਭੇਂਟ ਕਰ ਦਿੱਤੇ । ਇਸ ਨਾਲ ਅੱਧੇ ਮਾਝੇ ਤੱਕ ਸਿੰਘਾਂ ਦਾ ਕਬਜਾ ਹੋ ਗਿਆ ਅਤੇ ਸਰਕਾਰੀ ਹਾਕਮਾਂ ਦੀ ਥਾਂ ਆਪਣੇ ਹਾਕਮ ਲਾਏ ਗਏ । ਇਸ ਪਿਛੋਂ 15 ਮਾਰਚ ਨੂੰ ਸ਼ਾਹੀ ਹੁਕਮ ਹੋਇਆ ਕਿ ਬੰਦਾ ਬਹਾਦਰ ਵਿਰੁੱਧ ਸ਼ਾਹੀ ਫੌਜਾਂ ਤਿਆਰ ਕੀਤੀਆਂ ਜਾਣ । ਇਹਨਾਂ ਵਿਚ ਕਮਰੁਦੀਨ ਖਾਨ, ਅਫ਼ਰਾਸਿਆਬ ਖਾਨ, ਹਿੰਦੂ ਰਾਜਿਆਂ ਵਿਚੋਂ ਰਾਜਾ ਉਦਿਤ ਸਿੰਘ, ਰਾਜਾ ਗੋਪਾਲ ਸਿੰਘ ਭਦਾਵੜੀਆ, ਰਾਜਾ ਦਲਪਤ ਬੁੰਦੇਲੇ ਦੇ ਪੁੱਤਰ ਪਿਰਥੀ ਚੰਦ ਨੂੰ ਫੌਜਾਂ ਤਿਆਰ ਕਰਨ ਦਾ ਹੁਕਮ ਹੋਇਆ ।

### ਗੁਰਦਾਸ ਨੰਗਲ ਦਾ ਘੇਰਾ ਅਤੇ ਬੰਦਾ ਸਿੰਘ ਬਹਾਦਰ ਦੀ ਗ੍ਰਿਫਤਾਰੀ

ਬਾਦਸ਼ਾਹ ਫਰੁੱਖਸੀਅਰ ਨੂੰ ਬੰਦਾ ਸਿੰਘ ਦੀਆਂ ਪੰਜਾਬ ਵਿਚ ਜਿੱਤਾਂ ਦੀਆਂ ਖਬਰਾਂ ਮਿਲ ਰਹੀਆਂ ਸਨ । ਉਸ ਨੇ ਲਹੌਰ ਦੇ ਸੂਬੇਦਾਰ ਅਬਦੁੱਸਮਦ ਖਾਨ ਨੂੰ ਤਾੜਨਾ ਕੀਤੀ ਕਿ ਉਹ ਬੰਦਾ ਬਹਾਦਰ ਨੂੰ ਫੜ ਕੇ ਪੇਸ਼ ਕਰੇ ਨਾਲ ਹੀ 15 ਮਾਰਚ ਨੂੰ ਸ਼ਾਹੀ ਹੁਕਮ ਜਾਰੀ ਕੀਤਾ

ਕਿ ਇਹਤਮਾਦੁ ਦੌਲਾ ਮੁਹੰਮਦ ਅਮੀਨ ਖਾਨ, ਕਮਰੁਦੀਨ ਖਾਨ, ਬਖ਼ਸ਼ੀ ਅਫਰਾਸਿਆਬ ਖਾਨ, ਮੁਜੱਫਖਾਨ ਖਾਨ, ਰਾਜਾ ਉਦਿਤ ਸਿੰਘ ਬੁੰਦੇਲੇ, ਰਾਜਾ ਗੋਪਾਲ ਸਿੰਘ ਭਦਾਵੜੀਏ, ਰਾਜਾ ਦਲਪਤ ਦੇ ਪੁੱਤਰ ਪ੍ਰਿਥੀ ਚੰਦ ਅਤੇ ਬਹੁਤ ਸਾਰੇ ਹੋਰ ਹਿੰਦੂ ਤੇ ਮੁਸਲਮਾਨ ਸਰਦਾਰਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਅਬਦੁਲਸਮਦ ਖਾਨ ਨਾਲ ਰਲ਼ ਕੇ ਬੰਦਾ ਬਹਾਦਰ ਵਿਰੁੱਧ ਚੜ੍ਹਾਈ ਕਰਨ । ਇਸੇ ਤਰ੍ਹਾਂ ਗੁਜਰਾਤ ਦੇ ਫੌਜ਼ਦਾਰ ਮਿਰਜ਼ਾ ਅਹਿਮਦ ਖਾਨ, ਐਮਨਾਬਾਦ ਦਾ ਫੌਜਦਾਰ ਇਰਾਦਤਮੰਦ ਖਾਨ, ਔਰੰਗਾਬਾਦ ਤੇ ਪਸਰੂਰ ਦਾ ਨੂਰ ਮੁਹੰਮਦ ਖਾਨ, ਕਲਾਨੌਰ ਦਾ ਸੁਹਰਾਬ ਖਾਨ, ਕਾਂਗੜੇ ਦਾ ਰਾਜਾ ਹਕੀਮ ਚੰਦ ਕਚੌਰੀਆ, ਧਰੁੱਵ ਦੇਵ ਜਸਰੋਟੀਆ ਦਾ ਪੁੱਤਰ ਹਰਦੇਵ ਆਦਿ ਲਹੌਰ ਵਿਖੇ ਬੰਦਾ ਬਹਾਦਰ ਵਿਰੁਧ ਚੜ੍ਹਾਈ ਕਰਨ ਲਈ ਗਏ । ਬੰਦਾ ਸਿੰਘ ਨੂੰ ਸ਼ਾਹੀ ਤਿਆਰੀਆਂ ਦਾ ਪਤਾ ਲੱਗ ਗਿਆ । ਉਸਨੇ ਬਟਾਲੇ ਅਤੇ ਕਲਾਨੌਰ ਦੇ ਵਿਚਕਾਰ ਕੋਟ ਮਿਰਜ਼ਾ ਖਾਨ ਪਿੰਡ ਵਿਚ ਕੱਚੀ ਗੜ੍ਹੀ ਬਣਵਾਈ । ਅਬਦੁਸਮਦ ਖਾਨ ਤੇ ਨਾਇਬ ਆਰਿਫ਼ ਬੇਗ ਖਾਨ ਨੇ ਬੰਦਾ ਬਹਾਦਰ ਤੇ ਹਮਲਾ ਕਰ ਦਿੱਤਾ । ਸਿੰਘਾਂ ਦੀ ਫੌਜ ਬਹਾਦਰੀ ਨਾਲ ਲੜੀ ਅਤੇ ਟਾਕਰਾ ਕੀਤਾ । ਡਾ. ਗੰਡਾ ਸਿੰਘ ਆਪਣੀ ਪੁਸਤਕ 'ਬੰਦਾ ਬਹਾਦਰ' ਵਿਚ ਖਾਫ਼ੀ ਖਾਨ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ ਕਿ ਕਾਫਰ (ਸਿੱਖ) ਇਨੇ ਜ਼ੋਰਦਾਰ ਤਰੀਕੇ ਨਾਲ ਲੜੇ ਕਿ ਸ਼ਾਹੀ ਲਸ਼ਕਰ ਨੂੰ ਗੁਰਦਾਸਪੁਰ ਵਲ ਨੂੰ ਜਾਣਾ ਪੈ ਗਿਆ । ਬੰਦਾ ਬਹਾਦਰ ਨੇ ਸਿੰਘਾਂ ਦੀ ਫੌਜ ਨਾਲ ਗੁਰਦਾਸ ਨੰਗਲ ਦੇ ਥਾਂ ਦੁਨੀ ਚੰਦ ਦੇ ਅਹਾਤੇ ਵਿਚ ਡੇਰਾ ਲਾ ਲਿਆ । ਅਬਦੁਸਮਦ ਖਾਂ ਨੂੰ ਫਰੁੱਖਸੀਅਰ ਨੇ ਹੁਕਮ ਦਿੱਤਾ ਕਿ ਬੰਦਾ ਸਿੰਘ ਤੇ ਉਸ ਦੇ ਸਿੱਖ ਸਾਥੀਆਂ ਨੂੰ ਕਤਲ ਕਰ ਦਿੱਤਾ ਜਾਵੇ । ਅਬਦੁਸਮਦ ਖਾਨ ਨੇ ਪਿੰਡਾਂ ਵਿਚ ਦਾਣਾ-ਪਾਣੀ ਇਕੱਠਾ ਕਰਨ ਗਏ ਸਿੰਘਾਂ ਨੂੰ ਤਸੀਹੇ ਦੇ ਕੇ ਕਤਲ ਕਰ ਦਿੱਤਾ। 14 ਅਪ੍ਰੈਲ 1715 ਈ. ਨੂੰ ਗੜ੍ਹੀ ਨੂੰ ਚਾਰੇ ਪਾਸਿਆਂ ਤੋਂ ਘੇਰਾ ਪਾ ਲਿਆ ਗਿਆ । ਸਿੰਘ ਬਹਾਦਰੀ ਨਾਲ ਲੜੇ । ਘੇਰਾ ਏਨਾ ਭੀੜਾ ਸੀ ਕਿ ਇਕ ਅੰਨ ਦਾ ਦਾਣਾ ਵੀ ਅੰਦਰ ਨਹੀਂ ਸੀ ਆ ਸਕਦਾ ਚਾਰੇ ਪਾਸੇ ਬੰਦ ਕਰ ਦਿੱਤੇ ਗਏ । ਇਕ ਪਾਸਾ ਅਬਦੁਸਮਦ ਖਾਨ ਦੂਜੇ ਪਾਸੇ ਕਮਰੂਦੀਨ ਖਾਂ ਅਤੇ ਜ਼ਕਰੀਆ ਖਾਨ, ਚੌਥੇ ਪਾਸੇ ਜਿੰਮੀਦਾਰ ਫੌਜਦਾਰ ਘੇਰਾ ਪਾਈ ਬੈਠ ਗਏ। ਬੰਦਾ ਬਹਾਦਰ ਜੰਗੀ ਗੁਣਾਂ ਤੇ ਦਲੇਰ ਸਖ਼ਸ਼ੀਅਤ ਦਾ

ਮਾਲਕ ਸੀ । ਉਸ ਨੇ ਆਪਣੇ ਸਾਥੀਆਂ ਨੂੰ ਦਲੇਰੀ ਨਾਲ ਮੁਕਾਬਲਾ ਕਰਨ ਲਈ ਕਿਹਾ । ਇਸ ਪ੍ਰਸੰਗ ਵਿੱਚ ਡਾ: ਗੰਡਾ ਸਿੰਘ ਲਿਖਦੇ ਹਨ:

> ਬੰਦਾ ਸਿੰਘ ਦੇ ਸਿੰਘ ਇਤਨੇ ਦਲੇਰ ਅਤੇ ਅਜਿੱਤ ਸਨ ਕਿ ਵੈਰੀ ਉਨਾਂ ਦੇ ਜੰਗੀ ਗੁਣਾਂ ਨੂੰ ਵੇਖ ਕੇ ਵਾਹ-ਵਾਹ ਕਰ ਉਠਦੇ ਸਨ । ਅਤੇ ਉਹਨਾਂ ਨੂੰ ਹਰ ਵੇਲੇ ਇਹੀ ਡਰ ਲੱਗਾ ਰਹਿੰਦਾ ਕਿ ਅੰਦਰ ਘਿਰੇ ਹੋਏ ਸਿੰਘ ਕਿਧਰੇ ਇਕ ਇੱਕਲਾ ਜੋਰਦਾਰ ਹਮਲਾ ਕਰਕੇ ਆਪਣੀਆਂ ਜਾਨਾਂ ਦੀ ਬਲੀ ਦੇ ਕੇ ਆਪਣੇ ਆਗੂ ਨੂੰ ਕੱਢ ਕੇ ਨਾ ਲੈ ਜਾਣ ।[89]

ਸਿੰਘਾਂ ਦਾ ਸਾਰਾ ਦਾਣਾ ਪਾਣੀ ਮੁੱਕ ਗਿਆ। ਸ਼ਾਹੀ ਫੌਜਾਂ ਦੇ ਵਾਰਾਂ ਨਾਲ ਸਿੰਘ ਮਰਨ ਵਾਲੇ ਨਹੀਂ ਸਨ ਪਰ ਭੁੱਖ ਉਹਨਾਂ ਦੀ ਮੌਤ ਦਾ ਕਾਰਨ ਬਣੀ । ਇਸ ਕਾਰਨ ਬਾਬ ਬਿਨੋਦ ਨੇ ਬੰਦਾ ਬਹਾਦਰ ਸਿੰਘ ਨੂੰ ਗੜ੍ਹੀ ਨੂੰ ਛੱਡ ਦੇਣ ਲਈ ਕਿਹਾ ਪਰ ਬੰਦਾ ਸਿੰਘ ਇਸ ਹੱਕ ਵਿਚ ਨਹੀਂ ਸੀ ਦੋਹਾਂ ਵਿਚ ਲੜਾਈ ਹੋ ਗਈ ਜਿਸ ਲੜਾਈ ਨੂੰ ਬਾਬਾ ਬਿਨੋਦ ਦੇ ਪੁੱਤਰ ਨੇ ਮੁਕਾਇਆ ਅਤੇ ਅਖੀਰ ਤੇ ਫੈਸਲਾ ਇਹ ਹੋਇਆ ਕਿ ਬਿਨੋਦ ਸਿੰਘ ਗੜੀ ਵਿਚੋਂ ਨਿਕਲ ਜਾਵੇਗਾ । ਸਿੰਘਾਂ ਲਈ ਇਹ ਬਹੁਤ ਹੀ ਔਕੜ ਦੀ ਘੜੀ ਬਣ ਗਈ । ਅੱਠ ਮਹੀਨਿਆਂ ਦੇ ਲੰਮੇ ਘੇਰੇ ਕਾਰਨ ਭੁੱਖ ਨਾਲ ਉਹਨਾਂ ਦੀਆਂ ਹੱਢੀਆਂ ਨਿਕਲ ਆਈਆਂ । ਪ੍ਰਚੀਨ ਪੰਥ ਪ੍ਰਕਾਸ਼ ਵਿਚ ਰਤਨ ਸਿੰਘ ਭੰਗੂ ਨੇ ਲਿਖਿਆ ਹੈ :

> ਕਰਯੋ ਨਹੀ ਥਮ ਅਧਕ ਜ਼ਖੀਰਾ।।
>
> ਬੰਦੇ ਗੜੀ ਮਝਾਰੀ।।
>
> ਸੇਰ ਪਾਓ ਕੀ ਰਗ ਕਹਾਨੀ।।
>
> ਮਾਸਾ ਅੰਨ ਨ ਮਿਲਹੀ।।
>
> ਖਾਣ ਚੀਜ਼ ਕਿਛ ਨਜ਼ਰ ਨਾ ਆਵੈ।।
>
> ਮਿਟੀ ਕੋ ਸਿੰਘ ਮਿਲਹੀ।।

ਕਈ ਦਿਵਸ ਭੁੱਖ ਦੇਖੇ ਸਿੰਘਨ।।

ਪਤੇ ਬ੍ਰਿਛਨ ਖਾਏ।।

ਬਾਹਰ ਕਲ ਤੁਰਕੀ ਬਹੁ ਉਤਰਲੋ।।

ਪੇਸ਼ ਕਛੂ ਨਹਿ ਜਾਏ ।[90]

ਵਿਲਿਅਮ ਇਰਵਿਨ ਆਪਣੀ ਪੁਸਤਕ ਲੇਟਰ ਮੁਗਲਜ਼ ਵਿਚ ਲਿਖਦਾ ਹੈ:

> ਕਿਉਂਕਿ ਸਿੱਖ ਜਾਤਪਾਤ ਦੇ ਸਖ਼ਤੀ ਨਾਲ ਪਾਬੰਦ ਨਹੀਂ ਸਨ ਇਸ ਲਈ ਉਨ੍ਹਾਂ ਨੇ ਬੈਲ ਤੇ ਦੂਜੇ ਜਾਨਵਰ ਖਾਣ ਲਈ ਕਤਲ ਕੀਤੇ ਅਤੇ ਜਦੋਂ ਮਾਸ ਪਕਾਉਣ ਲਈ ਲੱਕੜੀਆਂ ਨਹੀਂ ਸਨ ਤਾਂ ਮਾਸ ਕੱਚਾ ਹੀ ਖਾ ਲਿਆ । ਬਹੁਤ ਸਾਰੇ ਸਿੱਖ ਮਰੋੜਾਂ ਤੇ ਸਰੀਰਿਕ ਕਸ਼ਟਾਂ ਦੁਆਰਾ ਚਲਦੇ ਬਣੇ । ਜਦੋਂ ਸਾਰਾ ਸਾਹ ਮੁੱਕ ਗਿਆ ਉਹਨਾਂ ਨੇ ਦਰਖਤਾਂ ਦੇ ਪੱਤੇ ਇੱਕਠੇ ਕੀਤੇ, ਜਦੋਂ ਪੱਤੇ ਵੀ ਖਾਧੇ ਗਏ ਉਹਨਾਂ ਦਰੱਖਤਾਂ ਦੀ ਛਿੱਲ ਲਾਹੀ, ਛੋਟੀਆਂ ਛੋਟੀਆਂ ਟਾਹਣੀਆਂ ਨੂੰ ਪੀਸਿਆ ਤੇ ਆਟੇ ਦੀ ਥਾਂ ਵਰਤਿਆ ਇਸ ਤਰ੍ਹਾਂ ਉਹਨਾਂ ਨੇ ਪਸ਼ੂਆਂ ਦੀਆਂ ਹੱਢੀਆਂ ਵੀ ਇੱਕਠੀਆਂ ਕੀਤੀਆਂ ਅਤੇ ਉਹਨਾਂ ਨੂੰ ਵੀ ਉਸੇ ਤਰ੍ਹਾਂ ਵਰਤਿਆ । ਕੁਝ ਲੋਕ ਕਹਿੰਦੇ ਹਨ ਕਿ ਉਨ੍ਹਾਂ ਨੇ ਕੁਝ ਸਿੰਘਾਂ ਨੂੰ ਆਪਣੇ ਪੱਟਾਂ ਵਿਚਲੇ ਮਾਸ ਕੱਢ ਕੇ ਭੁੰਨ ਕੇ ਖਾਂਦਿਆਂ ਵੇਖਿਆ ।[91]

ਅੰਤ 7 ਦਸੰਬਰ 1715 ਨੂੰ ਬੁੱਧਵਾਰ ਦੇ ਦਿਨ ਅਬਦੁਸੱਮਦ ਖਾਨ ਨੇ, ਸਿੰਘਾਂ ਨੂੰ ਬਾਦਸ਼ਾਹ ਪਾਬ ਮੁਆਫ ਕਰ ਦੇਣ ਦੇ ਪ੍ਰਣ ਨਾਲ ਗੜ੍ਹੀ ਜੋ ਅਸਲ ਵਿਚ ਅਹਾਤਾ ਸੀ ਤੇ ਕਬਜਾ ਕਰ ਲਿਆ । ਅੰਦਰ ਵੜਦਿਆਂ ਹੀ 300 ਸਿੰਘਾਂ ਨੂੰ ਕਤਲ ਕਰ ਦਿੱਤਾ ਗਿਆ ਅਤੇ ਬੰਦਾ ਸਿੰਘ ਤੇ ਹੋਰ ਸਾਥੀਆਂ ਨੂੰ ਕੈਦ ਕਰ ਲਿਆ ਗਿਆ । ਮਾਰੇ ਗਏ ਸਿੰਘਾਂ ਦੇ ਢਿੱਡ ਚੀਰ ਕੇ ਵੇਖੇ ਗਏ ਅਤੇ ਉਹਨਾਂ ਦੇ ਸਿਰ ਨੇਜਿਆਂ ਤੇ ਟੰਗੇ ਗਏ । ਇਸ ਫਤਿਹ ਦੀ ਖਬਰ ਬਾਦਸ਼ਾਹ ਨੂੰ 22 ਦਸੰਬਰ 1715 ਈ. ਨੂੰ ਮਿਲੀ । ਸਿੰਘਾਂ ਤੋਂ ਜੋ ਸਮਾਨ ਮਿਲਿਆ ਉਹਨਾਂ ਵਿਚ 1000

ਤਲਵਾਰਾਂ, 278 ਢਾਲਾਂ 173 ਤੀਰ ਕਮਾਨ, 180 ਬੰਦੂਕਾਂ, 114 ਜਮਦਾੜ 271 ਕਰਦਾਂ । ਇਸ ਤੋਂ ਪਤਾ ਲਗਦਾ ਹੈ ਕਿ ਸਿੱਖ ਇੰਨੇ ਘੱਟ ਹਥਿਆਰਾਂ ਨਾਲ ਵੀ ਜਾਨ ਤੋੜ ਕੇ ਲੜੇ ਤੇ ਫਿਰ ਵੀ ਮੁਗਲ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ । ਬੰਦਾ ਬਹਾਦਰ ਨੂੰ ਗ੍ਰਿਫਤਾਰ ਕਰ ਲਿਆ ਗਿਆ ।

**ਲਹੌਰ ਵਿਚ ਜਲੂਸ ਅਤੇ ਦਿੱਲੀ ਵਿਚ ਸ਼ਹਾਦਤ**

ਅਬਦੁਸਮਦ ਖਾਂ ਬੰਦਾ ਬਹਾਦਰ ਅਤੇ ਉਸ ਦੇ ਸਾਥੀਆਂ ਨੂੰ ਲਹੌਰ ਲੈ ਕੇ ਆਇਆ ਅਤੇ ਨਿਰਾਦਰੀ ਨਾਲ ਗਲ਼ੀਆਂ ਵਿਚ ਫੇਰਿਆ ਗਿਆ। ਉਸ ਨੂੰ ਕਰਾਮਾਤੀ ਸ਼ਕਤੀਆਂ ਦਾ ਮਾਲਕ ਹੋਣ ਦੇ ਭਰਮ ਵਿਚ ਪਿੰਜਰੇ ਵਿਚ ਬੰਦ ਕਰਨ ਦੇ ਹੁਕਮ ਦਿੱਤੇ ਗਏ । ਮੁਹੰਮਦ ਅਮੀਨ ਖਾਨ ਪਿੰਜਰੇ ਵਿਚ ਉਸ ਦੇ ਪਿਛੇ ਤਲਵਾਰ ਲੈਕੇ ਖੜ੍ਹਾ ਹੋ ਗਿਆ । ਜ਼ਕਰੀਆ ਖਾਂ ਨੇ 200ਤੋਂ ਵੱਧ ਸਿੱਖਾਂ ਦੀ ਗਿਣਤੀ ਵਿਚ ਸਿੱਖ ਸੰਗਲਾਂ ਨਾਲ ਬੰਨੇ। 740 ਕੈਦੀਆਂ ਦੀ ਗਿਣਤੀ ਅਤੇ 2000 ਨੇਜਿਆਂ ਤੇ ਟੰਗੇ ਹੋਏ ਸਿਰਾਂ ਦੀ ਗਿਣਤੀ ਵਿੱਚ ਅਤੇ 700 ਗੱਡੇ ਸਿੱਖਾਂ ਦੇ ਸਿਰਾਂ ਨਾਲ ਲੱਦ ਕੇ ਬਾਦਸ਼ਾਹ ਦੀ ਨਜ਼ਰ ਪੇਸ਼ ਕੀਤੇ । ਬੰਦਾ ਸਿੰਘ ਦੇ ਮਜ਼ਾਕ ਉਡਾਉਣ ਲਈ ਲਾਲ ਰੰਗ ਦੀ ਪੁਸ਼ਾਕ ਅਤੇ ਸੋਨੇ ਦੀ ਕਢਾਈ ਵਾਲੀ ਪੱਗ ਪਾਈ ਗਈ । ਸਿੰਘ ਬਗੈਰ ਕਾਠੀਓਂ ਊਠਾਂ ਤੇ ਬੰਨ ਕੇ ਲਿਜਾਏ ਗਏ । ਉਹਨਾਂ ਨੂੰ ਭੇਡਾਂ ਦੀ ਖੱਲ ਵਾਲੀਆਂ ਟੋਪੀਆਂ ਪਾਈਆਂ ਗਈਆਂ । ਲੋਹੇ ਦੇ ਕਿੱਲਾਂ ਨਾਲ ਜੜੇ ਹੋਏ ਲੱਕੜ ਦੇ ਦੋ ਟੁਕੜਿਆਂ ਵਿਚ ਗਰਦਨਾ ਫਸਾਈਆਂ ਗਈਆਂ । ਦਰਦਨਾਕ ਤਰੀਕੇ ਨਾਲ ਮਜਾਕ ਉੜਾਉਂਦੇ ਸਿੰਘਾਂ ਦਾ ਜਲੂਸ ਕੱਢਿਆ ਗਿਆ । ਸਿੱਖਾਂ ਦੇ ਚਿਹਰਿਆਂ ਤੇ ਫਿਰ ਵੀ ਸ਼ਹਾਦਤਾਂ ਦੀ ਖੁਸ਼ੀ ਦੇ ਚਿੰਨ੍ਹ ਦਿਸ ਰਹੇ ਸਨ ਅਤੇ ਉਹ ਸ਼ਹਾਦਤ ਦੇਣ ਲਈ ਤਿਆਰ ਬਰ ਤਿਆਰ ਸਨ । 10 ਮਾਰਚ 1716 ਈ. ਨੂੰ ਬੰਦਾ ਸਿੰਘ ਬਹਾਦਰ ਅਤੇ ਉਸਦੇ 17 ਅਹਿਲਕਾਰਾਂ ਨੂੰ ਕਿਲੇ ਵਿਚ ਕੈਦ ਕਰ ਲਿਆ ਗਿਆ । 9 ਜੂਨ ਨੂੰ ਬੰਦਾ ਸਿੰਘ ਅਤੇ ਉਸਦੇ ਪੁੱਤਰ ਅਜੈ ਸਿੰਘ, ਸਰਦਾਰ ਬਾਜ ਸਿੰਘ, ਭਾਈ ਫਤਿਹ ਸਿੰਘ, ਆਲੀ ਸਿੰਘ, ਬਖਸ਼ੀ ਗੁਲਾਬ ਸਿੰਘ ਜੋ ਦਿੱਲੀ ਵਿਖੇ ਕੈਦ ਸਨ ਉਹਨਾਂ ਨੂੰ ਜਲੂਸ ਦੇ ਰੂਪ ਵਿਚ ਬਾਹਰ ਕੱਢਿਆ ਗਿਆ । ਉਹਨਾਂ ਨੂੰ ਪੁਰਾਣੇ ਸ਼ਹਿਰ ਦੀਆਂ ਗਲ਼ੀਆਂ ਵਿਚ ਕੁਤਬ ਮੀਨਾਰ ਦੇ ਲਾਗੇ

ਖੁਆਜਾ ਕੁਤਬਦੀਨ ਬਖਤਿਆਰ ਕਾਕੀ ਦੇ ਰੋਜ਼ੇ ਪਾਸ ਪਹੁੰਚਾਇਆ ਗਿਆ ਅਤੇ ਬਾਦਸ਼ਾਹ ਬਹਾਦਰਸ਼ਾਹ ਦੀ ਕਬਰ ਦੀ ਪਰਿਕਰਮਾ ਕਰਵਾਈ ਗਈ । ਬੰਦਾ ਸਿੰਘ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਪਰ ਉਸਨੇ ਇਕ ਸਿਦਕੀ ਸਿੱਖ ਵਾਂਗ ਜਾਨ ਕੁਰਬਾਨ ਕਰਨੀ ਪ੍ਰਵਾਨ ਕਰ ਲਈ ਧਰਮ ਤੋਂ ਨਹੀਂ ਡੋਲਿਆ । ਬੰਦਾ ਸਿੰਘ ਨੂੰ ਉਸ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰਨ ਲਈ ਕਿਹਾ ਗਿਆ ਉਸ ਦੇ ਨਾਹ ਕਰਨ ਤੇ ਜੱਲਾਦ ਨੇ ਅਜੈ ਸਿੰਘ ਦੇ ਟੁਕੜੇ-ਟੁਕੜੇ ਕਰ ਦਿੱਤੇ ਅਤੇ ਉਸਦਾ ਤੜਫਦਾ ਦਿਲ ਬੰਦਾ ਸਿੰਘ ਦੇ ਮੂੰਹ ਵਿਚ ਪਾਇਆ। ਡਾ: ਗੰਡਾ ਸਿੰਘ ਬਿਆਨ ਕਰਦੇ ਹਨ ਕਿ ਉਸ ਨੂੰ ਸ਼ਹੀਦ ਕਰਨ ਲਈ ਉਸ ਦੀ ਸਭ ਤੋਂ ਪਹਿਲਾਂ ਸੱਜੀ ਅੱਖ ਕੱਢੀ ਗਈ । ਫਿਰ ਖੱਬੀ, ਫਿਰ ਖੱਬਾ ਪੈਰ ਵੱਢਿਆ ਗਿਆ, ਉਸ ਦੇ ਹੱਥ ਉਸ ਦੇ ਪਿਛੇ ਵੱਢ ਕੇ ਰੱਖ ਦਿੱਤੇ । ਭਖਦੇ ਲਾਲ ਗਰਮ ਲੋਹੇ ਦਿਆਂ ਚਿਮਟਿਆਂ ਨਾਲ ਉਸ ਦੇ ਪਿੰਡੇ ਦਾ ਮਾਸ ਨੋਚਿਆ ਗਿਆ ਅਤੇ ਅੰਤ ਉਸ ਦਾ ਸਿਰ ਵੱਢ ਦਿੱਤਾ ਗਿਆ । ਇਸ ਪ੍ਰਕਾਰ ਬਾਕੀ ਸਿੰਘਾਂ ਦਾ ਵੀ ਕਤਲ ਕਰ ਦਿੱਤਾ ਗਿਆ । ਬੰਦਾ ਸਿੰਘ ਦੀ ਸ਼ਹਾਦਤ ਸਿੱਖ ਇਤਿਹਾਸ ਵਿਚ ਅਤਿ ਮਹੱਤਵਪੂਰਨ ਸ਼ਹਾਦਤ ਹੈ ਜਿਸ ਨੇ ਪੰਜਾਬ ਦੀ ਰਾਜਨੀਤੀ ਤੇ ਸਮਾਜਿਕ ਆਰਥਿਕ ਬਦਲਾਵ ਦਾ ਬੀੜਾ ਚੁੱਕਿਆ ਸੀ । ਬੰਦਾ ਸਿੰਘ ਦੀ ਸ਼ਹਾਦਤ ਪਿੱਛੋਂ ਸਿੱਖ ਕੌਮ ਦੀ ਵਾਗਡੋਰ ਸੰਭਾਲਣ ਵਾਲਾ ਕੋਈ ਆਗੂ ਨਾ ਰਿਹਾ। ਸਿੱਖ ਕੌਮ ਲਈ ਇਹ ਬਹੁਤ ਹੀ ਮੁਸੀਬਤਾਂ ਭਰਿਆ ਸਮਾਂ ਸੀ। ਇਸ ਸਮੇਂ ਦੀਆਂ ਦੋ ਪ੍ਰਮੁੱਖ ਘਟਨਾਵਾਂ ਛੋਟਾ ਅਤੇ ਵੱਡਾ ਘੱਲੂਘਾਰਾ ਹਨ ਜੋ ਸਿੱਖ ਕੌਮ ਦੀਆਂ ਸ਼ਹਾਦਤਾਂ ਦਾ ਅਜਿਹਾ ਦਸਤਾਵੇਜ਼ ਹੈ ਜੋ ਵਿਸ਼ਵ ਧਰਮਾਂ ਦੇ ਇਤਿਹਾਸ ਵਿੱਚ ਸਬੂਤ ਪੇਸ਼ ਕਰਦਾ ਹੈ ਕਿ ਸਿੱਖ ਕੌਮ ਨੇ ਮੁਗਲਾਂ ਅਤੇ ਅਫਗਾਨਾਂ ਦਾ ਕੋਈ ਵੀ ਅਜਿਹਾ ਅਣਮਨੁੱਖੀ ਅਤਿਆਚਾਰ ਨਹੀਂ ਜੋ ਸਹਿਆ ਨਾ ਹੋਵੇ।

### 4.3 **ਉੱਤਰ ਬੰਦਾ ਸਿੰਘ ਬਹਾਦਰ ਕਾਲ** 1716 -1765

ਉੱਤਰ ਬੰਦਾ ਸਿੰਘ ਬਹਾਦਰ ਕਾਲ ਸਿੱਖ ਇਤਿਹਾਸ ਵਿਚ ਅਜਿਹਾ ਕਾਲ ਹੈ ਜਦੋਂ ਸਿੱਖਾਂ ਨੇ ਮੁਗਲਾਂ ਦੇ ਅੱਤਿਆਚਾਰ ਝੱਲੇ ਅਤੇ ਅਫ਼ਗਾਨ ਹਮਲਿਆਂ ਦਾ ਮੂੰਹ ਤੋੜ ਜਵਾਬ ਦਿੱਤਾ । ਇਹ ਸਮਾਂ ਸਿੱਖਾਂ ਨੂੰ ਮੁਢੋਂ ਹੀ ਮੁਕਾ ਦੇਣ ਦੀ ਨੀਤੀ ਦਾ ਸਮਾਂ ਹੈ । ਮੁਗਲਾਂ ਨੇ ਸਿੱਖਾਂ

ਨੂੰ ਮਾਰ ਮੁਕਾਉਣ ਲਈ ਲਾਹੌਰ ਦੇ ਉਸ ਗਵਰਨਰ ਨੂੰ ਨਿਯੁਕਤ ਕੀਤਾ ਜੋ ਸਭ ਤੋਂ ਵੱਧ ਅੱਤਿਆਚਾਰੀ ਅਤੇ ਸਖ਼ਤ ਕਾਰਵਾਈ ਕਰਨ ਵਾਲਾ ਹੁੰਦਾ । ਇਹ ਗਵਰਨਰ ਦਿੱਲੀ ਦੇ ਬਾਦਸ਼ਾਹ ਨੂੰ ਖੁਸ਼ ਕਰਨ ਲਈ ਸਿੱਖਾਂ ਤੇ ਵੱਧ ਤੋਂ ਵੱਧ ਜ਼ੁਲਮ ਕਰਦਾ ਤਾਂ ਕਿ ਸਿੱਖਾਂ ਦੀ ਵਧਦੀ ਹੋਈ ਸ਼ਕਤੀ ਨੂੰ ਦਬਾਇਆ ਜਾ ਸਕੇ । 1716 ਵਿਚ ਫਰੁੱਖਸੀਅਰ ਦਿੱਲੀ ਦਾ ਬਾਦਸ਼ਾਹ ਅਤੇ ਪੰਜਾਬ ਵਿਚ ਲਾਹੌਰ ਦਾ ਗਵਰਨਰ ਅਬਦੁਸ-ਸਮਦ ਖਾਂ ਨਿਯੁਕਤ ਕੀਤਾ ਗਿਆ । ਉਸ ਨੇ ਗਵਰਨਰ ਬਣਦਿਆਂ ਹੀ ਸਿੱਖਾਂ ਉਪਰ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ । ਇਸ ਸਮੇਂ ਸਿੱਖਾਂ ਨੂੰ ਆਪਣੇ ਘਰ ਤਿਆਗ ਕੇ ਜੰਗਲਾਂ ਪਹਾੜਾਂ ਅਤੇ ਰੇਗਿਸਤਾਨਾ ਵਿਚ ਜਾਣਾ ਪਿਆ । ਸਿੱਖ ਬੀਕਾਨੇਰ ਰਾਜਪੁਤਾਨਾ ਦੇ ਇਲਾਕੇ ਵਲ ਚਲੇ ਗਏ ਜਿੱਥੇ ਉਹਨਾਂ ਨੂੰ ਰੁੱਖੀ ਮਿਸੀ ਖਾ ਕੇ ਗੁਜਾਰਾ ਕਰਨਾ ਪਿਆ । ਉਹਨਾਂ ਨੂੰ ਅਜਿਹੀਆਂ ਥਾਵਾਂ ਉਪਰ ਰਹਿਣਾਂ ਪਿਆ ਜਿਥੇ ਨਾਂ ਪਾਣੀ ਸੀ ਅਤੇ ਨਾ ਰੋਜ਼ੀ-ਰੋਟੀ ਦਾ ਕੋਈ ਸਾਧਨ । ਸਿੱਖਾਂ ਦਾ ਜੀਵਨ ਜਾਨਵਰਾਂ ਨਾਲੋਂ ਵੀ ਭੈੜਾ ਹੋ ਗਿਆ । ਪਰ ਸਿੱਖਾਂ ਦੇ ਮਨਾ ਵਿਚ ਬੰਦਾ ਸਿੰਘ ਵੱਲੋਂ ਪ੍ਰਾਪਤ ਕੀਤੀਆਂ ਜਿੱਤਾਂ ਨੇ ਤਾਕਤ ਭਰ ਦਿੱਤੀ ਸੀ ਉਹ ਗੁਰੂ ਦੀ ਕਿਰਪਾ ਨਾਲ ਕਦੇ ਨਾ ਕਦੇ ਪੰਜਾਬ ਦੇ ਰਾਜ-ਭਾਗ ਦੇ ਮਾਲਿਕ ਜ਼ਰੂਰ ਬਣਨਗੇ ਭਾਵੇਂ ਉਹਨਾਂ ਨੂੰ ਅਣਗਿਣਤ ਸ਼ਹਾਦਤਾਂ ਕਿਉਂ ਨਾ ਦੇਣੀਆਂ ਪੈਣ । ਡਾਹਡੇ ਮਾੜੇ ਸਮੇਂ ਵਿਚ ਜਦੋਂ ਸਿੱਖਾਂ ਦੇ ਸਿਰਾਂ ਦੇ ਮੁਲ ਪਾਏ ਗਏ ਸਿੱਖ ਉਸ ਸਮੇਂ ਵੀ ਚੜ੍ਹਦੀ ਕਲਾ ਵਿੱਚ ਰਹਿਕੇ ਗੁਰੂ ਦੇ ਭਾਣੇ ਵਿਚ ਰਹਿੰਦੇ । ਇਸ ਸਮੇਂ ਸਿੱਖਾਂ ਦੀ ਇੱਛਾ ਸ਼ਕਤੀ ਵਿਚ ਹੋਰ ਵੀ ਵਾਧਾ ਹੋ ਗਿਆ ਅਤੇ ਹਰ ਮੁਸੀਬਤ ਨੂੰ ਹੱਸ ਕੇ ਸਹਿਣ ਦੀ ਪ੍ਰੇਰਣਾ ਜਗਾਈ । ਇਸ ਸਮੇਂ ਸਿੱਖਾਂ ਕੋਲੋਂ ਸਮਾਜ ਦੇ ਨਾਗਰਿਕ ਹੋਣ ਦੇ ਸਾਰੇ ਹੱਕ ਖੋਹ ਲਏ ਗਏ ਜਿਸ ਕਾਰਨ ਉਹਨਾਂ ਨੂੰ ਲੁੱਟਮਾਰ ਦਾ ਰਸਤਾ ਅਪਣਾਉਣਾ ਪਿਆ । ਇਹ ਕੰਮ ਸਿੱਖੀ ਦੇ ਕਿਰਦਾਰ ਦਾ ਹਿੱਸਾ ਨਹੀਂ ਸੀ ਸਗੋਂ ਮੁਗਲ ਹਕੂਮਤ ਦੁਆਰਾ ਕੀਤੇ ਅੱਤਿਆਚਾਰਾਂ ਦਾ ਨਤੀਜਾ ਸੀ । ਜਦੋਂ ਕੋਈ ਸਿੱਖ ਕਾਬੂ ਆ ਜਾਂਦਾ ਤਾਂ ਉਸ ਉਪਰ ਵੱਧ ਤੋਂ ਵੱਧ ਅੱਤਿਆਚਾਰ ਕੀਤੇ ਜਾਂਦੇ । History of the Sikhs M. Gregor ਲਿਖਦੇ ਹਨ ਕਿ ਸਿੱਖਾਂ ਦੇ ਪਰਿਵਾਰਾਂ ਨੂੰ ਵੀ ਤਸੀਹੇ ਦੇ ਕੇ ਮਾਰ ਦਿੱਤਾ ਜਾਂਦਾ । ਸਿੱਖਾਂ ਦੀ ਪਹਿਚਾਣ ਦਾੜ੍ਹੀ, ਮੁੱਛਾਂ ਮੁਨਾਉਣ ਦੇ

ਹੁਕਮ ਦੇ ਦਿੱਤੇ ਗਏ । ਜਿਸ ਦੇ ਨਾਂ ਨਾਲ ਸਿੰਘ ਜੁੜਦਾ ਸੀ ਉਸ ਲਈ ਮੌਤ ਲਾਜ਼ਮੀ ਸੀ । ਇਸ ਪ੍ਰਸੰਗ ਵਿੱਚ ਡਾ: ਹਰੀ ਰਾਮ ਗੁਪਤਾ ਦਾ ਕਹਿਣਾ ਹੈ:

> ਹਰ ਆਦਮੀ ਜਿਸ ਦੇ ਨਾਂ ਨਾਲ ਸਿੰਘ ਜੁੜਿਆ ਹੁੰਦਾ ਉਸ ਨੂੰ ਖਤਮ ਕਰ ਦੇਣ ਦੇ ਹੁਕਮ ਦੇ ਦਿੱਤੇ ਗਏ ਜੇ ਕੋਈ ਸਿੱਖ ਇਸਲਾਮ ਕਬੂਲ ਨਹੀਂ ਸੀ ਕਰਦਾ ਉਸ ਨੂੰ ਮਾਰ ਦਿੱਤਾ ਜਾਂਦਾ ਸੀ । ਹਰ ਸਿੱਖ ਦੇ ਸਿਰ ਦਾ ਮੁੱਲ 25 ਰੁ. ਅਤੇ ਜਿਉਂਦੇ ਸਿੱਖ ਨੂੰ ਫੜ ਕੇ ਲਿਆਉਣ ਦੇ 1●● ਰੁ. ਨਿਯਤ ਕੀਤੇ ਗਏ ।[92]

ਇਸ ਪ੍ਰਸੰਗ ਵਿੱਚ ਰਤਨ ਸਿੰਘ ਭੰਗੂ ਬਿਆਨ ਕਰਦੇ ਹਨ:

> ਦੱਸਣ ਵਾਲੇ ਦਸ ਰੁ. ਔਰ।।
> ਮਾਰਨ ਵਾਲੇ ਪਚਾਸ।।
> ਯਹ ਲਾਲਚ ਤੁਰਕਨ ਦਯੋ।।
> ਤਬ ਬਨ ਸਿੰਘਨ ਭਯੋ ਨਾਸ।।[93]

ਸਿੱਖਾਂ ਨੂੰ ਆਪਣੇ ਘਰ-ਪਰਿਵਾਰ ਵਿਚ ਰਹਿਣਾਂ ਨਸੀਬ ਨਹੀਂ ਸੀ । ਭੁੱਖੇ ਪਿਆਸੇ ਜੰਗਲਾਂ ਦੀ ਭਟਕਣ ਅਤੇ ਮਾਰੇ ਜਾਣ ਦਾ ਡਰ ਹੁੰਦਾ ਪਰ ਸਿੱਖਾਂ ਦੀ ਮਾਨਸਿਕਤਾ ਵਿਚ ਮੁਗਲ ਹਕੂਮਤ ਨਾਲ ਟੱਕਰ ਲੈਣ ਦੀ ਬਿਰਤੀ ਰਹੀ । ਇਸ ਪ੍ਰਸੰਗ ਵਿੱਚ ਰਤਨ ਸਿੰਘ ਭੰਗੂ ਲਿਖਦੇ ਹਨ:

> ਨਾਹਿ ਜ਼ਖੀਰੋ ਸਿੰਘਨ ਪਾਸ।।
> ਸ਼ਸਤਰ ਬਸਤਰ ਹੀਨ ਸੁ ਖਾਸ।।
> ਨਾਗੇ ਖਰੇ ਔਰ ਭੂਖ ਪਿਆਸੇ।।
> ਦਾਰੂ ਸਿਕਾ ਨਹਿ ਕਛੁ ਪਾਸੇ।।
> ਹਾਟ ਪਟਨ ਬਜ਼ਾਰ ਸੁ ਨਾਹੀ।।
> ਰੋਗੀ ਔਖਧ ਬਿਨ ਮਰ ਜਾਦੀ।।

ਗੁਰਬਚਨ ਕੀ ਉਨ ਕੋ ਆਸ॥

ਯਹੀ ਖਜਾਨੋ ਉਨ ਕੇ ਪਾਸ॥[94]

ਸਿੱਖਾਂ ਨੂੰ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਮੁਗਲ ਹਕੂਮਤ ਹੱਥੋਂ ਮਰਵਾਉਣ ਵਾਲੇ ਆਪਣੇ ਹੀ ਦੇਸ਼ ਦੇ ਹਿੰਦੂ ਮੁਖਬਰ ਸਨ ਜਿਨ੍ਹਾਂ ਵਿਚ ਚੌਧਰੀ ਛੀਨਿਆ ਦਾ ਚੌਧਰੀ ਕਰਮਾ ਤਲਵੰਡੀ ਦਾ ਚੌਧਰੀ ਰਾਮਾ ਰੰਧਾਵਾ, ਚੌਧਰੀ ਚਰਨ ਦਾਸ ਟੋਪੀ, ਜੰਡਿਆਲੇ ਦਾ ਹਰਿਭਗਤ ਨਿਰੰਜਨੀਆਂ, ਸਰਨਦਾਸ ਹੰਦਾਲੀਆ, ਨੌਸ਼ਿਹਰੇ ਢਾਲੇ ਦਾ ਚੌਧਰੀ ਸਾਹਿਬ ਰਾਏ ਆਦਿ ਸਿੱਖਾਂ ਨੂੰ ਫੜਾ ਕੇ ਮੁਗਲ ਹਕੂਮਤ ਕੋਲੋਂ ਜਗੀਰਾਂ ਹਾਸਿਲ ਕਰ ਰਹੇ ਸਨ। ਜਿਥੇ ਇਸ ਸਮੇਂ ਸਿੱਖਾਂ ਨੂੰ ਫੜ੍ਹਾ ਕੇ ਜਗੀਰਾਂ ਹਾਸਿਲ ਕੀਤੀਆਂ ਜਾ ਰਹੀਆਂ ਸਨ ਉਥੇ ਇਸ ਸਮੇਂ ਸਿੱਖਾਂ ਦੇ ਮਨਾਂ ਵਿਚ ਅਤਿਅੰਤ ਵੇਗ ਜ਼ੋਸ ਦੀ ਭਾਵਨਾ ਪ੍ਰਬਲ ਹੋ ਗਈ ਸੀ । ਉਹਨਾਂ ਨੇ ਦੁੱਖਾਂ ਵਿਚ ਵੀ ਚੜ੍ਹਦੀ ਕਲ੍ਹਾ ਵਿਚ ਰਹਿਣਾ ਸਿੱਖ ਲਿਆ ਸੀ । ਇਸ ਭੈੜੀ ਹਾਲਤ ਵਿਚ ਵੀ ਉਹਨਾਂ ਨੇ ਖੁਸ਼ ਰਹਿਣ ਦਾ ਜ਼ਰੀਆ ਨਵੀਂ ਸ਼ਬਦਾਵਲੀ ਘੜਕੇ ਬਣਾ ਲਿਆ ਸੀ । ਇਸ ਸਮੇਂ ਵਿਚ ਕਈ ਨਵੀਆਂ ਪਰੰਪਰਾਵਾਂ ਪੈਦਾ ਹੈ ਗਈਆਂ ਸਨ । ਇਸ ਪ੍ਰਸੰਗ ਵਿੱਚ ਡਾ: ਸੁਖਦਿਆਲ ਸਿੰਘ ਦੀ ਰਾਏ ਪ੍ਰਸੰਗਿਕ ਹੈ:

> ਇਨ੍ਹਾ ਪਰੰਪਰਾਵਾਂ ਨੇ ਸਿੱਖਾਂ ਦੀ ਇੱਛਾ ਸ਼ਕਤੀ ਵਿਚ ਪ੍ਰੇਰਣਾ - ਯੋਗ ਵਾਧਾ ਕੀਤਾ । ਇਨ੍ਹਾਂ ਪਰੰਪਰਾਵਾਂ ਨੇ ਸਿੱਖਾਂ ਦੀ ਬੋਲਚਾਲ ਵਿਚ ਨਵੀਂ ਸ਼ਬਦਾਵਲੀ ਜੋੜੀ । ਇਹ ਸ਼ਬਦਾਵਲੀ ਦਲੇਰ ਮਰਦਾਂ ਵਾਲੀ ਚੜ੍ਹਦੀ ਕਲਾ ਦੇ ਅਹਿਸਾਸ ਵਾਲੀ ਅਤੇ ਦੁੱਖ ਤਕਲੀਫ਼ ਨੂੰ ਹੱਸ ਕੇ ਸਹਿਣ ਦੀ ਪ੍ਰੇਰਣਾ ਦੇਣ ਵਾਲੀ ਸੀ।[95]

ਇਸ ਸਮੇਂ ਜਿਥੇ ਸਿੱਖ ਮੁਗਲਾਂ ਦੇ ਅੱਤਿਆਚਾਰ ਸਹਿ ਰਹੇ ਸਨ ਉਥੇ ਉਹਨਾਂ ਲਈ ਗੁਰਧਾਮਾਂ ਦੀ ਸੁਰੱਖਿਆ ਕਾਇਮ ਰੱਖਣਾ ਵੀ ਜ਼ਰੂਰੀ ਸੀ । ਭਾਈ ਮਨੀ ਸਿੰਘ 172● ਵਿਚ ਅੰਮ੍ਰਿਤਸਰ ਵਿਖੇ ਸਿੱਖਾਂ ਦੀ ਸ਼ਕਤੀ ਨੂੰ ਇਕਮੁੱਠ ਕਰਨ ਲਈ ਅਤੇ 'ਰੂਪੋਸ਼ ਖਾਲਸੇ' ਵਿਚ ਸਮਝੋਤਾ ਕਰਵਾਇਆ । ਸਿੱਖਾਂ ਦੇ ਸੰਗਠਨ ਨੂੰ ਕਾਇਮ ਹੁੰਦਾ ਵੇਖ ਕੇ 1726 ਵਿਚ ਅਬਦੁਲ

ਸਮਦ ਖਾਂ ਨੂੰ ਮੁਲਤਾਨ ਦਾ ਗਵਰਨਰ ਅਤੇ ਜ਼ਕਰੀਆ ਖਾਨ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕਰ ਦਿੱਤਾ ਗਿਆ । ਜ਼ਕਰੀਆ ਖਾਨ ਨੇ ਵੀ ਸਿੱਖਾਂ ਉਪਰ ਘੱਟ ਜ਼ੁਲਮ ਨਹੀਂ ਕੀਤੇ । ਉਸ ਨੇ ਵੀ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ। ਸਿੱਖਾਂ ਦੇ ਪਰਿਵਾਰਾਂ ਨੂੰ ਤੰਗ ਕੀਤਾ। ਉਹਨਾਂ ਦੀਆਂ ਖੇਤੀਆਂ ਉਜਾੜ ਦਿੱਤੀਆਂ ਗਈਆਂ । ਕੁਝ ਇਤਿਹਾਸਕਾਰ ਇਹ ਮੰਨਦੇ ਹਨ ਕਿ ਇਸ ਸਮੇਂ ਸਿੱਖਾਂ ਦੀ ਕੋਈ ਕਾਰਵਾਈ ਨਜ਼ਰ ਨਹੀਂ ਆਉਂਦੀ ਪਰ ਰਤਨ ਸਿੰਘ ਭੰਗੂ ਦੀ ਲਿਖਤ ਪ੍ਰਚੀਨ ਪੰਥ ਪ੍ਰਕਾਸ਼ ਅਤੇ ਪੰਥ ਪ੍ਰਕਾਸ਼ ਇਸ ਗੱਲ ਦੀ ਗਵਾਹੀ ਦਿੰਦੀ ਹੈ ਕਿ ਬਹੁਤ ਸਾਰੇ ਸ਼ਹੀਦ ਇਸ ਸਮੇਂ ਹੋਏ ਜਦੋਂ ਸਿੱਖਾਂ ਨੂੰ ਬਾਹਰ ਜੰਗਲਾਂ, ਪਹਾੜਾਂ ਅਤੇ ਰੇਗਿਸਤਾਨਾ ਵਿਚ ਜਾਣਾ ਪਿਆ ਪਿਛੋਂ ਉਹਨਾਂ ਦੇ ਹਮਦਰਦ ਸਾਥੀਆਂ ਨੂੰ ਸਖ਼ਤ ਤੋਂ ਸਖ਼ਤ ਸਜਾਵਾਂ ਦੇ ਕੇ ਸ਼ਹੀਦ ਕੀਤਾ ਗਿਆ ।

ਸ਼ਹਿਦ ਤਾਰਾ ਸਿੰਘ ਵਾਂ-

ਤਾਰਾ ਸਿੰਘ ਮਾਝੇ ਦੇ ਇਲਾਕੇ ਦੇ ਵਾਂ ਪਿੰਡ ਦਾ ਰਹਿਣ ਵਾਲਾ ਸਿੱਖ ਸੀ । ਕਿਰਤ ਕਰਨਾ ਅਤੇ ਲੰਗਰ ਦੀ ਸੇਵਾ ਕਰਨਾ ਉਸ ਦਾ ਧਰਮ ਸੀ । ਲੋਕ ਭਲਾਈ ਦੇ ਕੰਮ ਅਤੇ ਧਾਰਮਿਕ ਵਿਅਕਤਿਤਵ ਦਲੇਰੀ ਦੇ ਗੁਣ ਹੋਣ ਕਾਰਨ ਸਾਰੇ ਸਿੱਖਾਂ ਦਾ ਹਰਮਨ ਪਿਆਰਾ ਸੀ । ਹਰ ਮੁਸੀਬਤ ਵਿਚ ਸਿੱਖ ਭਰਾਵਾਂ ਦੀ ਮਦਦ ਕਰਨਾ ਆਪਣਾ ਫਰਜ਼ ਸਮਝਦਾ ਸੀ ਨੌਸ਼ਿਹਰੇ ਦੇ ਚੌਧਰੀ ਸਾਹਿਬ ਰਾਏ ਨੇ ਕਿਸਾਨਾ ਦੇ ਖੇਤਾਂ ਵਿਚ ਡੰਗਰ ਛੱਡ ਕੇ ਤੰਗ ਕਰਨਾ ਆਪਣਾ ਕਿੱਤਾ ਬਣਾ ਲਿਆ ਸੀ । ਇਸ ਗੱਲ ਤੇ ਸਾਹਿਬ ਰਾਏ ਅਤੇ ਤਾਰਾ ਸਿੰਘ ਵਿਚ ਝਗੜਾ ਹੋ ਗਿਆ । ਸਾਹਿਬ ਰਾਏ ਨੇ ਤਾਰਾ ਸਿੰਘ ਨੂੰ ਸਿੱਖੀ ਦੇ ਖਿਲਾਫ਼ ਸ਼ਬਦ ਕਹੇ । ਤਾਰਾ ਸਿੰਘ ਅਤੇ ਕੁਝ ਸਿੱਖਾਂ ਨੇ ਸਾਹਿਬ ਰਾਏ ਦੀ ਘੋੜੀ ਵੇਚ ਦਿੱਤੀ ਅਤੇ ਪੈਸੇ ਲੰਗਰ ਦੀ ਸੇਵਾ ਵਿਚ ਪਾ ਦਿੱਤੇ । ਇਸ ਗੁੱਸੇ ਵਿਚ ਸਾਹਿਬ ਰਾਏ ਨੇ ਪੱਟੀ ਦੇ ਫੌਜਦਾਰ ਜਾਫ਼ਰ ਬੇਗ ਨੂੰ ਮਾਮਲੇ ਦੀ ਰਿਪਰੋਟ ਭੇਜੀ ਜਾਫ਼ਰ ਬੇਗ ਨੇ 25 ਘੋੜ ਸਵਾਰ ਅਤੇ 8● ਪਿਆਦਾ ਸਿਪਾਹੀ ਤਾਰਾ ਸਿੰਘ ਵਿਰੁੱਧ ਭੇਜੇ । ਬਘੇਲ ਸਿੰਘ ਨੇ ਉਹਨਾਂ ਸਿਪਾਹੀਆਂ ਦੇ ਪਿੰਡ ਪੁੱਜਣ ਤੋਂ ਪਹਿਲਾਂ ਹੀ ਸਿੱਖਾਂ ਨੂੰ ਸੂਚਨਾ ਦੇ

ਦਿੱਤੀ । ਸਿੱਖ ਸੁਚੇਤ ਹੋ ਗਏ ਅਤੇ ਲੜਾਈ ਵਿਚ ਜਾਫ਼ਰ ਬੇਗ ਦਾ ਭਤੀਜਾ ਮਾਰਿਆ ਗਿਆ ।

ਇਸ ਪ੍ਰਸੰਗ ਵਿੱਚ ਡਾ. ਕਿਰਪਾਲ ਸਿੰਘ ਤਾਰਾ ਸਿੰਘ ਦੇ ਜਨਮ ਸੰਬੰਧੀ ਵਿਚਾਰ ਦਿੰਦੇ ਹਨ:

> Tara Singh was the elder son of Gurdas Singh of Van village in Majha. He was born about 1702 A.D.[96]

ਫੌਜਦਾਰ ਨੇ ਲਾਹੌਰ ਤੋਂ ਹੋਰ ਫੌਜ ਦੀ ਮੰਗ ਕੀਤੀ ਅਤੇ ਜ਼ਕਰੀਆ ਖਾਨ ਨੇ 22●● ਘੋੜ ਸਵਾਰ, 4● ਜਬੂੰਰਕ, 5 ਹਾਥੀ ਤੇ 4 ਰਹਿਕਲੇ ਆਪਣੇ ਨਾਇਬ ਮੋਮਨ ਖਾਨ ਦੀ ਕਮਾਨ ਥੱਲੇ ਭੇਜੇ । ਤਾਰਾ ਸਿੰਘ ਅਤੇ 22 ਸਿੱਖਾਂ ਵਿਰੁੱਧ ਏਨੀ ਫੌਜ ਭੇਜੀ ਗਈ । ਸੂਹੀਏ ਦੁਆਰਾ ਤਾਰਾ ਸਿੰਘ ਨੂੰ ਭੱਜ ਕੇ ਬਚਣ ਲਈ ਇਤਲਾਹ ਕੀਤੀ ਗਈ ਪਰ ਉਸਨੇ ਭੱਜਣਾ ਆਪਣੀ ਸਿੱਖੀ ਦੇ ਖਿਲਾਫ਼ ਅਤੇ ਕਾਇਰਤਾ ਜਾਣਿਆ ਰਤਨ ਸਿੰਘ ਭੰਗੂ ਲਿਖਦੇ ਹਨ–

ਜੋ ਤੁਮ ਕਹੀ ਸੋ ਭਲ ਕਹੀ॥<br>
ਹੈ ਯੋਂ ਹੀ ਸਚ ਬਾਤ॥<br>
ਹਮ ਸ਼ਹੀਦੀ ਚਿਤ ਧਰੀ॥<br>
ਹਮ ਨਠ ਨਹ ਕਿਤ ਜਾਤ॥<br>
ਤਾਰੈ ਸਿੰਘ ਜੀ ਉਸ ਕਹਨੋ॥<br>
ਸ਼ਾਬਾਸ ਭਾਈ ਜੀ ਤੋਹਿ॥<br>
ਅਬ ਹਮ ਨਠ ਕੈ ਕਿਤ ਲੁਕੈਂ॥<br>
ਹਮ ਸ਼ਹੀਦ ਈਹਾਂ ਹੀ ਹੋਹਿਂ॥[97]

ਤਾਰਾ ਸਿੰਘ ਨੇ 22 ਸਿੰਘਾਂ ਸਮੇਤ ਸ਼ਹੀਦੀ ਜਾਮ ਪੀ ਲਿਆ ਅਬਦੁਸ ਸਮਦ ਖਾਂ ਦੀ ਤਰ੍ਹਾਂ ਜ਼ਕਰੀਆ ਖਾਨ ਨੇ ਵੀ ਸਿੱਖਾਂ ਉਪਰ ਬਹੁਤ ਜ਼ੁਲਮ ਕੀਤੇ । ਉਸ ਨੇ ਵੀ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਅਤੇ ਆਪਣੇ ਇਲਾਕੇ ਦੇ ਹਿੰਦੂ ਚੌਧਰੀਆਂ ਨੂੰ ਸਖ਼ਤ ਹਦਾਇਤਾਂ ਕੀਤੀਆਂ ਕਿ ਕੋਈ ਵੀ ਸਿੱਖ ਬਚ ਕੇ ਨਹੀਂ ਜਾਣਾ ਚਾਹੀਦਾ । ਇਹਨਾਂ ਚੌਧਰੀਆਂ ਵਿਚ ਲਾਲੂ ਭਿਖੀਵਿੰਡ, ਸ਼ਿਆਮੇ ਸ਼ਾਹ ਖੱਤਰੀ, ਦਿਆਨਤ ਰਾਏ, ਕਜਲਾ ਰੰਧਾਵਾ ਬਟਾਲਾ, ਭੀਮਾਂ ਢਿਲੋਂ ਕਸੂਰ, ਪੀਰ

ਮੁਹੰਮਦ ਚੱਠਾ, ਫਤੇ ਖਾਂ ਘੇਬਾ, ਮੱਸਾ ਮੰਡਿਆਲਵੀ, ਸਰਮੁਖ ਕੰਗ, ਇਸਮਾਇਲ ਖਾਂ ਸਿਆਲਕੋਟੀ ਸਨ। ਜ਼ਕਰੀਆ ਖਾਨ ਨੇ ਸਿੱਖਾਂ ਦੀ ਹਰ ਗਤੀਵਿਧੀ ਉੱਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ । ਸਿੱਖਾਂ ਨੂੰ ਉਹਨਾਂ ਦੇ ਗੁਰਧਾਮਾਂ ਵਿਚੋਂ ਕੱਢ ਦਿੱਤਾ ਗਿਆ । ਇਸ ਔਕੜ ਸਮੇਂ ਦਰਬਾਰਾ ਸਿੰਘ, ਬੁੱਢਾ ਸਿੰਘ, ਕਪੂਰ ਸਿੰਘ, ਜੱਸਾ ਸਿੰਘ ਥਰਾਜ, ਕਰਮ ਸਿੰਘ ਭੋਮਾ ਅਤੇ ਗਰਜਾ ਸਿੰਘ ਸਿਆਣੇ ਅਤੇ ਮੋਢੀ ਸਿੱਖਾਂ ਨੇ ਹੋਰ ਸਿੱਖਾਂ ਨੂੰ ਜਥੇਬੰਦ ਕੀਤਾ ਅਤੇ ਔਕੜ ਦੇ ਸਮੇਂ ਪੰਥ ਨੂੰ ਹੌਸਲਾ ਅਤੇ ਧੀਰਜ ਦਿੱਤੀ । ਮੁਗਲ ਸਰਕਾਰ ਨੇ ਸਿੱਖਾਂ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਅਤੇ ਇਸ਼ਨਾਨ ਕਰਨ ਦੀ ਮਨਾਹੀ ਕਰ ਦਿੱਤੀ । ਸਿੱਖਾਂ ਨੇ ਭਾਈ ਤਾਰਾ ਸਿੰਘ ਦੀ ਸ਼ਹੀਦੀ ਦਾ ਬਦਲਾ ਲੁੱਟਾ ਖੋਹਾ ਕਰਕੇ ਜ਼ਕਰੀਆ ਖਾਨ ਨੂੰ ਪਰੇਸ਼ਾਨ ਕਰਕੇ ਲਿਆ । ਸਿੱਖਾਂ ਨੇ ਕੱਚਾ ਘਾਨਾ ਤੋਂ ਚਵਿੰਡਾ ਅਤੇ ਚੂੰਨੀਆਂ ਅਤੇ ਕਸੂਰ ਵੱਲ ਆ ਰਹੀ ਪਾਰਟੀ ਤੋਂ ਸ਼ਾਹੀ ਖਜ਼ਾਨਾਂ ਲੁੱਟਿਆ । ਜ਼ਕਰੀਆ ਖਾਂ ਦੇ ਸ਼ਾਹੀ ਖਜਾਨਿਆਂ ਵਿਚ ਪੈਸੇ ਦੀ ਕਮੀ ਆ ਗਈ ਜਿਸ ਨਾਲ ਉਹ ਬਹੁਤ ਪਰੇਸ਼ਾਨ ਹੋ ਗਿਆ । ਉਸ ਨੇ ਸਿੱਖਾਂ ਨੂੰ ਖੁਸ਼ ਕਰਨ ਲਈ ਜਗੀਰ ਦੇਣੀ ਚਾਹੀ । ਉਸਨੇ ਸੁਬੇਗ ਸਿੰਘ ਨੂੰ ਵਿਚ ਪਾ ਕੇ ਸਿੱਖਾਂ ਨਾਲ ਸਮਝੌਤੇ ਦੀ ਗੱਲ ਕੀਤੀ ਅਤੇ ਇਕ ਲੱਖ ਰੁ. ਸਮੇਤ 'ਨਵਾਬੀ' ਦੇ ਦੇਣਾ ਮਨਜ਼ੂਰ ਕਰ ਲਿਆ । ਪਹਿਲਾਂ ਤਾਂ ਸਿੱਖਾਂ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ ਪਰ ਸੁਬੇਗ ਸਿੰਘ ਦੇ ਸਮਝਾਉਣ ਤੇ ਇਹ ਨਵਾਬੀ ਕਪੂਰ ਸਿੰਘ ਨੂੰ 1733 ਈ. ਵਿਚ ਦਿੱਤੀ ਗਈ । ਇਸ ਨਾਲ ਸਿੱਖਾਂ ਨੇ ਗੁਰਧਾਮਾਂ ਦੀ ਸੁਰੱਖਿਆ ਅਤੇ ਲੰਗਰ ਦੀ ਵਿਵਸਥਾ ਨੂੰ ਜਾਰੀ ਰੱਖਣ ਲਈ ਯਤਨ ਕਰਦੇ ਸਨ । ਇਸ ਸੰਕਟ ਵਿਚ ਸਿੱਖਾਂ ਨੇ ਇਹ ਨਵਾਬੀ ਪ੍ਰਵਾਨ ਕਰ ਲਈ ਸੀ । ਡਾ. ਹਰੀ ਰਾਮ ਗੁਪਤਾ ਕਹਿੰਦੇ ਹਨ:

> ਕਪੂਰ ਸਿੰਘ ਦੀ ਲੀਡਰਸ਼ਿਪ ਸੰਕਟ ਵਿਚੋਂ ਉਭਰੀ ਹੋਈ ਲੀਡਰਸ਼ਿਪ ਸੀ । ਸੰਕਟ ਵਿਚੋਂ ਉਭਰੀ ਹੋਈ ਲੀਡਰਸ਼ਿਪ ਨੇ ਆਪਣੇ ਆਪ ਨੂੰ ਜੱਥੇਬੰਦ ਕਰਕੇ ਆਪਣੀ ਸੁਰੱਖਿਆ ਨਿਸ਼ਚਿਤ ਕਰ ਲਈ ਸੀ । 'ਬੁਢਾ ਦਲ' ਤੇ 'ਤਰੁਣਾਂ ਦਲ' ਦੇ ਰੂਪ ਵਿਚ ਸਿੱਖਾਂ ਇਤਨੀ ਕੁ ਤਾਕਤ

ਸਥਾਪਤ ਹੋ ਗਈ ਸੀ ਕਿ ਜਿਸ ਦੇ ਸਾਹਮਣੇ ਹਕੂਮਤ ਸੌਖਿਆਂ ਕੀਤੀਆਂ ਸਿੱਖਾਂ ਨੂੰ ਕਤਲ ਨਹੀਂ ਕਰ ਸਕਦੀ ਸੀ ।[98]

ਜ਼ਕਰੀਆ ਖਾਨ ਨੇ ਇਹ ਸੋਚਿਆ ਕਿ ਹੁਣ ਸਿੱਖ ਮੁਗਲ ਸਰਕਾਰ ਵਿਰੁੱਧ ਕੋਈ ਕਾਰਵਾਈ ਨਹੀਂ ਕਰਨਗੇ ਪਰ ਸਿੱਖਾਂ ਨੇ ਮੁਗਲ ਸਰਕਾਰ ਦੇ ਅੱਤਿਚਾਰਾਂ ਦਾ ਜਵਾਬ ਦੇਣ ਦੀ ਧਾਰੀ ਹੋਈ ਸੀ । ਗੁਰਧਾਮਾਂ ਦੀ ਸੁਰੱਖਿਆ ਲਈ 'ਬੁੱਢਾ ਦਲ' ਤੇ 'ਤਰੁਣਾਂ ਦਲ' ਬਣਾਏ ਗਏ। ਜਿਨ੍ਹਾਂ ਦੇ ਮੁਖੀ ਦੀਪ ਸਿੰਘ, ਕਰਮ ਸਿੰਘ, ਕਾਨ੍ਹ ਸਿੰਘ, ਮੀਰੀ ਸਿੰਘ, ਦਸੌਂਧਾ ਸਿੰਘ, ਭਾਈ ਬੀਰ ਸਿੰਘ ਬਣਾਏ ਗਏ । ਮੁਗਲ ਸਰਕਾਰ ਸਿੱਖਾਂ ਦੀ ਜਥੇਬੰਦੀ, ਸ਼ਾਸਤਰ ਵਿਦਿਆ, ਖੇਡਾਂ ਅਤੇ ਕੁਸ਼ਤੀਆਂ ਅਖਾੜਿਆਂ ਨੂੰ ਸਹਾਰ ਨਾ ਸਕੀ ਅਤੇ 1735 ਈ. ਵਿਚ ਜਗੀਰ ਵਾਪਿਸ ਲੈ ਲਈ ਗਈ ।

### ਸ਼ਹੀਦੀ ਭਾਈ ਮਨੀ ਸਿੰਘ

ਭਾਈ ਮਨੀ ਸਿੰਘ ਜੀ ਸਿੱਖਾਂ ਦੇ ਬਹੁਤ ਹੀ ਆਦਰਯੋਗ ਸਿੱਖ ਹੋਏ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ । ਇਸ ਪ੍ਰਸੰਗ ਵਿੱਚ ਡਾ: ਰਤਨ ਸਿੰਘ ਲਿਖਦੇ ਹਨ:

> Mani Singh was a great scholar, the theologian, a brave soldier and a very pious man. He was born on 16th March 1644 A.D. in the village of Kebewal.[99]

ਭਾਈ ਮਨੀ ਸਿੰਘ ਦੇ ਪਿਤਾ ਜੀ ਦਾ ਨਾਂ ਦੁੱਲਟ ਅਤੇ ਮਾਤਾ ਦਾ ਨਾਂ ਦਇਆ ਕੌਰ ਸੀ । ਪੰਜ ਸਾਲ ਦੀ ਉਮਰ ਵਿਚ ਉਹਨਾਂ ਦੇ ਪਿਤਾ ਨੇ ਗੁਰੂ ਤੇਗ ਬਹਾਦਰ ਜੀ ਨੂੰ ਚੜ੍ਹਾ ਦਿੱਤਾ ਅਤੇ ਉਹ ਸਾਰੀ ਉਮਰ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਰਹੇ । ਆਪ ਦਾ ਵਿਆਹ 15 ਸਾਲ ਦੀ ਉਮਰ ਵਿਚ ਲੱਖੀ ਰਾਮ ਦੀ ਲੜਕੀ ਸੀਤਾ ਬਾਈ ਨਾਲ ਹੋਇਆ । ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਭੰਗਾਣੀ, ਨਦੌਣ ਅਤੇ ਅਨੰਦਪੁਰ ਦੀ ਜੰਗ ਲੜੀ । ਅਨੰਦਪੁਰ ਦੀ ਜੰਗ 17●4 ਵਿਚ ਹੋਈ ਅਤੇ ਪਰਿਵਾਰ ਵਿਛੋੜੇ ਵਿਚ ਭਾਈ ਮਨੀ ਸਿੰਘ ਜੀ ਗੁਰੂ ਸਾਹਿਬ ਦੀਆਂ ਪਤਨੀਆਂ ਸਮੇਤ ਦਿੱਲੀ ਉਹਨਾਂ ਦੀ ਹਿਫ਼ਾਜਤ ਲਈ ਆ ਗਏ । ਸੰਤ

ਆਤਮਾ ਹੋਣ ਕਾਰਨ ਆਪ ਸਿੱਖਾਂ ਵਿਚ ਮਸ਼ਹੂਰ ਸਨ। ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਤੱਤ ਖਾਲਸਾ ਅਤੇ ਬੰਦਈ ਖਾਲਸਾ ਦੇ ਝਗੜੇ ਨੂੰ ਸੁਲਝਾਉਣ ਲਈ ਅੰਮ੍ਰਿਤਸਰ ਭੇਜਿਆ। ਸਿੱਖਾਂ ਦੀ ਬੇਨਤੀ ਉਤੇ ਮਨੀ ਸਿੰਘ ਜੀ ਨੇ ਦਰਬਾਰ ਸਾਹਿਬ ਦਾ ਕਾਰ ਵਿਹਾਰ ਸੰਭਾਲਣ ਦੀ ਬੇਨਤੀ ਸਵੀਕਾਰ ਕੀਤੀ । ਜ਼ਕਰੀਆ ਖਾਨ ਨੇ ਸਿੱਖਾਂ ਨੂੰ ਖਤਮ ਕਰਨ ਦੀ ਨੀਤੀ ਧਾਰੀ ਹੋਈ ਸੀ । ਉਸ ਨੇ ਸਿੱਖਾਂ ਦੇ ਦਰਬਾਰ ਸਾਹਿਬ ਦਰਸ਼ਨ ਇਸ਼ਨਾਨ ਉਤੇ ਪਾਬੰਦੀ ਲਗਾਈ ਹੋਈ ਸੀ ਭਾਈ ਮਨੀ ਸਿੰਘ 1738 ਈ. ਵਿਚ ਵਿਸਾਖੀ ਮੌਕੇ ਅੰਮ੍ਰਿਤਸਰ ਵਿਖੇ ਸਿੱਖਾਂ ਦਾ ਇਕੱਠ ਕਰਨ ਅਤੇ ਵਿਸਾਖੀ ਦਾ ਮੇਲਾ ਮਨਾਉਣਾ ਚਾਹੁੰਦੇ ਸਨ । ਉਹਨਾਂ ਨੇ ਮੁਗਲ ਹਕੂਮਤ ਕੋਲੋਂ ਮੇਲਾ ਮਨਾਉਣ ਦੀ ਇਜਾਜ਼ਤ ਮੰਗੀ । ਜ਼ਕਰੀਆ ਖਾਨ ਨੇ ਇਸ ਸ਼ਰਤ ਤੇ ਇਜਾਜ਼ਤ ਦੇ ਦਿੱਤੀ ਕਿ ਮੇਲੇ ਤੋਂ ਬਾਅਦ ਸਰਕਾਰ 5,000 ਰੁ. ਸਰਕਾਰ ਨੂੰ ਜਮ੍ਹਾਂ ਕਰਵਾਉਣਗੇ । ਅਸਲ ਵਿਚ ਜ਼ਕਰੀਆ ਖਾਂ ਮੇਲੇ ਉਪਰ ਇੱਕਠੇ ਹੋਏ ਸਿੱਖਾਂ ਨੂੰ ਖਤਮ ਕਰਨ ਦੀ ਨੀਤੀ ਰੱਖਦਾ ਸੀ । ਉਸ ਨੇ ਦੀਵਾਨ ਲਖਪਤ ਰਾਏ ਦੀ ਕਮਾਨ ਹੇਠ ਅੰਮ੍ਰਿਤਸਰ ਵਿਖੇ ਭਾਰੀ ਫੌਜ ਭੇਜੀ । ਸਿੱਖਾਂ ਨੂੰ ਉਸ ਦੀ ਚਾਲ ਦਾ ਪਤਾ ਲਗਾ ਗਿਆ । ਸਿੱਖ ਵਿਸਾਖੀ ਵਾਲੇ ਦਿਨ ਇੱਕਠੇ ਨਾ ਹੋਏ ਅਤੇ ਮੇਲਾ ਵੀ ਨਾ ਲੱਗਾ । ਜ਼ਕਰੀਆ ਖਾਨ ਨੇ ਭਾਈ ਮਨੀ ਸਿੰਘ ਕੋਲੋਂ 5,000 ਰੁ. ਦੀ ਮੰਗ ਕੀਤੀ । ਮਨੀ ਸਿੰਘ ਜੀ ਨੇ ਮੇਲੇ ਦੇ ਇੱਕਠ ਦੇ ਨਾ ਹੋਣ ਕਾਰਨ ਪੈਸੇ ਦੇਣ ਤੋਂ ਅਸਮਰੱਥਾ ਪ੍ਰਗਟਾਈ । ਜ਼ਕਰੀਆ ਖਾਂ ਨੇ ਭਾਈ ਮਨੀ ਸਿੰਘ ਜੀ ਨੂੰ ਲਾਹੌਰ ਬੁਲਾ ਕੇ ਇਸਲਾਮ ਧਾਰਨ ਕਰਨ ਲਈ ਕਿਹਾ । ਮਨੀ ਸਿੰਘ ਜੀ ਨੇ ਇਸਲਾਮ ਧਾਰਨ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਮੌਤ ਨੂੰ ਕਬੂਲ ਕਰਦਿਆਂ 1738 ਈ. ਵਿਚ ਬੰਦ-ਬੰਦ ਕਟਵਾ ਕੇ ਸ਼ਹੀਦੀ ਪ੍ਰਾਪਤ ਕੀਤੀ । ਜ਼ਕਰੀਆ ਖਾਂ ਨੇ ਜ਼ੁਲਮਾਂ ਦੀ ਇਹ ਸਾਫ ਤਸਵੀਰ ਸਿੱਖ ਇਤਿਹਾਸ ਦੇ ਪੰਨਿਆਂ ਤੇ ਝਲਕਦੀ ਹੈ ।

**ਸ਼ਹੀਦ ਬਾਲ ਹਕੀਕਤ ਰਾਏ**

ਬਾਲ ਹਕੀਕਤ ਰਾਏ ਇਸਲਾਮ ਦੀ ਕੱਟੜਤਾ ਅਤੇ ਮੁਗਲ ਸਰਕਾਰ ਦੀ ਅੱਤਿਆਚਾਰੀ ਨੀਤੀ ਦਾ ਸ਼ਿਕਾਰ ਹੋਇਆ । ਡਾ. ਗੋਕਲ ਚੰਦ ਨਾਰੰਗ ਲਿਖਦੇ ਹਨ:

ਹਕੀਕਤ ਰਾਏ ਦਾ ਜਨਮ 1719 ਈ. ਵਿੱਚ ਸਿਆਲਕੋਟ ਵਿਖੇ ਹੋਇਆ

ਸੀ। ਉਹ ਪੁਰੀ ਗੋਤ ਦੇ ਖੱਤਰੀ ਅਤੇ ਸਿਆਲਕੋਟ ਦੇ ਹਾਕਮ ਦੀ ਅਦਾਲਤ ਦੇ ਇਕ ਮੁਨਸ਼ੀ ਭਾਗ ਮੱਲ ਦਾ ਇਕਲੌਤਾ ਪੁੱਤਰ ਸੀ ।[1]

ਸੱਤ ਵਰ੍ਹਿਆਂ ਦੀ ਉਮਰ ਵਿਚ ਪੜ੍ਹਨੇ ਪਿਆ ਹਕੀਕਤ ਰਾਏ ਮੌਲਵੀ ਤੋਂ ਫਾਰਸੀ ਸਿੱਖਣ ਗਿਆ । ਮੌਲਵੀ ਨੇ ਹਿੰਦੂ ਅਵਤਾਰਾਂ ਵਿਰੁੱਧ ਸ਼ਬਦ ਕਹੇ ਹਕੀਕਤ ਰਾਏ ਨੇ ਉਸ ਮੌਲਵੀ ਨੂੰ ਟੋਕ ਦਿੱਤਾ । ਮੌਲਵੀ ਕੋਲੋਂ ਇਹ ਬਰਦਾਸ਼ਤ ਨਾ ਹੋ ਸਕਿਆ ਅਤੇ ਉਸ ਨੇ ਗੁੱਸੇ ਵਿਚ ਕਹਾਣੀ ਘੜ ਲਈ ਕਿ ਇਸ ਨੇ ਹਜ਼ਰਤ ਮੁਹੰਮਦ ਦੀ ਬੇਟੀ ਫਾਤਿਮਾ ਲਈ ਮਾੜੇ ਬੋਲ ਬੋਲੇ ਹਨ । ਮੌਲਵੀ ਉਸ ਨੂੰ ਇਸਲਾਮ ਦੇ ਅਪਮਾਨ ਕਰਨ ਦੇ ਜ਼ੁਰਮ ਵਿਚ ਕਾਜ਼ੀ ਕੋਲ ਲੈ ਗਿਆ । ਕਸਬੇ ਦਾ ਹਾਕਮ ਅਮੀਰ ਬੇਗ ਉਸ ਨੂੰ ਸਜ਼ਾ ਨਹੀਂ ਸੀ ਦੇਣੀ ਚਾਹੁੰਦਾ ਉਸ ਨੇ ਮਾਮਲਾ ਉਲਮਾ ਕੋਲ ਭੇਜ ਦਿੱਤਾ । ਹੌਲੀ-ਹੌਲੀ ਮਾਮਲਾ ਉੱਚ ਅਧਿਕਾਰੀਆਂ ਕੋਲ ਪਹੁੰਚ ਗਿਆ । ਉਲਮਾ ਨੇ ਇਸਲਾਮ ਦੇ ਨਿਰਾਦਰ ਕਰਨ ਦੇ ਜ਼ੁਰਮ ਵਿਚ ਮੌਤ ਦੀ ਸਜ਼ਾ ਜਾਂ ਇਸਲਾਮ ਕਬੂਲਣ ਦੀ ਪੇਸ਼ਕਸ਼ ਕੀਤੀ । ਅਖੀਰ ਵਿਚ ਇਹ ਮਸਲਾ ਨਾਜ਼ਿਮ ਕੋਲ ਪਹੁੰਚ ਗਿਆ। ਹਕੀਕਤ ਰਾਏ ਦੇ ਮਾਤਾ-ਪਿਤਾ ਦੇ ਤਰਲਿਆਂ ਦੇ ਬਾਵਜੂਦ ਵੀ ਉਸ ਨੂੰ ਇਸਲਾਮ ਦੇ ਨਿਰਾਦਰ ਹੇਠ ਮੌਤ ਦੀ ਸਜ਼ਾ ਸੁਣਾ ਦਿਤੀ ਗਈ । ਉਸ ਨੇ ਆਪਣਾ ਧਰਮ ਨਹੀਂ ਛੱਡਿਆ ਪਰ ਮੌਤ ਕਬੂਲ ਕਰ ਲਈ । ਹਜ਼ਾਰਾਂ ਲੋਕਾਂ ਦੀ ਭੀੜ ਵਿਚ ਹਕੀਕਤ ਰਾਏ ਦਾ ਸਿਰ ਧੜ ਨਾਲੋਂ ਅਲਗ ਕਰਕੇ ਸ਼ਹੀਦ ਕਰ ਦਿੱਤਾ ਗਿਆ ।

1737 ਵਿਚ ਅਬਦੁਸ ਸਮਦ ਖਾਂ ਦਾ ਦੇਹਾਂਤ ਹੋ ਗਿਆ ਅਤੇ ਮੁਲਤਾਨ ਦਾ ਹਾਕਮ ਵੀ ਜ਼ਕਰੀਆ ਖਾਨ ਨੂੰ ਬਣਾ ਦਿੱਤਾ ਗਿਆ । ਇਸ ਸਮੇਂ ਦਿੱਲੀ ਵਿਚ ਮੁਹੰਮਦ ਸ਼ਾਹ ਅਤੇ ਉਸਦੇ ਸ਼ਾਹੀ ਅਫ਼ਸਰ ਸਾਰੇ ਹੀ ਆਪ ਹੁਦਰੀਆਂ ਕਰਨ ਵਿਚ ਰੁੱਝੇ ਹੋਏ ਸਨ । ਸਿੱਖ ਅਤੇ ਮਰਾਠਿਆਂ ਨੇ ਅਜ਼ਾਦੀ ਦੀ ਲੜਾਈ ਅਰੰਭੀ ਹੋਈ ਸੀ ਅਤੇ ਦਿਨ ਰਾਤ ਇਸ ਵਿਚ ਸਰਗਰਮ ਹੋ ਕੇ ਦੇਸ਼ 'ਚੋਂ ਮੁਗਲਾਂ ਨੂੰ ਕੱਢਣ ਲਈ ਤਤਪਰ ਸਨ । 1739 ਈ. ਵਿਚ ਨਾਦਰ ਸ਼ਾਹ ਕਾਬਲ ਕੰਧਾਰ ਨੂੰ

ਫਤਿਹ ਕਰਦਾ ਹੋਇਆ ਹਿੰਦੁਸਤਾਨ ਤੇ ਆਣ ਹਮਲਾ ਕਰਦਾ ਹੈ । ਜ਼ਕਰੀਆ ਖਾਨ ਨੇ ਕਰਨਾਲ ਦੇ ਲਾਗੇ ਕੁਝ ਕੁ ਸਮਾਂ ਉਸ ਨਾਲ ਟਾਕਰਾ ਕੀਤਾ ਪਰ ਉਹ 9 ਮਾਰਚ ਨੂੰ ਜ਼ਕਰੀਆ ਖਾਂ ਨੂੰ ਹਰਾਉਂਦਾ ਹੋਇਆ ਦਿੱਲੀ ਪਹੁੰਚ ਗਿਆ । ਉਸ ਨੇ ਦਿੱਲੀ ਰਹਿ ਕੇ ਦਿੱਲੀ ਨੂੰ ਖੂਬ ਲੁੱਟਿਆ । ਉਸ ਨੇ ਦਿੱਲੀ ਵਿਚੋਂ ਲੁੱਟਮਾਰ ਕਰਦਿਆਂ ਹੀਰੇ ਜਵਾਹਾਰਾਤ, ਪੈਸੇ, ਸੋਨਾ ਅਤੇ ਹੋਰ ਕੀਮਤੀ ਪਦਾਰਥ ਲੁੱਟ ਲਏ । ਇਸ ਪ੍ਰਸੰਗ ਵਿੱਚ ਰਤਨ ਸਿੰਘ ਭੰਗੂ ਦਾ ਕਥਨ ਪ੍ਰਸੰਗਿਕ ਹੈ:

ਦਿੱਲੀ ਖੂਬ ਸੁ ਉਨ ਲੁੱਟੀ।।
ਡੇਰਾ ਬਰਸ ਕਰਾਇ।।
ਦਰਬ ਪਦਮ ਕੋਈ ਲੋ ਗਯੋ।।
ਫਿਰ ਪੁਛਿਓ ਖਾਨੂੰ ਆਇ।।[101]

ਜਿਸ ਸਮੇਂ ਨਾਦਰ ਸ਼ਾਹ ਲੁੱਟਮਾਰ ਕਰਦਾ ਹੋਇਆ ਈਰਾਨ ਵਾਪਿਸ ਜਾ ਰਿਹਾ ਸੀ ਤਾਂ ਸਿੱਖਾਂ ਨੇ ਉਸ ਨੂੰ ਲੁੱਟਿਆ । ਸਿੱਖਾਂ ਦੇ ਹੌਂਸਲੇ ਅਤੇ ਦਲੇਰੀ ਬਾਰੇ ਉਸ ਨੇ ਜ਼ਕਰੀਆ ਖਾਂ ਨੂੰ ਪੁੱਛਿਆ ਕਿ ਇਹ ਕੌਣ ਹਨ ਜਿਨ੍ਹਾਂ ਨੇ ਏਨੀ ਹਿੰਮਤ ਕੀਤੀ ਹੈ । ਜ਼ਕਰੀਆ ਖਾਂ ਨੇ ਜਵਾਬ ਦਿੱਤਾ ਕਿ ਇਹ ਹਿੰਦੂ ਫਕੀਰ ਹਨ ਅਤੇ ਘੋੜਿਆਂ ਦੀਆਂ ਕਾਠੀਆਂ ਹੀ ਇਹਨਾਂ ਦਾ ਘਰ ਹੈ । ਨਾਦਰ ਸ਼ਾਹ ਨੇ ਜ਼ਕਰੀਆ ਖਾਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਇਹ ਲੋਕ ਇਸ ਮੁਲਕ ਤੇ ਕਬਜ਼ਾ ਕਰਕੇ ਮਾਲਕ ਬਣ ਜਾਣਗੇ । ਇਸ ਤਰ੍ਹਾਂ ਦੀ ਚਿਤਾਵਨੀ ਨਾਲ ਜ਼ਕਰੀਆ ਖਾਨ ਹੋਰ ਚੌਕੰਨਾ ਹੋ ਗਿਆ ਅਤੇ ਉਸ ਨੇ ਸਿੱਖਾਂ ਉਤੇ ਵੱਧ ਤੋਂ ਵੱਧ ਜ਼ੁਲਮ ਕਰਕੇ ਮਾਰ ਮੁਕਾਉਣ ਦੀ ਨੀਤੀ ਧਾਰ ਲਈ । ਇਸ ਪ੍ਰਸੰਗ ਵਿੱਚ ਰਤਨ ਸਿੰਘ ਭੰਗੂ ਕਹਿੰਦੇ ਹਨ:

ਜਬ ਨਾਦਰ ਕਾਬਲ ਗਯੋ।।
ਸੁਨੋ ਜੁ ਖਾਨੂ ਦੀਨ।।
ਚਾਹ ਜੋ ਆਪਨੇ ਦੇਸ ਮੈ।।

ਸਿੰਘਨ ਰਹਨ ਨ ਦੀਨ।।[102]

ਹਰੀ ਰਾਮ ਗੁਪਤਾ ਦੀ ਰਾਏ ਦੀ ਪ੍ਰਗਗਿਕ ਜਾਪਦੀ ਹੈ:

> ਨਾਦਰ ਸ਼ਾਹ ਦੀ ਚਿਤਾਵਨੀ ਨਾਲ ਜ਼ਕਰੀਆ ਖਾਂ ਨੂੰ ਸਿੱਖਾਂ ਵੱਲੋਂ ਹੋਰ ਖਤਰਾ ਮਹਿਸੂਸ ਹੋਣ ਲੱਗਾ ਅਤੇ ਉਸਨੇ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਲਈ ਸਖ਼ਤ ਕਦਮ ਚੁੱਕੇ । ਗਸ਼ਤੀ ਦਸਤੇ ਕਾਇਮ ਕੀਤੇ ਉਸ ਨੇ ਇਸ ਮੁਹਿੰਮ ਵਿਚ ਸਹਾਇਤਾ ਕਰਨ ਵਾਲਿਆਂ ਲਈ ਇਨਾਮਾਂ ਦੀ ਇਕ ਸੂਚੀ ਦਾ ਐਲਾਨ ਕੀਤਾ ਜੇ ਕੋਈ ਸਿੱਖ ਦੇ ਕੇਸ ਕਤਲ ਕਰੇ ਉਸ ਨੂੰ ਇਕ ਕੰਬਲ ਅਤੇ ਇਕ ਬਿਸਤਰਾ ਇਨਾਮ ਵਜੋਂ ਮਿਲਦਾ ਸੀ ਜਿਹੜਾ ਸਿੱਖਾਂ ਦੇ ਆਲੇ ਦੁਆਲੇ ਦੀ ਖਬਰ ਦੇਵੇ ਉਸ ਨੂੰ 10 ਰੁ. ਦਿੱਤੇ ਜਾਂਦੇ ਸਨ ਜੇ ਕੋਈ ਸਿੱਖ ਨੂੰ ਕਤਲ ਕਰਦਾ ਸੀ ਜਾਂ ਫੜਾਉਂਦਾ ਸੀ ਉਸ ਨੂੰ ਪੰਜਾਹ ਰੁ. ਇਨਾਮ ਵਜੋਂ ਮਿਲਦਾ ਸੀ ।[103]

**ਸ਼ਹੀਦ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ**

ਜ਼ਕਰੀਆ ਖਾਂ ਨੇ ਗੁਰਧਾਮਾ ਤੇ ਕਬਜ਼ਾ ਕਰਕੇ ਆਪਣੇ ਚੌਧਰੀਆਂ, ਸੂਬੇਦਾਰਾਂ ਅਤੇ ਮੁਗਲ ਅਧਿਕਾਰੀਆਂ ਦੇ ਕਬਜ਼ੇ ਵਿਚ ਲੈ ਲਿਆ । ਮੰਡਿਆਲੀ ਦਾ ਮੱਸਾ ਰੰਘੜ ਦਰਬਾਰ ਸਾਹਿਬ ਦੇ ਅੰਦਰ ਬੈਠ ਕੇ ਸ਼ਰਾਬ ਪੀਣ ਲੱਗ ਗਿਆ । ਉਸ ਨੇ ਉਥੇ ਔਰਤਾਂ ਦਾ ਨਾਚ ਗਾਣਾ ਕਰਾਉਣਾਂ ਸ਼ੁਰੂ ਕਰ ਦਿੱਤਾ ਅਤੇ ਉਥੋਂ ਦੀ ਪਵਿੱਤਰਤਾ ਭੰਗ ਕਰ ਦਿੱਤੀ । ਸ਼ਰਾਬ, ਤਮਾਕੂ ਤੇ ਔਰਤਾਂ ਦੇ ਨਾਚ ਗਾਣੇ ਦੀ ਖਬਰ ਰੂਪੋਸ਼ ਹੋਏ ਸਿੱਖਾਂ ਦੇ ਇਕ ਜੱਥੇ ਨੂੰ ਲੱਗੀ । ਮੀਰਾ ਕੋਟ ਦੇ ਮਹਿਤਾਬ ਸਿੰਘ ਨੇ ਆਪਣੇ ਇਕ ਸਾਥੀ ਸੁੱਖਾ ਸਿੰਘ ਨੂੰ ਨਾਲ ਲਿਆ ਅਤੇ 1740 ਈ. ਨੂੰ ਅੰਮ੍ਰਿਤਸਰ ਪੁੱਜਾ ਉਹਨਾਂ ਨੇ ਮੁਸਲਮਾਨਾ ਦਾ ਭੇਸ ਧਾਰਨ ਕਰ ਲਿਆ ਅਤੇ ਉਹ ਦੋ ਬੋਰੀਆਂ ਠੀਕਰੀਆਂ ਦੀਆਂ ਭਰ ਕੇ ਜ਼ਮੀਨ ਦਾ ਮਾਮਲਾ ਤਾਰਨ ਦੇ ਬਹਾਨੇ ਪਰਿਕਰਮਾ ਵਿਚ ਦਾਖਿਲ ਹੋਏ । ਸੁੱਖਾ ਸਿੰਘ ਦਰਵਾਜ਼ੇ ਦੇ ਬਾਹਰ ਹੀ ਰਿਹਾ ਅਤੇ ਘੋੜੇ ਵੀ ਬਾਹਰ ਹੀ ਬੰਨ ਦਿੱਤੇ ਗਏ । ਮਹਿਤਾਬ ਸਿੰਘ ਨੇ ਬਿਜਲੀ ਦੀ ਤੇਜੀ ਨਾਲ ਆ ਕੇ ਮੱਸੇ ਰੰਘੜ ਦਾ ਸਿਰ ਧੜ ਨਾਲੋਂ ਅਲਗ

ਕਰ ਦਿੱਤਾ ਅਤੇ ਤੇਜੀ ਨਾਲ ਕਿਸੇ ਵੀ ਆਦਮੀ ਦੇ ਹਰਕਤ ਵਿਚ ਆਉਣ ਤੋਂ ਪਹਿਲਾਂ ਦੌੜ ਗਏ । ਇਸ ਸਮੇਂ ਤਾਂ ਉਹ ਬਚ ਕੇ ਦੌੜ ਗਏ ਪਰ ਕੁਝ ਸਮੇਂ ਬਾਅਦ ਜੰਡਿਆਲੇ ਦੇ ਹਰਿਭਗਤ ਨਿਰੰਜਨੀਏ ਨੇ ਸੂਹ ਦੇ ਕੇ ਜ਼ਕਰੀਆ ਖਾਂ ਨੂੰ ਇਤਲਾਹ ਦਿੱਤੀ ਅਤੇ ਦੋਹਾਂ ਨੂੰ ਫੜਾ ਦਿੱਤਾ। ਦੋਹਾਂ ਨੂੰ ਬੜੀ ਬੇਦਰਦੀ ਨਾਲ ਚਰਖੜੀਆਂ ਤੇ ਚਾੜ ਕੇ ਸ਼ਹੀਦ ਕਰ ਦਿੱਤਾ ਗਿਆ । ਇਹਨਾਂ ਦੇ ਨਾਲ ਹੀ ਭਾਈ ਦਿਆਲ ਸਿੰਘ ਵਾਸੀ ਸਹਿਸੰਰਾ, ਭਾਈ ਹੀਰਾ ਸਿੰਘ ਰੰਗੜ ਨੰਗਲ, ਭਾਈ ਰੂਪ ਸਿੰਘ ਖੁੱਡੀਆਂ ਵਾਲੇ, ਭਾਈ ਤੇਗ ਸਿੰਘ ਮਤਾਬ ਕੋਟ, ਭਾਈ ਮਦਨ ਸਿੰਘ, ਭਾਈ ਤਕੜਾ ਸਿੰਘ, ਭਾਈ ਬਹਾਦਰ ਸਿੰਘ, ਭਾਈ ਪਹਾੜਾ ਸਿੰਘ, ਭਾਈ ਬੁਲਾਕਾ ਸਿੰਘ, ਨੂੰ ਲਾਹੌਰ ਦੇ ਬਦਨਾਮ ਸਥਾਨ ਨਖਾਸ ਵਿਚ ਲਿਆਂਦਾ ਗਿਆ ਅਤੇ ਸ਼ਹੀਦ ਕਰ ਦਿੱਤਾ ਗਿਆ ।

**ਸ਼ਹੀਦ ਭਾਈ ਬੋਤਾ ਸਿੰਘ**

ਮੁਗਲ ਸਰਕਾਰ ਸਿੱਖਾਂ ਨੂੰ ਉਕਸਾਉਣ ਲਈ ਤਾਹਨੇ ਮਿਹਣੇ ਮਾਰਦੀ ਕਿ ਸਿੱਖ ਬੁਜਦਿਲ ਹਨ ਅਤੇ ਮੁਗਲ ਸਰਕਾਰ ਤੋਂ ਛਿਪ ਕੇ ਜੰਗਲਾਂ ਪਹਾੜਾਂ ਵਿਚ ਜਾ ਲੁਕੇ ਹਨ । ਭਾਈ ਬੋਤਾ ਸਿੰਘ ਨੂੰ ਇਹ ਗਲ ਬਹੁਤ ਮਾੜੀ ਲੱਗੀ । ਉਸ ਨੇ ਸਿੱਖਾਂ ਦੀ ਹੋਂਦ ਦਾ ਅਹਿਸਾਸ ਕਰਾਉਣ ਲਈ ਰਾਹਗੀਰਾਂ ਤੋਂ ਹਰ ਲੱਦੇ ਹੋਏ ਗੱਡੇ ਤੋਂ ਇਕ ਆਨਾ ਅਤੇ ਹਰ ਖੋਤੇ ਤੋਂ ਇਕ ਪੈਸਾ ਉਗਰਾਹੁਣਾ ਸ਼ੁਰੂ ਕਰ ਦਿੱਤਾ । ਕਿਸੇ ਨੇ ਵੀ ਉਸ ਦੀ ਸ਼ਿਕਾਇਤ ਮੁਗਲ ਸਰਕਾਰ ਪਾਸ ਨਾ ਕੀਤੀ । ਫਿਰ ਉਸਨੇ ਆਪ ਹੀ ਸਰਕਾਰ ਨੂੰ ਚਿੱਠੀ ਲਿਖੀ ਕਿ ਉਹ ਜਨਤਾ ਤੋਂ ਕਰ ਵਸੂਲ ਰਿਹਾ ਹੈ । ਗੰਡਾ ਸਿੰਘ ਲਿਖਦੇ ਹਨ:

ਚਿੱਠੀ ਲਿਖੀ ਸਿੰਘ ਬੋਤਾ।।
ਹੱਥ ਵਿਚ ਹੈ ਸੋਟਾ।।
ਵਿਚ ਰਾਹ ਖਲੋਤਾ।।
ਆਨਾ ਲਾਏ ਗੱਡੇ ਨੂੰ।।
ਪੈਸਾ ਲਾਏ ਖੋਤਾ।।
ਆਖੋ ਭਾਬੀ ਖਾਨੋ ਨੂੰ।।
ਯੂੰ ਆਖੇ ਸਿੰਘ ਬੋਤਾ।।[104]

ਇਹ ਚਿੱਠੀ ਪੜ੍ਹ ਕੇ ਖਾਨ ਬਹਾਦਰ ਜ਼ਕਰੀਆ ਖਾਂ ਨੇ ਜਲਾਲਦੀਨ ਦੀ ਅਗਵਾਈ ਵਿਚ 1●● ਘੋੜ ਸਵਾਰਾਂ ਦੀ ਇਕ ਸੈਨਿਕ ਟੋਲੀ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਭੇਜੀ । ਬੋਤਾ ਸਿੰਘ ਅਤੇ ਉਸ ਦੇ ਸਾਥੀਆਂ ਨੇ ਹਥਿਆਰ ਸੁੱਟਣ ਤੋਂ ਨਾਂਹ ਕਰ ਦਿੱਤੀ ਅਤੇ ਉਹਨਾਂ ਸੈਨਿਕਾਂ ਨਾਲ ਲੜਾਈ ਕਰਦੇ ਹੋਏ ਸ਼ਹੀਦ ਹੋ ਗਏ ।

**ਭਾਈ ਤਾਰੂ ਸਿੰਘ**

ਭਾਈ ਤਾਰੂ ਸਿੰਘ ਮਾਝੇ ਦੇ ਪੂਹਲਾਂ ਨਾਂ ਦੇ ਪਿੰਡ ਦੇ ਵਸਨੀਕ ਹੋਏ ਹਨ । ਭਾਈ ਤਾਰੂ ਸਿੰਘ 25 ਸਾਲਾਂ ਦੀ ਉਮਰ ਵਿਚ ਮੁਗਲ ਸਰਕਾਰ ਤੋਂ ਬਚ ਕੇ ਰੂਪੋਸ਼ ਹੋਏ ਸਿੱਖਾਂ ਦੀ ਮਦਦ ਕਰਦਾ ਸਨ । ਇਹ ਖੇਤੀ ਕਰਦੇ ਅਤੇ ਪਰਮਾਤਮਾ ਦਾ ਨਾਮ ਜਪਦੇ ਸਿੱਖਾਂ ਦੀ ਰਹਿਣ ਲਈ ਠਾਹਰ ਵੀ ਬਣਾਉਦੇ । ਬਣਦਾ ਸਰਦਾ ਅਨਾਜ ਉਹਨਾਂ ਨੂੰ ਦਿੰਦੇ ਸਰਕਾਰ ਨੇ ਇਸ ਨੂੰ ਗੱਦਾਰੀ ਕਿਹਾ ਅਤੇ ਸਜਾ ਦੇਣ ਦੀ ਤਿਆਰੀ ਕੀਤੀ । ਡਾ. ਗੰਡਾ ਸਿੰਘ ਅਨੁਸਾਰ ਹਰਿਭਗਤ ਨਿਰੰਜਨੀਏ ਨੇ 1745 ਈ. ਵਿਚ ਲਾਹੌਰ ਦੀ ਬਦਨਾਮ ਜਗ੍ਹਾ ਨਖਾਸ ਵਿਚ ਲਿਆਂਦਾ ਅਤੇ ਉਸ ਨੂੰ ਇਸਲਾਮ ਧਾਰਨ ਕਰਨ ਲਈ ਕਿਹਾ । ਉਹਨਾਂ ਦੇ ਇਨਕਾਰ ਕਰਨ ਤੇ ਜਲਾਦ ਨੂੰ ਹੁਕਮ ਦਿੱਤਾ ਗਿਆ ਕਿ ਉਸ ਦੇ ਵਾਲ ਸਮੇਤ ਖੋਪੜੀ ਉਤਾਰ ਦਿੱਤੇ ਜਾਣ । ਤਾਰੂ ਸਿੰਘ ਜੀ ਨੇ ਇਹ ਕਸ਼ਟ ਦੀ ਘੜੀ ਵਿਚ ਵਾਹਿਗੁਰੂ ਦੇ ਨਾਮ ਦਾ ਜਾਪ ਕੀਤਾ ਅਤੇ ਬੜੀ ਬਹਾਦਰੀ ਤੇ ਨਿਡਰਤਾ ਨਾਲ ਸਾਹਮਣਾ ਕੀਤਾ । ਕੁਝ ਦਿਨਾਂ ਦੇ ਤਸੀਹਿਆਂ ਤੋਂ ਬਾਅਦ 1 ਜੁਲਾਈ 1745 ਈ. ਨੂੰ ਤਾਰੂ ਸਿੰਘ ਜੀ ਸ਼ਹੀਦ ਹੋ ਗਏ । ਰਤਨ ਸਿੰਘ ਭੰਗੂ ਤਾਰੂ ਸਿੰਘ ਦੀ ਸ਼ਹਾਦਤ ਨੂੰ ਸਤਿਗੁਰਾਂ ਦੀ ਬਖਸ਼ਿਸ਼ ਸਮਝਦੇ ਹਨ ਕਿ ਉਹ ਇੰਨੀ ਵੱਡੀ ਕੁਰਬਾਨੀ ਕਰ ਸਕੇ:

ਤਾਰੂ ਸਿੰਘ ਉਤਰ ਦਯੋ।।

ਸਤਿਗੁਰ ਮੁਖੋਂ ਫ਼ੁਮਾਇ।।

ਸੋ ਫੁਰਮਾਯੋ ਕਿਮ ਮਿਟੈ।।

ਲਿਖਯੋ ਗਯੋ ਦਰਗਾਹਿ।।

ਸਿਖਨ ਕਾਰਨ ਸਤਿਗੁਰੂ ਦੀਨੇ ਸੀਸ ਲਗਾਇ।।

ਸੋ ਸਿਖ ਹਨ ਉਸ ਗੁਰੂ ਕੇ।।

ਕਿਸ ਰਾਖੈ ਸੀਸ ਬਚਾਇ।।[1•5]

1745 ਵਿਚ ਜ਼ਕਰੀਆ ਖਾਂ ਦੀ ਮੌਤ ਤੋਂ ਬਾਅਦ ਲਾਹੌਰ ਦਾ ਗਵਰਨਰ ਬਣਿਆ। ਯਹੀਆ ਖਾਂ ਜ਼ਕਰੀਆ ਖਾਂ ਵਾਂਗ ਹੀ ਨਿਰਦਈ ਅਤੇ ਜ਼ਾਲਮ ਨਿਕਲਿਆ। ਸੁਬੇਗ ਸਿੰਘ ਅਤੇ ਸ਼ਾਹਬਾਜ਼ ਸਿੰਘ ਦੀ ਸ਼ਹਾਦਤ ਉਸਦੇ ਜ਼ੁਲਮਾਂ ਦੀ ਮੂੰਹ ਬੋਲਦੀ ਤਸਵੀਰ ਹੈ ।

**ਸ਼ਹੀਦੀ ਸੁਬੇਗ ਸਿੰਘ ਅਤੇ ਸ਼ਾਹਬਾਜ਼ ਸਿੰਘ**

ਸੁਬੇਗ ਸਿੰਘ ਇਕ ਸੂਝਵਾਨ ਸਿੱਖ ਸੀ ਜੋ ਸਰਕਾਰੀ ਠੇਕੇ ਲੈਣ ਦਾ ਕੰਮ ਕਰਦਾ ਸੀ । ਜ਼ਕਰੀਆ ਖਾਂ ਦੇ ਨੇੜੇ ਹੋਣ ਕਾਰਨ ਉਸ ਨੇ ਸਿੱਖਾਂ ਨਾਲ ਸਮਝੌਤਾ ਕਰਨ ਦੀ ਪੇਸ਼ਕਸ਼ ਵੀ ਰੱਖੀ ਸੀ । ਸੁਬੇਗ ਸਿੰਘ ਰਾਹੀਂ ਹੀ ਜ਼ਕਰੀਆ ਖਾਂ ਨੇ ਸਿੱਖਾਂ ਨੂੰ ਨਵਾਬੀ ਅਤੇ ਜਗੀਰ ਵਿਚ 1 ਲੱਖ ਰੁ. ਦੇਣਾ ਮੰਨਿਆ ਸੀ ਬਸ਼ਰਤੇ ਸਿੱਖ ਮੁਗਲਾਂ ਵਿਰੁੱਧ ਕੋਈ ਲੁੱਟਮਾਰ ਅਤੇ ਕਾਰਵਾਈ ਨਾ ਕਰਨ। ਪਹਿਲਾਂ ਤਾਂ ਸਿੱਖਾਂ ਨੇ ਇਹ ਨਵਾਬੀ ਅਤੇ ਜਗੀਰ ਦੇ ਲੱਖ ਰੁ. ਠੁਕਰਾ ਦਿੱਤੇ ਪਰ ਸੂਬੇਗ ਸਿੰਘ ਦੇ ਸਮਝਾਉਣ ਤੇ ਸਿੱਖਾਂ ਨੇ ਸਲਾਹ ਕਰਕੇ ਇਹ ਗੁਰਧਾਮਾਂ ਦੀ ਸੁਰੱਖਿਆ ਅਤੇ ਔਕੜ ਵੇਲੇ ਪੈਸੇ ਦੀ ਜ਼ਰੂਰਤ ਪੈਣ ਤੇ ਰੱਖ ਲਏ ਸਨ। ਸੂਬੇਗ ਸਿੰਘ ਦਾ ਪੁੱਤਰ ਮੁਸਲਿਮ ਸਕੂਲ ਵਿਚ ਪੜ੍ਹਦਾ ਸੀ ਜਿਸ ਦਾ ਨਾਂ ਸ਼ਾਹਬਾਜ ਸਿੰਘ ਸੀ । ਮੌਲਵੀ ਨੇ ਉਸ ਨੂੰ ਧਰਮ ਤਬਦੀਲ ਕਰਨ ਲਈ ਉਕਸਾਇਆ ਪਰ ਜਦੋਂ ਉਹ ਨਾ ਮੰਨਿਆ ਤਾਂ ਮੌਲਵੀ ਨੇ ਹਕੀਕਤ ਰਾਏ ਦੀ ਕਹਾਣੀ ਵਾਂਗ ਕਹਾਣੀ ਘੜ ਲਈ ਕਿ ਸ਼ਾਹਬਾਜ਼ ਸਿੰਘ ਇਸਲਾਮ ਧਰਮ ਦੇ ਵਿਰੁੱਧ ਬੋਲਦਾ ਹੈ ਇਸ ਦੇ ਨਾਲ ਹੀ ਸੁਬੇਗ ਸਿੰਘ ਉਪਰ ਵੀ ਇਹ ਇਲਜ਼ਾਮ ਲਗਾ ਦਿੱਤੀ ਕਿ ਉਹ ਸਰਕਾਰੀ ਕੋਤਵਾਲ ਹੋਣ ਦੇ ਬਾਵਜੂਦ ਸਿੱਖਾਂ ਨੂੰ ਸਰਕਾਰ ਦੀਆਂ ਗੁਪਤ ਕਾਰਵਾਈਆਂ ਬਾਰੇ ਇਤਲਾਹ ਦਿੰਦਾ ਹੈ । ਯਹੀਆ ਖਾਂ ਨੂੰ ਸੁਬੇਗ ਸਿੰਘ ਨਾਲ ਕੋਈ ਹਮਦਰਦੀ ਨਹੀਂ ਸੀ ਉਸ ਨੇ ਜ਼ਕਰੀਆ ਖਾਂ ਦੀ ਮੌਤ ਪਿਛੋਂ ਇਹ ਕੇਸ ਮੁੜ ਉਠਾਇਆ ਅਤੇ ਸੁਬੇਗ ਸਿੰਘ ਨੂੰ ਵੀ ਧਰਮ ਤਬਦੀਲ ਕਰਨ ਲਈ ਕਿਹਾ ਗਿਆ । ਉਸਨੇ ਵੀ ਧਰਮ ਤਬਦੀਲ ਕਰਨ ਤੋਂ ਇਨਕਾਰ ਕਰ ਦਿੱਤਾ । ਇਸ

ਪ੍ਰਕਾਰ ਦੋਹਾਂ ਪਿਉ-ਪੁੱਤਰ ਨੂੰ ਚਰਖੜੀਆਂ ਤੇ ਚੜ੍ਹਾ ਕੇ ਬੇਦਰਦੀ ਨਾਲ ਸ਼ਹੀਦ ਕਰ ਦਿੱਤਾ ਅਤੇ ਉਹ ਜਪੁਜੀ ਸਾਹਿਬ ਦਾ ਜਾਪ ਕਰਦੇ ਸ਼ਹਾਦਤ ਪ੍ਰਾਪਤ ਕਰ ਗਏ ।

**ਲਖਪਤ ਰਾਏ ਅਤੇ ਸਿੱਖਾਂ ਦੀਆਂ ਸ਼ਹਾਦਤਾਂ**

ਯਹੀਆ ਖਾਨ ਨੇ ਲਖਪਤ ਰਾਏ ਨੂੰ ਦੀਵਾਨ ਦੀ ਪਦਵੀ ਤੇ ਪੱਕਿਆਂ ਕਰ ਦਿੱਤਾ । ਲਖਪਤ ਰਾਏ ਦਾ ਭਰਾ ਜਸਪਤ ਰਾਏ ਐਮਨਾਬਾਦ ਦਾ ਫੌਜਦਾਰ ਸੀ ਅਤੇ ਉਹ ਲਖਪਤ ਰਾਏ ਦਾ ਪੂਰਾ ਸਮਰਥਕ ਸੀ । 1746 ਈ. ਵਿਚ ਜਸਪਤ ਰਾਏ ਨੇ ਸਿੱਖਾਂ ਉਪਰ ਬੇਲੋੜੀਆਂ ਸਖ਼ਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਮਾਮਲਾ ਇੱਕਠਾ ਕਰਨ ਲੱਗ ਪਿਆ । ਬਹੁਤ ਸਾਰੇ ਕਿਸਾਨਾਂ ਨੇ ਦੁਖੀ ਹੋ ਕੇ ਖਾਲਸੇ ਵਿਚ ਰਲ਼ ਜਾਣਾ ਬਿਹਤਰ ਸਮਝਿਆ। ਦੁਸ਼ਮਣਾਂ ਦੁਆਰਾ ਪਰੇਸ਼ਾਨ ਕੀਤਾ ਜਾ ਰਿਹਾ ਇਕ ਜਥਾ ਐਮਨਾਬਾਦ ਦੇ ਰੋੜੀ ਸਾਹਿਬ ਗੁਰਦੁਆਰਾ ਪਹੁੰਚਾ ਅਤੇ ਉਹਨਾਂ ਨੇ ਜਸਪਤ ਰਾਏ ਤੋਂ ਉਥੇ ਇੱਕ ਰਾਤ ਰਹਿਣ ਦੀ ਇਜਾਜ਼ਤ ਮੰਗੀ । ਜਸਪਤ ਰਾਏ ਨੇ ਉਹਨਾਂ ਸਿੰਘਾਂ ਦੀ ਇਕ ਨਾਂ ਸੁਣੀ ਅਤੇ ਉਥੋਂ ਭੱਜ ਜਾਣ ਲਈ ਹੁਕਮ ਦਿੱਤਾ । ਸਿੰਘਾਂ ਨੇ ਮੁਕਾਬਲੇ ਦੀ ਤਿਆਰੀ ਕਰ ਲਈ । ਜਸਪਤ ਰਾਏ ਨੇ ਉਹਨਾਂ ਤੇ ਚੜ੍ਹਾਈ ਕਰ ਦਿੱਤੀ ਅਤੇ ਉਸ ਦੇ ਸਿਪਾਹੀ ਸਿੰਘਾਂ ਨੂੰ ਟੁੱਟ ਕੇ ਪੈ ਗਏ । ਸਿੰਘਾਂ ਨੇ ਵੀ ਲੜਾਈ ਕਰਕੇ ਮੁਕਾਬਲਾ ਕੀਤਾ । ਲੜਾਈ ਦੌਰਾਨ ਨਿਬਾਹੂ ਸਿੰਘ ਨਾਮ ਦਾ ਰੰਘਰੇਟਾ ਨੌਜਵਾਨ ਜਸਪਤ ਰਾਏ ਦੇ ਹਾਥੀ ਦੀ ਪੂਛ ਫੜ ਕੇ ਕਾਠੀ ਤੇ ਜਾ ਬੈਠਾ ਅਤੇ ਜਸਪਤ ਰਾਏ ਦੀ ਧੌਣ ਧੜ ਨਾਲੋਂ ਅਲਗ ਕਰ ਦਿੱਤੀ ਅਤੇ ਮੌਤ ਦੇ ਘਾਟ ਉਤਾਰ ਦਿੱਤਾ । ਇਸ ਪ੍ਰਸੰਗ ਵਿੱਚ ਰਤਨ ਸਿੰਘ ਭੰਗੂ ਨਿਬਾਹੂ ਸਿੰਘ ਦੀ ਪ੍ਰਤਿਭਾ ਬਾਰੇ ਇਸ ਤਰ੍ਹਾਂ ਬਿਆਨ ਕਰਦੇ ਹਨः

ਵਹਿ ਲੂਟਨ ਚੜਿਓ ਖਾਲਸੇ।।
ਸੋ ਲੀਓ ਖਾਲਸੇ ਲੂਟ।।
ਨਿਬਾਹੂ ਸਿੰਘ ਰਾਜ ਪੈ ਚੜਯੋ।।
ਮਾਰ ਤੇਗ ਦਿਓ ਸੂਟ।।
ਨਿਬਾਹੂ ਸਿੰਘ ਚੜ ਗਜ ਪੈ ਗਯੋ।।
ਸੀਸ ਕਾਟ ਸਭ ਜੇਵਰ ਲਯੋ।।[106]

ਇਸ ਪ੍ਰਕਾਰ ਜਸਪਤ ਰਾਏ ਦੀ ਮੌਤ ਦੀ ਖਬਰ ਸੁਣ ਕੇ ਲਖਪਤ ਰਾਏ ਦਾ ਗੁੱਸਾ ਹੋਰ ਵਧ ਗਿਆ ਅਤੇ ਉਸਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਬਾਰੇ ਨਿਸਚਾ ਕਰ ਲਿਆ ਸੀ। ਡਾ. ਗੰਡਾ ਸਿੰਘ ਆਪਣੀ ਪੁਸਤਕ 'ਸਿੱਖ ਇਤਿਹਾਸ' ਵਿਚ ਖੁਸ਼ਵਕਤ ਰਾਏ ਦਾ ਹਵਾਲਾ ਦਿੰਦਾ ਹੋਇਆ ਲਿਖਦਾ ਹੈ ਲਖਪਤ ਰਾਏ ਨੇ ਆਪਣੇ ਭਰਾ ਦੀ ਮੌਤ ਤੇ ਕਸਮ ਖਾਧੀ ਤੇ ਕਿਹਾ:

> ਮੈਂ ਖੱਤਰੀ ਹਾਂ, ਜਿਵੇਂ ਖਾਲਸੇ ਦਾ ਸਿਰਜਣਹਾਰ ਗੁਰੂ ਗੋਬਿੰਦ ਸਿੰਘ ਵੀ ਖੱਤਰੀ ਸੀ ਪਰ ਮੈਂ ਆਪਣੇ ਆਪ ਨੂੰ ਉਦੋਂ ਤੱਕ ਖੱਤਰੀ ਨਹੀਂ ਕਹਾਂਗਾ ਜਦੋਂ ਤੱਕ ਮੈਂ ਸਿੱਖਾਂ ਦਾ ਨਾਂ ਇਤਿਹਾਸ ਦੇ ਪੰਨਿਆਂ ਤੋਂ ਨਹੀਂ ਮਿਟਾ ਦਿੰਦਾ ।[107]

ਲਖਪਤ ਰਾਏ ਨੇ ਬਹੁਤ ਸਾਰੇ ਲਾਹੌਰ ਵਾਸੀ ਸਿੱਖਾਂ ਨੂੰ ਫੜ ਲਿਆ ਅਤੇ ਭੰਗੀਆਂ ਦੇ ਹਵਾਲੇ ਕਰ ਕੇ ਹੁਕਮ ਦੇ ਦਿੱਤਾ ਕਿ 10 ਮਾਰਚ ਸੋਮਵਾਰ ਵਾਲੇ ਦਿਨ ਸੰਨ 1746 ਨੂੰ ਉਹਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਬਹੁਤ ਸਾਰੇ ਚੰਗੇ ਹਿੰਦੂ ਲੋਕ ਜਿਨ੍ਹਾਂ ਵਿਚ ਦੀਵਾਨਾ ਕੌੜਾ ਮੱਲ, ਦੀਵਾਨ ਲੱਭੀ ਰਾਮ, ਦੀਵਾਨ ਸੂਰਤ ਸਿੰਘ, ਭਾਈ ਦੇਸ ਰਾਜ, ਚੌਧਰੀ ਜਵਾਹਰ ਮੱਲ ਆਦਿ, ਲਖਪਤ ਰਾਏ ਨੂੰ ਮਿਲੇ ਅਤੇ ਬੇਕਸੂਰ ਸਿੱਖਾਂ ਨੂੰ ਨਾ ਕਤਲ ਕਰਨ ਬਾਰੇ ਬੇਨਤੀ ਕੀਤੀ, ਪਰ ਲਖਪਤ ਰਾਏ ਨੇ ਸਾਰੇ ਸਿੱਖਾਂ ਨੂੰ ਕਤਲ ਕਰਵਾ ਦਿੱਤਾ । ਉਸ ਨੇ ਸਿੱਖਾਂ ਉਪਰ ਬਹੁਤ ਅੱਤਿਆਚਾਰ ਕੀਤੇ । ਇਹ ਹੁਕਮ ਜਾਰੀ ਕਰ ਦਿੱਤਾ ਕਿ ਜੋ ਗੁਰੂ ਦਾ ਨਾਮ ਲਵੇਗਾ ਉਸ ਦਾ ਢਿੱਡ ਪਾੜ ਦਿੱਤਾ ਜਾਵੇਗਾ । ਗੁੜ ਸ਼ਬਦ ਗੁਰੂ ਦਾ ਭੁਲੇਖਾ ਪਾਉਂਦਾ ਹੈ ਇਸ ਲਈ ਉਸ ਨੇ ਉਸ ਦੀ ਜਗ੍ਹਾ 'ਰੋੜੀ' ਸ਼ਬਦ ਦਾ ਪ੍ਰਯੋਗ ਕਰਨ ਦਾ ਹੁਕਮ ਦੇ ਦਿੱਤਾ। ਗ੍ਰੰਥ ਸ਼ਬਦ ਦੀ ਵਰਤੋਂ ਦੀ ਥਾਂ 'ਪੋਥੀ' ਸ਼ਬਦ ਵਰਤਿਆ ਜਾਵੇ । ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਖੂਹਾਂ ਵਿਚ ਸੁਟਵਾ ਦਿੱਤੀਆਂ ਗਈਆਂ । ਦਰਬਾਰ ਸਾਹਿਬ ਦਾ ਸਰੋਵਰ ਮਿੱਟੀ ਨਾਲ ਪੂਰ ਦਿੱਤਾ ਗਿਆ ਅਤੇ ਸਿੱਖਾਂ ਦੇ ਗੁਰਧਾਮਾਂ ਦੀ ਬੇਅਦਬੀ ਕੀਤੀ ਗਈ ।

**ਛੋਟਾ ਘੱਲੂਘਾਰਾ**

ਯਹੀਆ ਖਾਨ ਅਤੇ ਲਖਪਤ ਰਾਏ ਦੀ ਕਮਾਨ ਹੇਠ ਅਤੇ ਸਾਰੇ ਮੁਲਕ ਵਿਚੋਂ ਸਹਾਇਕ ਲੈ ਕੇ ਸਿੱਖਾਂ ਵਿਰੁੱਧ ਚੜ੍ਹਾਈ ਕਰ ਦਿੱਤੀ ਗਈ । ਸਿੱਖਾਂ ਦੀ 15 ਕੁ ਹਜ਼ਾਰ ਦੀ ਗਿਣਤੀ ਅਤੇ ਉਹਨਾਂ ਨੇ ਕਾਹਨੂੰਵਾਣ ਦੇ ਛੰਬ ਵਿੱਚ ਸ਼ਰਨ ਲਈ ਹੋਈ ਸੀ । ਮੁਗਲ ਹਕੂਮਤ ਨੇ ਸਿੱਖਾਂ ਦਾ ਘਰਾਂ ਵਿਚ ਰਹਿਣਾ ਦੁੱਭਰ ਕਰ ਦਿੱਤਾ ਸੀ ਜਿਸ ਲਈ ਅਜਿਹੇ ਛੰਭਾ, ਝਾੜੀਆਂ, ਝੱਲਾਂ ਤੇ ਦਲਦਲ ਵਾਲੀਆਂ ਥਾਵਾਂ ਤੇ ਰਹਿਣਾ ਸਿੱਖਾਂ ਦੀ ਮਜਬੂਰੀ ਬਣ ਗਈ । ਸੈਨਾ ਦੀ ਸਹਾਇਤਾ ਨਾਲ ਇਸ ਛੰਭ ਵਿਚੋਂ ਸਫਾਈ ਕਰਾ ਕੇ ਸਿੱਖਾਂ ਨੂੰ ਕਾਹਨੂੰਵਾਨ ਵਿਚੋਂ ਕੱਢ ਕੇ ਰਾਵੀ ਵਾਲੇ ਪਾਸੇ ਧੱਕ ਦਿੱਤਾ । ਰਾਵੀ ਨੂੰ ਪਾਰ ਕਰਕੇ ਉਹ ਪੜੌਲ ਅਤੇ ਕਠੂਆ ਵਲ ਨੂੰ ਚਲੇ ਗਏ । ਲਖਪਤ ਰਾਏ ਸਿੰਘਾਂ ਦੇ ਪਿਛੇ ਹੀ ਸੈਨਾ ਲਈ ਧਾਵਾ ਬੋਲ ਰਿਹਾ ਸੀ । ਸਿੰਘਾਂ ਨੇ ਹੁਣ ਬਸੋਲੀ ਦੀਆਂ ਪਹਾੜੀਆਂ ਵੱਲ ਜਾਣਾ ਬਿਹਤਰ ਸਮਝਿਆ ਸੀ। ਇਸ ਆਸ ਨਾਲ ਕਿ ਉਥੋਂ ਦੀ ਹਿੰਦੂ ਵਸੋਂ ਸ਼ਾਇਦ ਉਹਨਾਂ ਦੀ ਕੋਈ ਨਾ ਕੋਈ ਮਦਦ ਕਰੇਗੀ ਪਰ ਲਾਹੌਰ ਤੋਂ ਪਹਿਲਾਂ ਹੀ ਹੁਕਮ ਹੋਇਆ ਸੀ ਕਿ ਕੋਈ ਵੀ ਸਿੱਖਾਂ ਦੀ ਮਦਦ ਨਹੀਂ ਕਰੇਗਾ। ਹਿੰਦੂ ਲੋਕਾਂ ਨੇ ਸਗੋਂ ਇਸ ਹਾਲਤ ਵਿਚ ਸਿੱਖਾਂ ਦਾ ਪੱਥਰਾਂ ਨਾਲ ਸਵਾਗਤ ਕੀਤਾ । ਭਾਈ ਰਤਨ ਸਿੰਘ ਭੰਗੂ ਇਸ ਹਾਲਤ ਦਾ ਵਰਨਣ ਇਸ ਪ੍ਰਕਾਰ ਕਰਦੇ ਹਨਃ

ਤਬ ਸਿੰਘਣ ਨੇ ਬਹੁ ਦੁਖ ਪਾਯਾ।।
ਹਿਦੇਵਾਇਣੋ ਕੋ ਕੋਣ ਤਕਾਯਾ।।
ਵੜੇ ਸੁ ਜਾਇ ਪਹਾੜਨ ਝੱਲ।।
ਕਰਹਿ ਹਿੰਦੂ ਕਛੁ ਹਮਾਰੀ ਵੱਲ।।
ਹਿੰਦੁ ਕੋ ਮਾਰਨ ਤੁਰਕਨ ਭੋ ਗਾਰਨ।।
ਭਨੋ ਖਾਲਸਾ ਇਸ ਹੀ ਕਾਰਨ।।
ਨਹਿੰ ਜਾਨਯੋ ਯਹਿ ਤੁਰਕਨ ਭਾਈ।।
ਹਮਰੋ ਮੰਗੁ ਬਹੁ ਕਰੈਂ ਬੁਰਾਈਂ।।

ਸਿੰਘਨ ਤਬੈ ਪਹਾੜ ਤਕਾਯਾ॥

ਡੇਰਾ ਤਿਸ ਤੋ ਵਲ ਚਲਾਯਾ॥

ਆਗੈ ਪੂਰਯੇ ਲਖਯੇ ਪਹਾੜ

ਕੜੇ ਖੜੇ ਥੇ ਸ਼ਸਤ੍ਰਨ ਨਾਲ[108]

ਸਿੰਘਾਂ ਲਈ ਬਹੁਤ ਹੀ ਕਸ਼ਟ ਵਾਲੀ ਘੜੀ ਆ ਗਈ। ਇਕ ਪਾਸੇ ਪਹਾੜ ਅਤੇ ਉਥੋਂ ਦੇ ਵਾਸੀਆਂ ਦਾ ਮਾੜਾ ਵਤੀਰਾ ਅਤੇ ਦੂਜੇ ਪਾਸੇ ਦਰਿਆ ਪਿਛਲੇ ਪਾਸੇ ਭਾਰੀ ਫੌਜ ਦੀ ਗਿਣਤੀ। ਸਿੰਘਾਂ ਪਾਸ ਨਾ ਗੋਲੀ, ਅਸਲਾ, ਬਾਰੂਦ ਕੁਝ ਵੀ ਨਹੀਂ ਸੀ, ਘੋੜੇ ਵੀ ਕਮਜੋਰ ਹੋਣ ਕਾਰਨ ਪਹਾੜਾਂ ਦੀਆਂ ਖੱਡਾਂ ਤੋਂ ਡਿਗ ਜਾਂਦੇ । ਹੁਣ ਸਿੰਘਾਂ ਨੇ ਮਾਝੇ ਵੱਲ ਚਲੇ ਜਾਣਾ ਬਿਹਤਰ ਸਮਝਿਆ ਪਰ ਰਾਵੀ ਵਿਚ ਹੜ ਆਇਆ ਹੋਇਆ ਸੀ । ਆਖਿਰ ਸਿੰਘਾਂ ਨੇ ਫੈਸਲਾ ਕੀਤਾ ਕਿ ਪੈਦਲ ਸਿੰਘ ਪਹਾੜਾਂ ਵੱਲ ਚੜ ਜਾਣ, ਘੋੜਿਆਂ ਵਾਲੇ ਦੁਸ਼ਮਣਾਂ ਨੂੰ ਚੀਰਦੇ ਹੋਏ ਅੰਗੇ ਲੰਘ ਜਾਣ । ਇਸ ਪ੍ਰਕਾਰ ਇਸ ਔਖੀ ਘੜੀ ਵਿਚ ਬਹੁਤ ਸਿੰਘ ਸ਼ਹੀਦ ਹੋ ਗਏ । ਸੁੱਖਾ ਸਿੰਘ ਦੀ ਅਗਵਾਈ ਵਿਚ ਜੋ ਜਥਾ ਆ ਰਿਹਾ ਸੀ ਉਹ ਵੈਰੀ ਦੀ ਫੌਂਜ ਤੇ ਟੁੱਟ ਕੇ ਪੈ ਗਿਆ ਪਰ ਉਹਨਾਂ ਨੂੰ ਘੇਰ ਲਿਆ ਗਿਆ । ਸੈਂਕੜਿਆਂ ਦੀ ਗਿਣਤੀ ਵਿਚ ਸਿੰਘ ਸ਼ਹੀਦ ਹੋ ਗਏ। ਬਹੁਤ ਸਾਰਿਆਂ ਨੂੰ ਬੰਦੀ ਬਣਾ ਲਿਆ ਗਿਆ । ਸੁੱਖਾ ਸਿੰਘ ਦੀ ਲੱਤ ਕੱਟੀ ਗਈ ਪਰ ਉਸ ਨੇ ਹੌਂਸਲਾ ਨਾ ਹਾਰਿਆ । 2,000 ਦੇ ਲਗਭਗ ਸਿੱਖ ਰਾਵੀ ਦਰਿਆ ਪਾਰ ਕਰਕੇ ਗੁਰਦਾਸਪੁਰ ਦੇ ਰਿਆੜਕੀ ਦੇ ਇਲਾਕੇ ਵਿਚ ਪਹੁੰਚ ਗਏ । ਦਰਿਆ ਦੇ ਪੂਰਬੀ ਕੰਢੇ ਤੇ ਤਪਦੀ ਰੇਤ ਨਾਲ ਉਹਨਾਂ ਦੇ ਪੈਰ ਸੜਨ ਲੱਗੇ ਉਹਨਾਂ ਨੇ ਪਾਟੇ ਹੋਏ ਕੱਪੜਿਆਂ ਦੀਆਂ ਲੀਰਾਂ ਪਾੜ ਕੇ ਆਪਣੇ ਪੈਰ੍ਹਾਂ ਹੇਠ ਬੰਨੀਆਂ । ਭੁੱਖ ਅਤੇ ਗਰਮੀ ਨਾਲ ਸਿੰਘਾਂ ਦੀ ਬਹੁਤ ਬੁਰੀ ਹਾਲਤ ਹੋਈ । ਮੀਲਾਂ ਦਾ ਰੇਤਲਾ ਪੰਧ ਤੈਅ ਕਰਕੇ ਉਹ ਬਿਆਸ ਵਲ ਨੂੰ ਵਧਦੇ ਗਏ ਅਤੇ ਸ੍ਰੀ ਹਰਗੋਬਿੰਦਪੁਰ ਵੱਲੋਂ ਦੀ ਹੋ ਕੇ ਯਹੀਆਪੁਰ ਦੇ ਲਾਗੇ ਬੈਠੇ ਸਨ । ਉਹਨਾਂ ਨੇ ਭੁੱਖ ਤੋਂ ਤੰਗ ਆ ਕੇ ਢਾਲਾਂ ਉਪਰ ਰੋਟੀਆਂ ਬਣਾਉਣੀਆਂ ਸ਼ੁਰੂ ਹੀ ਕੀਤੀਆਂ ਸਨ ਕਿ ਪਿਛੋਂ ਲਖਪਤ ਰਾਏ ਦੀ ਫੌਜ ਨੇ ਆ ਹਮਲਾ ਕਰ ਦਿੱਤਾ । ਸਿੱਖਾਂ ਨੇ ਖਾਣਾ ਬਣਾਉਣਾ ਛਡ ਦਿੱਤਾ ਅਤੇ ਸਤਲੁਜ ਵੱਲ ਨੂੰ ਵਧਣ ਲੱਗੇ।

ਅਲੀਵਾਲ ਪਾਰ ਕਰਨ ਤੋਂ ਪਿਛੋਂ ਸਿੱਖ ਮਾਲਵੇ ਵੱਲ ਨੂੰ ਚਲੇ ਗਏ । ਲਖਪਤ ਰਾਏ ਨੇ ਹੁਣ ਬਹੁਤ ਲੜਾਈ ਕਰ ਲਈ ਸੀ ਹੁਣ ਉਹ ਲਾਹੌਰ ਨੂੰ ਵਾਪਿਸ ਚਲਾ ਗਿਆ । ਇਸ ਪ੍ਰਸੰਗ ਵਿੱਚ ਡਾ. ਗੰਡਾ ਸਿੰਘ ਕਹਿੰਦੇ ਹਨ:

> ਇਸ ਮੁਹਿੰਮ ਵਿਚ ਉਸ ਨੇ ਲਗਭਗ 7,000 ਸਿੰਘ ਮਾਰ ਦਿੱਤੇ । 30,000 ਆਦਮੀਆਂ ਨੂੰ ਕੈਦੀ ਬਣਾ ਕੇ ਲਾਹੌਰ ਲੈ ਗਿਆ । ਇਹਨਾਂ ਨੂੰ ਬਹੁਤ ਨਿਰਦਈ ਤਸੀਹੇ ਦੇ ਕੇ ਨਖਾਸ ਵਿਚ ਲਿਜਾ ਕੇ ਇਹਨਾਂ ਕਤਲ ਕਰ ਦਿੱਤਾ। ਉਹਨਾਂ ਦੇ ਸਿਰਾਂ ਦੇ ਮੀਨਾਰਾਂ ਦੀ ਸ਼ਕਲ ਵਿਚ ਢੇਰ ਲਾਏ ਅਤੇ ਉਨ੍ਹਾਂ ਦੇ ਕੱਟੇ ਵੱਢੇ ਸਰੀਰਾਂ ਨੂੰ ਇਕ ਮਸੀਤ ਦੀਆਂ ਦੀਵਾਰਾਂ ਦੇ ਵਿਚ ਦੱਬ ਦਿੱਤਾ ਗਿਆ । ਇਹ ਪਹਿਲਾ ਮੌਕਾ ਸੀ ਜਦੋਂ ਸਿੱਖਾਂ ਦੀ ਇਸ ਮੁਹਿੰਮ ਨੇ ਇੰਨਾ ਭਾਰੀ ਨੁਕਸਾਨ ਉਠਾਇਆ ਸੀ । ਇਸ ਨੂੰ ਪਹਿਲਾ ਘੱਲੂਘਾਰਾ ਕਿਹਾ ਗਿਆ ਹੈ । ਇਹ ਘਟਨਾ 1 ਜੂਨ 1746 ਨੂੰ ਵਾਪਰੀ ।[109]

21 ਮਾਰਚ 1747 ਨੂੰ ਯਹੀਆ ਖਾਂ ਨੂੰ ਹਟਾ ਕੇ ਉਸ ਦਾ ਭਰਾ ਸ਼ਾਹ ਨਵਾਜ਼ ਖਾਂ ਲਾਹੌਰ ਦਾ ਹਾਕਮ ਬਣ ਗਿਆ । ਉਸ ਨੇ ਲਖਪਤ ਰਾਏ ਨੂੰ ਹਟਾ ਕੇ ਦੀਵਾਨ ਕੌੜਾ ਮੱਲ ਨੂੰ ਨਿਯੁਕਤ ਕਰ ਦਿੱਤਾ। ਕੌੜਾ ਮਲ ਸਹਿਜਧਾਰੀ ਸਿੱਖ ਸੀ ਜਿਸਦੇ ਸਮੇਂ ਸਿੱਖਾਂ ਨੇ 12 ਸਾਲ ਬਾਅਦ ਸ਼ਾਂਤੀ ਨਾਲ ਵਿਸਾਖੀ ਮਨਾਈ । ਸਿੱਖ ਉਸ ਨੂੰ 'ਮਿਠਾ ਮੱਲ' ਦੇ ਨਾਂ ਨਾਲ ਵੀ ਪੁਕਾਰਦੇ ਸਨ । ਸਿੱਖਾਂ ਨੇ ਇਸ ਸਮੇਂ ਰਾਮਰੌਣੀ ਦਾ ਕਿਲ੍ਹਾ ਉਸਾਰਿਆ ਅਤੇ ਹਰਿਮੰਦਰ ਸਾਹਿਬ ਦੀ ਮੁਰੰਮਤ ਕਰਵਾਈ । 1747 ਵਿਚ ਨਾਦਰ ਸ਼ਾਹ ਦਾ ਕਤਲ ਹੋਇਆ ਅਤੇ ਅਹਿਮਦ ਸ਼ਾਹ ਅਬਦਾਲੀ ਉਸ ਦੀ ਜਗ੍ਹਾ ਅਫ਼ਗਾਨਿਸਤਾਨ ਦਾ ਹਾਕਮ ਬਣ ਗਿਆ । 1748 ਨੂੰ ਸ਼ਾਹ ਨਵਾਜ਼ ਖਾਂ ਨੇ ਉਸ ਨੂੰ ਭਾਰਤ ਤੇ ਹਮਲਾ ਕਰਨ ਲਈ ਕਿਹਾ ਅਤੇ ਮਦਦ ਮੰਗੀ ਪਰ ਹੁਣ ਉਸਦੀ ਨੀਤੀ ਬਦਲ ਗਈ ਅਤੇ ਉਸਦੇ ਭੇਜੇ ਹੋਏ ਦੂਤ ਨੂੰ ਬੇਇੱਜ਼ਤ ਕਰਕੇ ਵਾਪਿਸ ਭੇਜ ਦਿੱਤਾ । 1748 ਵਿਚ ਅਹਿਮਦ

ਸ਼ਾਹ ਅਬਦਾਲੀ ਨੇ ਭਾਰਤ ਤੇ ਹਮਲਾ ਕਰ ਦਿੱਤਾ ਅਤੇ ਲਾਹੌਰ ਦਾਖਿਲ ਹੋ ਗਿਆ । ਇਤਿਹਾਸਕਾਰ ਸਤਿਬੀਰ ਸਿੰਘ ਪੁਸਤਕ 'ਸਿੱਖ ਇਤਿਹਾਸ' ਵਿਚ ਲਿਖਦੇ ਹਨ:

> ਅਬਦਾਲੀ ਜੇਤੂ ਦੇ ਤੌਰ ਤੇ ਲਾਹੌਰ ਦਾਖਿਲ ਹੋਇਆ ਤੇ ਲਾਹੌਰ ਦਾ ਕਤਲੇਆਮ ਕਰਨ ਦੇ ਹੁਕਮ ਦੇ ਦਿੱਤੇ। ਕਿੰਨੇ ਹੀ ਬੇਦੋਸ਼ੇ ਲੋਕ ਅਤੇ ਸਿੰਘ ਟਾਕਰਾ ਕਰਦੇ ਸ਼ਹੀਦ ਹੋ ਗਏ।[11•]

ਇਸ ਸਮੇਂ ਅਹਿਮਦ ਸ਼ਾਹ ਅਬਦਾਲੀ ਨੇ ਕਸੂਰ ਦੇ ਹਾਕਮ ਜਲ੍ਹੇ ਖਾਂ ਨੂੰ ਲਾਹੌਰ ਦਾ ਗਵਰਨਰ ਅਤੇ ਮੋਮਨ ਖਾਂ ਨੂੰ ਉਸ ਦਾ ਨਾਇਬ ਅਤੇ ਲਖਪਤ ਰਾਏ ਨੂੰ ਦੀਵਾਨ ਬਣਾ ਦਿੱਤਾ । ਕੁਝ ਸਮੇਂ ਪਿਛੋਂ 1749 ਈ. ਵਿਚ ਅਹਿਮਦ ਸ਼ਾਹ ਨੂੰ ਸਰਹੰਦ ਦੇ ਲਾਗੇ ਮਾਨੂੰਪੁਰ ਦੀ ਲੜਾਈ ਵਿਚ ਮੁਗਲ ਹਾਕਮਾ ਨੇ ਹਰਾ ਦਿੱਤਾ ਅਤੇ ਲਾਹੌਰ ਅਤੇ ਮੁਲਤਾਨ ਦੀ ਗਵਰਨਰੀ ਦਿੱਲੀ ਦੇ ਵਜ਼ੀਰ ਦੇ ਪੁੱਤਰ ਮੀਰ ਮਨੂੰ ਹੱਥ ਆ ਗਈ । ਇਸ ਸਮੇਂ ਸਿੱਖਾਂ ਨੇ ਦੋਹਰੀ ਤਾਕਤ ਦਾ ਸਾਹਮਣਾ ਕੀਤਾ ਇਕ ਪਾਸੇ ਮੁਗਲ ਸਰਕਾਰ ਅਤੇ ਦੂਜੇ ਪਾਸੇ ਅਫ਼ਗਾਨੀ ਹਾਕਮ । ਸਿੰਘਾਂ ਨੇ ਏਨੀਆਂ ਮੁਸੀਬਤਾਂ, ਦੁੱਖਾਂ ਕਸ਼ਟਾਂ ਦੇ ਬਾਵਜੂਦ ਵੀ ਆਪਣੇ ਆਦਰਸ਼ਾਂ ਨੂੰ ਕਾਇਮ ਰੱਖਿਆ । ਪਹਿਲਾਂ ਸੈਂਕੜੇ ਸਿੰਘਾਂ ਨੇ ਇੱਕਲਿਆਂ-ਇੱਕਲਿਆਂ ਸ਼ਹੀਦੀਆਂ ਪਾਈਆਂ। ਫਿਰ ਛੋਟੇ ਘੱਲੂ ਘਾਰੇ ਦੇ ਰੂਪ ਵਿਚ ਪੂਰੀ ਕੌਮ ਨੇ ਬਲੀਦਾਨ ਦਿੱਤਾ । ਸਿੰਘਾਂ ਨੇ ਕਦੀ ਵੀ ਆਪਣਾ ਮਨੋਬਲ ਨਹੀਂ ਡਿੱਗਣ ਦਿੱਤਾ । ਦਿੱਲੀ ਲਾਹੌਰ ਅਤੇ ਸਾਰੇ ਵਿਰੋਧੀ ਇਕ ਪਾਸੇ ਅਤੇ ਸਿੱਖ ਇਕ ਪਾਸੇ ਸਦਾ ਚੜ੍ਹਦੀ ਕਲਾ ਵਿਚ ਰਹੇ ।

1748 ਤੋਂ 1765 ਤੱਕ ਦੇ ਸਮੇਂ ਵਿਚ ਸਿੰਘਾਂ ਨੇ 65 ਜਥੇ ਬਣਾਏ । 1748 ਵਿਚ ਵਿਸਾਖੀ ਦਾ ਸਮਾਗਮ ਅੰਮ੍ਰਿਤਸਰ ਵਿਖੇ ਕੀਤਾ । ਸਿੱਖਾਂ ਦੇ ਦਰਸ਼ਨ ਅਤੇ ਇਸ਼ਨਾਨ ਕਰਨ ਦੀ ਮਨਾਹੀ ਨੂੰ ਸਦਾ ਲਈ ਹਟਾਉਂਦਿਆਂ ਹਾਕਮ ਸਲਾਬਤ ਖਾਂ ਨੂੰ ਮੌਤ ਦੇ ਘਾਟ ਉਤਾਰ ਕੇ ਹਰਿਮੰਦਰ ਸਾਹਿਬ ਨੂੰ ਮੁਗਲ ਹਕੂਮਤ ਤੋਂ ਅਜ਼ਾਦ ਕਰਾਇਆ । ਇਸੇ ਸਮੇਂ ਵਿਚ ਹੀ ਇਹਨਾਂ 65 ਜਥਿਆਂ ਨੂੰ ਮਿਸਲਾਂ ਵਿਚ ਤਬਦੀਲ ਕਰਕੇ ਸਮੁੱਚੀ ਖਾਲਸਾ ਫੌਜ ਦਾ ਨਾਂ 'ਦਲ ਖਾਲਸਾ'

ਰੱਖਿਆ ਗਿਆ ਅਤੇ ਇਸ ਦੇ ਪ੍ਰਧਾਨ ਜੱਸਾ ਸਿੰਘ ਆਹਲੂਵਾਲੀਆ ਬਣਾਏ ਗਏ ਦਲ ਖਾਲਸੇ ਦੀ ਹਰ ਕਾਰਵਾਈ ਧਰਮ ਤੇ ਨੇਕੀ ਦੀ ਜੰਗ ਸੀ ।

**ਮੀਰ ਮੰਨੂ ਅਤੇ ਸਿੱਖ – ਰਾਮਰੌਣੀ ਦੇ ਸ਼ਹੀਦ ਸਿੱਖ ਔਰਤਾਂ ਅਤੇ ਬੱਚਿਆਂ ਦੀ ਸ਼ਹਾਦਤ**

ਮੀਰ ਮੰਨੂ ਨੇ ਆਪਣੇ ਵਿਰੋਧੀਆਂ ਨਾਲ ਨਜਿੱਠ ਕੇ ਸਿੱਖਾਂ ਉਤੇ ਅੱਤਿਆਚਾਰ ਦੀ ਨੀਤੀ ਆਪਣਾਉਣੀ ਸ਼ੁਰੂ ਕਰ ਦਿੱਤੀ । 1748 ਈ. ਵਿਚ ਜਦੋਂ ਸਿੱਖ ਦਿਵਾਲੀ ਦਾ ਤਿਉਹਾਰ ਮਨਾਉਣ ਲਈ ਅੰਮ੍ਰਿਤਸਰ ਇੱਕਠੇ ਹੋਏ ਤਾਂ ਉਹ ਆਪਣੀ ਫੌਜ ਲੈ ਕੇ ਅਦੀਨਾ ਬੇਗ ਅਗਵਾਈ ਵਿਚ ਰਾਮਰੌਣੀ ਦੇ ਕਿਲੇ ਵੱਲ ਆਇਆ । ਸਿੱਖਾਂ ਨੇ ਮੁਕਾਬਲੇ ਲਈ ਤਿਆਰੀ ਕਰ ਲਈ । 500 ਦੇ ਕਰੀਬ ਸਿੰਘ ਕਿਲੇ ਦੇ ਅੰਦਰ ਸਨ ਅਤੇ ਕੁਝ ਸਿੰਘ ਰਾਮਸਰ ਦੇ ਲਾਗੇ ਝਾੜੀਆਂ ਵਿਚ ਲੁਕੇ ਹੋਏ ਸਨ । ਅੰਦਰ ਵਾਲੇ ਸਿੱਖ ਰਾਤ ਨੂੰ ਵੈਰੀਆਂ ਉਪਰ ਹਮਲੇ ਕਰਦੇ ਅਤੇ ਬਾਕੀ ਬਾਹਰ ਵਾਲੇ ਵੈਰੀਆਂ ਉਪਰ ਆ ਪੈਂਦੇ । ਇਹ ਘੇਰਾ ਤਿੰਨ ਮਹੀਨੇ ਤੱਕ ਪਿਆ ਰਿਹਾ ਅਤੇ ਲਗਭਗ 200 ਦੇ ਕਰੀਬ ਸਿੱਖ ਸ਼ਹੀਦ ਹੋ ਗਏ । ਖੁਰਾਕ ਅਤੇ ਸਾਧਨਾਂ ਦੀ ਕਮੀ ਹੋਣ ਕਾਰਨ ਸਿੱਖਾਂ ਦਾ ਬਹੁਤ ਮਾੜਾ ਹਾਲ ਹੋ ਗਿਆ । ਜੈ ਸਿੰਘ ਘਨੱਈਆ ਦੀ ਘੋੜੀ ਅਤੇ ਉਸ ਦੀ ਫੁਰਤੀ ਦੀਆਂ ਅਨੇਕਾਂ ਕਹਾਣੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਹ ਕਿਲੇ ਵਿਚ ਕਿਵੇਂ ਦਾਖਲ ਹੋ ਕੇ ਬਾਹਰੋਂ ਰਸਦ ਲੈ ਕੇ ਅੰਦਰ ਜਾਂਦਾ ਸੀ । ਇਸ ਘੇਰਾਬੰਦੀ ਵਿਚ ਸਿੱਖਾਂ ਨੇ ਆਖਿਰ ਬਾਹਰ ਆ ਕੇ ਅਦੀਨਾ ਬੇਗ ਦੀ ਫੌਜ ਨਾਲ ਲੜ ਕੇ ਸ਼ਹੀਦ ਹੋਣ ਦਾ ਫੈਸਲਾ ਕਰ ਲਿਆ। ਜੱਸਾ ਸਿੰਘ ਜੋ ਕਿ ਅਦੀਨ ਬੇਗ ਦੀ ਨੌਕਰੀ ਕਰਦਾ ਸੀ ਉਹ ਵੀ ਨਾਲ ਸੀ ਜਦੋਂ ਉਸ ਨੂੰ ਸਿੱਖਾਂ ਦੇ ਲਾਏ ਸਤਿ ਸ੍ਰੀ ਅਕਾਲ ਦੇ ਨਾਹਰਿਆਂ ਦੀ ਅਵਾਜ਼ ਸੁਣੀ ਤਾਂ ਗੈਰਤਮੰਦ ਇਨਸਾਨ ਦੀ ਤਰ੍ਹਾਂ ਉਹ ਅੰਦਰੋਂ ਹਲੂਣਿਆ ਗਿਆ । ਉਸ ਨੇ ਸਿੰਘਾਂ ਨੂੰ ਮੁਆਫ ਕਰ ਦੇਣ ਦੀ ਬੇਨਤੀ ਕੀਤੀ ਅਤੇ ਸਿੰਘਾਂ ਨੇ ਪ੍ਰਵਾਨ ਕਰ ਲਈ । ਉਹ ਸਿੱਖ ਭਰਾਵਾਂ ਨੂੰ ਲੈ ਕੇ 100 ਸਾਥੀਆਂ ਸਮੇਤ ਕਿਲੇ ਅੰਦਰ ਜਾ ਪੁੱਜਾ। ਇਸ ਪਿਛੋਂ ਮੁਗਲਾਂ ਨੂੰ ਘੇਰਾ ਚੁੱਕਣਾ ਪੈ ਗਿਆ । ਇਸ ਪ੍ਰਕਾਰ ਮੀਰ ਮਨੂੰ ਨੇ ਰਾਮਰੌਣੀ ਦੇ ਕਿਲ੍ਹੇ ਦੀ ਘੇਰਾਬੰਦੀ ਤੋਂ ਹੀ ਸਿੱਖਾਂ ਉਤੇ ਅੱਤਿਆਚਾਰ ਕਰਨ ਦੀ ਕਹਾਣੀ ਸ਼ੁਰੂ ਕਰ ਲਈ ਸੀ।

1749 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਸਿੱਖਾਂ ਉੱਤੇ ਦੂਜਾ ਹੱਲਾ ਕਰ ਦਿੱਤਾ। ਮੀਰ ਮੰਨੂ ਨੇ ਚਾਰ ਜ਼ਿਲ੍ਹੇ ਸਿਆਲਕੋਟ, ਗੁਜਰਾਤ, ਪਸਰੂਰ ਅਤੇ ਔਰੰਗਾਬਾਦ ਦੇਣ ਦਾ ਫੈਸਲਾ ਕਰਕੇ ਉਸ ਨਾਲ ਸੁਲਹ ਕਰਕੇ ਉਸਨੂੰ ਸੋਦਰੇ ਤੋਂ ਵਾਪਿਸ ਮੋੜ ਦਿੱਤਾ । ਮੀਰ ਮਨੂੰ ਨੇ ਸਫਦਰ ਦੀ ਚਾਲ ਜਿਸ ਵਿਚ ਉਸ ਨੇ ਸ਼ਾਹ ਨਵਾਜ਼ ਖਾਨ ਨੂੰ ਮੁਲਤਾਨ ਦਾ ਗਵਰਨਰ ਨਿਯੁਕਤ ਕਰ ਦਿੱਤਾ ਸੀ ਅਤੇ ਮੀਰ ਮਨੂੰ ਦੀ ਤਾਕਤ ਨੂੰ ਅੱਧਿਆਂ ਰਹਿਣ ਦਿਤਾ ਸੀ ਵਿਚ ਘਿਰ ਗਿਆ। ਸਫ਼ਦਰ ਜੰਗ ਨੇ ਸ਼ਾਹ ਨਵਾਜ਼ ਖਾਨ ਨੂੰ ਇਸ ਗੱਲ ਲਈ ਵੀ ਭੜਕਾਇਆ ਕਿ ਉਹ ਮੀਰ ਮਨੂੰ ਗਵਰਨਰੀ ਤੋਂ ਕੱਢ ਦੇਵੇ । ਮੀਰ ਮਨੂੰ ਉਸ ਦੀ ਚਾਲ ਸਮਝ ਗਿਆ ਅਤੇ ਉਸ ਨੇ ਸ਼ਾਹ ਨਵਾਜ਼ ਵਿਰੁੱਧ ਹਮਲਾ ਕਰਨ ਲਈ ਤਿਆਰੀ ਕਰ ਲਈ। ਦੀਵਾਨ ਕੌੜਾ ਮੱਲ ਨੇ ਮੀਰ ਮੰਨੂ ਨੂੰ ਸਿੱਖਾਂ ਨਾਲ ਸਮਝੌਤਾ ਕਰ ਲੈਣ ਅਤੇ ਸਿੱਖਾਂ ਦੀ ਮਦਦ ਲਈ ਪੇਸ਼ਕਸ਼ ਕੀਤੀ । ਇਸ ਸਮੇਂ ਸਿੱਖਾਂ ਨੇ ਮੀਰ ਮੰਨੂ ਦੀ ਸਹਾਇਤਾ ਕੀਤੀ ਅਤੇ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਨਵੀਂ ਭਰਤੀ ਕੀਤੀ। ਸਿੱਖ ਫੌਜ ਸਹਾਇਤਾ ਲਈ ਆਈ । ਇਸ ਬਦਲੇ ਆਪਣੇ ਮਤਲਬ ਲਈ ਮੀਰ ਮੰਨੂ ਨੇ ਸਿੱਖਾਂ ਨੂੰ ਰਾਮਰੌਣੀ ਦੇ ਕਿਲੇ ਦੀ ਹਿਫਾਜ਼ਤ ਅਤੇ ਪੱਟੀ ਝਬਾਲ ਦੇ ਇਲਾਕੇ ਵਿਚੋਂ 12 ਪਿੰਡਾਂ ਦੀ ਜਗੀਰ ਵੀ ਦੇ ਦਿੱਤੀ ਜਿਸ ਤੋਂ ਸਵਾ ਲੱਖ ਰੁ. ਵਾਰਸ਼ਿਕ ਆਮਦਨ ਹੁੰਦੀ ਸੀ। ਇਸ ਲੜਾਈ ਵਿਚ ਸ਼ਾਹ ਨਵਾਜ਼ ਹਾਰ ਗਿਆ ਅਤੇ ਮੀਰ ਮਨੂੰ ਨੇ ਵੀ ਖੁਸ਼ ਹੋ ਕੇ ਨਾਇਬ ਕੌੜਾ ਮੱਲ ਨੂੰ ਮਹਾਰਾਜ ਦਰਬਾਰ ਦਾ ਖਿਤਾਬ ਦਿੱਤਾ । ਉਸ ਨੂੰ ਮੀਰ ਮਨੂੰ ਨੇ ਆਪਣੇ ਵੱਲੋਂ ਮੁਲਤਾਨ ਦਾ ਗਵਰਨਰ ਵੀ ਨਿਯੁਕਤ ਕਰ ਦਿੱਤਾ । 1751 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਤੇ ਤੀਜਾ ਹਮਲਾ ਕਰ ਦਿੱਤਾ । ਉਸ ਨੇ ਮੀਰ ਮਨੂੰ ਤੋਂ ਬਣਦੀ ਰਕਮ ਦੀ ਅਦਾਇਗੀ ਨਾ ਦੇਣ ਕਾਰਨ ਇਹ ਹਮਲਾ ਕੀਤਾ । ਇਸ ਸਮੇਂ ਵੀ ਮੀਰ ਮਨੂੰ ਨੇ ਕੌੜਾ ਮੱਲ ਦੀ ਸਹਾਇਤਾ ਨਾਲ ਸਿੱਖਾਂ ਦੀ ਭਾਰੀ ਮਦਦ ਲਈ । ਕੌੜਾ ਮੱਲ ਨੇ 20,000 ਸਿੱਖਾਂ ਨੂੰ ਭਰਤੀ ਕੀਤਾ ਅਤੇ ਹਮਲਾਵਰਾਂ ਨਾਲ ਮੁਕਾਬਲਾ ਕਰਕੇ ਬਾਹਰ ਕੱਢਣ ਵਿੱਚ ਕਾਮਯਾਬੀ ਹਾਸਲ ਕੀਤੀ । ਸਿੱਖਾਂ ਨੂੰ ਮੀਰ ਮੰਨੂ ਨੇ ਪਡੌਲ, ਕਠੂਅ, ਬਸੌਲੀ ਅਤੇ ਆਲੇ ਦੁਆਲੇ ਦੇ ਇਲਾਕੇ ਤੇ ਕਬਜ਼ਾ ਕਰਨ ਲਈ ਕਿਹਾ । ਭਾਵੇਂ ਕਿ ਮੀਰ ਮਨੂੰ ਨੇ ਅਹਿਮਦ ਸ਼ਾਹ ਦੁਰਾਨੀ ਦੇ ਹਮਲੇ ਦਾ ਜਵਾਬ ਦੇ ਕੇ ਹਰਾ

ਦਿੱਤਾ ਸੀ ਪਰ ਛੋਟੀਆਂ ਛੋਟੀਆਂ ਝੜਪਾਂ ਵਿਚ ਅਬਦਾਲੀ ਦੇ ਹਮਲਿਆਂ ਨੇ ਸਾਰਾ ਦਿਹਾਤੀ ਇਲਾਕਾ ਬਰਬਾਦ ਕਰ ਦਿੱਤਾ ਦੂਰ ਦੂਰ ਤੱਕ ਘਰਾਂ ਵਿਚ ਦੀਵਾ ਨਹੀਂ ਸੀ ਬਲਦਾ । 1752 ਵਿਚ ਅਦੀਨਾ ਬੇਗ ਦੀ ਸਲਾਹ ਅਨੁਸਾਰ ਅਹਿਮਦ ਸ਼ਾਹ ਦੁਰਾਨੀ ਤੇ ਹਮਲਾ ਕਰ ਦਿੱਤਾ ਗਿਆ । ਤਜਰਬੇਕਾਰ ਫੌਜਾਂ ਨਾ ਹੋਣ ਕਾਰਨ ਹਾਰ ਹੋਈ ਕੌੜਾ ਮੱਲ ਵੀ ਇਸ ਲੜਾਈ ਵਿਚ ਮਾਰਿਆ ਗਿਆ । ਅਖੀਰ ਮੀਰ ਮਨੂੰ ਨੂੰ ਦੁਰਾਨੀ ਦੀ ਹਾਰ ਅਤੇ ਈਨ ਮੰਨਣੀ ਪਈ । ਇਸ ਪ੍ਰਕਾਰ ਹਾਰ ਮੰਨਣ ਤੋਂ ਖੁਸ਼ ਹੋ ਕੇ ਅਹਿਮਦ ਸ਼ਾਹ ਨੇ ਮੀਰ ਮਨੂੰ ਨੂੰ ਆਪਣਾ ਪੁੱਤਰ ਕਹਿ ਕੇ 'ਫਰਜੰਦ ਖਾਨ ਬਹਾਦਰ' ਦਾ ਖਿਤਾਬ ਦਿੱਤਾ ਅਤੇ ਲਾਹੌਰ ਦਾ ਵਾਇਸ ਰਾਏ ਨਿਯੁਕਤ ਕਰ ਦਿੱਤਾ। ਇਸ ਪ੍ਰਕਾਰ ਪੰਜਾਬ ਦਾ ਇਲਾਕਾ ਮੁਗਲਾਂ ਦੇ ਹੱਥੋਂ ਨਿਕਲ ਕੇ ਅਫ਼ਗਾਨਾਂ ਦੇ ਹੱਥ ਵਿਚ ਚਲ੍ਹਾ ਗਿਆ । ਦੀਵਾਨ ਕੌੜਾ ਮੱਲ ਦੇ ਮਰਨ ਕਰਕੇ ਮੀਰ ਮਨੂੰ ਤੇ ਸਿੱਖਾਂ ਵਿਚਾਲੇ ਕੋਈ ਵੀ ਸਬੰਧ ਦੀ ਕੜੀ ਨਾ ਬਚੀ। ਮੀਰ ਮੰਨੂ ਨੇ 30 ਲੱਖ ਦੀ ਰਾਸ਼ੀ ਅਹਿਮਦ ਸ਼ਾਹ ਅਬਦਾਲੀ ਨੂੰ ਦਿੱਤੀ । ਇਸ ਪ੍ਰਕਾਰ ਪੰਜਾਬ ਦੀ ਹਾਲਤ ਮੁਗਲ ਸ਼ਾਸਕਾਂ ਦੀ ਭੈੜੀ ਅਤੇ ਬੁਜਦਿਲਾਂ ਵਾਲੀ ਨੀਤੀ ਨੇ ਤਬਾਹ ਕਰ ਦਿੱਤੀ । ਮੁਗਲਾਂ ਨੇ ਸਿੱਖਾਂ ਨੂੰ ਆਪਣੀ ਸਵਾਰਥ ਪੂਰਤੀ ਲਈ ਵਰਤਿਆ ਅਤੇ ਮੀਰ ਮਨੂੰ ਨੇ ਫਿਰ ਤੋਂ ਸਿੱਖਾਂ ਤੇ ਅੱਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ । 1752 ਈ. ਵਿਚ ਅਦੀਨਾ ਬੇਗ ਅਤੇ ਮੋਮਨ ਖਾਂ ਦੀ ਕਮਾਨ ਹੇਠ ਅਨੰਦਪੁਰ ਵਿਸਾਖੀ ਮਨਾ ਰਹੇ ਸਿੰਘਾਂ ਤੇ ਹਮਲਾ ਬੋਲਿਆ ਗਿਆ। ਬਹੁਤ ਸਾਰੇ ਸਿੱਖਾਂ ਦੀਆਂ ਸ਼ਹੀਦੀਆਂ ਹੋਈਆਂ । ਇਸੇ ਪ੍ਰਕਾਰ ਮੀਰ ਮਨੂੰ ਨੇ ਕੇਂਦਰੀ ਜਿਲ੍ਹਿਆਂ ਵਿਚ ਸੱਯਦ ਜਮਾਲ ਉਦ-ਦੀਨ ਖਾਂ ਅਤੇ ਬਖਸ਼ੀ ਬੇਗ ਖਾਂ ਦੀ ਕਮਾਨ ਹੇਠ ਸਿੱਖਾਂ ਵਿਰੁੱਧ ਕਾਰਵਾਈ ਕਰਨ ਲਈ ਭੇਜਿਆ । ਬਹੁਤ ਸਾਰੇ ਸਿੱਖਾਂ ਨੇ ਰਾਮ ਰੌਣੀ ਦੇ ਕਿਲੇ ਵਿਚ ਸ਼ਰਨ ਲਈ ਹੋਈ ਸੀ । ਸਖਤ ਲੜਾਈ ਤੋਂ ਪਿਛੋਂ 900 ਦੇ ਕਰੀਬ ਸਿੰਘ ਸ਼ਹੀਦੀਆਂ ਪਾ ਗਏ । ਲਾਹੌਰ ਨੂੰ ਵਾਪਿਸ ਜਾਂਦਿਆਂ ਮੀਰ ਮਨੂੰ ਨੇ ਖਵਾਜ਼ਾ ਮਿਰਜ਼ਾ ਦੀ ਅਗਵਾਈ ਵਿਚ ਸਿੰਘਾਂ ਨੂੰ ਲੱਭ-ਲੱਭ ਕੇ ਮਾਰਨ ਲਈ ਅਤੇ ਉਹਨਾਂ ਦਾ ਖੁਰਾ ਖੋਜ ਮਿਟਾਉਣ ਲਈ ਸੈਨਿਕ ਟੁਕੜੀਆਂ ਭੇਜੀਆਂ । ਸਿੱਖਾਂ ਦੇ ਘਰ ਆਦਮੀਆਂ ਤੋਂ ਖਾਲੀ ਸਨ ਘਰਾਂ ਵਿਚੋਂ ਔਰਤਾਂ ਅਤੇ ਬੱਚਿਆਂ ਨੂੰ ਮੀਰ ਮਨੂੰ ਨੇ ਲਾਹੌਰ ਲਿਜਾ ਕੇ ਧਰਮ ਪਰਿਵਰਤਨ ਲਈ ਮਜਬੂਰ

ਕੀਤਾ । ਛੋਟੇ-ਛੋਟੇ ਬੱਚਿਆਂ ਦਾ ਕਤਲ ਕਰਕੇ ਟੋਟੇ ਕਰਕੇ ਮਾਵਾਂ ਦੀਆਂ ਝੋਲੀਆਂ ਵਿਚ ਪਾਏ ਗਏ । ਗਵਰਨਰ ਆਪ ਜਾ ਕੇ ਨਿਕਲਦਾ ਤਾਂ ਕਈਆਂ ਨੂੰ ਫੜ ਲਿਆਂਉਂਦਾ ਅਤੇ ਕਤਲ ਕਰ ਦਿੱਤਾ ਜਾਂਦਾ । ਉਸ ਨੇ ਸੈਂਕੜੇ ਹੀ ਸਿੱਖਾਂ ਦਾ ਕਤਲ ਕੀਤਾ ਅਤੇ ਉਹਨਾਂ ਦੇ ਸਿਰਾਂ ਨਾਲ ਖ਼ੂਹ ਭਰ ਦਿੱਤੇ ਪਰ ਇਹਨਾਂ ਸਖਤੀਆਂ ਦਾ ਸਿੱਖਾਂ ਉਪਰ ਕੋਈ ਅਸਰ ਨਹੀਂ ਸੀ ਹੁੰਦਾ। ਇਸ ਪ੍ਰਸੰਗ ਵਿੱਚ ਇਸਤਿਹਾਸਕਾਰ ਡਾ. ਹਰੀ ਰਾਮ ਗੁਪਤਾ ਆਪਣੀ ਰਾਏ ਦਿੰਦੇ ਹਨ:

> ਇਸ ਸਮੇਂ ਦੇਸ ਦੀ ਹਾਲਤ ਬੁਰੀ ਸੀ, ਨਿੱਤ-ਨਿੱਤ ਦੀਆਂ ਫੌਜੀ ਮਾਰਾਂ ਨੇ ਮੁਲਕ ਉਜਾੜ ਛੱਡਿਆ ਸੀ। ਕਿਸਾਨ ਖੇਤੀਆਂ ਨਾ ਹੋਣ ਕਾਰਨ ਮਾਲੀਆ ਦੇਣੇ ਅਸਮਰੱਥ ਸਨ। ਬਹੁਤ ਸਾਰੇ ਜੱਟ 'ਅਕਾਲ ਅਕਾਲ' ਕਹਿਕੇ ਸਿੰਘ ਸਜ ਗਏ ਅਤੇ ਜੰਗਲਾਂ ਵਿਚ ਵਸਦੇ ਆਪਣੇ ਸਿੰਘ ਭਰਾਵਾਂ ਨਾਲ ਜਾ ਰਲੇ ।[111]

ਸਿੱਖਾਂ ਦੀ ਬਹਾਦਰੀ ਦੇ ਗੀਤ ਉਸ ਸਮੇਂ ਪ੍ਰਚਲਿਤ ਹਨ ਜਿਹੜੇ ਉਹਨਾਂ ਦੀ ਬੀਰ ਮਾਨਸਿਕਤਾ ਦੀ ਤਰਜਮਾਨੀ ਕਰਦੇ ਹਨ:

ਮਨੂੰ ਅਸਾਡੀ ਦਾਤਰੀ, ਅਸੀ ਮੰਨੂ ਦੇ ਸੋਏ
ਜਿਉ ਜਿਉ ਮਨੂੰ ਵੱਢਦਾ ਅਸੀ ਦੂਣ ਸਵਾਏ ਹੋਏ ।

2 ਨਵੰਬਰ 1753 ਈ. ਵਿਚ ਮੀਰ ਮਨੂੰ ਦੀ ਘੋੜੀ ਤੋਂ ਡਿਗ ਕੇ ਮੌਤ ਹੋ ਗਈ ਜਦੋਂ ਉਹ ਸਿੱਖਾਂ ਦਾ ਸ਼ਿਕਾਰ ਕਰਨ ਲਈ ਨਿਕਲਿਆ ਸੀ ਪਰ ਗੋਲੀ ਦੀ ਅਵਾਜ ਸੁਣ ਕੇ ਘੋੜੀ ਭੜਕ ਗਈ । ਉਸਦਾ ਪੈਰ ਰਕਾਬ ਵਿਚ ਅੜ ਗਿਆ ਅਤੇ ਘੋੜੀ ਡਰ ਨਾਲ ਦੌੜ ਪਈ । ਕਈ ਮੀਲ ਉਹ ਘਸੀਟਦਾ ਗਿਆ ਅਤੇ 4 ਨਵੰਬਰ ਨੂੰ ਉਸ ਦੀ ਮੌਤ ਹੋ ਗਈ ।

ਮੀਰ ਮਨੂੰ ਦੀ ਮੌਤ ਤੋਂ ਪਿਛੋਂ ਉਸ ਦੇ ਦੋ ਸਾਲ ਦੇ ਪੁੱਤਰ ਨੂੰ ਨਾਇਬ ਗਵਰਨਰ ਬਣਾ ਦਿੱਤਾ ਗਿਆ ਅਤੇ ਅਹਿਮਦ ਸ਼ਾਹ ਦੇ ਪੁੱਤਰ ਮਹਿਮੂਦ ਸ਼ਾਹ ਨੂੰ ਮੁਲਤਾਨ ਦਾ ਗਵਰਨਰ ਬਣਾ ਦਿੱਤਾ ਗਿਆ । ਥੋੜੀ ਦੇਰ ਪਿਛੋਂ ਮੀਰ ਮੰਨੂ ਦੇ ਪੁੱਤਰ ਦੀ ਮੌਤ ਹੋ ਗਈ ਅਤੇ ਰਾਜ ਭਾਗ ਮੁਗਲਾਣੀ ਬੇਗਮ ਦੇ ਹੱਥਾਂ ਵਿਚ ਆ ਗਿਆ । ਮੁਗਲਾਣੀ ਬੇਗਮ ਨੂੰ ਉਸ ਦੇ ਮਾਮੇ ਉਬੈਦ-

ਉੱਲਾ ਖਾਂ ਨੇ ਨਜ਼ਰਬੰਦ ਕਰ ਦਿੰਦਾ ਅਤੇ ਆਪ ਰਾਜ ਕਰਨ ਲਗ ਪਿਆ। ਉਸ ਪਿਛੋਂ ਉਸ ਨੇ ਅਹਿਮਦ ਸ਼ਾਹ ਨੂੰ ਆਪਣੀ ਦੁੱਖ ਭਰੀ ਕਹਾਣੀ ਸੁਣਾਈ। 1756 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ। ਜਲਾਲ ਉਦ ਦੀਨ ਦੀ ਥਾਂ ਉਬੈਦ-ਉਲਾ ਖਾਂ ਅਤੇ ਸਹਾਇਕ ਖਵਾਜਾ ਮਿਰਜਾ ਜਾਨ ਨੂੰ ਬਣਾ ਦਿੰਦਾ ਹੈ । ਇਸ ਪ੍ਰਕਾਰ ਮੁਗਲ ਸਰਕਾਰ ਦੀ ਘਰੇਲੂ ਖਾਨਾਜੰਗੀ ਨੇ ਦੇਸ਼ ਦੇ ਸਾਰੇ ਰਾਜ ਪ੍ਰਬੰਧ ਨੂੰ ਖੇਰੂੰ-ਖੇਰੂੰ ਕਰ ਦਿੱਤਾ। ਅਬਦਾਲੀ ਦੇ ਹਮਲਿਆਂ ਨੇ ਦਿੱਲੀ ਤੇ ਲਾਹੌਰ, ਪੰਜਾਬ ਦੇ ਇਲਾਕਿਆਂ ਵਿਚ ਲੁੱਟ ਘਸੁੱਟ ਮਚਾ ਕੇ ਐਸੀ ਮਾਰ ਧਾੜ ਮਚਾਈ ਕਿ ਸਾਰਾ ਪ੍ਰਬੰਧ ਖੇਰੂੰ-ਖੇਰੂੰ ਹੋ ਗਿਆ । ਜੇਕਰ ਸਿੱਖਾਂ ਦੇ ਸਾਥ ਨਾਲ ਮੁਗਲ ਸ਼ਾਸਕ ਅਫ਼ਗਾਨਾਂ ਨੂੰ ਹਰਾ ਦਿੰਦੇ ਤਾ ਇੰਨੀ ਤਬਾਹੀ ਕਦੇ ਨਾ ਮਚਦੀ ਪਰ ਸਿੱਖ ਇਹੋ ਜਿਹੇ ਅੱਤਿਆਚਾਰ ਨੂੰ ਨਾ ਸਹਿੰਦੇ ਹੋਏ ਨਾ ਤਾਂ ਮੁਗਲਾਂ ਦੀ ਅਧੀਨਗੀ ਸਹਿਣ ਲਈ ਤਿਆਰ ਸਨ ਅਤੇ ਨਾ ਹੀ ਅਫ਼ਗਾਨਾਂ ਦੀ ਵਿਦੇਸ਼ੀ ਧਾੜਵੀਆਂ ਨੂੰ ਸਿੱਖਾਂ ਨੇ ਸ਼ਹੀਦੀਆਂ ਦੇ ਦੇ, ਕੇ ਪੰਜਾਬ ਦੀ ਰਾਜ ਸੱਤਾ ਤੋਂ ਦੂਰ ਰੱਖਿਆ ।

1757 ਈ. ਵਿਚ ਅਹਿਮਦ ਸ਼ਾਹ ਨੇ ਭਾਰਤ ਤੇ ਚੌਥੀ ਵਾਰ ਹਮਲਾ ਕੀਤਾ। ਉਹ ਬਿਨਾਂ ਕਿਸੇ ਰੋਕ-ਟੋਕ ਦੇ ਲਾਹੌਰ ਵਿਚ ਦਾਖਲ ਹੋਇਆ। ਇਸ ਪਿਛੋਂ ਦਿੱਲੀ ਵੱਲ ਵਧਦਾ ਹੋਏ ਨੇ ਉਸ ਨੇ ਦਿੱਲੀ ਦੇ ਅਮੀਰ ਲੋਕਾਂ ਨੂੰ ਖੂਬ ਲੁੱਟਿਆ। ਹੀਰੇ ਜਵਾਰਾਹਤ, ਸੋਨੇ ਚਾਂਦੀ ਦੇ ਬਰਤਨ, ਪੈਸੇ, ਆਦਿ ਲੁੱਟ ਲਏ। ਹਰ ਘਰ ਵਿਚੋਂ ਕਰ ਵਸੂਲਿਆ ਅਤੇ ਇਸ ਮੁਹਿੰਮ ਵਿਚ ਲੋਕਾਂ ਉਤੇ ਅਨੇਕਾਂ ਅੱਤਿਆਚਾਰ ਕੀਤੇ। ਇਸ ਅੱਤਿਆਚਾਰ ਕਾਰਨ ਬਹੁਤ ਸਾਰੇ ਲੋਕ ਜ਼ਹਿਰ ਖਾ ਕੇ ਵੀ ਮਰ ਗਏ। ਅਹਿਮਦ ਸ਼ਾਹ ਨੇ ਜਿਥੇ ਪੈਸੇ, ਹੀਰੇ, ਜਵਾਹਰਾਤਾਂ ਦੀ ਲੁੱਟ ਮਚਾਈ ਉਥੇ ਸ਼ਾਹੀ ਹਰਮ ਦੀਆਂ 16 ਔਰਤਾਂ ਅਤੇ 400 ਨੌਕਰਾਣੀਆਂ ਵੀ ਨਾਲ ਲੈ ਗਿਆ । ਉਸ ਨੇ ਮਥਰਾ ਨੂੰ ਲੁੱਟਿਆ ਅਤੇ ਸੈਂਕੜੇ ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ । ਬੰਦਿਆਂ ਦੇ ਸਿਰ ਧੜਾਂ ਨਾਲੋਂ ਅਲਗ ਕਰਕੇ ਮਰੀਆਂ ਤੇ ਕੱਟੀਆਂ ਗਊਆਂ ਦੇ ਸਿਰ ਧੜਾਂ ਨਾਲ ਰੱਸਿਆਂ ਨੂੰ ਬੰਨਿਆ ਗਿਆ । ਅਜਿਹੀ ਤਬਾਹੀ ਵਿਚ ਹੈਜ਼ਾ ਦੀ ਬੀਮਾਰੀ ਫੈਲ ਗਈ ਅਤੇ ਅਬਦਾਲੀ ਲਾਹੌਰ, ਸਰਹੰਦ, ਕਸ਼ਮੀਰ, ਠੱਟਾ, ਅਤੇ ਮੁਲਤਾਨ ਆਪਣੇ ਪੁੱਤਰ ਤੈਮੂਰ ਦੇ ਹਵਾਲੇ ਕਰਕੇ ਅਤੇ

ਜ਼ਹਾਨ ਖਾਨ ਨੂੰ ਉਸਦਾ ਨਾਇਬ ਨਿਯੁਕਤ ਕਰਕੇ ਵਾਪਿਸ ਚਲਾ ਗਿਆ । ਇਸ ਸਮੇ ਸਿਖਾਂ ਨੇ ਹਿੰਦੂ ਸਿੱਖ ਮੁਸਲਮਾਨ ਜ਼ਿੰਮੀਦਾਰਾਂ ਲਈ 'ਰਾਖੀ' ਪ੍ਰਬੰਧ ਕਾਇਮ ਕੀਤਾ। ਅਜਿਹੇ ਅੱਤਿਆਚਾਰ ਤੋਂ ਮੁਕਤ ਕਰਾਉਣ ਅਤੇ ਸੁਰੱਖਿਆ ਪ੍ਰਦਾਨ ਕਰਾਉਣ ਹਿਤ ਉਹਨਾਂ ਕੋਲੋਂ ਉਹ ਸਰਕਾਰੀ ਵਾਰਸ਼ਿਕ ਕਰ ਦਾ 5ਵਾਂ ਹਿੱਸਾ ਲੈਂਦੇ । ਬਹੁਤ ਸਾਰੇ ਜ਼ਿੰਮੀਦਾਰ ਉਹਨਾਂ ਨਾਲ ਇਸ ਪ੍ਰਬੰਧ ਵਿਚ ਸ਼ਾਮਿਲ ਹੋ ਗਏ ।

**ਬਾਬਾ ਦੀਪ ਸਿੰਘ ਸ਼ਹੀਦੀ–**

ਬਾਬਾ ਦੀਪ ਸਿੰਘ ਜੀ ਇਕ ਮਹਾਨ ਚਿੰਤਕ ਹੋਏ ਹਨ ਜਿਹਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ । ਭਾਈ ਮਨੀ ਸਿੰਘ ਜੀ ਪਿੱਛੋਂ ਦਮਦਮਾ ਸਾਹਿਬ ਵਿਖੇ ਬਾਬਾ ਦੀਪ ਸਿੰਘ ਜੀ ਨੇ ਹੀ ਦੇਖਭਾਲ ਦਾ ਕੰਮ ਅਰੰਭ ਕੀਤਾ । ਉਹਨਾਂ ਨੇ ਬੰਦਾ ਸਿੰਘ ਬਹਾਦਰ ਨਾਲ ਕਈ ਲੜਾਈਆਂ ਵਿਚ ਹਿੱਸਾ ਲਿਆ । ਕਰਤਾਰ ਸਿੰਘ ਆਪਣੀ ਪੁਸਤਕ 'Stories from the Sikh History' ਵਿਚ ਬਾਬਾ ਦੀਪ ਸਿੰਘ ਬਾਰੇ ਲਿਖਦੇ ਹਨ:

> The founder of Shahid Miral, Baba Dip Singh Nihang, a Sandh Jat, was resident of Pahuwind Village in Jalandhar district. He received baptism from Guru Gobind Singh himself.[112]

1757 ਈ. ਵਿਚ ਸਰਦਾਰ ਆਲਾ ਸਿੰਘ ਦੀ ਅਗਵਾਈ ਵਿਚ ਸਿੰਘਾਂ ਨੇ ਤੈਮੂਰ ਅਤੇ ਜਹਾਨ ਖਾਨ ਦੀ ਫੌਜ ਉਤੇ ਹਮਲਾ ਕੀਤਾ ਅਤੇ ਖਜ਼ਾਨੇ ਦਾ ਬਹੁਤ ਸਾਰਾ ਹਿੱਸਾ ਖੋਹ ਲਿਆ । ਇਸ ਹਮਲੇ ਦਾ ਬਦਲਾ ਲੈਣ ਲਈ ਮੁਗਲਾਂ ਨੇ ਕਰਤਾਰਪੁਰ ਨੂੰ ਬਰਬਾਦ ਕਰ ਦਿੱਤਾ ਅਤੇ ਉਥੋਂ ਦੇ ਗੁਰਦੁਆਰੇ ਥੰਮ ਸਾਹਿਬ ਨੂੰ ਗਊਆਂ ਦੇ ਖ਼ੂਨ ਨਾਲ ਅਪਵਿੱਤਰ ਕੀਤਾ। ਅਣਭੋਲ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ । ਅਹਿਮਦ ਸ਼ਾਹ ਅਬਦਾਲੀ ਦਿੱਲੀ ਤੋਂ ਵਾਪਿਸ ਜਾਂਦਾ ਲਾਹੌਰ ਰੁਕਿਆ ਅਤੇ ਉਸ ਨੇ ਅੰਮ੍ਰਿਤਸਰ ਨੂੰ ਲੁਟਿਆ ਤੇ ਪਵਿੱਤਰ ਸਰੋਵਰ ਨੂੰ ਢਹਿ ਢੇਰੀ ਕੀਤਾ। ਇਸੇ ਸਮੇਂ ਜਦੋਂ ਸਿੱਖਾਂ ਨੇ 11 ਨਵੰਬਰ 1757 ਨੂੰ ਦਿਵਾਲੀ ਮਨਾਉਣ ਬਾਰੇ ਸੋਚਿਆ ਤਾਂ ਜਹਾਨ ਖਾਨ ਅਤੇ ਅਤਾਈ ਖਾਂ ਨੇ ਸਿੱਖਾਂ ਉਪਰ ਹਮਲਾ ਕਰ ਦਿੱਤਾ ਅਤੇ ਸਿੱਖਾਂ ਨੂੰ ਲੁੱਟ

ਦੀ ਸਜ਼ਾ ਦੇਣੀ ਚਾਹੀ । ਸਿੱਖਾਂ ਨੇ ਪਵਿੱਤਰ ਅਸਥਾਨ ਦੀ ਸੁਰੱਖਿਆ ਲਈ ਬਾਬਾ ਦੀਪ ਸਿੰਘ ਦੀ ਅਗਵਾਈ ਵਿਚ ਜੋ ਸ਼ਹੀਦੀ ਜਥੇ ਦੇ ਮੋਹਰੀ ਸਨ ਰਾਹੀਂ ਸਭ ਸਿੱਖਾਂ ਨੂੰ ਸੱਦਿਆ । ਸਾਰੇ ਸਿੱਖ ਬੜੇ ਉਤਸ਼ਾਹ ਅਤੇ ਜੋਸ਼ ਨਾਲ ਅਫ਼ਗਾਨੀ ਫੌਜ ਨਾਲ ਲੜਨ ਲਈ ਪਹੁੰਚੇ । ਗੋਹੜਵਾਲ ਦੇ ਸਥਾਨ ਤੇ ਜਹਾਨ ਖਾਨ ਨੇ 2000 ਘੋੜ ਸਵਾਰਾਂ, ਸਮੇਤ ਸਿੱਖਾਂ ਨਾਲ ਲੜਾਈ ਕਰਨੀ ਸ਼ੁਰੂ ਕਰ ਦਿੱਤੀ । ਪਹਿਲਾਂ ਤਾਂ ਅਤਾਈ ਖਾਂ ਦੇ ਸਾਥੀ ਭੱਜ ਗਏ ਪਰ ਉਹਨਾਂ ਕੋਲ ਤੋਪਾਂ ਅਤੇ ਗੋਲੀ ਸਿੱਕਾ ਭਾਰੀ ਹੋਣ ਕਾਰਨ ਪਾਸਾ ਪਲਟ ਗਿਆ । ਸਿੱਖਾਂ ਦਾ ਪਿੱਛਾ ਕਰਦੇ ਹੋਏ ਉਹ ਹਰਿਮੰਦਰ ਸਾਹਿਬ ਦੀਆਂ ਪਰਿਕਰਮਾ ਵਿਚ ਆ ਗਏ । ਉਹਨਾਂ ਨੇ ਦਰਵਾਜ਼ੇ ਤੇ ਖੜੇ ਪੰਜ ਪਹਿਰੇਦਾਰਾਂ ਨੂੰ ਸ਼ਹੀਦ ਕੀਤਾ ਅਤੇ ਸਰੋਵਰ ਨੂੰ ਵੀ ਦੂਸ਼ਿਤ ਕੀਤਾ। ਬਾਬਾ ਦੀਪ ਸਿੰਘ ਜੀ ਵੀ ਅਫ਼ਗਾਨਾਂ ਨਾਲ ਲੜਦੇ ਹੋਏ 1757 ਈ. ਵਿਚ ਸ਼ਹੀਦ ਹੋ ਗਏ ।

### 1762 ਈ. ਦਾ ਵੱਡਾ ਘੱਲੂਘਾਰਾ

1761 ਈ. ਵਿਚ ਸਿੱਖਾਂ ਨੇ ਅਦੀਨਾ ਬੇਗ ਅਤੇ ਮਰਾਠਿਆਂ ਦੀ ਸ਼ਕਤੀ ਨੂੰ ਹਰਾ ਕੇ ਲਾਹੌਰ ਉੱਪਰ ਕਬਜ਼ਾ ਕਰ ਲਿਆ । ਸਿੱਖਾਂ ਨੇ ਕਿਸੇ ਵੀ ਬਾਹਰਲੀ ਸ਼ਕਤੀ ਨੂੰ ਲਾਹੌਰ ਤੇ ਕਬਜ਼ਾ ਨਹੀਂ ਕਰਨ ਦਿੱਤਾ ਭਾਵੇਂ ਉਹ ਅਫ਼ਗਾਨ ਸਨ ਜਾਂ ਮਰਾਠੇ । ਸਿੱਖਾਂ ਨੇ ਲਾਹੌਰ ਅਤੇ ਆਸ-ਪਾਸ ਦੇ ਬਹੁਤ ਸਾਰੇ ਇਲਾਕੇ ਆਪਣੇ ਕਬਜ਼ੇ ਵਿਚ ਕਰ ਲਏ ਅਤੇ ਅਫ਼ਗਾਨੀ ਰਾਜਨੀਤਿਕ ਪ੍ਰਬੰਧ ਨੂੰ ਖੇਰੂੰ-ਖੇਰੂੰ ਕਰ ਦਿੱਤਾ । 27 ਅਕਤੂਬਰ 1761 ਨੂੰ ਸਿੱਖਾਂ ਨੇ ਇਹ ਫੈਸਲਾ ਕੀਤਾ ਕਿ ਅਹਿਮਦ ਸ਼ਾਹ ਦੇ ਸਾਰੇ ਅੱਡਿਆਂ ਨੂੰ ਖਤਮ ਕਰ ਦਿੱਤਾ ਜਾਵੇ ਜੋ ਦੇਸ਼ ਦੀ ਆਜ਼ਾਦੀ ਦੇ ਰਸਤੇ ਵਿਚ ਰੁਕਾਵਟ ਬਣਦੇ ਹਨ । ਅਕਾਲ ਦਾਸ ਜੰਡਿਆਲਾ ਜੋ ਸਿੱਖਾਂ ਦਾ ਸਖ਼ਤ ਵਿਰੋਧੀ ਸੀ ਅਤੇ ਅਫ਼ਗਾਨਾਂ ਦਾ ਸੂਹੀਆ ਸੀ ਉਸ ਨੇ ਅਹਿਮਦ ਸ਼ਾਹ ਨੂੰ ਸੱਦਾ ਭੇਜ ਦਿੱਤਾ । ਅਬਦਾਲੀ ਨੇ ਇਸ ਸਮੇਂ 6ਵਾਂ ਹਮਲਾ ਕੀਤਾ ਅਤੇ ਅਕਾਲ ਦਾਸ ਉਸ ਨੂੰ ਰੋਹਤਾਸ ਦੇ ਸਥਾਨ ਤੇ ਮਿਲਿਆ । ਇਥੋਂ ਉਸ ਨੂੰ ਸੂਚਨਾ ਮਿਲੀ ਕਿ ਸਿੱਖ ਸਰਹੰਦ ਪੁਹੰਚ ਗਏ ਹਨ । ਇਹ ਸੁਣ ਕੇ ਅਹਿਮਦ ਸ਼ਾਹ 3 ਫਰਵਰੀ 1762 ਨੂੰ ਲਾਹੌਰ ਤੋਂ ਚਲਿਆ ਤੇ ਤੇਜ਼ੀ ਨਾਲ ਮਾਲਵੇ ਪਹੁੰਚਿਆ ਤੇ 5 ਫਰਵਰੀ ਨੂੰ ਮਲੇਰਕੋਟਲੇ ਲਾਗੇ ਕੁੱਪ ਪਿੰਡ ਪੁੱਜਿਆ । ਇਥੇ ਸਿੱਖ ਆਪਣੇ

ਪਰਿਵਾਰਾਂ ਅਤੇ ਸਮਾਨ ਸਮੇਤ ਡੇਰੇ ਲਾਈ ਬੈਠੇ ਸਨ ਜੋ ਅਚਾਨਕ ਹੀ ਘੇਰੇ ਗਏ । 50,000 ਦੇ ਕਰੀਬ ਸਿੱਖ ਵਹੀਰ ਦੇ ਰੂਪ ਵਿਚ ਸਨ। ਪਿਆਰਾ ਸਿੰਘ ਪਦਮ ਕਹਿਣਾ ਹੈ:

> ਅੱਗਿਉਂ ਮੁਹਰਿਉਂ ਜੈਨ ਖਾਂ ਅਤੇ ਤੀਖਣ ਖਾਂ ਦੀਆਂ ਫੌਜਾਂ ਖਾਲਸਾ ਫੌਜ ਦੀ ਵਹੀਰ ਨੂੰ ਘੇਰ ਕੇ ਲੜੀਆਂ ਅਤੇ ਦੁਗਣੀ ਫੌਜ 50 ਹਜ਼ਾਰ ਤੇ 20, 25 ਹਜ਼ਾਰ ਮੁਲਖਈਆ (ਮੁਸਲਮਾਨ) ਲੈ ਕੇ ਚੜ੍ਹ ਆਇਆ । ਸਿੰਘਾਂ ਦੀ ਗਿਣਤੀ ਸਿੰਘਣੀਆਂ ਅਤੇ ਬੱਚਿਆਂ ਸਮੇਤ 50 ਹਜ਼ਾਰ ਤੋਂ ਉਤੇ ਸੀ ਬਹੁਤ ਭਾਰਾ ਖ਼ੂਨੀ ਸੰਘਰਸ਼ ਹੋਇਆ। ਕੋਈ ਸਿੰਘ ਨਾ ਬਚ ਸਕਿਆ ਜੋ ਖ਼ੂਨੀ ਨਾ ਹੋਇਆ ਹੋਵੇ ।[113]

ਸਿੱਖਾਂ ਨੇ ਸਲਾਹ ਮਸ਼ਵਰਾ ਕਰਨ ਉਪਰੰਤ ਆਪਣੇ ਪਰਿਵਾਰਾਂ ਅਤੇ ਇਸਤਰੀਆਂ ਬੱਚਿਆਂ ਨੂੰ ਆਪਣੇ ਘੇਰੇ ਵਿਚ ਰੱਖ ਕੇ ਅੱਗੇ ਤੁਰ ਪਏ। ਉਹ ਲੜਦੇ ਹੋਏ ਅਗਾਂਹ ਵਧੇ। ਅਹਿਮਦ ਸ਼ਾਹ ਸਿੱਖਾਂ ਨਾਲ ਗਹਿ-ਗੱਚ ਲੜਾਈ ਕਰਨੀ ਚਾਹੁੰਦਾ ਸੀ ਪਰ ਉਹ ਪਿੰਡੋਂ-ਪਿੰਡ ਅਗਾਹ ਲੜਦੇ ਤੁਰੀ ਜਾਂਦੇ । ਇਸ ਪ੍ਰਸੰਗ ਵਿੱਚ ਡਾ. ਜਗਜੀਤ ਸਿੰਘ ਕਹਿੰਦੇ ਹਨ:

> ਸਿੰਘ ਲੜਦੇ ਲੜਦੇ ਪਿੰਡੋ ਪਿੰਡ ਅਗਾਂਹ ਤੁਰੇ ਜਾਂਦੇ ਸਨ ਅਤੇ ਲੜਾਈ ਕਰਦੇ ਜਾਂਦੇ ਸਨ । ਕੁਤਬੇ, ਬਾਹਮਣੀ, ਗਹਿਲ ਅਤੇ ਹੋਰ ਜਿੰਨ੍ਹੀ ਥਾਂਈਂ ਸਿੱਖ ਲੜਦੇ ਸ਼ਹੀਦ ਹੁੰਦੇ ਪਹੁੰਚਦੇ ਉਥੋਂ ਦੇ ਲੋਕ ਉਹਨਾਂ ਨੂੰ ਪਨਾਹ ਦੇਣੋਂ ਨਾਹ ਕਰ ਦਿੰਦੇ । ਸਗੋਂ ਕਈ ਥਾਂਈਂ ਤਾਂ ਲੋਕ ਵੀ ਅੱਗੋਂ ਹੱਲਾ ਬੋਲ ਦੇਂਦੇ ਅਤੇ ਕਈਆਂ ਨੂੰ ਸ਼ਹੀਦ ਕਰ ਦੇਣ ।[114]

ਇਸ ਸਮੇਂ ਸਿੰਘਾਂ ਸਮੇਤ ਸਿੰਘਣੀਆਂ ਅਤੇ ਬੱਚਿਆਂ ਦਾ ਬਹੁਤ ਭਿਆਨਕ ਕਤਲੇਆਮ ਹੋਇਆ । ਸਿੰਘ, ਸੰਗੂ ਸਿੰਘ ਅਤੇ ਸ਼ੇਖੂ ਸਿੰਘ ਬਰਨਾਲੇ ਵਾਲੇ ਪਾਸੇ ਆਲਾ ਸਿੰਘ ਦੀ ਸਹਾਇਤਾ ਲਈ ਜਾਣਾ ਚਾਹੁੰਦੇ ਸਨ ਪਰ ਸ਼ਾਹ ਵਲੀ ਦਸ ਹਜ਼ਾਰ ਦੀ ਸੈਨਾ ਲੈ ਕੇ ਉਪਰ ਵੀ ਜਾ ਪਹੁੰਚਿਆ। ਜੱਸਾ ਸਿੰਘ ਆਹਲੂਵਾਲੀਏ ਨੂੰ ਬਾਈ ਜ਼ਖਮ ਅਤੇ ਚੜ੍ਹਤ ਸਿੰਘ ਨੂੰ ਕਾਫੀ ਜ਼ਖਮ ਲੱਗੇ । ਅਬਦਾਲੀ ਨੇ ਖ਼ੂਬ ਬਰਨਾਲਾ ਲੁੱਟਿਆ ਅਤੇ ਆਲਾ ਸਿੰਘ ਨੂੰ ਸਿਰ ਮੁਨਾ ਕੇ ਪੇਸ਼

ਕਰਨ ਦਾ ਹੁਕਮ ਦਿੱਤਾ। ਪੰਦਰਾਂ ਫਰਵਰੀ 1762 ਨੂੰ ਅਬਦਾਲੀ ਸਰਹੰਦ ਤੋਂ ਲਾਹੌਰ ਮੁੜਿਆ ਅਤੇ ਉਸਨੇ 5੦ ਗੱਡੇ ਸਿੰਘਾਂ ਦੇ ਸਿਰਾਂ ਦੇ ਲੱਦੇ ਹੋਏ ਸਨ । ਰਸਤੇ ਵਿਚ ਉਸਦੇ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉੜਾ ਦਿੱਤਾ ਅਤੇ ਤਲਾਅ ਨੂੰ ਮਿਟੀ ਨਾਲ ਭਰ ਦਿੱਤਾ । ਤਿੰਨ ਮਾਰਚ 1762 ਨੂੰ ਅਬਦਾਲੀ ਨੇ ਲਾਹੌਰ ਸ਼ਹਿਰ ਦੇ ਦਰਵਾਜ਼ਿਆਂ ਉਤੇ ਸਿੰਘਾਂ ਦੇ ਸਿਰਾਂ ਦੇ ਮੀਨਾਰ ਬਣਾ ਕੇ ਖੜ੍ਹੇ ਕਰਵਾ ਦਿੱਤੇ । ਡਾ. ਗੋਕਲ ਚੰਦ ਨਾਰੰਗ ਆਪਣੀ ਪੁਸਤਕ Transformation of Sikhism ਵਿਚ ਤਾਰੀਖੇ – ਅਹਿਮਦ ਸ਼ਾਹ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ ਕਿ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ 3੦,੦੦੦ ਸੀ ਤੇ ਸੱਯਦ ਲਤੀਫ਼ ਅਤੇ ਘਨੱਈਆ ਲਾਲ ਅਨੁਸਾਰ 24,੦੦੦ ਸੀ ।

ਇਸ ਪ੍ਰਸੰਗ ਵਿੱਚ ਡਾ. ਗੰਡਾ ਸਿੰਘ ਸਿੱਖ ਇਤਿਹਾਸ ਵਿੱਚ ਵਾਪਰੇ ਵੱਡੇ ਘਲੂਘਾਰੇ ਬਾਰੇ ਕਹਿੰਦੇ ਹਨ:

> ਇਸ ਲੜਾਈ ਵਿਚ ਘੱਟ ਤੋਂ ਘੱਟ ਅਨੁਮਾਨ ਅਨੁਸਾਰ ਵੀ ਲਗਭਗ 1੦,੦੦੦ ਬੰਦੇ ਮਾਰੇ ਗਏ ਦੱਸੇ ਜਾਂਦੇ ਹਨ । ਇਸ ਡਰਾਉਣੇ ਕਤਲੇਆਮ ਨੂੰ ਜੋ 5 ਫਰਵਰੀ 1762 ਨੂੰ ਵਾਪਰਿਆ ਸੀ, ਸਿੱਖ ਇਤਿਹਾਸ ਵਿਚ ਵੱਡਾ ਘਲੂਘਾਰਾ ਜਾਂ ਮਹਾਨ ਘੱਲੂਘਾਰਾ ਕਿਹਾ ਜਾਂਦਾ ਹੈ ।[115]

**ਸ਼ਹੀਦੀ ਬਾਬਾ ਗੁਰਬਖਸ਼ ਸਿੰਘ**

ਸ੍ਰ. ਗੁਰਬਖ਼ਸ਼ ਸਿੰਘ ਦਾ ਜਨਮ ਖੇਮਕਰਨ ਦੇ ਨੇੜੇ ਪਿੰਡ ਸੀਲ ਵਿਖੇ ਹੋਇਆ। ਉਹਨਾਂ ਦਾ ਸਿੱਖ ਧਰਮ ਵਿਚ ਪੱਕਾ ਵਿਸ਼ਵਾਸ਼ ਸੀ ਅਤੇ ਉਹਨਾਂ ਨੇ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤਪਾਨ ਕੀਤਾ ਆਪ ਨੇ ਸਿੱਖੀ ਪ੍ਰਚਾਰ ਲਈ ਅਨੰਦਪੁਰ ਸਾਹਿਬ ਰਹਿਣਾ ਸ਼ੁਰੂ ਕਰ ਦਿੱਤਾ । ਅਨੰਦਪੁਰ ਵਿਖੇ ਆਪ ਬਹੁਤ ਸਾਰਾ ਸਮਾਂ ਰਹੇ ਅਤੇ ਇਥੋਂ ਦੇ ਗੁਰਧਾਮਾਂ ਦੀ ਸੇਵਾ ਕਰਦੇ ਰਹੇ । ਆਪ ਨੇ 1757 ਈ. ਦੇ ਰਾਮਸਰ ਯੁੱਧ ਵਿਚ ਵੀ ਭਾਗ ਲਿਆ। ਜਦੋਂ ਅਬਦਾਲੀ ਦੇ ਹਾਕਮ ਜਹਾਨ ਖਾਨ ਨੇ ਅੰਮ੍ਰਿਤਸਰ ਵਿਖੇ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਭਰ ਦਿੱਤਾ ਤਾਂ ਆਪ ਨੇ ਆਪਣੇ ਸਿੱਖਾਂ ਨੂੰ ਲੈ ਕੇ ਅੰਮ੍ਰਿਤਸਰ ਪਹੁੰਚਣ ਦੀ ਸੋਚੀ। ਇਹ ਉਹ ਸਮਾਂ ਹੈ ਜਦੋਂ ਅਬਦਾਲੀ ਨੇ

1764 ਵਿਚ ਭਾਰਤ ਤੇ ਸੱਤਵੀਂ ਵਾਰੀ ਹਮਲਾ ਕੀਤਾ । ਪਹਿਲੀ ਦਸਬੰਰ 1764 ਨੂੰ ਅਬਦਾਲੀ ਗੁਰੂ ਕਾ ਚੱਕ ਪਹੁੰਚਿਆ ਤਾਂ ਉਥੇ 30 ਸਿੰਘਾਂ ਨਾਲ ਗੁਰਬਖਸ਼ ਸਿੰਘ ਦੀ ਅਗਵਾਈ ਵਿਚ ਜਥਾ ਅਕਾਲ ਤਖਤ ਦੀ ਦੇਖਭਾਲ ਕਰ ਰਿਹਾ ਸੀ । ਸਿੰਘਾਂ ਨੂੰ ਕੋਈ ਭੈਅ ਨਹੀਂ ਸੀ ਕਿ ਅਫ਼ਗਾਨ ਸੈਨਾ ਜ਼ਿਆਦਾ ਹੈ । ਉਹਨਾਂ 30 ਸਿੰਘਾਂ ਨੇ ਲੜਾਈ ਵਿਚ ਸ਼ਹੀਦੀਆਂ ਪਾ ਦਿੱਤੀਆਂ । ਗੁਰਬਖਸ਼ ਸਿੰਘ ਜੀ ਵੀ ਇਸੇ ਲੜਾਈ ਵਿਚ ਸ਼ਹੀਦੀ ਪਾ ਗਏ । ਉਹਨਾਂ ਦੇ ਨਾਂ ਤੇ ਅਕਾਲ ਤਖਤ ਦੇ ਪਿਛੇ ਸਮਾਧ ਬਣੀ ਹੋਈ ਹੈ ਜਿਸ ਨੂੰ ਸ਼ਹੀਦ ਗੰਜ ਦੀ ਸਮਾਧ ਦੇ ਨਾਂ ਨਾਲ ਅੱਜ ਵੀ ਯਾਦ ਕੀਤਾ ਜਾਂਦਾ ਹੈ । ਇਹ ਸ਼ਹਾਦਤ 17 ਦਸੰਬਰ 1764 ਨੂੰ ਹੋਈ ।

ਇਸ ਪ੍ਰਕਾਰ ਬੰਦਾ ਸਿੰਘ ਬਹਾਦਰ ਤੋਂ ਪਿਛੋਂ ਦਾ ਇਹ ਸਮਾਂ ਉਹ ਸਮਾਂ ਜਦੋਂ ਸਿੱਖਾਂ ਨੇ ਮੁਗਲਾਂ ਅਤੇ ਅਫ਼ਗਾਨਾ ਦੋਹਾਂ ਵੱਲੋਂ ਦਿੱਤੇ ਗਏ ਅਨੇਕਾਂ ਪ੍ਰਕਾਰ ਦੇ ਤਸੀਹੇ ਤੇ ਅੱਤਿਆਚਾਰ ਝੱਲੇ ਪਰ ਕਿਸੇ ਵੀ ਵਿਦੇਸ਼ੀ ਨੂੰ ਪੰਜਾਬ ਦੀ ਧਰਤੀ ਤੇ ਕਬਜ਼ਾ ਨਹੀਂ ਕਰਨ ਦਿੱਤਾ । ਪੰਜਾਬ ਦੀ ਸਿੱਖ ਕੌਮ ਨੂੰ ਸਿੰਘ ਸੂਰਵੀਰਾਂ ਦੀਆਂ ਇਹਨਾਂ ਸ਼ਹਾਦਤਾਂ ਨੇ ਹੀ ਬੀਰ ਤੇ ਸੂਰਮਿਆਂ ਦੀ ਕੌਮ ਵਜੋਂ ਪਛਾਣ ਬਖਸ਼ੀ ਅਤੇ ਸਿੱਖ ਕੌਮ ਦੀ ਸੂਰਮਿਆਂ ਤੇ ਮਰਜੀਵੜਿਆਂ ਵਜੋਂ ਬਣੀ ਪਛਾਣ ਨੂੰ ਵਿਸ਼ਵ

ਭਰ ਵਿੱਚ ਉਜਾਗਰ ਕੀਤਾ। ਡਾ. ਜਸਪਾਲ ਕੌਰ ਕਾਂਗ ਪੁਸਤਕ 'ਗਲਪ ਚੇਤਨਾ' ਵਿਚ ਸਿੱਖ ਸੂਰਮਿਆਂ, ਸ਼ਹੀਦਾਂ ਦੇ ਇਤਿਹਾਸਿਕ ਪਿਛੋਕੜ ਸੰਬੰਧੀ, ਭਾਈ ਵੀਰ ਸਿੰਘ ਦੀ ਦ੍ਰਿਸ਼ਟੀ ਦਾ ਹਵਾਲਾ ਦਿੰਦੇ ਲਿਖਦੇ ਹਨ:

ਭਾਈ ਵੀਰ ਸਿੰਘ ਨੂੰ 18ਵੀਂ ਸਦੀ ਦੇ ਸਿੱਖ ਸੰਘਰਸ਼ ਦੀ ਸਥਿਤੀ ਦਾ ਸੰਕਟ ਸਮਕਾਲੀ ਸਿੱਖ ਜਾਤੀ ਦੇ ਦਰਪੇਸ਼ ਸੰਕਟ ਵਰਗਾ ਜਾਪਦਾ ਹੈ। 18ਵੀਂ ਸਦੀ ਵਿੱਚ ਗੁਰੂ ਗੋਬਿੰਦ ਸਿੰਘ ਵਰਗੇ ਨਾਇਕ ਦਾ ਤੁਰ ਜਾਣਾ ਹੀ ਸਿੱਖ ਜਾਤੀ ਲਈ ਵੱਡਾ ਸੰਕਟ ਸਮਾਂ ਸੀ। ਇਸ ਸੰਕਟ ਵਿੱਚੋਂ ਪੈਦਾ ਹੋਈ ਨਿਰਾਸਤਾ ਤੇ ਭਟਕਣ ਦਾ ਰੂਪ ਭਾਈ ਸਾਹਿਬ ਨੂੰ ਸਮਕਾਲੀ ਸਿੱਖ ਜਾਤੀ ਦੀ ਦਿਸ਼ਾਹੀਣਤਾ ਵਰਗਾ ਜਾਪਦਾ ਹੈ। ਦਰਅਸਲ ਭਾਈ ਵੀਰ ਸਿੰਘ ਜੀ ਨੇ 18ਵੀਂ ਸਦੀ ਦੇ ਸੰਘਰਸ਼ ਕਾਲ ਨੂੰ ਪ੍ਰਤੀਮਾਨ ਦੇ ਰੂਪ ਵਿੱਚ ਪੇਸ਼ ਕੀਤਾ ਹੈ। 20ਵੀਂ ਸਦੀ ਵਿੱਚ ਸਿੱਖ ਕੌਮ ਅਜਿਹੇ ਪ੍ਰਤੀਮਾਨਾਂ ਨੂੰ ਦਿਸ਼ਾ ਬਣਾ ਕੇ ਆਪਣੀ ਸੰਕਟ ਸਥਿਤੀ ਤੋਂ ਦੁਬਾਰਾ ਮੁਕਤ ਹੋ ਸਕਦੀ ਹੈ। ਸਿੱਖ ਸੂਰਮਿਆਂ ਦੇ ਹਾਲ ਵਰਮਾਨ ਪੀੜ੍ਹੀ ਇਖਲਾਕੀ ਉਚਤਾ, ਪਰਸਪਰ ਪ੍ਰੇਮ ਤੇ ਸਾਂਝ, ਕੌਮ ਲਈ ਕੁਰਬਾਨੀ, ਪੰਥ ਨੂੰ ਉਚਿਆਈ ਅਤੇ ਸਲਾਮਤੀ ਬਖਸ਼ੀ।[116]

ਸੋ ਸਿੱਖ ਸ਼ਹਾਦਤ ਪਰੰਪਰਾ ਦਾ ਵਿਕਾਸ ਤੇ ਇਤਿਹਾਸ ਵਿਸ਼ਵ ਭਰ ਦੇ ਧਰਮ ਦੇ ਇਤਿਹਾਸਾਂ ਦੇ ਸੰਦਰਭ ਵਿੱਚ ਇੱਕ ਵਿਲੱਖਣ ਸਥਾਨ ਰੱਖਦਾ ਹੈ ਜਿਸ ਵਿਚ ਸਿੱਖ ਸ਼ਹੀਦਾਂ ਨੇ ਆਪਣੀ ਨਿਰਭੈਤਾ, ਸਵੈਮਾਣਤਾ, ਪਰਉਪਕਾਰਤਾ, ਦੇਸ਼ ਪ੍ਰਤੀ ਜ਼ਿੰਮੇਵਾਰੀ, ਜ਼ਾਲਮਾਂ ਤੋ ਕਮਜੋਰਾਂ ਦੀ ਰੱਖਿਆ, ਸੇਵਾ, ਜੁਅਰਤ ਤੇ ਮਨੋਬਲ ਆਦਿ ਦੇ ਵਿਸ਼ੇਸ਼ ਪਸਾਰਾਂ ਵਿੱਚ ਆਪਣੀ ਨਿਸ਼ਾਨਦੇਹੀ ਕੀਤੀ ਹੈ। ਸਿੱਖਾਂ ਉੱਤੇ ਭਾਵੇਂ ਅਣਮਨੁੱਖੀ ਅਤਿਆਚਾਰ ਹੋਏ ਪਰ ਉਹ ਆਪਣੇ ਮਨੋਬਲ ਕਰਕੇ ਕਿਤੇ ਵੀ ਨਹੀਂ ਡੋਲੇ ਤੇ ਨਾ ਹੀ ਕਿਸੇ ਨੇ ਆਪਣੀਆਂ ਜਾਨਾਂ ਬਖਸ਼ਾਉਣ ਲਈ ਸਮਝੌਤੇ ਤੇ ਤਰਲੇ ਕੀਤੇ। ਵਿਸ਼ਵ ਸਿੱਖ ਕੌਮ ਉੱਤੇ ਅੱਜ ਵੀ ਅਣਗਿਣਤ ਸੂਰਮਿਆਂ, ਸ਼ਹੀਦਾਂ ਤੇ ਮਾਣ ਕੀਤਾ ਜਾਂਦਾ ਹੈ। ਸਮੁੱਚਾ ਸਿੱਖ ਕੌਮ ਦਾ ਚਰਿੱਤਰ ਅੱਜ ਵਿਸ਼ਵ ਸੂਰਮਗਤੀ ਤੇ ਕਰਮਸ਼ੀਲਤਾ ਦੇ ਪ੍ਰਤੀਮਾਨਾਂ ਵਜੋਂ ਉਭਰਦਾ ਹੈ ਜਿਸ ਵਿੱਚ ਉਹਨਾਂ ਦੀ ਸ਼ਹਾਦਤ ਜ਼ੁਲਮ ਖਤਮ ਕਰਨ ਨਾਲ ਵੀ ਸੰਬੰਧਿਤ ਹੈ ਅਤੇ ਜ਼ੁਲਮ ਸਹਿਣ ਕਰਨ ਨਾਲ ਵੀ ਸੰਬੰਧਿਤ ਹੈ। ਇਥੇ ਇੱਕ ਗੱਲ ਵੀ ਅਸੀਂ ਵਿਸ਼ੇਸ਼ ਰੂਪ ਵਿੱਚ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਸਾਡਾ ਮਕਸਦ ਕੇਵਲ ਇਤਿਹਾਸ ਵਿੱਚ ਵਾਪਰੀਆਂ ਇਹਨਾਂ ਮਹੱਤਵਪੂਰਨ ਸ਼ਹਾਦਤੀ ਘਟਨਾਵਾਂ ਨੂੰ ਦਰਸਾਉਣ ਦਾ ਹੀ ਨਹੀਂ ਸਗੋਂ ਅੱਜ ਦੇ ਸੰਦਰਭ ਵਿੱਚ ਅਜੋਕੀ ਪੀੜ੍ਹੀ ਨੂੰ ਇਸ ਸੱਚ ਤੋਂ ਵਾਕਿਫ ਕਰਵਾਉਣ ਤੋਂ ਵੀ ਹੈ ਤੇ ਇਹਨਾਂ ਸ਼ਹੀਦਾਂ ਦੀਆਂ ਸ਼ਹੀਦੀਆਂ ਨੂੰ ਦੁਬਾਰਾ ਮਹਿਸੂਸ ਤੇ ਅਨੁਭਵ ਕਰਨ ਤੇ ਕਰਾਉਣ ਤੋਂ ਹੈ ਤਾਂ ਜੋ ਹਰ ਮਨੁੱਖ ਇਸ ਕੌੜੇ ਸੱਚ ਬਾਰੇ ਦੁਬਾਰਾ ਸੋਚੇ ਤੇ ਇਸ ਦਾ ਅਨੁਭਵ ਵੀ ਕਰੇ। ਇਹ ਸਾਰਾ ਸ਼ਹੀਦੀਆਂ ਭਰਿਆ ਇਤਿਹਾਸ 18ਵੀਂ ਸਦੀ ਦੇ ਸੰਘਰਸ਼ ਨੂੰ ਕੇਵਲ ਧਾਰਮਿਕ ਹਿੱਤਾਂ ਦੀ ਟੱਕਰ ਵਜੋਂ ਪੇਸ਼ ਨਹੀਂ ਕਰਦਾ ਸਗੋਂ ਇਹ ਸੰਘਰਸ਼ ਪੰਜਾਬ ਦੀ ਪੀੜਤ ਹੇਠਲੀ ਸ਼੍ਰੇਣੀ ਦੀ ਮਹੱਤਵਪੂਰਨ ਭੂਮਿਕਾ ਨੂੰ ਵੀ ਉਜਾਗਰ ਕਰਦਾ ਹੈ।

# ਹਵਾਲੇ ਅਤੇ ਟਿੱਪਣੀਆਂ


1. ਗੁਰੂ ਗ੍ਰੰਥ ਸਾਹਿਬ, ਪੰਨਾ, 141●
2. ਜਾਦੂ ਨਾਥ ਸਰਕਾਰ, History of Aurangzeb, Vol. I ਪੰਨਾ, 163-64
3. ਐਸ.ਆਰ. ਸ਼ਰਮਾ Religious Policy of the Mughal Umpire, ਪੰਨਾ, 1
4. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 2●
5. ਐਸ.ਆਰ. ਸ਼ਰਮਾ, ਉਹੀ, ਪੰਨਾ, 71
6. ਪ੍ਰੀਤਮ ਸਿੰਘ ਗਿੱਲ, History of the Sikh Nation, ਪੰਨਾ, 164
7. ਐਮ.ਐਸ. ਲਤੀਫ਼, History of the Punjab, ਪੰਨਾ, 175
8. ਜਾਦੂ ਨਾਥ ਸਰਕਾਰ, ਉਹੀ, ਪੰਨਾ, 174
9. ਡਾ. ਸਰਬਜਿੰਦਰ ਸਿੰਘ, ਮਰਣੁ ਕਬੂਲਿ, ਪੰਨਾ, 42
1●. ਗਿਆਨੀ ਭਜਨ ਸਿੰਘ, ਸਾਡੇ ਸ਼ਹੀਦ, ਉਧਰਤ, ਪੰਨਾ, 16
11. ਭਾਈ ਗੁਰਦਾਸ, ਵਾਰ II, ਪਉੜੀ 13
12. ਗਿਆਨੀ ਭਜਨ ਸਿੰਘ, ਸਾਡੇ ਸ਼ਹੀਦ, ਪੰਨਾ, 19
13. ਇੰਦੂ ਭੂਸ਼ਨ ਬੈਨਰਜੀ, ਖਾਲਸੇ ਦੀ ਉੱਤਪਤੀ (ਅਨੁ:), ਪੰਨਾ, 2●4
14. ਐਮ. ਐਸ. ਲਤੀਫ਼, History of the Punjab, ਪੰਨਾ, 253
15. ਡਾ. ਸ਼ਮਸ਼ੇਰ ਸਿੰਘ ਅਸ਼ੋਕ, ਸਿੱਖਾਂ ਦੀ ਵੀਰ ਪਰੰਪਰਾ, ਪੰਨਾ, 32
16. ਉਹੀ, ਪੰਨਾ, 24
17. ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰਨਾ, 13
18. ਉਹੀ, ਪੰਨਾ, 13
19. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ, 75●
2●. ਡਾ. ਤ੍ਰਿਲੋਚਨ ਸਿੰਘ, ਪੈਗੰਬਰ ਅਤੇ ਸ਼ਹੀਦ ਗੁਰੂ ਤੇਗ ਬਹਾਦਰ, ਪੰਨਾ, 9

21. ਏ. ਐਮ. ਮੈਕਾਲਿਫ਼, The Sikh Religion, Vol. 3-4 ਪੰਨਾ, 38

22. ਡਾ. ਤ੍ਰਿਲੋਚਨ ਸਿੰਘ, ਪੈਗੰਬਰ ਅਤੇ ਸ਼ਹੀਦ ਗੁਰੂ ਤੇਗ ਬਹਾਦਰ, ਪੰਨਾ, 138

23. ਡਾ. ਸੁਖਦਿਆਲ ਸਿੰਘ, ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਤੇ ਯਾਤਰਾਵਾਂ, ਪੰਨਾ, 35

24. ਡਾ. ਹਰਜਿੰਦਰ ਸਿੰਘ, ਗੁਰੂ ਦੇ ਸ਼ੇਰ, ਪੰਨਾ, 14

25. ਮੈਕਾਲਫ, The Sikh Religion, ਪੰਨਾ, 59

26. ਕਰਤਾਰ ਸਿੰਘ, Story from the Sikh History, ਪੰਨਾ, 45

27. ਡਾ. ਗੰਡਾ ਸਿੰਘ, ਤੇਜਾ ਸਿੰਘ, (ਅਨੁਵਾਦਕ) ਭਗਤ ਸਿੰਘ, ਸਿੱਖ ਇਤਿਹਾਸ, ਪੰਨਾ, 74

28. ਹਰੀ ਰਾਮ ਗੁਪਤਾ, History of the Sikh Gurus, Vol. I ਪੰਨਾ, 2●2

29. ਸੈਨਾਪਤੀ, ਗੁਰੂ ਸੋਭਾ, ਬੰਦ 62

3●. ਭਾਈ ਸੰਤੋਖ ਸਿੰਘ ਚੂੜਾਮਣੀ, ਸੂਰਜ ਪ੍ਰਕਾਸ਼, ਰੁੱਤ 8, ਅਧਿਆਇ 32

31. ਰਤਨ ਸਿੰਘ ਭੰਗੂ, ਪ੍ਰਚੀਨ ਪੰਥ ਪ੍ਰਕਾਸ਼, ਪੰਨਾ, 159

32. ਕਵੀ ਕੰਕਣ, ਸੰਖੇਪ ਦਸ ਗੁਰੂ ਕਥਾ, ਪੰਨਾ, 66

33. ਗਿਆਨੀ ਗਿਆਨ ਸਿੰਘ, ਪ੍ਰਚੀਨ ਪੰਥ ਪ੍ਰਕਾਸ਼, ਪੰਨਾ, 288

34. ਭੱਟ ਵਹੀ ਮੋਹਰਾਂ ਵਾਲੀ, ਪੰਨਾ, 62

35. ਪਿਆਰਾ ਸਿੰਘ ਪਦਮ, (ਸੰਪਾ.), ਪੰਜਾਬੀ ਵਾਰਾਂ, ਪੰਨਾ, 28

36. ਡਾ. ਹਰਜਿੰਦਰ, ਗੁਰੂ ਦੇ ਸ਼ੇਰ, ਪੰਨਾ, 15

37. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਪੰਨਾ, 981

38. ਕਵੀ ਕੰਕਣ, ਸੰਖੇਪ ਦਸ ਗੁਰੂ ਕਥਾ, ਪੰਨਾ, 53

39. ਹੀਰਾ ਸਿੰਘ ਦਰਦ (ਸੰਪਾ) ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, ਭਾਗ ਪਹਿਲਾ, ਪੰਨਾ, 93

4●. ਭਾਈ ਸੰਤੋਖ ਸਿੰਘ ਚੜ੍ਹਾਮਣੀ, ਸੂਰਜ ਪ੍ਰਕਾਸ਼ ਗ੍ਰੰਥ, ਪੰਨਾ, 59●5-6

41. ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ਦਸਵੀਂ, ਪੰਨਾ, 16●

42. ਭਾਈ ਸੰਤੋਖ ਸਿੰਘ, ਗੁਰਪ੍ਰਤਾਪ ਸੂਰਜ ਗ੍ਰੰਥ, ਪੰਨਾ, 5879

43. ਉਹੀ, ਪੰਨਾ, 558●-81

44. ਸਰੂਪ ਦਾਸ ਭੱਲਾ, ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼, ਪੰਨਾ, 325

45. ਉਹੀ, ਪੰਨਾ, 777

46. ਕਰਤਾਰ ਸਿੰਘ ਕਲਸੀਆਵਾਲਾ, ਦਸਮੇਸ਼ ਪ੍ਰਕਾਸ਼, ਪੰਨਾ, 4●2

47. ਉਹੀ, ਪੰਨਾ, 4●3

48. ਸੈਨਾਪਤੀ ਗੁਰ ਸੋਭਾ, (ਸੰਪਾ ਹੀਰਾ ਸਿੰਘ) ਪੰਨਾ, 26

49. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ, 1●●4-5

5●. ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ਦਸਵੀਂ, ਪੰਨਾ, 217

51. ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ, 981

52. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ, 272

53. ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰਨਾ, 2●2

54. ਭਾਈ ਰਤਨ ਸਿੰਘ ਭੰਗੂ, ਪੰਥ ਪ੍ਰਕਾਸ਼, ਪੰਨਾ, 9●

55. ਭਾਈ ਸੁੱਖਾ ਸਿੰਘ, ਗੁਰਬਿਲਾਸ ਪਾਤਸ਼ਾਹੀ ਦਸਵੀਂ, ਪੰਨਾ, 354

56. ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ, 912

57. ਡਾ. ਗੰਡਾ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਪੰਨਾ, 1

58. ਐਮ.ਐਸ. ਚਾਂਦਲਾ (ਅਨੁ) ਪਰਮਜੀਤ ਸਿੰਘ ਸ਼ਾਹੀ, ਬੰਦਾ ਬਹਾਦਰ ਆਪਣੇ ਹੀ ਨਾਇਬਾਂ ਦੀ ਗੱਦਾਰੀ ਦਾ ਸ਼ਿਕਾਰ, ਪੰਨਾ, 46

59. ਉਹੀ, ਪੰਨਾ, 42

6●. ਉਹੀ, ਪੰਨਾ, 42

61. ਸਰੂਪ ਦਾਸ ਕੌਸ਼ਿਕ (ਸੰਪਾ) ਪਿਆਰਾ ਸਿੰਘ ਪਦਮ, ਸਾਖੀਆਂ ਗੁਰੂ ਕਿਰਪਾ, ਪੰਨਾ, 199

62. ਡਾ. ਸਖਦਿਆਲ ਸਿੰਘ, ਗੁਰੂ ਗੋਬਿੰਦ ਸਿੰਘ ਜੀਵਨ ਯੁੱਧ ਤੇ ਯਾਤਰਾਵਾਂ, ਪੰਨਾ, 173

63. ਉਹੀ, ਸਿੱਖ ਰਾਜ ਦਾ ਬਾਨੀ ਬੰਦਾ ਸਿੰਘ ਬਹਾਦਰ, ਪੰਨਾ, 17

64. ਭਾਈ ਰਤਨ ਸਿੰਘ ਭੰਗੂ, ਪ੍ਰਚੀਨ ਪੰਥ ਪ੍ਰਕਾਸ਼ ਪੰਨਾ, 328

65. ਡਾ. ਸੁਖਦਿਆਲ ਸਿੰਘ, ਸਿੱਖ ਰਾਜ ਦਾ ਬਾਨੀ, ਬੰਦਾ ਸਿੰਘ ਬਹਾਦਰ, ਪੰਨਾ, 17

66. ਗੋਕਲ ਚੰਦ ਨਾਰੰਗ, ਸਿੱਖ ਮਤ ਦਾ ਪਰਿਵਰਤਨ, ਪੰਨਾ, 111

67. ਹੁਕਮਨਾਮੇ ਗੁਰੂ ਸਹਿਬਾਨ ਮਾਤਾ ਸਹਿਬਾਨ, ਬੰਦਾ ਬਹਾਦਰ ਅਤੇ ਖਾਲਸਾ ਜੀ ਦੇ (ਸੰਪਾ) ਡਾ: ਗੰਡਾ ਸਿੰਘ, ਪੰਨਾ, 179

68. ਭਾਈ ਰਤਨ ਸਿੰਘ ਭੰਗੂ, ਪ੍ਰਚੀਨ ਪੰਥ ਪ੍ਰਕਾਸ਼ (ਸੰਪਾ) ਭਾਈ ਵੀਰ ਸਿੰਘ ਪੰਨਾ, 86-87

69. ਡਾ. ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਪੰਨਾ, 15

7●. ਵਿਲੀਅਮ ਇਰਵਿਨ - Later Mughal Period, VI P 94

71. ਉਹੀ, ਪੰਨਾ, 21

72. ਸ੍. ਕਰਮ ਸਿੰਘ ਹਿਸਟੋਰੀਅਨ, ਬੰਦਾ ਬਹਾਦਰ ਪੰਨਾ, 69

73. ਡਾ: ਗੰਡਾ ਸਿੰਘ, ਬੰਦਾ ਬਹਾਦਰ ਪੰਨਾ, 34, ਉਧਰਿਤ

74. ਸੱਯਦ ਮੁਹੰਮਦ ਲਤੀਫ, History of the Punjab ਪੰਨਾ, 274-75

75. ਗੋਕਲ ਚੰਦ ਨਾਰੰਗ, ਸਿੱਖ ਮੱਤ ਦਾ ਪਰਿਵਰਤਨ, ਪੰਨਾ, 178

76. ਇਨਾਇਤ ਅਲੀ ਖਾਂ, Description of Kotla Afgan, ਪੰਨਾ, 14

77 ਭਾਈ ਰਤਨ ਸਿੰਘ ਭੰਗੂ, ਪ੍ਰਚੀਨ ਪੰਥ ਪ੍ਰਕਾਸ਼, ਪੰਨਾ, 149

78. ਉਹੀ, ਪੰਨਾ, 149

79. ਡਾ. ਖਜਾਨ ਸਿੰਘ, History and Philosphy of Sikh Religion,ਪੰਨਾ, 24●

8●. ਡਾ: ਭਗਵੰਤ ਸਿੰਘ, ਬੰਦਾ ਸਿੰਘ ਬਹਾਦਰ (ਸੰਪਾ) ਸਿਮਰਜੀਤ ਸਿੰਘ, ਪੰਨਾ, 7●

81. ਡਾ: ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਪੰਨਾ, 45

82. ਉਹੀ, ਪੰਨਾ, 13

83. ਉਹੀ, ਪੰਨਾ, 1●6

84. ਹਰੀ ਰਾਮ ਗੁਪਤਾ, History of the Sikh Gurus, VII ਪੰਨਾ, 138-39

85. ਵਿਲੀਅਮ ਇਰਵਿਨ, Later Mughal, VI ਪੰਨਾ, 989

86. ਉਹੀ, ਪੰਨਾ, 89

87. ਵਿਲੀਅਮ ਇਰਵਿਨ, Later Mughal, VI ਪੰਨਾ, 119

88. ਡਾ. ਗੰਡਾ ਸਿੰਘ, ਬੰਦਾ ਬਹਾਦਰ, ਪੰਨਾ, 1●1

89. ਉਹੀ, ਪੰਨਾ, 125

9●. ਰਤਨ ਸਿੰਘ ਭੰਗੂ, ਪ੍ਰਚੀਨ ਪੰਥ ਪ੍ਰਕਾਸ਼, ਪੰਨਾ, 16●

91. ਵਿਲੀਅਮ ਇਰਵਿਨ, Later Mughal's, VI P 315

92. ਡਾ. ਹਰੀ ਰਾਮ ਗੁਪਤਾ History of the Sikhs VIII, ਪੰਨਾ, 3

93. ਰਤਨ ਸਿੰਘ ਭੰਗੂ, ਪ੍ਰਚੀਨ ਪੰਥ ਪ੍ਰਕਾਸ਼, ਪੰਨਾ, 71

94. ਉਹੀ, ਪੰਨਾ, 3●4, 3●5

95. ਡਾ. ਸੁਖਦਿਆਲ ਸਿੰਘ, ਸ਼੍ਰੋਮਣੀ ਸਿੱਖ ਇਤਿਹਾਸ, (14●9-1799), ਪੰਨਾ, 49,

96. ਕਿਰਪਾਲ ਸਿੰਘ, (ਸੰਪਾ.), ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ, ਪੰਨਾ, 5●

97. ਰਤਨ ਸਿੰਘ ਭੰਗੂ, ਪੰਥ ਪ੍ਰਕਾਸ਼, ਪੰਨਾ, 265

98. ਡਾ. ਹਰੀ ਰਾਮ ਗੁਪਤਾ, History of the Sikhs, ਪੰਨਾ, 4●-41

99. ਡਾ. ਰਤਨ ਸਿੰਘ ਜੱਗੀ, ਭਾਈ ਮਨੀ ਸਿੰਘ, ਪੰਨਾ, 2

1●●. ਡਾ. ਗੋਕਲ ਚੰਦ ਨਾਰੰਗ, ਸਿੱਖ ਮੱਤ ਦਾ ਪਰਿਵਰਤਨ (ਅਨੁ) ਗੁਰਚਰਨ ਸਿੰਘ, ਪੰਨਾ, 48

1●1. ਰਤਨ ਸਿੰਘ ਭੰਗੂ, ਪੰਥ ਪ੍ਰਕਾਸ਼, ਪੰਨਾ, 3●5

1●2. ਉਹੀ, ਪੰਥ ਪ੍ਰਕਾਸ਼, ਪੰਨਾ, 3●6

1●3. ਹਰੀ ਰਾਮ ਗੁਪਤਾ, ਪੰਜਾਬ ਦਾ ਇਤਿਹਾਸ, ਪੰਨਾ, 26●

1●4. ਗੰਡਾ ਸਿੰਘ, ਤੇਜਾ ਸਿੰਘ, (ਅਨੁ) ਡਾ. ਭਗਤ ਸਿੰਘ, ਸਿੱਖ ਇਤਿਹਾਸ (1469-1765) ਪੰਨਾ, 124

1●5. ਰਤਨ ਸਿੰਘ ਭੰਗੂ, ਪੰਥ ਪ੍ਰਕਾਸ਼ ਪੰਨਾ, 349

1●6. ਉਹੀ, ਪੰਨਾ, 389

1●7. ਗੰਡਾ ਸਿੰਘ ਤੇਜਾ ਸਿੰਘ (ਅਨੁ) ਡਾ. ਭਗਤ ਸਿੰਘ ਸਿੱਖ ਇਤਿਹਾਸ, ਪੰਨਾ, 127, ਉਧਰਤ

1●8. ਰਤਨ ਸਿੰਘ ਭੰਗੂ, ਪੰਥ ਪ੍ਰਕਾਸ਼, ਪੰਨਾ, 497

1●9. ਡਾ. ਗੰਡਾ ਸਿੰਘ, ਤੇਜਾ ਸਿੰਘ ਅਨੁ ਡਾ. ਭਗਤ ਸਿੰਘ, ਸਿੱਖ ਇਤਿਹਾਸ, (1469-1799), ਪੰਨਾ, 129

11●. ਪ੍ਰਿੰਸੀਪਲ ਸਤਿਬੀਰ ਸਿੰਘ, ਸਾਡਾ ਇਤਿਹਾਸ, ਪੰਨਾ, 198

111. ਡਾ. ਹਰੀ ਰਾਮ ਗੁਪਤਾ, History of The Sikhs, ਪੰਨਾ, 84

112. ਕਰਤਾਰ ਸਿੰਘ, Stories from the Sikh History, Book No. 5, ਪੰਨਾ, 11

113. ਪਿਆਰਾ ਸਿੰਘ ਪਦਮ, ਸੰਖੇਪ ਸਿੱਖ ਇਤਿਹਾਸ, ਪੰਨਾ, 1●●

114. ਡਾ. ਜਗਜੀਤ ਸਿੰਘ, ਅੰਤਰਾਸ਼ਟਰੀ ਮੈਗਜੀਨ ਆਤਮ ਮਾਰਗ RNI No. 61816/95, ਪੰਨਾ, 51

115. ਡਾ. ਗੰਡਾ ਸਿੰਘ, ਸਿੱਖ ਇਤਿਹਾਸ, ਪੰਨਾ, 1●1

116. ਡਾ. ਜਸਪਾਲ ਕੌਰ ਕਾਂਗ, ਗਲਪ ਚੇਤਨਾ, ਪੰਨਾ, 45

# ਅਧਿਆਇ ਪੰਜਵਾਂ

## ਵਿਸ਼ਵੀ ਪਰਿਪੇਖ ਵਿੱਚ ਸਿੱਖ ਸ਼ਹਾਦਤ ਪਰੰਪਰਾ ਦਾ ਯੋਗਦਾਨ

ਖੋਜ ਕਾਰਜ ਦੇ ਚੌਥੇ ਅਧਿਆਇ ਵਿਚ ਸਿੱਖ ਸ਼ਹਾਦਤ ਪਰੰਪਰਾ ਦੇ ਵਿਕਾਸ ਰੇਖਾ ਦੀ ਨਿਸ਼ਾਨਦੇਹੀ ਕੀਤੀ ਗਈ ਸੀ ਜਿਸ ਵਿਚ ਗੁਰੂ ਕਾਲ ਵਿਚ ਹੋਈਆਂ ਸ਼ਹਾਦਤਾਂ, ਬੰਦਾ ਸਿੰਘ ਬਹਾਦਰ ਕਾਲ (1708–1716), ਉੱਤਰ ਬੰਦਾ ਸਿੰਘ ਬਹਾਦਰ ਕਾਲ ਵਿਚ ਹੋਈਆਂ ਸ਼ਹਾਦਤਾਂ ਦਾ ਇਤਿਹਾਸਕ ਅਧਿਐਨ ਕਰਦਿਆਂ ਸਿੱਖ ਸ਼ਹਾਦਤ ਪਰੰਪਰਾ ਦਾ ਮੁਗਲ ਸਾਮਰਾਜ ਦੀ ਜ਼ੁਲਮੀ ਨੀਤੀ ਰਾਹੀਂ ਅਤਿਆਚਾਰਾਂ ਨੂੰ ਸਹਿਣ ਕਰਕੇ ਵਿਰੋਧ ਵਿੱਚ ਇਸ ਨੀਤੀ ਪ੍ਰਤੀ ਸੰਘਰਸ਼ ਵਿੱਢਣ ਦੀ ਪ੍ਰਕ੍ਰਿਆ ਨੂੰ ਵਿਸ਼ਲੇਸ਼ਿਤ ਕੀਤਾ ਗਿਆ ਹੈ। ਸਿੱਖ ਕੌਮ ਨੇ ਸਮਾਜ ਵਿੱਚ ਆਪਣੀ ਹੋਂਦ ਨੂੰ ਬਚਾਉਣ ਲਈ ਮੁਗਲਾਂ ਤੇ ਅਫਗਾਨਾ ਦੁਆਰਾ ਕੀਤੇ ਅਕਿਹ ਅਤੇ ਅਸਿਹ ਜ਼ੁਲਮ ਸਹਿਦਿਆਂ ਪਰ ਫਿਰ ਵੀ ਦੇਸ਼, ਕੌਮ ਅਤੇ ਧਰਮ ਦੇ ਸਵੈਮਾਣ ਅਤੇ ਉਸ ਦੀ ਅਜ਼ਾਦੀ ਦੀ ਰੱਖਿਆ ਨੂੰ ਮੁੱਖ ਰੱਖਿਆ। ਅਜਿਹੀ ਪਰੰਪਰਾ ਸ਼ਾਇਦ ਹੀ ਕਿਸੇ ਹੋਰ ਧਰਮ ਵਿਚ ਮਿਲਦੀ ਹੋਵੇ। ਇਸ ਹਥਲੇ ਪੰਜਵੇਂ ਅਧਿਆਇ ਵਿਚ ਸਿੱਖ ਸ਼ਹਾਦਤ ਪਰੰਪਰਾ ਦੀ ਵਿਸ਼ਵ ਸਮਾਜ ਨੂੰ ਦੇਣ ਸੰਬੰਧੀ ਖੋਜ ਕਾਰਜ ਨੂੰ ਅੱਗੇ ਵਧਾਇਆ ਜਾਵੇਗਾ। ਇਸ ਪਰੰਪਰਾ ਨੇ ਭਾਰਤੀ ਸਮਾਜ ਦੀ ਨਿੱਘਰੀ ਹੋਈ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਵਿਵਸਥਾ ਦੇ ਸੰਪੂਰਨ ਬਦਲਾਅ ਲਈ ਨਵੇਂ ਆਦਰਸ਼ ਸਿਰਜੇ ਜਿਨ੍ਹਾਂ ਵਿਚ ਰਾਜਨੀਤਿਕ ਤੌਰ ਤੇ ਨਿਆਂ ਭਰਪੂਰ ਤੇ ਲੋਕ ਹਿੱਤ ਵਾਲੀ ਰਾਜਨੀਤੀ, ਸਮਾਜਿਕ ਤੌਰ ਤੇ ਮਨੁੱਖੀ ਭਾਈਚਾਰੇ, ਵਿਸ਼ਵ ਸ਼ਾਂਤੀ ਤੇ ਸਹਿਹੋਂਦ ਵਾਲਾ ਸਮਾਜ ਉਸਾਰਨ ਅਤੇ ਧਾਰਮਿਕ ਤੌਰ ਤੇ ਇਕ ਈਸ਼ਵਰਵਾਦੀ ਸੰਕਲਪਾਂ ਦੀ ਸਿਰਜਨਾ ਕਰਕੇ ਪੂਰੇ ਵਿਸ਼ਵ ਨੂੰ ਏਕਤਾ ਦੇ ਸੂਤਰ ਵਿੱਚ ਪ੍ਰੋਣ ਦਾ ਸੰਦੇਸ਼ ਦਿੰਦਿਆਂ ਨਵੇਂ ਸਮਾਜ ਦੀ ਉਸਾਰੀ ਦੀ ਕਾਮਨਾ ਕੀਤੀ ਗਈ ਸੀ। ਇਸ ਅਧਿਆਇ ਵਿਚ ਉਪਰੋਕਤ ਆਦਰਸ਼ਾਂ ਨੂੰ ਸਿੱਖ ਕੌਮ ਦੇ ਚੱਰਿਤਰ ਤੇ ਵਿਰਸੇ ਦੇ ਖੋਜ ਅਧਿਐਨ ਰਾਹੀਂ ਵਿਸ਼ਲੇਸ਼ਿਤ ਕੀਤਾ ਜਾਵੇਗਾ।

## 5.1 ਸਿੱਖ ਸ਼ਹਾਦਤ ਪਰੰਪਰਾ: ਵਿਸ਼ਵੀ ਪਰਿਪੇਖ ਵਿਚ ਸਿੱਖ ਸ਼ਹਾਦਤ ਪਰੰਪਰਾ ਦਾ ਰਾਜਨੀਤਿਕ ਯੋਗਦਾਨ

ਸਿੱਖ ਸ਼ਹਾਦਤ ਪਰੰਪਰਾ ਦੀ ਵਿਸ਼ਵ ਸਮਾਜ ਨੂੰ ਰਾਜਨੀਤਿਕ ਪੱਧਰ ਤੇ ਦੇਣ ਸੰਬੰਧੀ ਚਰਚਾ ਕਰਨ ਤੋਂ ਪਹਿਲਾ ਪਿੱਠ ਭੂਮੀ ਵਜੋਂ ਵਿਚਰ ਰਹੇ ਵੱਖ-ਵੱਖ ਧਰਮਾਂ ਅਤੇ ਰਾਜਨੀਤਿਕ ਚਿੰਤਨ ਦੀ ਪੱਧਰ ਤੇ ਪੱਛਮੀ ਅਤੇ ਭਾਰਤੀ ਚਿੰਤਕਾਂ ਦੇ ਵਿਚਾਰਾਂ ਨੂੰ ਘੋਖਣਾ ਜ਼ਰੂਰੀ ਹੈ। ਵੱਖ-ਵੱਖ ਧਰਮਾਂ ਵਿਚ ਰਾਜ ਅਤੇ ਧਰਮ ਦਾ ਆਪਸੀ ਸੰਬੰਧ ਕੀ ਹੈ? ਰਾਜ ਅਤੇ ਰਾਜੇ ਬਾਰੇ, ਉਸ ਦੇ ਸ਼ਾਸਨ ਰਾਜੇ ਦੇ ਅਧਿਕਾਰਾਂ ਬਾਰੇ ਵਿਚਾਰਾਂ ਦੀ ਚਰਚਾ ਕਰਨੀ ਜ਼ਰੂਰੀ ਹੈ। ਯੂਨਾਨੀ ਵਿਚਾਰ ਧਾਰਾ ਰਾਜ ਨੂੰ ਇਕ ਸੁਭਾਇਕ ਅਤੇ ਨੈਤਿਕ ਸੰਸਥਾ ਮੰਨਦੀ ਹੈ। ਪਲੈਟੋ ਅਤੇ ਅਰਸਤੂ ਰਾਜ ਦਾ ਮਨੁੱਖ ਲਈ ਹੋਣਾ ਇਸ ਲਈ ਜ਼ਰੂਰੀ ਮੰਨਦੇ ਹਨ ਕਿ ਇਸ ਵਿਚ ਰਹਿ ਕੇ ਹੀ ਮਨੁੱਖ ਦਾ ਨੈਤਿਕ ਵਿਕਾਸ ਸੰਭਵ ਹੈ ਅਤੇ ਮਨੁੱਖ ਨੂੰ ਨਿਆਂ ਵੀ ਰਾਜ ਵਿਚ ਰਹਿ ਕੇ ਹੀ ਮਿਲ ਸਕਦਾ ਹੈ। ਮਨੁੱਖ ਦੇ ਮੁੱਢਲੇ ਗੁਣਾਂ ਦਾ ਵਿਕਾਸ ਰਾਜ ਵਿਚ ਰਹਿ ਕੇ ਹੀ ਸੰਭਵ ਹੈ। ਸੱਚਾ ਰਾਜ ਉਹੀ ਹੈ ਜੋ ਰੱਬੀ ਵਿਸ਼ਵਾਸ ਨਾਲ ਜੁੜਿਆ ਹੁੰਦਾ ਹੈ। ਮਨੁੱਖ ਦੀਆਂ ਭੌਤਿਕ ਸਮਾਜੀ ਅਤੇ ਮਾਨਵੀ ਲੋੜਾਂ ਰਾਜ ਵਿਚ ਰਹਿ ਕੇ ਹੀ ਪੂਰੀਆਂ ਹੋ ਸਕਦੀਆਂ ਹਨ। ਰਾਜਾ ਇਕ ਦਾਰਸ਼ਨਿਕ ਮਨੁੱਖ ਹੋਣਾ ਚਾਹੀਦਾ ਹੈ ਜੋ ਲੋਕਾਂ ਦੇ ਹਿਤ ਵਿਚ ਹੀ ਆਪਣਾ ਹਿਤ ਸਮਝਦਾ ਹੋਵੇ। ਇਕ ਵਿਵੇਕਸ਼ੀਲ ਰਾਜੇ ਦਾ ਸਾਸ਼ਨ ਹੀ ਵਧੀਆ ਰਾਜ ਦੀ ਪਛਾਣ ਹੈ। ਡਾ. ਜਸਪਾਲ ਸਿੰਘ ਪੁਸਤਕ ਰਾਜ ਦਾ ਸਿੱਖ ਸੰਕਲਪ ਵਿਚ ਵਿਚਾਰ ਦਿੰਦੇ ਹਨ ਕਿ ਰੋਮਨ ਵਿਚਾਰਕ ਸਿਸਰੋ (1●6-45 ਈ. ਪੂਰਵ) ਵੀ ਰਾਜ ਨੂੰ ਇਕ ਨੈਤਿਕ ਸਮੁਦਾਇਕ ਮੰਨਦਾ ਹੈ ਮੈਕਾਇਵਲੀ, ਮਾਰਟਿਨ ਲੂਥਰ ਅਤੇ ਬੋਦਾਂ ਦਾ ਵਿਚਾਰ ਹੈ ਕਿ ਰਾਜ ਦਾ ਦਰਜ਼ਾ ਧਾਰਮਿਕ ਸੱਤਾ ਤੋਂ ਉਪਰ ਹੈ। ਟਾਮਸ ਹਾਬਸ, ਰੂਸੋ ਅਤੇ ਜਾਨ ਲਾਕ ਰਾਜੇ ਦੀਆਂ ਨਿਰੰਕੁਸ਼ ਸ਼ਕਤੀਆਂ ਦੇ ਵਿਰੁੱਧ ਹਨ ਅਤੇ ਸੱਤਾ ਆਮ ਪਰਜ਼ਾ ਦੇ ਹੱਥਾਂ ਵਿਚ ਹੋਣੀ ਜਾਇਜ਼ ਸਮਝਦੇ ਹਨ। ਇਸੇ ਪ੍ਰਕਾਰ ਐਡਮ ਸਮਿਥ ਅਤੇ ਬੈਂਥਮ ਅਨੁਸਾਰ ਰਾਜ ਦਾ ਮੁੱਖ ਮਕਸਦ ਪਰਜ਼ਾ ਨੂੰ ਨਿਆਂ ਅਤੇ ਸੁਖ ਦੇਣਾ ਹੈ। ਜੇਮਜ਼ ਮਿਲ ਵੀ ਰਾਜੇ ਦੀ ਨਿਰੰਕੁਸ਼ ਸੱਤਾ ਉਤੇ ਰੋਕ ਲਾਉਣ ਦਾ ਹਾਮੀ ਹੈ। T.H. Green ਵੀ ਮਨੁੱਖੀ ਵਿਕਾਸ ਅਤੇ

ਸਾਰਥਿਕ ਸੁਤੰਤਰਤਾ ਲਈ ਰਾਜ ਦਾ ਹੋਣਾ ਜ਼ਰੂਰੀ ਮੰਨਦਾ ਹੈ। ਕਈ ਵਿਚਾਰਧਾਰਵਾਂ ਦੇ ਸੁਮੇਲ ਤੋਂ ਪੈਦਾ ਹੋਈ ਵਿਚਾਰਧਾਰਾ ਫਾਸ਼ੀਵਾਦ ਵੀ ਰਾਜ ਨੂੰ ਸਰਵਉੱਚ ਮੰਨਦੀ ਹੈ। 20ਵੀਂ ਸਦੀ ਦੇ ਵਿਦਵਾਨ ਹੈਰੋਲਡ ਜੋਸੇਫ ਲਾਸਕੀ (1893-1950) ਅਨੁਸਾਰ ਰਾਜ ਇਕ ਭਾਈਚਾਰਾ ਹੈ ਜੋ ਮਨੁੱਖੀ ਉਨਤੀ ਲਈ ਜ਼ਰੂਰੀ ਹੈ। ਅੱਜ ਦੇ ਕਲਿਆਣਕਾਰੀ ਰਾਜ ਦੀ ਧਾਰਨਾ ਵੀ ਇਹ ਹੈ ਕਿ ਰਾਜ ਮਨੁੱਖ ਲਈ ਕਲਿਆਣਕਾਰੀ, ਨੈਤਿਕਤਾ ਅਤੇ ਵਿਅਕਤੀਗਤ, ਸਮੂਹਿਕ ਹਿੱਤਾਂ ਦੀ ਪੂਰਤੀ ਕਰਨ ਵਾਲਾ ਹੋਵੇ। ਵੱਖ-ਵੱਖ ਧਰਮਾਂ ਵਿਚ ਰਾਜ ਅਤੇ ਧਰਮ ਦਾ ਸੰਬੰਧ ਵੱਖਰਾ ਵੱਖਰਾ ਹੈ। ਈਸਾਈ ਧਰਮ ਵਿਚ ਚਰਚ ਅਤੇ ਰਾਜ ਸੰਬੰਧੀ ਕਾਫੀ ਵਿਵਾਦ ਰਿਹਾ ਹੈ। ਰਾਜਨੀਤੀ ਅਤੇ ਚਰਚ ਦਾ ਸੰਬੰਧ ਸੱਤਾਵਾਦੀ ਖਿਚੋਤਾਣ ਵਿਚ ਪਲਦਾ ਰਿਹਾ ਹੈ। ਚੌਥੀ ਸਦੀ ਵਿਚ ਈਸਾਈ ਧਰਮ ਨੂੰ ਰੋਮਨ ਰਾਜ ਨੂੰ ਰਾਜ ਧਰਮ ਦਾ ਦਰਜਾ ਮਿਲਣ ਕਾਰਨ ਚਰਚ ਅਤੇ ਰਾਜ ਸ਼ਕਤੀਆਂ ਵਿਚ ਦਵੰਦ ਬਣ ਗਿਆ। Sabine George H, A History of Political Theory ਵਿਚ ਲਿਖਦੇ ਹਨ ਈਸਾਈ ਧਰਮ ਦੇ ਬਾਨੀ ਈਸਾ ਨੇ ਚਰਚ ਅਤੇ ਰਾਜ ਸ਼ਕਤੀਆਂ ਦੇ ਦਵੰਦ ਸੰਬੰਧੀ ਸੰਤੁਲਨ ਸਥਾਪਿਤ ਕਰਨ ਲਈ "ਸੀਜ਼ਰ ਦੀਆਂ ਵਸਤੂਆਂ ਸੀਜ਼ਰ ਨੂੰ ਅਤੇ ਪਰਮਾਤਮਾ ਦੀਆਂ ਵਸਤੂਆਂ ਪਰਮਾਤਮਾ ਨੂੰ ਦਿਓ" ਦਾ ਉਪਦੇਸ਼ ਦਿੱਤਾ ਸੇਂਟ ਪਾਲ ਨੇ ਵੀ ਨਵੇਂ ਅਹਿਦਨਾਮੇ ਵਿਚ ਸਾਰੀਆਂ ਸ਼ਕਤੀਆਂ ਦਾ ਸਰੋਤ ਰੱਬ ਨੂੰ ਮੰਨਿਆ ਹੈ।

> ਸਾਰੀਆਂ ਸ਼ਕਤੀਆਂ ਦਾ ਸ੍ਰੋਤ ਰੱਬ ਹੈ ਅਤੇ ਮਨੁੱਖ ਨੂੰ ਆਪਣਾ ਆਪ ਉਸ ਮਹਾਨ ਸ਼ਕਤੀ ਨੂੰ ਹੀ ਸਮਰਪਿਤ ਕਰਨਾ ਚਾਹੀਦਾ ਹੈ। ਜਿਹੜਾ ਰੱਬ ਦੀ ਸ਼ਕਤੀ ਦਾ ਵਿਰੋਧ ਕਰੇਗਾ ਉਹ ਨਰਕ ਦਾ ਭਾਗੀ ਬਣੇਗਾ। ਦੁਨਿਆਵੀ ਰਾਜੇ ਅਸਲ ਵਿਚ ਰੱਬ ਦੇ ਮੰਤਰੀ ਹਨ ਅਤੇ ਉਸ ਦੇ ਹੁਕਮ ਵਿਚ ਹੀ ਕੰਮ ਕਰ ਰਹੇ ਹਨ। ਇਸ ਲਈ ਉਹਨਾਂ ਨੂੰ ਉਹਨਾਂ ਦਾ ਯੋਗ ਹਿੱਸਾ ਮਿਲਣਾ ਚਾਹੀਦਾ ਹੈ।[1]

ਸਿਧਾਂਤਕ ਤੌਰ ਤੇ ਭਾਵੇਂ ਈਸਾ ਨੇ ਰਾਜ ਅਤੇ ਚਰਚ ਦੀਆਂ ਸ਼ਕਤੀਆਂ ਦਾ ਵਿਭਾਜਨ ਕੀਤਾ ਅਤੇ ਸੰਤੁਲਨ ਬਣਾਉਣ ਦਾ ਉਪਦੇਸ਼ ਦਿੱਤਾ ਪਰ ਵਿਹਾਰਕ ਤੌਰ ਤੇ ਇਹਨਾਂ ਸੰਬੰਧਾਂ

ਵਿਚਲੀ ਨੀਤੀ ਚਰਚ ਦੇ ਸੰਤਾਂ ਦੁਆਰਾ ਨਿਰਧਾਰਤ ਕੀਤੀ ਗਈ। ਸੰਤ ਐਂਬਰੋਸ, ਅਗਸਤੀਨ ਅਤੇ ਸੰਤ ਗਰੇਗਰੀ ਨੇ ਇਹਨਾਂ ਸੰਬੰਧਾਂ ਬਾਰੇ ਵਿਆਖਿਆ ਪੇਸ਼ ਕੀਤੀ । ਐਬਰੌਸ ਅਨੁਸਾਰ ਸਾਰੇ ਈਸਾਈਆਂ ਵਾਂਗ ਰਾਜਾ ਵੀ ਚਰਚ ਦੇ ਅਧੀਨ ਹੈ ਕਿਉਂਕਿ ਉਹ ਵੀ ਚਰਚ ਦਾ ਪੁੱਤਰ ਹੈ ਅਤੇ ਉਹ ਚਰਚ ਤੋਂ ਉਪਰ ਨਹੀਂ ਹੈ। ਸੰਤ ਅਗਸਤੀਨ ਅਨੁਸਾਰ ਦੁਨਿਆਵੀ ਰਾਜ ਤੇ ਰੱਬੀ ਰਾਜ ਵਿਚੋਂ ਰੱਬੀ ਰਾਜ ਦੁਨਿਆਵੀ ਰਾਜ ਤੋਂ ਉਪਰ ਹੈ ਕਿਉਂਕਿ ਉਹ ਸਥਾਈ ਹੈ ਅਸਰ ਹੈ। ਦੁਨਿਆਵੀ ਰਾਜ ਜੰਗ ਅਤੇ ਪ੍ਰਭੂਤਵ ਵਿਚ ਵਾਧਾ ਕਰਦੇ ਹਨ ਅਤੇ ਅਸ਼ਾਂਤੀ ਫੈਲਾਉਂਦੇ ਹਨ। ਦੂਸਰਾ ਵਿਚਾਰ ਇਹ ਹੈ ਕਿ ਗੈਰ ਈਸਾਈ ਰਾਜ ਈਸਾਈ ਰਾਜ ਨਾਲੋਂ ਘਟੀਆ ਹਨ ਅਤੇ ਉਹ ਸਮਾਜਿਕ ਗੁਣਾਂ ਤੋਂ ਸੱਖਣੇ ਹਨ। ਇਸ ਸੰਬੰਧੀ Dunning William Archibald, ਪੁਸਤਕ 'A History of Political Theory Ancient and Medieval' ਵਿਚ ਲਿਖਦੇ ਹਨ:

> Augustine thus not only depreciates the earthly state as compared with the state of the future life, but denies to non-chirstian earthly states all social virtues.[2]

ਇਸ ਪ੍ਰਕਾਰ ਈਸਾਈਅਤ ਵਿਚ ਚਰਚ ਨੂੰ ਰਾਜ ਤੋਂ ਉਪਰ ਦਾ ਦਰਜਾ ਦਿੰਦੇ ਹੋਏ ਗੈਰ ਈਸਾਈ ਰਾਜਾਂ ਨੂੰ ਘਟੀਆ ਅਤੇ ਸਮਾਜਿਕ ਗੁਣਾਂ ਤੋਂ ਸੱਖਣਾ ਕਿਹਾ ਗਿਆ ਹੈ। ਇਸੇ ਸੰਬੰਧ ਵਿਚ Sabine George ਪੁਸਤਕ 'A History of Political theory' ਵਿਚ ਲਿਖਦੇ ਹਨ ਕਿ ਅਗਸਤੀਨ ਨੇ ਇਹ ਮੰਨਿਆ ਹੈ ਕਿ

> No state can be just since the advent of Christianity unless it is also chirsitan and a Govt considered a part from its relation to the church would be devoid of justice.[3]

ਇਸ ਪ੍ਰਕਾਰ ਈਸਾਈ ਧਰਮ ਵਿਚ ਰਾਜ ਅਤੇ ਚਰਚ ਦੇ ਸੰਬੰਧ ਵਿਵਾਦਪੂਰਨ ਰਹੇ ਅਤੇ ਨਾਲ-ਨਾਲ ਸੰਤਾਂ ਦੀ ਵਿਚਾਰਧਾਰਾ ਇਹ ਰਹੀ ਕਿ ਗੈਰ ਈਸਾਈ ਰੱਬੀ ਨਗਰ ਈਸਾਈ ਚਰਚ ਰਾਜ ਹੈ ਜਿਸ ਵਿਚ ਗੈਰ ਈਸਾਈ ਸ਼ਾਮਿਲ ਨਹੀਂ ਕੀਤੇ ਜਾ ਸਕਦੇ। ਪੋਪ ਜਲੇਸੀਅਸ (ਪੰਜਵੀਂ

ਸਦੀ) ਨੇ ਚਰਚ ਅਤੇ ਰਾਜ ਦੀਆਂ ਸ਼ਕਤੀਆਂ ਨੂੰ ਵੱਖ-ਵੱਖ ਕਰਨ ਸੰਬੰਧੀ ਵਿਚਾਰ ਪੇਸ਼ ਕੀਤੇ ਪਰ 9ਵੀਂ ਸਦੀ ਵਿਚ ਚਰਚ ਤੇ ਰਾਜ ਦੇ ਹਮਾਇਤੀਆਂ ਵਿਚ ਦਵੰਦ ਵੱਧ ਗਿਆ । ਚਰਚ ਦੇ ਹਮਾਇਤੀਆਂ ਅਨੁਸਾਰ ਚਰਚ ਦੀ ਸ਼ਕਤੀ ਦਾ ਸਰੋਤ ਰੱਬ ਹੈ ਇਸ ਲਈ ਉਹ ਸਿੱਧੀ ਸ਼ਕਤੀ ਰੱਬ ਪਾਸੋਂ ਪ੍ਰਾਪਤ ਕਰਦਾ ਹੈ ਜਦ ਕਿ ਰਾਜ ਦਾ ਸੰਬੰਧ ਅਪ੍ਰਤੱਖ ਹੈ । ਇਸ ਲਈ ਰਾਜ ਅਤੇ ਚਰਚ ਦਾ ਸੰਬੰਧ ਵਿਚੋਲੇ ਦੇ ਰੂਪ ਵਿਚ ਆਉਂਦਾ ਹੈ। ਸਮੇਂ ਸਮੇਂ ਅਨੁਸਾਰ ਇਹ ਦਵੰਦ ਬਣਿਆ ਰਿਹਾ ਹੈ। 16ਵੀਂ ਸਦੀ ਵਿਚ ਮਾਰਟਿਨ ਲੂਥਰ ਨੇ ਰਾਜ ਅਤੇ ਚਰਚ ਦੀਆਂ ਸ਼ਕਤੀਆਂ ਨੂੰ ਸੰਤੁਲਿਤ ਕਰਨ ਲਈ ਸ਼ਕਤੀਆਂ ਦਾ ਅਲਗ-ਅਲਗ ਹੋਣਾਂ ਜ਼ਰੂਰੀ ਮੰਨਿਆ ਹੈ ਪਰ ਇਹ ਦਵੰਦ ਉਦੋਂ ਤੱਕ ਬਣਿਆ ਰਿਹਾ ਜਦੋਂ ਤੱਕ ਆਧੁਨਿਕ ਵਿਚਾਰਧਾਰਾ ਨੇ ਰਵਾਇਤੀ ਸੱਤਾ ਨੂੰ ਆਧੁਨਿਕ ਸੱਤਾ ਵਿਚ ਨਹੀਂ ਬਦਲ ਦਿੱਤਾ।

ਇਸਲਾਮ ਧਰਮ ਵਿਚ ਰਾਜ ਅਤੇ ਧਰਮ ਦਾ ਸੰਬੰਧ ਰੱਬੀ ਕਾਨੂੰਨਾਂ ਤੇ ਅਧਾਰਿਤ ਹੈ। ਇਸਲਾਮ ਧਰਮ ਵਿਚ ਇਸਲਾਮੀ ਯੁੱਗ ਦਾ ਰਾਜ ਹਜ਼ਰਤ ਮੁਹੰਮਦ ਸਾਹਿਬ ਦੇ ਮੱਕੇ ਤੋਂ ਮਦੀਨੇ ਜਾਣ ਨਾਲ ਸ਼ੁਰੂ ਹੁੰਦਾ ਹੈ। ਇਥੇ ਹੀ ਉਹਨਾਂ ਨੇ ਇਕ ਪ੍ਰਭਾਵਸ਼ਾਲੀ ਰਾਜਨੀਤਿਕ ਸੰਗਠਨ ਦੀ ਸਥਾਪਨਾ ਕੀਤੀ। ਉਹ ਇਕੋ ਸਮੇਂ ਅਰਬ ਦੇ ਰਾਜੇ ਵੀ ਸਨ ਅਤੇ ਰੱਬ ਦੇ ਭੇਜੇ ਹੋਏ ਪੈਗੰਬਰ ਵੀ। ਮੁਹੰਮਦ ਸਾਹਿਬ ਤੋਂ ਪਿੱਛੋਂ ਖਲੀਫਿਆਂ ਦਾ ਕਾਲ਼, ਕੁਲਪਤੀਆਂ ਦਾ ਕਾਲ਼, ਅਰਬ ਰਈਸਾਂ ਅਤੇ ਅੱਬਾਸੀਆਂ ਦਾ ਰਾਜ ਕਾਇਮ ਰਿਹਾ। ਚਾਰ ਖ਼ਲੀਫੇ ਅਬੂ ਬਕਰ, ਉਮਰ, ਉਸਮਾਨ ਅਤੇ ਅਲ਼ੀ ਨੇ ਧਾਰਮਿਕ ਅਤੇ ਰਾਜ ਸ਼ਕਤੀ ਵਿਚ ਸੰਤੁਲਨ ਰੱਖਦਿਆਂ ਰਾਜਨੀਤਿਕ ਸੰਗਠਨ ਚਲਾਇਆ। ਹਸਨ ਅਸਕਰੀ ਅਨੁਸਾਰ:

> ਖਲੀਫਿਆਂ ਨੇ ਮੁਹੰਮਦ ਸਾਹਿਬ ਤੋਂ ਬਾਅਦ ਜਿਸ ਰਾਜ ਵਿਵਸਥਾ ਨੂੰ ਕਾਇਮ ਕੀਤਾ ਉਸੇ ਨੂੰ ਹੀ ਸਹੀ ਰੂਪ ਵਿਚ ਇਸਲਾਮੀ ਰਾਜ ਦਾ ਨਾਂ ਦਿੱਤਾ ਗਿਆ ਹੈ। ਇਸ ਰਾਜਨੀਤਿਕ ਮਾਡਲ ਨੂੰ 'ਸ਼ਰੀਅਤ' ਤੇ ਅਧਾਰਿਤ 'ਖਿਲਾਫ਼ਤ-ਏ-ਰਸ਼ੀਦਾ' ਦੇ ਆਦਰਸ਼ ਰਾਜ ਵੱਲ ਪ੍ਰੇਰਿਤ ਰਾਜ ਦੇ ਰੂਪ ਵਿਚ ਵੇਖਿਆ ਗਿਆ।[4]

ਇਸਲਾਮ ਵਿਚ ਕੁਰਾਨ ਅਨੁਸਾਰ ਰੱਬ ਤੋਂ ਇਲਾਵਾ ਕੋਈ ਵੀ ਪ੍ਰਭੂਤਾ ਸੰਪਨ ਨਹੀਂ ਹੋ ਸਕਦਾ। ਕਾਨੂੰਨ ਸਿਰਫ਼ ਰੱਬ ਦੁਆਰਾ ਹੀ ਬਣਾਏ ਗਏ ਹਨ। ਕੋਈ ਵੀ ਉਸ ਦੁਆਰਾ ਬਣਾਏ ਗਏ ਕਾਨੂੰਨਾ ਵਿਚ ਤਬਦੀਲੀ ਨਹੀਂ ਕਰ ਸਕਦਾ। "ਇਸਲਾਮੀ ਰਾਜ ਉਹਨਾਂ ਕਾਨੂੰਨਾ ਤੇ ਅਧਾਰਿਤ ਹੋਵੇਗਾ ਜਿਹੜੇ ਰੱਬੀ ਕਾਨੂੰਨ ਹਜਰਤ ਮੁਹੰਮਦ ਸਾਹਿਬ ਰਾਹੀਂ ਪ੍ਰਗਟ ਹੋਏ ਹਨ। ਇਸਲਾਮੀ ਰਾਜ ਦੀ ਸਰਕਾਰ ਓਨੀ ਹੀ ਕਾਮਯਾਬ ਹੋਵੇਗੀ ਅਤੇ ਲੋਕਾਂ ਦੁਆਰਾ ਮੰਨੀ ਜਾਵੇਗੀ ਜਿਤਨੀ ਉਹ ਰੱਬੀ ਕਾਨੂੰਨਾਂ ਨੂੰ ਲਾਗੂ ਕਰਨ ਲਈ ਯਤਨਸ਼ੀਲ ਹੋਵੇਗੀ।"[5]

ਇਸ ਪ੍ਰਕਾਰ ਇਸਲਾਮ ਵਿਚ ਰੱਬੀ ਕਾਨੂੰਨ ਰਾਜ ਸ਼ਕਤੀ ਦਾ ਅਧਾਰ ਹਨ।

ਇਸਲਾਮ ਵਿਚ ਖਲੀਫ਼ਿਆਂ ਨੂੰ ਰੱਬ ਦਾ ਸਾਧਨ ਮਾਤਰ ਦੱਸਿਆ ਗਿਆ ਹੈ ਅਤੇ ਸੱਚੀ ਸ਼ਕਤੀ ਰੱਬ ਨੂੰ ਹੀ ਮੰਨਿਆ ਗਿਆ ਹੈ। ਰਾਜਾ ਰੱਬ ਦਾ ਨੁੰਮਾਇਦਾ ਹੈ ਅਤੇ ਰਾਜੇ ਦੇ ਵਿਰੁੱਧ ਹੋਣਾ ਰੱਬ ਦੇ ਵਿਰੁੱਧ ਹੋਣਾ ਭਾਵ ਹਜ਼ਰਤ ਮੁਹੰਮਦ ਦੇ ਵਿਰੁੱਧ ਹੋਣਾ ਹੈ। ਇਸ ਪ੍ਰਕਾਰ ਇਸਲਾਮ ਵਿਚ ਧਰਮ ਤੇ ਰਾਜ ਦੇ ਸੰਬੰਧ ਰੱਬੀ ਕਾਨੂੰਨਾ ਤੇ ਅਧਾਰਿਤ ਹਨ ਅਤੇ ਇਹੀ ਕਾਨੂੰਨ ਰਾਜ ਨੂੰ ਰਾਜਸੀ ਦਿਸ਼ਾ ਪ੍ਰਦਾਨ ਕਰਦੇ ਹਨ।

ਭਾਰਤੀ ਪਰੰਪਰਾ ਵਿਚ ਹਿੰਦੂ ਧਰਮ ਵਿਚ ਰਾਜ ਅਤੇ ਧਰਮ ਦਾ ਸੰਬੰਧ ਧਰਮ ਅਧਾਰਿਤ ਮੁੱਲਾਂ ਤੋਂ ਪ੍ਰੇਰਿਤ ਰਿਹਾ ਹੈ। ਧਰਮ ਹੀ ਹੈ ਜੋ ਜ਼ਿੰਦਗੀ ਨੂੰ ਸੁਵਿਵਸਥ ਕਰਦਾ ਹੈ ਅਤੇ ਧਰਮ ਹੀ ਰਾਜ ਵਿਚ ਸ਼ਾਂਤੀ, ਨਿਆਂ ਅਤੇ ਸੁਰੱਖਿਆ ਪ੍ਰਦਾਨ ਕਰਨ ਵਿਚ ਸਹਾਈ ਹੁੰਦਾ ਹੈ। ਹਿੰਦੂ ਧਰਮ ਵਿਚ ਰਾਜਨੀਤੀ ਨੂੰ ਧਰਮ ਦੇ ਇਕ ਵਿਸਤ੍ਰਿਤ ਖੇਤਰ ਦੇ ਇਕ ਹਿੱਸੇ ਵਜੋਂ ਵਿਚਾਰਿਆ ਗਿਆ ਹੈ। ਕਲਿਆਣ ਅਤੇ ਉਨਤੀ ਦੀ ਵਿਵਸਥਾ ਧਰਮ ਦੁਆਰਾ ਪ੍ਰੇਰਿਤ ਰਾਜਨੀਤੀ ਵਿਚ ਹੀ ਪਾਈ ਜਾ ਸਕਦੀ ਹੈ। ਭਾਰਤੀ ਪਰੰਪਰਾ ਵਿਚ ਇਕ ਸੁਚੱਜੇ ਰਾਜ ਦਾ ਸੰਕਲਪ ਹੈ ਜਿਸ ਦਾ ਅਧਾਰ ਰਿਗਵੇਦ, ਮਨੂੰ ਸਿਮਰਤੀ, ਪੁਰਾਣ, ਰਮਾਇਣ ਅਤੇ ਮਹਾਂਭਾਰਤ ਹਨ। ਰਾਜੇ ਨੂੰ ਰੱਬ ਦਾ ਪ੍ਰਤੀਨਿਧੀ ਮੰਨਿਆਂ ਹੈ ਪਰ ਰਾਜ ਪੁਰੋਹਿਤ ਅਤੇ ਬ੍ਰਾਹਮਣ ਉਸ ਦੀ ਅਗਵਾਈ ਕਰਨਗੇ। ਉਹਨਾਂ ਨੂੰ ਧਰਮ ਗੁਰੂ ਕਿਹਾ ਜਾਂਦਾ ਹੈ ਜੋ ਰਾਜ ਵਿਵਸਥਾ ਦੀ ਭਲਾਈ ਅਤੇ ਸ਼ਾਂਤੀ ਲਈ ਕੰਮ

ਕਰਦੇ ਹਨ। ਰਾਜਾ ਬ੍ਰਾਹਮਣ ਅਤੇ ਪੁਰੋਹਿਤ ਦੀ ਆਗਿਆ ਤੋਂ ਬਿਨਾਂ ਕੋਈ ਫੈਸਲਾ ਨਹੀਂ ਲੈ ਸਕਦਾ। ਡਾ. ਸੀਲਵਤੀ ਗੁਪਤਾ ਦਾ ਕਹਿਣਾ ਹੈ:

> ਵੈਦਿਕ ਸਾਹਿਤ ਵਿਚ ਵਿਪ੍ਰ ਰਾਜ ਨੂੰ ਸਰਬ ਸ੍ਰੇਸ਼ਟ ਮੰਨਿਆਂ ਹੈ ਜਿਸ ਵਿਚ ਵਿਸ਼ੇਸ਼ ਗਿਆਨੀ ਪੁਰਖ ਰਾਜ-ਸ਼ਾਸਨ ਚਲਾਉਂਦੇ ਹਨ। ਇਸ ਰਾਜ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸ਼ਾਸਨ ਗਿਆਨੀ ਬ੍ਰਾਹਮਣ ਅਰਥਾਤ ਧਰਮ ਆਗੂਆਂ ਦੇ ਅਧੀਨ ਹੁੰਦਾ ਹੈ।[6]

ਇਸੇ ਪ੍ਰਕਾਰ ਮਨੂੰ ਸਿਮਰਤੀ ਵਿਚ ਕਿਹਾ ਗਿਆ ਹੈ ਕਿ ਰਾਜਾ ਬ੍ਰਾਹਮਣਾਂ ਦੀ ਸੇਵਾ ਕਰੇ।

> ਰਾਜਾ ਹਰ ਰੋਜ ਸਵੇਰੇ ਉੱਠ ਕੇ ਵੇਦਾਂ ਦੇ ਗਿਆਤਾ ਅਤੇ ਵਿਦਵਾਨ ਬ੍ਰਾਹਮਣਾਂ ਦੀ ਸੇਵਾ ਕਰੇ ਅਤੇ ਉਹਨਾਂ ਦੇ ਹੁਕਮਾਂ ਅਨੁਸਾਰ ਕੰਮ ਕਰੇ।[7]

ਇਸ ਤਰ੍ਹਾਂ ਪੁਰਾਤਨ ਭਾਰਤੀ ਹਿੰਦੂ ਧਰਮ ਵਿਚ ਧਰਮ ਅਧਾਰਿਤ ਰਾਜਨੀਤੀ ਵਿਚ ਧਰਮੀ ਮੁੱਲਾਂ ਨੂੰ ਨਿਰਧਾਰਤ ਰਾਜਨੀਤੀ ਦਾ ਸੁਮੇਲ ਪ੍ਰਾਪਤ ਹੈ ਜਿਸ ਵਿਚ ਅਗਵਾਈ ਰਾਜ ਪੁਰੋਹਿਤ ਤੇ ਬ੍ਰਾਹਮਣ ਦੇ ਹੱਥ ਵਿਚ ਹੈ। ਰਿਓ ਪੰਡਿਤ ਵਿਸ਼ਵੇਸ਼ਵਰਨਾਥ ਅਨੁਸਾਰ ਰਿਗਵੇਦ ਵਿਚ ਕਿਹਾ ਹੈ:

> ਜਿਹੜਾ ਰਾਜਾ ਆਪਣੇ ਪੁਰੋਹਿਤ ਦਾ ਸਦਾ ਸਨਮਾਨ ਕਰਦਾ ਹੈ ਉਹ ਆਪਣੇ ਸ਼ਤਰੂਆਂ ਤੇ ਵਿਜੇ ਅਤੇ ਪਰਜਾ ਦਾ ਵਿਸ਼ਵਾਸ਼ ਪ੍ਰਾਪਤ ਕਰਦਾ ਹੈ।[8]

ਉਪਰੋਕਤ ਧਰਮਾਂ ਵਿਚ ਰਾਜ ਅਤੇ ਧਰਮ ਦੇ ਸੰਬੰਧ ਦੀ ਚਰਚਾ ਤੋਂ ਬਾਅਦ ਹੁਣ ਸਿੱਖ ਧਰਮ ਵਿਚ ਰਾਜ ਅਤੇ ਧਰਮ ਦੇ ਸੰਬੰਧਾਂ, ਸੰਬੰਧੀ ਬਾਰੇ ਵਿਚਾਰ ਪੇਸ਼ ਕਰਾਂਗੇ। ਵਿਸ਼ਵੀ ਪ੍ਰਸੰਗ ਵਿੱਚ ਸਿੱਖ ਧਰਮ ਮੱਤ ਧਰਮਾਂ ਨਾਲ ਨਵਾਂ ਧਰਮ ਹੈ ਅਤੇ ਇਸਦਾ ਆਗਾਜ਼ ਵੀ ਆਧੁਨਿਕ ਵਿਚਾਰਧਾਰਾ ਦੇ ਆਗਾਜ਼ ਨਾਲ ਹੀ ਹੁੰਦਾ ਹੈ। ਸਿੱਖ ਧਰਮ ਵਿਚ ਜੋ ਰਾਜਨੀਤਿਕ ਸਿਧਾਂਤ

ਪ੍ਰਾਪਤ ਹਨ ਉਹ ਵਿਸ਼ਵੀ ਪ੍ਰਸੰਗ ਵਿਚ ਪ੍ਰਾਪਤ ਰਾਜਨੀਤਿਕ ਸਿਧਾਂਤਾਂ ਨਾਲੋਂ ਨਿਵੇਕਲੇ ਤੇ ਵਿਲੱਖਣ ਹਨ। ਆਧੁਨਿਕ ਵਿਚਾਰਧਾਰਾ ਦੁਆਰਾ ਪੈਦਾ ਹੋਈ 1789 ਈ: ਦੀ ਰਾਜਨੀਤਿਕ ਕ੍ਰਾਂਤੀ ਧਰਮ ਦੀ ਆੜ ਹੇਠ ਪਲਦੀ ਕੌਮੀ ਰਾਜ ਦੀ ਨਿਰੰਕੁਸ਼ਤਾ ਨੂੰ ਰੋਕ ਲਾਉਣ ਵਜੋਂ ਹੋਂਦ ਵਿਚ ਆਈ। ਡਾ. ਗੁਰਮੀਤ ਸਿੰਘ ਸਿੱਧੂ ਪੁਸਤਕ 'ਸਿੱਖੀ ਅਤੇ ਸਿੱਖਾਂ ਦਾ ਭਵਿੱਖ' ਵਿੱਚ ਲਿਖਦੇ ਹਨ ਕਿ ਯੂਰਪ ਵਿਚ ਰਾਜੇ ਧਰਮ ਦੀ ਦੁਰਵਰਤੋਂ ਕਰਦੇ ਰਹੇ ਹਨ ਅਤੇ ਇਸ ਦੁਰਵਰਤੋਂ ਨੂੰ ਠੱਲ ਪਾਉਣ ਲਈ ਅਤੇ ਰਾਜਨੀਤੀ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਲਈ ਧਰਮ ਨੂੰ ਰਾਜਨੀਤੀ ਨਾਲੋਂ ਅਲਗ ਕਰਨ ਦਾ ਵਿਚਾਰ ਇਸ ਆਧੁਨਿਕ ਕ੍ਰਾਂਤੀ ਨੇ ਦਿੱਤਾ। ਇਸ ਵਿਚਾਰਧਾਰਾ ਨੇ ਧਰਮ ਦੇ ਸੱਤਾਵਾਦੀ ਰੂਪ ਨੂੰ ਰਾਜਨੀਤੀ ਨਾਲੋਂ ਅਲਗ ਕਰਦਿਆਂ ਦੁਨਿਆਵੀ ਰਾਜਾਂ ਦੀ ਸੰਵਿਧਾਨਕ ਸੱਤਾ ਰਾਹੀਂ ਕੌਮੀ ਰਾਜਾਂ ਦੇ ਅਧਿਕਾਰਾਂ ਵਿਚ ਵਾਧਾ ਕੀਤਾ। ਇਸ ਵਾਧੇ ਨਾਲ ਦੁਨਿਆਵੀ ਸ਼ਾਸਕ ਧਰਮ ਨੂੰ ਘਟਾਉਵਾਦੀ ਰੂਪ ਵਿਚ ਪੇਸ਼ ਕਰਦੇ ਹੋਏ ਆਮ ਲੋਕਾਂ ਦੇ ਹੱਕਾਂ ਅਤੇ ਅਜ਼ਾਦੀ ਨੂੰ ਦਾਅ ਤੇ ਲਾਉਂਦੇ ਰਹੇ ਹਨ। ਡਾ. ਗੁਰਮੀਤ ਸਿੰਘ ਸਿੱਧੂ ਪੁਸਤਕ 'ਸਿੱਖੀ ਅਤੇ ਸਿੱਖਾਂ ਦਾ ਭਵਿੱਖ' ਵਿੱਚ ਵਿਚਾਰ ਦਿੰਦੇ ਹਨ ਕਿ ਰਾਜਨੀਤੀ ਭਾਵੇਂ ਆਧੁਨਿਕ ਸਮੇਂ ਦੀ ਹੋਵੇ ਜਾਂ ਮੱਧਕਾਲ ਦੇ ਸਮੇਂ ਦੀ ਇਸ ਨੇ ਆਮ ਲੋਕਾਂ ਦੇ ਹੱਕਾਂ ਨੂੰ ਦਾਅ ਤੇ ਲਾਇਆ ਹੈ। ਆਧੁਨਿਕ ਰਾਜਾਂ ਦੇ ਸੈਕੂਲਰ ਰਾਜ ਦੇ ਸਿਧਾਂਤ ਨੇ ਕੋਈ ਬਹੁਤੀ ਵਧੀਆ ਰਾਜਨੀਤੀ ਦਾ ਮਾਡਲ ਪੇਸ਼ ਨਹੀਂ ਕੀਤਾ ਸਗੋਂ ਸੱਤਾ ਰਾਹੀਂ ਹਰ ਅਧਿਕਾਰ ਸ਼ਾਸਕਾਂ ਦੇ ਹੱਕ ਵਿਚ ਹੀ ਭੁਗਤਦਾ ਹੈ। ਸਿੱਖ ਸ਼ਹਾਦਤ ਪਰੰਪਰਾ ਦੇ ਚਿੰਤਨ ਵਿਚ ਮੱਧਕਾਲੀ ਰਾਜਨੀਤੀ ਬਾਰੇ ਨਿੱਗਰ ਵਿਚਾਰ ਮਿਲਦੇ ਹਨ ਜਿਨ੍ਹਾਂ ਦੀ ਵਿਸ਼ੇਸ਼ਤਾ ਸਰਬਕਾਲੀ ਹੈ। ਸਿੱਖ ਪਰੰਪਰਾ ਦੁਆਰਾ ਸਿਰਜੇ ਰਾਜਨੀਤੀ ਦੇ ਸਿਧਾਂਤ ਵਿਸ਼ਵ ਰਾਜਨੀਤੀ ਦੇ ਪ੍ਰਸੰਗ ਵਿਚ ਧਰਮ ਅਤੇ ਰਾਜਨੀਤੀ ਦੇ ਸੁਮੇਲ ਨੂੰ ਪੇਸ਼ ਕਰਦੇ ਹਨ। ਬਾਣੀ ਵਿਚ ਰਾਜਨੀਤੀ ਦੇ ਉੱਚ ਪੱਧਰ ਅਤੇ ਬੇਹੱਦ ਮਹੱਤਵਪੂਰਨ ਮੁੱਦਿਆਂ ਬਾਰੇ ਚਰਚਾ ਕੀਤੀ ਗਈ ਹੈ। ਇਹ ਮੁੱਦੇ ਵਿਸ਼ਵ ਪੱਧਰ ਤੇ ਕਲਿਆਣਕਾਰੀ ਅਤੇ ਲੋਕ ਹਿਤ ਵਾਲੀ ਰਾਜਨੀਤੀ ਦਾ ਸੰਕਲਪ ਪੇਸ਼ ਕਰਦੇ ਹਨ। ਸਿੱਖ

ਪਰੰਪਰਾ ਵਿਚ ਧਰਮ ਅਤੇ ਰਾਜ ਦਾ ਸੁਮੇਲ ਇਸ ਵਿਚਾਰ ਨਾਲ ਜੁੜਿਆ ਹੈ ਕਿ ਜੇ ਰਾਜਨੀਤੀ ਨੂੰ ਧਰਮ ਦੁਆਰਾ ਦਿਸ਼ਾ ਨਿਰਦੇਸ਼ ਦਿੱਤੇ ਜਾਣ ਤਾਂ ਨਿਸ਼ਚਿਤ ਰੂਪ ਵਿਚ ਇਹ ਮਨੁੱਖ ਦੇ ਸਰਬਪੱਖੀ ਕਲਿਆਣ ਦਾ ਸਾਧਨ ਬਣ ਸਕਦੀ ਹੈ ਕਿਉਂਕਿ ਇਹ ਇਕ ਪਾਸੇ ਰੱਬੀ ਸਰੋਤ ਨਾਲ ਜੁੜੀ ਹੋਈ ਹੈ ਅਤੇ ਦੂਜੇ ਪਾਸੇ ਲੋਕ ਹਿਤ ਨਾਲ ਜੁੜੀ ਹੋਈ ਹੈ। ਹੁਣ ਅਸੀਂ ਦੇਖਾਂਗੇ ਕਿ ਸਿੱਖ ਪਰੰਪਰਾ ਵਿੱਚ ਰਾਜਨੀਤੀ ਦੇ ਜੋ ਸਿਧਾਂਤ ਮਿਲਦੇ ਹਨ ਉਹਨਾਂ ਨੇ ਵਿਸ਼ਵੀ ਰਾਜਨੀਤੀ ਦੇ ਪਰਿਪੇਖ ਵਿੱਚ ਆਪਣਾ ਵਿਲੱਖਣ ਯੋਗਦਾਨ ਕਿਵੇਂ ਪਾਇਆ ਹੈ।

**ਨਿਸ਼ਕਾਮਤਾ ਦਾ ਸਿਧਾਂਤ**

ਸਿੱਖ ਪਰੰਪਰਾ ਵਿਚ ਰਾਜ ਅਤੇ ਧਰਮ ਦੇ ਸੰਯੋਗ ਦੀ ਰਾਜਨੀਤੀ ਲਈ ਨਿਸ਼ਕਾਮਤਾ ਦਾ ਸਿਧਾਂਤ ਕਾਰਜਸ਼ੀਲ ਹੈ। ਇਹ ਚਿੰਤਨ ਵਿਅਕਤੀਗਤ ਖੇਤਰ ਵਿਚ ਨਾ ਰਾਜ ਚਾਹੁੰਦਾ ਹੈ ਅਤੇ ਨਾ ਮੁਕਤੀ। ਗੁਰੂ ਸਾਹਿਬਾਨ ਗੁਰੂ ਅਰਜਨ ਦੇਵ ਜੀ ਦੁਆਰਾ ਸਿਰਜਿਆ ਇਹ ਨਿਸ਼ਕਾਮਤਾ ਦਾ ਸਿਧਾਂਤ ਉਸ ਸੱਚੇ ਪਰਮਾਤਮਾ ਦੇ ਚਰਣ ਕਮਲਾਂ ਨਾਲ ਜੁੜ ਰਹਿਣ ਦਾ ਹੈ:

ਰਾਜੁ ਨ ਚਾਹਉ ਮੁਕਤਿ ਨ ਚਾਹਉ॥
ਮਨਿ ਪ੍ਰੀਤਿ ਚਰਨ ਕਮਲਾਰੇ॥ [੭]

ਸਿੱਖ ਪਰੰਪਰਾ ਅਤੇ ਗੁਰਮਤਿ ਅਨੁਸਾਰ ਮਨੁੱਖੀ ਜੀਵਨ ਦਾ ਅਸਲੀ ਮਨੋਰਥ ਰਾਜਸੀ ਤਾਕਤ ਪ੍ਰਾਪਤ ਕਰਨਾ ਨਹੀਂ ਸਗੋਂ ਰੱਬੀ ਪ੍ਰੇਮ ਰਾਹੀਂ ਉਸ ਸੱਚੀ ਸਰਕਾਰ ਤੋਂ ਖੁਸ਼ੀਆਂ ਪ੍ਰਾਪਤ ਕਰਨਾ ਹੈ। ਦੁਨਿਆਵੀ ਤਖ਼ਤ ਮਨੁੱਖ ਨੂੰ ਲੋਭੀ ਬਣਾਉਂਦਾ ਹੈ ਅਤੇ ਮਨੁੱਖ ਘਟੀਆ ਸਾਧਨਾ ਰਾਹੀਂ ਇਸ ਤਾਕਤ ਨੂੰ ਬਣਾਈ ਰੱਖਣ ਲਈ ਜੁੱਟਿਆ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਰਾਜ ਨੂੰ ਮਨੁੱਖਤਾ ਲਈ ਪੰਜ ਠੱਗਾਂ ਵਿਚੋਂ ਇਕ ਮੰਨਿਆ ਹੈ ਇਸ ਲਈ ਮਨੁੱਖ ਨੂੰ ਨਿਸ਼ਕਾਮ ਰਹਿ ਕੇ ਵਿਚਾਰਨ ਦਾ ਸੰਦੇਸ਼ ਦਿੱਤਾ ਹੈ:

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥
ਏਨੀ ਠਗੀ ਜਗੁ ਠਗਿਆ॥

ਕਿਨੈ ਨ ਰਖੀ ਲਜ॥

ਏਨਾ ਠਗਕਿ ਠਗ ਸੇ॥

ਜੇ ਗੁਰ ਦੀ ਪੈਰੀ ਪਾਹਿ॥ [10]

**ਸੱਚੀ ਪਾਤਸ਼ਾਹੀ ਦਾ ਸਿਧਾਂਤ**

ਸਿੱਖ ਪਰੰਪਰਾ ਵਿਚ ਦੁਨਿਆਵੀ ਰਾਜਾਂ ਦੇ ਰਾਜਨੀਤੀ ਦੇ ਸਿਧਾਂਤ ਨਾਲੋਂ ਵਿਲੱਖਣ ਸਿਧਾਂਤ ਸੱਚੀ ਪਾਤਸ਼ਾਹੀ ਦਾ ਸਿਧਾਂਤ ਹੈ। ਇਹ ਸਿਧਾਂਤ ਭਗਤੀ ਤੇ ਸ਼ਕਤੀ, ਸਿੱਖੀ ਤੇ ਸਿੱਖ, ਸੰਤ ਤੇ ਸਿਪਾਹੀ, ਗੁਰੂ ਤੇ ਖਾਲਸਾ ਦੇ ਸੰਜੋਗ ਦਾ ਵਿਲੱਖਣ ਸਿਧਾਂਤ ਹੈ। ਸਿੱਖ ਪਰੰਪਰਾ ਵਿਚ ਦੁਨਿਆਵੀ ਰਾਜਿਆਂ ਦੀ ਝੂਠੀ ਪਾਤਸ਼ਾਹੀ ਦੀ ਹਾਰ ਸੰਬੰਧੀ ਦੀ ਲੋਕਾਂ ਨੂੰ ਜਾਗ੍ਰਿਤ ਕੀਤਾ ਹੈ ਕਿਉਂਕਿ ਪਰਮਾਤਮਾ ਬਿਨਾਂ ਹੋਰ ਕੋਈ ਵੀ ਸੱਚਾ ਰਾਜਾ ਨਹੀਂ ਮੰਨਿਆ ਗਿਆ:

ਕੋਊ ਹਰਿ ਸਮਾਨਿ ਨਹੀ ਰਾਜਾ॥

ਏ ਭੂਪਤਿ ਸਭ ਦਿਵਸ ਚਾਰਿ ਕੇ॥

ਝੂਠੇ ਕਰਤ ਦਿਵਾਜਾ॥[11]

ਦੁਨਿਆਵੀ ਰਾਜੇ ਰਾਜਨੀਤੀ ਦੇ ਨਸ਼ੇ ਵਿਚ ਅਸਲੀ ਸੱਚੀ ਸ਼ਕਤੀ ਨੂੰ ਭੁੱਲ ਜਾਂਦੇ ਹਨ। ਉਹ ਆਪਣੀ ਤਾਕਤ ਦਾ ਸੋਮਾ ਰੱਬੀ ਸ਼ਕਤੀ ਨੂੰ ਨਹੀਂ ਸਗੋਂ ਮਨੁੱਖੀ ਸ਼ਕਤੀ ਨੂੰ ਮੰਨਦੇ ਹਨ ਅਤੇ ਇਸੇ ਸ਼ਕਤੀ ਨੂੰ ਆਪਣੇ ਹਿੱਤਾਂ ਲਈ ਵਰਤਦੇ ਹਨ। 'ਗੁਰੂ ਨਾਨਕ ਦੇਵ ਜੀ ਨੇ ਰਾਜਨੀਤੀ ਨੂੰ ਦੂਸਰੇ ਦਰਜੇ ਦੀ ਤਾਕਤ ਵਜੋਂ ਲਿਆ ਹੈ। ਉਨਾਂ ਲਈ ਸੁਲਤਾਨ, ਬਾਦਸ਼ਾਹ, ਰਾਜਾ, ਫੌਜਦਾਰ, ਸਿਕਦਾਰ ਆਦਿ ਰਾਜਨੀਤਿਕ ਅਧਿਕਾਰੀ ਕੋਈ ਮਹੱਤਵ ਨਹੀਂ ਰੱਖਦੇ ਸਗੋਂ ਉਹਨਾਂ ਦੀ ਪਹਿਲੀ ਵਫਾਦਾਰੀ ਪਰਮ ਪੁਰਖ ਪਰਮਾਤਮਾ ਵੱਲ ਸੀ ਸਮਕਾਲੀ ਰਾਜਸੀ ਸਿਧਾਂਤ ਭਾਵੇਂ ਬਾਦਸ਼ਾਹ ਦੀ ਸ਼ਕਤੀ ਨੂੰ ਸਥਾਪਿਤ ਕਰਦੇ ਸਨ ਪਰ ਉਨ੍ਹਾਂ ਨੇ ਹਮੇਸ਼ਾਂ ਬਾਦਸ਼ਾਹੀ ਤਾਕਤ ਨੂੰ ਆਮ ਲੋਕਾਂ ਦੇ ਬਰਕਰਾਰ ਰੱਖਿਆ ਸੀ। ਇਸ ਲਈ ਜੋ ਦਰਜਾ ਆਮ ਮਨੁੱਖ ਦਾ ਸੀ ਉਹੀ ਦਰਜਾ ਇਕ ਸੁਲਤਾਨ ਜਾਂ ਬਾਦਸ਼ਾਹ ਦਾ ਸੀ। ਅਮੀਰੀ ਗਰੀਬੀ ਤੇ ਰਾਜ ਪਰਜਾ ਉਹਨਾਂ ਦੇ ਵਿਚਾਰ ਅਨੁਸਾਰ ਅਕਾਲ ਪੁਰਖ ਦੇ ਹੁਕਮ ਅਨੁਸਾਰ ਸਥਾਪਿਤ ਹੋਈਆਂ ਸਥਿਤੀਆਂ ਹਨ।'[12]

ਸਿੱਖ ਪਰੰਪਰਾ ਵਿਚ ਮਨੁੱਖਤਾ ਨੂੰ ਸੱਚ ਨਾਲ ਜੁੜਨ ਦਾ ਉਪਦੇਸ਼ ਦਿੱਤਾ ਗਿਆ ਹੈ। ਰਾਜਿਆਂ ਦੇ ਝੂਠੇ ਕਿਰਦਾਰਾਂ ਤੇ ਸੱਟ ਮਾਰਦਿਆਂ, ਝੂਠ ਦੀ ਜੀਵਨ ਵਿਧੀ ਦੀ ਆਲੋਚਨਾ ਕੀਤੀ ਜੋ ਲੋਕ ਹਿੱਤਾਂ ਦੇ ਵਿਰੁੱਧ ਜਾਂਦੀ ਸੀ। ਸਿੱਖ ਪਰੰਪਰਾ ਨੇ ਅੱਜ ਦੇ ਵਿਸ਼ਵੀ ਵਰਤਾਰੇ ਨੂੰ ਜਿਸ ਵਿਚ ਰਿਸ਼ਵਤ ਲੈਣ ਤੇ ਦੇਣ ਬਿਨਾਂ ਰਾਜਸੀ ਢਾਂਚੇ ਵਿਚ ਕੋਈ ਕੰਮ ਨਹੀਂ ਹੁੰਦਾ, ਦੀ ਅਲੋਚਨਾ ਗੁਰੂ ਸਾਹਿਬਾਨ ਨੇ ਪਹਿਲਾਂ ਹੀ ਕਰ ਦਿੱਤੀ ਸੀ:

ਦਰਸਨਿ ਦੇਖਿਐ ਦਇਆ ਨ ਹੋਇ॥
ਲਏ ਦਿਤੇ ਵਿਣੁ ਰਹੈ ਨ ਕੋਇ॥
ਰਾਜਾ ਨਿਆਉ ਕਰੇ ਹਥਿ ਹੋਇ॥
ਕਹੈ ਖੁਦਾਇ ਨ ਮਾਨੈ ਕੋਇ॥[13]

ਸਿੱਖ ਪਰੰਪਰਾ ਅਨੁਸਾਰ ਅਸਲ ਸ਼ਕਤੀ ਉਹ ਸੱਚਾ ਅਕਾਲ ਪੁਰਖ ਹੈ। ਸੱਚਾ ਪਾਤਸ਼ਾਹ ਉਹੀ ਸਰਬ ਸ਼ਕਤੀਮਾਨ ਹੈ। ਉਸਦੇ ਤਖਤ ਨੂੰ ਸੱਚਾ ਤਖਤ ਕਿਹਾ ਜਾ ਸਕਦਾ ਹੈ ਕਿਉਂਕਿ ਉਸ ਦੇ ਦਰ ਤੇ ਕੀਤੀ ਅਰਦਾਸ ਪ੍ਰਵਾਨ ਚੜ੍ਹਦੀ ਹੈ। ਉਹ ਆਪਣੇ ਮਹਿਲਾਂ ਵਿਚ ਆਏ ਦੀ ਫਰਿਆਦ ਸੁਣਦਾ ਹੈ:

ਸਚੀ ਤੇਰੀ ਸਿਫਤਿ ਸਚੀ ਸਾਲਾਹੀ॥[14]
ਸਚੀ ਤੇਰੀ ਕੁਦਰਤ ਸਚੇ ਪਾਤਿਸਾਹ॥
ਸਚਾ ਅਰਜੁ ਸਚੀ ਅਰਦਾਸਿ॥
ਮਹਲੀ ਖਸਮੁ ਸੁਣੇ ਸਾਬਾਸਿ॥
ਸਚੇ ਤਖਤਿ ਬੁਲਾਵੈ ਸੋਇ॥
ਦੇ ਵਡਿਆਈ ਕਰੇ ਸੁ ਹੋਇ॥ [15]

ਗੁਰੂ ਸਾਹਿਬਾਨ ਦੇ ਮਨੁੱਖੀ ਅਧੀਨਗੀ ਨੂੰ ਖਤਮ ਕਰਕੇ ਸਭ ਨੂੰ ਅਜ਼ਾਦ ਅਤੇ ਸੁਤੰਤਰ ਜੀਵਨ ਜਿਊਣ ਦੀ ਜਾਚ ਸਿਖਾਈ। ਸੱਚੇ ਅਕਾਲ ਪੁਰਖ ਦੀ ਅਧੀਨਗੀ ਤੋਂ ਇਲਾਵਾ ਹਕੂਮਤ

ਦੀ ਗੁਲਾਮੀ ਸਵੀਕਾਰ ਨਾ ਕੀਤੇ ਜਾਣ ਦਾ ਆਦੇਸ਼ ਦਿੱਤਾ। ਡਾ: ਗੁਰਮੀਤ ਸਿੰਘ ਸਿੱਧੂ ਆਪਣੀ ਪੁਸਤਕ 'ਸਿੱਖੀ ਅਤੇ ਸਿੱਖਾਂ ਦਾ ਭਵਿੱਖ' ਵਿਚ ਲਿਖਦਾ ਹੈ:

> ਸਿੱਖ ਰਾਜਨੀਤੀ ਦੇ ਸਿਧਾਂਤ ਮੁਤਾਬਿਕ ਹਰ ਮਨੁੱਖ ਅਕਾਲ ਪੁਰਖ ਵੱਲੋਂ ਦਿੱਤੀ ਗਈ ਤਾਕਤ ਦੀ ਵਰਤੋਂ ਕਰਨ ਲਈ ਬਰਾਬਰ ਅਧਿਕਾਰਾਂ ਦਾ ਹੱਕਦਾਰ ਹੈ। ਮਨੁੱਖ ਨੂੰ ਇਹ ਅਧਿਕਾਰ ਉਸ ਦਾ ਸਿਰਜਕ ਅਕਾਲਪੁਰਖ ਦੇ ਸਕਦਾ ਹੈ। ਉਹ ਸਭਨਾਂ ਜੀਆਂ ਕਾ ਏਕ ਦਾਤਾ ਹੈ। ਉਹ ਸਭਨਾ ਦਾ ਮਾਲਕ ਹੈ। ਤਖਤ ਜਾਂ ਤਖਤ ਦਾ ਲਾਇਕ ਉਹੀ ਹੋ ਸਕਦਾ ਹੈ ਜਿਸ ਪਾਸੋਂ ਇਹ ਤਾਕਤ ਮਿਲਦੀ ਹੈ। ਗੁਰਮਤਿ ਸਿਧਾਂਤ ਵਿਚ ਇਸ ਦੁਨਿਆਵੀ (ਝੂਠੀ) ਪਾਤਸ਼ਾਹੀ ਨੂੰ ਨਕਾਰ ਕੇ, ਸੱਚੇ ਪਾਤਸ਼ਾਹਾਂ ਨੂੰ ਰਾਜਿਆਂ ਦਾ ਰਾਜਾ ਕਿਹਾ ਹੈ। ਸਿੱਖ ਸਿਧਾਂਤ ਵਿਚ 'ਸੱਚੇ ਪਾਤਸ਼ਾਹ' ਦਾ ਸੰਕਲਪ ਆਧੁਨਿਕ ਰਾਜਾਂ ਨਾਲੋਂ ਇਸ ਲਈ ਵਿਲੱਖਣ ਹੈ ਕਿਉਂਕਿ ਇਹ ਸੱਚ ਦਾ ਰਾਜ ਹੈ ਅਤੇ ਸੱਚ ਕਿਸੇ ਵਿਅਕਤੀ ਵਿਸ਼ੇਸ਼ ਦੀ ਮਲਕੀਅਤ ਲਈ ਸਗੋਂ ਸਭ ਦਾ ਸਾਂਝਾ ਹੁੰਦਾ ਹੈ।[16]

### ਸੱਤਾ ਦੇ ਵਿਕੇਂਦਰੀਕਰਣ ਦਾ ਸਿੱਖ ਸਿਧਾਂਤ

ਸਿੱਖ ਪਰੰਪਰਾ ਵਿਚ ਰਾਜਨੀਤੀ ਦੇ ਸੱਤਾ ਦੇ ਵਿਕੇਂਦਰੀਕਰਣ ਦਾ ਸਿਧਾਂਤ ਕਾਰਜਸ਼ੀਲ ਹੈ ਜੋ ਸੰਸਾਰ ਦੇ ਕਿਸੇ ਵੀ ਧਰਮ ਵਿਚ ਨਹੀਂ ਮਿਲਦਾ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਰਾਹੀਂ ਸੱਚੀ ਤਾਕਤ ਸਿੱਖਾਂ ਨੂੰ ਬਖਸ਼ੀ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫਿਰ ਉਹਨਾਂ ਪਾਸੋਂ ਖੁਦ ਅੰਮ੍ਰਿਤ ਛਕਿਆ ਅਤੇ ਖਾਲਸੇ ਵਿਚ ਅਭੇਦ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਸ਼ਕਤੀਆਂ ਖਾਲਸੇ ਨੂੰ ਬਖਸ਼ ਕੇ ਇਸ ਸੱਤਾ ਦੇ ਵਿਕੇਂਦਰੀਕਰਨ ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ। 'ਖਾਲਸਾ ਸਿਰਜਣਾ ਸਿੱਖ ਧਰਮ ਦਾ ਰਾਜ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ ਕਿਉਂਕਿ ਹੁਣ ਤੱਕ ਕਿਸੇ ਵੀ ਰਾਜ ਨੇ ਇਹ ਸਿਧਾਂਤ ਨਹੀਂ

ਦਿੱਤਾ। ਰਾਜ ਸ਼ਕਤੀ ਦਾ ਵਿਕੇਂਦਰੀਕਰਨ ਦਾ ਸਿਧਾਂਤ ਗੁਰੂ ਸਾਹਿਬਾਨ ਵੱਲੋਂ ਖਾਲਸੇ ਨੂੰ ਆਪਣਾ ਰੂਪ ਮੰਨਣਾ ਅਤੇ ਇਸ ਸਿਧਾਂਤ ਨੂੰ ਵਿਹਾਰ ਵਿਚ ਲਾਗੂ ਕਰਨ ਦੀਆਂ ਕਲਿਆਣਕਾਰੀ ਭਵਿੱਖ ਮੁਖੀ ਸੰਭਾਵਨਾਵਾਂ ਹਨ। ਗੁਰੂ ਸਾਹਿਬਾਨ ਨੇ ਜੋ ਸਿਧਾਂਤ ਖਾਲਸੇ ਰਾਹੀਂ ਦਿੱਤਾ ਹੈ ਅਜਿਹਾ ਸਿਧਾਂਤ ਆਧੁਨਿਕ ਰਾਜਨੀਤੀ ਦੇ ਸਿਧਾਂਤ ਨਹੀਂ ਦੇ ਸਕੇ।[17] ਵਿਸ਼ਵੀਕਰਨ ਰਾਜਨੀਤੀ ਦੇ ਸੰਦਰਭ ਵਿੱਚ ਇਹ ਸਿਧਾਂਤ ਇੱਕ ਅਜਿਹੀ ਆਦਰਸ਼ਕ ਰਾਜਨੀਤੀ ਦਾ ਸਿਧਾਂਤ ਹੈ ਜਿਸ ਵਿਚ ਹਰ ਮਨੁੱਖ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਆਪਣੇ ਹੱਕਾਂ ਦੀ ਪੈਰਵੀ ਲਈ ਕਰ ਸਕਦਾ ਹੈ ਅਤੇ ਵਿਅਕਤੀਗਤ ਤੇ ਸਮੂਹਿਕ ਤੌਰ ਤੇ ਚੰਗੀਆਂ ਸੰਭਾਵਨਾਵਾਂ ਭਰਪੂਰ ਜੀਵਨ ਬਿਤਾ ਸਕਦਾ ਹੈ। ਵਿਸ਼ਵੀ ਪਰਿਪੇਖ ਵਿਚ ਇਹ ਹੀ ਸਿੱਖ ਪਰੰਪਰਾ ਦਾ ਅਸਲ ਦੇਣ ਅਤੇ ਯੋਗਦਾਨ ਹੈ। ਸ਼ਕਤੀਆਂ ਦੇ ਵਿਕੇਂਦਰੀਕਰਨ ਦਾ ਸਿਧਾਂਤ ਦੋ ਪੱਖਾਂ ਨੂੰ ਸਪੱਸ਼ਟ ਕਰਦਾ ਹੈ: ਇਕ ਪਾਸੇ ਪ੍ਰਜਾ ਤੋਂ ਹਾਕਮ ਬਣਾ ਕੇ ਸ਼ੋਸਿਤ ਵਰਗ ਨੂੰ ਰਾਜ ਸੱਤਾ ਦਾ ਭਾਗੀਦਾਰ ਬਣਾਉਣਾ ਅਤੇ ਦੂਜੇ ਪਾਸੇ ਰਾਜ ਸ਼ਕਤੀ ਦਾ ਕਿਸੇ ਵਿਸ਼ੇਸ਼ ਵਰਗ ਵਿਚ ਕੇਂਦਰੀਕਰਨ ਨਾ ਹੋਣ ਦੇਣਾ ਜਿਸ ਰਾਹੀਂ ਸ਼ਕਤੀਆਂ ਕਿਸੇ ਇੱਕ ਦੇ ਹੱਥ ਵਿੱਚ ਨਹੀਂ ਸਗੋਂ ਸਮੂਹ ਜਨਤਾ ਵਿੱਚ ਵਿਕੇਂਦਰਿਤ ਹੋ ਜਾਂਦੀਆਂ ਹਨ। ਵਿਵਹਾਰਿਕ ਰੂਪ ਵਜੋਂ ਇਹ ਸਿਧਾਂਤ ਭਵਿੱਖ ਮੁੱਖੀ ਸੰਭਾਵਨਾਵਾਂ ਨਾਲ ਭਰਪੂਰ ਹੈ ਜੋ ਕਿਸੇ ਹੋਰ ਧਰਮ ਵਿਚ ਨਹੀਂ ਮਿਲਦਾ।

### ਸਿੱਖ ਰਾਜਨੀਤੀ ਦਾ ਸਦਾਚਾਰਕ ਰੂਪ

ਸਿੱਖ ਪਰੰਪਰਾ ਰਾਜ ਨੂੰ ਸਿਰਫ ਸ਼ਕਤੀ ਦੀ ਪ੍ਰਣਾਲੀ ਹੀ ਨਹੀਂ ਮੰਨਦੀ ਸਗੋਂ ਇਸ ਦੇ ਸਦਾਚਾਰਕ ਰੂਪ ਨੂੰ ਪ੍ਰਵਾਨ ਕਰਦੀ ਹੈ। ਗੁਰੂ ਸਾਹਿਬਾਨ ਨੇ ਮੱਧਕਾਲੀ ਸਮੇਂ ਦੇ ਰਾਜਿਆਂ ਨੂੰ ਇਖ਼ਲਾਕੀ ਤੌਰ ਤੇ ਡਿਗਦੇ ਅਤੇ ਜਨਤਾ ਨਾਲ ਦੁਰਵਿਵਹਾਰ ਕਰਦੇ ਫਿਟਕਾਰ ਪਾਈ ਹੈ। ਆਧੁਨਿਕ ਰਾਜਨੀਤੀ ਵੀ ਇਸੇ ਗਿਰਾਵਟ ਦਾ ਸ਼ਿਕਾਰ ਹੈ ਕਿ ਸ਼ਾਸਕਾਂ ਨੇ ਸਿਆਸਤ ਨਾਲੋਂ ਇਖ਼ਲਾਕ ਨੂੰ ਤੋੜ ਲਿਆ ਹੈ। ਲੋਕਰਾਜ ਹੁੰਦਿਆਂ ਹੋਇਆਂ ਵੀ ਅੱਤਿਆਚਾਰ, ਲੁੱਟ ਖਸੁੱਟ ਅਤੇ ਹਰ ਪ੍ਰਕਾਰ ਦੀ ਸ਼ਕਤੀ ਨੂੰ ਜਾਇਜ਼ ਸਮਝਿਆ ਜਾਂਦਾ ਹੈ। ਸਿੱਖ ਪਰੰਪਰਾ ਨੇ ਮਨੁੱਖ ਨੂੰ ਅਸੀਮ ਸੱਚ ਨਾਲ ਜੋੜਦਿਆਂ ਇਖ਼ਲਾਈ ਉਚਤਾ ਵਾਲੇ ਨਵੇਂ ਮਨੁੱਖ 'ਗੁਰਮੁਖ' ਦਾ ਸੰਕਪਲ

ਸਿਰਜਿਆ ਹੈ। ਇਹ ਗੁਰਮੁਖ ਵਿਅਕਤੀ ਗੁਰੂ ਦੀ ਬਖਸ਼ਿਸ਼ ਨਾਲ ਉਸ ਸ਼ਕਤੀ ਦਾ ਧਾਰਨੀ ਹੋ ਜਾਂਦਾ ਹੈ ਜਿਸ ਨਾਲ ਉਹ ਜੀਵਨ ਮੁਕਤ ਹੁੰਦਾ ਹੈ। ਗੁਰਮੁਖ ਪੁਰਸ਼ ਮਨੁੱਖੀ ਜੀਵਨ ਨੂੰ ਭ੍ਰਿਸ਼ਟ ਕਰਨ ਵਾਲੇ ਪੰਜ ਦੁਸ਼ਮਣਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਉਤੇ ਜਿੱਤ ਪ੍ਰਾਪਤ ਕਰਦਾ ਹੈ ਤੇ ਅਜਿਹਾ ਮਨੁੱਖ ਹੀ ਰਾਜਨੀਤੀ ਨੂੰ ਸਹੀ ਦਿਸ਼ਾ ਵੱਲ ਲੈ ਕੇ ਜਾ ਸਕਦਾ ਹੈ:

ਜਿਨਿ ਮਿਲਿ ਮਾਰੇ ਪੰਚ ਸੂਰਬੀਰ॥
ਐਸੋ ਕਉਨ ਬਲੀ ਰੇ॥
ਜਿਨਿ ਪੰਚ ਮਾਰਿ ਬਿਦਾਰਿ॥
ਗੁਦਾਰੇ ਸੋ ਪੂਰਾ ਇਹ ਕਲੀ ਰੇ॥[18]

ਰਾਜਨੀਤੀ ਵਿਚ ਮੁੱਢ ਤੋਂ ਹੀ ਰਾਜ ਕਰਨ ਵਾਲਿਆਂ ਤੇ ਰਾਜ ਚਲਾਉਣ ਵਾਲੀਆਂ ਧਿਰਾਂ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਰਗੀਆਂ ਬੁਰਾਈਆਂ ਪੈਦਾ ਹੋ ਜਾਂਦੀਆਂ ਰਹੀਆਂ ਹਨ ਜੋ ਜਨਤਾ ਦੇ ਹਿੱਤਾਂ ਨੂੰ ਆਪਣੀ ਸਵਾਰਥ ਪੂਰਤ ਲਈ ਵਰਤਦੀਆਂ ਹਨ। ਸਿੱਖ ਰਾਜਨੀਤੀ ਦਾ ਉਦੇਸ਼ ਇਕ ਸਚਿਆਰ ਮਨੁੱਖ ਦੀ ਸਿਰਜਣਾ ਕਰਨਾ ਹੈ ਜੋ ਨੈਤਿਕ ਕੀਮਤਾਂ ਦੀ ਪਾਲਣਾ ਰਾਹੀਂ ਕਰਕੇ ਸੱਚੀ ਤੇ ਸੁਚੀ ਰਾਜਨੀਤੀ ਵਿਚ ਹਿੱਸਾ ਪਾਉਂਦਾ ਹੈ। ਸਿੱਖ ਧਰਮ ਵਿਚ ਉਸੇ ਰਾਜ ਨੂੰ ਹੀ ਮਾਨਤਾ ਹੈ ਜਿਸ ਵਿਚ ਇਨਸਾਫ ਦਾ ਪ੍ਰਵਾਹ ਹੋਵੇ, ਜਿਸ ਵਿਚ ਸੱਚ ਦਾ ਅਭਿਆਸ ਹੋਵੇ, ਲੋਕ ਨਿਰਭੈਤਾ ਨਾਲ ਜ਼ਿੰਦਗੀ ਜਿਊਣ ਅਤੇ ਲੋਕ ਰਾਏ ਦਾ ਸਨਮਾਨ ਕੀਤਾ ਜਾਂਦਾ ਹੋਵੇ। ਇਹੀ ਰਾਜ ਨਿਹਕਟੰਕ ਚਲਦਾ ਹੈ:

ਨਿਹਕਟੰਕ ਰਾਜੁ ਭੁੰਚਿਤੂ॥
ਗੁਰਮਖਿ ਸਚੁ ਕਮਾਈ॥
ਸਚੈ ਤਖਤਿ ਬੈਠਾ ਨਿਆਉ ਕਰਿ॥
ਸਤਿ ਸੰਗਤਿ ਮੇਲਿ ਮਿਲਾਈ॥[19]

ਸੋ ਰਾਜ ਪ੍ਰਬੰਧ ਵਿਚ ਇਖ਼ਲਾਕੀ ਅਤੇ ਸਦਾਚਾਰਕ ਅਧਾਰ ਦਾ ਹੋਣਾ ਸਿੱਖ ਮੁੱਲ ਪ੍ਰਬੰਧ ਅਨੁਸਾਰ ਜ਼ਰੂਰੀ ਹੈ। ਇਸ ਸੰਬੰਧੀ ਪ੍ਰੋਫੈਸਰ ਪ੍ਰੀਤਮ ਸਿੰਘ ਪੁਸਤਕ 'ਸਿੱਖ ਵਿਚਾਰਧਾਰਾ' ਵਿਚ ਲਿਖਦੇ ਹਨਃ

> ਰਾਜ ਨੂੰ ਸਿਰਫ ਸ਼ਕਤੀ ਦੀ ਪ੍ਰਣਾਲੀ ਹੀ ਨਾ ਮੰਨ ਲਿਆ ਜਾਵੇ, ਬਲਕਿ ਇਖ਼ਲਾਕ ਨੂੰ ਹਮੇਸ਼ਾਂ ਮੁੱਖ ਰੱਖਿਆ ਜਾਵੇ। ਸਿਆਸਤ ਨੂੰ ਧਰਮ ਨਾਲੋਂ ਵੱਖ ਕਰਕੇ ਸਿਆਸਤ ਦੀ ਹਰ ਪ੍ਰਕਾਰ ਦੀ ਸ਼ਕਤੀ ਨੂੰ ਜਾਇਜ਼ ਸਮਝਿਆ ਜਾਦਾ ਹੈ ਅਤੇ ਸਿਆਸਤ ਵਿਚੋਂ ਇਖ਼ਲਾਕ ਬਿਲਕੁਲ ਉੱਡ ਜਾਂਦਾ ਹੈ। ਗੁਰਮਤਿ ਨੰਗੀ ਲੁੱਟ ਅਤੇ ਸਿਆਸੀ ਤਾਕਤ ਦੀ ਵਿਰੋਧੀ ਹੈ। ਸਿਆਸਤ ਦੀ ਬੁਨਿਆਦ ਜ਼ਰੂਰੀ ਇਖ਼ਲਾਕ ਚਾਹੀਦਾ ਹੈ ਨਹੀਂ ਤੇ ਅੱਤਿਆਚਾਰ ਰੁਕ ਨਹੀਂ ਸਕਦਾ।[2•]

ਇਸ ਪ੍ਰਕਾਰ ਸਿਆਸਤ ਅਤੇ ਰਾਜ ਪ੍ਰਬੰਧ ਵਿਚ ਇਖ਼ਲਾਕੀ ਤੌਰ ਤੇ ਮਨੁੱਖ ਦਾ ਸੱਚੇ ਸੁੱਚੇ ਹੋਣਾ ਜ਼ਰੂਰੀ ਮੰਨਿਆ ਗਿਆ ਹੈ। ਦੂਜੇ ਸ਼ਬਦਾਂ ਵਿਚ ਅਸੀਂ ਇਸ ਨੂੰ ਸੱਚ ਦੀ ਰਾਜਨੀਤੀ ਨਾਲ ਪਰਿਭਾਸ਼ਿਤ ਕਰ ਸਕਦੇ ਹਾਂ।

### ਰਾਜ ਸ਼ਕਤੀ ਦੁਆਰਾ ਧਰਮ ਦਾ ਵਿਰੋਧ

ਸਿੱਖ ਸ਼ਹਾਦਤ ਪਰੰਪਰਾ ਦਾ ਮੁਖ ਮਕਸਦ ਰਾਜ ਸ਼ਕਤੀ ਦੀ ਦੁਰਵਰਤੋਂ ਨੂੰ ਰੋਕਣਾ ਸੀ ਅਤੇ ਇਸ ਵਿਚਾਰਧਾਰਾ ਅਧੀਨ ਹੀ ਸਿੱਖ ਗੁਰੂਆਂ ਅਤੇ ਉਹਨਾ ਦੇ ਅਨੁਆਈਆਂ ਦੁਆਰਾ ਸ਼ਹਾਦਤਾਂ ਦਿੱਤੀਆਂ ਗਈਆਂ। ਸਿੱਖ ਪਰੰਪਰਾ ਵਿਚ ਰਾਜ ਸ਼ਕਤੀ ਦੁਆਰਾ ਕਿਸੇ ਵਿਸ਼ੇਸ਼ ਧਰਮ ਦੀ ਸਥਾਪਨਾ ਅਤੇ ਉਸਦੇ ਪ੍ਰਸਾਰ ਦਾ ਵਿਰੋਧ ਕੀਤਾ ਗਿਆ ਹੈ। ਸੰਸਾਰ ਧਰਮ ਦੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਈਸਾਈ ਅਤੇ ਇਸਲਾਮ ਧਰਮ ਨੂੰ ਫੈਲਾਉਣ ਲਈ ਰਾਜ ਸ਼ਕਤੀ ਦਾ ਇਸਤੇਮਾਲ ਕੀਤਾ ਗਿਆ ਹੈ। ਇਹਨਾਂ ਧਰਮਾਂ ਨੇ ਰਾਜ ਸ਼ਕਤੀ ਰਾਹੀਂ ਜਨਤਾ ਨੂੰ ਲਾਲਚ

ਦਿੱਤੇ। ਇੱਥੋਂ ਤੱਕ ਕਿ ਤਲਵਾਰ ਦੇ ਜ਼ੋਰ ਨਾਲ ਵੀ ਧਰਮ ਤਬਦੀਲ ਕੀਤੇ ਗਏ ਅਤੇ ਧਰਮ ਦਾ ਪ੍ਰਚਾਰ ਵੀ ਕੀਤਾ ਗਿਆ। ਡਾ: ਜਸਪਾਲ ਸਿੰਘ ਇਸ ਤੱਥ ਦੀ ਪ੍ਰੋੜਤਾ ਕਰਦੇ ਆਪਣੀ ਪੁਸਤਕ 'ਰਾਜ ਦਾ ਸਿੱਖ ਸੰਕਲਪ' ਵਿਚ ਲਿਖਦੇ ਹਨ:

> ਇਸਲਾਮ ਵਿੱਚ ਇੱਥੋਂ ਤੱਕ ਕਿਹਾ ਗਿਆ ਹੈ ਕਿ ਕਿਸੇ ਦੇਸ਼ ਵਿਚ ਮੁਸਲਮਾਨ ਗੈਰ ਮੁਸਲਮਾਨਾਂ ਦੇ ਅਧੀਨ ਹੋਣ ਉਹ ਦਾਰ-ਉਲ-ਹਰਬ ਅਰਥਾਤ ਸੰਗ੍ਰਾਮ ਖੇਤਰ ਹੈ ਅਤੇ ਐਸੇ ਦੇਸ਼ ਵਿਚ ਮੁਸਲਮਾਨਾਂ ਦਾ ਬਗਾਵਤ ਕਰਨਾ ਧਾਰਮਿਕ ਫਰਜ ਹੈ। ਭਾਰਤ ਵਿੱਚ ਜਦੋਂ ਮੁਸਲਮਾਨ ਬਾਦਸ਼ਾਹ ਦੇ ਹੱਥ ਹਕੂਮਤ ਸੀ ਤਾਂ ਉਹਨਾਂ ਨੇ ਵਿਹਾਰਿਕ ਤੌਰ ਤੇ ਭਾਰਤ ਵਿੱਚ ਰਾਜ ਸ਼ਕਤੀ ਨਾਲ ਇਸਲਾਮ ਫੈਲਾਉਣ ਲਈ ਪੂਰਾ ਜ਼ੋਰ ਲਾਇਆ।[21]

ਰਾਜਨੀਤਿਕ ਸ਼ਕਤੀ ਦੁਆਰਾ ਧਰਮ ਪ੍ਰਚਾਰ ਦਾ ਖੰਡਨ ਕਰਦਿਆਂ ਇਹ ਵਿਚਾਰ ਪੂਰੇ ਵਿਸ਼ਵ ਨੂੰ ਪ੍ਰਦਾਨ ਕੀਤਾ ਗਿਆ ਕਿ ਇਹ ਮਾਨਵੀ ਸ਼ਕਤੀ ਦਾ ਵਿਰੋਧ ਹੈ। ਸਿੱਖ ਰਾਜ ਦੇ ਸਮੇਂ ਧਾਰਮਿਕ ਆਗੂਆਂ ਨੇ ਆਪਣੇ ਆਪ ਨੂੰ ਸਿਆਸਤ ਨਾਲੋਂ ਅਲੱਗ ਰੱਖਿਆ। ਸਿੱਖ ਪਰੰਪਰਾ ਵਿਚ ਧਰਮ ਨੂੰ ਇਕ ਜ਼ਰੂਰੀ ਫਰਜ਼ ਮੰਨਿਆ ਗਿਆ ਹੈ। ਦੇਸ਼ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਧਰਮ ਇਕ ਸਹਾਇਕ ਸੰਸਥਾ ਦੀ ਭੂਮਿਕਾ ਨਿਭਾਉਂਦਾ ਹੈ। ਸਿੱਖੀ ਦਾ ਧਰਮ ਸਭ ਨੂੰ ਇਕ ਕਰਨਾ ਹੈ। ਵਿਸ਼ਵੀ ਏਕਤਾ ਅਤੇ ਕੌਮੀਅਤ ਦਾ ਜ਼ਜਬਾ ਪੈਦਾ ਕਰਨਾ ਧਰਮ ਦੀ ਸੇਵਾ ਹੈ। ਸਿੱਖੀ ਲਈ ਰਾਜ ਸ਼ਕਤੀ ਪ੍ਰਾਪਤੀ ਨਹੀਂ ਸਗੋਂ ਮਨੁੱਖਤਾ ਲਈ ਸੇਵਾ ਨਿਭਾਉਣਾ ਹੈ। ਸਿੱਖ ਪਰੰਪਰਾ ਵਿਚ ਬਿਨਾਂ ਕਿਸੇ ਸ਼ਕਤੀ ਦੇ ਪ੍ਰਯੋਗ ਦੇ ਆਦਰਸ਼ਕ ਰਾਜ ਦੀ ਸਥਾਪਨਾ ਦਾ ਸਿਧਾਂਤ ਕਾਰਜਸ਼ੀਲ ਹੈ ਕਿਉਂਕਿ ਸ਼ਕਤੀ ਨਾਲ ਕਿਸੇ ਮਨੁੱਖ ਨੂੰ ਝੁਕਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਇਸ ਵਿਚ ਪ੍ਰੇਮ, ਪਰਉਪਕਾਰ, ਸਵੈਮਾਣ, ਆਗਿਆਕਾਰੀ, ਭਰੋਸਾ ਅਤੇ ਅਦਬ ਦੇ ਆਦਰਸ਼ ਪਾਏ ਜਾਂਦੇ ਹਨ। ਇਹ ਆਦਰਸ਼ ਵਿਸ਼ਵ ਪ੍ਰਸੰਗ ਵਿਚ ਇਕ ਆਦਰਸ਼ ਰਾਜਨੀਤੀ ਦਾ

ਸਿਧਾਂਤ ਸਿਰਜਦੇ ਹਨ ਜਿਨ੍ਹਾਂ ਨਾਲ ਪੂਰਾ ਵਿਸ਼ਵ ਸ਼ਾਂਤੀ ਅਤੇ ਸਹਿ ਹੋਂਦ ਨਾਲ ਰਹਿ ਸਕਦਾ ਹੈ।

**ਖੁਦਮੁਖਤਾਰੀ ਦੀ ਰਾਜਨੀਤੀ**

ਰਾਜਨੀਤੀ ਜਨਤਾ ਵੱਲੋਂ ਰਾਜ ਪ੍ਰਬੰਧ ਵਿਚ ਸਿੱਧੇ ਤੌਰ ਉਤੇ ਹਿੱਸਾ ਲੈਣ ਦਾ ਪ੍ਰਬੰਧ ਹੈ। ਇਕ ਚੰਗੀ ਰਾਜਨੀਤੀ ਦੇ ਆਦਰਸ਼ ਆਮ ਲੋਕਾਂ ਦੇ ਨਿਰਣਿਆਂ ਅਤੇ ਰਾਏ ਨੂੰ ਪੂਰਾ ਮਾਣ ਸਤਿਕਾਰ ਅਤੇ ਉਚਿਤ ਸਥਾਨ ਦੇਣ ਵਿਚ ਹੀ ਨਿਹਿਤ ਹੁੰਦੇ ਹਨ। ਵਰਤਮਾਨ ਕਾਲ ਵਿਚ 'ਲੋਕਤੰਤਰ' ਅਜਿਹਾ ਨਿਜ਼ਾਮ ਮੰਨਿਆ ਜਾਂਦਾ ਹੈ ਜਿਸ ਵਿਚ ਲੋਕਾਂ ਦੇ ਹੱਕਾਂ ਅਤੇ ਲੋਕ ਰਾਏ ਨੂੰ ਉਚਿਤ ਸਥਾਨ ਦੇਣ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਵਿਵਹਾਰ ਵਿਚ ਇਹ ਸਿਧਾਂਤ ਕਾਰਜਸ਼ੀਲ ਨਹੀਂ ਹੁੰਦੇ। ਸਿੱਖ ਪਰੰਪਰਾ ਵਿਚ ਗੁਰੂ ਸਾਹਿਬਾਨ ਨੇ ਲੋਕ ਹਿੱਤ ਵਾਲੀ, ਲੋਕ ਰਾਏ ਦਾ ਪੂਰਾ ਸਨਮਾਨ ਕਰਨ ਵਾਲੀ ਰਾਜਨੀਤੀ ਦਾ ਸੰਕਲਪ ਪੇਸ਼ ਕੀਤਾ ਹੈ। ਤਖਤ ਉਹੀ ਟਿਕਦਾ ਹੈ ਜੋ ਲੋਕ ਰਾਏ ਦੇ 'ਭੈਅ' ਵਿਚ ਰਹਿੰਦਾ ਹੈ ਅਤੇ ਲੋਕ ਮੱਤ ਦੀ ਸ੍ਰੇਸ਼ਠਤਾ ਨੂੰ ਬਰਕਰਾਰ ਰੱਖਦਾ ਹੈ:

> ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥
> ਆਪੇ ਰਾਜਨੁ ਪੰਚਾਕਾਰੀ॥
> ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ॥[22]

ਗੁਰਮਤਿ ਵਿਚ 'ਪੰਚ' ਨੂੰ ਜਨਤਾ ਦਾ ਪ੍ਰਤੀਨਿਧ ਕਹਿ ਕੇ ਵਡਿਆਇਆ ਗਿਆ ਹੈ। ਪੰਚ ਪ੍ਰਧਾਨੀ ਸਮਾਜ ਦੀ ਰਹਿਨੁਮਾਈ ਸਿੱਖ ਰਾਜ ਪ੍ਰਬੰਧ ਦਾ ਆਦਰਸ਼ਕ ਸੰਕਲਪ ਹੈ:

> ਪੰਚ ਪਰਵਾਣ ਪੰਚ ਪਰਧਾਨੁ॥
> ਪੰਚੇ ਪਾਵਹਿ ਦਰਗਹਿ ਮਾਨੁ॥
> ਪੰਚੇ ਸੋਹਹਿ ਦਰਿ ਰਾਜਾਨੁ॥
> ਪੰਚਾ ਕਾ ਗੁਰੁ ਏਕ ਧਿਆਨੁ॥[23]

ਇਸ ਪ੍ਰਕਾਰ ਖੁਦਮੁਖਤਾਰੀ ਦੀ ਰਾਜਨੀਤੀ ਮਨੁੱਖੀ ਹਿੱਤਾਂ ਲਈ ਅਜਿਹੀ ਵਿਵਸਥਾ ਪੈਦਾ ਕਰਦੀ ਹੈ ਜਿਸ ਵਿਚ ਮਨੁੱਖ ਆਪਣੀ ਰਾਇ ਅਤੇ ਹਿੱਤ ਸੁਰੱਖਿਆ ਕਰ ਸਕਦਾ ਹੈ।

**ਸਿੱਖ ਰਾਜਨੀਤੀ ਵਿੱਚ ਤੇਗ਼ ਅਤੇ ਬੇਗ਼ਮਪੁਰਾ ਦੇ ਸੰਕਲਪ**

ਸਿੱਖ ਸ਼ਹਾਦਤ ਪਰੰਪਰਾ ਦਾ ਮੂਲ ਮਕਸਦ ਸਮਾਜ ਵਿਚ ਹੁੰਦੇ ਜ਼ੁਲਮ ਨੂੰ ਰੋਕਣਾ ਸੀ। ਰਾਜ ਸ਼ਕਤੀ ਦੁਆਰਾ ਜੇਕਰ ਕਿਸੇ ਮਜ਼ਲੂਮ ਦੇ ਜ਼ੁਲਮ ਹੁੰਦੇ ਤਾਂ ਇਸ ਨੂੰ ਰੋਕਣ ਲਈ ਸਿੱਖ ਧਰਮ ਪਰੰਪਰਾ ਵਿੱਚ ਸ਼ੋਸਿਤਾਂ ਮਜ਼ਲੂਮਾਂ ਅਤੇ ਧਰਮ ਦੀ ਰੱਖਿਆ ਅਤੇ ਰਾਜਨੀਤਿਕ ਅੱਤਿਆਚਾਰਾਂ ਦੇ ਸ਼ੋਸਣ ਵਿਰੁੱਧ 'ਤੇਗ਼' ਦਾ ਸੰਕਲਪ ਮਿਲਦਾ ਹੈ। ਇਹ ਇੱਕ ਇਨਸਾਫ ਪਸੰਦ, ਸੁਰੱਖਿਅਤ ਅਤੇ ਅਜ਼ਾਦ ਜ਼ਿੰਦਗੀ ਮੁਹੱਈਆ ਕਰਾਉਣ ਵਾਲੇ ਰਾਜ ਪ੍ਰਬੰਧ ਦੀ ਸਥਾਪਨਾ ਹੈ। ਸਿੱਖ ਮੱਤ ਵਿਚ ਤੇਗ਼ ਦੇ ਸੰਕਲਪ ਦੀ ਮਹੱਤਤਾ 'ਹੱਥਿਆਰਬੰਦ ਵਿਰੋਧ' ਦੇ ਨਾਲ ਨਾਲ ਸਵੈ- ਰੱਖਿਆ, ਸਵੈ-ਮਾਣ, ਅਜ਼ਾਦੀ, ਇਨਸਾਫ, ਪਵਿੱਤਰਤਾ ਅਤੇ ਇਖ਼ਲਾਕੀ ਸ਼ਕਤੀ ਆਦਿ ਵਜੋਂ ਮੰਨੀ ਗਈ ਹੈ। ਇਸ ਤਰ੍ਹਾਂ ਤੇਗ ਦਾ ਸੰਕਲਪ ਇੱਕ ਅਜਿਹਾ 'ਨੇਮ ਰਾਜ' ਚਿਤਵਦਾ ਹੈ ਜਿਹੜਾ ਸਮਾਜਿਕ, ਆਰਥਿਕ, ਰਾਜਨੀਤਿਕ ਨਿਆਂ ਦਾ ਰਾਜ ਹੋਵੇ, ਸਦਾਚਾਰ ਅਤੇ ਇਖ਼ਲਾਕੀ ਗੁਣ ਜਿਸ ਦੀ ਪ੍ਰੇਰਣਾ ਹੋਣ, ਜੇ ਮੌਜੂਦਾ ਰਾਜ ਭ੍ਰਿਸ਼ਟ ਅਤੇ ਗੈਰ ਨੁਮਾਇੰਦਾ ਹੈ ਤਾਂ 'ਤੇਗ' ਦਾ ਉਦੇਸ਼ ਇਸ ਨੂੰ ਸਦਾਚਾਰਕ ਸ਼ਕਤੀ ਨਾਲ ਸੁਧਾਰਨਾ ਹੈ ਜਾਂ ਫਿਰ ਮਨੁੱਖਤਾ ਦੇ ਵਿਸ਼ਾਲ ਹਿੱਤਾਂ ਖਾਤਿਰ ਹੱਥਿਆਰਬੰਦ ਟੱਕਰ ਦੁਆਰਾ ਇਸ ਨੂੰ ਬਦਲ ਕੇ ਇਸ ਦੀ ਥਾਂ ਇਨਸਾਫ ਪਸੰਦ ਰਾਜ ਕਾਇਮ ਕਰਨਾ ਹੈ।[24] ਭਗਤ ਰਵਿਦਾਸ ਨੇ ਬੇਗ਼ਮਪੁਰਾ ਦਾ ਸੰਕਲਪ ਪੇਸ਼ ਕਰਦਿਆਂ ਐਸੇ ਇਨਸਾਫ ਪਸੰਦ ਰਾਜ ਦੀ ਕਲਪਨਾ ਕੀਤੀ ਹੈ ਜੋ ਸਿਰਫ ਅਧਿਆਤਮਿਕਤਾ ਦੇ ਪੱਖੋਂ ਹੀ ਨਹੀਂ ਸਗੋਂ ਇਸ ਧਰਤੀ ਉੱਤੇ ਵੀ ਸੁਚੱਜੇ ਰਾਜ ਪ੍ਰਬੰਧ ਉਸਾਰਨ ਵਾਲਾ ਸਥਾਨ ਚਾਹੁੰਦੇ ਸਨ:

ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥1॥

ਅਬ ਮੋਹਿ ਖੂਬ ਵਤਨ ਗਹ ਪਾਈ।। ਊਹਾਂ ਖੈਰਿ ਸਦਾ ਮੇਰੇ ਭਾਈ।।

ਕਾਇਮੁ ਦਾਇਮੁ ਸਦਾ ਪਾਤਿਸਾਹੀ ।। ਦੋਮ ਨ ਸੇਮ ਏਕ ਸੋ ਆਹੀ।।

ਆਬਾਦਾਨੁ ਸਦਾ ਮਸਹੂਰ।। ਊਹਾਂ ਗਨੀ ਬਸਹਿ ਮਾਮੂਰ ।।[25]

ਇਸ ਪ੍ਰਕਾਰ ਸਿੱਖ ਧਾਰਮਿਕ ਪਰੰਪਰਾ ਵਿਚ ਰਾਜਨੀਤੀ ਦਾ ਸਰੂਪ ਮਨੁੱਖ ਲਈ ਬਹੁਪੱਖੀ ਸੰਭਾਵਨਾਵਾਂ ਲੈ ਕੇ ਆਉਣ ਦਾ ਹੈ। ਸੱਚ ਤੇ ਅਧਾਰਿਤ ਰਾਜਨੀਤੀ ਦੇ ਨਾਲ-ਨਾਲ ਇਹ ਸਿਧਾਂਤ ਲੋਕ ਹਿਤ ਵਾਲੀ ਰਾਜਨੀਤੀ ਦਾ ਸੰਕਲਪ ਪੇਸ਼ ਕਰਦਾ ਹੈ। ਮਨੁੱਖੀ ਭਲਾਈ ਵੱਲੋਂ ਮੁਨਕਰ ਰਾਜ ਨੂੰ ਗੁਰੂ ਸਾਹਿਬ ਨੇ ਮਾਨਤਾ ਨਹੀਂ ਦਿੱਤੀ। ਰਾਜਿਆਂ ਦੇ ਆਪਣੇ ਸਵਾਰਥ ਸਿੱਧੀ ਦੇ ਦ੍ਰਿਸ਼ਟੀਕੋਣ ਨੇ ਜਨਤਾ ਦੀ ਭਲਾਈ ਦੇ ਕੰਮਾਂ ਵੱਲੋਂ ਮੂੰਹ ਮੋੜ ਲਿਆ ਤਾਂ ਗੁਰੂ ਸਾਹਿਬਾਨ ਨੇ ਸਿੱਖੀ ਸਿਧਾਂਤ ਅਨੁਸਾਰ ਮਨੁੱਖ ਲਈ ਆਤਮਿਕ ਸੁੱਖਾਂ ਦੀ ਪ੍ਰਾਪਤੀ ਲਈ ਦੁਨੀਆਂ ਵਿੱਚ ਨੇਕ ਕੰਮ ਕਰਨ ਨੂੰ ਹੀ ਉਸ ਦਾ ਸਹੀ ਟੀਚਾ ਮਿਥਿਆ ਤੇ 'ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ' ਦਾ ਸਿਧਾਂਤ ਦਿੱਤਾ। ਰਾਜੇ ਕਾ ਹਿੱਤ ਪਰਜਾ ਦੇ ਹਿੱਤ ਵਿਚ ਹੀ ਹੋਣਾ ਚਾਹੀਦਾ ਹੈ ਇਸ ਲਈ ਰਾਜਿਆਂ ਦੇ ਦੈਵੀ ਅਧਿਕਾਰਾਂ ਦਾ ਖੰਡਨ ਕੀਤਾ। ਸਿੱਖ ਧਾਰਮਿਕ ਪਰੰਪਰਾ ਰਾਜੇ ਦੀਆਂ ਅਸੀਮ ਸ਼ਕਤੀਆਂ ਦੀ ਹਾਮੀ ਨਹੀਂ ਜਿਵੇਂ ਮੁਗਲ ਬਾਦਸ਼ਾਹ ਤੇ ਅਫ਼ਗਾਨਾਂ ਨੇ ਆਮ ਜਨਤਾ ਉਤੇ ਅੱਤਿਆਚਾਰ ਕੀਤੇ, ਉਹਨਾਂ ਪ੍ਰਤੀ ਵਿਰੋਧੀ ਬਿਰਤੀ ਰੱਖੀ ਹੈ। ਉਹਨਾਂ ਅਨੁਸਾਰ ਰਾਜ ਦੇ ਅਧਿਕਾਰ ਰੱਬੀ ਨਹੀਂ ਸਗੋਂ ਲੋਕ-ਪ੍ਰਵਾਨਗੀ ਤੇ ਟਿਕੇ ਹੋਣੇ ਚਾਹੀਦੇ ਹਨ। ਰਾਜਾ ਲੋਕਾਂ ਵਿਚ ਵਿਚਰਦਾ ਹੈ ਇਸ ਲਈ ਲੋਕਾਂ ਪ੍ਰਤੀ ਉਤਰਦਾਈ ਵੀ ਹੋਣਾ ਚਾਹੀਦਾ ਹੈ। ਡਾ. ਜਸਪਾਲ ਸਿੰਘ ਪੁਸਤਕ 'ਰਾਜ ਦਾ ਸਿੱਖ ਸੰਕਪਲ' ਵਿੱਚ ਵਿਚਾਰ ਦਿੰਦੇ ਹਨ ਕਿ ਇਤਿਹਾਸ ਗਵਾਹ ਹੈ ਕਿ ਇਸਲਾਮੀ ਸ਼ਾਸਕਾਂ ਨੇ ਧਰਮ ਦੀ ਆੜ ਹੇਠ ਲੋਕਾਂ ਦੀ ਅਜ਼ਾਦੀ ਤੇ ਅਧਿਕਾਰਾਂ ਦਾ ਵਿਨਾਸ਼ ਕੀਤਾ ਹੈ। ਸਿੱਖ ਪਰੰਪਰਾ ਨੇ ਕਦੀ ਵੀ ਆਪਣੇ ਧਰਮ ਰਾਹੀਂ ਕਿਸੇ ਦੇ ਹਿੱਤਾਂ ਨੂੰ ਨਸ਼ਟ ਨਹੀਂ ਕੀਤਾ ਸਗੋਂ ਇਸਲਾਮੀ ਸਾਸ਼ਕਾਂ ਦੁਆਰਾ ਕੀਤੇ ਜਾਂਦੇ ਜ਼ੁਲਮਾਂ ਰਾਹੀਂ ਦੂਜੇ ਧਰਮਾਂ ਨੂੰ ਵੀ ਬਚਾਉਣ ਲਈ ਵੀ ਸੰਘਰਸ਼ ਕੀਤਾ। ਸਿੱਖ ਸਿਧਾਂਤ ਅਨੁਸਾਰ ਲੋਕ ਹਿੱਤ ਦੀ ਰਾਜਨੀਤੀ ਸੰਬੰਧੀ ਡਾ. ਜਸਪਾਲ ਸਿੰਘ ਦਾ ਵਿਚਾਰ ਹੈ:

> ਸਿੱਖ ਸਿਧਾਂਤ ਅਨੁਸਾਰ ਇਕ ਆਦਰਸ਼ ਰਾਜ ਉਹ ਹੈ ਜਿਹੜਾ ਅਮੂਰਤ ਦੈਵੀ ਸਿਧਾਂਤਾਂ ਦੁਆਰਾ ਨਿਰਦੇਸ਼ਤ ਹੁੰਦਾ ਹੈ ਅਤੇ ਹਮੇਸ਼ਾਂ ਆਪਣੇ ਮੂਲ ਸ੍ਰੋਤ ਰੱਬ ਨਾਲ ਜੁੜੇ ਰਹਿੰਦਿਆਂ ਲੋਕ ਹਿੱਤ ਲਈ ਕਾਰਜਸ਼ੀਲ ਹੁੰਦਾ ਹੈ।[27]

ਸਿੱਖ ਸ਼ਹਾਦਤ ਪਰੰਪਰਾ ਨੇ ਵਿਤਕਰੇ ਰਹਿਤ, ਸਰਬ ਕਲਿਆਣਕਾਰੀ, ਸਮਾਨਤਾਵਾਦੀ, ਸੁਰੱਖਿਅਤ ਅਤੇ ਵਿਸ਼ਵਾਸ ਭਰਪੂਰ ਅਗਵਾਈ ਦੇਣ ਵਾਲੀ ਰਾਜਨੀਤੀ ਦਾ ਸੰਕਲਪ ਸਿਰਜਿਆ। ਗੁਰੂ ਗੋਬਿੰਦ ਸਿੰਘ ਜੀ ਦੀ ਆਤਮ ਕਥਾ ਦਸਮ ਗ੍ਰੰਥ ਵਿਚ ਵਿਸ਼ਵ ਭਾਈਚਾਰੇ ਨੂੰ ਸਿਰਜਣ ਵਾਲੀ ਕਥਾ ਹੈ। ਇਸ ਵਿਚ ਜਾਤੀ, ਧਰਮ ਆਦਿ ਤੋਂ ਉਪਰ ਪੂਰੇ ਵਿਸ਼ਵ ਨੂੰ ਇਕ ਕਰਨ ਦੀ ਵਿਚਾਰਧਾਰਾ ਸਮਾਈ ਹੋਈ ਹੈ। ਡਾ. ਜਸਪਾਲ ਸਿੰਘ ਅਨੁਸਾਰ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦਾ ਸਿਧਾਂਤ ਅੰਤਰਰਾਸ਼ਟਰੀਅਤਾ ਅਤੇ ਵਿਸ਼ਵ ਭਾਈਚਾਰੇ ਦੀ ਸਿੱਖ ਵਿਚਾਰਧਾਰਾ ਦਾ ਅਧਾਰ ਹੈ। ਬੰਦਾ ਸਿੰਘ ਬਹਾਦਰ ਨੇ ਕਿਰਤੀ ਕਿਸਾਨਾਂ ਨੂੰ ਉਹਨਾਂ ਦੇ ਹੱਕ ਦੇ ਕੇ ਸੁਖਾਵੇਂ ਰਾਜ ਪ੍ਰਬੰਧ ਦੀ ਸਿਰਜਣਾ ਕੀਤੀ। ਸਾਧਨ ਵਿਹੂਣੇ ਲੋਕਾਂ ਨੂੰ ਸਮਾਨ ਹੱਕਾਂ ਵਾਲੀ ਰਾਜਨੀਤੀ ਦਾ ਰਾਜ ਪ੍ਰਬੰਧ ਪ੍ਰਦਾਨ ਕੀਤਾ। ਸਿੱਖ ਚਿੰਤਨ ਲੋਕ ਕਲਿਆਣਕਾਰੀ ਰਾਜ ਦਾ ਸੰਕਲਪ ਦਿੰਦਾ ਹੋਇਆ ਵਿਅਕਤੀ ਦੇ ਕਲਿਆਣ ਅਤੇ ਉਸ ਦੇ ਸਰਬਪੱਖੀ ਵਿਕਾਸ ਦਾ ਹਾਮੀ ਹੈ। ਹਲੇਮੀ ਰਾਜ ਦੇ ਸੰਕਲਪ ਰਾਹੀਂ ਰਾਜ ਵਿਚਲੇ ਊਚ-ਨੀਚ, ਜਾਤ-ਪਾਤ, ਰੂਪ-ਰੰਗ ਤੇ ਰੇਖ ਭੇਖ ਦੇ ਭਿੰਨ ਭੇਤ ਤੋਂ ਉਪਰ ਉਭਰੇ ਰਾਜ ਬਾਰੇ ਆਦਰਸ਼ ਪ੍ਰਦਾਨ ਦਿੱਤਾ। ਅਜਿਹਾ ਹਲੇਮੀ ਰਾਜ ਜ਼ੋਰ ਜਬਰਦਸਤੀ ਭੈਅ ਅਤੇ ਦਹਿਸ਼ਤ ਤੋਂ ਪਰ੍ਹੇ ਪਿਆਰ ਅਤੇ ਸ਼ਾਂਤੀ ਵਾਲਾ ਰਾਜ ਹੈ। ਇਸ ਤਰ੍ਹਾਂ ਸਿੱਖ ਸ਼ਹਾਦਤ ਪਰੰਪਰਾ ਦਾ ਵਿਸ਼ਵ ਸਮਾਜ ਨੂੰ ਯੋਗਦਾਨ ਬਹੁਤ ਅਮੁੱਲਾ ਹੈ। ਇਹ ਈਸਾਈ ਧਰਮ ਦੇ ਚਰਚ ਦੇ ਸੱਤਾਵਾਦੀ ਰੂਪ ਤੋਂ ਭਿੰਨ ਹੈ, ਸਿੱਖ ਧਰਮ ਰਾਜ ਲਈ ਕੋਈ ਸੱਤਾਵਾਦੀ ਭੁੱਖ ਦੀ ਲਾਲਸਾ ਨਹੀਂ ਰੱਖਦਾ, ਇਸਲਾਮ ਦੀ ਤਰ੍ਹਾਂ ਸਾਰੀਆਂ ਸ਼ਕਤੀਆਂ ਦਾ ਸੋਮਾ ਰੱਬ ਨੂੰ ਮੰਨਦਾ ਹੈ ਪਰ ਜਿਸ ਤਰ੍ਹਾਂ ਇਸਲਾਮ ਵਿਚ ਰੱਬ ਦਾ ਨੁਮਾਇੰਦਾ ਹੋ ਕੇ ਰਾਜੇ ਨੇ ਲੋਕਾਂ ਦੇ ਅਧਿਕਾਰਾਂ ਦਾ ਵਿਨਾਸ਼ ਕੀਤਾ ਅਤੇ ਕੱਟੜ ਧਰਮੀ ਵਜੋਂ ਉਹਨਾਂ ਤੇ ਘੋਰ

ਅੱਤਿਆਚਾਰ ਕੀਤੇ। ਅਜਿਹਾ ਸਿੱਖ ਧਰਮ ਵਿੱਚ ਨਹੀਂ। ਸਿੱਖ ਪਰੰਪਰਾ ਰਾਜੇ ਨੂੰ ਮਨੁੱਖੀ ਕਲਿਆਣ ਦਾ ਸਾਧਨ ਮੰਨਦੀ ਹੈ ਅਤੇ ਜੇਕਰ ਕੋਈ ਰਾਜਾ ਆਪ ਜਨਤਾ ਦਾ ਕਲਿਆਣ ਨਹੀਂ ਕਰਦਾ ਤਾਂ ਸਿੱਖ ਪਰੰਪਰਾ ਉਸ ਵਿਵਸਥਾ ਨੂੰ ਬਦਲਣ ਦੀ ਵਕਾਲਤ ਕਰਦੀ ਹੈ। ਇਸਲਾਮ ਦੀ ਤਰ੍ਹਾਂ ਰਾਜ ਵਿਵਸਥਾ, ਧਾਰਮਿਕ ਕਾਨੂੰਨਾਂ ਦੇ ਅਧੀਨ ਨਹੀਂ। ਸਿੱਖ ਧਰਮ ਵਿਚ ਅਜਿਹੇ ਕੋਈ ਕਾਨੂੰਨ ਨਹੀਂ ਹਨ ਜੋ ਧਰਮ ਰਾਹੀਂ ਰਾਜ ਤੇ ਲਾਗੂ ਕੀਤੇ ਜਾਂਦੇ ਹਨ। ਪੁਰਾਤਨ ਭਾਰਤੀ ਹਿੰਦੂ ਧਰਮ ਵਿਚ ਵੀ ਰਾਜਨੀਤੀ ਨੂੰ ਧਰਮ ਦਾ ਇਕ ਹਿੱਸਾ ਹੀ ਮੰਨਿਆ ਜਾਂਦਾ ਸੀ ਅਤੇ ਧਰਮ ਹੀ ਰਾਜਨੀਤੀ ਨੂੰ ਦਿਸ਼ਾ ਨਿਰਦੇਸ਼ ਕਰਦਾ ਸੀ ਪਰ ਪੁਰਾਤਨ ਭਾਰਤੀ ਧਰਮ ਦੀ ਤਰ੍ਹਾਂ 'ਬ੍ਰਾਹਮਣ' ਅਤੇ 'ਪੁਰੋਹਿਤ' ਵਰਗ ਨੂੰ ਰਾਜਨੀਤੀ ਦਾ ਮੁੱਖ ਨਿਰਦੇਸ਼ਕ ਬਣਾ ਦੇਣਾ ਸਿੱਖ ਧਰਮ ਚਿੰਤਨ ਦਾ ਹਿੱਸਾ ਨਹੀਂ ਹੈ। ਸਿੱਖ ਧਰਮ ਵਿਚ ਅਜਿਹੀ ਕਿਸੇ ਧਾਰਮਿਕ ਵਿਚੋਲੇ ਨੂੰ ਮਹੱਤਤਾ ਨਹੀਂ ਦਿੱਤੀ ਗਈ ਜੋ ਰਾਜਨੀਤੀ ਨੂੰ ਨਿਰਦੇਸ਼ਤ ਕਰੇ। ਇਸ ਪ੍ਰਕਾਰ ਚਰਚ ਦੇ ਸੱਤਾਵਾਦੀ ਰੂਪ, ਇਸਲਾਮ ਦੇ ਸ਼ਰੀਅਤ ਦੇ ਇਲਾਹੀ ਕਾਨੂੰਨ ਅਤੇ ਹਿੰਦੂ ਧਰਮ ਦੇ 'ਬ੍ਰਾਹਮਣ ਤੇ ਪੁਰੋਹਿਤ' ਵਰਗ ਦੀ ਰਾਜਨੀਤੀ ਤੋਂ ਅਲੱਗ ਸਿੱਖ ਰਾਜਨੀਤੀ ਦਾ ਸਿਧਾਂਤ ਮਨੁੱਖੀ ਸਮਾਨਤਾ, ਕਲਿਆਣਕਾਰੀ, ਲੋਕ ਹਿੱਤ ਵਾਲਾ, ਜਨਤਾ ਦਾ ਵਿਸ਼ਵਾਸ ਭਰਪੂਰ ਤੇ ਸੁਰੱਖਿਅਤ ਸਰੂਪ ਵਾਲੀ ਰਾਜਨੀਤੀ ਦਾ ਸੰਕਲਪ ਸਿਰਜਦਾ ਹੈ। ਡਾ. ਵਜੀਰ ਸਿੰਘ ਦਾ ਇਸ ਪ੍ਰਸੰਗ ਵਿੱਚ ਹੇਠ ਲਿਖਿਆ ਵਿਚਾਰ ਸਾਰਥਕ ਪ੍ਰਤੀਤ ਹੁੰਦਾ ਹੈ:

> ਸਿਧਾਂਤ ਰੂਪ ਵਿਚ ਸਿੱਖ ਰਾਜਨੀਤਿਕ ਚਿੰਤਨ ਗੁਰਬਾਣੀ ਦੇ ਆਸ਼ੇ ਦਾ ਅਨੁਸਾਰੀ ਹੋਣ ਦੇ ਨਾਤੇ, ਖੇਤਰੀ ਜਾਂ ਕੌਮੀ ਸੀਮਾਵਾਂ ਨਾਲ ਸਬੰਧਿਤ ਲੋਕਾਂ ਦੀ ਭਲਾਈ ਹੀ ਨਹੀਂ ਚਿਤਵਦਾ, ਸਗੋਂ ਇਹ ਸਮੁੱਚੀ ਮਨੁੱਖਤਾ ਲਈ ਅਜਿਹੇ ਰਾਜਸੀ ਪ੍ਰਬੰਧ ਦਾ ਸੰਕਲਪ ਹੈ ਜੋ ਅੰਤਰਰਾਸ਼ਟਰੀ ਪੱਧਰ ਤੇ ਕਾਰਜ ਕਰੇ ਅਤੇ ਮਾਨਵ ਕਲਿਆਣ ਨੂੰ ਆਪਣਾ ਟੀਚਾ ਬਣਾਵੇ।"[28]

ਸੋ ਸਿੱਖ ਵਿਚਾਰਧਾਰਾ ਦੀ ਵਿਸ਼ਵ ਸਮਾਜ ਨੂੰ ਰਾਜਨੀਤਿਕ ਪੱਧਰ ਤੇ ਦੇਣ ਆਪਣੇ ਆਪ ਵਿਚ ਮਿਸਾਲੀ ਹੈ, ਜੋ ਮਾਨਵੀ ਕਦਰਾਂ-ਕੀਮਤਾਂ ਉਪਰ ਉਸਰੇ ਰਾਜ ਪ੍ਰਬੰਧ ਦੀ ਕਾਮਨਾ ਕਰਦੀ ਹੈ। ਸਿੱਖ ਵਿਚਾਰਧਾਰਾ ਨੇ ਸੁਚੱਜੀ ਰਾਜਨੀਤੀ ਦੇ ਆਦਰਸ਼ ਸਿਰਜਣ ਦੇ ਨਾਲ ਨਾਲ ਅਸਮਾਨਤਾ ਦੀ ਨੀਂਹ ਤੇ ਉਸਰੇ ਹੋਏ ਸਮਾਜਿਕ ਪ੍ਰਬੰਧ ਦਾ ਵੀ ਸੰਪੂਰਨ ਬਦਲਾਵ ਚਾਹਿਆ ਹੈ। ਜਾਤ-ਪਾਤ ਦਾ ਖੰਡਨ, ਦਲਿਤ ਚੇਤਨਾ, ਨਾਰੀ ਚੇਤਨਾ, ਸਮਾਜਿਕ ਨਿਆਂ ਅਤੇ ਸਮਾਜਿਕ ਨੈਤਿਕਤਾ ਦੀ ਸਥਾਪਤੀ ਰਾਹੀਂ ਸੁਚੱਜੇ ਸਮਾਜ ਦੀ ਉਸਾਰੀ ਦੇ ਮਾਨਵਵਾਦੀ ਆਦਰਸ਼ ਵੀ ਸਿਰਜੇ ਹਨ।

## 5.2 ਸਿੱਖ ਸ਼ਹਾਦਤ ਪਰੰਪਰਾ: ਵਿਸ਼ਵੀ ਪਰਿਪੇਖ ਵਿਚ ਸਿੱਖ ਸ਼ਹਾਦਤ ਪਰੰਪਰਾ ਦਾ ਸਮਾਜਿਕ ਯੋਗਦਾਨ

ਮਨੁੱਖੀ ਜੀਵਾਂ ਦੇ ਸਮੂਹ ਨੂੰ ਸਮਾਜ ਕਿਹਾ ਜਾਂਦਾ ਹੈ। ਮਨੁੱਖ ਸਮਾਜਿਕ ਜੀਵ ਹੋਣ ਦੇ ਨਾਤੇ ਆਪਣੀਆਂ ਜ਼ਰੂਰਤਾਂ ਸਮਾਜ ਵਿੱਚ ਰਹਿ ਕੇ ਹੀ ਪੂਰੀਆਂ ਕਰ ਸਕਦਾ ਹੈ, ਜਿਸ ਕਰਕੇ ਉਸ ਨੂੰ ਦੂਜਿਆਂ ਉਤੇ ਵੀ ਨਿਰਭਰ ਰਹਿਣਾ ਪੈਂਦਾ ਹੈ। ਸਮਾਜ ਵਿਚ ਰਹਿ ਕੇ ਦੂਜਿਆਂ ਦੀ ਮਦਦ ਨਾਲ ਉਹ ਆਪਣੀਆਂ ਪਦਾਰਥਿਕ ਲੋੜਾਂ ਦੀ ਹੀ ਪੂਰਤੀ ਨਹੀਂ ਕਰਦਾ ਸਗੋਂ ਮਾਨਸਿਕ, ਸਰੀਰਿਕ, ਸੁਹਜਾਤਮਕ ਅਤੇ ਸਭਿਆਚਾਰਕ ਲੋੜਾਂ ਦੀ ਵੀ ਪੂਰਤੀ ਕਰਦਾ ਹੈ। ਇਸੇ ਲਈ ਸਮਾਜਿਕ ਅਤੇ ਸਭਿਆਚਾਰਕ ਕੀਮਤ ਪ੍ਰਬੰਧ ਹੋਂਦ ਵਿੱਚ ਆਇਆ ਹੈ। ਕੀਮਤ ਪ੍ਰਬੰਧ ਨੂੰ ਅਪਣਾ ਕੇ ਸਮਾਜ ਆਪਣੀ ਵੱਖਰੀ ਸੰਰਚਨਾ ਦੀ ਭੂਮਿਕਾ ਨਿਭਾਉਂਦਾ ਹੈ। ਸੰਸਾਰ ਦੇ ਹਰ ਭੂਗੋਲਿਕ ਖਿੱਤੇ ਅਨੁਸਾਰ ਸਮਾਜ ਦੀ ਸੰਰਚਨਾ ਵੱਖਰੀ-ਵੱਖਰੀ ਹੁੰਦੀ ਹੈ ਜਿਸ ਵਿਚ ਮਨੁੱਖ ਦੇ ਜੀਵਨ ਨਾਲ ਸੰਬੰਧਿਤ ਵਿਸ਼ਵਾਸ ਅਤੇ ਵਤੀਰੇ ਆਉਂਦੇ ਹਨ। ਇਹ ਵਿਵਹਾਰ ਸਮਾਜਿਕ ਕੀਮਤ ਪ੍ਰਬੰਧ ਹੀ ਬਣਾਉਂਦਾ ਹੈ। ਕਿਸੇ ਵੀ ਸਮਾਜ ਦੇ ਕੀਮਤ ਪ੍ਰਬੰਧ ਤੋਂ ਉਸ ਸਮਾਜ ਦੇ ਸਮਾਜਿਕ, ਧਾਰਮਿਕ, ਸਭਿਆਚਾਰਕ ਪੱਧਰ ਤੇ ਚੰਗੇ ਜਾਂ ਮਾੜੇ ਹੋਣ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸਮਾਜ ਇੱਕ ਅਮੂਰਤ ਵਿਵਸਥਾ ਦਾ ਨਮੂਨਾ ਅਤੇ ਸੰਗਠਨ ਹੈ। ਉਹ ਮਨੁੱਖਾਂ

ਦਾ ਸਮੂਹ ਹੀ ਨਹੀਂ ਸਗੋਂ ਉਹਨਾਂ ਦੇ ਪਰਸਪਰ ਵਤੀਰਿਆਂ ਅਤੇ ਸੰਬੰਧਾਂ ਦਾ ਢਾਂਚਾ ਹੈ। ਇਸ ਤਰ੍ਹਾਂ ਸਮਾਜ ਵਿੱਚ ਮਨੁੱਖ ਦੀਆਂ ਸਾਰੀਆਂ ਕਿਰਿਆਵਾਂ, ਵਤੀਰੇ ਅਤੇ ਸੰਬੰਧ ਆ ਜਾਂਦੇ ਹਨ।[29]

ਸਮਾਜ ਮਨੁੱਖੀ ਸੰਬੰਧਾਂ ਦੀ ਉਸ ਸੰਸਥਾ ਦਾ ਨਾਂ ਹੈ ਜਿੱਥੇ ਉਸ ਦੇ ਵਿਸ਼ਵਾਸ, ਵਿਵਹਾਰ ਅਤੇ ਵਤੀਰੇ ਪਲਦੇ ਹਨ। ਸਮਾਜ ਵਿੱਚ ਧਰਮ ਅਤੇ ਸਮਾਜ ਦਾ ਆਪਸ ਵਿਚ ਬਹੁਤ ਡੂੰਘਾ ਸੰਬੰਧ ਹੈ। ਧਰਮ ਮਨੁੱਖੀ ਜ਼ਿੰਦਗੀ ਨੂੰ ਸੁਵਿਵਸਥਿਤ ਕਰਦਾ ਹੋਇਆ ਨੈਤਿਕਤਾ ਪ੍ਰਦਾਨ ਕਰਦਾ ਹੈ ਅਤੇ ਇਹੀ ਨੈਤਿਕਤਾ ਕਿਸੇ ਵੀ ਸਮਾਜ ਦੇ ਵਿਕਾਸ ਵਿਚ ਬਹੁਤ ਸਹਾਈ ਹੁੰਦੀ ਹੈ। ਸਿੱਖ ਧਰਮ ਮਾਨਵਤਾ ਦੇ ਪਾਲਣ ਦਾ ਧਰਮ ਹੈ ਅਤੇ ਸਿੱਖ ਸ਼ਹਾਦਤ ਪਰੰਪਰਾ ਨੇ ਸਮਾਜ ਨੂੰ ਵਿਸ਼ਵ ਪੱਧਰ ਤੇ ਦੇਣ ਦਿੱਤੀ ਹੈ। ਸਮਾਜ ਵਿਚੋਂ ਬੁਰਾਈਆਂ ਦੇ ਖਾਤਮੇ ਲਈ ਅਤੇ ਮਨੁੱਖੀ ਕਦਰਾਂ-ਕੀਮਤਾਂ ਵਿਚ ਵਾਧਾ ਕਰਨ ਵਾਲੇ ਨਵੇਂ ਸਮਾਜ ਦੀ ਸਿਰਜਣਾ ਕੀਤੀ ਹੈ। ਇਹ ਸਿਰਫ ਸਿਧਾਂਤਕ ਪੱਧਰ ਤੇ ਹੀ ਨਹੀਂ ਸਗੋਂ ਵਿਵਹਾਰਿਕ ਪੱਧਰ ਤੇ ਵੀ ਸਿੱਧ ਕਰਕੇ ਦਿਖਾਇਆ ਹੈ। ਸਿੱਖ ਸ਼ਹਾਦਤ ਪਰੰਪਰਾ ਨੇ ਸਮਾਜ ਵਿਚਲੇ ਅਣਗੌਲੇ ਤੇ ਦੱਬੇ ਕੁਚਲੇ ਲੋਕਾਂ ਦੀ ਬਾਂਹ ਫੜੀ ਅਤੇ ਉਹਨਾਂ ਦੇ ਸਵੈਮਾਣ ਨੂੰ ਉੱਚਾ ਚੁੱਕਣ ਲਈ ਚੇਤਨਾ ਪੈਦਾ ਕੀਤੀ।

### ਸਮਾਜ ਵਿੱਚ ਦਲਿਤ ਚੇਤਨਾ ਪੈਦਾ ਕਰਨਾ

ਦਲਿਤ ਸ਼ਬਦ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਦਬਿਆ-ਕੁਚਲਿਆ ਜਾਂ ਲਤਾੜਿਆ ਹੋਇਆ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿੱਚ ਦਲਿਤ ਸ਼ਬਦ ਦੇ ਅਰਥ ਦਲਿਆ ਹੋਇਆ, ਕੁਚਲਿਆ ਹੋਇਆ, ਹੀਣ ਜਾਤੀ ਵਾਲਾ, ਉੱਚੀਆਂ ਜਾਤਾਂ ਦੇ ਪੈਰਾਂ ਹੇਠ ਦਲਿਆ ਹੋਇਆ ਦਰਸਾਏ ਹਨ।[30] ਆਧੁਨਿਕ ਵਿਦਵਾਨ ਵੀ ਦਲਿਤ ਉਹਨਾਂ ਨੂੰ ਹੀ ਮੰਨਦੇ ਹਨ ਜੋ ਸਮੇਂ ਸਮੇਂ ਤੇ ਉੱਚੀਆਂ ਜਾਤਾਂ ਦੇ ਸ਼ੋਸਣ ਦਾ ਸ਼ਿਕਾਰ ਹੁੰਦੇ ਰਹੇ ਹਨ। ਦਲਿਤ ਦੀ ਹਸਤੀ ਪਸ਼ੂਆਂ ਤੋਂ ਵੀ ਹੇਠਾਂ ਗਿਣੀ ਜਾਂਦੀ ਹੈ ਅਤੇ ਉਸ ਦੇ ਸਵੈਮਾਣ ਨੂੰ ਹਮੇਸ਼ਾਂ ਸੱਟ ਮਾਰੀ ਜਾਂਦੀ ਰਹੀ ਹੈ। ਦਲਿਤ ਜੀਵਨ ਵਿੱਚ ਸਾਰੀਆਂ ਸਹੂਲਤਾਂ ਤੋਂ ਵਾਂਝਾ ਰਹਿੰਦਾ ਹੋਇਆ

ਮਾਨਸਿਕ ਤਣਾਅ ਅਤੇ ਯਾਤਨਾਵਾਂ ਸਹਿੰਦਾ ਹੋਇਆ ਬੇਵੱਸ ਅਤੇ ਨਿਆਸਰਾ ਹੁੰਦਾ ਹੈ। ਸਿੱਖ ਸ਼ਹਾਦਤ ਪਰੰਪਰਾ ਵਿਚ ਗੁਰੂ ਸਾਹਿਬਾਨ ਨੇ ਦਲਿਤ ਲੋਕਾਂ ਨੂੰ ਸਮਾਜ ਵਿਚ ਬਣਦੀ ਜਗ੍ਹਾ ਦੇਣ ਲਈ ਸਮਾਜ ਵਿਚਲੇ ਪਾੜੇ ਨੂੰ ਮੇਟਦਿਆਂ ਨੀਵੀਆਂ ਸ਼੍ਰੇਣੀਆਂ ਵਿਚੋਂ ਇਸ ਪਰੰਪਰਾ ਵਿਚ ਸ਼ਾਮਿਲ ਕੀਤਾ। ਭਾਈ ਸੰਗਤ ਸਿੰਘ, ਭਾਈ ਕੋਠਾ ਸਿੰਘ, ਭਾਈ ਆਲਮ ਸਿੰਘ ਆਦਿ ਦੀ ਮਿਸਾਲ ਸਿੱਖ ਸ਼ਹਾਦਤ ਪਰੰਪਰਾ ਵਿਚ ਪ੍ਰਮਾਣ ਹੈ। ਦਲਿਤ ਚੇਤਨਾ ਜੀਵਨ ਦੇ ਹਰ ਖੇਤਰ ਵਿੱਚ ਡਰਾਏ, ਧਮਕਾਏ, ਫਿਟਕਾਰੇ, ਦੁਰਕਾਰੇ ਜਾਂਦੇ ਮਨੁੱਖਾਂ ਲਈ ਕੀਤੇ ਜਾਂਦੇ ਯਤਨ ਦਾ ਪ੍ਰਬੰਧ ਹੈ। ਦਲਿਤ ਚੇਤਨਾ ਸਮਾਜਿਕ ਬਰਾਬਰੀ ਨੂੰ ਪ੍ਰੋਤਸਾਹਿਤ ਕਰਦੀ ਹੋਈ ਜਾਤ-ਪਾਤ ਦੇ ਵਿਤਕਰੇ ਨੂੰ ਮਿਟਾਉਂਦੀ ਹੈ। ਦਲਿਤ ਚੇਤਨਾ ਰਾਹੀਂ ਮਨੁੱਖ ਨੂੰ ਅਣਮਨੁੱਖੀ ਵਿਤਕਰੇ ਵਿੱਚ ਹਾਰਿਆ ਹੋਇਆ ਨਹੀਂ ਸਗੋਂ ਸੰਘਰਸ਼ ਕਰਦਾ ਹੋਇਆ ਦਿਖਾਇਆ ਜਾਂਦਾ ਹੈ। ਡਾ. ਜਸਬੀਰ ਸਿੰਘ ਸਾਬਰ ਪੁਸਤਕ 'ਰਵਿਦਾਸ ਬਾਣੀ ਬਹੁਪੱਖੀ ਅਧਿਐਨ' ਵਿੱਚ ਦਲਿਤ ਚੇਤਨਾ ਸੰਬੰਧੀ ਲਿਖਦੇ ਹਨ:

> ਦਲਿਤ ਚੇਤਨਾ ਚਿੰਤਨ ਤੋਂ ਭਾਵ ਨਿਰੋਲ ਜਾਤੀ ਉਤਪੀੜਨ ਕਾਰਨਾਂ ਪ੍ਰਤੀ ਆਕਰੋਸ਼ ਦੀ ਭਾਵਨਾ ਪੈਦਾ ਕਰਕੇ ਭਾਰਤੀ ਸਮਾਜ ਵਿੱਚ ਚੰਗੇ ਤੇ ਨਿਰਮਾਣਕਾਰੀ ਤੱਤ ਪੈਦਾ ਕਰਨਾ ਹੀ ਨਹੀਂ ਸਗੋਂ ਭਾਰਤੀ ਸਮਾਜ ਵਿੱਚ ਜਾਤੀ ਗੌਰਵ 'ਚੋਂ ਪੈਦਾ ਹੋਈ ਖਤਰਨਾਕ ਵਿਚਾਰਧਾਰਾ ਪ੍ਰਤੀ ਮਨੁੱਖ ਨੂੰ ਸੁਚੇਤ ਕਰਨਾ ਵੀ ਹੈ। ਦਲਿਤ ਚੇਤਨਾ ਉਹਨਾਂ ਮੁੱਲਾਂ, ਨਿਯਮਾਂ, ਸੂਤਰਾਂ ਦੀਆਂ ਸਮਾਜਿਕ ਦਰਜਾ ਬੰਦੀਆਂ ਨੂੰ ਨਕਾਰਦੀ ਹੈ ਜਿਹੜੀਆਂ ਵਰਣ ਵਿਵਸਥਾ ਨੂੰ ਬਣਾਈ ਰੱਖਣ ਤੇ ਜਾਤ-ਪਾਤ ਵਰਤਾਰੇ ਸਥਾਪਿਤ ਕਰਨ ਲਈ ਪ੍ਰੇਰਕ ਬਣਦੀਆਂ ਹਨ। ਦਲਿਤ ਚੇਤਨਾ ਰੂੜੀਵਾਦੀ ਸਾਂਸਕ੍ਰਿਤ ਚੇਤਨਾ ਦੇ ਖਿਲਾਫ ਵਿਵੇਕਸ਼ੀਲ ਤੇ ਮਾਨਵਵਾਦੀ ਸੰਘਰਸ਼ ਚੇਤਨਾ ਨੂੰ ਉਭਾਰਦੀ ਹੈ।[31]

ਉਪਰੋਕਤ ਪਰਿਭਾਸ਼ਾ ਰਾਹੀਂ ਇਸ ਗਲ ਦੀ ਪੁਸ਼ਟੀ ਹੁੰਦੀ ਹੈ ਕਿ ਦਲਿਤ ਵਿਅਕਤੀ ਲਤਾੜਿਆ ਹੋਇਆ, ਦੱਬਿਆ ਕੁਚਲਿਆ ਹੁੰਦਾ ਹੈ। ਦਲਿਤ ਚੇਤਨਾ ਉਸ ਨੂੰ ਉਸ ਦੀ ਸਥਿਤੀ ਪ੍ਰਤੀ ਚੇਤੰਨ ਕਰਵਾ ਕੇ ਉਸ ਦੇ ਜੀਵਨ ਦੀਆਂ ਪ੍ਰਸਥਿਤੀਆਂ ਨੂੰ ਬਿਹਤਰ ਬਣਾਉਣ ਦਾ ਯਤਨ ਹੈ। ਇਤਿਹਾਸ ਅਤੇ ਵਿਸ਼ਵ ਧਰਮਾਂ ਦੇ ਪੱਧਰ ਤੇ ਵੇਖਿਆਂ ਇਹ ਪਤਾ ਲਗਦਾ ਹੈ ਕਿ ਈਸਾਈ ਅਤੇ ਇਸਲਾਮ ਧਰਮ ਵਿੱਚ ਕੋਈ ਵਰਣ ਵੰਡ ਪ੍ਰਣਾਲੀ ਨਹੀਂ ਹੈ ਪਰ ਭਾਰਤੀ ਧਰਮਾਂ ਦੇ ਇਤਿਹਾਸ ਵਿੱਚ ਹਿੰਦੂ ਵਿਵਸਥਾ ਸਦਾ ਜਾਤ-ਪਾਤ ਦੇ ਪੈਟਰਨਾਂ ਤੇ ਅਧਾਰਿਤ ਰਹੀ ਹੈ। ਵੈਦਿਕ ਕਾਲ ਤੋਂ ਹੀ ਇਸ ਦੇ ਬੀਜ ਫੁੱਟਣੇ ਸ਼ੁਰੂ ਹੋ ਗਏ ਸਨ। ਵੇਦਾਂ ਵਿੱਚ ਬ੍ਰਾਹਮਣਾਂ ਦਾ ਕੰਮ ਵੇਦਾਂ ਨੂੰ ਘੋਖਣਾ, ਖਤਰੀ ਦਾ ਕੰਮ ਲੜਨਾ, ਵੈਸ਼ ਦਾ ਕੰਮ ਵਪਾਰ ਤੇ ਖੇਤੀ ਦੇ ਕੰਮ ਕਰਨਾ ਅਤੇ ਸ਼ੂਦਰਾਂ ਦਾ ਕੰਮ ਦੂਜਿਆਂ ਦੀ ਸੇਵਾ ਕਰਨਾ ਤੇ ਗੰਦਗੀ ਨੂੰ ਸਾਫ ਕਰਨਾ ਮੰਨਿਆ ਗਿਆ ਹੈ। ਇਸ ਤੋਂ ਇਲਾਵਾ ਇਹ ਵੀ ਮੰਨਿਆ ਗਿਆ ਹੈ ਕਿਃ

- ਬ੍ਰਹਮਾ ਨੇ ਸ਼੍ਰਿਸਟੀ ਨਿਰਮਾਣ ਦੇ ਨਾਲ ਨਾਲ ਹੀ ਸਭ ਜੀਵਾਂ ਦੇ ਨਾਮ ਅਤੇ ਕਰਮ ਵੇਦਾਂ ਵਿਚੋਂ ਸ਼ਬਦ ਲੈ ਕੇ ਨਿਸ਼ਚਿਤ ਕੀਤੇ।[32]
- ਬ੍ਰਹਮਾ ਨੇ ਲੋਕਾਂ ਦੀ ਬੜੋਹਤਰੀ ਲਈ ਆਪਣੇ ਮੂੰਹ, ਬਾਹਾਂ, ਪੱਟਾਂ ਅਤੇ ਪੈਰਾਂ ਤੋਂ ਨੰਬਰਵਾਰ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਵਰਣਾਂ ਨੂੰ ਪੈਦਾ ਕੀਤਾ।[33]

ਵੇਦਾਂ ਦੇ ਪਿੱਛੋਂ ਮਹਾਂਕਾਵਿ ਅਤੇ ਧਰਮ ਸ਼ਾਸਤਰਾਂ ਵਿਚੋਂ ਮਨੂੰ ਸਿਮਰਤੀ ਦਾ ਵਿਸ਼ੇਸ਼ ਸਥਾਨ ਹੈ ਜਿਸ ਵਿੱਚ ਚਾਰੇ ਵਰਣਾਂ ਦੇ ਅਧਿਕਾਰ, ਕਰਮ ਦੀ ਵੰਡ ਤੇ ਸਮਾਜਿਕ ਪਦਵੀ ਤੇ ਦਰਜੇਬੰਦੀ ਨੂੰ ਧਰਮ ਕਰਮ ਦੀਆਂ ਦਲੀਲਾਂ ਰਾਹੀਂ ਨਿਯਤ ਕਰਦਿਆਂ ਇਸ ਅਮਾਨਵੀ ਵਰਤਾਰੇ ਨੂੰ ਨਿਆਂ ਪੂਰਵਕ ਦਰਸਾਇਆ ਗਿਆ ਹੈ। ਪੜ੍ਹਨ ਲਿਖਣ ਦੇ ਕੰਮ ਅਤੇ ਧਰਮ ਕਰਮ ਦੇ ਕੰਮ ਬ੍ਰਾਹਮਣਾਂ ਨੂੰ ਸੌਂਪ ਦਿੱਤੇ ਗਏ ਅਤੇ ਸਭ ਤੋਂ ਨੀਵਾਂ ਕੰਮ ਸ਼ੂਦਰਾਂ ਦਾ ਮਿਥਿਆ ਗਿਆ ਜਿਨ੍ਹਾਂ ਦੀ ਸਥਿਤੀ ਬਹੁਤ ਤ੍ਰਿਸਕਾਰੀ, ਫਿਟਕਾਰੀ ਅਤੇ ਤਰਸਭਰੀ ਰਹੀ ਹੈ। ਸਮਾਜਿਕ ਪੱਧਰ ਤੇ ਬ੍ਰਾਹਮਣਾਂ ਨੇ ਆਪਣੇ ਕੱਪੜੇ ਅਤੇ ਗਹਿਣੇ ਵੀ ਰਾਖਵੇਂ ਨਿਯਤ ਕੀਤੇ। ਸ਼ੂਦਰ ਜਾਤੀ ਦੇ

ਲੋਕਾਂ ਲਈ ਲੱਕ ਤੋਂ ਉਪਰ ਤਨ ਢੱਕਣਾ ਸਜ਼ਾਕਾਰੀ ਸੀ। ਉਹ ਸੋਨੇ ਚਾਂਦੀ ਦੇ ਗਹਿਣੇ ਨਹੀਂ ਪਾ ਸਕਦੇ ਸਨ। ਜੁੱਤੀ ਅਤੇ ਛਤਰ ਦੀ ਵਰਤੋਂ ਦੀ ਵੀ ਮਨਾਹੀ ਸੀ। ਬ੍ਰਾਹਮਣਾਂ ਨੇ ਸ਼ੂਦਰ ਜਾਤੀ ਲਈ ਦੂਰੀ ਵੀ ਨਿਸ਼ਚਿਤ ਕੀਤੀ ਹੋਈ ਸੀ। ਸ਼ੂਦਰ ਬ੍ਰਾਹਮਣ ਤੋਂ 99 ਫੁੱਟ ਦੀ ਦੂਰੀ ਤੇ ਖਤਰੀ 66 ਫੁੱਟ ਦੀ ਦੂਰੀ ਤੇ, ਵੈਸ਼ 33 ਫੁੱਟ ਦੀ ਦੂਰੀ ਤੋਂ ਹੀ ਗੱਲ ਕਰ ਸਕਦਾ ਸੀ। ਸ਼ੂਦਰਾਂ ਨੂੰ ਅੰਤਤਿਆਜਾ, ਪਰੀਹ ਅਤੇ ਅਛੂਤ ਨਾਵਾਂ ਨਾਲ ਜਾਣਿਆ ਜਾਂਦਾ ਸੀ। ਇੱਕ ਕੁੱਤਾ ਤਾਂ ਖੂਹ ਉਤੇ ਖੜ ਸਕਦਾ ਸੀ ਪਰ ਸ਼ੂਦਰ ਦਾ ਖੜਨਾ ਸਜ਼ਾਕਾਰੀ ਸੀ ਅਤੇ ਇਸ ਲਈ ਉਸਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ। ਹਨ੍ਹੇਰੀਆਂ ਰਾਤਾਂ ਦੌਰਾਨ ਸ਼ੂਦਰ ਲਈ ਗਲ ਵਿੱਚ ਟੱਲੀ ਪਾ ਕੇ ਤੁਰਨ ਦਾ ਨਿਯਮ ਬਣਾਇਆ ਗਿਆ ਸੀ। ਸ਼ੂਦਰ ਉੱਚੀ ਜਾਤੀ ਦੇ ਲੋਕਾਂ ਦੁਆਰਾ ਲਾਹ ਕੇ ਸੁੱਟੇ ਹੋਏ ਕਪੜਿਆਂ ਨੂੰ ਪਾਉਣ ਲਈ ਮਜਬੂਰ ਸਨ। ਸ਼ੂਦਰਾਂ ਨੂੰ ਮੰਦਿਰਾਂ ਵਿੱਚ ਜਾਣ ਦੀ, ਵੇਦ ਤੇ ਸੰਸਕ੍ਰਿਤ ਪੜ੍ਹਨ ਮਨਾਹੀ ਸੀ। ਲੇਖਕ B.N. Luniya, ਪੁਸਤਕ Evolution of Indian Culture ਵਿੱਚ ਐਲਬੇਰੂਨੀ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ ਕਿ ਐਲਬੇਰੂਨੀ ਨੇ ਆਪਣੀ ਪੁਸਤਕ 'Ktabal Hind Al-Berunis India' ਵਿੱਚ ਲਿਖਿਆ ਹੈ ਕਿ ਜੇਕਰ ਕੋਈ ਸ਼ੂਦਰ ਆਪਣੇ ਮੂੰਹ ਤੋਂ 'ਓਮ' ਦਾ ਪਵਿੱਤਰ ਸ਼ਬਦ ਉਚਾਰਣ ਕਰਦਾ ਤਾਂ ਸ਼ੂਦਰ ਦੀ ਜੀਭ ਸਮੇਂ ਦੇ ਮੈਜਿਸਟ੍ਰੇਟ ਦੇ ਹੁਕਮਾਂ ਨਾਲ ਕੱਟ ਦਿੱਤੀ ਜਾਂਦੀ।[34] ਇਸ ਤਰ੍ਹਾਂ ਅਣਮਨੁੱਖੀ ਤਸੀਹੇ ਝੱਲਦੇ ਹੋਏ ਸ਼ੂਦਰ ਜਾਤੀ ਦੇ ਲੋਕ ਨਰਕ ਵਰਗਾ ਜੀਵਨ ਜਿਊਣ ਲਈ ਮਜ਼ਬੂਰ ਸਨ। ਉਹ ਗੁਲਾਮੀ ਵਾਲਾ ਜੀਵਨ ਜਿਊਣ ਦੇ ਆਦੀ ਹੋ ਚੁਕੇ ਸਨ ਅਤੇ ਉਹਨਾਂ ਵਿਚੋਂ ਸਵੈਮਾਣ ਖਤਮ ਹੋ ਚੁਕਾ ਸੀ। ਵਰਣ ਵੰਡ ਦੀ ਦਲਦਲ ਨੇ ਉਹਨਾਂ ਨੂੰ ਡੂੰਘੀ ਖਾਈ ਵਿਚ ਸੁੱਟ ਦਿੱਤਾ ਸੀ। ਇਸ ਵਰਣ ਵੰਡ ਭਰੀ ਵਿਵਸਥਾ ਨੂੰ ਸਭ ਤੋਂ ਪਹਿਲਾਂ ਭਗਤਾਂ ਨੇ ਚੁਣੌਤੀ ਦਿੱਤੀ ਪਰ ਉਹਨਾਂ ਦੀ ਚੁਣੌਤੀ ਦਾ ਅਧਾਰ ਉਚ ਵਰਗ ਦੇ ਟਾਕਰੇ ਤੇ ਪ੍ਰਭੂ ਭਗਤੀ ਦਾ ਬਦਲ ਦਿੰਦਿਆਂ ਪ੍ਰਭੂ ਸਿਮਰਣ ਤੇ ਜ਼ੋਰ ਦਿੱਤਾ ਗਿਆ ਤੇ ਕਿਹਾ ਕਿ ਪ੍ਰਭੂ ਸਿਮਰਣ ਨਾਲ ਪਤਿਤ ਤੋਂ ਪੁਨੀਤ ਹੋਇਆ ਜਾ ਸਕਦਾ ਹੈ।

ਅੱਜ ਦੇ ਵਿਸ਼ਵੀ ਪਰਿਪੇਖ ਵਿੱਚ ਦਲਿਤ ਚੇਤਨਾ ਦਾ ਮਸਲਾ ਵਿਆਪਕ ਪੱਧਰ ਤੇ ਫੈਲ ਚੁੱਕਾ ਹੈ। ਅੱਜ ਭਾਰਤ ਹੀ ਨਹੀਂ ਵਿਸ਼ਵੀ ਪੱਧਰ ਤੇ ਭੇਦ-ਭਾਵ, ਨਸਲੀ ਵਿਤਕਰੇ,

ਨਸਲੀ ਹਿੰਸਾ, ਊਚ ਨੀਚ ਦੀਆਂ ਭਿਆਨਕ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਦਲਿਤ ਨਾਲ ਹੋ ਰਿਹਾ ਵਰਤਾਰਾ ਅੱਜ ਵੀ ਮਨੁੱਖੀ ਸੋਚ ਤੇ ਭਾਰੂ ਹੈ। ਗੁਰੂ ਸਾਹਿਬਾਨ ਨੇ ਸੈਂਕੜੇ ਸਾਲ ਪਹਿਲਾਂ ਇਸ ਵਰਤਾਰੇ ਨੂੰ ਨਿੰਦਿਆ ਤੇ ਸਮਾਜ ਨੂੰ ਮਾਨਵ ਏਕਤਾ ਦਾ ਪਾਠ ਪੜ੍ਹਾਇਆ। ਗੁਰੂ ਸਾਹਿਬਾਨ ਨੇ ਦਲਿਤ/ਦਮਿਤ, ਦਬੇ ਕੁਚਲੇ, ਲਤਾੜੇ ਲੋਕਾਂ ਦੇ ਹੱਕ, ਨਿਆਂ ਤੇ ਸੱਚ ਦੀ ਖਾਤਿਰ ਇੱਕ ਕ੍ਰਾਂਤੀਕਾਰੀ ਸੰਵਾਦ ਸਿਰਜਿਆ:

> ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
> ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
> ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀ॥[35]

ਸਿੱਖ ਵਿਚਾਰਧਾਰਾ ਵਿੱਚ ਜਾਤ ਦਾ ਜਨਮ ਨਾਲ ਸੰਬੰਧਿਤ ਹੋਣਾ ਬੇਅਰਥ ਦੱਸਿਆ ਗਿਆ ਹੈ ਕਿਉਂਕਿ ਸਭ ਮਨੁੱਖ ਇਕੋ ਪਰਮਾਤਮਾ ਦੀ ਸਿਰਜਣਾ ਹਨ। ਗੁਰੂ ਅਮਰਦਾਸ ਜੀ ਨੇ 'ਮਾਟੀ ਏਕ ਸਗਲ ਸੰਸਾਰਾ ਬਹੁ ਬਿਧਿ ਭਾਂਡੇ ਘੜੇ ਕੁਮ੍ਰਾ' ਦਾ ਦ੍ਰਿਸ਼ਟਾਂਤ ਦੇ ਕੇ ਸਪੱਸ਼ਟ ਕੀਤਾ ਹੈ:

> ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
> ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥
> ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
> ਇਸ ਗਰਬ ਤੇ ਚਲਹਿ ਬਹੁਤ ਵਿਕਾਰਾ॥
> ਚਾਰੇ ਵਰਨ ਆਖੈ ਸਭੁ ਕੋਈ॥
> ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥
> ਮਾਟੀ ਏਕ ਸਗਲ ਸੰਸਾਰਾ॥
> ਬਹੁ ਬਿਧਿ ਭਾਂਡੇ ਘੜੈ ਕੁਮ੍ਾਰਾ॥[36]

ਗੁਰੂ ਸਾਹਿਬਾਨ ਨੇ ਨੀਵੀਂਆਂ ਜਾਤਾਂ ਨਾਲ ਪ੍ਰੇਮ ਤੇ ਹਮਦਰਦੀ ਵਾਲਾ ਵਤੀਰਾ ਅਪਣਾਉਂਦੇ ਹੋਏ ਵਿਸ਼ਵ ਭਾਈਚਾਰੇ ਦਾ ਸੁਨੇਹਾ ਦਿੱਤਾ ਹੈ। ਮਨੁੱਖ ਦਾ ਅਸਲੀ ਜੀਵਨ

ਲਕਸ਼, ਜਾਤ ਪਾਤ ਤੋਂ ਉਂਚੇ ਉਠ ਕੇ ਹਰੀ ਕੇ ਨਾਮ ਵਿੱਚ ਰੰਗੇ ਜਾਣਾ ਹੈ। ਗੁਰੂ ਸਾਹਿਬਾਨ ਨੇ ਮਨੁੱਖਤਾ ਦੀ ਭਲਾਈ ਦਾ ਸੰਕਲਪ ਸਥਾਪਿਤ ਕਰਦਿਆਂ ਸ਼ੁਭ ਅਮਲਾਂ ਅਤੇ ਕਰਮਾਂ ਵਾਲੇ ਸੁਹਿਰਦ ਮਾਨਵ ਨੂੰ ਸਰਬ ਸ੍ਰੇਸ਼ਠ ਸਾਬਿਤ ਕੀਤਾ ਹੈ:

ਜਨਹੁ ਜੋਤਿ ਨ ਪੂਛਹੁ ਜਾਤੀ।।
ਆਗੈ ਜਾਤਿ ਨ ਹੇ।।[37]

ਸਿੱਖ ਚਿੰਤਨ ਵਿੱਚ ਕਿਸੇ ਇੱਕ ਧਰਮ ਜਾਂ ਇੱਕ ਜਾਤ ਦੀ ਨਹੀਂ ਸਗੋਂ ਹਰ ਜਾਤ ਦੀ ਇੱਜ਼ਤ, ਹਰ ਧਰਮ ਦਾ ਮਾਣ ਕੀਤਾ ਗਿਆ ਹੈ ਜੋ ਨੇਕ ਕਰਮਾਂ ਅਤੇ ਸ਼ੁਭ ਅਮਲਾਂ ਦੀ ਪਾਲਣਾ ਕਰਦੇ ਹਨ:

ਜਾਤਿ ਜਨਮੁ ਨਹ ਪੂਛੀਐ।।
ਸਚ ਘਰੁ ਲੇਹੁ ਬਤਾਇ।।
ਸਾ ਜਾਤਿ ਸਾ ਪਤਿ ਹੈ।।
ਜੇਹੇ ਕਰਮ ਕਮਾਇ।।[38]

ਸਿੱਖ ਵਿਚਾਰਧਾਰਾ ਦਲਿਤ ਦੇ ਸ਼ੋਸਣ ਵਿਰੁੱਧ ਰੂਹਾਨੀ ਵਿਵੇਕ ਅਤੇ ਨੈਤਿਕ ਚੇਤੰਨਤਾ ਦੇ ਸੰਦੇਸ਼ ਨੂੰ ਸੰਚਾਰਦੀ ਹੈ। ਸਮੂਹ ਮਾਨਵ ਜਾਤੀ ਵਿੱਚ ਉਸ ਜੋਤ ਦੇ ਅੰਸ਼ ਨੂੰ ਵਿਦਵਾਨ ਮੰਨਦੀ ਹੋਈ ਜਾਤੀ ਉੱਤਮਤਾ ਦੀ ਧਾਰਨਾ ਨੂੰ ਨਕਾਰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਦੇਸ਼ ਦੇ ਵੱਖ ਵੱਖ ਖੇਤਰਾਂ ਤੋਂ ਭਗਤਾਂ/ਭੱਟਾਂ ਨੂੰ ਸਮਾਨ ਦਰਜਾ ਦਿੱਤਾ। ਇਹ ਉਹਨਾਂ ਦੀ ਸਰਬਸਾਂਝੀਵਾਲਤਾ ਅਤੇ ਵਰਗ ਵੰਡਾਂ ਨੂੰ ਖਤਮ ਕਰਨ ਦਾ ਵਿਹਾਰਿਕ ਉਪਰਾਲਾ ਸੀ । ਸਿੱਖ ਸ਼ਹਾਦਤ ਪਰੰਪਰਾ ਨੇ ਮਾਵਨਵਾਦੀ ਵਿਕਾਸ ਦੀ ਪ੍ਰਤੀਬੱਧਤਾ ਵੀ ਭਾਵਨਾ ਵਾਲੇ ਮਾਡਲ ਸਿਰਜੇ ਹਨ ਜੋ ਮਾਨਵ ਹਿੱਤਕਾਰੀ, ਸਦਾਚਾਰੀ, ਕਲਿਆਣਕਾਰੀ, ਪਰਉਪਕਾਰੀ ਤੇ ਸਾਂਝੀਵਾਲਤਾ ਦੇ ਸਰੋਕਾਰਾਂ ਨਾਲ ਓਤ-ਪੋਤ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ 'ਪੰਜ ਪਿਆਰਿਆਂ' ਦੀ ਚੋਣ ਕਰਦੇ ਸਮੇਂ ਜਾਤੀ-ਪਾਤੀ ਪ੍ਰਥਾ ਤੋਂ ਉਪਰ ਉੱਠ ਕੇ

ਵੱਖ-ਵੱਖ ਜਾਤਾਂ ਚੋਂ ਸਿੰਘ ਚੁਣ ਕੇ ਜਾਤੀ ਹੀਣ ਸਮਾਜ ਦੀ ਸਥਾਪਨਾ ਕਰਨੀ ਸੀ। ਡਾ. ਜਸਪਾਲ ਸਿੰਘ ਦਾ ਵਿਚਾਰ ਹੈ:

> ਗੁਰੂ ਗੋਬਿੰਦ ਸਿੰਘ ਜੀ ਦਾ ਸਪਸ਼ਟ ਇਰਾਦਾ ਇਕ ਜਾਤੀ ਹੀਣ ਸਮਾਜ ਦੀ ਸਥਾਪਨਾ ਕਰਨ ਦਾ ਸੀ। ਉਹ ਚਾਹੁੰਦੇ ਸਨ ਕਿ ਉਨਾਂ ਦੇ ਸਿੱਖ ਪੁਰਾਣੇ ਭਾਰਤੀ ਸਮਾਜ ਨਾਲੋਂ ਮੁਕੰਮਲ ਤੌਰ ਤੇ ਨਾਤਾ ਤੋੜ ਲੈਣ ਅਤੇ ਇਕ ਐਸੇ ਨਵੇਂ ਆਦਰਸ਼ਕ ਸਮਾਜ ਦੇ ਰੂਪ ਵਿਚ ਸੰਗਠਿਤ ਹੋ ਜਾਣ ਜਿਹੜਾ ਜਾਤ-ਪਾਤ ਦੇ ਵਿਤਕਰਿਆਂ ਤੋਂ ਪੂਰੀ ਤਰ੍ਹਾਂ ਮੁਕਤ ਹੋਵੇ।[39]

ਇਸ ਪ੍ਰਕਾਰ ਜਾਤੀ ਰਹਿਤ ਸਮਾਜ ਦਾ ਨਿਸ਼ਾਨਾ ਹੀ ਸਿੱਖ ਸ਼ਹਾਦਤ ਪਰੰਪਰਾ ਦਾ ਸਮਾਜਕ ਆਦਰਸ਼ ਹੈ। ਸਮਾਨਤਾ ਦੇ ਸਿਧਾਂਤ ਨੂੰ ਵਿਹਾਰ ਰੂਪ ਦਿੰਦਿਆਂ ਗੁਰੂ ਸਾਹਿਬਾਨ ਨੇ ਧਰਮਸਾਲ, ਸੰਗਤ, ਪੰਗਤ ਅਤੇ ਲੰਗਰ ਦੀ ਸੰਸਥਾ ਦੀ ਸਥਾਪਨਾ ਕੀਤੀ। ਸੰਗਤ ਦੀ ਪ੍ਰਥਾ ਸਮਾਜ ਨੂੰ ਇਕ ਪਲੇਟਫਾਰਮ ਤੇ ਇਕੱਠਾ ਕਰਨ ਦਾ ਉਪਰਾਲਾ ਹੈ। ਸੰਗਤ ਵਿਚ ਹਰ ਵਿਅਕਤੀ ਬਰਾਬਰਤਾ ਦੇ ਅਧਿਕਾਰ ਰਾਹੀਂ ਬੈਠ ਸਕਦਾ ਹੈ। ਸੰਗਤ ਵਿਚ ਊਚ-ਨੀਚ, ਅਮੀਰ-ਗਰੀਬ, ਜਾਤ-ਕੁਜਾਤ ਦਾ ਭੇਦ ਭਾਵ ਨਹੀਂ ਰਹਿੰਦਾ। ਮੈਕਾਲਫ ਇਸ ਸੰਬੰਧੀ ਪੁਸਤਕ 'ਸਿੱਖ ਹਿਸਟਰੀ' ਵਿਚ ਲਿਖਦਾ ਹੈ:

> ਗੁਰੂ ਸਾਹਿਬ ਦੇ ਸਮੇਂ ਵਿਆਹ ਸ਼ਾਦੀਆਂ ਵੇਲੇ ਜਾਤ-ਪਾਤ ਦਾ ਖਿਆਲ ਨਹੀਂ ਰਖਿਆ ਗਿਆ ਸੀ। ਇਸੇ ਤਰ੍ਹਾਂ ਆਮ ਸਮਾਜੀ ਜੀਵਨ ਵਿਚ ਤੇ ਖਾਣ-ਪੀਣ ਵਿਚ ਕੋਈ ਜਾਤ-ਪਾਤ ਦਾ ਲਿਹਾਜ ਜਾਂ ਪੰਗਤ ਭੇਦ ਨਹੀਂ ਰੱਖਿਆ ਜਾਂਦਾ। ਰਾਜਾ ਤੇ ਫਕੀਰ, ਬ੍ਰਾਹਮਣ ਤੇ ਸ਼ੂਦਰ ਸਭ ਇਕੋ ਪੰਗਤ ਵਿਚ ਪ੍ਰਸ਼ਾਦਾ ਛਕਦੇ ਸਨ।"[4•]

ਸੰਗਤ ਤੋਂ ਹੀ 'ਧਰਮ ਸਾਲ' ਦੀ ਸਥਾਪਨਾ ਹੋਈ ਜੋ ਅੱਜ 'ਗੁਰਦੁਆਰਾ' ਸੰਸਥਾ ਦਾ ਰੂਪ ਲੈ ਗਈ ਹੈ। ਗੁਰੂ ਸਾਹਿਬ ਨੇ ਹਰ ਭਲੇ ਪੁਰਖ ਨੂੰ ਸੰਗਤ ਵਿਚ ਆਉਣ ਦਾ ਉਪਦੇਸ਼ ਦਿੱਤਾ

ਜਿਸ ਨਾਲ ਹੰਕਾਰ ਅਤੇ ਮਨੁੱਖੀ ਵਿਤਕਰੇ ਮਿਟਦੇ ਹਨ। ਗੁਰੂ ਅੰਗਦ ਦੇਵ ਜੀ ਨੇ ਸੰਗਤਾਂ ਨੂੰ ਰਾਸ਼ਟਰੀ ਰੂਪ ਦੇਣ ਲਈ ਨਵੀਂ ਲਿੱਪੀ ਅਤੇ ਬੋਲੀ ਵਿਚ ਸੁਧਾਰ ਕੀਤੇ । ਗੁਰੂ ਅਮਰਦਾਸ ਜੀ ਦੇ ਸਮੇਂ ਸੰਗਤਾਂ ਦਾ ਰੂਪ ਹੋਰ ਵਿਸ਼ਾਲ ਹੋ ਗਿਆ ਜਿਸ ਨੂੰ ਜਥੇਬੰਦ ਕਰਨ ਲਈ ਮੰਜੀ ਪ੍ਰਬੰਧ ਚਾਲੂ ਕੀਤਾ ਗਿਆ। ਗੁਰੂ ਅਰਜਨ ਦੇਵ ਜੀ ਦੇ ਸਮੇਂ ਸੰਗਤਾਂ ਪੰਜਾਬ ਤੋਂ ਬਾਹਰ ਵੀ ਫੈਲ ਗਈਆਂ। ਸ੍ਰ. ਗੁਰਬਖਸ਼ ਸਿੰਘ ਲਿਖਦੇ ਹਨ:

> ਪੱਛਮ ਵਿਚ ਕਾਬਲ, ਪੂਰਬ ਵਿਚ ਢਾਕਾ, ਪਟਨਾ ਅਤੇ ਬਿਹਾਰ ਦੱਖਣ ਵੱਲ ਲੰਕਾ ਵਿਚ ਵੀ ਸਿੱਖ ਸੰਗਤਾਂ ਸਥਾਪਿਤ ਹੋ ਗਈਆਂ। ਇਹਨਾਂ ਤੋਂ ਇਲਾਵਾ ਸਿਲਹਟ, ਚਿਟਾਗਾਂਗ, ਸੋਨਦੀਪ ਅਤੇ ਲਸ਼ਕਰ ਦੇ ਸਥਾਨਾਂ ਤੇ ਭਾਰੀ ਸੰਗਤਾਂ ਕਾਇਮ ਸਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਢਾਕਾ ਸਿੱਖੀ ਦਾ ਘਰ ਬਣ ਚੁੱਕਿਆ ਸੀ।[41]

ਸੰਗਤ ਤੋਂ ਇਲਾਵਾ ਗੁਰੂ ਨਾਨਕ ਪਾਤਸ਼ਾਹ ਨੇ ਜਨਤਾ ਵਿਚ ਵਿਸ਼ਵਾਸ ਭਰਪੂਰ ਏਕਤਾ ਸਥਾਪਿਤ ਕਰਨ ਲਈ 'ਪੰਗਤ' ਦੀ ਸੰਸਥਾ ਪੇਸ਼ ਕੀਤੀ। ਪੰਗਤ ਦਾ ਅਰਥ ਹੈ ਕਤਾਰ ਵਿਚ ਬੈਠਣਾ ਜੋ ਕਿ ਲੰਗਰ ਛਕਣ ਸਮੇਂ ਇਕ ਸੇਧ ਵਿਚ ਬੈਠਣ ਤੋਂ ਲਿਆ ਜਾਂਦਾ ਹੈ ਜਿਥੇ ਸੰਗਤਾਂ ਗੁਰੂ ਘਰ ਆਉਂਦੀਆਂ ਤੇ ਪੰਗਤ ਵਿਚ ਬੈਠ ਕੇ ਲੰਗਰ ਛਕਦੀਆਂ ਹਨ। ਲੰਗਰ ਅਤੇ ਪੰਗਤ ਸਿੱਖ ਧਰਮ ਵੱਲੋਂ ਸਥਾਪਿਤ ਕੀਤੀ ਅਜਿਹੀ ਸੰਸਥਾ ਹੈ ਜਿਥੇ ਨੀਵੀਆਂ ਜਾਤਾਂ ਦੇ ਭਿੱਟ ਦੇ ਸੰਕਲਪ ਨੂੰ ਦੂਰ ਕੀਤਾ ਗਿਆ ਹੈ। ਬ੍ਰਾਹਮਣ ਲੋਕ ਨੀਵੀਆਂ ਜਾਤਾਂ ਨਾਲ ਭਿੱਟ ਜਾਣ ਤੇ ਉਹਨਾਂ ਨੂੰ ਸਜ਼ਾ ਦਿੰਦੇ ਸਨ ਅਤੇ ਇਸ ਦੇ ਪ੍ਰਤੀਕਰਮ ਵਜੋਂ ਗੁਰੂ ਜੀ ਨੇ ਰਾਜੇ ਅਤੇ ਰੰਕ ਦੀ ਬਰਾਬਰੀ ਲਈ ਪ੍ਰਥਾ ਚਲਾਈ । ਸੰਗਤ ਪੰਗਤ ਤੇ ਲੰਗਰ ਨੇ ਸਮਾਜ ਵਿਚ ਏਕਤਾ ਅਤੇ ਸਮਾਨਤਾ ਦੀ ਭਾਵਨਾ ਪੈਦਾ ਕੀਤੀ। ਸ੍ਰ. ਈਸ਼ਰ ਸਿੰਘ ਆਪਣੀ ਪੁਸਤਕ `Nanakism a new world' ਵਿਚ ਲਿਖਦੇ ਹਨ:

> ਨਾਨਕਵਾਦ ਇੰਝ ਇਕ ਸੰਜੋਗੀ ਅਤੇ ਜੋੜਨ ਵਾਲੀ ਲਹਿਰ ਹੈ ਜਿਹੜੀ ਕਿ ਉਚੇਰੇ ਜੀਵਨ ਦਾ ਕੁਝ ਨਾ ਕੁਝ ਸਾਂਝਾ ਮਾਣਕ

ਉਪਜਾਂਦੀ ਹੈ, ਇਕ ਸਾਂਝਾ ਮੰਚ ਵੀ ਜਿਥੇ ਰੰਗ, ਨਸਲ, ਜਾਤ, ਦੇਸ਼ ਅਤੇ ਧਰਮ ਦੇ ਵਿਤਕਰੇ ਬਿਨਾਂ ਸਾਰੇ ਮਨੁੱਖ ਇਕੱਠੇ ਹੋ ਸਕਦੇ ਹਨ। ਸਾਂਝੀ ਪੰਗਤ ਉਸਰਦੀ ਹੈ ਜਿਥੇ ਬੈਠ ਕੇ ਸਭ ਜਣੇ ਇਕੱਠੇ ਬੈਠਕੇ ਭੋਜਨ ਕਰ ਸਕਦੇ ਹਨ।"[42]

ਜਾਤ ਪਾਤੀ ਸਮਾਨਤਾ ਨੂੰ ਵਿਹਾਰ ਰੂਪ ਵਿਚ ਲਾਗੂ ਕਰਨ ਤੋਂ ਇਲਾਵਾ ਸਮਾਜੀ ਸੇਵਾ ਅਤੇ ਗ੍ਰਹਿਸਥ ਜੋ ਕਿ ਸਮਾਜ ਦੀ ਮੁਢਲੀ ਇਕਾਈ ਹੈ ਦੀ ਮਹਾਨਤਾ ਵੀ ਗੁਰੂ ਸਾਹਿਬ ਦੇ ਬਿਆਨ ਕੀਤੀ ਹੈ। ਮੱਧਕਾਲੀ ਭਾਰਤੀ ਸਮਾਜ ਵਿਚ ਜੀਵਨ ਨੂੰ ਅਸੱਤ ਮੰਨਿਆ ਗਿਆ ਹੈ ਅਤੇ ਇਸ ਨੂੰ ਇਕ ਬੰਧਨ ਮੰਨਦਿਆਂ ਇਸ ਤੋਂ ਛੁਟਕਾਰਾ ਪਾਉਣ ਲਈ ਘੋਰ ਤਪੱਸਿਆ ਕਰਨੀ ਜ਼ਰੂਰੀ ਮੰਨੀ ਗਈ ਹੈ। ਮੁਕਤੀ ਤਾਂ ਹੀ ਪਾਈ ਜਾ ਸਕਦੀ ਹੈ ਜੇ ਤਪੱਸਿਆ ਕੀਤੀ ਜਾਏ। ਸਿੱਖ ਵਿਚਾਰਧਾਰਾ ਅਨੁਸਾਰ ਸਮਾਜ ਨੂੰ ਤਿਆਗ ਦੇ ਜੰਗਲਾਂ ਵਿਚ ਜਾ ਕੇ ਤਪੱਸਿਆ ਕਰਨੀ ਨਿੱਜਵਾਦੀ ਤੇ ਸਮਾਜ ਵਿਰੋਧੀ ਨਜ਼ਰੀਆ ਹੈ ਜਿਸ ਤੋਂ ਸਮਾਜੀ ਸੇਵਾ ਵਿਚ ਹਿੱਸਾ ਨਹੀਂ ਪਾਇਆ ਜਾ ਸਕਦਾ। ਇਸ ਨਜ਼ਰੀਏ ਨੇ ਸਮਾਜ ਨੂੰ ਢਹਿੰਦੀਆਂ ਕਲਾਂ ਵੱਲ ਧਕੇਲ ਦਿੱਤਾ ਸੀ ਜਿਸ ਸੰਬੰਧੀ ਡਾ: ਜਸਬੀਰ ਸਿੰਘ ਆਹਲੂਵਾਲੀਆ ਲਿਖਦੇ ਹਨ:

> ਬ੍ਰਾਹਮਣੀ ਸਮਾਜ ਅੰਦਰ ਸ੍ਰਿਸ਼ਟੀ ਨੂੰ ਅਸੱਤ ਅਤੇ ਅਸਥਿਰ ਕਹਿ ਕੇ ਸਮਾਜਿਕ ਪਰਿਵਰਤਨ ਦੀ ਸੰਭਾਵਨਾ ਖਤਮ ਦਰ ਦਿੱਤੀ ਗਈ ਹੈ। ਹਰ ਵਿਅਕਤੀ ਦੀ ਪਦਵੀ, ਜਾਤ, ਜਨਮ ਨਾਲ ਬੱਝੀ ਹੋਈ ਧੁਰੋਂ ਨਿਸ਼ਚਿਤ ਮੰਨੀ ਜਾਂਦੀ ਹੈ। ਗੁਰਬਾਣੀ ਨੇ ਸ਼੍ਰਿਸ਼ਟੀ ਨੂੰ ਸੱਤ ਕਿਹਾ ਹੈ ਅਤੇ ਸਮਾਜਿਕ ਤਬਦੀਲੀ ਦਾ ਅਧਾਰ ਯਕੀਨੀ ਬਣਾ ਦਿੱਤਾ ਹੈ।[43]

ਗੁਰੂ ਸਾਹਿਬਾਨ ਨੇ ਮਨੁੱਖ ਵਿਚਲੀਆਂ ਖਤਮ ਹੋ ਚੁੱਕੀਆਂ ਸੰਭਾਵਨਾਵਾਂ ਨੂੰ ਮੁੜ ਤੋਂ ਉਜਾਗਰ ਕਰਨ ਲਈ ਜੋਗੀਆਂ ਅਤੇ ਸੰਨਿਆਸੀਆਂ ਦਾ ਵਿਰੋਧ ਕਰਦਿਆਂ ਜ਼ਿੰਦਗੀ ਦੇ ਅਸਲੀ ਨਿਸ਼ਾਨੇ ਦੀ ਅਹਿਮੀਅਤ ਬਿਆਨ ਕੀਤੀ ਹੈ। ਗੁਰੂ ਸਾਹਿਬਾਨ ਨੇ ਜੀਵਨ ਨੂੰ ਅਤੇ ਸ੍ਰਿਸ਼ਟੀ ਨੂੰ ਉਸ ਸੱਚੇ ਪਾਤਸ਼ਾਹ ਦੀ ਉਪਜ ਮੰਨਦਿਆਂ ਮਨੁੱਖ ਨੂੰ ਸਮਾਜ ਵਿਚ ਕਾਰਜਸ਼ੀਲ ਹੋ

ਕੇ ਜੀਵਨ ਜਿਊਣ ਦਾ ਸੰਦੇਸ਼ ਦਿੱਤਾ। 'ਆਪ ਸਤਿ ਕੀਆ ਸਭ ਸਤਿ' ਦੇ ਮਹਾਂਵਾਕ ਅਨੁਸਾਰ ਜੀਵਨ ਦਾ ਮਨੋਰਥ ਇਸ ਤੋਂ ਛੁਟਕਾਰਾ ਪਾਉਣਾ ਨਹੀਂ ਸਗੋਂ ਆਤਮਿਕ ਅਤੇ ਨੈਤਿਕ ਜੀਵਨ ਜਿਉ ਕੇ ਸਮਾਜ ਵਿਚ ਸਰਗਰਮ ਹੋ ਕੇ ਜਿਊਣਾ ਹੈ। ਮੁਕਤੀ ਦੀ ਪ੍ਰਾਪਤੀ ਸਮਾਜੀ ਸੇਵਾ ਵਿਚ ਹੈ। ਇਸੇ ਸਿਧਾਂਤ ਨੂੰ ਵਿਹਾਰ ਰੂਪ ਵਿਚ ਲਾਗੂ ਕਰਦਿਆਂ ਨਿਰਸਵਾਰਥ ਸਮਾਜੀ ਸੇਵਾ ਸਿੱਖ ਸ਼ਹਾਦਤ ਪਰੰਪਰਾ ਦਾ ਵਿਲੱਖਣ ਗੁਣ ਹੈ। ਇਸ ਸਮਾਜੀ ਸੇਵਾ ਦੀ ਮਿਸਾਲ ਭਾਈ ਘਨੱਈਆ ਜੀ ਦਾ ਯੁੱਧਾਂ ਦੌਰਾਨ ਦੁਸ਼ਮਣਾਂ ਨੂੰ ਵੀ ਮਲ੍ਹਮ ਪੱਟੀ ਅਤੇ ਪਾਣੀ ਪਿਲਾਉਣ ਤੋਂ ਵੀ ਮਿਲਦੀ ਹੈ। ਅਜਿਹੀ ਸੇਵਾ ਸੰਸਾਰ ਦੇ ਕਿਸੇ ਵੀ ਹੋਰ ਧਰਮ ਵਿਚ ਨਹੀਂ ਦੇਖੀ ਗਈ। ਮਨੁੱਖਤਾਵਾਦੀ ਨਜ਼ਰੀਆ ਅਤੇ ਸਰਬੱਤ ਦਾ ਭਲਾ ਸਿੱਖ ਪਰੰਪਰਾ ਦਾ ਅਜਿਹਾ ਮਿਸ਼ਨ ਹੈ ਜਿਸ ਨੇ ਸੰਸਾਰ ਵਿਚ ਮਾਨਵਤਾਵਾਦ ਦੀ ਮਿਸਾਲ ਕਾਇਮ ਕੀਤੀ ਹੈ। ਸਮਾਜੀ ਸੇਵਾ ਨੂੰ ਮੁੱਖ ਰੱਖਦਿਆਂ ਅੱਜ ਦੇ ਸਮਾਜ ਵਿਚ 'ਖਾਲਸਾ ਏਡ' ਤੇ 'ਸਰਬੱਤ ਦਾ ਭਲਾ' ਅਜਿਹੀਆਂ ਸੰਸਥਾਵਾਂ ਹਨ ਜੋ ਭਾਈ ਘਨੱਈਆ ਜੀ ਦੇ ਮਿਸ਼ਨ ਨੂੰ ਵਿਹਾਰਕ ਰੂਪ ਵਿਚ ਲਾਗੂ ਕਰ ਰਹੀਆਂ ਹਨ। ਖਾਲਸਾ ਏਡ ਦੀ ਸੰਸਥਾ ਯੂ.ਕੇ. ਤੋਂ 1999 ਈਂ ਵਿਚ ਰਵਿੰਦਰ ਸਿੰਘ (ਰਵੀ) ਦੁਆਰਾ ਸ਼ੁਰੂ ਕੀਤੀ ਗਈ ਸੀ ਜਦੋਂ ਉਹਨਾਂ ਨੇ ਕੌਸਵੋ ਦੇ ਸ਼ਰਨਾਰਥੀਆਂ ਦੀ ਦੁਰਦਸ਼ਾ ਇਕ ਫੁਟੇਜ ਵਿਚ ਦੇਖੀ। ਇਹ ਸੰਸਥਾ ਸਮਾਜ ਵਿਚ ਮਨੁੱਖਤਵਾਦੀ ਮਿਸ਼ਨ ਨੂੰ ਲੈ ਕੇ ਅੱਗੇ ਵਧ ਰਹੀ ਹੈ। ਇਹ ਸੰਸਾਰ ਦੇ ਕਿਸੇ ਵੀ ਧਰਮ, ਨਸਲ, ਰੰਗ ਅਤੇ ਫਿਰਕੇ ਤੋਂ ਉਪਰ ਉੱਠ ਕੇ ਸੰਸਾਰ ਦੇ ਹਰ ਦੇਸ਼ ਵਿਚ ਆਪਣਾਂ ਯੋਗਦਾਨ ਪਾ ਰਹੀ ਹੈ। ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਹੜ, ਭੁਚਾਲ, ਕਾਲ ਜਾਂ ਜੰਗ ਦੌਰਾਨ ਸੇਵਾ ਕਰਨਾ ਇਸ ਸੰਸਥਾ ਦਾ ਮਿਸ਼ਨ ਹੈ। ਖਾਲਸਾ ਏਡ ਵੱਲੋਂ ਇਹ ਕਿਹਾ ਗਿਆ ਹੈ (ਇੰਟਰਨੈੱਟ ਤੋਂ ਲਏ ਹਵਾਲੇ ਅਨੁਸਾਰ):

> ਸਾਡੀ ਟੀਮ ਅਕਸਰ ਸਹਾਇਤਾ ਕਰਨ ਵਾਲਿਆਂ ਚੋ ਸਭ ਤੋਂ ਪਹਿਲੀ ਹੁੰਦੀ ਹੈ। ਲੋੜਵੰਦ ਖੇਤਰ ਵਿਚ ਜਾ ਕੇ ਖਾਣਾ, ਪਾਣੀ, ਕੱਪੜਾ, ਦਵਾਈਆਂ ਅਤੇ ਸਫ਼ਾਈ ਦਾ ਪ੍ਰਬੰਧ ਕਰਦੀ ਹੈ। ਅਸੀਂ ਲੋਕਾਂ ਦੀ ਜ਼ਿੰਦਗੀ ਬਚਾਉਣ ਲਈ ਤੁਰੰਤ ਮੁਸ਼ਕਿਲਾਂ ਘਟਾਉਣ ਲਈ ਅਤੇ

> ਲੋਕਾਂ ਦਾ ਮਾਣ ਰੱਖਦੇ ਹੋਏ ਉਨਾਂ ਲਈ ਅਰਧ-ਸਥਾਈ ਸ਼ੈਲਟਰ ਲੱਭਦੇ ਅਤੇ ਬਣਾਉਂਦੇ ਹਾਂ।[44]

ਇਸ ਸੰਸਥਾ ਨੇ ਸਭ ਤੋਂ ਪਹਿਲਾਂ ਅਪ੍ਰੈਲ 1999 ਵਿਚ ਕੋਸਵੋ ਦੇ ਸ਼ਰਨਾਰਥੀਆਂ ਦੀ ਸਹਾਇਤਾ ਕੀਤੀ। ਅਗਸਤ 1999 ਵਿਚ ਤੁਰਕੀ ਵਿਚ ਭੁਚਾਲ ਆਉਣ ਕਾਰਨ ਦਸੰਬਰ 1999 ਵਿਚ ਉਡੀਸਾ ਵਿਚ ਤੁਫਾਨ ਆਉਣ ਕਾਰਨ, ਜਨਵਰੀ 2001 ਵਿਚ ਗੁਜਰਾਤ ਵਿਚ ਭੁਚਾਲ ਆਉਣ ਤੇ ਜਨਵਰੀ 2002 ਕੌਂਗੋ/ਰਵਾਂਡਾ ਵਿਚ ਜਵਾਲਾਮੁਖੀ ਫਟਣ ਤੇ ਸਹਾਇਤਾ ਕੀਤੀ। ਜੁਲਾਈ 2003 ਵਿਚ ਕਾਬੁਲ ਸ਼ਰਣਾਰਥੀਆਂ ਦੀ ਸਹਾਇਤਾ ਕੀਤੀ । ਜੁਲਾਈ ਵਿਚ ਸੋਮਾਲੀਆ ਵਿਚ ਪਾਣੀ ਦੀ ਸਫਾਈ ਦਾ ਪ੍ਰਬੰਧ ਕੀਤਾ, ਦਸੰਬਰ 2004 ਵਿਚ ਅੰਡੇਮਨ ਵਿਚ ਆਈ ਤਸਨਾਮੀ ਦੌਰਾਨ, ਮਾਰਚ 2005 ਵਿਚ ਪਾਕਿਸਤਾਨ ਵਿਚ ਆਏ ਭੁਚਾਲ, 2006 ਵਿਚ ਇੰਡੋਨੇਸ਼ੀਆ ਵਿਚ ਆਈ ਤਸਨਾਮੀ, ਮਈ 2007 ਵਿਚ ਬੰਗਲਾਦੇਸ਼ ਵਿਚ ਆਏ ਤੂਫਾਨਾਂ ਵਿਚ ਸਹਾਇਤਾ ਕੀਤੀ। ਅਗਸਤ 2007 ਵਿਚ ਹਿੰਦੂ ਸਿੱਖ ਸ਼ਰਨਾਰਥੀਆਂ ਨੂੰ ਮੁੜ ਵਸਾਉਣ ਲਈ ਸਹਾਇਤਾ ਕੀਤੀ। ਅਗਸਤ 2009 ਵਿਚ ਕੰਬੋਡੀਆ ਦੇ ਅਨਾਥ ਬੱਚਿਆਂ ਦੀ ਸਹਾਇਤਾ ਕੀਤੀ। ਮਾਰਚ 2011 ਵਿਚ ਲੀਬੀਆ ਅਤੇ ਸੀਰੀਆ ਦੇ ਸ਼ਰਨਾਰਥੀਆਂ ਨੂੰ ਮਨੁੱਖਵਾਦੀ ਪੱਧਰ ਤੇ ਹਰ ਤਰ੍ਹਾਂ ਦੀ ਸਹਾਇਤਾ ਦਿੱਤੀ ਗਈ। ਮਈ 2011 ਵਿਚ ਕੀਨੀਆਂ ਵਿਚ ਪਏ ਕਾਲ਼ ਦੌਰਾਨ ਲੋਕਾਂ ਦੀ ਸਹਾਇਤਾ ਕੀਤੀ ਗਈ। ਅਗਸਤ 2012 ਵਿਚ ਕੀਨੀਆਂ ਵਿਚ ਸਾਫ਼ ਅਤੇ ਪੀਣ ਵਾਲੇ ਪਾਣੀ ਦੀ ਵਿਵਸਥਾ ਕੀਤੀ ਗਈ। ਜੂਨ 2013 ਵਿਚ ਉਤਰਾਖੰਡ ਵਿਚ ਆਏ ਹੜ ਵਿਚ ਲੋਕਾਂ ਦੀ ਸਹਾਇਤਾ ਕੀਤੀ ਗਈ। ਸਤੰਬਰ ਵਿਚ ਮੁਜੱਫਰਨਗਰ ਦੇ ਹਿੰਦੂ-ਮੁਸਲਮਾਨ ਵਿਚ ਹੋਏ ਦੰਗਿਆਂ ਵਿਚ ਲੋਕਾਂ ਦੀ ਸਹਾਇਤਾ ਕੀਤੀ ਗਈ। ਦਸੰਬਰ 2013 ਵਿਚ ਫਿਲਪੀਨਜ਼ ਵਿਚ ਆਏ ਤੂਫਾਨ ਵਿਚ ਮਦਦ ਕੀਤੀ ਗਈ। ਜਨਵਰੀ 2014 ਵਿਚ ਯੂਨਾਈਟਡ ਕਿੰਗਡਮ ਵਿਚ ਆਏ ਹੜ ਅਤੇ 2014 ਵਿਚ ਯੁਗਾਂਡਾ ਵਿਚ ਸ਼ਰਣਾਰਥੀਆਂ ਦੀ ਮਦਦ ਕੀਤੀ। ਇਸੇ ਸਮੇਂ ਦੌਰਾਨ ਬੋਸਨੀਆਂ ਵਿਚ ਆਏ ਹੜ ਵਿਚ ਪੀੜ੍ਹਿਤ ਲੋਕਾਂ ਦੀ ਸਹਾਇਤਾ ਕੀਤੀ। ਜੂਨ 2014 ਵਿਚ ਸੀਰੀਆ ਦੇ ਸ਼ਰਨਾਰਥੀਆਂ ਦੀ

ਸਹਾਇਤਾ ਕੀਤੀ। ਜੁਲਾਈ 2014 ਵਿਚ ਇਰਾਕ ਵਿਚ ਵਿਸਥਾਪਿਤ ਹੋਏ ਸਿੱਖਾਂ ਦੀ ਸਹਾਇਤਾ ਕੀਤੀ ਗਈ। ਜੁਲਾਈ 2014 ਵਿਚ ਸਹਾਰਨਪੁਰ ਵਿਚ ਹੋਏ ਦੰਗਿਆਂ ਵਿਚ ਸਤੰਬਰ 2014 ਵਿਚ ਜੰਮੂ ਕਸ਼ਮੀਰ ਵਿਚ ਆਏ ਹੜ ਦੌਰਾਨ ਦਸਬੰਰ 2014 ਵਿਚ ਵਿਸ਼ਾਖਾਪਟਨਮ ਵਿਚ ਚੱਕਰਵਾਤ, ਮਾਰਚ 2015 ਵਿਚ ਮਾਲਦੀਵ ਵਿਚ ਹੜ ਆਉਣ ਕਾਰਨ ਪੀਣ ਵਾਲੇ ਪਾਣੀ ਦੀ ਵਿਵਸਥਾ ਕੀਤੀ ਗਈ। ਅਪ੍ਰੈਲ 2015 ਵਿਚ ਨੇਪਾਲ ਵਿਚ ਭੁਚਾਲ ਆਉਣ ਕਾਰਨ, ਜੁਲਾਈ 2015 ਵਿਚ ਯਮਨ ਦੀ ਸਿਵਲ ਵਾਰ, 2015 ਵਿਚ ਯੂਨਾਈਟਡ ਕਿੰਗਡਮ ਵਿਚ ਹੜ ਆਉਣ ਕਾਰਨ, ਸਹਾਇਤਾ ਕੀਤੀ ਗਈ। ਮਈ 2016 ਵਿਚ ਗਰੀਸ ਦੇ ਸ਼ਰਨਾਰਥੀਆਂ ਨੂੰ ਤੱਤਕਾਲੀ ਸੇਵਾ ਅਧੀਨ 3.2 ਟੱਨ ਰਾਸ਼ਣ ਦਾ ਪ੍ਰਬੰਧ ਕੀਤਾ ਗਿਆ। 2018 ਵਿਚ ਬੰਗਲਾਦੇਸ਼ ਤੋਂ ਕੱਢੇ ਰੋਹਿੰਗੀਆ ਸ਼ਰਨਾਰਥੀਆਂ ਦੀ ਸਹਾਇਤਾ ਕੀਤੀ ਗਈ। ਇਸ ਪ੍ਰਕਾਰ ਅੱਜ ਇਹ ਸੰਸਥਾ ਸੰਸਾਰ ਪੱਧਰ ਤੇ ਸਮਾਜੀ ਸੇਵਾ ਵਿਚ ਹਿੱਸਾ ਪਾ ਰਹੀ ਹੈ। 2018 ਵਿਚ ਕੌਂਗੋ ਦੇ ਸ਼ਰਨਾਰਥੀਆਂ ਦੀ ਵੀ ਸਹਾਇਤਾ ਕੀਤੀ। ਉਪਰੋਕਤ ਵੇਰਵਿਆਂ ਤੋਂ ਇਹ ਪਤਾ ਲਗਦਾ ਹੈ ਕਿ ਸਮਾਜੀ ਸੇਵਾ ਸਿੱਖ ਧਾਰਮਿਕ ਪਰੰਪਰਾ ਦਾ ਉਹ ਗੁਣ ਹੈ ਜਿਸ ਨੇ ਉਸ ਦੀ ਪਹਿਚਾਣ ਬਣਾਈ ਹੈ।

**ਸਮਾਜ ਵਿਚ ਨਾਰੀ ਚੇਤਨਾ ਪੈਦਾ ਕਰਨਾ:** ਨਾਰੀ ਚੇਤਨਾ ਵੀ ਅੱਜ ਦੇ ਵਿਸ਼ਵੀ ਸਮਾਜ ਦਾ ਭਖਦਾ ਮਸਲਾ ਹੈ। ਨਾਰੀ ਸੰਬੰਧੀ ਅਪਣਾਇਆ ਗਿਆ ਆਧੁਨਿਕ ਦ੍ਰਿਸ਼ਟੀਕੋਣ ਨਾਰੀਵਾਦ ਨੂੰ ਪ੍ਰਗਟਾਉਣ ਦਾ ਨਵੀਨ ਨਜ਼ਰੀਆ ਹੈ ਜੋ ਨਾਰੀ ਨਾਲ ਹੋ ਰਹੀਆਂ ਹਰ ਪ੍ਰਕਾਰ ਦੀ ਵਧੀਕੀਆਂ ਅਤੇ ਜ਼ੁਲਮਾਂ ਵਿਰੁੱਧ ਡੱਟ ਕੇ ਖਲੋਣ ਨਾਲ ਸੰਬੰਧਿਤ ਹੈ। ਅੱਜ ਦੇ ਵਿਸ਼ਵੀ ਸਮਾਜ ਵਿੱਚ ਬਹੁਤ ਸਾਰੇ ਸੰਗਠਨ ਇਸ ਦੀ ਪੈਰਵੀ ਕਰ ਰਹੇ ਹਨ ਪਰ ਸਿੱਖ ਸਮਾਜਿਕ ਪਰੰਪਰਾ ਵਿੱਚ ਸਮਾਜ ਦੀ ਜੜ੍ਹ-ਨਾਰੀ ਸੰਬੰਧੀ ਚੇਤਨਾ ਸੈਂਕੜੇ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਉਸ ਲਈ ਬਹੁਤ ਮਾਣਯੋਗ ਸ਼ਬਦਾਂ ਦੀ ਵਰਤੋਂ ਕਰਕੇ ਪੈਦਾ ਕਰ ਦਿੱਤੀ ਸੀ। ਇਤਿਹਾਸ ਨੂੰ ਫਰੋਲਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਭਾਰਤ ਦੇ ਵੈਦਿਕ ਕਾਲ ਵਿੱਚ ਇਸਤਰੀ ਦਾ ਸਮਾਜ ਵਿੱਚ ਸਥਾਨ ਆਦਰਯੋਗ ਸੀ। ਕੋਈ ਵੀ ਅਜਿਹੀ ਰਸਮ ਨਹੀਂ ਸੀ ਜੋ ਇਸਤਰੀ ਦੀ

ਸ਼ਮੂਲੀਅਤ ਤੋਂ ਬਿਨਾਂ ਸੰਭਵ ਹੋ ਸਕਦੀ ਸੀ। ਉੱਤਰ ਵੈਦਿਕ ਕਾਲ ਵਿੱਚ ਇਸ ਸਥਿਤੀ ਵਿੱਚ ਨਿਘਾਰ ਆ ਗਿਆ ਸੀ ਅਤੇ ਇਸਤਰੀਆਂ ਦਾ ਸਨਮਾਨ ਘੱਟ ਗਿਆ ਸੀ। ਵਿਸ਼ਵ ਦੇ ਵੱਖ ਵੱਖ ਧਰਮਾਂ ਨੇ ਵੀ ਔਰਤ ਨੂੰ ਸਤਿਕਾਰ ਅਤੇ ਹੱਕ ਨਹੀਂ ਦਿੱਤੇ। ਹਿੰਦੂ ਧਰਮ ਵਿੱਚ ਸ਼ੰਕਰਾਚਾਰੀਆ ਨਾਰੀ ਨੂੰ 'ਨਰਕ ਦਾ ਦੁਆਰ' ਕਹਿੰਦਾ ਹੈ। ਤੁਲਸੀਦਾਸ ਨੇ ਇਸਤਰੀ ਦੀ ਤੁਲਨਾ ਪਸ਼ੂ, ਗਵਾਰ ਤੇ ਸ਼ੂਦਰਾਂ ਦੇ ਨਾਲ ਕੀਤੀ ਹੈ। ਭਗਤ ਛੱਜੂ ਇਸਤਰੀ ਨੂੰ ਕਾਗਜ਼ ਦੀ ਬੇੜੀ ਕਹਿੰਦਾ ਹੈ, ਜੋਗੀਆਂ ਨੇ ਇਸਤਰੀ ਨੂੰ 'ਬਘਿਆੜਨੀ' ਅਤੇ 'ਪੁਰਸ਼ ਭੱਖਣੀ' ਕਿਹਾ ਹੈ। ਗੋਰਖ ਬਾਣੀ ਵਿੱਚ ਕਿਹਾ ਗਿਆ ਹੈ:

ਬਾਘਨਿ ਜਿੰਦ ਲੇਇ।।
ਬਾਘਨਿ ਬਿੰਦ ਲੇਇ।।
ਬਾਘਨਿ ਹਮਾਰੀ ਕਾਇਆ।।
ਇਹ ਬਾਘਨਿ ਤ੍ਰੈ ਲੋਈ ਖਾਈ।।
ਬਸਤਿ ਗੋਰਖ ਪਾਇਆ।।[45]
ਦਾਮ ਕਾਢਿ ਬਾਘਨਿ ਲੈ ਆਇਆ।।
ਮਾਉ ਕਹੇ ਮੇਰਾ ਪੁਤ ਬੇਹਾਇਆ।।
ਗੀਲੀ ਲਕੜੀ ਕੋ ਘੁਣ ਲਾਇਆ।।
ਤਿਨ ਡਾਲ ਮੂਲਿ ਸਣਿ ਖਾਇਆ।।[46]

ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਮਾਜ ਵਿਚ ਜਦੋਂ ਨਾਰੀ ਨੂੰ ਤ੍ਰਿਸਕਾਰਿਆ ਜਾ ਰਿਹਾ ਸੀ ਤਾਂ ਗੁਰੂ ਜੀ ਨੇ ਇਸਤਰੀ ਦੇ ਅਣਗੌਲੇ ਗੁਣਾਂ ਨੂੰ ਪ੍ਰਧਾਨਤਾ ਦਿੰਦਿਆਂ ਉਸ ਅੰਦਰ ਪਾਏ ਜਾਣ ਵਾਲੇ ਸਬਰ, ਸੰਜਮ, ਸਹਿਣਸ਼ੀਲਤਾ, ਸੇਵਾ, ਪਿਆਰ, ਤਿਆਗ, ਪਰਉਪਕਾਰ, ਮਿਹਨਤ ਅਤੇ ਰੱਬੀਭਾਣੇ ਜਿਹੇ ਗੁਣਾਂ ਦੇ ਅਸਲੀ ਗੌਰਵ ਨੂੰ ਪਹਿਚਾਣਿਆ। ਗੁਰੂ ਜੀ ਨੇ ਨਾਰੀ ਦੇ ਹੱਕ ਵਿੱਚ ਅਵਾਜ਼ ਉਠਾਈ ਤੇ ਸਦੀਆਂ ਤੋਂ ਚਲੀ ਆ ਰਹੀ ਔਰਤ ਨਾਲ ਬਦਸਲੂਕੀ ਤੇ ਉਸਦੇ ਅਣਗੌਲੇ ਕੀਤੇ ਜਾਣ ਦੀ ਰੀਤ ਨੂੰ ਤੋੜਦਿਆਂ ਨਾਰੀ ਨਾਲ ਹੁੰਦੇ ਵਿਤਕਰੇ ਪ੍ਰਤੀ

ਜਨਤਾ ਵਿਚ ਚੇਤਨਾ ਜਗਾ ਕੇ ਆਵਾਜ਼ ਉਠਾਈ। ਨਾਰੀ ਦੀ ਹੋਂਦ ਨਾਲ ਜੁੜੀ ਸਮਾਜ ਦੀ ਗਤੀਸ਼ੀਲਤਾ ਨੂੰ ਬਿਆਨ ਕਰਦਿਆਂ ਉਸ ਦੀ ਹੋਂਦ ਨੂੰ ਸਨਮਾਨਿਆ। ਗੁਰੂ ਜੀ ਦਾ ਇਹ ਯਤਨ ਆਪਣੇ ਆਪ ਵਿਚ ਇਸਤਰੀ ਦੀ ਹੋਂਦ ਨੂੰ ਸਵੀਕਾਰਨ ਪ੍ਰਤੀ ਕ੍ਰਾਂਤੀਕਾਰੀ ਕਦਮ ਸੀ ਅਤੇ ਮਰਦ ਪ੍ਰਧਾਨ ਸਮਾਜ ਦੇ ਦੋਗਲੇਪਨ ਦੀ ਕਰੜੀ ਨਿੰਦਿਆ ਸੀ ਉਨ੍ਹਾਂ ਸਮਾਜ ਦੀ ਇਸ ਕੁਰੀਤੀ ਦਾ ਬੜੀ ਸੰਵੇਦਨਾ ਨਾਲ ਹਲ ਕੀਤਾ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੇ ਬਾਹਰਾ ਏਕੋ ਸਚਾ ਸੋਇ॥[47]

ਮੱਧਕਾਲ ਸਮੇਂ ਵਿਚ ਵਿਦੇਸ਼ੀ ਹਮਲਿਆਂ ਕਾਰਨ ਹੁੰਦੀ ਲੁੱਟਮਾਰ ਕਰਨ ਦੇ ਨਾਲ-ਨਾਲ ਧਾੜਵੀਆਂ ਵੱਲੋਂ ਕੁੜੀਆਂ ਨੂੰ ਜਬਰੀ ਚੁੱਕ ਕੇ ਲੈ ਜਾਣ ਕਾਰਨ ਕੁੜੀ ਪ੍ਰਤੀ ਤ੍ਰਿਸਕਾਰ ਵਾਲੀ ਦ੍ਰਿਸ਼ਟੀ ਪੈਦਾ ਹੋ ਚੁਕੀ ਸੀ ਜਿਨ੍ਹਾਂ ਵਜੋਂ ਭਰੂਣ-ਹੱਤਿਆ, ਬਾਲ ਵਿਆਹ, ਪਰਦੇ ਦੀ ਰਸਮ ਅਤੇ ਸਤੀ ਦੀ ਆਦਿ ਅਣਮਨੁੱਖੀ ਰਸਮਾਂ ਪੈਦਾ ਹੋ ਗਈਆਂ ਸਨ। ਔਰਤਾਂ ਨੂੰ ਘਰ ਦੀ ਚਾਰ ਦੀਵਾਰੀ ਵਿਚ ਕੈਦ ਰੱਖਣ ਦੀ ਪ੍ਰਵਿਰਤੀ ਪੈਦਾ ਹੋ ਗਈ ਜਿਸ ਕਰਕੇ ਉਸ ਦਾ ਸਮਾਜਿਕ ਰੁਤਬਾ ਘਟਦਾ ਗਿਆ। ਜਿਸ ਔਰਤ ਦੇ ਘਰ ਕੁੜੀਆਂ ਪੈਦਾ ਹੁੰਦੀਆਂ ਉਸ ਨੂੰ ਬਹੁਤ ਬੁਰਾ ਸਮਝਿਆ ਜਾਂਦਾ ਸੀ। ਅੱਜ ਦੇ ਸਮਾਜ ਵਿਚ ਵੀ ਬਹੁਤ ਜਗਾ ਤੇ ਇਸ ਤਰ੍ਹਾਂ ਵਾਪਰਦਾ ਹੈ। ਔਰਤ ਨੂੰ ਬਘਿਆੜੀ, ਸਪਣੀ, ਤੇ ਘਟੀਆ ਸ਼ਬਦਾਂ ਨਾਲ ਤੁਲਨਾਇਆ ਜਾਂਦਾ ਸੀ। ਉਸ ਦੀ ਇਸ ਤਰਸਯੋਗ ਹਾਲਤ ਪ੍ਰਤੀ ਸਿੱਖ ਚਿੰਤਨ ਦਾ ਨਜ਼ਰੀਆ ਵਿਲੱਖਣ ਅਤੇ ਇਨਕਲਾਬੀ ਰਿਹਾ ਹੈ। ਗੁਰੂ ਸਾਹਿਬਾਨ ਨੇ ਇਸਤਰੀ ਨੂੰ ਨੀਵਾਂ ਦਿਖਾਉਣ ਵਾਲੇ ਸਾਰੇ ਸਾਹਿਤਕ ਮਿਆਰਾਂ ਦੀ ਨਿੰਦਾ ਕਰਦਿਆਂ ਮਨੁੱਖ ਨੂੰ ਪੈਦਾ ਕਰਨ ਵਾਲੀ ਔਰਤ ਨੂੰ ਸਤਿਕਾਰ ਦੀ ਦ੍ਰਿਸ਼ਟੀ ਨਾਲ

ਵੇਖਿਆ ਹੈ। 'ਏਕਾ ਪੁਰਖ ਸਭਾਈ ਨਾਰ' ਦਾ ਸੰਕਲਪ ਦਿੰਦਿਆ ਸਾਰੀ ਸ੍ਰਿਸ਼ਟੀ ਨੂੰ ਨਾਰੀ ਦਾ ਰੂਪ ਹੀ ਦਿੱਤਾ ਹੈ। "ਡੰਡਿ ਜੰਮੀਐ ਭੰਡਿ ਨਿੰਮੀਐ" ਦੇ ਸ਼ਬਦ ਰਾਹੀਂ ਔਰਤ ਤੋਂ ਬਿਨਾ ਵਿਚਰਦੇ ਪਸਾਰਾਂ ਨੂੰ ਬਿਆਨ ਕੀਤਾ ਹੈ।

ਗੁਰੂ ਅਰਜਨ ਦੇਵ ਜੀ ਨੇ ਔਰਤ ਅੰਦਰਲੇ ਗੁਣਾਂ ਕਾਰਨ ਸਮਾਜ ਨੂੰ ਅਤੇ ਪਰਿਵਾਰਿਕ ਰਿਸ਼ਤਿਆਂ ਨੂੰ ਉਸ ਦੀ ਦੇਣ ਸੰਬੰਧੀ ਅਤਿ ਮਹਾਨ ਦ੍ਰਿਸ਼ਟੀ ਪ੍ਰਦਾਨ ਕੀਤੀ ਹੈ:

"ਬਤੀਹ ਸੁਲਖਣੀ ਮਚੁ ਸੰਤਤਿ ਪੂਤ॥
ਆਗਿਆਕਾਰੀ ਸੁਘੜ ਸਰੂਪ॥
ਇਓ ਪੂਰੇ ਕੰਤ ਸੁਆਮੀ॥
ਸਲ ਸੰਤੋਖੀ ਕੇਰ ਜਠਾਣੀ॥
ਸਭ ਪਰਵਾਰੈ ਮਾਹਿ ਸਰੇਸ਼ਟ॥
ਮਤੀ ਦੇਣੀ ਦੇਵਰ ਜੇਸਠ॥
ਧਨ ਸੁ ਗ੍ਰਿਹ ਜਿਤੁ ਪ੍ਰਗਟੀਆਇ॥
ਜਨ ਨਾਨਕ ਸੁਖੇ ਸੁਖਿ ਵਿਹਾਇ॥"[48]

ਸਿੱਖ ਪਰੰਪਰਾ ਵਿੱਚ ਸਤੀ ਹੋਣ ਦੀ ਅਣਮਨੁੱਖੀ ਕ੍ਰਿਆ ਨੂੰ ਭੰਡਿਆ ਅਤੇ ਅਸਲ ਸਤੀਆਂ ਉਹਨਾਂ ਨੂੰ ਕਿਹਾ ਜੋ ਆਪਣੇ ਪਤੀ ਦੇ ਬਿਰਹਾ ਵਿਚ ਮਰਦੀਆਂ ਹਨ:

ਸਤੀਆ ਏਹਿ ਨ ਆਖੀਅਨਿ ਜੋ॥
ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ ਜਿ॥
ਬਿਰਹੇ ਚੋਟ ਮਰੰਨਿ॥[49]

ਸਿੱਖ ਪਰੰਪਰਾ ਵਿਚ ਔਰਤ ਨੂੰ ਉਚਿਆਉਣ ਲਈ ਉਸ ਲਈ ਸਤਿਕਾਰ ਭਰੇ ਸ਼ਬਦ ਵਰਤੇ ਗਏ ਹਨ। ਭਗਤ ਨਾਮ ਦੇਵ ਅਤੇ ਭਗਤ ਧੰਨਾ ਪਤਨੀ ਨੂੰ 'ਘਰ ਗਹਿਨਿ' ਕਹਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਪਤਨੀ ਨੂੰ 'ਪਾਰਜਾਤ ਘਰ ਆਂਗਨ ਮੇਰੇ' ਕਿਹਾ ਹੈ,

ਬਲਵੰਡ ਜੀ ਦੀ ਰਾਮਕਲੀ ਦੀ ਵਾਰ ਵਿਚ ਮਾਤਾ ਖੀਵੀ ਜੀ ਨੂੰ 'ਨੇਕ ਜਨ' ਕਿਹਾ ਗਿਆ ਹੈ ਅਤੇ ਹਰਗੋਬਿੰਦ ਸਾਹਿਬ ਨੇ ਔਰਤ ਨੂੰ ਈਮਾਨ ਕਿਹਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਰਸਮ ਵੇਲੇ ਮਰਦਾਂ ਨੂੰ 'ਸਿੰਘ' ਸਜਾ ਕੇ ਤੇ ਔਰਤਾਂ ਨੂੰ 'ਕੌਰ' ਦੇ ਸ਼ਬਦਾਂ ਨਾਲ ਅਹਿਮੀਅਤ ਦਿੱਤੀ ਜੋ ਕਿ ਆਪਣੇ ਆਪ ਵਿਚ ਇਨਕਲਾਬੀ ਕਾਰਜ ਸੀ। ਪੁਰਖ ਦੇ ਸਤਿਕਾਰ ਨਾਲ ਔਰਤ ਦੇ ਸਨਮਾਨ ਵਿਚ ਵੀ ਵਾਧਾ ਹੋਇਆ। ਦੋਹਾਂ ਨੂੰ ਇਕੋ ਜਿਹੀ ਮਾਨਤਾ ਦਿੱਤੀ। ਡਾ. ਮਹਿੰਦਰ ਕੌਰ ਗਿੱਲ ਦਾ ਵਿਚਾਰ ਗੌਲਣਯੋਗ ਹੈ:

> ਗੁਰੂ ਨਾਨਕ ਦੇਵ ਜੀ ਦਾ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਵਾਕ ਇਕ ਤਰ੍ਹਾਂ ਦਾ ਵਿਦਰੋਹੀ ਬੋਲ ਸੀ ਜੋ ਤਤਕਾਲੀ ਸਮਾਜ ਨੂੰ ਹਿਲਾ ਗਿਆ। ਦਸਮ ਗੁਰੂ ਨੇ ਉਸੀ ਨੂੰ ਅਮਲੀ ਰੂਪ ਦਿੰਦਿਆਂ ਇਕੋ ਸਭਾ ਵਿਚ ਨਰ-ਨਾਰੀ ਨੂੰ ਬਰਾਬਰੀ ਦੀ ਪਦਵੀ ਵੀ ਦਿੱਤੀ ਤੇ ਦੋਹਾਂ ਵਿਚ ਇਕ ਨਿਖੇੜਾ ਵੀ ਥਾਪ ਦਿੱਤਾ। ਇਹ ਨਿਖੇੜਾ ਇਕ ਪਾਸੇ ਸਮਾਨਤਾ ਬਰਕਰਾਰ ਰੱਖਦਾ ਸੀ ਤੇ ਦੂਜੇ ਪਾਸੇ ਇਕ ਦੂਜੇ ਦੀ ਆਪੋ ਆਪਣੀ ਪਛਾਣ ਨਿਸ਼ਚਿਤ ਕਰਦਾ ਸੀ।[50]

ਔਰਤ ਦੀ ਦਸ਼ਾ ਵਿਚ ਸੁਧਾਰ ਲਿਆਉਣ ਲਈ ਸਿੱਖ ਪਰੰਪਰਾ ਨੇ ਭਰੂਣ ਹੱਤਿਆ, ਪਰਦਾ ਪ੍ਰਥਾ, ਸਤੀ ਦੀ ਰਸਮ ਨੂੰ ਖਤਮ ਕਰਨ ਲਈ ਅਮਲੀ ਯਤਨ ਕੀਤੇ। ਇਸ ਧਰਮ ਵਿਚ ਕੁੜੀ ਮਾਰਨ ਵਾਲਿਆਂ ਨਾਲ ਮੇਲ ਜੋਲ ਨਾ ਰੱਖਣ ਦੀ ਤਾਕੀਦ ਕੀਤੀ ਗਈ ਹੈ। ਭਾਈ ਕਾਨ੍ਹ ਸਿੰਘ ਨਾਭਾ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ:

> ਸਾਖੀ ਕੰਨਯਾ ਪਰਥਾਇ, ਗੁਰੂ ਜੀ ਕਹਿਆ, ਸੁਣ ਭਾਈ ਬਾਲਾ ਏਹ ਬੜੀ ਭਾਰੀ ਹੱਤਿਆ ਹੈ। ਕੰਨਿਆ ਦਾ ਦਰਬ ਲੈਣਾ ਅਤੇ ਕੰਨਿਆ ਮਾਰਣੀ, ਪਰ ਸੰਸਾਰ ਇਸ ਹੱਤਿਆ ਵਿਚ ਲਗ ਰਹਿਆ ਹੈ, ਜੋ ਪਦਾਰਥ ਲੈ ਕੇ ਖਾਂਦੇ ਹੋਨ, ਤਿਨਾਂ ਦੀ ਸੱਤਿਆਂ ਨਹੀਂ ਰਹਿੰਦੀ।[51]

ਸਿੱਖ ਪਰੰਪਰਾ ਨੇ ਸਮਾਜ ਵਿਚੋਂ ਇਸਤਰੀਆਂ ਵਿਚ ਪਾਈ ਜਾਂਦੀ ਪਰਦਾ ਪ੍ਰਥਾ ਖਤਮ ਕਰਨ ਲਈ ਵਿਸ਼ੇਸ਼ ਯਤਨ ਕੀਤੇ। ਮਾਤਾ ਖੀਵੀ ਜੀ ਦਾ ਲੰਗਰ ਤਿਆਰ ਕਰਨਾ ਅਤੇ ਸੰਗਤਾਂ ਵਿਚ ਇਸ ਲੰਗਰ ਨੂੰ ਵਰਤਾਉਣਾ ਔਰਤ ਦੇ ਸਮਾਜ ਵਿਚ ਖੁੱਲ ਕੇ ਵਿਚਰਨ ਦੀ ਪਹਿਲ ਹੈ ਜੋ ਆਪਣੇ ਆਪ ਵਿਚ ਸਮਾਜ ਨੂੰ ਨਵੀਂ ਦੇਣ ਹੈ। ਡਾ. ਜਸਪਾਲ ਸਿੰਘ ਇਸ ਸੰਬੰਧੀ ਲਿਖਦੇ ਹਨ:

> ਮਾਤਾ ਖੀਵੀ ਜੀ ਨੇ ਇਸ ਲੰਗਰ ਰੂਪੀ ਸੰਸਥਾ ਦੀ ਪੌਂਦ ਨੂੰ ਸਿੰਜਿਆ ਸੰਵਾਰਿਆ ਤੇ ਜਰਖੇਜ਼ ਕੀਤਾ। ਨਤੀਜਨ, ਉਨ੍ਹਾਂ ਦੀ ਸਮੁੱਚੀ ਸ਼ਰਧਾ ਹੇਠ ਲੰਗਰ ਇਕ ਪੂਰੀ ਤਰ੍ਹਾਂ ਵਿਕਸਿਤ ਹੋ ਕੇ ਸੰਪੂਰਨ ਸੰਸਥਾ ਵਿਚ ਸਿੱਖ ਪਰੰਪਰਾ ਦਾ ਅੰਗ ਬਣ ਗਿਆ। ਬਿਨਾਂ ਸ਼ੱਕ ਗੁਰੂ ਅੰਗਦ ਦੇਵ ਜੀ ਦੇ ਗੁਰਿਆਈ ਕਾਲ ਵਿਚ ਮਾਤਾ ਖੀਵੀ ਜੀ ਦਾ ਇਹ ਚਮਤਕਾਰੀ ਯੋਗਦਾਨ ਸੀ।[52]

**ਲਿੰਗ ਬਰਾਬਰਤਾ ਦੀ ਚੇਤਨਾ**

ਸਿੱਖ ਪਰੰਪਰਾ ਵਿਚ ਔਰਤ ਨੂੰ ਮਰਦ ਦੇ ਸਮਾਨ ਦਰਜਾ ਦਿੰਦਿਆਂ ਉਸ ਦੇ ਅੰਦਰਲੇ ਗੁਣਾਂ ਦੀ ਉਪਮਾ ਕੀਤੀ ਗਈ ਹੈ। ਚੰਡੀ ਦੀ ਵਾਰ ਵਿਚ ਗੁਰੂ ਸਾਹਿਬ ਨੇ ਨਾਰੀ ਸ਼ਕਤੀ ਦਾ ਪ੍ਰਤੀਕ ਸਿਰਜ ਕੇ ਉਸ ਦੀ ਸਮਰੱਥਾ ਵਿਚ ਵਾਧਾ ਕੀਤਾ ਹੈ। ਇਸ ਕਾਰਨ ਹੀ ਲੜਾਈ ਦੇ ਮੈਦਾਨਾਂ ਵਿਚ ਵੀ ਔਰਤਾਂ ਦਾ ਹਿੱਸਾ ਘੱਟ ਨਹੀਂ ਹੈ। ਮਾਈ ਭਾਗੋ ਦਾ ਅਨੰਦਪੁਰ ਛੱਡ ਕੇ ਭੱਜ ਆਏ 40 ਸਿਘਾਂ ਨੂੰ ਵੰਗਾਰਨਾ ਅਤੇ ਮੁਕਤਸਰ ਦੀ ਲੜਾਈ ਵਿਚ ਯੋਗ ਹਿੱਸਾ ਪਾਉਣਾ ਇਹੀ ਸਾਬਤ ਕਰਦਾ ਹੈ ਕਿ ਸਿੱਖ ਧਰਮ ਵਿਚ ਔਰਤ ਨੂੰ ਸਨਮਾਨ ਯੋਗ ਦਰਜਾ ਪ੍ਰਾਪਤ ਹੈ। ਬੰਦਾ ਬਹਾਦਰ ਦੀ ਸ਼ਹਾਦਤ ਤੋਂ ਪਿਛੋਂ ਜਦੋਂ ਸਿੰਘਾਂ ਨੂੰ ਫੜ-ਫੜ ਕੇ ਮਾਰਿਆ ਜਾਂਦਾ ਸੀ ਤਾਂ ਉਸ ਸਮੇਂ ਉਹਨਾਂ ਦੀਆਂ ਔਰਤਾਂ ਨੂੰ ਵੀ ਡਰਾਇਆ ਧਮਕਾਇਆ ਜਾਂਦਾ ਸੀ ਪਰ ਉਹ ਕਦੇ ਵੀ ਆਪਣੇ ਧਰਮ ਤੋਂ ਨਹੀਂ ਡੋਲੀਆਂ। ਮੀਰ ਮਨੂੰ ਨੇ ਔਰਤਾਂ ਦੇ ਸਾਹਮਣੇ ਹੀ ਉਹਨਾਂ ਦੇ ਬੱਚਿਆਂ ਦੇ ਟੁਕੜੇ-ਟੁਕੜੇ ਕਰੇ ਝੋਲੀਆਂ ਵਿਚ ਪਾਏ, ਉਸ ਸਮੇਂ ਵੀ ਉਹ ਰੱਬੀ ਭਾਣੇ ਨੂੰ ਮੰਨਦੀਆਂ

ਸਿਦਕ ਸਬੂਰੀ ਨਾਲ ਅਡੋਲ ਰਹੀਆਂ। ਔਰਤਾਂ ਦੇ ਯੋਗਦਾਨ ਸੰਬੰਧੀ ਸਿਮਰਨ ਕੌਰ ਦਾ ਵਿਚਾਰ ਹੈ:

> ਜੇ ਗੁਰੂ ਨਾਨਕ ਦੇਵ ਜੀ ਦਾ ਪਹਿਲਾ ਦੀਦਾਰ ਦੇਖੀਏ ਤਾਂ ਔਰਤ ਦੋਲਤਾਂ ਦਾਈ ਨੇ ਹੀ ਕੀਤਾ ਸੀ। ਪਹਿਲਾ ਸਿੱਖ ਕਹੀਏ ਤਾਂ ਬੇਬੇ ਨਾਨਕੀ, ਜੇ ਪਹਿਲੀ ਸੇਵਾ ਪੰਥੀ ਕਹੀਏ ਤਾਂ ਮਾਤਾ ਖੀਵੀ ਜੇ ਪਹਿਲੀ ਇਸਤਰੀ ਸ਼ਹੀਦ ਕਹੀਏ ਤਾਂ ਮਾਤਾ ਗੁਜਰੀ। ਪਹਿਲੀ ਕੌਮੀ ਆਗੂ ਕਹੀਏ ਤਾਂ ਮਾਤਾ ਗੁਜਰੀ। ਜੇ ਪਹਿਲੀ ਤਿਆਗਣ ਕਹੀਏ ਤਾਂ ਮਾਤਾ ਸੁਲੱਖਣੀ ਜੋ ਗ੍ਰਹਿਸਥ ਜੀਵਨ ਪਾਉਣ ਬਾਅਦ ਵੀ 14 ਸਾਲ ਉਦਾਸੀ ਸਮੇਂ ਘਰ ਨੂੰ ਸੰਭਾਲੀ ਬੈਠੀ ਰਹੀ। ਚੰਗੀ ਸਿੱਖਿਆ ਦੇਣ ਵਾਲੀ ਬੀਬੀ ਭਾਨੀ। ਜੇ ਜਰਨੈਲ ਕਹੀਏ ਤਾਂ ਰਾਣੀ ਸਣਾ ਕੌਰ। ਗੱਲ ਕੀ ਸਿੱਖ ਧਰਮ ਵਿਚ ਔਰਤ ਹੀ ਹੈ ਜੋ ਹਰ ਪੱਖ ਵਿਚ ਨਿਵੇਕਲਾ ਤੇ ਪਹਿਲਾ ਸਥਾਨ ਬਣਾ ਕੇ ਬੈਠੀ ਹੋਈ ਹੈ। ਪਹਿਲੀ ਪੀੜ ਹੀ ਔਰਤ ਨੂੰ ਸਹਾਰਨੀ ਪੈਂਦੀ ਹੈ ਜਦੋਂ ਕੌਮ ਤੇ ਜ਼ੁਲਮ ਹੋਵੇ ਜਾਂ ਸਾਕਾ ਵਾਪਰੇ।[53]

ਸਿੱਖ ਇਤਿਹਾਸ ਵਿਚ ਔਰਤ ਦਾ ਉਚ ਸਥਾਨ ਬੀਬੀ ਭਾਨੀ, ਮਾਤਾ ਗੁਜਰੀ, ਮਾਤਾ ਜੀਤੋ ਜੀ, ਮਾਤਾ ਸਾਹਿਬ ਕੌਰ ਨੇ ਵਡਮੁਲੇ ਯੋਗਦਾਨ ਰਾਹੀਂ ਸੰਭਵ ਹੋ ਸਕਿਆ ਹੈ। ਸਤੀ ਪ੍ਰਥਾ ਦੇ ਖਾਤਮੇ ਲਈ ਅਤੇ ਪੁਨਰਵਿਆਹ ਦੀ ਮਾਨਤਾ ਪਿਛੇ ਮਾਤਾ ਮਨਸਾ ਦੇਵੀ ਦੀ ਸੂਝ ਮੰਨੀ ਜਾਂਦੀ ਹੈ। ਗੁਰੂ ਅਮਰਦਾਸ ਜੀ ਦੁਆਰਾ 22 ਮੰਜੀਆਂ ਸਥਾਪਿਤ ਕੀਤੀਆਂ ਗਈਆਂ ਜਿਨ੍ਹਾਂ ਵਿਚੋਂ 2 ਮੰਜੀਆਂ ਬੀਬੀ ਮਥੋ ਮੁਰਾਰੀ ਅਤੇ ਬੀਬੀ ਸਚਨ ਸਚ ਨੂੰ ਵੀ ਦਿੱਤੀਆਂ ਗਈਆਂ ਸਨ। ਮਾਤਾ ਮਨਸਾ ਜੀ ਪ੍ਰਚਾਰ ਫੇਰੀਆਂ ਤੇ ਨਾਲ ਜਾਂਦੇ ਸਨ। ਮਾਤਾ ਕ੍ਰਿਸ਼ਨ ਕੌਰ ਜੀ ਵੀ ਆਪਣੇ ਪਤੀ ਸ੍ਰੀ ਹਰ ਰਾਇ ਸਾਹਿਬ ਨਾਲ ਪ੍ਰਚਾਰ ਦੌਰਿਆਂ ਤੇ ਜਾਂਦੇ। ਇਸ ਤੋਂ ਇਲਾਵਾ ਰਾਣੀ ਸਦਾ ਕੌਰ, ਮਹਾਰਾਣੀ ਜਿੰਦਾ ਦੇ ਨਾਮ ਇਤਿਹਾਸ ਵਿਚ ਅਮਰ ਹਨ। ਅਰਦਾਸ ਵਿਚ ਔਰਤ ਨੂੰ ਬਰਾਬਰ ਦਾ ਸਥਾਨ ਦੇ ਕੇ 'ਜਿਨ੍ਹਾਂ' ਸਿੰਘਾਂ, ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ ਕਹਿ ਕੇ

ਉਹਨਾਂ ਨੂੰ ਯਾਦ ਕੀਤਾ ਜਾਂਦਾ ਹੈ। ਇਸ ਪ੍ਰਕਾਰ ਸਿੱਖ ਸ਼ਹਾਦਤ ਪਰੰਪਰਾ ਨੇ ਔਰਤ ਨੂੰ ਸਮਾਜ ਵਿਚ ਪਰਿਵਾਰ ਨੂੰ ਅੱਗੇ ਲੈ ਕੇ ਵਧਣ ਵਾਲੀ ਸ਼ੁਭ ਗੁਣਾਂ ਵਾਲੀ ਤੇ ਸਤਿਕਾਰ ਦੀ ਪਾਤਰ ਬਣਾਇਆ ਹੈ। ਅੱਜ ਦੇ ਸਮਾਜ ਵਿਚ ਫਿਰ ਗਿਰਾਵਟ ਆ ਗਈ ਹੈ। ਔਰਤ ਦੇ ਮਾਣ ਸਨਮਾਨ ਨੂੰ ਧੱਕਾ ਲੱਗ ਰਿਹਾ ਹੈ। ਭਰੂਣ ਹੱਤਿਆ, ਤੇ ਬਲਾਤਕਾਰ ਦੀਆਂ ਘਟਨਾਵਾਂ ਵੱਧ ਗਈਆਂ ਹਨ। ਸਮਾਜ ਵਿਚ ਜੋ ਔਰਤ ਦਾ ਸਥਾਨ ਗੁਰੂ ਸਾਹਿਬਾਨ ਨੇ ਬਖਸ਼ਿਆ ਹੈ ਤਾਂ ਉਸਦਾ ਹਨਨ ਹੋ ਰਿਹਾ ਹੈ। ਔਰਤਾਂ ਉਪਰ ਅੱਤਿਆਚਾਰ, ਜਿਵੇਂ ਤੇਜ਼ਾਬ ਪਾਉਣਾ, ਬਲਾਤਕਾਰ ਆਦਿ ਦੀਆਂ ਘਟਨਾਵਾਂ ਵਿਚ ਤੇਜ਼ੀ ਨਾਲ ਵਾਧਾ ਹੋਈ ਜਾ ਰਿਹਾ ਹੈ ਜੋ ਕਿ ਸਮਾਜ ਦੀ ਮਾੜੀ ਸਥਿਤੀ ਦਾ ਪ੍ਰਤੀਕ ਹੈ। ਗੁਰੂ ਸਾਹਿਬਾਨ ਨੇ ਇੰਨਾ ਸਮਾਂ ਪਹਿਲਾਂ ਜਿਸ ਔਰਤ ਦੇ ਸਨਮਾਨ ਲਈ ਨਾਹਰਾ ਲਾਇਆ ਸੀ ਅੱਜ ਉਸ ਨਾਹਰੇ ਨੂੰ ਲੋਕ ਭੁਲਦੇ ਜਾ ਰਹੇ ਹਨ। ਅੱਜ ਦੇ ਸਮਾਜ ਵਿਚ ਉਹਨਾਂ ਕਦਰਾਂ ਕੀਮਤਾਂ ਦੀ ਪਾਲਣਾ ਕਿਉਂ ਨਹੀਂ ਹੋ ਰਹੀ ਇਹ ਇਕ ਸਵਾਲ ਖੜਾ ਹੋ ਗਿਆ ਹੈ। ਸਿੱਖ ਕੌਮ ਨੇ ਔਰਤਾਂ ਦੀ ਲਾਜ ਲਈ ਜਿੰਨੀਆਂ ਸ਼ਹਾਦਤਾਂ ਦਿੱਤੀਆਂ ਉਹਨਾਂ ਨੂੰ ਯਾਦ ਰੱਖਣ ਲਈ ਅੱਜ ਦਾ ਸਮਾਜ ਸਿੱਖ ਕੀਮਤ ਪ੍ਰਬੰਧ ਨੂੰ ਆਪਣਾ ਕੇ ਇਹਨਾਂ ਬੁਰਾਈਆਂ ਦਾ ਖਾਤਮਾ ਕਰ ਸਕਦਾ ਹੈ। ਅੱਜ ਦੇ ਸਮਾਜ ਵਿਚ ਨਸ਼ਾ, ਬਾਲਿਕਾ ਹੱਤਿਆ, ਜੂਏਬਾਜੀ, ਦਾਜ ਪ੍ਰਥਾ, ਔਰਤ ਪ੍ਰਤੀ ਗਿਰਾਵਟ ਵਾਲਾ ਨਜ਼ਰੀਆ ਆਮ ਹੈ ਜਿਸ ਨੂੰ ਸਿੱਖ ਕੀਮਤ ਪ੍ਰਬੰਧ ਅਪਣਾ ਕੇ ਦੂਰ ਕੀਤਾ ਜਾ ਸਕਦਾ ਹੈ।

**ਸਮਾਜਿਕ ਨੈਤਿਕਤਾ ਦੀ ਸਥਾਪਨਾ**

ਸਿੱਖ ਸ਼ਹਾਦਤ ਪਰੰਪਰਾ ਵਿਚ ਨੈਤਿਕਤਾ ਦਾ ਅਹਿਮ ਸਥਾਨ ਹੈ। ਨੈਤਿਕ ਜੀਵਨ ਜਿਉਂਦਿਆਂ ਹੀ ਸ਼ਹੀਦ ਸਮਾਜ ਲਈ ਪ੍ਰਤਿਮਾਨ ਸਿਰਜਦਾ ਹੈ ਅਤੇ ਇਹ ਪ੍ਰਤਿਮਾਨ ਸਮੂਹ ਸਮਾਜਿਕ ਪ੍ਰਾਣੀਆਂ ਲਈ ਪ੍ਰੇਰਨਾ ਦਾ ਸੋਮਾ ਬਣਦਾ ਹੈ। ਇਸ ਲਈ ਸਿੱਖ ਸ਼ਹਾਦਤ ਪਰੰਪਰਾ ਨੇ ਸਮਾਜਿਕ ਨੈਤਿਕਤਾ ਦੀ ਸਥਾਪਨਾ ਕੀਤੀ ਹੈ ਕਿਉਂਕਿ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ਅਤੇ ਸਮਾਜ ਵਿੱਚ ਵਿਚਰਨ ਲਈ ਉਸ ਨੂੰ ਕੁਝ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ। ਬਿਨਾਂ ਨਿਯਮਾਂ ਦੀ ਪਾਲਣਾ ਦੇ ਕਿਸੇ ਵੀ ਸਮਾਜ ਵਿੱਚ ਵਿਅਕਤੀ ਸਮਾਜ ਨੂੰ ਢਾਹ ਲਾ ਸਕਦਾ ਹੈ।

ਮਨੁੱਖ ਦੇ ਫਰਜ਼ ਅਤੇ ਹੱਕ ਕੀਮਤਾਂ ਦਾ ਰੂਪ ਬਣ ਜਾਂਦੇ ਹਨ ਜਿਨ੍ਹਾਂ ਵਿਚੋਂ ਨੈਤਿਕਤਾ ਜਨਮ ਲੈਂਦੀ ਹੈ ਜੋ ਸਮਾਜਿਕ ਲੋੜਾਂ ਦੀ ਪੂਰਤੀ ਲਈ ਵਿਸ਼ੇਸ਼ ਮਹੱਤਤਾ ਦੀ ਧਾਰਨੀ ਬਣ ਜਾਂਦੀ ਹੈ। ਡਾ. ਰਾਜਿੰਦਰ ਕੌਰ ਰੋਹੀ ਆਪਣੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮ ਤੇ ਵਿਹਾਰ' ਵਿਚ ਲਿਖਦੇ ਹਨ:

> ਕਿਸੇ ਖਾਸ ਉਦੇਸ਼ ਨੂੰ ਕੇਂਦਰ ਮੰਨ ਕੇ ਉਸ ਦੀ ਪ੍ਰਾਪਤੀ ਹਿੱਤ ਮਨੁੱਖੀ ਵਿਵਹਾਰ ਦੇ ਠੀਕ ਜਾਂ ਗਲਤ, ਚੰਗੇ ਜਾਂ ਬੁਰੇ ਵਿਚਾਰਾਂ ਦੇ ਸਿਧਾਂਤਿਕ ਰੂਪ ਨੂੰ ਨੈਤਿਕਤਾ ਦਾ ਨਾਮ ਦਿੱਤਾ ਗਿਆ ਹੈ। ਹਰ ਜਗ੍ਹਾ ਤੇ ਹਰ ਵਿਅਕਤੀ ਸਮੂਹ ਵਿੱਚ ਕੁਝ ਖਾਸ ਨਿਯਮ ਤੇ ਅਸੂਲ ਮੌਜੂਦ ਹੁੰਦੇ ਹਨ ਜਿਹਨਾਂ ਨੂੰ ਕੇਂਦਰ ਬਣਾ ਕੇ ਸੰਬੰਧਿਤ ਵਿਅਕਤੀ ਦੇ ਵਿਵਹਾਰ ਨੂੰ ਜਾਂਚਿਆ ਜਾਂਦਾ ਹੈ। ਇਹ ਵਿਵਹਾਰ ਆਮ ਤੌਰ ਤੇ ਵਿਅਕਤੀ ਵਿਸ਼ੇਸ਼ ਜਾਂ ਵਿਸ਼ੇਸ਼ ਸਮਾਜ ਦੇ ਆਦਰਸ਼ ਜਾਂ ਸਰਬ ਉੱਚ ਕੀਮਤਾਂ ਤੇ ਅਧਾਰਿਤ ਹੁੰਦੇ ਹਨ ਜਿਸ ਦੀ ਪ੍ਰਾਪਤੀ ਕਿਸੇ ਕਿਸਮ ਦੇ ਵਿਵਹਾਰ ਨੂੰ ਅਪਣਾਏ ਬਿਨਾ ਅਤੇ ਖਾਸ ਕਿਸਮ ਦੇ ਵਿਵਹਾਰ ਨੂੰ ਤਿਆਗੇ ਬਿਨਾ ਨਹੀਂ ਹੋ ਸਕਦੀ।[54]

ਨੈਤਿਕਤਾ ਮਨੁੱਖੀ ਵਿਵਹਾਰ ਨੂੰ ਨਿਸ਼ਚਿਤ ਕਰਦੀ ਹੈ ਜਿਸ ਨਾਲ ਮਾਨਵੀ ਸੰਬੰਧਾਂ ਵਿਚ ਇਕਸੁਰਤਾ ਤੇ ਇਕਸਾਰਤਾ ਆਉਂਦੀ ਹੈ। ਨੈਤਿਕਤਾ ਧਾਰਨ ਕਰਨ ਨਾਲ ਮਨੁੱਖ ਜੀਵਨ ਵਿਚ ਸ਼ਾਂਤੀ ਅਤੇ ਸਕੂਨ ਮਹਿਸੂਸ ਕਰਦਾ ਹੈ ਜੋ ਸਮਾਜ ਲਈ ਸਮੂਹਿਕ ਅਮਨ ਸ਼ਾਂਤੀ ਦੀ ਲਖਾਇਕ ਹੋ ਜਾਂਦੀ ਹੈ। ਵਿਸ਼ੇ ਵਿਕਾਰ ਸਮਾਜ ਵਿੱਚ ਅਰਾਜਕਤਾ ਪੈਦਾ ਕਰਦੇ ਹਨ ਜਦ ਕਿ ਨੈਤਿਕ ਵਿਵਹਾਰ ਮਨੁੱਖ ਅਤੇ ਸਮਾਜ ਨੂੰ ਇਕਾਗਰ ਕਰਦੇ ਹਨ। ਪ੍ਰੋ. ਪ੍ਰੀਤਮ ਸਿੰਘ ਪੁਸਤਕ 'ਸਿੱਖ ਵਿਚਾਰਧਾਰਾ' ਵਿਚ ਲਿਖਦੇ ਹਨ:

> ਨੈਤਿਕਤਾ ਆਤਮਿਕ ਰਸਤੇ ਦੀ ਪਹਿਲੀ ਅਵਸਥਾ ਹੈ ਇਸ ਅਵਸਥਾ ਵਿੱਚ ਮਨੁੱਖ ਨੂੰ ਇਹ ਸੋਝੀ ਪੈਂਦੀ ਕਿ ਉਹ ਇਸ ਦੁਨੀਆਂ ਤੇ ਕੋਈ ਫਰਜ਼ ਨਿਭਾਉਣ

> ਆਇਆ ਹੈ। ਇਸ ਚੇਤੰਨਤਾ ਦੇ ਆਉਣ ਨਾਲ ਮਨੁੱਖ ਵਿਸ਼ੇ ਵਿਕਾਰਾਂ ਨੂੰ ਛੱਡ ਕੇ ਆਤਮਾ ਵੱਲ ਝਾਤੀ ਮਾਰਦਾ ਹੈ। ਉਹ ਇਹ ਵਿਚਾਰਨ ਲੱਗਦਾ ਹੈ ਕਿ ਜੀਵ ਇੱਥੇ ਧਰਮ ਕਮਾਉਣ ਆਇਆ ਹੈ । ਇਸ ਚੇਤਨਤਾ ਨਾਲ ਉਸ ਦੇ ਅੰਦਰੋਂ ਸਵਾਰਥ ਦੀ ਗੰਢ ਖੁੱਲ੍ਹ ਜਾਂਦੀ ਹੈ। ਉਸ ਦੀ ਆਤਮਾ ਉਤੋਂ ਵਾਸ਼ਨਾਵਾਂ ਦਾ ਬੋਝ ਉੱਠ ਜਾਂਦਾ ਹੈ।[55]

ਇਸ ਪ੍ਰਕਾਰ ਨੈਤਿਕਤਾ ਮਨੁੱਖੀ ਵਿਵਹਾਰ ਨੂੰ ਨਿਸ਼ਚਿਤ ਕਰਦੀ ਹੈ। ਨੈਤਿਕਤਾ ਤੋਂ ਸੱਖਣਾ ਮਨੁੱਖ ਨਾ ਤਾ ਆਪੇ ਨਾਲ ਜੁੜ ਸਕਦਾ ਹੈ ਅਤੇ ਨਾ ਹੀ ਸਮਾਜ ਨਾਲ ਜੁੜ ਕੇ ਕੋਈ ਸਾਰਥਕ ਕਾਰਜ ਕਰ ਸਕਦਾ ਹੈ। ਸਿੱਖ ਪਰੰਪਰਾ ਨੇ ਮਨੁੱਖੀ ਜੀਵਨ ਵਿੱਚ ਸਮਾਜਿਕ ਨੈਤਿਕਤਾ ਦੇ ਆਦਰਸ਼ਾਂ ਦੀ ਸਥਾਪਨਾ ਕਰਕੇ ਸਮਾਜ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਸਿੱਖ ਪਰੰਪਰਾ ਵਿਚ ਸੱਚ ਅਤੇ ਸਚਿਆਰ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਸੁੱਚੇ ਆਚਰਨ ਵਾਲਾ ਮਨੁੱਖ ਸੱਚ ਵਰਤਾਉਂਦਾ ਹੈ ਤੇ ਝੂਠ, ਫਰੇਬ ਤੇ ਨਿੰਦਿਆ ਤੋਂ ਦੂਰ ਰਹਿੰਦਾ ਹੈ।

ਡਾ. ਜਗਬੀਰ ਸਿੰਘ ਪੁਸਤਕ 'ਗੁਰੂ ਨਾਨਕ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ' ਵਿਚ ਲਿਖਦੇ ਹਨ:

> ਸਮਾਜਿਕ ਨੈਤਿਕ ਦ੍ਰਿਸ਼ਟੀ ਤੋਂ ਵਿਅਕਤੀਗਤ ਚਰਿਤਰ ਦਾ ਘੱਟ ਮਹੱਤਵ ਨਹੀਂ ਹੁੰਦਾ। ਵਿਅਕਤੀ ਦਾ ਅਚਾਰ ਉਸ ਦੇ ਚਰਿਤਰ ਦੀਆਂ ਸਥਾਈ ਬੁਨਿਆਦਾਂ ਉੱਪਰ ਅਧਾਰਿਤ ਹੁੰਦਾ ਹੈ।[56]

ਧੋਖਾ ਤੇ ਕਪਟ ਕਰਨ ਵਾਲਾ ਵਿਅਕਤੀ ਅੰਦਰੋ ਤੇ ਬਾਹਰੋਂ ਭਿੰਨ ਹੁੰਦਾ ਹੈ। ਮੱਧਕਾਲ ਵਿੱਚ ਅਜਿਹੀ ਬਿਰਤੀ ਪ੍ਰਧਾਨ ਸੀ। ਮਨੁੱਖ ਬੇਇਤਬਾਰੀਆਂ ਤੇ ਬੇਵਿਸ਼ਵਾਸੀਆਂ ਵਿੱਚ ਵਿਚਰ ਰਿਹਾ ਸੀ। 'ਸੱਚੇ ਮਾਰਗ ਚਲਦਿਆਂ ਉਸਤਤਿ ਕਰੇ ਜਹਾਨ' ਦੇ ਸੰਦੇਸ਼ ਰਾਹੀਂ ਗੁਰੂ ਸਾਹਿਬ ਸਪੱਸ਼ਟ ਕਰਦੇ ਹਨ ਕਿ ਜੀਵਨ ਨੂੰ ਬਿਹਤਰ ਤੇ ਇੱਜ਼ਤਯੋਗ ਬਣਾਉਣ ਲਈ ਸੱਚੇ ਅਤੇ ਸੁੱਚੇ ਆਚਰਨ ਦੀ ਲੋੜ ਹੈ:

ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ,,

ਨਾਨਕ ਵਖਾਣੈ ਬੇਨਤੀ ਜਿਸ ਸਚੁ ਪਲੈ ਹੋਇ॥[57]

ਸਿੱਖ ਪਰੰਪਰਾ ਵਿੱਚ ਹਉਮੈ ਨੂੰ ਤਿਆਗਣ ਤੇ ਨਿਮਰਤਾ ਧਾਰਨ ਕਰਨ ਬਾਰੇ ਸੰਦੇਸ਼ ਦਿੱਤਾ ਗਿਆ ਹੈ:

ਅਭਿਮਾਨੀ ਕੀ ਜੜ ਸਰਪਰ ਜਾਏ॥

ਜੇ ਕੋ ਬਹੁਤ ਕਰੇ ਅਹੰਕਾਰ॥

ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ॥[58]

ਹਉਮੈ ਨੂੰ ਤਿਆਗ ਕੇ ਨਿਮਰਤਾ ਧਾਰਨ ਕਰਨ ਤੇ ਜ਼ੋਰ ਦਿੰਦਿਆਂ, ਨਫ਼ਰਤ, ਬਖੀਲੀ, ਈਰਖਾ, ਦਵੈਸ਼, ਨਿੰਦਿਆ ਤੇ ਕ੍ਰੋਧ ਵਰਗੀਆਂ ਭਾਵਨਾਵਾਂ ਨੂੰ ਖਤਮ ਕਰਨ ਦਾ ਸੰਦੇਸ਼ ਦਿੰਦਿਆਂ ਗੁਰੂ ਸਾਹਿਬਾਨ ਨੇ ਨੀਵੇਂ ਹੋ ਕੇ ਚਲਣ ਦੀ ਪ੍ਰੇਰਨਾ ਦਿੱਤੀ ਹੈ:

ਮਿਠਤੁ ਨੀਵੀ ਨਾਨਕਾ॥

ਗੁਣ ਚੰਗਿਆਈਆ ਤਤ॥[59]

ਸਿੱਖ ਪਰੰਪਰਾ ਵਿਚ 'ਸੰਜਮ ਤੇ ਸੰਤੋਖ' ਦੀ ਬਿਰਤੀ ਦੀ ਪ੍ਰੋੜ੍ਹਤਾ ਕੀਤੀ ਗਈ ਹੈ। ਸੰਜਮ ਤੇ ਸੰਤੋਖ ਮਨੁੱਖ ਨੂੰ ਦਵੈਸ਼ ਤੇ ਤਨਾਉ ਤੋਂ ਦੂਰ ਰੱਖਦੇ ਹਨ। ਪਦਾਰਥਾਂ ਦੀ ਹੋੜ ਵਿੱਚ ਮਨੁੱਖ ਇਹਨਾਂ ਕੀਮਤਾਂ ਨੂੰ ਗੁਆ ਬੈਠਦਾ ਹੈ। ਗੁਰੂ ਸਾਹਿਬਾਨ ਨੇ ਇਹ ਦ੍ਰਿੜ ਕਰਾਇਆ ਹੈ ਕਿ ਪਦਾਰਥਾਂ ਦਾ ਆਸਰਾ ਮਨੁੱਖ ਨੂੰ ਸ਼ਾਂਤੀ ਨਹੀਂ ਦੇ ਸਕਦਾ:

ਅਨਿਕ ਭੋਗ ਬਿਖਿਆ ਕੇ ਕਰੈ॥

ਨਾ ਤ੍ਰਿਪਤਾਵੈ ਖਪਿ ਖਪਿ ਮਰੈ॥[60]

ਸਬਰ ਸੰਤੋਖ ਤੇ ਸੰਜਮ ਵਾਲਾ ਮਨੁੱਖ ਧੀਰਜਵਾਨ ਬਣ ਜਾਂਦਾ ਹੈ। ਗੁਰਮਤਿ ਨੇ ਮਨੁੱਖ ਨੂੰ ਸੰਜਮੀ ਬਣਨ ਲਈ ਗ੍ਰਿਹਸਥ ਦਾ ਆਦਰਸ਼ਿਕ ਮਾਡਲ ਦਿੱਤਾ ਹੈ ਅਤੇ ਪਤੀ ਪਤਨੀ ਨੂੰ 'ਧਨ ਪਿਰ' ਦੇ ਰਿਸ਼ਤੇ ਰਾਹੀਂ ਆਦਰਸ਼ਿਕ ਰੂਪ ਵਿੱਚ ਪੇਸ਼ ਕੀਤਾ ਹੈ। ਸਿੱਖ ਪਰੰਪਰਾ ਅਨੁਸਾਰ

ਗ੍ਰਹਿਸਥ ਬਾਹਰੀ ਰਿਸ਼ਤਿਆਂ ਦੀ ਸਮਾਜ ਵਿੱਚ ਕੋਈ ਥਾਂ ਨਹੀਂ ਹੁੰਦੀ। ਇਸ ਲਈ ਵਿਆਹ ਬਾਹਰੀ ਰਿਸ਼ਤਿਆਂ ਦਾ ਵਿਰੋਧ ਅਤੇ ਤਾੜਨਾ ਕਰਦਿਆਂ ਸੰਦੇਸ਼ ਦਿੱਤਾ ਹੈ:

ਘਰ ਕੀ ਨਾਰ ਤਿਆਗੈ ਅੰਧਾ।।
ਪਰ ਨਾਰੀ ਸਿਉ ਘਾਲੈ ਧੰਧਾ।।
ਜੈਸੇ ਸਿੰਬਲ ਦੇਖਿ ਸੂਆ ਬਿਗਸਾਨਾ।।
ਅੰਤ ਕੀ ਬਾਰ ਮੂਆ ਲਪਟਾਨਾ।।[61]

ਹੱਕ ਤੇ ਇਨਸਾਫ ਸੰਬੰਧੀ ਵੀ ਮੱਧਕਾਲੀ ਅਵਸਥਾ ਗਿਰਾਵਟ ਵਾਲੀ ਸੀ। ਦੂਸਰੇ ਦੇ ਹੱਕ ਨੂੰ ਮਾਰਨਾ ਬੇਇਨਸਾਫੀ ਦਾ ਮਾਰਗ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਅਵਗੁਣ ਦੀ ਕਰੜੇ ਸ਼ਬਦਾਂ ਵਿੱਚ ਨਿੰਦਿਆ ਕੀਤੀ ਹੈ। ਡਾ. ਜਗਬੀਰ ਸਿੰਘ ਇਸ ਸੰਬੰਧੀ ਲਿਖਦੇ ਹਨ:

> ਗੁਰੂ ਨਾਨਕ ਬਾਣੀ ਵਿਚ ਸਮਾਜਿਕ ਜੀਵਨ ਦੀ ਪਰਫੁੱਲਤਾ ਲਈ ਕੁਝ ਸਦੀਵੀ ਕਦਰਾਂ ਦੇ ਮਹੱਤਵ ਨੂੰ ਪਛਾਣਿਆ ਗਿਆ ਹੈ। ਮਾਨਵ ਹਿੱਤਕਾਰੀ ਇਨਸਾਫ ਇਸ ਦੀ ਕੇਂਦਰੀ ਧਾਰਨਾ ਹੈ। ਸਮਕਾਲੀ ਸਮਾਜਿਕ ਪ੍ਰਬੰਧ ਦੇ ਮਾਨਵ ਵਿਰੋਧੀ ਢਾਂਚੇ ਦੀ ਕਰੜੀ ਆਲੋਚਨਾ ਕਰਦਿਆਂ ਗੁਰੂ ਨਾਨਕ ਨੇ ਬਰਾਬਰੀ ਤੇ ਏਕਤਾ ਦੇ ਆਦਰਸ਼ਾਂ ਉਪਰ ਬਲ ਦਿੱਤਾ ਹੈ। ਸੇਵਾ, ਪ੍ਰੇਮ, ਸਦਭਾਵਨਾ ਤੇ ਦਇਆ ਦੇ ਗੁਣਾਂ ਨੂੰ ਧਾਰਨ ਕਰਨ ਦਾ ਨਿਰਦੇਸ਼ ਦੇ ਕੇ ਗੁਰੂ ਕਵੀ ਨੇ ਮਨੁੱਖੀ ਸੰਬੰਧਾਂ ਦੇ ਬੁਨਿਆਦੀ ਅਧਾਰ ਮਜਬੂਤ ਕਰਨ ਦਾ ਯਤਨ ਕੀਤਾ ਹੈ।[62]

ਸੋ ਉਪਰੋਕਤ ਦਿੱਤੇ ਗਏ ਵਿਚਾਰ ਦੀ ਰੋਸ਼ਨੀ ਵਿੱਚ ਇਹ ਦੇਖਿਆ ਗਿਆ ਹੈ ਕਿ ਸਿੱਖ ਧਰਮ ਪਰੰਪਰਾ ਦੇ ਅਨੁਸਾਰੀਆਂ ਨੇ ਗੁਰੂ ਸਾਹਿਬ ਦੁਆਰਾ ਪ੍ਰਦਾਨ ਕੀਤੀ ਚੇਤਨਾ ਤੇ ਉਹਨਾਂ ਦੁਆਰਾ ਦਿੱਤੀਆਂ ਕਦਰਾਂ-ਕੀਮਤਾਂ ਨੂੰ ਇੰਨੀ ਸ਼ਿੱਦਤ ਨਾਲ ਆਪਣੇ ਅੰਦਰ ਵਸਾ ਲਿਆ ਸੀ ਕਿ ਦ੍ਰਿੜਤਾ ਤੇ ਨਿਰਭੈਤਾ ਉਹਨਾਂ ਦੇ ਚਰਿੱਤਰ ਦਾ ਖਾਸਾ ਬਣ ਗਿਆ ਜਿਨ੍ਹਾਂ ਉਤੇ

ਅਣਗਿਣਤ ਸ਼ਹਾਦਤਾਂ ਉਸਾਰੀ ਹੋਈ ਇਹ ਸ਼ਹਾਦਤਾਂ ਉਨ੍ਹਾਂ ਦੀ ਉਸ ਜਿੱਤ ਦਾ ਪ੍ਰਮਾਣ ਹਨ ਜੋ ਉਹਨਾਂ ਨੇ ਆਪਣੇ ਅੰਦਰਲੇ ਵਿਸ਼ੇ ਵਿਕਾਰਾਂ ਉੱਤੇ ਪਾਈ ਤੇ ਸਮਾਜ ਵਿੱਚ ਸਮਾਜਿਕ ਨਿਆਂ ਦੀ ਪੈਰਵੀ ਕੀਤੀ।

## 5.3 ਸਿੱਖ ਸ਼ਹਾਦਤ ਪਰੰਪਰਾ : ਵਿਸ਼ਵੀ ਪਰਿਪੇਖ ਵਿੱਚ ਸਿੱਖ ਸ਼ਹਾਦਤ ਪਰੰਪਰਾ ਦਾ ਧਾਰਮਿਕ ਯੋਗਦਾਨ

ਵਿਆਕਰਣਕ ਨਜ਼ਰੀਏ ਤੋਂ 'ਧਰਮ' ਸ਼ਬਦ ਦੀ ਉਤਪਤੀ 'ਧ੍ਰਿ' ਧਾਤੂ ਤੋਂ ਹੋਈ ਹੈ ਜਿਸਦਾ ਅਰਥ ਹੈ ਧਾਰਨ ਕਰਨਾ। 'ਧਾਰਯਤਿ ਇਤਿ ਧਰਮ' ਅਰਥਾਤ ਜੋ ਧਾਰਨ ਕੀਤਾ ਜਾਂਦਾ ਹੈ, ਉਹ ਧਰਮ ਹੈ। ਧਰਮ ਤੋਂ ਆਮ ਅਰਥ ਇਹ ਵੀ ਲਿਆ ਜਾਂਦਾ ਹੈ ਕਿ ਜੋ ਕਰਮ ਆਤਮਾ ਦੀ ਉਨਤੀ ਵੱਲ ਤੋਰਦੇ ਹਨ ਉਹ ਕਰਮ ਧਰਮ ਹਨ।

ਧਰਮ ਨੂੰ ਵਿਸ਼ਵ ਦਾ ਮੂਲ ਤੱਤ ਮੰਨਿਆ ਗਿਆ ਹੈ ਜੋ ਮਨੁੱਖ ਨੂੰ ਸਮਾਜਿਕ ਭਰਾਤਰੀ ਭਾਵ ਨਾਲ ਰਹਿਣਾ ਸਿਖਾਉਂਦਾ ਹੈ। ਹਉਮੈ ਤੋਂ ਉਪਰ ਉੱਠ ਕੇ ਨਿਰਮਲ ਕਰਮ ਕਰਨਾ ਸਿਖਾਉਂਦਾ ਹੈ। ਧਰਮ ਨੇ ਮਨੁੱਖੀ ਸਵੈਪੂਰਨਤਾ ਅਤੇ ਸਮਾਜਿਕ ਭਲਾਈ ਲਈ ਆਦਰਸ਼ ਸਿਰਜੇ ਹਨ। ਬਹੁਤ ਸਾਰੇ ਮਨੁੱਖੀ ਗੁਣ ਜਿਵੇਂ ਇਮਾਨਦਾਰੀ, ਤਰਸ, ਦਇਆ, ਸਾਊਪੁਣਾ ਦੀ ਭਾਵਨਾ ਵਿੱਚ ਵਾਧਾ ਆਦਿ ਧਰਮ ਦੀ ਪ੍ਰੇਰਣਾ ਕਰਕੇ ਹੀ ਹੋਂਦ ਵਿੱਚ ਆਇਆ ਹੈ। ਮਨੁੱਖੀ ਆਚਰਣ ਵਿੱਚ ਚੰਗਿਆਈ, ਸਹਿਣਸ਼ੀਲਤਾ, ਖਿਆਲਾਂ ਦੀ ਪਵਿੱਤਰਤਾ, ਨੇਕਨੀਤੀ ਧਰਮ ਦੀ ਹੀ ਦੇਣ ਹੈ। ਧਾਰਮਿਕ ਸ਼ੈਲੀ ਮਨੁੱਖ ਨੂੰ ਆਚਰਣਕ ਤੌਰ ਤੇ ਉੱਚਾ ਚੁੱਕਣ ਵਿੱਚ ਸਹਾਈ ਹੁੰਦੀ ਹੈ। ਧਰਮ ਨੇ ਮਨੁੱਖ ਨੂੰ ਹਰ ਲੋਭ ਤੋਂ ਉੱਚਾ ਉੱਠ ਕੇ ਚੰਗੇ ਕਰਮ ਕਰਨ ਲਈ ਹਰ ਕਿਸਮ ਦੀ ਕੁਰਬਾਨੀ ਕਰਨ ਲਈ ਹੌਂਸਲਾ ਦਿੱਤਾ ਹੈ। ਧਰਮ ਮਨੁੱਖ ਨੂੰ ਜਿੱਥੇ ਤਿਆਗ ਦੇ ਰਾਹ ਤੇ ਤੋਰਦਾ ਹੈ ਨਾਲ ਹੀ ਉਹ ਮਨੁੱਖ ਨੂੰ ਉਸਦੇ ਜੀਵਨ ਦੀ ਸਾਰਥਿਕਤਾ ਦਾ ਬੋਧ ਕਰਾਉਂਦਾ ਹੋਇਆ ਲੌਕਿਕ ਅਤੇ ਪਾਰਲੌਕਿਕ ਕਲਿਆਣ ਲਈ ਕਾਰਜਸ਼ੀਲ ਵੀ ਕਰਦਾ ਹੈ। ਜਨਮ ਤੋਂ ਲੈ ਕੇ ਮੌਤ ਤੱਕ ਸਮੁੱਚਾ ਮਾਨਵੀ ਜੀਵਨ ਧਰਮ ਅਧਾਰਿਤ ਰਿਹਾ ਹੈ ਅਤੇ ਮਨੁੱਖੀ ਸਖਸ਼ੀਅਤ ਦੇ ਚੇਤਨ,

ਅਰਧ ਚੇਤਨ ਅਤੇ ਅਚੇਤਨ ਖੇਤਰਾਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ। ਧਰਮ ਮਨੁੱਖੀ ਬੁੱਧੀ ਭਾਵਨਾ ਅਤੇ ਇੱਛਾ ਸ਼ਕਤੀ ਦੀ ਬੁਨਿਆਦੀ ਪ੍ਰੇਰਣਾ ਹੈ।

Annemarie de wall malifjt ਆਪਣੀ ਪੁਸਤਕ Religion and Culture ਵਿੱਚ ਲਿਖਦੀ ਹੈ: 'ਧਰਮ ਮਨੁੱਖੀ ਸੱਭਿਆਚਾਰ ਦੇ ਸਭ ਤੋਂ ਮਹੱਤਵਪੂਰਨ ਪੱਖਾਂ ਵਿੱਚੋਂ ਇੱਕ ਹੈ ਨਾ ਸਿਰਫ ਇਹ ਗਿਆਤ ਮਨੁੱਖੀ ਸਮਾਜਾਂ ਵਿੱਚ ਹੀ ਪਾਇਆ ਜਾਂਦਾ ਹੈ ਬਲਕਿ ਦੂਜੀਆਂ ਸੱਭਿਆਚਾਰਕ ਸੰਸਥਾਵਾਂ ਤੇ ਵੀ ਮਹੱਤਵਪੂਰਨ ਰੂਪ ਵਿੱਚ ਪ੍ਰਭਾਵਕਾਰੀ ਹੁੰਦਾ ਹੈ। ਇਹ ਪਦਾਰਥਕ ਸੱਭਿਆਚਾਰਕ ਮਨੁੱਖੀ ਵਰਤਾਵ ਅਤੇ ਮੁੱਲ ਵਿਧਾਨ ਸਦਾਚਾਰ ਅਤੇ ਨੀਤੀ ਸਾਸ਼ਤਰ, ਵਿਆਹ ਅਰਥ ਸਾਸ਼ਤਰ ਰਾਹੀਂ ਪ੍ਰਗਟ ਹੁੰਦਾ ਹੈ। ਇਹ ਪਰਿਵਾਰ ਸੰਸਥਾਵਾਂ ਵਿਆਹ ਕਾਨੂੰਨੀ ਰਾਜਨੀਤੀ ਤੇ ਪ੍ਰਭਾਵ ਪਾਉਂਦਾ ਹੈ ਅਤੇ ਚਕਿਤਸਕ ਵਿਗਿਆਨ ਅਤੇ ਸ਼ਿਲਪ ਵਿਗਿਆਨ ਦੇ ਖੇਤਰਾਂ ਵਿੱਚ ਵੀ ਪ੍ਰਵੇਸ਼ ਕਰਦਾ ਹੈ। ਇਸ ਦੇ ਵਿਦਰੋਹ ਅਤੇ ਯੁੱਧਾਂ ਨੂੰ ਵੀ ਪ੍ਰੇਰਿਤ ਕੀਤਾ ਹੈ ਨਾਲ ਹੀ ਕਲਾ ਦੇ ਉਕਾਤ ਨਮੂਨਿਆਂ ਨੂੰ ਵੀ। ਕਿਸੇ ਵੀ ਹੋਰ ਸੱਭਿਆਚਾਰਕ ਸੰਸਥਾ ਦੇ ਪ੍ਰਗਟਾਵੇ ਅਤੇ ਪ੍ਰਭਾਵਾਂ ਦਾ ਘੇਰਾ ਇਤਨਾ ਵਿਆਪਕ ਨਹੀਂ।[63]

ਉਪਰੋਕਤ ਪਰਿਭਾਸ਼ਾ ਤੋਂ ਗਿਆਤ ਹੁੰਦਾ ਹੈ ਕਿ ਧਰਮ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਵਿਦਮਾਨ ਹੈ। 18ਵੀਂ ਸਦੀ ਵਿੱਚ ਯੂਰਪ ਵਿੱਚ ਆਈ ਬੌਧਿਕ ਕ੍ਰਾਂਤੀ ਨੇ ਧਰਮ ਨੂੰ ਵਿਗਿਆਨਕ ਨਜ਼ਰੀਏ ਤੋਂ ਦੇਖਦੇ ਹੋਏ ਇਸ ਵਿਚੋਂ ਅੰਧ ਵਿਸ਼ਵਾਸ, ਵਹਿਮ-ਭਰਮ ਅਤੇ ਪਰਾਭੌਤਿਕਤਾ ਦੇ ਸੰਕਲਪ ਅਤੇ ਮਿੱਥ ਨੂੰ ਨਕਾਰਦਿਆਂ ਨਵੀਂਆਂ ਅੰਤਰ-ਦ੍ਰਿਸ਼ਟੀਆਂ ਪੇਸ਼ ਕੀਤੀਆਂ ਜਿਸ ਦੀ ਵਿਸ਼ੇਸ਼ਤਾ ਮਾਨਵ ਹਿਤੈਸ਼ੀ ਹੋਣਾ ਅਤੇ ਧਰਮ ਦੇ ਸਦਾਚਾਰਕ ਰੂਪ ਨੂੰ ਪੇਸ਼ ਕਰਨਾ ਹੈ ਪਰ ਆਧੁਨਿਕ ਸੰਸਾਰ ਵਿੱਚ ਧਰਮ ਇਸ ਨਜ਼ਰੀਏ ਰਾਹੀਂ ਆਪਣੇ ਅਸਲੀ ਕਰਤੱਵ ਤੋਂ ਦੂਰ ਚਲਾ ਗਿਆ ਅਤੇ ਕਈ ਪ੍ਰਕਾਰ ਦੀਆਂ ਵੰਗਾਰਾਂ ਦਾ ਸਾਹਮਣਾ ਕਰ ਰਿਹਾ ਹੈ। ਅਜੋਕੇ ਵਿਸ਼ਵ ਸਮਾਜ ਵਿੱਚ ਧਰਮ ਆਪਣੇ ਯਥਾਰਥਕ ਅਰਥਾਂ ਤੋਂ ਦੂਰ ਟਕਰਾਉ ਤੇ ਤਣਾਉ ਦੇ ਰੂਪ ਵਿੱਚ ਖੜ੍ਹਾ ਦਿਸ ਰਿਹਾ ਹੈ। ਸੰਸਾਰ ਵਿੱਚ ਧਰਮ ਦੇ ਨਾਂ ਤੇ ਦਹਿਸ਼ਤ ਗਰਦੀ ਅਤੇ ਆਤੰਕਵਾਦ ਵਧ ਰਿਹਾ ਹੈ। ਧਰਮ ਦੇ ਅਸਲੀ ਰੂਪ ਨੂੰ ਬਣਾਈ ਰੱਖਣ ਲਈ ਸੰਸਾਰ ਦੇ ਬਹੁ ਕੌਮੀ

ਸੱਭਿਆਚਾਰ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨੀ ਜ਼ਰੂਰੀ ਹੈ। ਸਮਾਜ ਵਿੱਚ ਇਕਸੁਰਤਾ ਅਤੇ ਇਕਸਾਰਤਾ ਪੈਦਾ ਕਰਨ ਲਈ ਧਰਮ ਦੇ ਹਕੀਕੀ ਰੂਪ ਦੀ ਪੇਸ਼ਕਾਰੀ ਕਰਨਾ ਵਿਸ਼ਵ ਸਮਾਜ ਦੀ ਅੱਜ ਬਹੁਤ ਵੱਡੀ ਲੋੜ ਹੈ।

ਸਿੱਖ ਸ਼ਹਾਦਤ ਪਰੰਪਰਾ ਦਾ ਵਿਸ਼ਵ ਸਮਾਜ ਨੂੰ ਧਾਰਮਿਕ ਯੋਗਦਾਨ ਬਹੁਤ ਵੱਡਮੁੱਲਾ ਹੈ। ਗੁਰੂ ਸਾਹਿਬਾਨਾਂ ਦੇ ਆਪਣੇ ਸਮੇਂ ਧਰਮ ਨੂੰ ਜਦੋਂ ਉਸਦੇ ਅਸਲੀ ਸਰੂਪ ਨਾਲੋਂ ਟੁੱਟ ਕੇ ਸਹੀ ਪਰਿਪੇਖ ਤੋਂ ਦੂਰ ਜਾਂਦਿਆਂ ਵੇਖਿਆ ਸੀ ਤਾਂ ਉਹਨਾਂ ਨੇ ਧਰਮ ਦੀ ਸਰਬਕਾਲੀ ਪਰਿਭਾਸ਼ਾ ਕਾਇਮ ਕੀਤੀ। ਗੁਰੂ ਸਾਹਿਬਾਨ ਨੇ ਉਹਨਾਂ ਕੀਮਤਾਂ ਵਿੱਚ ਵਾਧਾ ਕੀਤਾ ਜੋ ਮਨੁੱਖੀ ਵਿਕਾਸ ਦਾ ਕੇਂਦਰੀ ਧੁਰਾ ਬਣਦੀਆਂ ਹਨ।

ਧਰਮ ਦਾ ਮੂਲ ਧੁਰਾ ਰੱਬ ਹੈ ਅਤੇ ਕਿਸੇ ਵੀ ਧਰਮ ਵਿੱਚ ਰੱਬ ਪ੍ਰਤੀ ਨਜ਼ਰੀਆ ਸਮਾਜ ਨੂੰ ਸੇਧ ਦਿੰਦਾ ਹੈ। ਹਰ ਧਰਮ ਵਿੱਚ ਰੱਬ ਬਾਰੇ ਵੱਖਰੇ-ਵੱਖਰੇ ਵਿਚਾਰ ਪ੍ਰਚਲਿਤ ਹਨ। ਸਿੱਖ ਸ਼ਹਾਦਤ ਪਰੰਪਰਾ ਨੇ ਰੱਬ ਬਾਰੇ ਜੋ ਦ੍ਰਿੜ ਵਿਚਾਰ ਦਿੱਤਾ ਉਹ ਰੱਬੀ ਏਕਤਾ ਦਾ ਹੀ ਹੈ ਤੇ ਇਹ ਧਾਰਮਿਕ ਮਾਡਲ ਪੂਰੇ ਵਿਸ਼ਵ ਨੂੰ ਇੱਕ ਲੜੀ ਵਿੱਚ ਪ੍ਰੋਣ ਦਾ ਹੈ ਜੋ ਬਹੁਪੱਖੀ ਰੂਪ ਵਿੱਚ ਸੰਸਾਰ ਦੇ ਵੱਖ-ਵੱਖ ਧਰਮਾਂ ਦੀ ਪਛਾਣ ਨੂੰ ਪ੍ਰਵਾਨਗੀ ਦਿੰਦਾ ਹੈ ਤੇ ਹਰ ਪਛਾਣ ਦੀ ਰਖਵਾਲੀ ਕਰਦਾ ਹੈ। ਸਿੱਖ ਸ਼ਹਾਦਤ ਪਰੰਪਰਾ ਨੇ ਇਕ ਈਸ਼ਵਰਵਾਦੀ ਸੰਕਲਪ ਦੀ ਰਾਖੀ ਕੀਤੀ ਹੈ ਕਿਉਂਕਿ ਇਹ ਯਹੂਦੀ, ਈਸਾਈ, ਇਸਲਾਮ, ਹਿੰਦੂ, ਬੁੱਧ ਅਤੇ ਜੈਨ ਧਰਮਾਂ ਦੇ ਰੱਬੀ ਸੰਕਲਪ ਨਾਲੋਂ ਵਿਲੱਖਣ ਹੈ। ਯਹੂਦੀ ਧਰਮ ਵਿੱਚ ਰੱਬ ਦਾ ਸੰਕਲਪ ਮੂਸਾ ਨੂੰ ਪ੍ਰਾਪਤ ਪਾਕਿ-ਆਦੇਸ਼ਾਂ, 'ਚੋਂ ਪ੍ਰਗਟ ਹੁੰਦਾ ਹੈ ਜਿੱਥੇ ਖ਼ੁਦਾ ਨੇ ਆਪਣੇ ਬਾਰੇ ਦੱਸਿਆ ਹੈ ਕਿ ਮੈਂ ਹੀ ਖ਼ੁਦਾ ਹਾਂ ਦੂਸਰਾ ਮੇਰੇ ਤੋਂ ਇਲਾਵਾ ਕਿਸੇ ਅੱਗੇ ਆਪਣਾ ਸਿਰ ਨਹੀਂ ਝੁਕਾਉਣਾ, ਤੀਸਰਾ ਆਪਣੇ ਖ਼ੁਦਾ ਦਾ ਨਾਂ ਬੇਅਰਥ ਨਹੀਂ ਲੈਣਾ। ਯਹੂਦੀ ਧਰਮ ਵਿੱਚ ਰੱਬ ਦੇ ਸੰਕਲਪ ਬਾਰੇ ਡਾ. ਗੁਰਮੀਤ ਸਿੰਘ ਲਿਖਦੇ ਹਨ:

> ਯਹੂਦੀ ਧਰਮ ਵਿੱਚ ਰੱਬ ਨੂੰ 'ਮੈਂ' ਅਤੇ 'ਤੂੰ' (I and Thoo) ਦੇ ਸੰਬੰਧ ਵਿੱਚ ਸਮਝਿਆ ਜਾਂਦਾ ਹੈ। ਉਹ 'ਮੈਂ' (I) ਤੂੰ (You) ਭਾਵ ਉਹ

ਦੂਸਰਿਆਂ ਤੋਂ ਵੱਖਰਾ ਹੈ। ਉਹ ਨਿਰੰਕਾਰ ਪ੍ਰਾਣੀ ਨਹੀਂ ਹੈ ਕਿਉਂਕਿ ਖੁਦਾ ਖੁਦ ਬਾਰੇ ਦੱਸਦਾ ਹੈ ਕਿ ਮੈਂ ਹਾਂ (I am) ਭਾਵ ਕਿ ਰੱਬ ਆਪਣੀ ਮੈਂ ਜਾਂ ਸਵੈ (Self) ਬਾਰੇ ਖੁਦ ਦੱਸਦਾ ਹੈ।[64]

ਇਸ ਤਰ੍ਹਾਂ ਯਹੂਦੀ ਧਰਮ ਵਿਚਲਾ ਰੱਬ 'ਮੈਂ' ਅਤੇ 'ਤੂੰ' ਵਿਚਕਾਰ ਵੰਡਿਆ ਹੋਇਆ ਹੈ। ਈਸਾਈ ਧਰਮ ਵਿੱਚ ਰੱਬ ਦਾ ਸੰਕਲਪ ਵੀ 'ਤ੍ਰੀ ਏਕਤਾ' ਦੇ ਰੂਪ ਵਿੱਚ ਮਿਲਦਾ ਹੈ ਜੋ ਕਿ ਪਿਤਾ ਪੁੱਤਰ ਅਤੇ ਪਵਿੱਤਰ ਆਤਮਾ ਦੇ ਰੂਪ ਵਿੱਚ ਵਿਕਸਿਤ ਹੋਇਆ ਹੈ। ਰੱਬ ਪਿਤਾ ਈਸਾ ਪੁੱਤਰ ਅਤੇ ਪਵਿੱਤਰ ਆਤਮਾ ਹੈ ਜੋ ਲੋਕਾਈ ਦੇ ਦੁੱਖ ਹਰਨ ਲਈ ਪੈਦਾ ਹੋਇਆ ਹੈ। ਰੱਬ ਅਤੇ ਮਨੁੱਖ ਵਿਚਲਾ ਮੇਲ ਉਸ ਦੇ ਦਖਲ ਨਾਲ ਹੀ ਸੰਭਵ ਹੈ। ਈਸਾਈ ਧਰਮ ਮੁਤਾਬਿਕ ਰੱਬ ਪਵਿੱਤਰ (Holy) ਹੈ ਪਰ ਮਨੁੱਖ ਗੁਨਾਹਗਾਰ ਹੈ। ਮਨੁੱਖ ਨੂੰ ਗੁਨਾਹਾਂ ਤੋਂ ਮੁਕਤੀ ਲਈ ਰੱਬ ਦੇ ਪੁੱਤਰ ਈਸਾ ਦੇ ਸੰਦੇਸ਼ਾਂ ਅਨੁਸਾਰ ਚੱਲਣਾ ਪਏਗਾ। ਇਸ ਪ੍ਰਕਾਰ ਈਸਾਈ ਧਰਮ ਵਿੱਚ ਰੱਬ ਅਤੇ ਮਨੁੱਖ ਵਿੱਚ ਪਵਿੱਤਰਤਾ ਅਤੇ ਗੁਨਾਹਗਾਰ ਦੇ ਅੰਤਰ ਸਪੱਸ਼ਟ ਦਿਖਾਈ ਦਿੰਦੇ ਹਨ। ਇਸਲਾਮ ਧਰਮ ਵਿੱਚ ਰੱਬ ਦਾ ਸੰਕਲਪ ਇਕੋ-ਇੱਕ ਸ਼ਕਤੀ ਦੇ ਰੂਪ ਵਿੱਚ ਆਉਂਦਾ ਹੈ। ਇਹ ਅੱਲਾਹ ਦੇ ਸੰਦੇਸ਼ਾਂ ਦਾ ਸੰਗ੍ਰਹਿ ਕੁਰਾਨ ਵਿੱਚ ਦਿੜ੍ਹ ਹੈ ਅਤੇ ਸ਼ਰ੍ਹਾ ਦੇ ਨਿਯਮ ਅਤੇ ਸ਼ਰ੍ਹਾ ਤੇ ਚੱਲਣਾ ਇਸ ਧਰਮ ਵਿੱਚ ਅੱਲਾਹ ਦੀ ਹੋਂਦ ਨੂੰ ਦ੍ਰਿੜ੍ਹ ਕਰਾਉਣ ਦਾ ਧਰਮ ਹੈ। ਜੈਨ ਧਰਮ ਵਿੱਚ ਬ੍ਰਹਿਮੰਡ ਨੂੰ ਸਦੀਵੀ ਮੰਨਿਆ ਗਿਆ ਹੈ ਪਰ ਉਸ ਦੇ ਸਿਰਜਕ ਦੀ ਹੋਂਦ ਨਹੀਂ ਮੰਨੀ ਗਈ। ਜੈਨ ਪਰੰਪਰਾ ਅਨੁਸਾਰ ਸੱਚ ਆਤਮਿਕ ਅਤੇ ਪਦਾਰਥਕ ਦੋਨਾਂ ਰੂਪਾਂ ਵਿੱਚ ਹੈ ਜਿਸ ਵਿੱਚ ਜੀਵ ਸੰਸਾਰਿਕ ਬੰਧਨਾਂ ਵਿੱਚ ਬੱਝਾ ਹੈ ਪਰ ਉਸਦੀ ਮੁਕਤੀ ਕੁੱਲ ਨਿਯਮਾਂ ਨੂੰ ਅਪਣਾ ਕੇ ਹੀ ਹੋਣੀ ਹੈ। ਬੁੱਧ ਧਰਮ ਰੱਬ ਦੀ ਹੋਂਦ ਨੂੰ ਮੰਨਣ ਵਾਲਾ ਧਰਮ ਨਹੀਂ ਹੈ ਪਰ ਸੱਚ ਦੇ ਮਾਰਗ ਨੂੰ ਅਪਣਾਉਂਦੇ ਹੋਏ ਅਸ਼ਠਾਂਗ ਮਾਰਗ ਦੇ ਧਾਰਨੀ ਹਨ। ਇਸ ਵਿੱਚ ਸ਼ੁੱਧ ਦ੍ਰਿਸ਼ਟੀ, ਸ਼ੁੱਧ ਸੰਕਲਪ, ਸ਼ੁੱਧ ਵਚਨ, ਸ਼ੁੱਧ ਕਾਰਜ, ਸ਼ੁੱਧ ਆਜੀਵਕਾ, ਸ਼ੁੱਧ ਯਤਨ, ਸ਼ੁੱਧ ਸਿਮਰਤੀ ਅਤੇ ਸ਼ੁੱਧ ਸਮਾਧੀ ਹੈ। ਹਿੰਦੂ ਧਰਮ ਵਿੱਚ ਰੱਬ ਦਾ ਸੰਕਲਪ ਪ੍ਰਕਿਰਤੀਵਾਦ ਬਹੁਦੇਵਵਾਦ, ਇੱਕ ਈਸ਼ਵਰਵਾਦ ਜਾਂ ਇੱਕ ਦੇਵਤਾਵਾਦ ਦੇ ਰੂਪ ਵਿੱਚ ਪਾਇਆ ਗਿਆ ਹੈ। ਉਪਰੋਕਤ ਧਰਮਾਂ

ਵਿੱਚ ਰੱਬ ਦੇ ਸੰਕਲਪ ਨਾਲੋਂ ਸਿੱਖ ਧਾਰਮਿਕ ਪਰੰਪਰਾ ਵਿੱਚ ਜੋ ਰੱਬੀ ਏਕਤਾ ਦਾ ਸੰਕਲਪ ਪੇਸ਼ ਕੀਤਾ ਗਿਆ ਹੈ ਉਹ ਕ੍ਰਿਆਸ਼ੀਲ ਊਰਜਾ ਹੈ। ਇਹ ਕਰਤਾਪੁਰਖ ਸਰਬ-ਵਿਆਪਕ ਅਤੇ ਸਦੀਵੀ ਸੱਚ ਹੈ। ੧ਓ ਮਨੁੱਖਤਾ ਨੂੰ ਇੱਕ ਸੱਚ ਦੀ ਵਚਿੱਤਰਤਾ ਅਤੇ ਵਿਭਿੰਨਤਾ ਦੇ ਦਰਸ਼ਨ ਕਰਾਉਂਦਾ ਹੈ। ਸਿੱਖ ਧਰਮ ਅਨੁਸਾਰ ਪਰਮਾਤਮਾ ਇੱਕ ਹੈ ਪਰ ਇਕਿਹਰਾ ਨਹੀਂ ਉਸਦਾ ਸੱਚ ਸਭ ਵਿੱਚ ਵਰਤ ਰਿਹਾ ਹੈ। ਉਹ ਅਨੇਕਾਂ ਰੂਪਾਂ ਦਾ ਸਿਰਜਕ ਹੈ ਅਤੇ ਪੂਰੀ ਵਿਸ਼ਵ ਮਾਨਵਤਾ ਲਈ ਇੱਕ ਹੋਣ ਦਾ ਸੰਦੇਸ਼ ਹੈ। ਸਿੱਖ ਧਰਮ ਦਾ ਰੱਬੀ ਏਕਤਾ ਦਾ ਮਾਡਲ ਵੱਖ-ਵੱਖ ਵਿਸ਼ਵਾਸਾਂ ਇਲਾਕਿਆਂ ਅਤੇ ਸੱਭਿਆਚਾਰਕ ਇਕਾਈਆਂ ਦੇ ਲੋਕਾਂ ਦਾ ਸਿਰਜਕ ਇੱਕ ਹੋਣ ਦਾ ਦਾਅਵਾ ਕਰਦਾ ਹੈ। ਇਸ ਕਾਰਨ ਪੂਰੀ ਵਿਸ਼ਵ ਮਾਨਵਤਾ ਇੱਕ ਹੈ ਕਿਉਂਕਿ ਇੱਕ ਹੀ ਪਰਮਾਤਮਾ ਦੁਆਰਾ ਪੈਦਾ ਕੀਤੀ ਗਈ ਹੈ। ਸਿੱਖ ਧਰਮ ਵਿੱਚ ਪੇਸ਼ ਹੋਏ ਰੱਬੀ ਏਕਤਾ ਦੇ ਸੰਕਲਪ ਦੀਆਂ ਬਹੁਪੱਖੀ ਸੰਭਾਵਨਾਵਾਂ ਹਨ ਕਿਉਂਕਿ ਇਸ ਪਿੱਛੇ ਵਿਚਾਰ ਇਹ ਹੈ ਕਿ ਸਾਰੇ ਧਰਮ ਉਸ ਰੱਬੀ ਜੋਤ ਦਾ ਰੂਪ ਹਨ। ਗੁਰੂ ਸਾਹਿਬਾਨਾਂ ਨੇ ਦੂਸਰੇ ਧਰਮਾਂ ਦੇ ਰੱਬੀ ਸੰਕਲਪਾਂ ਅਤੇ ਰੱਬ ਦੇ ਵਿਭਿੰਨ ਨਾਵਾਂ ਨੂੰ ਗੁਰਬਾਣੀ ਵਿੱਚ ਵਰਤ ਕੇ ਸਭ ਦੇ ਇੱਕ ਹੀ ਸਿਰਜਣਹਾਰ ਹੋਣ ਦਾ ਸੰਦੇਸ਼ ਦਿੱਤਾ ਹੈ ਅਤੇ ਸਾਰੇ ਸੰਸਾਰ ਦੇ ਭਾਈਚਾਰਿਆਂ ਦੀ ਸਿਰਜਣਾ ਦਾ ਅਧਾਰ ਉਸ ਇਕੋ ਪਰਮਾਤਮਾ ਨੂੰ ਹੀ ਮੰਲਿਆ ਹੈ। ਇਸ ਸੰਬੰਧੀ ਡਾ. ਤਾਰਨ ਸਿੰਘ ਕਹਿੰਦੇ ਹਨ:

> ਹਿੰਦੂ ਮਿਥਿਹਾਸ ਅਨੁਸਾਰ ਰਾਮ ਇੱਕ ਨਾਇਕ ਦੇਵ ਜਾਂ ਮੂਰਤੀ ਹੈ ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਮ ਰੱਬੀ ਸੰਕਲਪ ਹੈ। ਉਹ ਰਮਾਇਣ ਵਾਲਾ ਰਾਮ ਨਹੀਂ ਹੈ। ਕ੍ਰਿਸ਼ਨ ਦੇਵਤਾ ਨਹੀਂ ਬਲਕਿ ਸਦੀਵੀ ਸਿਰਜਕ ਹੈ। ਮੋਹਨ, ਮੁਰਾਰੀ, ਗੋਪਾਲ, ਮਧੂਸੂਦਨ, ਦਮੋਦਰ, ਬਨਵਾਰੀ ਆਦਿ ਕ੍ਰਿਸ਼ਨ ਦੇ ਵਿਭਿੰਨ ਨਾਵਾਂ ਨੂੰ ਇੱਕ ਪਰਮਾਤਮਾ ਲਈ ਵਰਤਿਆ ਗਿਆ ਹੈ। ਇਸ ਤਰ੍ਹਾਂ ਸਾਰੰਗ ਸ੍ਰੀ ਧਨ, ਨਾਰਾਇਣ ਜਗਨਨਾਥ, ਗੋਵਿੰਦ ਕੇਸ਼ਵ, ਮਾਧਵ ਪੀਤਾਂਬਰ ਆਦਿ ਵਿਸ਼ਨੂ ਦੇ ਨਾਵਾਂ ਨੂੰ ਵਰਤਿਆ ਗਿਆ ਹੈ।[65]

ਸਿੱਖ ਧਰਮ ਵਿੱਚ ਰੱਬੀ ਏਕਤਾ ਦਾ ਸੰਕਲਪ 'ਮੈਂ' ਅਤੇ 'ਤੂੰ' ਅਤੇ ਪਰਾਏ ਤੋਂ ਉਪਰ ਹੈ। ਰੱਬ ਮਨੁੱਖ ਵੱਲੋਂ ਸਿਰਜੀਆਂ ਧਾਰਮਿਕ ਵੰਡੀਆਂ ਤੋਂ ਉਪਰ ਹੈ ਜਿੱਥੇ ਸੱਚ ਨੂੰ ਨਹੀਂ ਵੰਡਿਆ ਜਾ ਸਕਦਾ। ਰੱਬ ਮਨੁੱਖ ਤੋਂ ਦੂਰ ਨਹੀਂ ਹੈ ਤੇ ਮਨੁੱਖ ਦੇ ਅੰਦਰ ਵੱਸਦਾ ਹੈ ਤੇ ਉਸ ਦਾ ਹੀ ਜੋਤ ਸਰੂਪ ਹੈ।

ਅੱਜ ਦੇ ਵਿਸ਼ਵ ਸਮਾਜ ਵਿੱਚ ਜਿੱਥੇ ਹਰ ਵਿਅਕਤੀ ਆਪਣੇ ਰੱਬ ਨੂੰ ਮਾਨਤਾ ਦਿੰਦਾ ਹੋਇਆ ਪੱਖਪਾਤੀ ਰਵੱਈਆ ਰੱਖਦਾ ਹੈ ਅਤੇ ਧਰਮ ਦੇ ਨਾਂ ਤੇ ਦੰਗੇ ਫਸਾਦ ਕਤਲੇਆਮ ਅਤੇ ਦਹਿਸ਼ਤਗਰਦੀ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਅਜਿਹੇ ਸਮੇਂ ਵਿੱਚ ਸਿੱਖ ਧਰਮ ਵੱਲੋਂ ਆਪਸੀ ਸਹਿਯੋਗ, ਮਿਲਵਰਤਨ, ਸੰਤੁਲਨ ਜੀਵਨ ਅਤੇ ਸਦੀਵੀ ਸ਼ਾਂਤੀ ਲਈ ਸਿਰਜੇ ਆਦਰਸ਼ਾਂ ਦੇ ਵਿਸ਼ਲੇਸ਼ਣ ਦੀ ਲੋੜ ਹੈ ਤਾਂ ਜੋ ਇਹ ਦ੍ਰਿੜ ਕਰਵਾਇਆ ਜਾ ਸਕੇ ਕਿ ਸਾਰੀ ਮਨੁੱਖਤਾ ਵਿੱਚ ਹੀ ਪਰਮਾਤਮਾ ਹੈ ਤੇ ਸਾਰੇ ਵਿਸ਼ਵ ਦੇ ਧਰਮਾਂ ਵਿੱਚ ਨਫਰਤ ਤੇ ਪਰਾਏਪਣ ਦੀ ਭਾਵਨਾ ਖਤਮ ਹੋ ਸਕਦੀ ਹੈ। ਵਿਸ਼ਵ ਉਸ ਇੱਕ ਹੀ ਹਸਤੀ ਦਾ ਪਸਾਰਾ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ।।
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।।
ਗੁਰ ਸਾਖੀ ਜੋਤਿ ਪਰਗਟੁ ਹੋਇ।।[66]

ਕਰਣ ਕਾਰਣ ਪ੍ਰਭੁ ਏਕੁ ਹੈ।।
ਦੂਸਰ ਨਾਹੀ ਕੋਇ।।
ਨਾਨਕ ਤਿਸੁ ਬਲਿਹਾਰਣੈ।।
ਜਲਿ ਥਲਿ ਮਹੀਅਲਿ ਸੋਇ।।[67]

ਗੁਰੂ ਅਰਜਨ ਦੇਵ ਜੀ ਵੱਲੋਂ ਰਚੇ ਗਏ ਸ਼ਬਦ ਵਿੱਚ ਰੱਬੀ ਏਕਤਾ ਦਾ ਸੰਚਾਰ ਸਪੱਸ਼ਟ ਦਿਖਾਈ ਦਿੰਦਾ ਹੈ।

ਕਾਰਨ ਕਰਨ ਕਰੀਮ॥

ਸਰਬ ਪ੍ਰਤਿਪਾਲ ਰਹੀਮ॥

ਅਲਹ ਅਲਖ ਅਪਾਰ॥

ਖੁਦਿ ਖੁਦਾਇ ਵਡ ਬੇਸੁਮਾਰ॥

ਓੁਂ ਨਮੋ ਭਗਵੰਤ ਗੁਸਾਈ॥

ਖਾਲਕੁ ਰਵਿ ਰਹਿਆ ਸਰਬ ਠਾਈ॥ ਰਹਾਉ॥

ਜਗੰਨਾਥ ਜਗਜੀਵਨ ਮਾਧੋ॥

ਭਉ ਭੰਜਨ ਰਿਦ ਮਾਹਿ ਅਰਾਧੋ॥

ਰਿਖੀਕੇਸ ਗੋਪਾਲ ਗੋੁਵਿੰਦ॥

ਪੂਰਨ ਸਰਬਤ੍ਰ ਮੁਕੰਦ॥

ਮਿਹਰਵਾਨ ਮਉਲਾ ਤੂਹੀ ਏਕ॥

ਪੀਰ ਪੈਕਾਂਬਰ ਸੇਖ॥

ਦਿਲਾ ਕਾ ਮਾਲਕੁ ਕਰੇ ਹਾਕੁ॥

ਕੁਰਾਨ ਕਤੇਬ ਤੇ ਪਾਕੁ॥

ਨਾਰਾਇਣ ਨਰਹਰ ਦਇਆਲ॥

ਰਮਤ ਰਾਮ ਘਟ ਘਟ ਆਧਾਰ॥

ਬਾਸੁਦੇਵ ਬਸਤ ਸਭ ਠਾਇ॥

ਲੀਲਾ ਕਿਛੁ ਲਖੀ ਨ ਜਾਇ॥

ਮਿਹਰ ਦਇਆ ਕਰਿ ਕਰਨੈਹਾਰ॥

ਭਗਤਿ ਬੰਦਗੀ ਦੇਹਿ ਸਿਰਜਣਹਾਰ॥

ਕਹੁ ਨਾਨਕ ਗੁਰਿ ਖੋਏ ਭਰਮ॥

ਏਕੋ ਅਲਹੁ ਪਾਰਬ੍ਰਹਮ॥[68]

ਸਿੱਖ ਧਰਮ ਰੱਬੀ ਏਕਤਾ ਦੇ ਸੰਕਲਪ ਨੂੰ ਪ੍ਰੋ. ਸ਼ੇਰ ਸਿੰਘ ਨੇ ਇੰਝ ਬਿਆਨ ਕੀਤਾ ਹੈ

ਹਿੰਦੂ ਧਰਮ ਵਿਚ ਆਏ ਭਗਵੰਤ ਭਗਵਾਨ, ਬਿਸ਼ੰਬਰ ਬ੍ਰਹਮ, ਚੱਕ੍ਰਧਰ, ਚੱਕ੍ਰਪਾਨ, ਦਮੋਦਰ, ਗਿਰਧਾਰੀ, ਗੋਪਾਲ, ਗੋਬਿੰਦ, ਗੋਪੀਨਾਥ, ਗੁਰਵਰਧਨ, ਗੁਸਾਈ, ਹਰੀ, ਈਸ਼ਰ, ਕੇਸ਼ਵ, ਮਧੂਸੂਦਨ, ਕਾਨ੍ਹ, ਕਿਸ਼ਨ, ਮੁਰਾਰੀ, ਨਾਰਾਇਣ, ਪ੍ਰਮੇਸ਼ਵਰ, ਪੀਤਾਂਬਰ, ਪ੍ਰਭ, ਰਾਮ, ਸਾਰੰਗਧਰ, ਸਾਵਲ, ਸਿਆਮ, ਵਾਸਦੇਵ ਆਦਿ ਨਾਵਾਂ ਦੀ ਵਰਤੋਂ ਗੁਰਬਾਣੀ ਵਿੱਚ ਵਿਆਪਕ ਰੂਪ ਵਿੱਚ ਹੋਈ ਹੈ। ਇਸਲਾਮ ਧਰਮ ਨਾਲ ਸੰਬੰਧਿਤ ਨਾਉ ਅੱਲ੍ਹਾ ਹਾਜੀ, ਹਕੁ, ਕਰੀਮ, ਖਾਲਿਕ, ਖ਼ੁਦਾ, ਮਾਲਿਕ, ਪਾਕ, ਰੱਬ ਰਹੀਮ ਰਾਜ਼ਿਕ ਸਾਹਿਬ ਆਦਿ ਨਾਵਾਂ ਦੀ ਵਰਤੋਂ ਇੱਕ ਰੱਬ ਦੀ ਹੋਂਦ ਦਾ ਪੁਖਤਾ ਸਬੂਤ ਬਣ ਕੇ ਸਾਹਮਣੇ ਆਉਂਦੀ ਹੈ।[69]

ਇਸ ਪ੍ਰਕਾਰ ਸਿੱਖ ਸ਼ਹਾਦਤ ਪਰੰਪਰਾ ਇੱਕ ਪਰਮਾਤਮਾ ਦੇ ਮੂਲ ਵਿਚਾਰ ਵਿਚੋਂ ਦ੍ਰਿੜ੍ਹ ਹੋਈ ਤੇ ਉਸ ਨੇ ਸਾਰੀ ਲੋਕਾਈ ਨੂੰ ਮਨੁੱਖਤਾ ਦਾ ਰਾਹ ਵਿਖਾਇਆ। ਵਿਸ਼ਵ ਵਿੱਚੋਂ ਬੇਗਾਨਗੀ ਦਾ ਅਹਿਸਾਸ ਖਤਮ ਕਰਦਿਆਂ ਪਿਆਰ ਅਤੇ ਮਿੱਤਰਤਾ ਦੀ ਭਾਵਨਾ ਪੈਦਾ ਕਰਨ ਵਾਲੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਜਿਵੇਂ ਮਿੱਤਰ, ਮੀਤ, ਪਿਆਰਾ, ਸੱਜਣ, ਯਾਰ ਆਦਿ ਸ਼ਬਦਾਂ ਰਾਹੀਂ ਪਰਮਾਤਮਾ ਨੂੰ ਵਿਸ਼ਵ ਦਾ ਕਰਤਾ ਧਰਤਾ ਤੇ ਹਰਤਾ ਦੇ ਰੂਪ ਵਿੱਚ ਪੇਸ਼ ਕਰਕੇ ਵਿਸ਼ਵ ਦੇ ਵਿਭਿੰਨ ਧਰਮਾਂ ਵਿੱਚ ਏਕਤਾ ਅਤੇ ਅਨੇਕਤਾ ਦੇ ਮਸਲੇ ਨੂੰ ਹੱਲ ਕਰਨ ਦਾ ਪ੍ਰਵਚਨ ਸਿਰਜਿਆ ਹੈ। ਕੁੱਲ ਕਾਇਨਾਤ ਰੱਬੀ ਏਕਤਾ ਵਿੱਚੋਂ ਹੀ ਪੈਦਾ ਹੋਈ ਮੰਨੀ ਗਈ ਹੈ:

ਏਹ ਵਿਸੁ ਸੰਸਾਰੁ ਤੁਮ ਦੇਖਤੇ॥
ਏਹੁ ਹਰਿ ਕਾ ਰੂਪੁ ਹੈ॥
ਹਰਿ ਰੂਪੁ ਨਦਰੀ ਆਇਆ॥[70]
ਤਿਸੁ ਬਿਨੁ ਦੂਜਾ ਅਵਰੁ ਨ ਕੋਊ॥
ਆਦਿ ਮਧਿ ਅੰਤਿ ਹੈ ਸੋਊ॥[71]
ਨਾਨਕ ਏਕੋ ਰਵਿ ਰਹਿਆ॥
ਦੂਜਾ ਅਵਰੁ ਨ ਕੋਇ॥[72]

ਸਿੱਖ ਧਰਮ ਨੇ ਇੱਕ ਸੱਤਾ ਇੱਕ ਸ੍ਰੋਤ ਤੇ ਇੱਕੋ ਸ਼ਕਤੀ ਤੋਂ ਪੈਦਾ ਹੋਈ ਸਾਰੀ ਕਾਇਨਾਤ ਦੇ ਪਸਾਰੇ ਨੂੰ ਹੀ ਸਾਰੇ ਧਾਰਮਿਕ ਅਕੀਦਿਆਂ ਅਤੇ ਧਾਰਮਿਕ ਫਿਰਕਿਆਂ ਦਾ ਅਧਾਰ ਦੱਸਿਆ ਹੈ। ਸਾਰੇ ਵਿਸ਼ਵ ਵਿੱਚ ਅਜਿਹੀ ਭਾਵਨਾ ਦਾ ਸੰਦੇਸ਼ ਪਹੁੰਚਾਉਣ ਲਈ ਗੁਰੂ ਸਾਹਿਬਾਨ ਨੇ ਪਰਮਾਤਮਾ ਨੂੰ ਸਭ ਦਾ ਪਾਲਣਹਾਰ ਦੱਸਿਆ ਹੈ।

ਸਿੰਚਨ ਹਾਰੇ ਏਕੇ ਮਾਲੀ।।
ਖਬਰਿ ਕਰਤੁ ਹੈ ਪਾਤ ਪਤ ਡਾਲੀ।।[73]
ਆਪੀਨੈ ਆਪੁ ਸਾਜਿਓ ਆਪੀਨੈ ਰਚਿਉ ਨਾਉ।।
ਦੁਯੀ ਕੁਦਰਤਿ ਸਾਜੀਐ ਕਰਿ ਆਸਣ ਡਿਠੋ ਚਾਉ।।[74]

ਸਿੱਖ ਧਰਮ ਦਾ ਰੱਬੀ ਏਕਤਾ ਦਾ ਮਾਡਲ ਸਾਰੇ ਵਿਸ਼ਵ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਉਹ ਇੱਕ ਪਰਮਾਤਮਾ ਵਿਸ਼ਵ ਦੇ ਕਣ-ਕਣ ਵਿੱਚ ਸਾਰੇ ਜੀਵਾਂ ਵਿੱਚ ਵਿਦਮਾਨ ਹੈ ਇਸ ਲਈ ਸਹਿਹੋਂਦ, ਸਹਿਚਾਰ ਅਤੇ ਸਹਿਯੋਗ ਦੀ ਭਾਵਨਾ ਸਥਾਪਿਤ ਕਰਨ ਵਿੱਚ ਇਹ ਸੰਦੇਸ਼ ਸਹਾਈ ਹੋ ਸਕਦਾ ਹੈ। ਇਸ ਪ੍ਰਕਾਰ ਰੱਬੀ ਏਕਤਾ ਦਾ ਨਿਸ਼ਚਾ ਮਨੁੱਖ ਤੋਂ ਮਨੁੱਖਤਾ ਵਿੱਚ ਰੁਪਾਂਤਰਿਤ ਹੋ ਕੇ ਸਮੁੱਚੇ ਵਿਸ਼ਵ ਦੀ ਭਲਾਈ ਦਾ ਰੂਪ ਲੈ ਲੈਂਦਾ ਹੈ।

ਅਵਲਿ ਅਲਹ ਨੂਰੁ ਉਪਾਇਆ।।
ਕੁਦਰਤਿ ਕੇ ਸਭ ਬੰਦੇ।।
ਏਕ ਨੂਰ ਤੇ ਸਭੁ ਜਗ ਉਪਜਿਆ।।
ਕਉਨ ਭਲੇ ਕੋ ਮੰਦੇ।।[75]

ਰੱਬੀ ਏਕਤਾ ਦਾ ਇਹ ਪਰਕਰਣ ਮਨੁੱਖੀ ਏਕਤਾ, ਸਰਬ ਸਾਂਝੀਵਾਲਤਾ ਅਤੇ ਵਿਸ਼ਵ ਭਾਈਚਾਰੇ ਦੀ ਭਾਵਨਾ ਪੈਦਾ ਕਰਦਾ ਹੋਇਆ 'ਸਭੇ ਸਾਂਝੀਵਾਲ ਸਦਾਇਨ' ਦੀ ਭਾਵਨਾ ਦਾ ਪਾਸਾਰ ਕਰਦਾ ਹੈ। ਸੋ ਸਿੱਖ ਸ਼ਹਾਦਤ ਪਰੰਪਰਾ ਦਾ ਮੂਲ ਆਧਾਰ ਸਿੱਖ ਧਰਮ ਦੇ ਉਹ ਵਿਲੱਖਣ ਸੰਕਲਪ ਹਨ ਜਿਹਨਾਂ ਦੀ ਮਜਬੂਤ ਉਸਾਰੀ ਸਿੱਖਾਂ ਵੱਲੋਂ ਦੀਆਂ ਸ਼ਹਾਦਤਾਂ ਰਾਹੀਂ ਮਜਬੂਤ ਹੋਈ ਹੈ।

**ਅੰਤਰ ਧਰਮ ਸੰਵਾਦ ਦੀ ਪਿਰਤ**

ਅੰਤਰ ਧਰਮ ਸੰਵਾਦ ਦਾ ਮੁੱਖ ਉਦੇਸ਼ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਦਰਮਿਆਨ ਪੈਦਾ ਹੋ ਰਹੀਆਂ ਦੂਰੀਆਂ ਨੂੰ ਘਟਾਉਣਾ ਹੈ। ਇੱਕ ਦੂਜੇ ਦੇ ਮਨਾਂ ਵਿੱਚ ਪੈਦਾ ਹੁੰਦੀ ਸ਼ੰਕੇ ਅਤੇ ਗ਼ਲਤ ਫਹਿਮੀਆਂ ਨੂੰ ਦੂਰ ਕਰਕੇ ਧਰਮਾ ਵਿੱਚ ਪੈਦਾ ਹੋਈ ਵਿੱਥ ਨੂੰ ਖ਼ਤਮ ਕਰਨ ਅਤੇ ਧਰਮ ਦੇ ਨਾਂ ਤੇ ਸਮਾਜ ਨੂੰ ਵੰਡਣ ਵਾਲੇ ਫਲਸਫੇ ਦੀ ਅਲੋਚਨਾ ਕਰਨਾ ਹੈ। ਸਿੱਖ ਸ਼ਹਾਦਤ ਪਰੰਪਰਾ ਵਿਚ ਧਰਮਾ ਵਿਚਲੀ ਦਵੈਸ਼, ਈਰਖਾ, ਸੰਪਦਾਇਕਾ ਨੂੰ ਖਤਮ ਕਰਨ ਲਈ ਹੀ ਸ਼ਹਾਦਤਾਂ ਦਿੱਤੀਆਂ ਗਈਆਂ। ਅੰਤਰ ਧਰਮ ਸੰਵਾਦ ਰਾਹੀਂ ਧਰਮਾ ਵਿਚਲੇ ਪਾੜੇ ਨੂੰ ਮੇਟਣ ਲਈ ਸਿੱਖ ਸ਼ਹਾਦਤ ਪਰੰਪਰਾ ਨੇ ਇਸ ਬਿਰਤੀ ਨੂੰ ਪ੍ਰਧਾਨਤਾ ਦਿੱਤੀ ਹੈ ਕਿ ਧਰਮਾ ਵਿਚ ਸੰਵਾਦ ਜ਼ਰੂਰੀ ਹੈ। ਅੰਤਰ ਧਰਮ ਸੰਵਾਦ ਦੇ ਅਧਿਐਨ ਦੀ ਰੀਤ ਸੰਸਾਰ ਵਿੱਚ ਸ਼ਾਂਤੀ ਸਥਾਪਿਤ ਕਰਨ ਦੀ ਲੋੜ ਵਿੱਚੋਂ ਪੈਦਾ ਹੋਈ ਹੈ। ਅੱਜ ਦੇ ਵਿਸ਼ਵ ਸਮਾਜ ਵਿੱਚ ਜਿੱਥੇ ਤਕਨੀਕੀ ਤੌਰ ਤੇ ਮਨੁੱਖ ਬਹੁਤ ਅਗਾਂਹ ਵੱਧ ਚੁੱਕਾ ਹੈ ਉੱਥੇ ਵੱਖ-ਵੱਖ ਧਰਮਾ ਵਿੱਚ ਦੂਰੀਆਂ ਵੱਧ ਰਹੀਆਂ ਹਨ ਧਰਮ ਦੇ ਨਾਂ ਤੇ ਆਂਤਕਵਾਦ, ਟਕਰਾਅ ਅਤੇ ਤਣਾਉ ਵੱਧ ਰਹੇ ਹਨ। ਅਜਿਹੇ ਹਾਲਾਤਾਂ ਨੇ ਵਿਸ਼ਵ ਨੂੰ ਸੰਕਟ ਵਿੱਚ ਪਾ ਦਿੱਤਾ ਹੈ। ਅੱਜ ਦੇ ਵਿਸ਼ਵ ਸਮਾਜ ਵਿੱਚ ਅੰਤਰ-ਧਰਮ ਸੰਵਾਦ ਦੀ ਬਹੁਤ ਲੋੜ ਹੈ ਤਾਂ ਜੋ ਸ਼ਾਂਤੀ ਅਤੇ ਸਦਭਾਵਨਾ ਦੀ ਸਥਾਪਨਾ ਕੀਤੀ ਜਾ ਸਕੇ। ਸੰਸਾਰ ਦੇ ਵੱਖ-ਵੱਖ ਭਾਈਚਾਰੇ ਆਪਣੇ ਧਰਮ ਦੀ ਸਲਾਹੁਤਾ ਕਰਦੇ ਹਨ ਅਤੇ ਦੂਸਰੇ ਧਰਮ ਦੇ ਵਿਸ਼ਵਾਸਾਂ ਨੂੰ ਬਣਦਾ ਸਤਿਕਾਰ ਅਤੇ ਮਾਣ ਨਹੀਂ ਦਿੱਤਾ ਜਾਂਦਾ। ਸਿਰਫ ਆਪਣੇ ਵਿਸ਼ਵਾਸ ਨੂੰ ਉੱਤਮ ਕਹਿਣ ਦੀ ਪ੍ਰਵਿਤੀ ਧਾਰਮਿਕ ਟਕਰਾਉ ਪੈਦਾ ਕਰਦੀ ਹੈ ਅਤੇ ਇਸੇ ਵਿੱਚੋਂ ਹੀ ਧਾਰਮਿਕ ਅਸਿਹਣਸ਼ੀਲਤਾ ਪੈਦਾ ਹੁੰਦੀ ਹੈ। ਅਜਿਹੀ ਧਾਰਮਿਕ ਸੰਕੀਰਣ ਸੋਚ ਨੂੰ ਬਦਲਣ ਲਈ ਅੰਤਰ-ਧਰਮ ਸੰਵਾਦ ਦੀ ਲੋੜ ਪਈ। ਅੰਤਰ ਧਰਮ ਸੰਵਾਦ ਵਿੱਚ ਦੂਜਿਆਂ ਦੀਆਂ ਭਾਵਨਾਵਾਂ ਜਜ਼ਬਾਤਾਂ ਅਤੇ ਵਿਚਾਰਾਂ ਦੀ ਕਦਰ, ਉਨ੍ਹਾਂ ਦੇ ਮਾਣ ਗੌਰਵ ਅਤੇ ਅਜ਼ਾਦੀ ਨੂੰ ਬਰਕਰਾਰ ਰੱਖਣਾ ਇਸਦੀ ਮੁੱਖ ਜ਼ਰੂਰਤ ਹੈ।

ਵਿਸ਼ਵ ਪੱਧਰ ਤੇ ਅੰਤਰ ਧਰਮ ਸੰਵਾਦ ਦਾ ਜਨਮ 1893 ਵਿੱਚ ਧਾਰਮਿਕ ਕਾਨਫਰੰਸ ਸ਼ਿਕਾਗੋ ਵਿੱਚ ਹੋਇਆ। ਇਹ ਉਪਰਾਲਾ ਵਿਸ਼ਵ ਪੱਧਰ ਤੇ ਵੱਖ-ਵੱਖ ਧਰਮਾਂ ਵਿੱਚ ਸਹਿ ਹੋਂਦ ਅਤੇ ਸਹਿਯੋਗ ਸਥਾਪਿਤ ਕਰਨ ਲਈ ਹੋਇਆ ਤਾਂ ਜੋ ਸਮੁੱਚੇ ਵਿਸ਼ਵ ਵਿੱਚ ਸ਼ਾਂਤੀ ਦੀ ਸਥਾਪਨਾ ਕੀਤੀ ਜਾ ਸਕੇ। ਗਲੋਬਲ ਐਥਿਕਸ ਫਾਉਂਡੇਸ਼ਨ ਦੇ ਪ੍ਰਧਾਨ ਹੰਸ ਕੁੰਗ ਦਾ ਕਹਿਣਾ ਹੈ:

> There will be no peace among the nation without peace among the religion. There will be no peace among the religion without dialogue among the religion.[76]

ਵਿਭਿੰਨ ਕੌਮਾਂ, ਰਾਸ਼ਟਰਾਂ ਅਤੇ ਧਰਮਾਂ ਵਿੱਚ ਤਦ ਤੱਕ ਸ਼ਾਂਤੀ ਸਥਾਪਨਾ ਨਹੀਂ ਹੋ ਸਕਦੀ ਜਦੋਂ ਤੱਕ ਉਨ੍ਹਾਂ ਵਿੱਚ ਸੰਵਾਦ ਸਥਾਪਿਤ ਨਹੀਂ ਹੁੰਦਾ। ਅੰਤਰਰਾਸ਼ਟਰੀ ਪੱਧਰ ਤੇ ਅੰਤਰ ਧਰਮ ਸੰਵਾਦ ਵਿਸ਼ਵ ਦੀ ਲੋੜ ਇਸ ਲਈ ਬਣ ਗਿਆ ਹੈ ਕਿ ਕਿਸੀ ਵੀ ਧਰਮ ਨੂੰ ਨੀਵਾਂ ਨਾ ਦਿਖਾਇਆ ਜਾ ਸਕੇ। ਵਿਸ਼ਵ ਵਿੱਚ ਸੰਚਾਰ ਸਾਧਨਾ ਦੇ ਵੱਧਣ ਨਾਲ ਦੂਰੀਆਂ ਘਟੀਆ ਤਾਂ ਹਨ ਪਰ ਵੱਖ-ਵੱਖ ਧਰਮਾਂ ਅਤੇ ਸੰਸਕ੍ਰਿਤੀਆਂ ਵਿੱਚ ਮੇਲ ਵੱਧਣ ਦੇ ਬਾਵਜੂਦ ਵੀ ਧਾਰਮਿਕ ਟਕਰਾਉ ਪੈਦਾ ਹੋ ਰਹੇ ਹਨ। ਪਿਆਰਾ ਸਿੰਘ ਭੋਗਲ ਦਾ ਕਹਿਣਾ ਹੈ:

> ਵਿਅੰਗ ਇਹ ਹੈ ਕਿ ਆਧੁਨਿਕ ਯੁੱਗ ਵਿੱਚ ਗਿਆਨ ਵਿਗਿਆਨ ਬਹੁਤ ਵਧਿਆ ਹੈ। ਹਜ਼ਾਰਾਂ ਸਾਲਾਂ ਵਿੱਚ ਮਨੁੱਖ ਨੂੰ ਏਨਾ ਗਿਆਨ ਨਹੀਂ ਮਿਲਿਆ ਸੀ ਜਿੰਨ੍ਹਾਂ ਅੱਜ ਮਿਲਿਆ ਹੈ। ਪ੍ਰਿੰਟਿੰਗ ਪ੍ਰੈਸ ਦੀ ਕਾਢ ਨੇ ਛਪੀ ਹੋਈ ਕਿਤਾਬ ਅਤੇ ਅਖ਼ਬਾਰ ਦੇ ਪਿੱਛੋਂ ਰੇਡੀਓ ਅਤੇ ਟੈਲੀਵਿਜ਼ਨ ਦੇ ਯੁੱਗ ਨੇ ਹੜ ਲਿਆ ਦਿੱਤਾ ਹੈ। ਜਾਤਾਂ ਅਤੇ ਮਜ਼ਹਬਾਂ ਦੀਆਂ, ਪ੍ਰਦੇਸ਼ਾਂ ਅਤੇ ਦੇਸਾਂ ਦੀਆਂ ਹੱਦਾਂ ਦੀਆਂ ਰੁਕਾਵਟਾਂ ਤੋੜ ਕੇ ਮਾਨਵ ਜਾਤੀ ਨੇੜੇ-ਨੇੜੇ ਆਈ ਹੈ। ਵੱਡੇ ਯੁੱਧਾਂ ਦੇ ਖਤਰੇ ਟੱਲ ਗਏ ਹਨ ਪਰ ਇਸ ਸਾਰੀ ਚੰਗੀ ਤਰੱਕੀ ਦੇ ਬਾਵਜੂਦ

ਅਮਨ-ਚੈਨ ਦੀ ਸਥਿਤੀ ਬਰਕਰਾਰ ਨਹੀਂ ਹੋਈ ਬਸ ਖ਼ਤਰਿਆਂ ਵਿੱਚ ਇਜ਼ਾਫਾ ਹੋਇਆ ਹੈ।[77]

ਸਿੱਖ ਸ਼ਹਾਦਤ ਪਰੰਪਰਾ ਨੇ ਸਮਾਜ ਵਿੱਚ ਧਰਮ ਦੇ ਨਾਂ ਤੇ ਕੱਟੜਤਾ, ਜ਼ੁਲਮ, ਅਤੇ ਨਿਰਾਦਰੀ ਦੀ ਭਾਵਨਾ ਨੂੰ ਖਤਮ ਕਰਨ ਲਈ ਅੰਤਰ ਧਰਮ ਸੰਵਾਦ ਦੀ ਰੀਤ ਚਲਾਈ। ਗੁਰੂ ਨਾਨਕ ਸਾਹਿਬ ਦੇ ਸੰਵਾਦ ਦੀ ਅਹਿਮੀਅਤ ਨੂੰ ਬਿਆਨ ਕਰਦਿਆਂ ਵਿਸ਼ਵ ਵਿੱਚ ਸੰਵਾਦ ਨੂੰ ਲਾਜ਼ਮੀ ਮੰਨਿਆ ਹੈ ਜਿਸ ਰਾਹੀਂ ਬਹੁਤ ਸਾਰੇ ਮਸਲੇ ਹੱਕ ਹੋ ਸਕਦੇ ਹਨ

ਜਬ ਲਗੁ ਦੁਨੀਆ ਰਹੀਐ ਨਾਨਕ।।
ਕਿਛੁ ਸੁਣੀਐ ਕਿਛੁ ਕਹੀਐ।।[78]

ਗੁਰੂ ਸਾਹਿਬ ਦੀ ਇਹ ਭਾਵਨਾ ਸਾਰੇ ਵਿਸ਼ਵ ਦੇ ਧਾਰਮਿਕ ਅਦਾਰਿਆਂ ਅਤੇ ਵੱਖ-ਵੱਖ ਅਨੁਆਈਆਂ ਨੂੰ ਆਪਣੇ ਧਰਮ ਪ੍ਰਤੀ ਮੱਤ ਰੱਖਣ ਲਈ ਸੱਦਾ ਹੈ। ਇਸ ਨਾਲ ਧਰਮ ਦੇ ਅਸਲੀ ਮਕਸਦ ਅਤੇ ਸੱਚ ਨੂੰ ਅੱਗੇ ਲਿਆਂਦਾ ਜਾ ਸਕਦਾ ਹੈ। ਧਰਮ ਦੇ ਨਾਂ ਤੇ ਪਾਈਆਂ ਗਈਆਂ ਵੰਡੀਆਂ ਨੂੰ ਮਿਟਾ ਕੇ ਸ਼ੁਭ ਅਮਲਾਂ ਵਾਲਾ ਧਰਮ ਪੇਸ਼ ਕਰਨਾ ਹੈ। ਜਿਸ ਸੰਵਾਦ ਨੂੰ ਅੱਜ ਦੇ ਵਿਸ਼ਵ ਸਮਾਜ ਵਿੱਚ ਤਰਜੀਹ ਦਿੱਤੀ ਜਾ ਰਹੀ ਹੈ ਇਹ ਸੰਕਲਪ ਸਦੀਆਂ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਨੇ ਸ਼ੁਰੂ ਕਰ ਦਿੱਤਾ ਸੀ ਗੁਰੂ ਸਾਹਿਬ ਦੇ ਵੱਖ-ਵੱਖ ਧਰਮਾਂ ਨਾਲ ਸੰਬੰਧਿਤ ਸਖਸ਼ੀਅਤਾਂ ਨਾਲ ਸੰਵਾਦ ਰਚਾਇਆ ਅਤੇ ਇਹ ਸੰਦੇਸ਼ ਦਿੱਤਾ ਕਿ ਧਰਮ ਦਾ ਮਕਸਦ ਹੋਰਨਾਂ ਧਰਮਾਂ ਤੇ ਜਿੱਤ ਪ੍ਰਾਪਤ ਕਰਨਾ ਨਹੀਂ ਅਤੇ ਨਾ ਹੀ ਦੂਸਰੇ ਧਰਮ ਨੂੰ ਨੀਵਾਂ ਦਿਖਾਉਣਾ ਹੈ ਧਰਮ ਤਾਂ ਸੱਚ ਦੇ ਜੀਵਨ ਦੀ ਜਾਚ ਹੈ। ਸਿੱਖ ਧਰਮ ਵਿੱਚ ਅੰਤਰ ਧਰਮ ਸੰਵਾਦ ਦੀ ਪਹਿਲੀ ਮਿਸਾਲ ਗੁਰੂ ਨਾਨਕ ਪਾਤਸ਼ਾਹ ਦੀ ਸਿੱਧਾਂ ਨਾਲ ਪ੍ਰਸ਼ਨੋਤਰੀ ਸ਼ੈਲੀ ਵਿੱਚ ਲਿਖੀ ਸਿੱਧ ਗੋਸਿਟ ਹੈ।

ਦੁਨੀਆ ਸਾਗਰ ਦੁਤਰੁ ਕਹੀਐ।।
ਕਿਉ ਕਰਿ ਪਾਈਐ ਪਾਰੋ।।
ਚਰਪਟ ਬੋਲੇ ਅਉਧੂ ਨਾਨਕ ਦੇਹੁ।।

ਸਚਾ ਬੀਚਾਰੋ॥

ਆਪੇ ਆਖੇ ਆਪੇ ਸਮਝੈ॥

ਤਿਸ ਕੀਆ ਉਤਰੁ ਦੀਜੈ॥

ਜੈਸੇ ਜਲਿ ਮਹਿ ਕਮਲੁ ਨਿਰਾਲਮ॥

ਮੁਰਗਾਈ ਨੈਸਾਣੈ॥

ਸੁਰਤਿ ਸਬਦਿ ਭਵ ਸਾਗਰ ਤਰੀਐ॥

ਨਾਨਕ ਨਾਮ ਵਖਾਣੈ[79]॥

ਗੁਰੂ ਸਾਹਿਬ ਅਨੁਸਾਰ ਧਰਮ ਬਾਹਰੀ ਦਿਖਾਵੇ ਰਸਮਾਂ ਰਿਵਾਜਾਂ ਤੱਕ ਹੀ ਸੀਮਿਤ ਨਹੀਂ ਹੋਣਾ ਚਾਹੀਦਾ। ਧਰਮ ਮਨੁੱਖ ਦੀ ਕਰਨੀ ਰਾਹੀਂ ਪ੍ਰਗਟ ਹੁੰਦਾ ਹੈ। ਸੱਚੇ ਆਚਾਰ ਵਿਹਾਰ ਤੋਂ ਬਿਨਾਂ ਦਿਖਾਵਾ ਕਰਨ ਵਾਲੀਆਂ ਰਸਮਾਂ ਮਨੁੱਖੀ ਵਿਕਾਸ ਦੀ ਦਿਸ਼ਾ ਨੂੰ ਨਿਰਧਾਰਤ ਨਹੀਂ ਕਰਦੀਆਂ। ਇਸ ਸੰਬੰਧੀ ਡਾ. ਰਾਜਿੰਦਰ ਕੌਰ ਕਹਿੰਦੇ ਹਨ:

> ਗੁਰੂ ਨਾਨਕ ਦੁਆਰਾ ਪ੍ਰਤਿਪਾਦਤ ਧਰਮ ਕਿਸੇ ਖਾਸ ਪ੍ਰਕਾਰ ਦੀਆਂ ਰੂੜੀਆਂ ਅਤੇ ਵਿਧੀ ਵਿਧਾਨ ਦਾ ਸਮੁੱਚ ਨਹੀਂ ਸਗੋਂ ਇਹ ਇੱਕ ਅਜਿਹਾ ਮਹਾਨ ਅਤੇ ਸ੍ਰੇਸ਼ਟ ਧਰਮ ਹੈ ਜਿਸ ਵਿੱਚ ਲੋਕ ਕਲਿਆਣ ਅਤੇ ਜਨ ਹਿਤ ਨੂੰ ਸਮੇਂ ਦੀਆਂ ਪ੍ਰਸਥਿਤੀਆਂ ਅਨੁਸਾਰ ਸਾਹਮਣੇ ਰੱਖਿਆ ਗਿਆ ਹੈ ਅਤੇ ਹਰ ਯੁੱਗ ਵਿੱਚ ਹਰ ਧਰਮ ਦੇ ਲੋਕਾਂ ਲਈ ਕਲਿਆਣਕਾਰੀ ਭਾਵਨਾਵਾਂ ਨਾਲ ਭਰਪੂਰ ਹੈ। ਇਸ ਧਰਮ ਨੂੰ ਗੁਰੂ ਜੀ ਨੇ ਕੋਈ ਵਿਸ਼ੇਸ਼ ਨਾਂ ਨਹੀਂ ਦਿੱਤਾ ਭਾਵੇਂ ਇਸ ਨੂੰ ਸਿੱਖ ਧਰਮ ਕਹਿ ਲਿਆ ਜਾਂਦਾ ਹੈ, ਅਸਲ ਵਿੱਚ ਇਹ ਸਹਿਜ ਧਰਮ ਹੈ ਜਾਂ ਮਨੁੱਖਤਾ ਦਾ ਧਰਮ ਹੈ।[80]

ਗੁਰੂ ਸਾਹਿਬ ਨੇ ਧਰਮ ਦੇ ਨਾਂ ਤੇ ਪਲ ਰਹੇ ਝੂਠ ਅਤੇ ਪਾਖੰਡ ਨੂੰ ਨਕਾਰਿਆ ਬੇਪਰਦਾ ਕੀਤਾ। ਜੋਗੀਆਂ ਸੰਨਿਆਸੀਆਂ ਅਤੇ ਸਿੱਧਾਂ ਨੂੰ ਸਮਾਜੀ ਭਲਾਈ ਦਾ ਰਾਹ ਦਿਖਾਉਂਦੇ ਹੋਏ ਫੋਕੇ ਕਰਮ ਕਾਂਡਾਂ ਤੋਂ ਵਰਜਿਆ ਅਤੇ ਉਹਨਾਂ ਨੂੰ ਧਰਮ ਦੇ ਅਸਲੀ ਰਾਹ ਤੇ ਪਾਇਆ।

ਜੋਗ ਨਾ ਖਿੰਥਾ ਜੋਗੁ ਨ ਡੰਡੈ।।
ਜੋਗ ਨ ਭਸਮ ਝੜਾਈਐ।।
ਜੋਗ ਨ ਮੁੰਦੀ ਮੂੰਡਿ ਮੁਡਾਇਐ।।
ਜੋਗ ਨ ਸਿੰਙੀ ਵਾਈਐ।।
ਅੰਜਨ ਮਾਹਿ ਨਿਰੰਜਨਿ ਰਹੀਐ।।
ਜੋਗ ਜੁਗਤਿ ਇਵ ਪਾਈਐ।।
ਗਲੀ ਜੋਗੁ ਨ ਹੋਈ।।
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ।।
ਜੋਗੀ ਕਹੀਐ ਸੋਈ[81]।।

ਜੋਗੁ ਨ ਭਗਵੀ ਕਪੜੀ।।
ਜੋਗੁ ਨ ਮੈਲੇ ਵੇਸਿ।।
ਨਾਨਕ ਘਰਿ ਬੈਠਿਆ ਜੋਗੁ ਪਾਈਐ।।
ਸਤਿਗੁਰ ਕੈ ਉਪਦੇਸਿ।।[82]

ਸਰਮੈ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ।।
ਖਿੰਥਾ ਕਰਿ ਤੂ ਦਇਆ।।
ਆਵਣ ਜਾਣੁ ਬਿਭੂਤਿ ਲਾਇ ਜੋਗੀ।।
ਤਾ ਤੀਨਿ ਭਵਣ ਜਿਣਿ ਲਇਆ।।

ਐਸੀ ਕਿੰਗੁਰੀ ਵਜਾਇ ਜੋਗੀ॥

ਜਿਤੁ ਕਿੰਗੁਰੀ ਅਨਹਦੁ ਵਾਜੈ॥

ਹਰਿ ਸਿਉ ਰਹੈ ਲਿਵ ਲਾਇ॥[83]

ਚਾਰ ਪੁਕਾਰਹਿ ਨਾ ਤੂ ਮਾਨਹਿ॥

ਖਟੁ ਭੀ ਏਕਾ ਬਾਤ ਵਖਾਨਹਿ॥

ਦਸ ਅਸਟੀ ਮਿਲਿ ਏਕੋ ਕਹਿਆ॥

ਤਾ ਭੀ ਜੋਗੀ ਭੇਦੁ ਨ ਲਹਿਆ॥

ਕਿੰਕੁਰੀ ਅਨੂਪ ਵਾਜੈ॥

ਜੋਗੀਆ ਮਤਵਾਰੋ ਰੇ॥[84]

ਮੁੰਦ੍ਰਾ ਮੋਨਿ ਦਇਆ ਕਰਿ ਝੋਲੀ॥

ਪਤ੍ਰ ਕਾ ਕਰਹੁ ਬੀਚਾਰੁ ਰੇ॥

ਖਿੰਥਾ ਇਹੁ ਤਨੁ ਸੀਅਉ ਅਪਨਾ॥

ਨਾਮੁ ਕਰਉ ਅਧਾਰੁ ਰੇ॥

ਐਸਾ ਜੋਗ ਕਮਾਵਹੁ ਜੋਗੀ॥

ਜਪ ਤਪ ਸੰਜਮੁ ਗੁਰਮੁਖਿ ਭੋਗੀ॥

ਬੁਧਿ ਬਿਭੂਤਿ ਚਢਾਵਉ ਅਪਨੀ॥

ਸਿੰਗੀ ਸੁਰਤਿ ਮਿਲਾਈ॥

ਕਰਿ ਬੈਰਾਗੁ ਫਿਰਉ ਤਨਿ ਨਗਰੀ॥

ਮਨ ਕੀ ਕਿੰਗੁਰੀ ਬਜਾਈ॥

ਪੰਚ ਤਤੁ ਲੈ ਹਿਰਦੈ ਰਾਖਹੁ॥

ਰਹੈ ਨਿਰਾਲਮ ਤਾੜੀ॥

ਕਹਤੁ ਕਬੀਰੁ ਸੁਨਹੁ ਰੇ ਸੰਤਹੁ॥

ਧਰਮੁ ਦਇਆ ਕਰਿ ਬਾੜੀ॥[85]

ਜੋਗ ਸਿਧ ਆਸਣ ਚਉਰਾਸੀਹ॥

ਏ ਭੀ ਕਰਿ ਕਰਿ ਰਹਿਆ॥

ਵਡੀ ਆਰਜਾ ਫਿਰਿ ਫਿਰਿ ਜਨਮੈ॥

ਹਰਿ ਸਿਉ ਸੰਗੁ ਨ ਗਹਿਆ॥

ਰਾਜ ਲੀਲਾ ਰਾਜਨ ਕੀ ਰਚਨਾ॥

ਕਰਿਆ ਹੁਕਮੁ ਅਫਾਰਾ॥

ਸੇਜ ਸੋਹਨੀ ਚੰਦਨੁ ਚੋਆ॥

ਨਰਕ ਘੋਰ ਕਾ ਦੁਆਰਾ॥

ਹਰਿ ਕੀਰਤ ਸਾਧਸੰਗਤਿ ਹੈ॥

ਸਿਰ ਕਰਮਨ ਕੈ ਕਰਮਾ॥

ਕਹੁ ਨਾਨਕ ਤਿਸੁ ਭਇਓ ਪਰਾਪਤਿ॥

ਜਿਸੁ ਪੁਰਬ ਲਿਖੇ ਕਾ ਲਹਨਾ॥[86]

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ॥

ਧਿਆਨ ਕੀ ਕਰਹਿ ਬਿਭੂਤਿ॥

ਖਿੰਥਾ ਕਾਲੁ ਕੁਆਰੀ ਕਾਇਆ॥

ਜੁਗਤਿ ਡੰਡਾ ਪਰਤੀਤਿ॥[87]

ਸੰਨਿਆਸੀਆਂ ਜੋਗੀਆਂ ਦੇ ਪਾਖੰਡ ਭਰੇ ਜੀਵਨ ਨੂੰ ਵੇਖਦਿਆਂ ਜਿਸ ਦਾ ਸਮਾਜੀ ਜੀਵਨ ਵਿੱਚ ਕੋਈ ਲਾਭ ਨਹੀਂ ਦਾ ਖੰਡਨ ਕੀਤਾ ਗਿਆ ਹੈ। ਗੁਰੂ ਅੰਗਦ ਦੇਵ ਜੀ ਨੇ ਅਜਿਹੇ ਜੋਗੀਆਂ ਦੀ ਭੰਡੀ ਕੀਤੀ ਹੈ ਜੋ ਆਪਣਾ ਵੇਸ ਜਟਾ ਵਧਾ ਕੇ ਬਿਭੂਤੀ ਮਲ ਕੇ ਤੇ ਨਗਨ ਫਿਰਦੇ ਹਨ ਤੇ ਜੰਗਲਾਂ ਵਿੱਚ ਬੈਠ ਜਾਂਦੇ ਹਨ:

ਇਕਿ ਵਣ ਖੰਡਿ ਬੈਸਹਿ ਜਾਇ॥

ਸਦੁ ਨ ਦੇਵਹੀ॥

ਇਕ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ॥

ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ॥

ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ॥

ਇਕਿ ਨਗਨ ਫਿਰਹਿ ਦਿਨੁ ਰਾਤਿ ਨੀਂਦ ਨ ਸੋਵਹੀ॥

ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ॥

ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ॥

ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ॥[88]

ਗੁਰੂ ਗੋਬਿੰਦ ਸਿੰਘ ਜੀ ਨੇ ਸੰਨਿਆਸੀਆਂ ਨੂੰ ਅਸਲੀ ਸੰਨਿਆਸ ਦੀ ਪਰਿਭਾਸ਼ਾ ਦੱਸਦਿਆਂ ਵਿਕਾਰ ਦਾ ਤਿਆਰ ਹੀ ਸਹੀ ਜੀਵਨ ਦੀ ਪਛਾਣ ਦੱਸਿਆ ਹੈ।

ਰੇ ਮਨ ਐਸੋ ਕਰਿ ਸੰਨਿਆਸਾ॥

ਬਨ ਸੇ ਸਦਨ ਸਭੈ ਕਰਿ ਸਮਝਹੁ॥

ਮਨ ਹੀ ਮਾਹਿ ਉਦਾਸਾ॥ ਰਹਾਉ॥

ਜਤ ਕੀ ਜਟਾ ਜੋਗ ਕੋ ਮੱਜਨੁ॥

ਨੇਮ ਕਾ ਨਖਨ ਬਢਾਓ॥

ਗਯਾਨ ਗੁਰੂ ਆਤਮ ਉਪਦੇਸ਼ਹੁ॥

ਨਾਮ ਬਿਭੂਤ ਲਗਾਓ॥[89]

ਗੁਰੂ ਸਾਹਿਬਾਨ ਨੇ ਧਰਮ ਦੇ ਦਿਖਾਵੇ ਨੂੰ ਨਕਾਰਦਿਆਂ ਇਸਦਾ ਅਸਲੀ ਆਸ਼ਾ ਮਨੁੱਖੀ ਵਿਕਾਸ ਅਤੇ ਸਮਾਜੀ ਤਰੱਕੀ ਮੰਨਿਆ ਹੈ। ਇਸ ਲਈ ਉਹਨਾਂ ਨੇ ਸੰਨਿਆਸੀਆਂ ਅਤੇ ਮੌਲਾਣਿਆਂ ਨੂੰ ਇਹ ਸੰਦੇਸ਼ ਦਿੱਤਾ ਕਿ ਪਿੰਡੇ ਤੇ ਬਿਭੂਤੀ ਮਲ ਕੇ ਕੰਨਾਂ ਵਿੱਚ ਮੁੰਦਰਾਂ ਪਾ ਕੇ, ਗੋਦੜੀ ਪਾ ਕੇ, ਸਿਰ ਮੁੰਨਵਾ ਕੇ ਅਸਲੀ ਧਰਮ ਨਹੀਂ ਕਮਾਇਆ ਜਾ ਸਕਦਾ। ਸਮਾਜੀ ਜੀਵਨ ਜਿਉਂਦਿਆਂ, ਸੰਸਾਰ ਦੇ ਦੁੱਖਾਂ, ਸੁੱਖਾਂ ਨੂੰ ਹੰਢਾਉਂਦਿਆਂ ਨਿਰਲੇਪ ਰਹਿਣਾ ਹੀ ਅਸਲੀ ਧਰਮ ਹੈ। ਕਠਿਨ ਤਪੱਸਿਆ ਜਪ ਤਪ ਤੇ ਕਰੜੀ ਸਾਧਨਾ ਨਾਲ ਕਿਸੇ ਵੀ ਦੇਸ਼ ਦਾ ਵਿਕਾਸ ਨਹੀਂ ਹੋ ਸਕਦਾ। ਵਿਸ਼ੇ ਵਿਕਾਰਾਂ ਨੂੰ ਤਿਆਗ ਕੇ ਗੁਰੂ ਦੇ ਲੜ ਲੱਗਣਾ ਅਤੇ ਸਮਾਜੀ ਸੇਵਾ ਵਿੱਚ ਸਮਾਂ ਗੁਜ਼ਾਰਨਾ ਹੀ ਅਸਲੀ ਧਰਮ ਹੈ। ਡਾ. ਜਗਬੀਰ ਸਿੰਘ ਜੀ ਦਾ ਵਿਚਾਰ ਹੈ ਕਿ ਗੁਰੂ ਸਾਹਿਬਾਨ ਧਰਮ ਨੂੰ ਜੀਵਨ ਦੇ ਮਾਨਵ ਹਿੱਤ ਲਈ ਵਰਤੇ ਜਾਣ ਵਾਲੇ ਮੁੱਲਾਂ, ਮਾਨਵ ਹਿਤਕਾਰੀ ਜੀਵਨ ਮੁੱਲਾਂ ਨੂੰ ਧਾਰਨ ਕਰਨਾ ਗੁਰੂ ਨਾਨਕ ਅਨੁਸਾਰ ਹਰ ਪ੍ਰਕਾਰ ਦੀ ਧਾਰਮਿਕ ਪ੍ਰਾਪਤੀ ਦੀ ਮੁੱਢਲੀ ਸ਼ਰਤ ਹੈ ਇਸੇ ਲਈ ਉਹਨਾਂ ਦੇ ਹੱਕ ਹਲਾਲ ਦੀ ਕਮਾਈ ਕਰਨ, ਸੱਚ ਦਾ ਆਚਰਣ ਕਰਨ, ਦਇਆ ਪ੍ਰੇਮ ਸਦਭਾਵਨਾ ਆਦਿ ਸਦਗੁਣਾਂ ਨੂੰ ਧਾਰਨ ਕਰਨ ਉਪਰ ਬਲ ਦਿੱਤਾ ਹੈ।[੧੦]

ਜਿੱਥੇ ਗੁਰੂ ਸਾਹਿਬਾਨ ਨੇ ਸੰਨਿਆਸੀਆਂ ਦੀ ਅਸਲੀ ਪਰਿਭਾਸ਼ਾ ਸਮਾਜੀ ਜੀਵਨ ਵਿੱਚ ਭਲਾਈ ਤੇ ਮਾਨਵੀ ਹਿੱਤ ਨੂੰ ਮੰਨਿਆ ਹੈ ਉੱਥੇ ਜਾਤ ਪਾਤ ਤੋਂ ਉਪਰ ਮਾਨਵੀ ਇਕਾਈ ਨੂੰ ਸਵੀਕਾਰ ਕਰਨਾ ਵੀ ਹੈ। ਬ੍ਰਾਹਮਣ ਵਰਗ ਦੀ ਉਚਤਾ ਨੂੰ ਨਕਾਰਦਾ ਅਤੇ ਨੀਵੀਆਂ ਸ਼੍ਰੇਣੀਆਂ, ਦੱਬੇ ਕੁਚਲੇ ਲੋਕਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਕਰਨਾ ਗੁਰੂ ਸਾਹਿਬਾਨ ਦਾ ਸੁੱਚਾ ਕਰਮ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਇੱਕ ਬਾਟੇ ਵਿੱਚੋਂ ਅੰਮ੍ਰਿਤ ਪਿਲਾ ਕੇ ਸਮੁੱਚੀਆਂ ਜਾਤਾਂ ਰੰਗਾਂ ਨਕਲਾਂ ਧਰਮਾਂ ਦੇ ਵਿਤਕਰਿਆਂ ਨੂੰ ਮਿਟਾ ਲਿਆ ਹੈ। ਗੁਰੂ ਸਾਹਿਬਾਨ ਨੇ ਜਾਤ ਦਾ ਹੰਕਾਰ ਕਰਨ ਵਾਲਿਆਂ ਨਾਲ ਸੰਵਾਦ ਰਚਾਉਂਦੇ ਹੋਏ ਕਿਹਾ

ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥

ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ ਰਹਾਉ॥

ਚਾਰੇ ਵਰਨ ਆਖੈ ਸਭੁ ਕੋਈ॥

ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥

ਮਾਟੀ ਏਕ ਸਗਲ ਸੰਸਾਰਾ॥

ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥[91]

ਗੁਰੂ ਸਾਹਿਬਾਨ ਨੇ ਧਰਮ ਦੇ ਅਸਲੀ ਆਸ਼ੇ ਨੂੰ ਪ੍ਰਗਟ ਕਰਦਿਆਂ ਮਨੁੱਖੀ ਮਨ ਦੇ ਅੰਤਰੀਵੀ ਅਤੇ ਬਾਹਰੀ ਵਿਹਾਰ ਪ੍ਰਤੀ ਸੁਚੇਤ ਹੋਣ ਲਈ ਪ੍ਰੇਰਿਆ ਹੈ –

ਕਾਦੀ ਕੂੜ ਬੋਲਿ ਮਲੁ ਖਾਇ॥

ਬ੍ਰਾਹਮਣ ਨਾਵੈ ਜੀਆ ਘਾਇ॥

ਜੋਗੀ ਜੁਗਤਿ ਨ ਜਾਣੈ ਅੰਧੁ॥

ਤੀਨੇ ਓਜਾੜੇ ਕਾ ਬੰਧੁ॥[92]

ਗੁਰੂ ਸਾਹਿਬਾਨ ਨੇ ਮਨ, ਵਚਨ ਅਤੇ ਕਰਮ ਦੀ ਸ਼ੁੱਧਤਾ ਧਾਰਨ ਕਰਦੇ ਹੋਏ ਸੰਤੋਖ ਦਇਆ ਧੀਰਜ ਵਰਗੇ ਸਦਗੁਣਾਂ ਦੇ ਧਾਰਨੀ ਹੋਣਾ ਜ਼ਰੂਰੀ ਦੱਸਿਆ ਹੈ। 'ਮਨ ਸਾਚਾ ਮੁਖ ਸਾਚਾ' ਰਾਹੀਂ ਵਿਹਾਰ ਦੀ ਸ਼ੁੱਧਤਾ ਤੇ ਜ਼ੋਰ ਦਿੱਤਾ ਗਿਆ ਹੈ। ਸਿੱਖ ਸ਼ਹਾਦਤ ਪਰੰਪਰਾ ਵਿੱਚ ਹਰ ਧਰਮ ਦੇ ਵਿਅਕਤੀਆਂ ਨੂੰ ਉਸਦੇ ਧਾਰਨ ਕੀਤੇ ਵਿਸ਼ਵਾਸਾਂ ਵਿੱਚ ਸਚਾਈ ਅਤੇ ਲੋਕ-ਭਲਾਈ ਦੇ ਮਾਰਗ ਦੀ ਗਲ ਕਰਦਿਆਂ ਗੁਰੂ ਸਾਹਿਬਾਨ ਨੇ ਇਕ ਸੱਚੇ ਮੁਸਲਮਾਨ ਦੀ ਸ਼ਖਸੀਅਤ ਕਿਹੋ ਜਿਹੀ ਹੋਣੀ ਚਾਹੀਦੀ ਹੈ ਇਸ ਉਤੇ ਸੰਵਾਦ ਰਚਾਇਆ ਹੈ।

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ॥

ਮੁਸਲਮਾਣੁ ਕਹਾਵੈ॥

ਅਵਲਿ ਅਉਲਿ ਦੀਨ ਕਰਿ ਮਿਠਾ॥

ਮਸਕਲ ਮਾਨਾ ਮਾਲੁ ਮੁਸਾਵੈ॥

ਹੋਇ ਮੁਸਲਿਮੁ ਦੀਨ ਮੁਹਾਣੈ॥

ਮਰਣ ਜੀਵਣ ਦਾ ਭਰਮੁ ਚੁਕਾਵੈ॥

ਰਬ ਕੀ ਰਜਾਇ ਮੰਨੇ ਸਿਰ॥

ਉਪਰਿ ਕਰਤਾ ਮੰਨੇ ਆਪੁ ਗਵਾਵੈ॥

ਤਉ ਨਾਨਕ ਸਰਬ ਜੀਆ ਮਿਹਰੰਮਤਿ॥

ਹੋਇ ਤ ਮੁਸਲਮਾਣੁ ਕਹਾਵੈ॥[93]

ਧਰਮ ਦੀ ਸ਼ੁਭ ਅਮਲਾਂ ਤੇ ਜ਼ੋਰ ਦਿੰਦੇ ਹੋਏ ਗੁਰੂ ਸਾਹਿਬਾਨ ਨੇ ਇਕ ਚੰਗੇ ਮੁਸਲਮਾਨ ਨੂੰ ਇਹ ਤਾਕੀਦ ਕੀਤੀ ਹੈ ਕਿ ਉਹ ਆਪਣੀਆਂ ਰਹੁ ਰੀਤਾਂ ਅਨੁਸਾਰ ਹੀ ਸਿਧਾਂਤਾਂ ਤੇ ਅਮਲ ਕਰਨ ਦੀ ਜਾਚ ਸਿੱਖੇ:

ਮਿਹਰ ਮਸੀਤਿ ਸਿਦਕੁ ਮੁਸਲਾ॥

ਹਕੁ ਹਲਾਲੁ ਕੁਰਾਣੂ॥

ਸਰਮ ਸੁੰਨਤਿ ਸੀਲ ਰੋਜਾ ਹੋਹੁ ਮੁਸਲਮਾਣ॥[94]

ਗੁਰੂ ਸਾਹਿਬ ਨੇ ਮੁਸਲਮਾਨ ਦੇ ਬਾਹਰਲੇ ਭੇਖਾਂ ਅਤੇ ਝੂਠ ਦੇ ਪਰਦੇ ਨੂੰ ਬੇਨਕਾਬ ਕੀਤਾ ਹੈ। ਅਸਲ ਧਰਮ ਦਇਆ, ਸਬਰ, ਸੰਤੋਖ ਅਤੇ ਮਿਹਰਬਾਨ ਹੋਣਾ ਹੈ:

ਮੁਸਲਮਾਣੁ ਮੋਮ ਦਿਲਿ ਹੋਵੈ॥

ਅੰਤਰ ਕੀ ਮਲੁ ਦਿਲ ਤੇ ਧੋਵੈ॥

ਦੁਨੀਆਂ ਰੰਗ ਨ ਆਵੈ ਨੇੜੇ॥

ਜਿਉ ਕੁਸਮ ਪਾਟੁ ਘਿਉ ਪਾਕ ਹਰਾ॥

ਜਾ ਕਉ ਮਿਹਰ ਮਿਹਰਬਾਨਾ॥

ਸੋਈ ਮਰਦ ਮਰਦ ਮਰਦਾਨਾ॥

ਸੋਈ ਸੇਖੁ ਮਸਾਇਕੁ ਹਾਜੀ॥

ਸੋ ਬੰਦਾ ਜਿਸੁ ਨਜਰਿ ਨਰਾ।[95]

ਇਹਨਾਂ ਪ੍ਰਮਾਣਾ ਤੋਂ ਸਿੱਧ ਹੁੰਦਾ ਹੈ ਕਿ ਸਿੱਖ ਸ਼ਹਾਦਤ ਪਰੰਪਰਾ ਵਿੱਚ ਗੁਰੂ ਸਾਹਿਬਾਨ ਨੇ ਧਰਮ ਦੇ ਅਸਲੀ ਆਸ਼ੇ ਨੂੰ ਪ੍ਰਗਟ ਕਰਨ ਲਈ ਸਭ ਧਰਮਾਂ ਵਿੱਚ ਸਤਿਕਾਰ, ਪਿਆਰ ਅਤੇ ਏਕਤਾ ਦੀ ਭਾਵਨਾ ਪੈਦਾ ਕਰਨ ਲਈ ਯਤਨ ਕੀਤੇ ਹਨ। ਇਸ ਸੰਬੰਧੀ ਡਾ. ਗੁਰਮੀਤ ਸਿੰਘ ਦਾ ਵਿਚਾਰ ਹੈ:

> ਧਾਰਮਿਕ ਰੂਹੀ ਤੱਤ ਅਤੇ ਫੋਕੀਆਂ ਰਸਮਾਂ ਦੀ ਆਲੋਚਨਾ ਕਰਨ ਲਈ ਗੁਰੂ ਸਾਹਿਬਾਨ ਨੇ ਕਿਸੇ ਵੀ ਧਰਮ ਦੀ ਨਿੰਦਾ ਨਹੀਂ ਕੀਤੀ ਅਤੇ ਨਾ ਹੀ ਉਹਨਾਂ ਨੇ ਕਿਸੇ ਧਾਰਮਿਕ ਭਾਈਚਾਰੇ ਦਾ ਪੱਖ ਪੂਰਿਆ ਹੈ। ਸਗੋਂ ਉਹਨਾਂ ਨੇ ਧਰਮ ਦੇ ਨਾਂ ਤੇ ਪਾਖੰਡ, ਦਿਖਾਵਾ ਕਰ ਰਹੇ ਲੋਕਾਂ ਨੂੰ ਸ਼ੁੱਧ ਭਾਵਨਾ ਨਾਲ ਧਾਰਮਿਕ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੱਤਾ ਹੈ।[96]

ਇਸ ਪ੍ਰਕਾਰ ਅੰਤਰ-ਧਰਮ ਸੰਵਾਦ ਦੇ ਸੰਬੰਧ ਵਿੱਚ ਅਧਿਐਨ ਰਾਹੀਂ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਸਿੱਖ ਸ਼ਹਾਦਤ ਪਰੰਪਰਾ ਨੇ ਧਰਮ ਦੇ ਨਾਂ ਤੇ ਸੰਕੀਰਣਤਾ, ਵਿਤਕਰੇ ਅਤੇ ਭੇਦ ਭਾਵ ਨੂੰ ਮਿਟਾ ਕੇ ਸਰਬ-ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦਾ ਪ੍ਰਵਚਨ ਸਥਾਪਿਤ ਕੀਤਾ ਹੈ। ਵਿਸ਼ਵ ਦੇ ਸਮੂਹ ਧਰਮਾਂ ਵਿੱਚ ਇਜ਼ਤ, ਸਤਿਕਾਰ ਸਮੂਹ ਮਨੁੱਖਤਾ ਲਈ ਸੇਵਾ ਭਾਵਨਾ ਸੱਚੇ ਸੁੱਚੇ ਆਦਰਸ਼ ਅਤੇ ਸ਼ੁੱਭ ਅਮਲਾਂ ਦੀ ਰਹਿਣੀ ਹੀ ਅਸਲ ਧਰਮ ਮਨਿਆ ਗਿਆ ਹੈ।

**ਧਾਰਮਿਕ ਸਹਿਣਸ਼ੀਲਤਾ**

ਧਾਰਮਿਕ ਸਹਿਣਸ਼ੀਲਤਾ ਮਨੁੱਖੀ ਮਨ ਦੀ ਉਸ ਅਵਸਥਾ ਦਾ ਨਾਂ ਹੈ। ਜਦੋਂ ਅਸੀਂ ਕਿਸੇ ਦੀ ਹੋਂਦ ਨੂੰ ਬਿਨਾਂ ਕਿਸੇ ਵਿਤਕਰੇ, ਵੈਰ ਵਿਰੋਧ ਅਤੇ ਬਿਨਾਂ ਤਲਖ਼ੀ ਦੇ ਸਵੀਕਾਰ ਕਰਦੇ ਹਨ। ਧਾਰਮਿਕ ਤੌਰ ਤੇ ਸਹਿਣਸ਼ੀਲ ਹੋਣਾ ਕਿਸੇ ਧਰਮ ਪ੍ਰਤੀ ਬਿਨਾਂ ਕਿਸੇ ਟਕਰਾਓ ਤੇ ਤਣਾਓ ਅਤੇ

ਸਦਭਾਵਨਾ ਅਤੇ ਸ਼ਾਂਤੀ ਨਾਲ ਧਰਮ ਦੀ ਹੋਂਦ ਨੂੰ ਸਵੀਕਾਰਨਾ ਹੈ। ਵੈਬਸਟਰਜ਼ ਡਿਕਸ਼ਨਰੀ ਵਿੱਚ ਸੈਕੁਲਰਿਜ਼ਮ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਗਈ ਹੈ:

> Secularism is a secular spirit or tendency especially a system of political or social philosphy that rejects all forms of religion faith and worship.[97]

ਇਸ ਪਰਿਭਾਸ਼ਾ ਅਨੁਸਾਰ ਸਾਰੇ ਧਰਮਾਂ ਪ੍ਰਤੀ ਉਹਨਾਂ ਦੇ ਵਿਸ਼ਵਾਸ ਅਤੇ ਪੂਜਣ ਵਾਲੀਆਂ ਮਾਨਤਾਵਾਂ ਨੂੰ ਨਕਾਰਨਾ ਹੈ ਪਰ ਭਾਰਤੀ ਪ੍ਰਸੰਗ ਵਿੱਚ ਧਾਰਮਿਕ ਸਹਿਣਸ਼ੀਲਤਾ ਤੋਂ ਭਾਵ ਸਾਰੇ ਧਰਮਾਂ ਦਾ ਬਰਾਬਰ ਦਾ ਸਨਮਾਨ ਹੈ। ਡਾ. ਰਾਧਾ ਕ੍ਰਿਸ਼ਨ ਨੇ ਧਰਮ ਪ੍ਰਤੀ ਸਹਿਣਸ਼ੀਲਤਾ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਹੈ:

> I want to state authoritatively that Secularism does not mean religion, it means we respect all faith and religion our state does not identify itself with any particular religion.[98]

ਇਸ ਪਰਿਭਾਸ਼ਾ ਅਨੁਸਾਰ ਸਾਰੇ ਧਰਮ ਵੱਖ-ਵੱਖ ਵਿਸ਼ਵਾਸਾਂ ਦੇ ਧਾਰਣੀ ਹੁੰਦੇ ਹਨ। ਧਾਰਮਿਕ ਸਹਿਣਸ਼ੀਲਤਾ ਦਾ ਪਰਿਪੇਖ ਇਸ ਗੱਲ ਨੂੰ ਸਾਹਮਣੇ ਰੱਖਦਾ ਹੈ ਕਿ ਹਰ ਧਰਮ ਦੇ ਖਿਆਲ ਅਤੇ ਵਿਸ਼ਵਾਸ ਮੰਨਣਯੋਗ ਹਨ ਅਤੇ ਜਦੋਂ ਲੋਕ ਕਿਸੇ ਧਰਮ ਦੇ ਵਿਸ਼ਵਾਸਾਂ ਨੂੰ ਨਕਾਰਦੇ ਹਨ ਤਾਂ ਧਾਰਮਿਕ ਅਸਹਿਣਸ਼ੀਲਤਾ ਪੈਦਾ ਹੁੰਦੀ ਹੈ। ਜਦੋਂ ਕਿਸੇ ਵਰਗ ਦੇ ਲੋਕਾਂ ਦੇ ਧਰਮ ਨੂੰ ਜਾਤ-ਪਾਤ, ਲਿੰਗ ਭੇਦ ਦੇ ਅਧਾਰ ਤੇ ਨਕਾਰਿਆ ਜਾਂਦਾ ਹੈ ਜਾਂ ਵਿਤਕਰਾ ਕੀਤਾ ਜਾਂਦਾ ਹੈ ਤਾਂ ਧਾਰਮਿਕ ਅਸਹਿਣਸ਼ੀਲਤਾ ਪੈਦਾ ਹੁੰਦੀ ਹੈ। ਮਨੁੱਖੀ ਅਧਿਕਾਰਾਂ ਦੀ ਰੋਸ਼ਨੀ ਵਿੱਚ ਕਿਸੇ ਵੀ ਵਿਅਕਤੀ ਨੂੰ ਕਿਸੇ ਹੋਰ ਧਰਮ ਨੂੰ ਮੰਨਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਹੈ। ਇਹ ਮਨੁੱਖ ਦਾ ਮੌਲਿਕ ਅਧਿਕਾਰ ਹੈ ਕਿ ਉਹ ਆਪਣੀ ਮਰਜੀ ਅਨੁਸਾਰ ਧਰਮ ਨੂੰ ਅਪਣਾ ਸਕੇ, ਧਾਰਮਿਕ ਤਕਰੀਰ ਕਰ ਸਕੇ, ਧਾਰਮਿਕ ਰਸਮਾਂ ਦੀ ਪਾਲਣਾ ਕਰ ਸਕੇ ਅਤੇ ਆਪਣੀ

ਮਰਜੀ ਅਨੁਸਾਰ ਧਰਮ ਬਦਲ ਸਕੇ। ਸਿੱਖ ਸ਼ਹਾਦਤ ਪਰੰਪਰਾ ਇਸ ਅਸਹਿਣਸ਼ੀਲਤਾ ਦੀ ਪ੍ਰਵ੍ਰਿਤੀ ਨੂੰ ਨਕਾਰਦੀ ਹੋਈ ਸ਼ਹੀਦੀਆਂ ਦਿੰਦੀ ਹੈ। ਸ੍ਰੀ ਗੁਰੂ ਅਰਜੁਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦੁਰ ਦੀਆਂ ਸ਼ਹਾਦਤਾਂ ਇਸੇ ਧਾਰਮਿਕ ਅਸਹਿਣਸ਼ੀਲਤਾ ਕਾਰਨ ਹੋਇਆਂ ਹਨ। ਸਿੱਖ ਸ਼ਹਾਦਤ ਪਰੰਪਰਾ ਵਿੱਚ ਮਨੁੱਖੀ ਬਰਾਬਰੀ ਦੇ ਉਦੇਸ਼ ਹਿੱਤ ਸਹਿਣਸ਼ੀਲਤਾ ਅਤੇ ਨਿਮਰਤਾ ਨੂੰ ਧਾਰਣ ਕਰਦਿਆਂ ਈਰਖਾ ਬਿਰਤੀ ਨੂੰ ਵੀ ਤਿਆਗਣ ਤੇ ਬਲ ਦਿੱਤਾ ਗਿਆ ਹੈ ਕਿਉਂਕਿ 'ਤਾਤਿ ਪਰਾਈ' ਦੀ ਭਾਵਨਾ ਮਨੁੱਖੀ ਬਰਾਬਰੀ ਦੇ ਵਿਰੁੱਧ ਹੈ।

- ਜਿਸ ਅੰਦਰਿ ਤਾਤਿ ਪਰਾਈ ਹੋਵੈ।।
  ਤਿਸ ਦਬਾ ਕਦੇ ਨ ਹੋਵੀ ਭਲਾ।।[99]
- ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ।
  ਜੋਗੀ ਕਹੀਐ ਸੋਈ।।[100]
- ਨਾ ਕੋ ਬੈਰੀ ਨਹੀ ਬਿਗਾਨਾ।।
  ਸਗਲ ਸੰਗਿ ਹਮ ਕਉ ਬਨਿ ਆਈ।।[101]

ਇਸ ਤਰ੍ਹਾਂ ਧਾਰਮਿਕ ਸਹਿਣਸ਼ੀਲਤਾ ਰਾਹੀਂ ਪੂਰੇ ਵਿਸ਼ਵ ਸਮਾਜ ਵਿੱਚ ਮਨੁੱਖੀ ਭਾਈਚਾਰੇ ਦੀ ਭਾਵਨਾ ਉਸਾਰੀ ਜਾ ਸਕਦੀ ਹੈ।

### ਸ਼ਬਦ ਗੁਰੂ ਦਾ ਸਿਧਾਂਤ ਅਤੇ ਸੰਸਥਾਈ ਰੂਪ

ਵੈਦਿਕ ਸਮੇਂ ਵਿੱਚ ਸ਼ਬਦ ਉਹ ਮੰਤਰ ਮੰਨੇ ਗਏ ਹਨ ਜਿਨ੍ਹਾਂ ਨਾਲ ਕਰਾਮਾਤੀ ਸ਼ਕਤੀਆਂ ਦੇ ਸੰਕਲਪ ਜੁੜੇ ਹੋਏ ਹਨ। ਗੁਰੂ ਸਾਹਿਬਾਨ ਨੇ ਜੰਤਰ-ਮੰਤਰ ਦੇ ਥੋਥੇ ਆਸਰਿਆਂ ਨੂੰ ਤਿਆਗ ਕੇ ਇਕ ਅਕਾਲ ਪੁਰਖ ਦੀ ਪੂਜਾ ਨੂੰ ਅਧਾਰ ਬਣਾਇਆ ਅਤੇ ਉਸ ਅਕਾਲ ਪੁਰਖ ਨੂੰ ਨਿਰੰਕਾਰ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ। ਅਕਾਲ ਪੁਰਖ ਨਿਰੰਕਾਰ ਹੈ ਤਾਂ ਉਸ ਦੀ ਪੂਜਾ ਲਈ ਕਿਸ ਦੀ ਵਰਤੋਂ ਕੀਤੀ ਜਾਵੇ ਇਸ ਲਈ ਗੁਰੂ ਸਾਹਿਬਾਨ ਨੇ ਸ਼ਬਦ ਨੂੰ ਵਿਚਾਰ ਕੇ, ਸੁਣ ਕੇ, ਪੜ੍ਹ ਕੇ, ਅਕਾਲ ਪੁਰਖ ਦਾ ਗਿਆਨ ਪ੍ਰਾਪਤ ਕਰਨ ਦਾ ਸੰਦੇਸ਼ ਦਿੱਤਾ ਜਿਸ ਨੂੰ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਸੰਸਥਾਈ ਰੂਪ ਦਿੱਤਾ। ਵੇਦਾਂ ਮੰਤਰਾਂ ਦੇ ਉਚਾਰਨ ਨਾਲ ਆਮ ਮਨੁੱਖਾਂ

ਨੂੰ ਉਸਦੀ ਨਾ ਸਮਝ ਸੀ ਅਤੇ ਨਾ ਹੀ ਕੋਈ ਉਪਯੋਗ ਇਸ ਲਈ ਗੁਰੂ ਸਾਹਿਬਾਨ ਨੇ ਸ਼ਬਦ ਦੇ ਗਿਆਨ ਨੂੰ ਆਮ ਮਨੁੱਖ ਦੀ ਜ਼ਿੰਦਗੀ ਦਾ ਹਿੱਸਾ ਬਣਾਉਂਦੇ ਹੋਏ 'ਸ਼ਬਦ ਗੁਰੂ' ਦਾ ਸਿਧਾਂਤ ਦਿੱਤਾ ਜਿਸ ਨਾਲ ਪਰਮਾਤਮਾ ਦਾ ਗਿਆਨ ਅਤੇ ਆਪੇ ਦੀ ਸੋਝੀ ਆਉਂਦੀ ਹੈ।

ਬਾਝੁ ਗੁਰੂ ਗੁਬਾਰੁ ਹੈ।।
ਬਿਨ ਸਬਦੈ ਬੂਝ ਨ ਪਾਇ।।[102]

ਜਗਤ ਦੇ ਸਾਰੇ ਪਾਸੇ ਉਸ ਅਕਾਲ ਪੁਰਖ ਦਾ ਹੁਕਮ ਸਥਾਪਤ ਹੈ ਚਹੁੰਆਂ ਦਿਸ਼ਾਵਾਂ ਵਿੱਚ ਹੀ ਸਮੇਤ ਪਤਾਲ ਦੇ ਉਸਦੇ ਨਾਮ ਦਾ ਵਾਸਾ ਹੈ ਇਸ ਲਈ ਇਸ ਸਾਰੀ ਸ੍ਰਿਸ਼ਟੀ ਵਿੱਚ ਉਸ ਸੱਚੇ ਪਰਮਾਤਮਾ ਦਾ ਸ਼ਬਦ ਵਰਤਿਆ ਹੈ ਪਰ ਇਸ ਦੀ ਸੋਝੀ ਕਿਸੇ ਕਰਮਾਂ ਵਾਲੇ ਨੂੰ ਹੀ ਪ੍ਰਾਪਤ ਹੁੰਦੀ ਹੈ।

ਚਹੁ ਦਿਸਿ ਹੁਕਮੁ ਵਰਤੈ ਪ੍ਰਭੁ ਤੇਰਾ।।
ਚਹੁ ਦਿਸਿ ਨਾਮ ਪਤਾਲੰ।।
ਸਭ ਮਹਿ ਸਬਦੁ ਵਰਤੈ ਪ੍ਰਭੁ ਸਾਚਾ।।
ਕਰਮ ਮਿਲੈ ਬੇਆਲੰ।।[103]

ਸਬਦੁ ਤੋਂ ਬਿਨਾ ਸਾਰਾ ਜਗ ਹੀ ਕੁਰਾਹੇ ਪਿਆ ਹੈ। ਸ਼ਬਦ ਹੀ ਪੀਰ ਹੈ ਅਤੇ ਇਸ ਬਾਰੇ ਗਹਿਰੀ ਸੂਝ ਵੀ ਇਸ ਤੋਂ ਹੀ ਪ੍ਰਾਪਤ ਹੁੰਦੀ ਹੈ।

ਸਬਦ ਗੁਰ ਪੀਰਾ ਗਹਿਰ ਗੰਭੀਰਾ।।
ਬਿਨ ਸਬਦੈ ਜਗੁ ਬਉਰਾਨੰ।।
ਪੂਰਾ ਬੈਰਾਗੀ ਸਹਿਜ ਸੁਭਾਗੀ।।
ਸਚੁ ਨਾਨਕ ਮਨੁ ਮਾਨੰ।।[104]

ਸ਼ਬਦ ਹੀ ਗੁਰੂ ਹੈ ਅਤੇ ਸ਼ਿਸ਼ਾਂ ਨੂੰ ਇਸ ਵਿੱਚ ਹੀ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

ਸਬਦੁ ਗੁਰੂ ਸੁਰਤਿ ਧੁਨਿ ਚੇਲਾ।।[105]

ਗੁਰੂ ਸਾਹਿਬਾਨ ਨੇ ਮਨੁੱਖ ਨੂੰ ਅਗਿਆਨੀ ਤੋਂ ਗਿਆਨਵਾਨ ਬਣਾਉਣ ਦਾ ਟੀਚਾ ਮਿਥਿਆ ਹੈ। ਇਸੇ ਲਈ ਕਰਮ ਸਿਧਾਂਤ ਅਨੁਸਾਰ ਮਨੁੱਖ ਨੂੰ ਕੂੜ ਤੋਂ ਸੱਚ ਵੱਲ ਲਿਜਾਣ ਲਈ ਸ਼ਬਦ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ। ਗਿਆਨ ਦੇਣ ਵਾਲਾ ਗੁਰੂ ਹੈ ਅਤੇ ਗੁਰੂ ਹੀ ਗਿਆਨ ਹੈ। **'ਪੋਥੀ ਪਰਮੇਸ਼ਰ ਦਾ ਥਾਨੁ'** ਭਾਵ ਗਿਆਨ ਹੀ ਅਸਲ ਵਿੱਚ ਪਰਮੇਸ਼ਰ ਹੈ। ਵੇਦਾਂ ਵਿੱਚ ਵੀ ਸ਼ਬਦ ਨੂੰ ਬ੍ਰਹਮ ਦਾ ਦਰਜਾ ਦਿੱਤਾ ਗਿਆ ਹੈ ਪਰ ਗੁਰੂ ਸਾਹਿਬਾਨ ਨੇ ਇਸ ਗਿਆਨ ਨਾਲ ਸਮਾਜੀ ਜੀਵਨ ਨਾਲ ਜੋੜਦਿਆ ਆਪੇ ਦੀ ਸੋਝੀ ਮਾਨਵੀ ਮੁਲਾਂ ਦਾ ਗਿਆਨ ਅਤੇ ਬ੍ਰਹਿਮੰਡ ਦਾ ਗਿਆਨ ਕਿਹਾ ਹੈ। ਗਿਆਨ ਸੰਬੰਧੀ ਡਾ. ਜਸਪਾਲ ਕੌਰ ਕਾਂਗ ਦਾ ਵਿਚਾਰ ਹੈ:

> ਬਾਣੀ ਸੰਵੇਦਨਾ ਵਿੱਚ ਗਿਆਨ ਸਭ ਤੋਂ ਵਧੇਰੇ ਸਵੀਕਾਰਿਆ ਗਿਆ ਹੈ। ਜੋ ਵਿਅਕਤੀ ਗਿਆਨ ਦੇ ਉਚੇਰੇ ਬਿੰਦੂ ਨੂੰ ਛੂੰਹਦਾ ਹੈ ਉਹ ਆਪਣੀ ਮਿੱਟੀ ਨੂੰ ਨਵਾਂ ਚਰਿੱਤਰ ਦਿੰਦਾ ਹੈ। ਗਿਆਨ ਹੀ ਉਹ ਮਾਰਗ ਜੋ ਮਨੁੱਖ ਨੂੰ ਇੰਦਰੀਆਵੀ ਸੋਝੀ ਦਿੰਦਾ ਹੈ ਅਤੇ ਦਸਮ ਦੁਆਰ ਦੀ ਪ੍ਰਤੀਤੀ ਕਰਵਾਉਂਦਾ ਹੈ। ਗਿਆਨ ਨੂੰ ਤੀਸਰਾ ਨੇਤਰ ਕਿਹਾ ਗਿਆ ਹੈ ਅਜਿਹੇ ਨੇਤਰ ਜੋ ਅਤੀਤ ਵਰਤਮਾਨ ਅਤੇ ਭਵਿੱਖ ਦਾ ਬੋਧ ਕਰਵਾ ਦਿੰਦੇ ਹਨ। ਮਨੁੱਖੀ ਹੋਂਦ ਨੂੰ ਅਰਥ ਵੀ ਇਸੇ ਗਿਆਨ ਰਾਹੀਂ ਮਿਲਦੇ ਹਨ।[106]

ਜਿਸ ਪ੍ਰਕਾਰ ਸਾਰੇ ਸੰਸਾਰ ਵਿੱਚ ਸੂਰਜ ਵਿਆਪਕ ਹੈ ਇਸੇ ਤਰ੍ਹਾਂ ਸ਼ਬਦ ਦੀ ਮਹੱਤਤਾ ਵੀ ਸਾਰੇ ਜਗਤ ਵਿੱਚ ਵਿਆਪਕ ਹੈ ਅਤੇ ਸਥਾਪਤ ਹੈ। ਸੰਸਾਰ ਦੇ ਮੋਹ ਤੋਂ ਛੁਟਕਾਰਾ ਵੀ ਸ਼ਬਦ ਦੇ ਗਿਆਨ ਰਾਹੀਂ ਹੀ ਪਾਇਆ ਜਾ ਸਕਦਾ ਹੈ:

> ਸਬਦਿ ਸੂਰ ਜੁਗ ਚਾਰੇ ਅਉਧੂ।।
> ਬਾਣੀ ਭਗਤਿ ਵੀਚਾਰੀ।।
> ਏਹੁ ਮਨੁ ਮਾਇਆ ਮੋਹਿਆ।।
> ਅਉਧੂ ਨਿਕਸੈ ਸਬਦਿ ਵੀਚਾਰੀ।।[107]

ਸੱਚ ਦੀ ਪ੍ਰਾਪਤੀ ਲਈ ਸ਼ਬਦ ਹੀ ਅਜਿਹਾ ਸਾਧਨ ਹੈ ਜਿਸ ਰਾਹੀਂ ਮੁਕਤੀ ਪ੍ਰਾਪਤੀ ਹੋ ਸਕਦੀ ਹੈ। ਸ਼ਬਦ ਹੀ ਸਾਰੀ ਕਰਨੀ ਅਨੁਸਾਰ ਹੈ ਜਿਸ ਨੇ ਵਿਅਕਤੀ ਨੂੰ ਨਾਮ ਦੀ ਸੋਝੀ ਕਰਵਾਉਣੀ ਹੈ।

ਕਿਆ ਭਵੀਐ ਸਚਿ ਸੂਚਾ ਹੋਇ॥
ਸਾਚ ਸਬਦ ਬਿਨੁ ਮੁਕਤਿ ਨ ਕੋਇ॥[108]

ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ॥
ਬਿਨੁ ਸਬਦੈ ਹੋਰੁ ਮੋਹੁ ਗੁਬਾਰੁ॥
ਸਬਦੇ ਨਾਮੁ ਰਖੈ ਉਰਿ ਧਾਰਿ॥
ਸਬਦੇ ਗਤਿ ਮਤਿ ਮੋਖ ਦੁਆਰੁ॥[109]

ਡਾ. ਸੁਖਦੇਵ ਸਿੰਘ ਇਸ ਸੰਬੰਧੀ ਵਿਚਾਰ ਰੱਖਦੇ ਹਨ ਕਿ ਗੁਰੂ ਸਾਹਿਬਾਨ ਦੁਆਰਾ ਦਿੱਤਾ ਗਿਆ ਸ਼ਬਦ ਗੁਰੂ ਦਾ ਸਿਧਾਂਤ ਆਮ ਲੋਕਾਂ ਨੂੰ ਗਿਆਨ ਦੀ ਸ਼ਕਤੀ ਰਾਹੀਂ ਲਿਬਰੇਟ ਕਰਨ ਦਾ ਵਿਹਾਰਿਕ ਰੂਪ ਸੀ। ਇਸ ਪ੍ਰਕਾਰ ਸਿੱਖ ਸ਼ਹਾਦਤ ਪਰੰਪਰਾ ਦਾ ਧਾਰਮਿਕ ਯੋਗਦਾਨ ਵਿਸ਼ਵ ਨੂੰ ਇਕ ਲੜੀ ਵਿੱਚ ਪ੍ਰੋਣ ਲਈ ਇਕ ਰੱਬ ਦੇ ਸੰਕਲਪ, ਅੰਤਰ ਧਰਮ ਸੰਵਾਦ ਦੀ ਪਿਰਤ, ਧਾਰਮਿਕ ਸਹਿਣਸ਼ੀਲਤਾ ਅਤੇ ਕਰਮ ਕਾਂਡਾਂ ਦੇ ਥੋਥੇ ਰੀਤਿ ਰਿਵਾਜਾਂ ਤੋਂ ਹੱਟ ਕੇ ਮਨੁੱਖ ਨੂੰ ਸੋਝੀ ਦੇਣ ਵਾਲੀ ਕਰਮਾਂ ਵੱਲ ਪ੍ਰੇਰਣਾ ਹੈ ਜੋ ਮਨੁੱਖ ਦੇ ਬਹੁਪੱਖੀ ਵਿਕਾਸ ਦਾ ਧੁਰਾ ਬਣਨ। ਇਸੇ ਪ੍ਰਕਾਰ ਮਨੁੱਖ ਨੂੰ ਗਿਆਨਵਾਨ ਬਣਾ ਕੇ ਮਨੁੱਖੀ ਜੀਵਨ ਸਹੀ ਰਾਹ ਤੇ ਤੋਰਨ ਲਈ ਦੇਹਧਾਰੀ ਗੁਰੂ ਤੋਂ ਸ਼ਬਦ ਗੁਰੂ ਦੇ ਲੜ ਲਾਉਣ ਦਾ ਸਿਧਾਂਤ ਹੈ। ਵਿਸ਼ਵ ਸਮਾਜ ਵਿੱਚ ਅਜਿਹੀ ਦੇਣ ਕਿਸੇ ਹੋਰ ਧਰਮ ਵਿੱਚ ਨਹੀਂ ਮਿਲਦੀ।

## ਹਵਾਲੇ ਤੇ ਟਿੱਪਣੀਆਂ


1. Sabine George, H. History of Political Theory, ਪੰਨਾ, 177
2. William Archibald, A History of Political Theories Ancient and Medieval, ਪੰਨਾ 153
3. Sabine George H, A History of Political Theory, ਪੰਨਾ, 186
4. ਹਸਨ ਅਸਕਰੀ, Society and State in Islam and Introduciton, ਪੰਨਾ, 1●●
5. ਉਹੀ, ਪੰਨਾ, 11●
6. ਡਾ. ਸੀਲਵਤੀ ਗੁਪਤਾ, ਤੁਲਸੀ ਸਾਹਿਤਯ ਮੇ ਰਾਜਨੀਤਿਕ ਵਿਚਾਰ, ਪੰਨਾ, 69
7. ਮਨੂੰ ਸਿਮਰਤੀ, ਅਨੁਵਾਦਕ ਮੋਹਨ ਲਾਲ ਸ਼ਰਮਾ, ਭਾਸ਼ਾ ਵਿਭਾਗ ਪੰਜਾਬ, ਅਧਿਆਇ ਸੱਤਵਾਂ, ਸ਼ਲੋਕ 37
8. ਰਿਓ ਪੰਡਿਤ ਵਿਸ਼ਵੇਸ਼ਰਨਾਥ, ਰਿਗਵੇਦ ਪਰ ਏਕ ਇਤਿਹਾਸਕ ਦ੍ਰਿਸ਼ਟੀ, ਪੰਨਾ, 213
9. ਗੁਰੂ ਗ੍ਰੰਥ ਸਾਹਿਬ, ਪੰਨਾ, 534
1●. ਉਹੀ, ਪੰਨਾ, 1288
11. ਉਹੀ, ਪੰਨਾ, 856
12. ਡਾ. ਸੁਖਦਿਆਲ ਸਿੰਘ, ਪੰਜਾਬ ਦਾ ਇਤਿਹਾਸ, ਪੰਨਾ, 64
13. ਗੁਰੂ ਗ੍ਰੰਥ ਸਾਹਿਬ, ਪੰਨਾ, 35●
14. ਉਹੀ, ਪੰਨਾ, 463
15. ਉਹੀ, ਪੰਨਾ, 463
16. ਡਾ. ਗੁਰਮੀਤ ਸਿੰਘ, ਸਿੱਖੀ ਅਤੇ ਸਿੱਖਾਂ ਦਾ ਭਵਿੱਖ, ਪੰਨਾ, 131
17. ਉਹੀ, ਪੰਨਾ, 143
18. ਗੁਰੂ ਗ੍ਰੰਥ ਸਾਹਿਬ, ਪੰਨਾ, 4●4
19. ਉਹੀ, ਪੰਨਾ, 1●87

2●. ਪ੍ਰੋ. ਪ੍ਰੀਤਮ ਸਿੰਘ, ਸਿੱਖ ਵਿਚਾਰਧਾਰਾ, ਪੰਨਾ, 135–136

21. ਡਾ. ਜਸਪਾਲ ਸਿੰਘ, ਰਾਜ ਦਾ ਸਿੱਖ ਸੰਕਲਪ, ਪੰਨਾ, 129

22. ਗੁਰੂ ਗ੍ਰੰਥ ਸਾਹਿਬ, ਪੰਨਾ, 992

23. ਉਹੀ, ਪੰਨਾ, 3

24. ਡਾ. ਹਰਬੰਸ ਸਿੰਘ, ਗੁਰੂ ਨਾਨਕ ਪ੍ਰਕਾਸ਼ ਪਤ੍ਰਿਕਾ, ਸਿੱਖ ਅਧਿਐਨ ਅੰਕ ਬਲਕਾਰ ਸਿੰਘ (ਸੰਪਾਦਕ), ਪੰਨਾ, 215–216

25. ਗੁਰੂ ਗ੍ਰੰਥ ਸਾਹਿਬ, ਪੰਨਾ, 345

26. ਗੁਰੂ ਗ੍ਰੰਥ ਸਾਹਿਬ, ਪੰਨਾ, 345

27. ਡਾ. ਜਸਪਾਲ ਸਿੰਘ, ਰਾਜ ਦਾ ਸਿੱਖ ਸੰਕਲਪ, ਪੰਨਾ, 284

28. ਡਾ. ਵਜੀਰ ਸਿੰਘ, ਸਿੱਖ ਦਰਸ਼ਨਧਾਰਾ, ਪੰਨਾ, 13●

29. ਡਾ. ਸੁਵਿੰਦਰ ਕੌਰ, ਸਮਾਜ ਵਿਗਿਆਨ ਨਾਲ ਜਾਣ–ਪਛਾਣ, ਪੰਨਾ, 52

3●. ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ ਪੰਨਾ, 468

31. ਡਾ. ਜਸਬੀਰ ਸਿੰਘ ਸਾਬਰ, ਰਵੀਦਾਸ ਬਾਣੀ ਬਹੁਪੱਖੀ ਅਧਿਐਨ, ਪੰਨਾ, 149–5●

32. ਮਨੂੰ ਸਿਮਰਤੀ, ਅਨੁਵਾਦ ਮੋਹਨ ਲਾਲ ਸ਼ਰਮਾ, ਅਧਿਆਇ ਪਹਿਲਾ, ਸਲੋਕ 21

33. ਉਹੀ, ਸਲੋਕ 31

34. B.N. Luniya, Evolution of Indian Culture, ਪੰਨਾ, 67 (ਉਧਰਤ)

35. ਗੁਰੂ ਗ੍ਰੰਥ ਸਾਹਿਬ, ਪੰਨਾ, 15

36. ਉਹੀ, 1127

37. ਉਹੀ, 349

38. ਉਹੀ, 133●

39. ਡਾ. ਜਸਪਾਲ ਸਿੰਘ, ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ, ਪੰਨਾ, 91

4●. ਮੈਕਾਲਫ, ਸਿੱਖ ਹਿਸਟਰੀ, ਪੰਨਾ, 135

41. ਸ੍. ਗੁਰਬਖਸ ਸਿੰਘ, Article sikh Holics in easter Bangal, Dhaka review, 1916, ਪੰਨਾ, 225-227

42. ਈਸ਼ਰ ਸਿੰਘ, Nanakism a new world, ਪੰਨਾ, 6

43. ਡਾ. ਜਸਵੀਰ ਸਿੰਘ ਆਹਲੂਵਾਲੀਆ, ਸਿੱਖ ਫਲਸਫੇ ਦੀ ਭੂਮਿਕਾ, ਪੰਨਾ, 21

44. www.orgkhalsaaid

45. ਉਜਾਗਰ ਸਿੰਘ ਸਹਿਗਲ (ਸੰਪਾ) ਗੋਰਖਬਾਣੀ, ਪੰਨਾ, 43

46. ਉਹੀ, ਪੰਨਾ, 1●9

47. ਗੁਰੂ ਗ੍ਰੰਥ ਸਾਹਿਬ, ਪੰਨਾ, 473

48. ਉਹੀ, ਪੰਨਾ, 37●

49. ਉਹੀ, ਪੰਨਾ, 787

5●. ਡਾ. ਮਹਿੰਦਰ ਕੌਰ ਗਿੱਲ, ਗੁਰੂ ਗ੍ਰੰਥ ਸਾਹਿਬ ਤੇ ਮਾਨਵ ਏਕਤਾ, ਪੰਨਾ, 92-93

51. ਭਾਈ ਕਾਹਨ ਸਿੰਘ ਨਾਭਾ, ਗੁਰਮਤਿ ਸੁਧਾਰਕ, ਪੰਨਾ, 212

52. ਡਾ. ਜਸਪਾਲ ਸਿੰਘ, ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ, ਪੰਨਾ, 16●

53. ਸਿਮਰਨ ਕੌਰ, ਪ੍ਰਸਿੱਧ ਸਿੱਖ ਬੀਬੀਆਂ, ਪੰਨਾ, 33

54. ਡਾ. ਰਾਜਿੰਦਰ ਕੌਰ ਰੋਹੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਅਧਿਆਤਮ ਤੇ ਵਿਹਾਰ, ਪੰਨਾ, 131

55. ਪ੍ਰੋ. ਪ੍ਰੀਤਮ ਸਿੰਘ, ਸਿੱਖ ਵਿਚਾਰਧਾਰਾ, ਪੰਨਾ, 421

56. ਡਾ. ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ, ਪੰਨਾ, 2●9

57. ਗੁਰੂ ਗ੍ਰੰਥ ਸਾਹਿਬ, ਪੰਨਾ, 468

58. ਉਹੀ, 869

59. ਉਹੀ, 47●

6●. ਉਹੀ, 278

61. ਉਹੀ, 1164

62. ਡਾ. ਜਗਬੀਰ ਸਿੰਘ, ਉਹੀ, ਪੰਨਾ, 2●9

63. ਡਾ. ਦਰਸ਼ਨ ਸਿੰਘ, ਸਿੱਖ ਧਰਮ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ ਪੰਨਾ, 2, (ਉਧਰਤ)

64. ਡਾ. ਗੁਰਮੀਤ ਸਿੰਘ, ਸਿੱਖੀ ਅਤੇ ਸਿੱਖਾਂ ਦਾ ਭਵਿੱਖ, ਪੰਨਾ, 18

65. ਡਾ. ਤਾਰਨ ਸਿੰਘ, ਜਪ ਦਰਸ਼ਨ ਦੀਦਾਰ, ਪੰਨਾ, 11

66. ਗੁਰੂ ਗ੍ਰੰਥ ਸਾਹਿਬ, ਪੰਨਾ, 13

67. ਉਹੀ, ਪੰਨਾ, 276

68. ਉਹੀ, ਪੰਨਾ, 896

69. ਪ੍ਰੋ. ਸ਼ੇਰ ਸਿੰਘ, ਅਕਾਲ ਪੁਰਖ ਗੁਰਮਤਿ ਦਰਸ਼ਨ ਪੰਨਾ, 218-19

7●. ਗੁਰੂ ਗ੍ਰੰਥ ਸਾਹਿਬ, ਪੰਨਾ 922

71. ਉਹੀ, ਪੰਨਾ, 1●●1

72. ਉਹੀ, ਪੰਨਾ, 25●

73. ਉਹੀ, ਪੰਨਾ, 1●2

74. ਉਹੀ, ਪੰਨਾ, 463

75. ਉਹੀ, ਪੰਨਾ, 1349

76. htpps:// envikipedia.org/wiki/interfaithdialogue.

77. ਪਿਆਰਾ ਸਿੰਘ ਭੋਗਲ, ਰੋਜਾਨਾ ਅਜੀਤ ਜਲੰਧਰ 19 ਫਰਵਰੀ ਜਿਲਦ 5 ਅੰਕ 5● ਰਜਿ. ਪੀ.ਬੀ. 32-138

78. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ, 661

79. ਉਹੀ, ਪੰਨਾ, 938-39

80. ਡਾ. ਰਾਜਿੰਦਰ ਕੌਰ, ਖੋਜ ਪਤ੍ਰਿਕਾ ਗੁਰੂ ਨਾਨਕ ਵਿਸ਼ੇਸ਼ ਅੰਕ ਨੰਬਰ 1969, ਪੰਨਾ, 297
81. ਗੁਰੂ ਗ੍ਰੰਥ ਸਾਹਿਬ, ਪੰਨਾ, 730
82. ਉਹੀ, ਪੰਨਾ, 1420
83. ਉਹੀ, ਪੰਨਾ, 908-909
84. ਉਹੀ, ਪੰਨਾ, 886
85. ਉਹੀ, ਪੰਨਾ, 970
86. ਉਹੀ, ਪੰਨਾ, 642
87. ਉਹੀ, ਪੰਨਾ, 685
88. ਉਹੀ, ਪੰਨਾ, 1285
89. ਉਹੀ, ਸ਼ਬਦ ਹਜਾਰੇ ਪਾਤਸ਼ਾਹੀ ਦਸਵੀਂ
90. ਡਾ. ਜਗਬੀਰ ਸਿੰਘ ਬਾਣੀ ਸੰਸਾਰ, ਪੰਨਾ, 51
91. ਗੁਰੂ ਗ੍ਰੰਥ ਸਾਹਿਬ, ਪੰਨਾ, 1127
92. ਵਾਰਾਂ ਭਾਈ ਗੁਰਦਾਸ 1.33
93. ਗੁਰੂ ਗ੍ਰੰਥ ਸਾਹਿਬ, ਪੰਨਾ, 141
94. ਉਹੀ, ਪੰਨਾ, 140
95. ਉਹੀ, ਪੰਨਾ, 1084
96. ਡਾ. ਗੁਰਮੀਤ ਸਿੰਘ, ਸਿੱਖੀ ਅਤੇ ਸਿੱਖਾਂ ਦਾ ਭਵਿੱਖ, ਪੰਨਾ, 61
97. websters Encyclopedia unabridged Dictionery of the English Language p. 1290
98. ਡਾ. ਰਾਧਾ ਕ੍ਰਿਸ਼ਨ ਵੀ.ਕੇ. ਸਿਨਹਾ (ਸੰਪਾ.) Secularism in India ਪੰਨਾ, 127
99. ਗੁਰੂ ਗ੍ਰੰਥ ਸਾਹਿਬ, ਪੰਨਾ, 308

100. ਉਹੀ, ਪੰਨਾ, 370

101. ਉਹੀ, ਪੰਨਾ, 1299

102. ਉਹੀ, ਪੰਨਾ, 55

103. ਉਹੀ, ਪੰਨਾ, 1275

104. ਉਹੀ, ਪੰਨਾ, 635

105. ਉਹੀ, ਪੰਨਾ, 943

106. ਜਸਪਾਲ ਕੌਰ ਕਾਂਗ, ਬਾਣੀ ਸੰਵੇਦਨਾ, ਪੰਨਾ, 16

107. ਗੁਰੂ ਗ੍ਰੰਥ ਸਾਹਿਬ, ਪੰਨਾ, 83

108. ਉਹੀ, ਪੰਨਾ, 938

109. ਉਹੀ, ਪੰਨਾ, 1342

# ਸਾਰ ਤੇ ਸਥਾਪਨਾਵਾਂ

ਖੋਜ ਕਾਰਜ ਦੇ ਮੂਲ ਵਿਸ਼ੇ ਸਿੱਖ ਸ਼ਹਾਦਤ ਪਰੰਪਰਾ: ਸੰਕਲਪ, ਵਿਚਾਰਧਾਰਕ ਆਧਾਰ, ਇਤਿਹਾਸ ਅਤੇ ਵਿਸ਼ਵ ਸਮਾਜ ਵਿੱਚ ਯੋਗਦਾਨ ਦੇ ਅੰਤਰਗਤ ਖੋਜ ਅਧਿਐਨ ਨੂੰ ਪ੍ਰਸਤੁਤ ਕਰਦਿਆਂ ਇਸ ਵਿਸ਼ੇ ਨਾਲ ਜੁੜੇ ਵਿਭਿੰਨ ਪਹਿਲੂਆਂ ਤੇ ਪਸਾਰਾਂ ਉਪਰ ਗੰਭੀਰ ਚਰਚਾ ਕਰਨ ਉਪਰੰਤ ਇਸ ਸੰਬੰਧੀ ਪ੍ਰਮੁੱਖ ਸਥਾਪਨਾਵਾਂ ਤੇ ਸਿੱਟਿਆਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਇਹਨਾਂ ਸਥਾਪਨਾਵਾਂ ਸੰਬੰਧੀ ਜਾਣਕਾਰੀ ਦੇ ਅਸੀਂ ਪੰਜ ਅਧਿਆਵਾਂ ਵਿੱਚ ਵੰਡਿਆ ਹੈ ਜਿਸ ਦਾ ਸਾਰ ਅਤੇ ਸਿੱਟੇ ਇਸ ਪ੍ਰਕਾਰ ਹਨ:

ਖੋਜ ਕਾਰਜ ਦਾ ਪਹਿਲਾ ਅਧਿਆਇ ਪੂਰਵ ਪ੍ਰਾਪਤ ਖੋਜ ਕਾਰਜ ਦਾ ਸਰਵੇਖਣ, ਵਿਸ਼ਲੇਸ਼ਣ ਅਤੇ ਮੁਲਾਂਕਣ ਨਾਲ ਸੰਬੰਧਿਤ ਹੈ ਜੋ ਇਸ ਵਿਸ਼ੇ ਦੇ ਨਿਕਟ ਅਧਿਐਨ ਸੰਬੰਧੀ ਹੋ ਚੁੱਕੀ ਪੂਰਵ ਖੋਜ ਦੇ ਪ੍ਰਸਤੁਤੀਕਰਣ ਬਾਰੇ ਰੋਸ਼ਨੀ ਪਾਉਂਦਾ ਹੈ। ਇਸ ਅਧਿਆਇ ਵਿੱਚ ਅਸੀਂ ਉਹਨਾਂ ਸਾਰੇ ਖੋਜ ਪ੍ਰਬੰਧਾਂ ਤੇ ਖੋਜ ਪੁਸਤਕਾਂ ਦਾ ਵੇਰਵਾ ਤੇ ਰੀਵਿਊ ਪੇਸ਼ ਕੀਤਾ ਹੈ ਜੋ ਸਾਡੇ ਖੋਜ ਕਾਰਜ ਤੋਂ ਪਹਿਲਾਂ ਇਸ ਵਿਸ਼ੇ ਦੇ ਕਿਸੇ ਵੀ ਪਹਿਲੂ ਨਾਲ ਸੰਬੰਧਿਤ ਖੋਜ ਕਰ ਚੁੱਕੇ ਹਨ। ਸੋ ਇਸ ਅਧਿਆਇ ਵਿੱਚ ਵਿਭਿੰਨ ਯੂਨੀਵਰਸਿਟੀਆਂ ਤੇ ਅਕਾਦਮਿਕ ਅਦਾਰਿਆਂ ਵਿੱਚ ਹੋ ਚੁੱਕੀ ਪੀ-ਐਚ.ਡੀ. ਤੇ ਖੋਜ ਕਾਰਜਾਂ ਦੇ ਵਿਸ਼ਲੇਸ਼ਣ ਨਾਲ ਇਸ ਨਤੀਜੇ ਤੇ ਪਹੁੰਚਿਆ ਗਿਆ ਹੈ ਕਿ ਹੱਥਲਾ ਖੋਜ ਕਾਰਜ ਇਕ ਨਿਵੇਕਲਾ ਵਿਸ਼ਾ ਹੈ ਜਿਸ ਉਤੇ ਪਹਿਲਾਂ ਕੋਈ ਖੋਜ ਕਾਰਜ ਨਹੀਂ ਹੋਇਆ।

ਖੋਜ ਕਾਰਜ ਦਾ ਦੂਸਰਾ ਅਧਿਆਇ ਸ਼ਹਾਦਤ: ਸੰਕਲਪ, ਵਿਆਖਿਆ, ਪਰੰਪਰਾ ਅਤੇ ਤੁਲਨਾਤਮਕ ਪਰਿਪੇਖ' ਵਿਚ ਸ਼ਹਾਦਤ ਸ਼ਬਦ ਦੇ ਮੂਲ ਅਰਥ, ਸੰਕਲਪ ਅਤੇ ਵੱਖ-ਵੱਖ ਧਰਮਾ ਵਿਚ ਸ਼ਹਾਦਤ ਦੇ ਮਿਲਦੇ ਸੰਕਲਪ ਆਦਿ ਬਾਰੇ ਖੋਜ ਮੂਲਕ ਅਧਿਐਨ ਕੀਤਾ ਗਿਆ ਹੈ। ਸ਼ਹੀਦ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ UATPTUP ਵਿਚੋਂ ਨਿਕਲਿਆ ਹੈ ਜਿਸਦਾ ਅਰਥ ਗਵਾਹ ਹੈ। ਸ਼ਹੀਦ ਸ਼ਹਾਦਤ ਦੇਣ ਵਾਲਾ ਗਵਾਹ, ਸਾਖੀ ਅਜਿਹਾ ਕੰਮ ਕਰਨ ਵਾਲਾ

ਜਿਸਦੀ ਲੋਕ ਸਾਖੀ ਭਰਦੇ ਹੋਣ ਧਰਮ ਯੁੱਧ ਵਿਚ ਜਿਸਨੇ ਜੀਵਨ ਅਰਪਿਆ ਹੋਵੇ। ਯਹੂਦੀ ਧਰਮ ਵਿਚ ਸ਼ਹਾਦਤ ਦਾ ਸੰਕਲਪ ਗਵਾਹ ਵਜੋਂ ਉਭਰਦਾ ਹੈ ਜੋ ਕਿ ਪੈਗੰਬਰੀ ਅਜ਼ਮਤ ਅਤੇ ਕਾਰਜੀ ਵਿਧਾਨ ਰਾਹੀਂ ਪ੍ਰਗਟ ਹੁੰਦਾ ਹੈ। ਇਸ ਧਰਮ ਵਿਚ ਰੱਬ ਦੇ ਨਾਂ ਤੇ ਕਾਰਜੀ ਵਿਧਾਨ ਰਾਹੀਂ ਪੇਸ਼ ਕੀਤਾ ਗਿਆ ਅਹਿਦ ਸ਼ਹਾਦਤ ਦੇ ਸਰੂਪ ਦੀ ਵਿਆਖਿਆ ਹੈ। ਯਹੂਦੀ ਧਰਮ ਵਿਚ ਅਹਿਦ ਕਰਨਾ ਅਤੇ ਉਸ ਅਹਿਦ ਉੱਤੇ ਇਸ ਕੌਮ ਦੇ ਅਨੁਆਈਆਂ ਦਾ ਪੂਰਾ ਉਤਰਨਾ ਸ਼ਹਾਦਤ ਦੀ ਪ੍ਰਕ੍ਰਿਆ ਦਾ ਇਕ ਪ੍ਰਮੁੱਖ ਕਾਰਜ ਹੈ ਇਸ ਧਰਮ ਵਿਚ ਰੱਬ ਆਪਣੇ ਪੈਗੰਬਰਾਂ ਰਾਹੀਂ ਮਨੁੱਖਤਾ ਦੀ ਅਗਵਾਈ ਕਰਦਾ ਹੈ। ਇਸ ਅਗਵਾਈ ਰਾਹੀਂ ਪ੍ਰਗਟ ਹੋਣ ਵਾਲੇ ਰੱਬ ਦੇ ਦੈਵੀ ਕੌਤਕ ਦੇ ਯਥਾਰਥ ਨੂੰ ਪ੍ਰਮਾਣਿਤ ਕਰਕੇ ਉਸ ਨੂੰ ਪਵਿੱਤਰ ਇਤਿਹਾਸ ਦਾ ਦਰਜਾ ਦੇਣ ਵਾਸਤੇ ਦਿੱਤੀ ਗਈ ਗਵਾਹੀ ਸ਼ਹਾਦਤ ਕਹਾਉਂਦੀ ਹੈ। ਇਸ ਧਰਮ ਵਿਚ ਪੈਗੰਬਰੀ ਘਟਨਾ ਇਸ ਗੱਲ ਦੀ ਸ਼ਹਾਦਤ ਹੈ ਕਿ ਆਦਰਸ਼ਕ ਇਨਸਾਨ ਆਪਣੀ ਸਭ ਤੋਂ ਪਿਆਰੀ ਚੀਜ਼ ਰੱਬ ਦੇ ਰਾਹ ਤੇ ਨਿਛਾਵਰ ਕਰ ਦਿੰਦਾ ਹੈ। ਅਜਿਹਾ ਕਰਕੇ ਉਹ ਆਪਣੀ ਕੌਮ ਦਾ ਉਥਾਨ ਕਰਦਾ ਹੈ। ਆਪਣੀ ਕੌਮ ਦੇ ਉਥਾਨ ਲਈ ਕੀਤਾ ਗਿਆ ਇਹ ਕਰਮ ਸ਼ਹਾਦਤ ਦਾ ਦਰਜਾ ਪ੍ਰਾਪਤ ਕਰਤਾ ਹੈ।

ਈਸਾਈ ਧਰਮ ਵਿਚ ਸ਼ਹੀਦ ਸ਼ਬਦ ਉਹਨਾਂ ਅਦਬੀ ਗਵਾਹਾਂ ਲਈ ਵਰਤਿਆ ਗਿਆ ਹੈ ਜਿਨ੍ਹਾਂ ਨੇ ਸੱਚ ਦੀਆਂ ਧਾਰਨਾਵਾਂ ਖਾਤਿਰ ਆਪਣੀਆਂ ਜਾਨਾਂ ਮਾਰ ਕੇ ਗਵਾਹੀ ਦਿੱਤੀ। ਈਸਾਈ ਧਰਮ ਵਿਚ ਸ਼ਹੀਦ ਉਹ ਹੈ ਜੋ ਰੋਮਨ ਸਾਮਰਾਜ ਦੇ ਜ਼ੁਲਮਾ ਨੂੰ ਸਹਾਰਦਾ ਹੋਇਆ ਹਜ਼ਰਤ ਈਸਾ ਦੇ ਸਿਧਾਂਤਾਂ ਤੇ ਵਿਸ਼ਵਾਸ ਨੂੰ ਨਾ ਤਿਆਗਦਾ ਹੋਇਆ ਸ਼ਹੀਦੀ ਪ੍ਰਾਪਤ ਕਰ ਲੈਂਦਾ ਹੈ ਉਹ ਸ਼ਹੀਦ ਕਹਾਉਂਦਾ ਹੈ। ਇਸ ਧਰਮ ਵਿਚ ਸ਼ਹੀਦ ਤੇ ਸ਼ਹਾਦਤ ਦਾ ਪ੍ਰਤੱਖ ਰੂਪ ਆਮ ਈਸਾਈ ਦੇ ਕਿਰਦਾਰ ਦਾ ਲੱਛਣ ਨਹੀਂ ਬਣਦਾ ਅਤੇ ਸਿਰਫ ਆਪਣੇ ਧਰਮ ਲਈ ਜੂਝਣਾ ਹੀ ਇਸ ਧਰਮ ਦਾ ਮੁੱਖ ਨਿਸ਼ਾਨਾ ਰਿਹਾ ਹੈ।

ਇਸਲਾਮ ਧਰਮ ਵਿਚ ਸ਼ਹਾਦਤ ਦਾ ਅਰਥ ਗਵਾਹੀ ਹੀ ਹੈ ਅਤੇ ਇਸਦੀ ਗਵਾਹੀ ਨੂੰ ਇਕ ਪਵਿੱਤਰ ਇਕਰਾਰ ਵਜੋਂ ਸਥਾਪਿਤ ਕੀਤਾ ਗਿਆ ਹੈ। ਇਸਲਾਮ ਵਿਚ ਸ਼ਹੀਦ ਦਾ ਰੁਤਬਾ ਬਹੁਤ ਉੱਚਾ ਮੰਨਿਆ ਗਿਆ ਹੈ ਸਮੁੱਚੇ ਇਸਲਾਮੀ ਹਦੀਸ ਸਾਹਿਤ ਵਿਚ ਸ਼ਹੀਦ ਉਸ ਨੂੰ ਕਿਹਾ ਗਿਆ ਹੈ ਜੋ ਇਸਲਾਮ ਦੇ ਪ੍ਰਸਾਰ ਲਈ ਕਾਫ਼ਿਰਾਂ ਵਿਰੁੱਧ ਲੜਦਾ ਹੋਇਆ ਮਾਰਿਆ ਜਾਂਦਾ ਹੈ। ਉਸ ਲਈ ਬਹਿਸ਼ਤ ਦੇ ਦਵਾਰ ਖੁੱਲ ਜਾਂਦੇ ਹਨ ਮੁਨਕਰ ਤੇ ਨਕੀਰ ਫਰਿਸ਼ਤੇ ਉਸਦੇ ਕਰਮਾਂ ਦਾ ਹਿਸਾਬ ਨਹੀਂ ਕਰਦੇ। ਇਸ ਪ੍ਰਕਾਰ ਇਸਲਾਮ ਵਿਚ ਸ਼ਹੀਦ ਮੁੱਖ ਤੌਰ ਤੇ ਉਹ ਹੈ ਜੋ ਰੱਬ ਦੇ ਰਾਹ ਤੇ ਆਪਣੀ ਜਾਨ ਕੁਰਬਾਨ ਕਰ ਦਿੰਦਾ ਹੈ।

ਹਿੰਦੂ ਧਰਮ ਵਿਚ ਸ਼ਹਾਦਤ ਦਾ ਕੋਈ ਸੰਕਲਪ ਨਹੀਂ ਹੈ। ਵੈਦਿਕ ਕਾਲ ਵਿਚ ਬਲੀਆਂ ਦਿੱਤੀਆਂ ਜਾਂਦੀਆਂ ਸਨ ਜਿਨ੍ਹਾਂ ਦਾ ਮਕਸਦ ਦੇਵੀ-ਦੇਵਤਿਆਂ ਦੀ ਅਤੇ ਪਿਤਰਾਂ ਦੀ ਖੁਸ਼ੀ ਪ੍ਰਾਪਤ ਕਰਨਾ ਸੀ ਜੋ ਕਿ ਨਿਸ਼ਚਿਤ ਕਰਮਕਾਂਡ ਉੱਤੇ ਅਧਾਰਿਤ ਸਨ ਜਿਸਦਾ ਸ਼ਹਾਦਤ ਨਾਲ ਕੋਈ ਸਰੋਕਾਰ ਨਹੀਂ ਸੀ। ਬਲੀ ਵਿਚ ਸਵਾਰਥ ਹੁੰਦਾ ਹੈ ਜਦ ਕਿ ਸ਼ਹਾਦਤ ਦਾ ਉਦੇਸ਼ ਪਰਮਾਰਥ, ਪਰਉਪਕਾਰ ਤੇ ਦੂਜਿਆਂ ਦੀ ਭਲਾਈ ਹੁੰਦਾ ਹੈ। ਬਲੀ ਵਿਚ ਦੂਜੇ ਦਾ ਖੂਨ ਡੁਲਦਾ ਹੈ ਜਦ ਕਿ ਸ਼ਹਾਦਤ ਵਿਚ ਸ਼ਹੀਦ ਆਪਣਾ ਖੂਨ ਡੋਲਦਾ ਹੈ ਸਪੱਸ਼ਟ ਹੈ ਕਿ ਆਪਣੇ ਸਵਾਰਥ ਲਈ ਦੂਜਿਆਂ ਦਾ ਖੂਨ ਹੋਣਾ ਬਲੀ ਹੈ ਅਤੇ ਦੂਜਿਆਂ ਦੇ ਭਲੇ ਲਈ ਆਪਣਾ ਆਪਾ ਕੁਰਬਾਨ ਕਰਨਾ ਸ਼ਹਾਦਤ ਹੈ। ਹਿੰਦੂ ਸਮਾਜ ਵਿਚ ਕਿਸੇ ਆਦਰਸ਼ ਲਈ ਮਿਟਣ ਦੇ ਸੰਕਲਪ ਦੀ ਅਣਹੋਂਦ ਕਾਰਨ ਇਸ ਵਿਚ ਸ਼ਹਾਦਤ ਦਾ ਪ੍ਰਸੰਗ ਹੀ ਨਹੀਂ ਹੈ 'ਦੇਹ ਤਿਆਗ' ਅਤੇ ਸੰਕਲਪ' ਸ਼ਬਦਾਂ ਦੀ ਵਰਤੋਂ ਮਿਲਦੀ ਹੈ ਪਰ ਇਹ ਸ਼ਹਾਦਤ ਵਜੋਂ ਰੂਪਮਾਨ ਨਹੀਂ ਹੁੰਦੇ। ਸ਼ਹੀਦ ਗੁਣਾ ਵਿਚ ਸੋਝੀ, ਸਾਹਸ, ਪਰਉਪਕਾਰ, ਸਹਿਜ, ਸਹਿਣਸ਼ੀਲਤਾ, ਦ੍ਰਿੜਤਾ, ਦੂਰ ਦ੍ਰਿਸ਼ਟੀ, ਚੜ੍ਹਦੀਕਲਾ ਤੇ ਪ੍ਰਭੂ ਬੰਦਗੀ ਦੇ ਗੁਣ ਸ਼ਾਮਿਲ ਹੁੰਦੇ ਹਨ ਜੋ ਦੇਹ ਤਿਆਗ ਅਤੇ ਸੰਕਲਪ ਨਾਲ ਮੇਲ ਨਹੀਂ ਖਾਂਦੇ ਇਸ ਲਈ ਸ਼ਹਾਦਤ ਦਾ ਹਿੰਦੂ ਸੰਕਲਪ ਕਿਸੇ ਉੱਚੇ ਆਦਰਸ਼ ਲਈ ਮਰਨ ਦਾ ਨਾ ਨਹੀਂ ਹੈ।

ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ, ਵਿਆਖਿਆ ਅਤੇ ਤੁਲਨਾਤਮਕ ਪਰਿਪੇਖ ਸੰਬੰਧੀ ਸਾਡੀ ਮੁੱਖ ਸਥਾਪਨਾ ਇਹ ਹੈ ਕਿ ਇਸ ਵਿਚ ਸ਼ਹੀਦ ਦੇ ਅਰਥ ਗਵਾਹੀ ਦੇ ਹੀ ਹਨ ਅਤੇ ਇਹ ਗਵਾਹੀ ਕਿਸੇ ਉੱਚੇ ਸੁੱਚੇ ਆਦਰਸ਼ ਲਈ ਦਿੱਤੀ ਜਾਂਦੀ ਹੈ। ਸਿੱਖ ਧਰਮ ਵਿਚ ਸ਼ਹੀਦ ਵਿਚ ਸੱਚ, ਪ੍ਰੇਮ, ਨਿਮਰਤਾ, ਖਿਮਾਂ, ਸੰਤੋਖ, ਧੀਰਜ, ਭਰੋਸਾ ਆਦਿ ਦੇ ਦੈਵੀ ਗੁਣ ਪ੍ਰਬਲ ਹੁੰਦੇ ਹਨ ਅਤੇ ਸ਼ਹੀਦ ਮੌਤ ਦੇ ਭੈਅ ਤੋਂ ਅਜ਼ਾਦ ਨਿਰਭਉ ਦੀ ਪਦਵੀ ਗ੍ਰਹਿਣ ਕਰਦਾ ਹੈ। ਸਿੱਖ ਧਰਮ ਵਿਚ ਸ਼ਹੀਦ ਆਤਮਿਕ ਤੌਰ ਤੇ ਮੁਕੰਮਲ ਸਮਰਪਣ ਦੀ ਪੱਧਰ ਤੇ ਜੀਵਿਤ ਭਾਵ ਤੋਂ ਉਪਰ ਉੱਠਿਆ ਪਰਮ ਪੁਰਖ, ਨਿਆਂ, ਸੱਚ, ਮਾਨਵਤਾ ਲਈ ਲੜਦਾ ਹੋਇਆ ਜਬਰ ਜ਼ੁਲਮ ਤੇ ਧੱਕਿਆ ਖਿਲਾਫ ਖੁਸ਼ੀ-ਖੁਸ਼ੀ ਆਪਣੀ ਜਾਨ ਵਾਰਦਾ ਹੈ। ਸਿੱਖ ਧਰਮ ਵਿਚ ਸ਼ਹੀਦ ਸਿਰਫ ਆਪਣੀ ਕੌਮ ਲਈ ਹੀ ਜਾਨ ਨਹੀਂ ਵਾਰਦਾ ਸਗੋਂ ਸਮੂਹ ਮਨੁੱਖਤਾ ਦਾ ਭਲਾ ਉਸਦਾ ਪ੍ਰਮੁੱਖ ਨਿਸ਼ਾਨਾ ਹੁੰਦਾ ਹੈ। ਸਿੱਖ ਧਰਮ ਵਿਚ ਸ਼ਹੀਦ ਦੀ ਸ਼ਹਾਦਤ ਵਿਲੱਖਣਤਾ ਉਸਦੇ ਕੋਲ ਬਚਣ ਦੇ ਮੌਕੇ ਹੁੰਦਿਆਂ ਹੋਇਆਂ ਵੀ ਜਾਣ ਬੁੱਝ ਕੇ ਜਾਨ ਕੁਰਬਾਨ ਕਰਨ ਦਾ ਨਾਂ ਹੈ। ਅਜਿਹੀ ਸ਼ਹਾਦਤ ਸਮਾਜ ਨੂੰ ਮਨੁੱਖੀ ਕਲਿਆਣ, ਮਨੁੱਖੀ ਹਿੱਤਾਂ ਤੇ ਅਧਿਕਾਰਾਂ ਲਈ ਲੜਣ ਦੀ ਪ੍ਰੇਰਨਾ ਬਣਦੀ ਹੈ ਜੋ ਸੰਸਾਰ ਦੇ ਹੋਰ ਧਰਮਾ ਵਿਚ ਕਿਤੇ ਨਹੀਂ ਮਿਲਦੀ।

ਖੋਜ ਕਾਰਜ ਦਾ ਤੀਜਾ ਅਧਿਆਇ 'ਸਿੱਖ ਸ਼ਹਾਦਤ ਪਰੰਪਰਾ ਵਿਚਾਰਧਾਰਾ ਪਰਿਪੇਖ' ਦੇ ਡੂੰਘੇ ਅਧਿਐਨ ਉਪਰੰਤ ਇਸ ਸਿੱਟੇ ਤੇ ਪਹੁੰਚਿਆ ਗਿਆ ਹੈ ਕਿ ਵਿਚਾਰਧਾਰਾ ਸਮਾਜ ਨੂੰ ਸੇਧ ਦਿੰਦੀ ਹੈ ਅਤੇ ਇਸ ਖੋਜ ਕਾਰਜ ਰਾਹੀਂ ਜੋ ਸਿੱਖ ਸ਼ਹਾਦਤ ਪਰੰਪਰਾ ਪਿਛੇ ਵਿਚਾਰਧਾਰਾਈ ਧਾਰਾਤਲ ਹੈ ਉਹ ਅੱਜ ਦੇ ਸਮਾਜ ਤੇ ਨਵੀਂ ਪੀੜ੍ਹੀ ਨੂੰ ਸਿੱਖ ਪ੍ਰਬੰਧ ਵਿਚਲੇ ਵਿਚਾਰਾਂ ਤੋਂ ਜਾਣੂ ਕਰਵਾਉਣ ਤੋਂ ਹੈ। ਸਿੱਖ ਸ਼ਹਾਦਤ ਪਰੰਪਰਾ ਦਾ ਵਿਚਾਰਧਾਰਾਈ ਧਰਾਤਲ ਸਿਆਸੀ ਤੇ ਸੱਭਿਆਚਾਰਕ ਵਿਰੋਧਾਂ ਤੋਂ ਉਪਜੀ, ਨਾਬਰੀ ਤੇ ਸਮਾਜਿਕ ਧਾਰਮਿਕ, ਸਵੈਮਾਣ ਪੈਦਾ ਕਰਨ ਵਾਲੀ ਵਿਚਾਰਧਾਰਾ ਵਜੋਂ ਉਭਰ ਕੇ ਸਾਹਮਣੇ ਆਈ ਹੈ ਇਹ ਵਿਚਾਰਧਾਰਾ ਮੁਗ਼ਲ ਪ੍ਰਬੰਧ ਵਲੋਂ ਭਾਰਤੀ ਸਮਾਜ ਉਪਰ ਕੀਤੇ ਗਏ ਰਾਜਸੀ, ਧਾਰਮਿਕ, ਸਮਾਜਿਕ, ਸੱਭਿਆਚਾਰਕ, ਜਬਰ ਤੇ ਜ਼ੁਲਮਾਂ ਦੇ ਵਿਰੋਧ ਦਾ ਕ੍ਰਾਂਤੀਕਾਰੀ ਪ੍ਰਵਚਨ ਹੈ। ਇਹ ਪ੍ਰਵਚਨ ਮਨੁੱਖ ਨੂੰ ਇਕ ਇਕਾਈ

ਪ੍ਰਵਾਨ ਕਰਦਾ ਹੋਇਆ ਸ਼ਖਸੀ ਅਜ਼ਾਦੀ ਨੂੰ ਪਹਿਲ ਦਿੰਦਾ ਹੈ। ਜਾਬਰ ਜ਼ੁਲਮ ਕਰਦਾ ਹੈ ਪਰ ਜਾਬਰ ਅਗੇ ਨਿਧੜਕ ਬੋਲਣ ਦੀ, ਜ਼ੁਲਮ ਵਿਰੁੱਧ ਸੰਘਰਸ਼ ਨੂੰ ਜਾਇਜ਼ ਠਹਿਰਾਉਣ ਦੀ ਤੇ ਸਿੱਖ ਸਿਧਾਂਤਾਂ ਪਹਿਰਾ ਦਿੰਦਿਆਂ ਹੋਇਆਂ ਮਾਨਵਵਾਦੀ ਵਿਚਾਰਧਾਰਾ ਪੇਸ਼ ਕਰਨ ਦੀ ਬਿਰਤੀ ਹੈ ਇਹ ਵਿਚਾਰਧਾਰਾ ਮਨੁੱਖ ਨੂੰ ਆਤਮਿਕ ਅਤੇ ਬੌਧਿਕ ਪੱਧਰ ਤੇ ਨਵਾਂ ਹੁਲਾਰਾ, ਊਰਜਾ ਤੇ ਵਿਸ਼ਾਲ ਜੀਵਨ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ ਜਿਸ ਨਾਲ ਮਨੁੱਖ ਸਿਰਜਣਾਤਮਕਤਾ ਤੇ ਸਮਰੱਥਾ ਵਿਚ ਵਾਧਾ ਹੋ ਸਕੇ ਸਿੱਖ ਸ਼ਹਾਦਤ ਪਰੰਪਰਾ ਦਾ ਵਿਚਾਰਧਾਰਾਈ ਧਰਾਤਲ ਪੁਰਾਣੇ ਪ੍ਰਬੰਧਾਂ ਨੂੰ ਵੰਗਾਰ ਪਾਉਂਦਾ ਹੋਇਆ ਅਜਿਹੇ ਸਮਾਜਿਕ ਸੰਗਠਨ ਦੀ ਸਿਰਜਣਾ ਕਰਨ ਦਾ ਯਤਨ ਹੈ ਜੋ ਬਹੁ ਪਰਿਪੇਖੀ ਅਤੇ ਬਹੁ ਸੰਵਾਦੀ ਹੈ। ਇਹ ਵਿਚਾਰਧਾਰਾ ਭਾਰਤੀ ਸਮਾਜ ਵਿਚ ਪਾਏ ਜਾਂਦੇ ਦਮਨਕਾਰੀ ਪ੍ਰਬੰਧਾਂ ਨੂੰ ਵੰਗਾਰ ਹੈ। ਸਿੱਖ ਸ਼ਹਾਦਤ ਪਰੰਪਰਾ ਦਾ ਵਿਚਾਰਧਾਰਾਈ ਅਧਾਰ ਦਮਨ ਦੇ ਉਲਟ ਮਾਨਵ ਹਿੱਤਕਾਰੀ ਤੇ ਸਰਵ ਹਿਤੈਸ਼ੀ ਰੱਬ ਚਤੁਰ ਤੇ ਸਵਾਰਥੀ ਪ੍ਰੋਹਿਤਾਂ ਦੀ ਥਾਂ ਪਰਉਪਕਾਰੀ ਗੁਰੂ ਕਰਮਕਾਂਡ ਦੇ ਵਿਰੁੱਧ ਸਿੱਧਾ ਰੱਬ ਨਾਲ ਰਿਸ਼ਤਾ ਮਾਇਆ ਦੇ ਮੁਕਾਬਲੇ ਨਾਮ ਸਮਾਜਿਕ ਜਥੇਬੰਦੀਆਂ ਤੇ ਛੂਤ-ਛਾਤ ਦੇ ਵਿਰੁੱਧ ਜਾਤ ਰਹਿਤ ਸਮਾਨਤਾਵਾਦੀ ਸਮਾਜ ਅਤੇ ਸਭ ਲਈ ਮੁਕਤੀ ਦਾ ਪ੍ਰਸੰਗ ਸਿਰਜਦੀ ਹੈ। ਮਾਨਵੀਂ ਮੁੱਲਾਂ ਦੀ ਉਸਾਰੀ ਕਰਦੀ ਹੋਈ ਇਹ ਵਿਚਾਰਧਾਰਾ ਮਨੁੱਖ ਵਿਚੋਂ ਦਵੈਸ਼, ਈਰਖਾ, ਵਿੱਥਾਂ, ਨਫਰਤਾਂ ਨੂੰ ਮੇਟਦੀ ਹੋਈ ਸਾਹਸ ਸੂਰਬੀਰਤਾ, ਨਿਆਂ, ਸਮਾਨਤਾ, ਭਰਾਤਰੀ ਭਾਵ ਤੇ ਵਿਸ਼ਵ ਭਾਈਚਾਰੇ ਦਾ ਪ੍ਰਬੰਧ ਸਿਰਜਦੀ ਹੈ ਇਹ ਵਿਚਾਰਧਾਰਾ ਅੱਜ ਦੇ ਸਮਾਜ ਦੀ ਪਿਆਰ ਸ਼ਾਂਤੀ ਤੇ ਸਹਿਹੋਂਦ ਦੇ ਆਦਰਸ਼ ਪ੍ਰਦਾਨ ਕਰਦੀ ਹੈ।

ਖੋਜ ਕਾਰਜ ਦਾ ਚੌਥਾ ਅਧਿਆਇ ਸਿੱਖ ਸ਼ਹਾਦਤ ਪਰੰਪਰਾ ਵਿਕਾਸ ਰੁਖ ਨੂੰ ਵਿਚਾਰ ਅਧੀਨ ਲਿਆਂਦਾ ਗਿਆ ਹੈ। ਇਸ ਅਧਿਆਇ ਵਿਚਲੀ ਖੋਜ ਨੂੰ ਸਾਡਾ ਮਕਸਦ ਗੁਰੂ ਕਾਲ ਤੋ ਲੈ ਕੇ ਉੱਤਰ ਬੰਦਾ ਸਿੰਘ ਬਹਾਦਰ ਵਿਚ ਹੋਈਆਂ ਸ਼ਹਾਦਤਾਂ ਰਾਹੀਂ ਸਿੱਖ ਗੁਰੂ ਸਾਹਿਬਾਨ, ਸਿੱਖ ਬੀਬੀਆਂ ਤੇ ਉਹਨਾਂ ਦੇ ਮਾਸੂਮ ਬੱਚਿਆਂ ਦੀਆਂ ਸ਼ਹਾਦਤਾਂ ਤੇ ਆਦਰਸ਼ ਨੂੰ ਪੁਨਰ ਸੁਰਜੀਤ ਕੀਤੇ ਜਾਣ ਤੋਂ ਹੈ। ਗੁਰੂ ਕਾਲ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ

ਬਹਾਦਰ ਜੀ ਸ਼ਹਾਦਤ ਭਾਰਤੀ ਅਤੇ ਵਿਸ਼ਵ ਸਮਾਜ ਵਿਚ ਅਜਿਹੀ ਸ਼ਹਾਦਤ ਹੈ ਜਿਸ ਰਾਹੀਂ ਪੂਰੇ ਵਿਸ਼ਵ ਨੂੰ ਇਹ ਸੁਨੇਹਾ ਮਿਲਦਾ ਹੈ ਕਿ ਕਿਸੇ ਕੌਮ ਦੇ ਅਕੀਦਿਆਂ, ਅਸੂਲਾਂ ਤੇ ਦ੍ਰਿੜ ਵਿਸ਼ਵਾਸਾਂ ਨੂੰ ਜਬਰ ਜ਼ੁਲਮ ਨਾਲ ਨਹੀਂ ਮਿਟਾਇਆ ਜਾ ਸਕਦਾ ਹੈ। ਇਹਨਾਂ ਸ਼ਹਾਦਤਾਂ ਦਾ ਅਗਲਾ ਦੌਰ ਬੰਦਾ ਸਿੰਘ ਬਹਾਦਰ ਕਾਲ ਤੋਂ ਹੈ ਜਿਸ ਵਿਚ ਬੰਦਾ ਸਿੰਘ ਬਹਾਦਰ ਅਤੇ ਉਸਦੇ ਪੁੱਤਰ ਅਜੇ ਸਿੰਘ ਤੇ ਹੋਰ ਅਣਗਿਣਤ ਸਿੰਘ ਸ਼ਹੀਦਾਂ ਨੇ ਆਪਣੇ ਸਿਰਾਂ ਦੇ ਮੁੱਲ ਪਾ ਪੰਜਾਬ ਦੀ ਧਰਤੀ ਨੂੰ ਕਿਸੇ ਦੇ ਅਧੀਨ ਨਹੀਂ ਹੋਣ ਦਿੱਤਾ। ਉਤਰ ਬੰਦਾ ਸਿੰਘ ਬਹਾਦਰ ਕਾਲ ਵਿਚ ਮੁਗ਼ਲਾਂ ਤੇ ਅਫਗਾਨਾ ਵਲੋਂ ਸਿੰਘਾਂ ਤੇ ਅਣਗਿਣਤ ਅੱਤਿਆਚਾਰ ਕੀਤੇ ਗਏ ਪਰ ਸਿੱਖ ਕੌਮ ਨੇ ਅੱਤਿਆਚਾਰ ਝਲਦੇ ਹੋਏ ਆਪਣੀ ਕੌਮ ਦੇਸ਼ ਅਤੇ ਧਰਮ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ।

ਖੋਜ ਕਾਰਜ ਦਾ ਪੰਜਵਾਂ ਅਧਿਆਇ 'ਵਿਸ਼ਵੀ ਪਰਿਪੇਖ ਵਿਚ ਸਿੱਖ ਸ਼ਹਾਦਤ ਪਰੰਪਰਾ ਦੇ ਯੋਗਦਾਨ' ਰਾਹੀਂ ਇਸ ਸਿੱਟੇ ਤੇ ਪਹੁੰਚਿਆ ਗਿਆ ਹੈ ਕਿ ਸਿੱਖ ਸ਼ਹਾਦਤ ਪਰੰਪਰਾ ਨੇ ਵਿਸ਼ਵ ਸਮਾਜ ਨੂੰ ਰਾਜਨੀਤਿਕ ਪੱਧਰ ਤੇ ਲੋਕਹਿਤ ਵਾਲੀ, ਸਵਾਰਥ ਰਹਿਤ, ਨਿਆਂ ਭਰਪੂਰ ਤੇ ਉੱਚ ਮਾਨਵੀ ਮੁੱਲਾਂ ਵਾਲੀ ਰਾਜਨੀਤੀ ਦਾ ਆਦਰਸ਼ ਪ੍ਰਦਾਨ ਕੀਤਾ ਹੈ ਜੋ ਅਜਿਹੀ ਰਾਜਨੀਤੀ ਦਾ ਮਾਡਲ ਹੈ ਜਿਸ ਨੂੰ ਅਪਣਾ ਕੇ ਵਿਸ਼ਵ ਮਨੁੱਖਤਾ ਸੰਭਾਵਨਾਵਾਂ ਭਰਪੂਰ ਜ਼ਿੰਦਗੀ ਜਿਊਣ ਲਈ ਪ੍ਰਤਿਬੱਧ ਹੋ ਸਕਦੀ ਹੈ। ਸਮਾਜਿਕ ਤੌਰ ਤੇ ਅਜਿਹੇ ਸਮਾਜ ਦੀ ਸਥਾਪਨਾ ਹੈ ਜਿਸ ਵਿਚ ਸਮਾਜ ਦਾ ਧੁਰਾ ਔਰਤ ਨੂੰ ਸਨਮਾਨਯੋਗ ਸਥਾਨ ਦਿੰਦਿਆਂ ਗ੍ਰਹਿਸਤ ਜੀਵਨ, ਦਲਿਤ ਚੇਤਨਾ, ਲਿੰਗ ਬਰਾਬਰਤਾ ਦੀ ਚੇਤਨਾ ਅਤੇ ਸਮਾਜਿਕ ਨੈਤਿਕਤਾ ਦੇ ਆਦਰਸ਼ਾਂ ਰਾਹੀਂ ਸਮਾਜ ਨੂੰ ਸੰਭਾਵਨਾਵਾਂ ਭਰਪੂਰ ਬਣਾਇਆ ਹੈ। ਧਾਰਮਿਕ ਤੌਰ ਤੇ ਇਕ ਪਰਮਾਤਮਾ ਦਾ ਸੰਕਲਪ ਸਾਰੀ ਸ੍ਰਿਸ਼ਟੀ ਦੇ ਕਰਤਾ ਵਜੋਂ ਪੇਸ਼ ਕਰਦਿਆਂ ਸਾਰੀਆਂ ਵਿੱਥਾਂ, ਨਫ਼ਰਤਾਂ ਤੇ ਪਾੜਿਆਂ ਨੂੰ ਮੇਟਣ ਦਾ ਯਤਨ ਕੀਤਾ ਗਿਆ ਹੈ। ਵਿਸ਼ਵੀ ਮਨੁੱਖਤਾ ਉਸ ਇਕ ਪਰਮਾਤਮਾ ਦੁਆਰਾ ਸਿਰਜੀ ਗਈ ਹੈ ਅਤੇ ਮਨੁੱਖਾਂ ਵਿਚ ਵੰਡੀਆਂ ਨਾ ਪਾਉਣ ਬਾਰੇ ਪ੍ਰੇਰਨਾ ਵੀ ਦਿੱਤੀ ਹੈ। ਸਮੁੱਚੇ ਰੂਪ ਨਾਲ ਕਹਿ ਸਕਦੇ ਹਾਂ ਕਿ ਸ਼ਹਾਦਤ ਜਾਗ੍ਰਿਤ ਸਵੈ ਦੁਆਰਾ ਨਿਆਂ

ਅਤੇ ਮਾਨਵੀ ਸੁਤੰਤਰਤਾ ਦੇ ਮੁੱਲਾਂ ਦੀ ਸਥਾਪਤੀ ਲਈ ਕੀਤਾ ਗਿਆ ਨਿਸ਼ਕਾਮ ਕਰਮ ਹੁੰਦਾ ਹੈ ਜਿਸ ਨਾਲ ਕਿਸੇ ਲੋਕ ਸਮੂਹ ਦੇ ਵਿਕਾਸ ਨੂੰ ਸੰਕਟ ਸਮੇਂ ਜੀਵਨ ਦੀਆਂ ਨਵੀਆਂ ਸੰਭਾਵਨਾਵਾਂ ਦੀ ਆਸ ਪ੍ਰਾਪਤ ਹੁੰਦੀ ਹੈ। ਸ਼ਹੀਦ ਸਿੱਖ ਧਰਮ ਅਨੁਸਾਰ ਆਤਮਿਕ ਤੌਰ ਤੇ ਚੇਤੰਨ ਹੋਣ ਦਾ ਸਬੂਤ ਦਿੰਦਾ ਹੋਇਆ ਆਪਣੇ ਸਮਾਜਿਕ ਕਾਰਜਾਂ ਨੂੰ ਪੂਰੇ ਸਮਰਪਣ ਨਾਲ ਨਿਭਾਉਂਦਾ ਹੈ। ਸ਼ਹਾਦਤ ਉਸ ਦੀ ਇਸ ਚੇਤਨਤਾ ਦੀ ਗਵਾਹੀ ਬਣਦੀ ਹੈ।

# ਪੁਸਤਕ ਸੂਚੀ


## ਧਰਮ ਗ੍ਰੰਥ / ਸੰਦਰਭ ਗ੍ਰੰਥ

| | |
|---|---|
| ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ | ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ |
| ਰਮਜ਼ਾਨ ਸਈਦ (ਅਨੁ) ਕੁਰਾਨ ਮਜੀਦ | ਅਨੁਵਾਦਤ ਤੇ ਸੰਖੇਪ ਟੀਕਾ ਸਾਹਿਤ, ਮਲੇਰਕੋਟਲਾ, ਪੰਜਾਬੀ ਇਸਲਾਮਿਕ ਪਬਲੀਕੇਸ਼ਨ, 1998 |
| ਭੰਗੂ ਰਤਨ ਸਿੰਘ | ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ (ਸੰਪਾ.) ਡਾ. ਜੀਤ ਸਿੰਘ ਸੀਤਲ, ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2005 |
| ਬਾਈਬਲ | ਪਵਿੱਤਰ ਬਾਈਬਲ, ਪੰਜਾਬੀ ਅਨੁਵਾਦ, ਬੰਗਲੌਰ ਬਾਈਬਲ ਸੋਸਾਇਟੀ ਆਫ ਇੰਡੀਆ, ਮਿਤੀਹੀਣ |

## ਪੁਸਤਕਾਂ

| | |
|---|---|
| ਉੱਪਲ, ਸਵਿੰਦਰ ਸਿੰਘ | **ਸੱਧ ਧਰਮ ਦਾ ਲਾਸਾਨੀਪਨ**, ਨੈਸ਼ਨਲ ਬੁੱਕ ਸ਼ਾਪ, ਨਵੀਂ ਦਿੱਲੀ, 2002 |
| ਉੱਭਾ, ਧਰਮਿੰਦਰ ਸਿੰਘ | **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਾਨਵੀ ਸਰੋਕਾਰ GSSDGS ਕਾਲਜ, ਪਟਿਆਲਾ, 2010 |
| ਅਮਰਜੀਤ ਸਿੰਘ (ਡਾ.) | **ਸ੍ਰੀ ਗੁਰੂ ਗ੍ਰੰਥ ਸਾਹਿਬ, ਬਾਣੀ ਬਿਊਰਾ ਤੇ ਅਦਬ ਸਤਿਕਾਰ,** |

| | |
|---|---|
| | ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ (ਪਹਿਲੀ ਐਡੀਸ਼ਨ), ਮਈ 2014 |
| ਅਮਨਜੋਤ ਕੌਰ | **ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਚੀਨ ਤੇ ਆਧੁਨਿਕ ਪ੍ਰਸੰਗਿਕਤਾ**, ਅਮਰਜੀਤ ਸਾਹਿਬ ਪ੍ਰਕਾਸ਼ਨ, ਪਟਿਆਲਾ, 2005 |
| ਅਵਤਾਰ ਸਿੰਘ | **ਆਦਿ ਗ੍ਰੰਥ ਦੇ ਗੁਰੂ ਕਾਵਿ ਦਾ ਸਮਾਜਿਕ ਪੱਖ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1980 |
| ਆਹਲੂਵਾਲੀਆ, ਜਸਬੀਰ ਸਿੰਘ | **ਸਿੱਖੀ ਫਲਸਫੇ ਦੀ ਭੂਮਿਕਾ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2017 |
| ਅਮੋਲ, ਐਸ.ਐਸ | **ਧਰਮਾਂ ਦੀ ਮੁੱਢਲੀ ਜਾਣਕਾਰੀ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999 |
| ਅਸ਼ੋਕ ਸ਼ਮਸ਼ੇਰ ਸਿੰਘ (ਸੰਪਾ.) | ਕੁਇਰ ਸਿੰਘ, **ਗੁਰਬਿਲਾਸ ਪਾਤਸ਼ਾਹੀ 10**, ਸੰਪਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988 |
| ਸਰਬਜਿੰਦਰ ਸਿੰਘ (ਡਾ.) | **ਵਿਸ਼ਵ ਧਰਮ ਬਾਨੀ ਗ੍ਰੰਥ ਸੰਪ੍ਰਦਾਇ ਅਤੇ ਚਿੰਤਕ**, ਭਾਗ ਪਹਿਲਾ, ਪਬਲੀਕੇਸ਼ਨ ਬਿਊਰੋ, ਪਟਿਆਲਾ, 2008 |
| ਉਹੀ | **ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਇਕੀਵੀਂ ਸਦੀ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006 |
| ਉਹੀ | **ਮਰਣੁ ਕਬੂਲਿ**, ਸਿੱਖ ਫਾਊਂਡੇਸ਼ਨ, ਲਾਜਪਤ ਨਗਰ, ਨਵੀਂ ਦਿੱਲੀ, 2004 |
| ਸਾਬਰ, ਜਸਬੀਰ ਸਿੰਘ (ਸੰਪਾ. ਡਾ.) | **ਸੱਖ ਧਰਮ ਅਧਿਐਨ** (**ਮੁੱਢਲੀ ਜਾਣਕਾਰੀ**), 2010 |
| ਸਾਗੂ, ਹਰਬੰਸ ਸਿੰਘ | **ਸਿੱਖ ਇਤਿਹਾਸ ਅਤੇ ਵਿਚਾਰਧਾਰਾ**, ਭਾਗ ਪਹਿਲਾ, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 2010 (ਮਨਪ੍ਰੀਤ ਪ੍ਰਕਾਸ਼ਨ, ਦਿਲੀ, 2010 |
| ਸੀਤਲ, ਸੋਹਣ ਸਿੰਘ | **ਬੰਦਾ ਸਿੰਘ ਸ਼ਹੀਦ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2011 |
| ਸੁਖਦਿਆਲ ਸਿੰਘ (ਡਾ.) | **ਸ੍ਰੋਮਣੀ ਸਿੱਖ ਇਤਿਹਾਸ** (1460-1708), ਸੰਗਮ ਪਬਲੀਕੇਸ਼ਨ, ਸਮਾਣਾ, 2014 |

ਉਹੀ **ਪੰਜਾਬ ਦਾ ਇਤਿਹਾਸ** (ਗੁਰੂਕਾਲ 1469-1708), ਜਿਲਦ ਪੰਜਵੀਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

ਉਹੀ **ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਤੇ ਯਾਤਰਾਵਾਂ**, ਸੰਗਮ ਪਬਲੀਕੇਸ਼ਨ ਬਿਊਰੋ, ਸਮਾਣਾ, 2014

ਸ਼ਮਸ਼ੇਰ ਸਿੰਘ **ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਸ਼ਰਮਾ, ਮੋਹਨ ਲਾਲ (ਅਨੁ.) **ਮਨੂੰ ਸਿਮਰਤੀ**, ਭਾਸ਼ਾ ਵਿਗਿਆਨ, ਪਟਿਆਲਾ, 1989

ਸਤਿਬੀਰ ਸਿੰਘ **ਸਾਡਾ ਇਤਿਹਾਸ, ਬਾਬਾ ਬੰਦਾ ਸਿੰਘ ਸ਼ਹੀਦੀਆਂ ਤੇ ਘੱਲੂਘਾਰੇ**, ਸਰਤਾਜ ਪ੍ਰੈਸ, ਜੋਸ਼ੀ ਅਸਟੇਟ, ਜਲੰਧਰ, 2010

ਸਤਿੰਦਰ ਸਿੰਘ (ਸੰਪਾ.) (ਡਾ.) **ਤੁਲਨਾਤਮਕ ਭਾਰਤੀ ਸਾਹਿਤ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990

ਸ਼ੇਰ ਸਿੰਘ (ਪ੍ਰੋ.) ਗੁਰਮਿਤ ਦਰਸ਼ਨ, **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ**, ਸ੍ਰੀ ਅੰਮ੍ਰਿਤਸਰ ਸਾਹਿਬ, 1998

ਹਰਜਿੰਦਰ ਸਿੰਘ (ਡਾ.) **ਗੁਰੂ ਦੇ ਸ਼ੇਰ**, ਭਾਈ ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 2011

ਹਰਿਭਜਨ ਸਿੰਘ (ਡਾ.) **ਸਾਹਿਤ ਸ਼ਾਸਤਰ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002

ਉਹੀ **ਧਰਮ ਤੇ ਧਾਰਮਿਕ ਕਾਵਿ**, ਨੈਸ਼ਨਲ ਬੁੱਕ ਸ਼ਾਪ, ਦਿਲੀ, 1991

ਕਰਮ ਸਿੰਘ ਹਿਸੋਟਰੀਅਨ (ਸੰਪਾ.) **ਬੰਦਾ ਬਹਾਦਰ**, ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ, 1907

ਕਾਂਗ, ਜਸਪਾਲ ਕੌਰ, ਬਲਜੀਤ ਕੌਰ **ਬਾਣੀ-ਸੰਵੇਦਨਾ**, ਨਾਨਕ ਸਿੰਘ, ਪੁਸਤਕਮਾਲਾ, ਅੰਮ੍ਰਿਤਸਰ, 1995

ਉਹੀ **ਬਾਣੀ ਰਹੱਸ**, ਨਾਨਕ ਸਿੰਘ ਪੁਸਤਕਾਲਾ, ਅੰਮ੍ਰਿਤਸਰ, 2010

ਉਹੀ **ਮੱਧਕਾਲੀ ਸਾਹਿਤ ਚਿੰਤਨ**, ਨਾਨਕ ਸਿੰਘ ਪੁਸਤਕਮਾਲਾ, ਅੰਮਿਤਸਰ, 2001

ਉਹੀ, (ਸੰਪਾ.) **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਭਾਰਤੀ ਸਮਾਜ ਤੇ ਸਭਿਆਚਾਰ ਨੂੰ ਯੋਗਦਾਨ**, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2000

ਕੰਗ, ਗੁਲਜ਼ਾਰ ਸਿੰਘ (ਡਾ.) **ਸ਼ਬਦ ਦਾ ਸੰਕਲਪ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005

ਗਿਆਨੀ, ਕਿਰਪਾਲ ਸਿੰਘ (ਸੰਪਾ.) **ਸ੍ਰੀ ਗੁਰੂ ਪੰਥ ਪ੍ਰਕਾਸ਼**, 3 ਜ਼ਿਲਦਾਂ ਸ੍ਰੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮਿਤਸਰ, 1977

ਗਿਆਨੀ, ਚੰਦ ਜੈਨ (ਡਾ.) **ਭਗਤ ਬਾਣੀ ਦਾ ਸਮਾਜਿਕ ਅਧਿਐਨ**, 2015

ਗਿਆਨੀ, ਤਿਲੋਕ ਸਿੰਘ **ਗੁਰਦਾਸ ਨੰਗਲ ਦੇ ਸ਼ਹੀਦ**, 2013

ਗੁਰਚਰਨ ਸਿੰਘ (ਡਾ.) **ਸਹੀਦੀ ਗਥਾਵਾਂ**, ਭਾਈ ਚਤਰ ਸਿੰਘ ਜਵੀਨ, ਅੰਮ੍ਰਿਤਸਰ, 2012

ਗੁਰਨਾਮ ਕੌਰ, (ਡਾ.) **ਗੁਰੂ ਖਾਲਸਾ ਪੰਥ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਾਲਾ, 2000

ਗੁਰਸ਼ਰਨਜੀਤ ਸਿੰਘ **ਗੁਰੂ ਨਾਨਕ ਬਾਣੀ ਦਾ ਸਮਾਜ, ਸ਼ਾਸਤਰੀ ਪਰਿਪੇਖ**, ਸਿੰਘ ਬੁਦਰਜ, ਅੰਮ੍ਰਿਤਸਰ, 1998

ਗੁਰਮੀਤ ਸਿੰਘ **ਸਿਖੀ ਅਤੇ ਸਿਖਾਂ ਦਾ ਭਵਿੱਖ**, ਸਿੰਘ ਬੁਦਰਜ, ਅੰਮ੍ਰਿਤਸਰ, 2015

ਗੰਗਾ ਸਿੰਘ (ਪ੍ਰਿੰਸੀਪਲ) **ਸਿੱਖ ਧਰਮ ਫਿਲਾਸਫੀ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2013

ਗੰਡਾ ਸਿੰਘ (ਡਾ.) **ਸਿੱਖ ਇਤਿਹਾਸ ਬਾਰੇ**, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2018 !

ਉਹੀ **ਬੰਦਾ ਸਿੰਘ ਬਹਾਦਰ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016

ਚਾਂਦਲਾ, ਐਮ.ਐਸ., ਪਰਮਜੀਤ ਸਿੰਘ ਸ਼ਾਹੀ (ਅਨੁ.) — **ਬੰਦਾ ਬਹਾਦਰ**, ਲੋਕਗੀਤ ਪ੍ਰਕਾਸ਼ਨ, 2015

ਛਿੱਬਰ, ਕੇਸਰ ਸਿੰਘ — **ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ** (ਸੰਪਾ.) ਰਤਨ ਸਿੰਘ ਜੱਗੀ, ਪਰਖ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972

ਜਸਪਾਲ ਸਿੰਘ — **ਸਿੱਖ ਵਿਰਾਸਤ, ਸਿਧਾਂਤ ਤੇ ਵਿਹਾਰ**, ਨਵਯੁੱਗ ਪਬਲੀਕੇਸ਼ਨ, ਨਵੀਂ ਦਿੱਲੀ, 2010

ਉਹੀ — **ਸਿੱਖ ਧਰਮ ਤੇ ਰਾਜਨੀਤੀ**, ਨਵ ਯੁੱਗ ਪਬਲੀਕੇਸ਼ਨ, ਨਵੀਂ ਦਿੱਲੀ, 2009

ਉਹੀ — **ਰਾਜ ਦਾ ਸਿੱਖ ਸੰਕਲਪ**, ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ, 2009

ਉਹੀ — **ਸ੍ਰੀ ਗੁਰੂ ਗ੍ਰੰਥ ਸਾਹਿਬ ਸਦੀਵੀ ਪ੍ਰੇਰਣਾ ਸਰੋਤ**, ਪੰਜਾਬੀ ਅਕਾਦਮੀ, ਦਿੱਲੀ, 2006

ਜਗਜੀਤ ਸਿੰਘ (ਡਾ.) — **ਜਾਤ ਪਾਤ ਅਤੇ ਸਿੱਖ**, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1986

ਉਹੀ — **ਸਿੱਖ ਇਨਕਲਾਬ**, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

ਜਸਬੀਰ ਸਿੰਘ (ਡਾ.) — **ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1973

ਉਹੀ — **ਗੁਰਬਾਣੀ ਵਿਸ਼ਵ-ਦ੍ਰਿਸ਼ਟੀ ਤੇ ਵਿਚਾਰਧਾਰਾ**, ਵੈਲਵਿਸ਼ ਪਬਲਿਸ਼ਰਜ਼, ਨਵੀਂ ਦਿਲੀ, 1997

ਉਹੀ — **ਮਾਨਵ-ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ**, ਗੁਰੂ ਗ੍ਰੰਥ ਸਾਹਿਬ, ਗੁਰੂ ਨਾਨਕ ਦੇਵ ਯੂਨੀਵਰਸਿਟੀ, 2006

ਉਹੀ — **ਜਾਤ-ਪਾਤ ਤੇ ਸਿੱਖ**, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1986

ਉਹੀ — **ਗੁਰਮਤਿ ਕਾਵਿਃ ਸਿਧਾਂਤ ਤੇ ਵਿਹਾਰ**, ਚੇਤਨਾ ਪ੍ਰਕਾਸ਼ਨ,

ਲੁਧਿਆਣਾ, 2011

ਜਗੀਰ ਸਿੰਘ, ਜਗਤਾਰ (ਸੰਪਾ.) **ਗੁਰੂ ਨਾਨਕ:ਇੱਕ ਵਿਸ਼ਵ ਕੋਸ਼** ਮੁਹਾਂਦਰਾ ਪ੍ਰਕਾਸ਼ਨ, ਬਰਨਾਲਾ, 1970

ਜੋਧ ਸਿੰਘ **ਗੁਰੂ ਨਾਨਕ ਅਤੇ ਭਾਰਤੀ ਦਰਸ਼ਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982

ਉਹੀ **ਸਿੱਖ ਸਿਧਾਂਤ ਸਰੂਪ ਤੇ ਸਮਰੱਥਾ**, ਸਿੰਘ ਬ੍ਰਦਰਜ਼, ਅੰਮ੍ਰਿਤਸਰ

ਜੱਗੀ, ਰਤਨ ਸਿੰਘ (ਡਾ.) **ਇਤਿਹਾਸ ਗੁਰੂ ਗ੍ਰੰਥ ਸਾਹਿਬ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008

ਤਲਵਾੜਾ, ਗੁਰਚਰਨ ਸਿੰਘ (ਡਾ.) **ਇਸਲਾਮ ਤੇ ਸੂਫੀਵਾਦ ਸਿਧਾਂਤ ਇਤਿਹਾਸ ਅਤੇ ਬੁਨਿਆਦੀ ਸੰਕਲਪ**, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2012

ਤਾਰਨ ਸਿੰਘ **ਗੁਰੂ ਗੋਬਿੰਦ ਸਿੰਘ**, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, 1976

ਉਹੀ **ਸਿੱਖ ਸਿੱਖੀ ਅਤੇ ਸਿਧਾਂਤ**, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2012

ਤਾਲਿਬ, ਗੁਰਚਰਨ ਸਿੰਘ (ਪ੍ਰੋ.) (ਸੰਪਾ.) **ਧਰਮ ਦੀ ਉਤਪਤੀ ਤੇ ਵਿਕਾਸ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007

ਤੇਜਾ ਸਿੰਘ (ਪ੍ਰਿੰ.) **ਸਿੱਖ ਸੱਭਿਆਚਾਰ ਤੇ ਹੋਰ ਧਾਰਮਿਕ ਲੇਖ**, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2010

ਉਹੀ **ਸਿੱਖ ਧਰਮ ਅਤੇ ਭਾਰਤ ਦੀ ਕੌਮੀ ਏਕਤਾ**, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 2010

ਉਹੀ **ਗੁਰੂ ਨਾਨਕ ਬਾਣੀ ਪ੍ਰਕਾਸ਼**, ਭਾਗ ਪਹਿਲਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਖੋਜ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

ਉਹੀ **ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980

ਉਹੀ ਗੰਡਾ ਸਿੰਘ, **ਸਿੱਖ ਇਤਿਹਾਸ** 1464-1765 (**ਪੰਜਾਬੀ ਅਨੁ.**), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

ਨੂਰ ਸਤਿੰਦਰ ਸਿੰਘ ਅਤੇ ਪ੍ਰੀਤਮ ਸਿੰਘ ਬੱਤਰਾ (ਸੰਪਾ.), **ਦਲਿਤ ਚੇਤਨਾ ਅਤੇ ਸਾਹਿਤ**, ਪੰਜਾਬੀ ਅਕਾਦਮੀ, ਦਿੱਲੀ, 1998

ਭੱਟੀ ਕਰਤਾਰ ਚੰਦ, **ਈਸਾਈ ਧਰਮ ਇਕ ਜਾਣ-ਪਛਾਣ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਪੂਰਨ ਸਿੰਘ **ਜਿਨ ਕੇ ਚੋਲੇ ਰੱਤੜੇ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ

ਪਰਮਵੀਰ ਸਿੰਘ (ਡਾ.) **ਸੱਖ ਅਧਿਐਨ**, ਗਰੇਸ਼ੀਅਸ ਬੁਕਸ, ਪਟਿਆਲਾ, 2●14, ਪਦਮ ਪਿਆਰਾ ਸਿੰਘ, ਸੰਖੇਪ ਸਿੰਘ ਇਤਿਹਾਸ 1467ਈ: 1999 ਈ: ਤੱਕ ਸਿੱਖ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ, 2●14

ਪ੍ਰੀਤਮ ਸਿੰਘ (ਸੰਪਾ.) **ਸਿੱਖ ਫਲਸਫੇ ਦੀ ਰੂਪ-ਰੇਖਾ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਪਟਿਆਲਾ, 2●●1

ਉਹੀ **ਸਿੱਖ ਵਿਚਾਰਧਾਰਾ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ? 2●●3

ਫੌਜਾ ਸਿੰਘ (ਸੰਪਾ.) **ਪੰਜਾਬ ਦਾ ਇਤਿਹਾਸ** 1●●●-1526, ਜ਼ਿਲਦ ਤੀਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

ਉਹੀ, ਤਾਰਨ ਸਿੰਘ **ਗੁਰੂ ਤੇਗ ਬਹਾਦਰ**, ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976

ਬਖਤਾਵਰ ਸਿੰਘ **ਵਰਤਮਾਨ ਯੁੱਗ ਦੇ ਮਨੁੱਖ ਦੀਆਂ ਸਮੱਸਿਆਵਾਂ ਦਾ ਹੱਲ**, ਸ੍ਰੀ ਅੰਮ੍ਰਿਤਸਰ ਆਲ ਇੰਡੀਆ ਪਿੰਗਲਵਾੜਾ ਸੋਸਾਇਟੀ, 2●15

ਬਲਕਾਰ ਸਿੰਘ **ਗੁਰਮਤਿ ਵਿਵੇਚਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਬ੍ਰਹਮ ਜਗਦੀਸ਼ ਸਿੰਘ (ਪ੍ਰੋ.) ਗੁਰਮਤਿ ਕਾਵਿ, **ਇਤਿਹਾਸਕ ਵਿਚਾਰਧਾਰਕ ਪਰਿਪੇਖ**, ਵਾਰਿਸ਼ ਸ਼ਾਹ ਫਾਊਂਡੇਸ਼ਨ, 2●11

ਬਾਜਵਾ, ਬਲਤੇਜ ਸਿੰਘ, ਗੁਰਦੀਸ਼ ਕੌਰ (ਡਾ.) **ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਤੇ ਵਿਚਾਰਧਾਰਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010

ਬੇਅੰਤ ਕੌਰ (ਡਾ.) **ਸਿੱਖ ਧਰਮ ਸ਼ਾਸਤਰ ਦਾ ਤੱਤ ਸਾਰ (ਉਤਰ ਆਧੁਨਿਕ ਪਰਿਪੇਖ)**, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2010

ਬੇਦੀ, ਗੁਰਨਾਮ ਕੌਰ **ਜਪੁਜੀ: ਸਚਿਆਰ ਸੰਕਲਪ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ, ਮਾਡਲ ਟਾਊਨ, ਲੁਧਿਆਣਾ, 1988

ਮਨਮੋਹਨ ਸਿੰਘ **ਧਰਮ ਦਾ ਵਿਕਾਸ ਤੇ ਗੁਰਮਤਿ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994

ਮਹਿਬੂਬ, ਹਰਿੰਦਰ ਸਿੰਘ **ਸਹਿਜੇ ਰਚਿਓ ਖਾਲਸਾ**, ਅਸ਼ੋਕ ਬੁੱਕ ਡਿਪੂ ਕਮੇਟੀ, ਅੰਮ੍ਰਿਤਸਰ, 1998

ਮਹਿੰਦਰ ਸਿੰਘ **ਸਿੱਖ ਸੰਸਕਾਰ ਅਤੇ ਮਰਯਾਦਾ**, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 2008

ਮੱਟੂ, ਭੁਪਿੰਦਰ ਸਿੰਘ (ਡਾ.) **ਇਤਿਹਾਸ ਵਿੱਚ ਮਜ਼੍ਹਬੀ ਸਿੱਖ (ਆਦਿ ਕਾਲ ਤੋਂ 1947)**, ਕਸਤੂਰੀ ਲਾਲ ਐਂਡ ਸੰਨਜ, ਹਾਲ ਬਜ਼ਾਰ, ਅੰਮ੍ਰਿਤਸਰ, 2018

ਰਾਏ, ਜਸਬੀਰ ਸਿੰਘ (ਸੰਪਾ.) **ਗੁਰੂ ਨਾਨਕ ਬਾਣੀ ਤੇ ਵਿਚਾਰਧਾਰਾ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1999

ਉਹੀ **ਗੁਰੂ ਨਾਨਕ ਬਾਣੀ ਦਾ ਵਿਸ਼ਵ ਵਿਆਪੀ ਨਜ਼ਰੀਆ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998

**ENGLISH BOOKS**

Amarjit Singh Sethi, **Universal Sikhism**, Hem Kunt Press, New Delhi, 1972

Amrik Singh, **The Teaching of Sikhism**, The religion of True Discipline of God, 1951

Ahluwalia, J.S., **The Doctrine and Dynamic of Sikhism**, Punjabi University, Patiala, 1999

........ **Sikhism and 21st Century**, GNDU Amritsar, 1997

........ **Librating Sikhism from the Sikhs**, Unistar Chandigarh, 2004

Avtar Singh (Dr.), **Ethics of the Sikhs**, Punjabi University, Patiala, 2009

Bharti Acharya, Narenda Nath, **A glossory of Indian Religion Terms and Concept**, Manohar Publication, New Delhi, 1990

Daljit Singh, **Sikhism, Sterling Publisher**, New Delhi, 1975

Dharam Singh (Dr.), **Guru Granth Sahib among the Scripture of the World**, Patiala Publication Bureau, Punjabi University, 2004.

Dharam Singh (Dr.), **Understanding Sikhism**, Singh Brother, Amritsar, 2012

Harbans Singh, Joshi Lal, **An Introduction to Indian Religion Publication Bureau**, Punjabi University, Patiala, 1996.

Ravinder, G.B. Singh, **Indian Philosophical Tradition and Guru Nanak**, Punjabi Publication Hunter, Patiala, 1982

**Encyclopedia / Dictionaries**

The Macmillan Company & The Free Press, Educational Book Agency, Delhi, India, 1959.

David, L. Sills, International Encyclopedia of Social Science

Friendman, Enanuel (edition-inc-chief), Merit Students Encyclopedia, Vol. 8, 11, 17, Macmillan Education Corporation, New York, 1979

Ruralnic, David B., Webster's New Dictionary, Amerind Publishing Co., Pvt. New Delhi, 1970

Hastings, James (ed.), Encyclopedia of Region and Ethics, Vo. 7 & 11, T & T Clarlla, 38, George Street, New York, Second Edition, 1925

Huges, Thomas Patrick, Dictionary of Islam, Casmo Publication, Delhi, 1977

Yust Walter (Editor), Encyclopedia at Britannica, Vol. 11, 12, Encyclopedia Britannica Ltd., London, 1978

**ਸਦੰਰਭ ਕੋਸ਼**

ਗੁਰਚਰਨ ਸਿੰਘ (ਡਾ., ਸੰਪਾ.), ਸ੍ਰੀ ਗੁਰੂ ਗ੍ਰੰਥ ਕੋਸ਼, ਜ਼ਿਲਦ I ਤੇ II, ਪਬਲੀਕੇਸ਼ਨ, ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2●●2

ਜਗੀ, ਰਤਨ ਸਿੰਘ (ਡਾ.), ਸਿੱਖ ਪੰਥ ਵਿਸ਼ਵ ਕੋਸ਼, ਭਾਗ I ਤੇ II, ਗੁਰਰਤਨ ਪਬਲਿਸ਼ਰਜ਼, ਪਟਿਆਲਾ, 2●●5

ਉਹੀ, ਗੁਰੂ ਗ੍ਰੰਥ ਵਿਸ਼ਵ ਕੋਸ਼, ਭਾਗ II, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2●●2

ਨਾਭਾ, ਭਾਈ ਕਾਨ੍ਹ ਸਿੰਘ, ਗੁਰੂ ਸ਼ਬਦ ਰਤਨਾਕਰ, ਮਹਾਨ ਕੋਸ਼, ਭਾਸ਼ਾ ਵਿਭਾਗ, ਪਟਿਆਲਾ, 1981

4. **ਖੋਜ ਪੱਤ੍ਰਿਕਾਵਾਂ**

Punjab Journal of Sikh Studies, Panjab University, Chandigarh, Vol. 11, 2011, 13

Studies in Sikhism and Comparative Religion, Guru Nanak Foundation, Vol. XXX, VII, Number I, June December, 2016, New Delhi

ਗੁਰਮਤਿ ਪ੍ਰਕਾਸ਼ ਪ੍ਰੱਤਿਕਾ (ਮਾਸਿਕ), ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ

ਖੋਜ ਪੱਤ੍ਰਿਕਾ (ਗੁਰਮਤਿ ਕਾਵਿ ਅੰਕ) ਅੰਕ 28, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ1985

ਨਾਨਕ ਪ੍ਰਕਾਸ਼ ਪੱਤ੍ਰਿਕਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਅਧਿਐਨ ਵਿਭਾਗ, ਧਰਮ ਚਿੰਤਕ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ, 2●●7, ਅੰਕ 2, 3, 2●15

ਸ਼ਬਦ ਬੂੰਦ (ਬਾਬਾ ਬੰਦਾ ਸਿੰਘ ਬਹਾਦਰ ਅੰਕ), ਪੰਜਾਬੀ ਸਾਹਿਤ ਅਕੈਡਮੀ, ਹਰਿਆਣਾ, ਜੂਨ 2●●7

ਵਿਸਮਾਦ ਨਾਦ, ਇੰਟਰਨੈਸ਼ਨਲ ਇੰਸਟੀਚਿਊਟ ਆਫ ਗੁਰਮਤਿ ਸਟੱਡੀਜ਼, ਨਵੰਬਰ, 2●●2 ਤੇ ਫਰਬਰੀ, 2●●4

www.vikipeadia.com

# PANJAB UNIVERSITY CHANDIGARH
## STUDENT APPROVAL FORM FOR ELECTRONIC THESIS SUBMISSION

| | |
|---|---|
| Thesis Title | "SIKH SHAHADAT PRAMPRA: SANKALP, VICHARDHARAK ADHAR, ITIHAS ATE VISHAV SAMAJ VICH YOGDAN" |
| Name of the Research Scholar | SURINDER KAUR |
| Supervisor / Co-Supervisors | DR. JASPAL KAUR KAANG<br>DR. R.P.S. JOSH |
| Department/Centre | GURU NANAK SIKH STUDIES, P.U. |

### STUDENT AGREEMENT

1. I represent that my thesis is my original work. Proper attribution has been given to all outside sources. I understand that I am solely responsible for obtaining any needed copyright permissions. I have obtained needed written permission statements(s) from the owner(s) of each third-party copyrighted matter to be included in my work, allowing electronic distribution (if such use is not permitted by the fair use doctrine) which will be submitted to Panjab University Chandigarh.
2. I hereby grant to the university and its agents the irrevocable, non-exclusive, and royalty-free license to archive and make accessible my work in whole or in part in all forms of media, now or hereafter known. I agree that the document mentioned above may be made available for worldwide access.

### REVIEW, APPROVAL AND ACCEPTANCE

The thesis mentioned above has been reviewed and accepted by the student's advisor, on behalf of the program; I/We verify that this is the final, approved version of the student's thesis including all changes required.

It is certified that electronic copy of thesis is the same as submitted in print form and as per the Shodhganga format.

### EMBARGO AGREEMENT (OPTIONAL)

**Kindly tick the appropriate option:**

- [x] No Embargo requested
- [ ] Embargo request for 6 months
- [ ] Embargo request for 1 Year
- [ ] Embargo request for 2 Year

**Please specify the reasons for Embargo:**

- The student is applying for a patent on an invention or procedure documented in the thesis and does not wish to make the contents public until the patent application has been filed.
- The thesis contains sensitive and/or classified information
- Immediate release of the thesis may impact an existing or potential publishing agreement.
- If any other, please specify:-

___

___

*Note: Research scholars are requested to please fill this form and get it signed from their supervisor/co-supervisors and HOD with proper stamp/seal and save the scanned copy of same in the CD (thesis).*

Surinder Kaur
Signature of the Research Scholar

Supervisor Kaur 13/3/20
Name: DR. JASPAL KAUR KAANG

Co-Supervisor
Name: DR. R.P.S. JOSH

Co-Supervisor
Name:

13.3.2020
Head of the Department

Chairperson
Deptt. of Guru Nanak Sikh Studies
Panjab University, Chandigarh.

# ਸਾਰ ਤੇ ਸਥਾਪਨਾਵਾਂ

ਖੋਜ ਕਾਰਜ ਦੇ ਮੂਲ ਵਿਸ਼ੇ ਸਿੱਖ ਸ਼ਹਾਦਤ ਪਰੰਪਰਾ: ਸੰਕਲਪ, ਵਿਚਾਰਧਾਰਕ ਆਧਾਰ, ਇਤਿਹਾਸ ਅਤੇ ਵਿਸ਼ਵ ਸਮਾਜ ਵਿੱਚ ਯੋਗਦਾਨ ਦੇ ਅੰਤਰਗਤ ਖੋਜ ਅਧਿਐਨ ਨੂੰ ਪ੍ਰਸਤੁਤ ਕਰਦਿਆਂ ਇਸ ਵਿਸ਼ੇ ਨਾਲ ਜੁੜੇ ਵਿਭਿੰਨ ਪਹਿਲੂਆਂ ਤੇ ਪਸਾਰਾਂ ਉਪਰ ਗੰਭੀਰ ਚਰਚਾ ਕਰਨ ਉਪਰੰਤ ਇਸ ਸੰਬੰਧੀ ਪ੍ਰਮੁੱਖ ਸਥਾਪਨਾਵਾਂ ਤੇ ਸਿੱਟਿਆਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਇਹਨਾਂ ਸਥਾਪਨਾਵਾਂ ਸੰਬੰਧੀ ਜਾਣਕਾਰੀ ਦੇ ਅਸੀਂ ਪੰਜ ਅਧਿਆਵਾਂ ਵਿੱਚ ਵੰਡਿਆ ਹੈ ਜਿਸ ਦਾ ਸਾਰ ਅਤੇ ਸਿੱਟੇ ਇਸ ਪ੍ਰਕਾਰ ਹਨ:

ਖੋਜ ਕਾਰਜ ਦਾ ਪਹਿਲਾ ਅਧਿਆਇ ਪੂਰਵ ਪ੍ਰਾਪਤ ਖੋਜ ਕਾਰਜ ਦਾ ਸਰਵੇਖਣ, ਵਿਸ਼ਲੇਸ਼ਣ ਅਤੇ ਮੁਲਾਂਕਣ ਨਾਲ ਸੰਬੰਧਿਤ ਹੈ ਜੋ ਇਸ ਵਿਸ਼ੇ ਦੇ ਨਿਕਟ ਅਧਿਐਨ ਸੰਬੰਧੀ ਹੋ ਚੁੱਕੀ ਪੂਰਵ ਖੋਜ ਦੇ ਪ੍ਰਸਤੁਤੀਕਰਣ ਬਾਰੇ ਰੋਸ਼ਨੀ ਪਾਉਂਦਾ ਹੈ। ਇਸ ਅਧਿਆਇ ਵਿੱਚ ਅਸੀਂ ਉਹਨਾਂ ਸਾਰੇ ਖੋਜ ਪ੍ਰਬੰਧਾਂ ਤੇ ਖੋਜ ਪੁਸਤਕਾਂ ਦਾ ਵੇਰਵਾ ਤੇ ਰੀਵਿਊ ਪੇਸ਼ ਕੀਤਾ ਹੈ ਜੋ ਸਾਡੇ ਖੋਜ ਕਾਰਜ ਤੋਂ ਪਹਿਲਾਂ ਇਸ ਵਿਸ਼ੇ ਦੇ ਕਿਸੇ ਵੀ ਪਹਿਲੂ ਨਾਲ ਸੰਬੰਧਿਤ ਖੋਜ ਕਰ ਚੁੱਕੇ ਹਨ। ਸੋ ਇਸ ਅਧਿਆਇ ਵਿੱਚ ਵਿਭਿੰਨ ਯੂਨੀਵਰਸਿਟੀਆਂ ਤੇ ਅਕਾਦਮਿਕ ਅਦਾਰਿਆਂ ਵਿੱਚ ਹੋ ਚੁੱਕੀ ਪੀ-ਐਚ.ਡੀ. ਤੇ ਖੋਜ ਕਾਰਜਾਂ ਦੇ ਵਿਸ਼ਲੇਸ਼ਣ ਨਾਲ ਇਸ ਨਤੀਜੇ ਤੇ ਪਹੁੰਚਿਆ ਗਿਆ ਹੈ ਕਿ ਹੱਥਲਾ ਖੋਜ ਕਾਰਜ ਇਕ ਨਿਵੇਕਲਾ ਵਿਸ਼ਾ ਹੈ ਜਿਸ ਉਤੇ ਪਹਿਲਾਂ ਕੋਈ ਖੋਜ ਕਾਰਜ ਨਹੀਂ ਹੋਇਆ।

ਖੋਜ ਕਾਰਜ ਦਾ ਦੂਸਰਾ ਅਧਿਆਇ ਸ਼ਹਾਦਤ: ਸੰਕਲਪ, ਵਿਆਖਿਆ, ਪਰੰਪਰਾ ਅਤੇ ਤੁਲਨਾਤਮਕ ਪਰਿਪੇਖ' ਵਿਚ ਸ਼ਹਾਦਤ ਸ਼ਬਦ ਦੇ ਮੂਲ ਅਰਥ, ਸੰਕਲਪ ਅਤੇ ਵੱਖ-ਵੱਖ ਧਰਮਾ ਵਿਚ ਸ਼ਹਾਦਤ ਦੇ ਮਿਲਦੇ ਸੰਕਲਪ ਆਦਿ ਬਾਰੇ ਖੋਜ ਮੂਲਕ ਅਧਿਐਨ ਕੀਤਾ ਗਿਆ ਹੈ। ਸ਼ਹੀਦ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ UATPTUP ਵਿਚੋਂ ਨਿਕਲਿਆ ਹੈ ਜਿਸਦਾ ਅਰਥ ਗਵਾਹ ਹੈ। ਸ਼ਹੀਦ ਸ਼ਹਾਦਤ ਦੇਣ ਵਾਲਾ ਗਵਾਹ, ਸਾਖੀ ਅਜਿਹਾ ਕੰਮ ਕਰਨ ਵਾਲਾ

ਜਿਸਦੀ ਲੋਕ ਸਾਖੀ ਭਰਦੇ ਹੋਣ ਧਰਮ ਯੁੱਧ ਵਿਚ ਜਿਸਨੇ ਜੀਵਨ ਅਰਪਿਆ ਹੋਵੇ। ਯਹੂਦੀ ਧਰਮ ਵਿਚ ਸ਼ਹਾਦਤ ਦਾ ਸੰਕਲਪ ਗਵਾਹ ਵਜੋਂ ਉਭਰਦਾ ਹੈ ਜੋ ਕਿ ਪੈਗੰਬਰੀ ਅਜ਼ਮਤ ਅਤੇ ਕਾਰਜੀ ਵਿਧਾਨ ਰਾਹੀਂ ਪ੍ਰਗਟ ਹੁੰਦਾ ਹੈ। ਇਸ ਧਰਮ ਵਿਚ ਰੱਬ ਦੇ ਨਾਂ ਤੇ ਕਾਰਜੀ ਵਿਧਾਨ ਰਾਹੀਂ ਪੇਸ਼ ਕੀਤਾ ਗਿਆ ਅਹਿਦ ਸ਼ਹਾਦਤ ਦੇ ਸਰੂਪ ਦੀ ਵਿਆਖਿਆ ਹੈ। ਯਹੂਦੀ ਧਰਮ ਵਿਚ ਅਹਿਦ ਕਰਨਾ ਅਤੇ ਉਸ ਅਹਿਦ ਉੱਤੇ ਇਸ ਕੌਮ ਦੇ ਅਨੁਆਈਆਂ ਦਾ ਪੂਰਾ ਉਤਰਨਾ ਸ਼ਹਾਦਤ ਦੀ ਪ੍ਰਕ੍ਰਿਆ ਦਾ ਇਕ ਪ੍ਰਮੁੱਖ ਕਾਰਜ ਹੈ ਇਸ ਧਰਮ ਵਿਚ ਰੱਬ ਆਪਣੇ ਪੈਗੰਬਰਾਂ ਰਾਹੀਂ ਮਨੁੱਖਤਾ ਦੀ ਅਗਵਾਈ ਕਰਦਾ ਹੈ। ਇਸ ਅਗਵਾਈ ਰਾਹੀਂ ਪ੍ਰਗਟ ਹੋਣ ਵਾਲੇ ਰੱਬ ਦੇ ਦੈਵੀ ਕੌਤਕ ਦੇ ਯਥਾਰਥ ਨੂੰ ਪ੍ਰਮਾਣਿਤ ਕਰਕੇ ਉਸ ਨੂੰ ਪਵਿੱਤਰ ਇਤਿਹਾਸ ਦਾ ਦਰਜਾ ਦੇਣ ਵਾਸਤੇ ਦਿੱਤੀ ਗਈ ਗਵਾਹੀ ਸ਼ਹਾਦਤ ਕਹਾਉਂਦੀ ਹੈ। ਇਸ ਧਰਮ ਵਿਚ ਪੈਗੰਬਰੀ ਘਟਨਾ ਇਸ ਗੱਲ ਦੀ ਸ਼ਹਾਦਤ ਹੈ ਕਿ ਆਦਰਸ਼ਕ ਇਨਸਾਨ ਆਪਣੀ ਸਭ ਤੋਂ ਪਿਆਰੀ ਚੀਜ਼ ਰੱਬ ਦੇ ਰਾਹ ਤੇ ਨਿਛਾਵਰ ਕਰ ਦਿੰਦਾ ਹੈ। ਅਜਿਹਾ ਕਰਕੇ ਉਹ ਆਪਣੀ ਕੌਮ ਦਾ ਉਥਾਨ ਕਰਦਾ ਹੈ। ਆਪਣੀ ਕੌਮ ਦੇ ਉਥਾਨ ਲਈ ਕੀਤਾ ਗਿਆ ਇਹ ਕਰਮ ਸ਼ਹਾਦਤ ਦਾ ਦਰਜਾ ਪ੍ਰਾਪਤ ਕਰਤਾ ਹੈ।

ਈਸਾਈ ਧਰਮ ਵਿਚ ਸ਼ਹੀਦ ਸ਼ਬਦ ਉਹਨਾਂ ਅਦਬੀ ਗਵਾਹਾਂ ਲਈ ਵਰਤਿਆ ਗਿਆ ਹੈ ਜਿਨ੍ਹਾਂ ਨੇ ਸੱਚ ਦੀਆਂ ਧਾਰਨਾਵਾਂ ਖਾਤਿਰ ਆਪਣੀਆਂ ਜਾਨਾਂ ਮਾਰ ਕੇ ਗਵਾਹੀ ਦਿੱਤੀ। ਈਸਾਈ ਧਰਮ ਵਿਚ ਸ਼ਹੀਦ ਉਹ ਹੈ ਜੋ ਰੋਮਨ ਸਾਮਰਾਜ ਦੇ ਜ਼ੁਲਮਾ ਨੂੰ ਸਹਾਰਦਾ ਹੋਇਆ ਹਜ਼ਰਤ ਈਸਾ ਦੇ ਸਿਧਾਂਤਾਂ ਤੇ ਵਿਸ਼ਵਾਸ ਨੂੰ ਨਾ ਤਿਆਗਦਾ ਹੋਇਆ ਸ਼ਹੀਦੀ ਪ੍ਰਾਪਤ ਕਰ ਲੈਂਦਾ ਹੈ ਉਹ ਸ਼ਹੀਦ ਕਹਾਉਂਦਾ ਹੈ। ਇਸ ਧਰਮ ਵਿਚ ਸ਼ਹੀਦ ਤੇ ਸ਼ਹਾਦਤ ਦਾ ਪ੍ਰਤੱਖ ਰੂਪ ਆਮ ਈਸਾਈ ਦੇ ਕਿਰਦਾਰ ਦਾ ਲੱਛਣ ਨਹੀਂ ਬਣਦਾ ਅਤੇ ਸਿਰਫ ਆਪਣੇ ਧਰਮ ਲਈ ਜੂਝਣਾ ਹੀ ਇਸ ਧਰਮ ਦਾ ਮੁੱਖ ਨਿਸ਼ਾਨਾ ਰਿਹਾ ਹੈ।

ਇਸਲਾਮ ਧਰਮ ਵਿਚ ਸ਼ਹਾਦਤ ਦਾ ਅਰਥ ਗਵਾਹੀ ਹੀ ਹੈ ਅਤੇ ਇਸਦੀ ਗਵਾਹੀ ਨੂੰ ਇਕ ਪਵਿੱਤਰ ਇਕਰਾਰ ਵਜੋਂ ਸਥਾਪਿਤ ਕੀਤਾ ਗਿਆ ਹੈ। ਇਸਲਾਮ ਵਿਚ ਸ਼ਹੀਦ ਦਾ ਰੁਤਬਾ ਬਹੁਤ ਉੱਚਾ ਮੰਨਿਆ ਗਿਆ ਹੈ ਸਮੁੱਚੇ ਇਸਲਾਮੀ ਹਦੀਸ ਸਾਹਿਤ ਵਿਚ ਸ਼ਹੀਦ ਉਸ ਨੂੰ ਕਿਹਾ ਗਿਆ ਹੈ ਜੋ ਇਸਲਾਮ ਦੇ ਪ੍ਰਸਾਰ ਲਈ ਕਾਫ਼ਿਰਾਂ ਵਿਰੁੱਧ ਲੜਦਾ ਹੋਇਆ ਮਾਰਿਆ ਜਾਂਦਾ ਹੈ। ਉਸ ਲਈ ਬਹਿਸ਼ਤ ਦੇ ਦਵਾਰ ਖੁੱਲ ਜਾਂਦੇ ਹਨ ਮੁਨਕਰ ਤੇ ਨਕੀਰ ਫਰਿਸ਼ਤੇ ਉਸਦੇ ਕਰਮਾਂ ਦਾ ਹਿਸਾਬ ਨਹੀਂ ਕਰਦੇ। ਇਸ ਪ੍ਰਕਾਰ ਇਸਲਾਮ ਵਿਚ ਸ਼ਹੀਦ ਮੁੱਖ ਤੌਰ ਤੇ ਉਹ ਹੈ ਜੋ ਰੱਬ ਦੇ ਰਾਹ ਤੇ ਆਪਣੀ ਜਾਨ ਕੁਰਬਾਨ ਕਰ ਦਿੰਦਾ ਹੈ।

ਹਿੰਦੂ ਧਰਮ ਵਿਚ ਸ਼ਹਾਦਤ ਦਾ ਕੋਈ ਸੰਕਲਪ ਨਹੀਂ ਹੈ। ਵੈਦਿਕ ਕਾਲ ਵਿਚ ਬਲੀਆਂ ਦਿੱਤੀਆਂ ਜਾਂਦੀਆਂ ਸਨ ਜਿਨ੍ਹਾਂ ਦਾ ਮਕਸਦ ਦੇਵੀ-ਦੇਵਤਿਆਂ ਦੀ ਅਤੇ ਪਿਤਰਾਂ ਦੀ ਖੁਸ਼ੀ ਪ੍ਰਾਪਤ ਕਰਨਾ ਸੀ ਜੋ ਕਿ ਨਿਸ਼ਚਿਤ ਕਰਮਕਾਂਡ ਉੱਤੇ ਅਧਾਰਿਤ ਸਨ ਜਿਸਦਾ ਸ਼ਹਾਦਤ ਨਾਲ ਕੋਈ ਸਰੋਕਾਰ ਨਹੀਂ ਸੀ। ਬਲੀ ਵਿਚ ਸਵਾਰਥ ਹੁੰਦਾ ਹੈ ਜਦ ਕਿ ਸ਼ਹਾਦਤ ਦਾ ਉਦੇਸ਼ ਪਰਮਾਰਥ, ਪਰਉਪਕਾਰ ਤੇ ਦੂਜਿਆਂ ਦੀ ਭਲਾਈ ਹੁੰਦਾ ਹੈ। ਬਲੀ ਵਿਚ ਦੂਜੇ ਦਾ ਖ਼ੂਨ ਡੁਲਦਾ ਹੈ ਜਦ ਕਿ ਸ਼ਹਾਦਤ ਵਿਚ ਸ਼ਹੀਦ ਆਪਣਾ ਖ਼ੂਨ ਡੋਲਦਾ ਹੈ ਸਪੱਸ਼ਟ ਹੈ ਕਿ ਆਪਣੇ ਸਵਾਰਥ ਲਈ ਦੂਜਿਆਂ ਦਾ ਖ਼ੂਨ ਹੋਣਾ ਬਲੀ ਹੈ ਅਤੇ ਦੂਜਿਆਂ ਦੇ ਭਲੇ ਲਈ ਆਪਣਾ ਆਪਾ ਕੁਰਬਾਨ ਕਰਨਾ ਸ਼ਹਾਦਤ ਹੈ। ਹਿੰਦੂ ਸਮਾਜ ਵਿਚ ਕਿਸੇ ਆਦਰਸ਼ ਲਈ ਮਿਟਣ ਦੇ ਸੰਕਲਪ ਦੀ ਅਣਹੋਂਦ ਕਾਰਨ ਇਸ ਵਿਚ ਸ਼ਹਾਦਤ ਦਾ ਪ੍ਰਸੰਗ ਹੀ ਨਹੀਂ ਹੈ 'ਦੇਹ ਤਿਆਗ' ਅਤੇ ਸੰਕਲਪ' ਸ਼ਬਦਾਂ ਦੀ ਵਰਤੋਂ ਮਿਲਦੀ ਹੈ ਪਰ ਇਹ ਸ਼ਹਾਦਤ ਵਜੋਂ ਰੂਪਮਾਨ ਨਹੀਂ ਹੁੰਦੇ। ਸ਼ਹੀਦ ਗੁਣਾ ਵਿਚ ਸੋਝੀ, ਸਾਹਸ, ਪਰਉਪਕਾਰ, ਸਹਿਜ, ਸਹਿਣਸ਼ੀਲਤਾ, ਦ੍ਰਿੜਤਾ, ਦੂਰ ਦ੍ਰਿਸ਼ਟੀ, ਚੜ੍ਹਦੀਕਲਾ ਤੇ ਪ੍ਰਭੂ ਬੰਦਗੀ ਦੇ ਗੁਣ ਸ਼ਾਮਿਲ ਹੁੰਦੇ ਹਨ ਜੋ ਦੇਹ ਤਿਆਗ ਅਤੇ ਸੰਕਲਪ ਨਾਲ ਮੇਲ ਨਹੀਂ ਖਾਂਦੇ ਇਸ ਲਈ ਸ਼ਹਾਦਤ ਦਾ ਹਿੰਦੂ ਸੰਕਲਪ ਕਿਸੇ ਉੱਚੇ ਆਦਰਸ਼ ਲਈ ਮਰਨ ਦਾ ਨਾ ਨਹੀਂ ਹੈ।

ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ, ਵਿਆਖਿਆ ਅਤੇ ਤੁਲਨਾਤਮਕ ਪਰਿਪੇਖ ਸੰਬੰਧੀ ਸਾਡੀ ਮੁੱਖ ਸਥਾਪਨਾ ਇਹ ਹੈ ਕਿ ਇਸ ਵਿਚ ਸ਼ਹੀਦ ਦੇ ਅਰਥ ਗਵਾਹੀ ਦੇ ਹੀ ਹਨ ਅਤੇ ਇਹ ਗਵਾਹੀ ਕਿਸੇ ਉੱਚੇ ਸੁੱਚੇ ਆਦਰਸ਼ ਲਈ ਦਿੱਤੀ ਜਾਂਦੀ ਹੈ। ਸਿੱਖ ਧਰਮ ਵਿਚ ਸ਼ਹੀਦ ਵਿਚ ਸੱਚ, ਪ੍ਰੇਮ, ਨਿਮਰਤਾ, ਖਿਮਾਂ, ਸੰਤੋਖ, ਧੀਰਜ, ਭਰੋਸਾ ਆਦਿ ਦੇ ਦੈਵੀ ਗੁਣ ਪ੍ਰਬਲ ਹੁੰਦੇ ਹਨ ਅਤੇ ਸ਼ਹੀਦ ਮੌਤ ਦੇ ਭੈਅ ਤੋਂ ਅਜ਼ਾਦ ਨਿਰਭਉ ਦੀ ਪਦਵੀ ਗ੍ਰਹਿਣ ਕਰਦਾ ਹੈ। ਸਿੱਖ ਧਰਮ ਵਿਚ ਸ਼ਹੀਦ ਆਤਮਿਕ ਤੌਰ ਤੇ ਮੁਕੰਮਲ ਸਮਰਪਣ ਦੀ ਪੱਧਰ ਤੇ ਜੀਵਿਤ ਭਾਵ ਤੋਂ ਉਪਰ ਉੱਠਿਆ ਪਰਮ ਪੁਰਖ, ਨਿਆਂ, ਸੱਚ, ਮਾਨਵਤਾ ਲਈ ਲੜਦਾ ਹੋਇਆ ਜਬਰ ਜ਼ੁਲਮ ਤੇ ਧੱਕਿਆ ਖਿਲਾਫ ਖੁਸ਼ੀ-ਖੁਸ਼ੀ ਆਪਣੀ ਜਾਨ ਵਾਰਦਾ ਹੈ। ਸਿੱਖ ਧਰਮ ਵਿਚ ਸ਼ਹੀਦ ਸਿਰਫ ਆਪਣੀ ਕੌਮ ਲਈ ਹੀ ਜਾਨ ਨਹੀਂ ਵਾਰਦਾ ਸਗੋਂ ਸਮੂਹ ਮਨੁੱਖਤਾ ਦਾ ਭਲਾ ਉਸਦਾ ਪ੍ਰਮੁੱਖ ਨਿਸ਼ਾਨਾ ਹੁੰਦਾ ਹੈ। ਸਿੱਖ ਧਰਮ ਵਿਚ ਸ਼ਹੀਦ ਦੀ ਸ਼ਹਾਦਤ ਵਿਲੱਖਣਤਾ ਉਸਦੇ ਕੋਲ ਬਚਣ ਦੇ ਮੌਕੇ ਹੁੰਦਿਆਂ ਹੋਇਆਂ ਵੀ ਜਾਣ ਬੁੱਝ ਕੇ ਜਾਨ ਕੁਰਬਾਨ ਕਰਨ ਦਾ ਨਾਂ ਹੈ। ਅਜਿਹੀ ਸ਼ਹਾਦਤ ਸਮਾਜ ਨੂੰ ਮਨੁੱਖੀ ਕਲਿਆਣ, ਮਨੁੱਖੀ ਹਿੱਤਾਂ ਤੇ ਅਧਿਕਾਰਾਂ ਲਈ ਲੜਣ ਦੀ ਪ੍ਰੇਰਨਾ ਬਣਦੀ ਹੈ ਜੋ ਸੰਸਾਰ ਦੇ ਹੋਰ ਧਰਮਾ ਵਿਚ ਕਿਤੇ ਨਹੀਂ ਮਿਲਦੀ।

ਖੋਜ ਕਾਰਜ ਦਾ ਤੀਜਾ ਅਧਿਆਇ 'ਸਿੱਖ ਸ਼ਹਾਦਤ ਪਰੰਪਰਾ ਵਿਚਾਰਧਾਰਾ ਪਰਿਪੇਖ' ਦੇ ਡੂੰਘੇ ਅਧਿਐਨ ਉਪਰੰਤ ਇਸ ਸਿੱਟੇ ਤੇ ਪਹੁੰਚਿਆ ਗਿਆ ਹੈ ਕਿ ਵਿਚਾਰਧਾਰਾ ਸਮਾਜ ਨੂੰ ਸੇਧ ਦਿੰਦੀ ਹੈ ਅਤੇ ਇਸ ਖੋਜ ਕਾਰਜ ਰਾਹੀਂ ਜੋ ਸਿੱਖ ਸ਼ਹਾਦਤ ਪਰੰਪਰਾ ਪਿਛੇ ਵਿਚਾਰਧਾਰਾਈ ਧਾਰਾਤਲ ਹੈ ਉਹ ਅੱਜ ਦੇ ਸਮਾਜ ਤੇ ਨਵੀਂ ਪੀੜੀ ਨੂੰ ਸਿੱਖ ਪ੍ਰਬੰਧ ਵਿਚਲੇ ਵਿਚਾਰਾਂ ਤੋਂ ਜਾਣੂ ਕਰਵਾਉਣ ਤੋਂ ਹੈ। ਸਿੱਖ ਸ਼ਹਾਦਤ ਪਰੰਪਰਾ ਦਾ ਵਿਚਾਰਧਾਰਾਈ ਧਰਾਤਲ ਸਿਆਸੀ ਤੇ ਸੱਭਿਆਚਾਰਕ ਵਿਰੋਧਾਂ ਤੋਂ ਉਪਜੀ, ਨਾਬਰੀ ਤੇ ਸਮਾਜਿਕ ਧਾਰਮਿਕ, ਸਵੈਮਾਣ ਪੈਦਾ ਕਰਨ ਵਾਲੀ ਵਿਚਾਰਧਾਰਾ ਵਜੋਂ ਉਭਰ ਕੇ ਸਾਹਮਣੇ ਆਈ ਹੈ ਇਹ ਵਿਚਾਰਧਾਰਾ ਮੁਗ਼ਲ ਪ੍ਰਬੰਧ ਵਲੋਂ ਭਾਰਤੀ ਸਮਾਜ ਉਪਰ ਕੀਤੇ ਗਏ ਰਾਜਸੀ, ਧਾਰਮਿਕ, ਸਮਾਜਿਕ, ਸੱਭਿਆਚਾਰਕ, ਜਬਰ ਤੇ ਜ਼ੁਲਮਾਂ ਦੇ ਵਿਰੋਧ ਦਾ ਕ੍ਰਾਂਤੀਕਾਰੀ ਪ੍ਰਵਚਨ ਹੈ। ਇਹ ਪ੍ਰਵਚਨ ਮਨੁੱਖ ਨੂੰ ਇਕ ਇਕਾਈ

ਪ੍ਰਵਾਨ ਕਰਦਾ ਹੋਇਆ ਸ਼ਖਸੀ ਅਜ਼ਾਦੀ ਨੂੰ ਪਹਿਲ ਦਿੰਦਾ ਹੈ। ਜਾਬਰ ਜ਼ੁਲਮ ਕਰਦਾ ਹੈ ਪਰ ਜਾਬਰ ਅਗੇ ਨਿਧੜਕ ਬੋਲਣ ਦੀ, ਜ਼ੁਲਮ ਵਿਰੁੱਧ ਸੰਘਰਸ਼ ਨੂੰ ਜਾਇਜ਼ ਠਹਿਰਾਉਣ ਦੀ ਤੇ ਸਿੱਖ ਸਿਧਾਂਤਾਂ ਪਹਿਰਾ ਦਿੰਦਿਆਂ ਹੋਇਆਂ ਮਾਨਵਵਾਦੀ ਵਿਚਾਰਧਾਰਾ ਪੇਸ਼ ਕਰਨ ਦੀ ਬਿਰਤੀ ਹੈ ਇਹ ਵਿਚਾਰਧਾਰਾ ਮਨੁੱਖ ਨੂੰ ਆਤਮਿਕ ਅਤੇ ਬੌਧਿਕ ਪੱਧਰ ਤੇ ਨਵਾਂ ਹੁਲਾਰਾ, ਊਰਜਾ ਤੇ ਵਿਸ਼ਾਲ ਜੀਵਨ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ ਜਿਸ ਨਾਲ ਮਨੁੱਖ ਸਿਰਜਣਾਤਮਕਤਾ ਤੇ ਸਮਰੱਥਾ ਵਿਚ ਵਾਧਾ ਹੋ ਸਕੇ ਸਿੱਖ ਸ਼ਹਾਦਤ ਪਰੰਪਰਾ ਦਾ ਵਿਚਾਰਧਾਰਾਈ ਧਰਾਤਲ ਪੁਰਾਣੇ ਪ੍ਰਬੰਧਾਂ ਨੂੰ ਵੰਗਾਰ ਪਾਉਂਦਾ ਹੋਇਆ ਅਜਿਹੇ ਸਮਾਜਿਕ ਸੰਗਠਨ ਦੀ ਸਿਰਜਣਾ ਕਰਨ ਦਾ ਯਤਨ ਹੈ ਜੋ ਬਹੁ ਪਰਿਪੇਖੀ ਅਤੇ ਬਹੁ ਸੰਵਾਦੀ ਹੈ। ਇਹ ਵਿਚਾਰਧਾਰਾ ਭਾਰਤੀ ਸਮਾਜ ਵਿਚ ਪਾਏ ਜਾਂਦੇ ਦਮਨਕਾਰੀ ਪ੍ਰਬੰਧਾਂ ਨੂੰ ਵੰਗਾਰ ਹੈ। ਸਿੱਖ ਸ਼ਹਾਦਤ ਪਰੰਪਰਾ ਦਾ ਵਿਚਾਰਧਾਰਾਈ ਅਧਾਰ ਦਮਨ ਦੇ ਉਲਟ ਮਾਨਵ ਹਿੱਤਕਾਰੀ ਤੇ ਸਰਵ ਹਿਤੈਸ਼ੀ ਰੱਬ ਚਤੁਰ ਤੇ ਸਵਾਰਥੀ ਪ੍ਰੋਹਿਤਾਂ ਦੀ ਥਾਂ ਪਰਉਪਕਾਰੀ ਗੁਰੂ ਕਰਮਕਾਂਡ ਦੇ ਵਿਰੁੱਧ ਸਿੱਧਾ ਰੱਬ ਨਾਲ ਰਿਸ਼ਤਾ ਮਾਇਆ ਦੇ ਮੁਕਾਬਲੇ ਨਾਮ ਸਮਾਜਿਕ ਜਥੇਬੰਦੀਆਂ ਤੇ ਛੂਤ-ਛਾਤ ਦੇ ਵਿਰੁੱਧ ਜਾਤ ਰਹਿਤ ਸਮਾਨਤਾਵਾਦੀ ਸਮਾਜ ਅਤੇ ਸਭ ਲਈ ਮੁਕਤੀ ਦਾ ਪ੍ਰਸੰਗ ਸਿਰਜਦੀ ਹੈ। ਮਾਨਵੀਂ ਮੁੱਲਾਂ ਦੀ ਉਸਾਰੀ ਕਰਦੀ ਹੋਈ ਇਹ ਵਿਚਾਰਧਾਰਾ ਮਨੁੱਖ ਵਿਚੋਂ ਦਵੈਸ਼, ਈਰਖਾ, ਵਿੱਥਾਂ, ਨਫਰਤਾਂ ਨੂੰ ਮੇਟਦੀ ਹੋਈ ਸਾਹਸ ਸੂਰਬੀਰਤਾ, ਨਿਆਂ, ਸਮਾਨਤਾ, ਭਰਾਤਰੀ ਭਾਵ ਤੇ ਵਿਸ਼ਵ ਭਾਈਚਾਰੇ ਦਾ ਪ੍ਰਬੰਧ ਸਿਰਜਦੀ ਹੈ ਇਹ ਵਿਚਾਰਧਾਰਾ ਅੱਜ ਦੇ ਸਮਾਜ ਦੀ ਪਿਆਰ ਸ਼ਾਂਤੀ ਤੇ ਸਹਿਹੋਂਦ ਦੇ ਆਦਰਸ਼ ਪ੍ਰਦਾਨ ਕਰਦੀ ਹੈ।

ਖੋਜ ਕਾਰਜ ਦਾ ਚੌਥਾ ਅਧਿਆਇ ਸਿੱਖ ਸ਼ਹਾਦਤ ਪਰੰਪਰਾ ਵਿਕਾਸ ਰੁਖ ਨੂੰ ਵਿਚਾਰ ਅਧੀਨ ਲਿਆਂਦਾ ਗਿਆ ਹੈ। ਇਸ ਅਧਿਆਇ ਵਿਚਲੀ ਖੋਜ ਨੂੰ ਸਾਡਾ ਮਕਸਦ ਗੁਰੂ ਕਾਲ ਤੋ ਲੈ ਕੇ ਉੱਤਰ ਬੰਦਾ ਸਿੰਘ ਬਹਾਦਰ ਵਿਚ ਹੋਈਆਂ ਸ਼ਹਾਦਤਾਂ ਰਾਹੀਂ ਸਿੱਖ ਗੁਰੂ ਸਾਹਿਬਾਨ, ਸਿੱਖ ਬੀਬੀਆਂ ਤੇ ਉਹਨਾਂ ਦੇ ਮਾਸੂਮ ਬੱਚਿਆਂ ਦੀਆਂ ਸ਼ਹਾਦਤਾਂ ਤੇ ਆਦਰਸ਼ ਨੂੰ ਪੁਨਰ ਸੁਰਜੀਤ ਕੀਤੇ ਜਾਣ ਤੋਂ ਹੈ। ਗੁਰੂ ਕਾਲ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ

ਬਹਾਦਰ ਜੀ ਸ਼ਹਾਦਤ ਭਾਰਤੀ ਅਤੇ ਵਿਸ਼ਵ ਸਮਾਜ ਵਿਚ ਅਜਿਹੀ ਸ਼ਹਾਦਤ ਹੈ ਜਿਸ ਰਾਹੀਂ ਪੂਰੇ ਵਿਸ਼ਵ ਨੂੰ ਇਹ ਸੁਨੇਹਾ ਮਿਲਦਾ ਹੈ ਕਿ ਕਿਸੇ ਕੌਮ ਦੇ ਅਕੀਦਿਆਂ, ਅਸੂਲਾਂ ਤੇ ਦ੍ਰਿੜ ਵਿਸ਼ਵਾਸਾਂ ਨੂੰ ਜਬਰ ਜ਼ੁਲਮ ਨਾਲ ਨਹੀਂ ਮਿਟਾਇਆ ਜਾ ਸਕਦਾ ਹੈ। ਇਹਨਾਂ ਸ਼ਹਾਦਤਾਂ ਦਾ ਅਗਲਾ ਦੌਰ ਬੰਦਾ ਸਿੰਘ ਬਹਾਦਰ ਕਾਲ ਤੋਂ ਹੈ ਜਿਸ ਵਿਚ ਬੰਦਾ ਸਿੰਘ ਬਹਾਦਰ ਅਤੇ ਉਸਦੇ ਪੁੱਤਰ ਅਜੇ ਸਿੰਘ ਤੇ ਹੋਰ ਅਣਗਿਣਤ ਸਿੰਘ ਸ਼ਹੀਦਾਂ ਨੇ ਆਪਣੇ ਸਿਰਾਂ ਦੇ ਮੁੱਲ ਪਾ ਪੰਜਾਬ ਦੀ ਧਰਤੀ ਨੂੰ ਕਿਸੇ ਦੇ ਅਧੀਨ ਨਹੀਂ ਹੋਣ ਦਿੱਤਾ। ਉਤਰ ਬੰਦਾ ਸਿੰਘ ਬਹਾਦਰ ਕਾਲ ਵਿਚ ਮੁਗ਼ਲਾਂ ਤੇ ਅਫਗਾਨਾ ਵਲੋਂ ਸਿੰਘਾਂ ਤੇ ਅਣਗਿਣਤ ਅੱਤਿਆਚਾਰ ਕੀਤੇ ਗਏ ਪਰ ਸਿੱਖ ਕੌਮ ਨੇ ਅੱਤਿਆਚਾਰ ਝਲਦੇ ਹੋਏ ਆਪਣੀ ਕੌਮ ਦੇਸ਼ ਅਤੇ ਧਰਮ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ।

ਖੋਜ ਕਾਰਜ ਦਾ ਪੰਜਵਾਂ ਅਧਿਆਇ 'ਵਿਸ਼ਵੀ ਪਰਿਪੇਖ ਵਿਚ ਸਿੱਖ ਸ਼ਹਾਦਤ ਪਰੰਪਰਾ ਦੇ ਯੋਗਦਾਨ' ਰਾਹੀਂ ਇਸ ਸਿੱਟੇ ਤੇ ਪਹੁੰਚਿਆ ਗਿਆ ਹੈ ਕਿ ਸਿੱਖ ਸ਼ਹਾਦਤ ਪਰੰਪਰਾ ਨੇ ਵਿਸ਼ਵ ਸਮਾਜ ਨੂੰ ਰਾਜਨੀਤਿਕ ਪੱਧਰ ਤੇ ਲੋਕਹਿਤ ਵਾਲੀ, ਸਵਾਰਥ ਰਹਿਤ, ਨਿਆਂ ਭਰਪੂਰ ਤੇ ਉੱਚ ਮਾਨਵੀ ਮੁੱਲਾਂ ਵਾਲੀ ਰਾਜਨੀਤੀ ਦਾ ਆਦਰਸ਼ ਪ੍ਰਦਾਨ ਕੀਤਾ ਹੈ ਜੋ ਅਜਿਹੀ ਰਾਜਨੀਤੀ ਦਾ ਮਾਡਲ ਹੈ ਜਿਸ ਨੂੰ ਅਪਣਾ ਕੇ ਵਿਸ਼ਵ ਮਨੁੱਖਤਾ ਸੰਭਾਵਨਾਵਾਂ ਭਰਪੂਰ ਜ਼ਿੰਦਗੀ ਜਿਊਣ ਲਈ ਪ੍ਰਤਿਬੱਧ ਹੋ ਸਕਦੀ ਹੈ। ਸਮਾਜਿਕ ਤੌਰ ਤੇ ਅਜਿਹੇ ਸਮਾਜ ਦੀ ਸਥਾਪਨਾ ਹੈ ਜਿਸ ਵਿਚ ਸਮਾਜ ਦਾ ਧੁਰਾ ਔਰਤ ਨੂੰ ਸਨਮਾਨਯੋਗ ਸਥਾਨ ਦਿੰਦਿਆਂ ਗ੍ਰਹਿਸਤ ਜੀਵਨ, ਦਲਿਤ ਚੇਤਨਾ, ਲਿੰਗ ਬਰਾਬਰਤਾ ਦੀ ਚੇਤਨਾ ਅਤੇ ਸਮਾਜਿਕ ਨੈਤਿਕਤਾ ਦੇ ਆਦਰਸ਼ਾਂ ਰਾਹੀਂ ਸਮਾਜ ਨੂੰ ਸੰਭਾਵਨਾਵਾਂ ਭਰਪੂਰ ਬਣਾਇਆ ਹੈ। ਧਾਰਮਿਕ ਤੌਰ ਤੇ ਇਕ ਪਰਮਾਤਮਾ ਦਾ ਸੰਕਲਪ ਸਾਰੀ ਸ੍ਰਿਸ਼ਟੀ ਦੇ ਕਰਤਾ ਵਜੋਂ ਪੇਸ਼ ਕਰਦਿਆਂ ਸਾਰੀਆਂ ਵਿੱਥਾਂ, ਨਫ਼ਰਤਾਂ ਤੇ ਪਾੜਿਆਂ ਨੂੰ ਮੇਟਣ ਦਾ ਯਤਨ ਕੀਤਾ ਗਿਆ ਹੈ। ਵਿਸ਼ਵੀ ਮਨੁੱਖਤਾ ਉਸ ਇਕ ਪਰਮਾਤਮਾ ਦੁਆਰਾ ਸਿਰਜੀ ਗਈ ਹੈ ਅਤੇ ਮਨੁੱਖਾਂ ਵਿਚ ਵੰਡੀਆਂ ਨਾ ਪਾਉਣ ਬਾਰੇ ਪ੍ਰੇਰਨਾ ਵੀ ਦਿੱਤੀ ਹੈ। ਸਮੁੱਚੇ ਰੂਪ ਨਾਲ ਕਹਿ ਸਕਦੇ ਹਾਂ ਕਿ ਸ਼ਹਾਦਤ ਜਾਗ੍ਰਿਤ ਸਵੈ ਦੁਆਰਾ ਨਿਆਂ

ਅਤੇ ਮਾਨਵੀ ਸੁਤੰਤਰਤਾ ਦੇ ਮੁੱਲਾਂ ਦੀ ਸਥਾਪਤੀ ਲਈ ਕੀਤਾ ਗਿਆ ਨਿਸ਼ਕਾਮ ਕਰਮ ਹੁੰਦਾ ਹੈ ਜਿਸ ਨਾਲ ਕਿਸੇ ਲੋਕ ਸਮੂਹ ਦੇ ਵਿਕਾਸ ਨੂੰ ਸੰਕਟ ਸਮੇਂ ਜੀਵਨ ਦੀਆਂ ਨਵੀਆਂ ਸੰਭਾਵਨਾਵਾਂ ਦੀ ਆਸ ਪ੍ਰਾਪਤ ਹੁੰਦੀ ਹੈ। ਸ਼ਹੀਦ ਸਿੱਖ ਧਰਮ ਅਨੁਸਾਰ ਆਤਮਿਕ ਤੌਰ ਤੇ ਚੇਤੰਨ ਹੋਣ ਦਾ ਸਬੂਤ ਦਿੰਦਾ ਹੋਇਆ ਆਪਣੇ ਸਮਾਜਿਕ ਕਾਰਜਾਂ ਨੂੰ ਪੂਰੇ ਸਮਰਪਣ ਨਾਲ ਨਿਭਾਉਂਦਾ ਹੈ। ਸ਼ਹਾਦਤ ਉਸ ਦੀ ਇਸ ਚੇਤਨਤਾ ਦੀ ਗਵਾਹੀ ਬਣਦੀ ਹੈ।